
ਲਹੂ ਭਿੱਜੇ ਪੰਨੇ
ਕੁਲਜੀਤ ਮਾਨ
ਪੁਲ
www.PunjabiLibrary.com

# ਲਹੂ ਭਿੱਜੇ ਪੰਨੇ

ਗਦਰੀ, ਕਰਾਂਤੀਕਾਰੀ ਅੰਦੋਲਨ ਬਾਰੇ ਜਾਣਕਾਰੀ

# ਲਹੂ ਭਿੱਜੇ ਪੰਨੇ

## ਗਦਰੀ, ਕਰਾਂਤੀਕਾਰੀ ਅੰਦੋਲਨ ਬਾਰੇ ਜਾਣਕਾਰੀ

ਕੁਲਜੀਤ ਮਾਨ

**Lahu Bhijay Panney**
A Tribute to Gadhariates

© **Kuljeet Mann**
*M.A. Philosophy, L.L.B*
159 Cinrickbar Dr, Etobicoke Ontario, Canada
178 East Mohan Nagar, Amritsar, Pb. INDIA
Phone number 416-213-8715 Cell 647-880-6266
Email : kuljeetmann100@yahoo.ca

2013

Price : $10

Research, Typed and Corrections by
Kuljeet Mann

Title : Janmeja Johl

Printed In India
Asia Visions
info@kitaban.com
1-209-589-3367 USA

# ਤਤਕਰਾ


9 ਆਪਣੇ ਵਲੋਂ ਦੋ ਸ਼ਬਦ
10 1857 ਦੀ ਬਗਾਵਤ ਵਿਚ ਦਲਿਤਾਂ ਦਾ ਰੋਲ
12 1857 ਦੇ ਸਾਲ ਦੌਰਾਨ ਦਲਿਤਾਂ ਦੀ ਗਤੀਸ਼ੀਲਤਾ ਦਾ ਉਭਾਰ;
16 1857 ਦੇ ਗਦਰ ਨੂੰ ਦੁਬਾਰਾ ਵਾਚਣਾ:-
19 ਮੂੰਹ ਜ਼ਬਾਨੀ ਗਾਥਾ:- ਗੰਗੂ ਬਾਬਾ ਦੀ ਕਹਾਣੀ—
19 1857 ਦੇ ਗਦਰ ਵਿਚ ਦਲਿਤਾਂ ਦਾ ਰੋਲ
24 1857 ਅਜ਼ਾਦੀ ਦੀ ਪਹਿਲੀ ਲੜਾਈ।
25 ਬਗਾਵਤ ਦੇ ਕਾਰਣ
28 ਚਰਬੀ ਵਾਲੇ ਕਾਰਤੂਸ
29 ਗੈਰ ਫੌਜੀਆਂ ਦੀ ਅਸ਼ਾਤੀ
30 ਡੌਕਟਰਾਈਨ ਔਫ ਲੈਪਸ
31 ਝਾਂਸੀ ਦੀ ਰਾਣੀ
33 ਵਿਆਹੁਤਾ ਜੀਵਨ
36 ਝਾਂਸੀ ਤੇ ਬ੍ਰਿਟਿਸ਼ ਦਾ ਰਾਜ ਪ੍ਰਬੰਧ---
37 ਰਾਣੀ ਦੇ ਇਨਸਾਫ ਪ੍ਰਤੀ ਰੋਸ ਤੇ ਉਸਦੇ ਪ੍ਰਭਾਵ—
38 ਸਮਾਜਿਕ ਤਬਦੀਲੀਆਂ
39 ਰਿਟਾਇਰਮੈਂਟ ਵਿਚ ਰਹਿ ਰਹੀ ਰਾਣੀ—
42 ਅੰਗਰੇਜ਼ਾਂ ਦੀ ਝਾਂਸੀ ਵਿਚ ਵਾਪਸੀ
45 ਝਾਂਸੀ ਦਾ ਘੇਰਾਵ
47 ਝਾਂਸੀ ਦਾ ਖੂਨ ਖਰਾਬਾ
49 ਰਾਣੀ ਦਾ ਬਚ ਕੇ ਨਿਕਲਣਾ—
49 ਬਗਾਵਤੀਆਂ ਦੇ ਆਖਰੀ ਕਰਮ ਤੇ ਰਾਣੀ ਦੀ ਮੌਤ
51 ਇਸ ਰਿਪੋਰਟ ਅਨੁਸਾਰ -
56 ਵਿਦਰੋਹ ਦੀ ਸ਼ੁਰੂਆਤ---
56 ਮੰਗਲ ਪਾਂਡੇ
57 ਅਪ੍ਰੈਲ 1857
58 ਮੇਰਟ ਤੇ ਦਿਲੀ
59 ਦਿਲੀ---
62 ਤਖਤਾ ਪਲਟਣਾ—
64 ਦਿਲੀ---
64 ਦਿਲੀ ਦੀ ਘੇਰਾਬੰਦੀ
66 ਬ੍ਰਿਟਿਸ਼ ਰਾਜ---
67 ਬ੍ਰਿਟੇਨ ਵਿਚ ਅਸਰ;
68 ਨਵ-ਉਸਾਰੀ---

70 ਮਿਲਟਰੀ ਦੀ ਨਵ-ਸਥਾਪਨਾ---
70 ਪ੍ਰਭਾਸ਼ਿਤ ਸ਼ਬਦਾਵਲੀ---
71 ਇਤਿਹਾਸਕ ਛਾਪ---
72 150ਵੀਂ ਬਰਸੀ ਦੇ ਮੌਕੇ ਤੇ---
73 ਚੰਦਰ ਸ਼ੇਖਰ ਅਜ਼ਾਦ
74 ਕਰਾਂਤੀਕਾਰੀ ਜੀਵਨ
75 ਝਾਂਸੀ ਦੀਆਂ ਕਾਰਵਾਈਆਂ
76 ਭਗਤ ਸਿੰਘ ਦਾ ਸਾਥ
76 ਸ਼ਹਾਦਤ
77 ਹਰਮਨ ਪਿਆਰਤਾ
78 ਗਦਰ ਪਾਰਟੀ, ਬਣਤਰ ਤੇ ਅੰਦੋਲਨ
88 ਕੈਪਟਨ ਲਕਸ਼ਮੀ ਸਹਿਗਲ-ਇੱਕ ਮਸੀਹਾ
92 ਲਾਲਾ ਹਰਦਿਆਲ ਕਰਾਂਤੀਕਾਰੀ
92 ਮੰਗਲ ਪਾਂਡੇ
93 ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ
95 ਬਾਬਾ ਸੋਹਣ ਸਿੰਘ ਭਕਨਾ
97 ਕਾਮਰੇਡ ਅਛਰ ਸਿੰਘ ਛੀਨਾ
97 ਫਤਿਹਵਾਲ ਕਤਲ ਕੇਸ (1938-1939)
98 ਨੇਤਾ ਜੀ ਤੇ ਅਛਰ ਸਿੰਘ ਛੀਨਾ;
100 ਅਛਰ ਸਿੰਘ ਛੀਨਾ ਤੇ ਅੰਤਰ ਰਾਸ਼ਟਰੀ ਰਾਜਨੀਤੀ;
100 ਪੰਜਾਬ ਕਿਸਾਨ ਸਭਾ ਦੀ ਪ੍ਰਧਾਨਗੀ;
101 ਹਰਸਾ ਛੀਨਾ ਮੋਘਾ ਮੋਰਚਾ 1946-1947;
101 ਅਜ਼ਾਦੀ ਤੋਂ ਬਾਦ;
101 ਪੁਜੀਸ਼ਨਾਂ
102 ਰਾਮ ਪ੍ਰਸ਼ਾਦ ਬਿਸਮਿਲ
102 ਸ਼ਿਆਮਜੀ ਕ੍ਰਿਸ਼ਨਾ ਵਰਮਾ ਭੰਨਸਾਲੀ
103 ਸ਼ੇਰ ਥਨਗਲ ਜਨਰਲ
103 ਵਿਸ਼ਨੂੰ ਗਣੇਸ਼ ਪਿੰਗਲੇ
104 ਗਦਰ ਕਾਨਸਪਰੇਸੀ--
108 ਕਾਕੋਰੀ ਕਾਨਸਪੀਰੇਸੀ
108 ਰੌਬਰੀ-
110 ਜੇਲ੍ਹ ਵਿਚ ਭੁਖ ਹੜਤਾਲ
110 ਨੇਤਾ ਜੀ ਸੁਭਾਸ਼ ਚੰਦਰ ਬੋਸ
112 ਰਾਸ਼ਟਰੀ ਰਾਜਨੀਤੀ;
114 ਬ੍ਰਿਟਿਸ਼ ਹਕੂਮਤ ਦੀ ਚੁੰਗਲ ਵਿਚੋਂ ਨਿਕਲਣਾ;
117 ਅਜ਼ਾਦ ਹਿੰਦ ਫੌਜ਼ ਦੀ ਲੀਡਰਸ਼ਿਪ ਤੇ ਬਾਦ ਦੀਆਂ ਘਟਨਾਵਾਂ;
120 ਅਲੋਪ ਤੇ ਮੌਤ ਦੀ ਖ਼ਬਰ;

121 ਰਹੱਸਮਈ ਜੋਗੀ;
123 ਸੁਭਾਸ਼ ਚੰਦਰ ਬੋਸ ਦਾ ਆਦਰਸ਼ ਤੇ ਉਸਦਾ ਦਰਸ਼ਨ;
124 ਸੁਭਾਸ਼ ਦਾ ਰਾਜਨੀਤਕ ਦਰਸ਼ਨ;
125 ਸੁਭਾਸ਼ ਚੰਦਰ ਬੋਸ ਦਾ ਵਿਰਸਾ;
126 ਪ੍ਰੀਤੀ ਲਤਾ ਵਾਡੇਕਰ
129 ਬੇਗਮ ਰੁਕਈਆ (1880-1932)
130 ਇਲਬਰਟ ਬਿੱਲ
131 ਵਿਵਾਦ---
132 ਵਿਸ਼ਲੇਸ਼ਣ;
132 ਸਰਦਾਰ ਅਜੀਤ ਸਿੰਘ
133 ਅਨੰਤ ਹਰੀ ਮਿਤਰਾ
134 ਪੰਡਿਤ ਕਿਸ਼ੋਰੀ ਲਾਲ
134 ਕੁੰਦਨ ਲਾਲ ਗੁਪਤਾ
134 ਅਵਧ ਬਿਹਾਰੀ
134 ਅਰੂੜ ਸਿੰਘ
135 ਸ਼ਹੀਦ ਅਸ਼ਫਾਕ-ਉਲਾ ਖਾਨ
136 ਸ਼ਹੀਦ ਹਰੀ ਗੋਪਾਲ ਬਲ
136 ਵਿਨਾਇਕ ਨਰਾਇਣ ਦੇਸ਼ ਪਾਂਡੇ
136 ਸਰਲਾ ਦੇਵੀ
137 ਸ਼ਾਮ ਸਿੰਘ ਅਟਾਰੀ
137 ਹੇਮੂ ਕਲਾਨੀ
138 ਕ੍ਰਿਸ਼ਨਾ ਗੁਪਾਲ ਕਾਰਵੇ
138 ਗਦਰੀ ਰਾਮ ਰੱਖਾ
138 ਦੁਰਗਾ ਮਾਲਾ
139 ਦਿਨੇਸ਼ ਚੰਦਰ ਗੁਪਤਾ
139 ਬਖਸ਼ੀਸ਼ ਸਿੰਘ
139 ਬਸੰਤਾ ਕੁਮਾਰ ਬਿਸਵਾਸ਼
140 ਪ੍ਰਮੋਦ ਰੰਜਨ ਚੌਧਰੀ
140 ਬਿਜੇ ਕੁਮਾਰ ਸਿਨ੍ਹਾ
140 ਮਨਮਥ ਨਾਥ ਗੁਪਤਾ
141 ਭਾਈ ਬਾਲ ਮੁਕੰਦ
141 ਭਾਈ ਮਹਾਰਾਜ ਸਿੰਘ
141 ਸ਼ਹੀਦੇ-ਆਜ਼ਮ ਭਗਤ ਸਿੰਘ
144 ਭਗਤ ਸਿੰਘ: ਜੀਵਨ ਸਬੰਧੀ ਜਾਣਕਾਰੀ
151 ਵਿਚਾਰਧਾਰਾ: ਕਰਾਂਤੀਕਾਰੀ ਅੱਤਵਾਦੀ ਰਿਵਾਜ਼;-
155 ਅਰਾਜਕਤਾਵਾਦ
157 ਮਾਰਕਸਿਜ਼ਮ

158 ਭਾਰਤੀ ਕਾਂਗਰਸ ਤੇ ਅਹਿੰਸਾ:-
160 ਸੰਗਠਨ ਤੇ ਰਣਨੀਤੀ
161 ਨੌਜਵਾਨ ਭਾਰਤ ਸਭਾ:-
164 ਸਾਰਅੰਸ਼:-
166 ਸ਼ਹੀਦ ਰਾਜਗੁਰੂ
168 ਸ਼ਹੀਦ ਸੁਖਦੇਵ ਥਾਪਰ
171 ਦੇਸ਼ ਭਗਤ ਯਾਦਗਾਰ ਹਾਲ
171 ਜਤਿਨ ਮੁਖਰਜੀ
173 ਕਲਕਤੇ ਦਾ ਵਿਦਿਆਰਥੀ-ਕਾਲ
174 ਗੁਪਤ ਸੁਸਾਇਟੀ ਦਾ ਸੰਸਥਾਪਕ
176 ਜਤਿਨ ਮੁਖਰਜੀ ਦਾ ਉਤਸ਼ਾਹ
177 ਹਾਵੜਾ-ਸਿਬਪੁਰ ਕੰਨਸਪੀਰੇਸੀ ਕੇਸ:-
178 ਨਵੀਂ ਦ੍ਰਿਸ਼ਟੀ
181 ਪਹਿਲੀ ਸੰਸਾਰ ਜੰਗ
182 ਚੈੱਕ ਰਿਪਬਲਿਕ ਦੇ ਕਰਾਂਤੀਕਾਰੀ
183 ਬਾਘਾ ਜਤਿਨ ਦੀ ਮੌਤ:-
184 ਜਤਿਨ ਮੁਕਰਜੀ ਦਾ ਵਿਰਸਾ:-
185 ਗਦਰੀ ਰਾਮ ਰੱਖਾ
185 ਬੇਲਾ ਸਿੰਘ
188 ਚਿਟਾਗਾਂਗ ਹਥਿਆਰਬੰਦ ਛਾਪਾ...
188 ਪਰਦੇ ਦੇ ਪਿੱਛੇ
188 ਦੂਸਰੇ ਸਾਥੀ
189 ਪਲੈਨ
189 ਮੈਦਾਨੇ-ਜੰਗ
191 ਦੋ ਜੰਗਜੂ ਔਰਤਾਂ
191 ਬਟਕੇਸ਼ਵਰ ਦੱਤ
192 ਐਸੰਬਲੀ ਵਿਚ ਬੰਬ—
194 ਟਰਬਿਊਨ ਦੀ ਇਸ ਘਟਨਾ ਬਾਰੇ ਰਿਪੋਰਟ—
194 ਐਸੰਬਲੀ ਬੰਬ ਕੇਸ ਟਰਾਇਲ
195 ਕਿਤਾਬ—
196 ਦਤ ਦੇ ਨਾਮ ਚਿੱਠੀ---
197 ਭਾਰਤ ਦੇ ਹੋਮ ਮਨਿਸਟਰ ਨੂੰ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਵਲੋਂ ਲਿਖੀ ਚਿਠੀ—
198 ਅਨੰਤ ਲਕਸ਼ਮਣ ਕਾਨਹਰੇ
198 ਬੀਨਾ ਦਾਸ ਭੌਮਿਕ
199 ਕਮਲ ਨਾਥ ਤਿਵਾੜੀ

# ਆਪਣੇ ਵਲੋਂ ਦੋ ਸ਼ਬਦ

ਗਦਰ ਸ਼ਤਾਬਦੀ ਦਾ ਸਾਲ ਚੜ੍ਹਿਆ ਜੋ ਬਾਕੀ ਗਦਰ ਸਾਲ ਤੋਂ ਵਖਰਾ ਸੀ। ਚਾਰੇ ਪਾਸੇ ਧੁੰਮ ਗਿਆ ਗਦਰ ਸ਼ਤਾਬਦੀ ਦਾ ਹੋਕਾ। ਮੈਂ ਗਦਰ ਲਹਿਰ ਬਾਰੇ ਉਤਨਾ ਕੁ ਹੀ ਜਾਣਦਾ ਸੀ ਜਿਤਨਾ ਹਰ ਪੰਜਾਬੀ ਜਾਣਦਾ ਹੈ। ਕੁਝ ਲੇਖ, ਕੁਝ ਖਾਸ ਨਾਮ ਜੋ ਸਾਡੇ ਹੀਰੋ ਹਨ ਤੇ ਕੁਝ ਫੋਟੋਆਂ ਜੋ ਅਸੀਂ ਸਭ ਵੇਖਦੇ, ਪੜ੍ਹਦੇ ਸੁਣਦੇ ਆ ਰਹੇ ਹਾਂ। ਨਿਠ ਕੇ ਪੜ੍ਹਣ ਦੀ ਕਦੇ ਜਗਿਆਸਾ ਵੀ ਨਹੀ ਹੋਈ। ਸੋ ਜੋ ਨਵਾਂ ਕਿਤੇ ਲਿਖਿਆ ਜਾਂਦਾ, ਸੀਮਤ ਸਾਧਨ ਅਨੁਸਾਰ ਪੜ੍ਹ ਲੈਂਦਾ ਸੀ ਜਿਵੇਂ ਸਾਰੇ ਪੜ੍ਹਦੇ ਹਨ। ਹਰ ਸਾਲ ਇੱਕੋ ਜਿਹੇ ਲੇਖ ਪੜ੍ਹਣ ਨੂੰ ਮਿਲਦੇ ਸਨ। ਕੁਝ ਦਾ ਉਨਵਾਨ ਇਸਤਰ੍ਹਾ ਹੁੰਦਾ, ਕੀ ਭਗਤ ਸਿੰਘ ਨਾਸਤਿਕ ਸੀ? ਕੀ ਉਹ ਕਾਮਰੇਡ ਸੀ? ਕੀ ਭਗਤ ਸਿੰਘ ਹਿੰਸਾਵਾਦੀ ਸੀ। ਉਹੋ ਜਿਹੀਆ ਫਿਲਮਾਂ ਵੇਖਣ ਨੂੰ ਮਿਲਦੀਆਂ ਜਿਨ੍ਹਾਂ ਵਿਚੋਂ ਦੇਸ਼ ਭਗਤੀ ਦਾ ਰੁਮਾਂਸਵਾਦ ਹੀ ਮਿਲਦਾ ਸੀ। ਮੈਂ ਇਸ ਸਾਲ ਨਿਸਚੈ ਕੀਤਾ ਕਿ ਗਦਰ ਲਹਿਰ, ਤੇ ਹੋਰ ਕਰਾਂਤੀਕਾਰੀ ਯੋਧਿਆਂ ਬਾਰੇ ਪੜ੍ਹਿਆ ਜਾਵੇ ਤੇ ਇਹਦੇ ਲਈ ਸਭਤੋਂ ਵਧੀਆ ਸਰੋਤ ਮੈਨੂੰ ਇੰਟਰਨੈੱਟ ਲੱਗਾ। ਖਾਸ ਤੌਰ ਤੇ ਪੰਜਾਬ ਤੋਂ ਬਾਹਰਲੇ ਵਿਦਵਾਨਾਂ ਨੇ ਆਪਣੇ ਪ੍ਰਾਂਤ ਵਾਸੀਆਂ ਬਾਰੇ ਕਾਫੀ ਕੁਝ ਇੰਟਰਨੈੱਟ ਤੇ ਲੋਡ ਕੀਤਾ ਹੋਇਆ ਸੀ। ਮੈਂ ਇੱਕ ਤੋਂ ਬਾਦ ਇੱਕ ਲੇਖ ਪੜ੍ਹਦਾ ਗਿਆ ਤੇ ਹੈਰਾਨ ਹੁੰਦਾ ਗਿਆ। ਇਤਨਾ ਕੁਝ ਸੀ ਜੋ ਮੈਂ ਇਸ ਉਮਰ ਵਿਚ ਵੀ ਪਹਿਲੀ ਵਾਰ ਹੀ ਪੜ੍ਹ ਰਿਹਾ ਸੀ। ਮੇਰੀ ਖਾਹਸ਼ ਹੋਈ ਕਿ ਇਸ ਸਾਰੇ ਲਿਖੇ ਹੋਏ ਨੂੰ ਪੰਜਾਬੀ ਵਿਚ ਅਨੁਵਾਦ ਕਰਾਂ ਫਿਰ ਇੱਕ ਤੋਂ ਬਾਦ ਇੱਕ ਕੁਝ ਲੇਖ ਅਨੁਵਾਦ ਕਰਕੇ ਮੈਂ ਫੇਸਬੁੱਕ ਤੇ ਰੋਜ਼ਨਾਮਚਾ ਗਰੁਪ ਸੁਰੂ ਕਰ ਲਿਆ ਤੇ ਉਹਦੇ ਤੇ ਲੋਡ ਕਰਨ ਲੱਗ ਪਿਆ। ਇਤਿਹਾਸਕ ਤਸਵੀਰਾਂ ਦੀਆਂ ਸਲਾਇਡਾਂ ਵੀ ਲੋਡ ਕੀਤੀਆਂ, ਪੜ੍ਹਨ ਵਾਲਿਆਂ ਨੇ ਹੱਲਾ ਸ਼ੇਰੀ ਵੀ ਦਿੱਤੀ ਤੇ ਮੈਂ ਅੱਠ ਕੁ ਮਹੀਨੇ ਲਗਾਤਾਰ ਹੀ ਇਹ ਕੰਮ ਕੀਤਾ, ਤਸਵੀਰਾਂ ਸਹਿਤ ਲੇਖ ਸਨ ਪਰ ਜਦ ਇਸਨੂੰ ਕਿਤਾਬੀ ਸ਼ਕਲ ਦਾ ਖਿਆਲ ਆਇਆ ਤਾਂ ਤਸਵੀਰਾਂ ਤੇ ਆਰਟੀਕਲ ਇੱਕਠੇ ਕਰਨੇ ਠੀਕ ਨਾ ਲੱਗੇ ਤੇ ਸਲਾਇਡਾਂ ਦੀਆਂ ਵਖਰੀਆਂ ਕੁਝ ਡੀਵੀਡੀ ਬਣਾਕੇ ਦੋਸਤਾਂ ਵਿਚ ਵੰਡ ਦਿੱਤੀਆ ਤੇ ਯੂ ਟਿਊਬ ਵਿਚ ਵੀ ਪਾ ਦਿੱਤੀਆਂ। ਯੂ ਟਿਊਬ ਤੇ ਮੇਰੇ ਅਕਾਊਂਟ ਸਰਬਡਿਜ਼ਾਇਨ ਤੇ ਪਈਆਂ ਹਨ ਜੇ ਵੇਖਣੀਆ ਹੋਣ। ਲੇਖ ਤੇ ਸਲਾਈਡਾਂ ਫੇਸਬਕ ਤੇ, ਗਰੁਪ ਦਾ ਨਾਮ ਰੋਜ਼ਨਾਮਚਾ ਹੈ। ਇਸ ਕਿਤਾਬ ਵਿਚ ਕੁਝ ਆਰਟੀਕਲ ਤੇ ਵਿਸਤਾਰਿਤ ਹਨ ਪਰ ਕੁਝ ਨਾਮ ਜੋ ਬਾਰ ਬਾਰ ਘਟਨਾਵਾਂ ਵਿਚ ਆਉਂਦੇ ਹਨ ਜਿਵੇਂ ਕਾਕੋਰੀ ਕਾਨਸਪੀਰੇਸੀ, ਚਿਟਾਗਾਂਗ ਦੀ ਛਾਪਾਮਾਰੀ, ਯੋਰਪੀਅਨ ਕਲੱਬ ਤੇ ਹਮਲਾ, ਆਦਿ ਦੀ ਵਖਰੀ ਜਾਣਕਾਰੀ ਡਿਟੇਲ ਵਿਚ ਨਹੀ ਮਿਲਦੀ ਪਰ ਉਹ ਨਾਮ ਇਤਿਹਾਸਕ ਹਨ, ਛੋਟੇ ਛੋਟੇ ਲੇਖਾਂ ਵਿਚ ਉਨ੍ਹਾ ਦਾ ਜ਼ਿਕਰ ਕਰਕੇ ਸਿਰਫ ਇਹ ਹੀ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਕਿਸੇ ਨੇ ਹੋਰ ਵਿਸਤਾਰਿਤ ਖੋਜ਼ ਕਰਨੀ ਹੋਵੇ ਤਾਂ ਜਾਣਕਾਰੀ ਹੋਵੇ।

ਇਹ ਜਾਣਕਾਰੀ ਮੁਢਲੀ ਹੈ ਤੇ ਸਿਰਫ ਮੇਰਾ ਸਰੋਤ ਇੰਟਰਨੈੱਟ ਹੀ ਰਿਹਾ ਹੈ। ਮੈਂ ਖੋਜ਼ ਦਾ ਕੰਮ ਨਹੀ ਕੀਤਾ, ਨਾ ਹੀ ਮੈਂ ਇਤਿਹਾਸਕਾਰ ਹਾਂ। ਆਰਚੀਵ ਤੇ ਰੈਫਰੈਸ

ਲਾਇਬਰੇਰੀਆ ਵਿਚ ਨਹੀ ਗਿਆ। ਮੇਰਾ ਯਤਨ ਸਿਰਫ ਅੰਗਰੇਜੀ ਮਾਧਿਅਮ ਦਾ ਪੰਜਾਬੀ ਭਾਸ਼ਾ ਰਾਹੀਂ ਤੁਆਰਫ ਕਰਵਾਉਣਾ ਹੈ। ਨੇਪਰੇ ਚੜ੍ਹੇ ਕੰਮ ਨੂੰ ਵੇਖਕੇ ਮੈਂ ਤੱਸਲੀ ਮਹਿਸੂਸ ਕਰਦਾ ਹਾਂ। ਮੈਂ ਇਸੇ ਉਦੇਸ਼ ਨਾਲ ਹੀ ਵਾਬਸਤਾ ਸੀ ਕਿ ਸਾਡੇ ਉਹ ਲੋਕ ਜੋ ਗਦਰੀ, ਕਰਾਂਤੀਕਾਰੀ ਅੰਦੋਲਨ ਬਾਰੇ ਜਾਨਣਾ ਚਾਹੁੰਦੇ ਹਨ ਤੇ ਭਾਸ਼ਾ ਅੜਿਕੇ ਆ ਰਹੀ ਹੈ, ਉਨ੍ਹਾ ਦੀ ਮਦਦ ਕਰ ਸਕਾਂ। ਹੋ ਸਕਦਾ ਹੈ ਬਹੁਤ ਕੁਝ ਪਹਿਲੇ ਵੀ ਇਸ ਬਾਰੇ ਲਿਖਿਆ ਗਿਆ ਹੋਵੇ, ਪਰ ਮੈਂ ਆਪਣੇ ਵਲੋਂ ਜੋ ਆਪ ਪੜ੍ਹਿਆ ਉਸਦਾ ਹੀ ਪੰਜਾਬੀ ਅਨੁਵਾਦ ਤੁਹਾਡੇ ਨਾਲ ਸਾਂਝਾ ਕੀਤਾ ਹੈ। ਮੇਰਾ ਇਹ ਯਤਨ ਕਿਤਨਾ ਕੁ ਕਾਮਯਾਬ ਹੋਇਆ, ਇਹ ਤਾਂ ਤੁਹਾਡੇ ਪੜ੍ਹਣ ਤੋਂ ਬਾਦ ਹੀ ਪਤਾ ਲਗੇਗਾ।

ਮੈ ਆਪਣੇ ਵਲੋਂ ਇਸ ਕਿਤਾਬ ਰਾਹੀਂ ਗਦਰ ਸ਼ਤਾਬਦੀ ਦੇ ਮੌਕੇ ਗਦਰੀ ਬਾਬਿਆ ਨੂੰ ਸ਼ਰਧਾਜਲੀ ਭੇਂਟ ਕਰਦਾ ਹਾਂ।

ਕੁਲਜੀਤ ਮਾਨ

# 1857 ਦੀ ਬਗਾਵਤ ਵਿਚ ਦਲਿਤਾਂ ਦਾ ਰੋਲ

ਇਤਿਹਾਸਕਾਰਾਂ ਲਈ ਅਜ਼ਾਦੀ ਦੀ ਪਹਿਲੀ ਲੜਾਈ ਇੱਕ ਮੰਨ-ਭਾਉਂਦਾ ਵਿਸ਼ਾ ਰਿਹਾ ਹੈ। ਭਾਰਤੀ ਤੇ ਬ੍ਰਿਟਿਸ਼ ਇਤਿਹਾਸਕਾਰਾਂ ਨੇ ਇਸ ਬਾਰੇ ਲਿਖਿਆ ਹੈ। ਜਿੱਥੇ ਭਾਰਤੀ ਇਤਿਹਾਸਕਾਰਾਂ ਨੇ ਇਸਨੂੰ ਭਾਰਤੀ ਅਜ਼ਾਦੀ ਦੀ ਪਹਿਲੀ ਲੜਾਈ ਦੇ ਤੌਰ ਤੇ ਉਭਾਰਿਆ ਤੇ ਪਰਚਾਰਿਆ, ਉਥੇ ਬ੍ਰਿਟਿਸ਼ ਇਤਿਹਾਸਾਕਾਰਾਂ ਜਿਵੇਂ ਸਰ ਵਿਲੀਅਮ ਕਾਏ ਤੇ ਕਰਨਲ ਜੀ.ਬੀ ਮਾਲੇਸਨ ਨੇ ਭਾਰਤੀਆਂ ਦੇ ਇਸ ਲਕਬ ਨੂੰ ਰੱਦ ਕਰਕੇ ਇਸਨੂੰ ਸਿਪਾਹੀਆਂ ਦੀ ਬਗਾਵਤ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ। ਅੰਗਰੇਜ਼ ਇਤਿਹਾਸਕਾਰਾਂ ਅਨੁਸਾਰ ਇਹ ਬਗਾਵਤ ਦੇਸ਼-ਭਗਤੀ ਅਧਾਰਿਤ ਨਾ ਹੋਕੇ ਇੱਕ ਨਿੱਜੀ ਤੇ ਸੁਆਰਥੀ ਲੜਾਈ ਸੀ। ਜਿਸਦੀ ਅਗਵਾਈ ਨਾ ਤਾਂ ਕਿਸੇ ਸਥਾਨਿਕ ਨੇਤਾ ਨੇ ਕੀਤੀ ਤੇ ਨਾ ਹੀ ਇਹ ਲੋਕਾਂ ਵਿਚ ਹਰਮਨ ਪਿਆਰੀ ਸੀ। ਦੂਜੇ ਪਾਸੇ ਇੱਕ ਹੋਰ ਬ੍ਰਿਟਿਸ਼ ਇਤਿਹਾਸਕਾਰ ਥੌਮਸ ਲੋਅ ਲਿਖਦਾ ਹੈ ਕਿ ਬਾਲ ਹੱਤਿਆ ਕਰਨ ਵਾਲੇ ਰਾਜਪੂਤ, ਕਟੜ ਬਰਾਹਮਣ, ਰੂੜੀਵਾਦੀ ਮੁਸਲਮਾਨ, ਅਰਾਮ ਪਸੰਦ ਅਯਾਸ਼, ਅਭਿਲਾਸ਼ੀ ਮਰਹੱਟੇ, ਇਹ ਸਾਰੇ ਇੱਕਠੇ ਹੋਕੇ ਇਸ ਕਾਰਜ ਵਿਚ ਜੁਟ ਗਏ। ਗਊ ਹੱਤਿਆ ਕਰਨ ਵਾਲੇ, ਗਊ ਪੂਜਕ, ਸੂਰ ਨੂੰ ਨਫ਼ਰਤ ਕਰਨ ਵਾਲੇ ਤੇ ਸੂਰ ਨੂੰ ਖਾਣ ਵਾਲੇ, ਅੱਲ੍ਹਾ ਨੂੰ ਇੱਕ ਕਹਿੰਣ ਵਾਲੇ, ਤੇ ਮੁਹਮੰਦ ਉਨ੍ਹਾਂ ਦਾ ਪੈਗੰਬਰ ਹੈ ਤੇ ਰਹੱਸਮਈ ਕਿਰਿਆਵਾਂ ਬਾਰੇ ਬੁੜਬੁੜ ਕਰਨ ਵਾਲੇ ਬਰਾਹਮਣ, ਇਨ੍ਹਾਂ ਸਾਰਿਆਂ ਨੇ ਇੱਕਠੇ ਹੋਕੇ ਬਗਾਵਤ ਕਰ ਦਿੱਤੀ। ਇਹ ਇਤਿਹਾਸਕਾਰ ਲੋਅ, 1860 ਦੇ ਪੇਜ਼ ਨੰਬਰ 24 ਤੇ ਅੰਕਿਤ ਹੈ। ਬ੍ਰਿਟਿਸ਼ ਇਤਿਹਾਸਕਾਰ ਦੇ ਇਸ ਬਿਰਤਾਂਤ ਤੋਂ ਇਹ ਸਿਧ ਹੁੰਦਾ ਹੈ ਕਿ ਜਿਹੜੀ ਛੋਟੀ ਜਿਹੀ ਬਗਾਵਤ ਸਿਪਾਹੀਆਂ ਵਲੋਂ ਹੋਈ ਸੀ, ਉਹ ਉਤਰੀ ਤੇ ਸੈਂਟਰਲ ਇੰਡੀਆ ਦੇ ਖਿੱਤਿਆਂ ਵਿਚਲੇ ਇਨ੍ਹਾਂ ਵਡੀ ਜਮਾਤ ਵਾਲਿਆਂ ਨੇ ਆਪਣੇ ਨਿੱਜੀ ਮੁਫਾਦ ਦੀ ਖਾਤਰ ਰਾਜਨੀਤਕ ਰੰਗਤ ਦੇਕੇ ਵਡੀ ਕਰ ਲਈ।

ਭਾਰਤੀ ਇਤਿਹਾਸਕਾਰਾਂ ਨੇ ਸੰਯੁਕਤ ਰੂਪ ਵਿਚ1857 ਦੀ ਬਗਾਵਤ ਨੂੰ ਹਰਮੰਨ-ਪਿਆਰੀ ਤੇ ਲੋਕਾਂ ਦੀ ਅਵਾਜ਼ ਦੇ ਰੂਪ ਵਿਚ ਹੀ ਲਿਆ ਹੈ। ਇਤਿਹਾਸਕਾਰ ਤੇ ਵਿਦਵਾਨਾਂ ਨੇ ਵਖੋ ਵਖਰੇ ਸਮੁਦਾਏ ਵਲੋਂ ਪਾਏ ਸਹਿਯੋਗ ਨੂੰ ਬਹਿਸ ਦਾ ਵਿਸ਼ਾ ਬਣਾਇਆ ਹੈ। ਕੁਝ ਇਤਿਹਾਸਕਾਰਾਂ ਤੇ ਵਿਦਵਾਨਾਂ ਦਾ ਸਾਹਿਤ ਇਹ ਵੀ ਕਹਿੰਦੇ ਹਨ ਕਿ ਇਹ ਸਥਾਨਕ ਰਾਜੇ, ਮਹਾਰਾਜੇ ਤੇ ਜਗੀਰਦਾਰਾਂ ਦੀ ਅੰਗਰੇਜ਼ ਖਿਲਾਫ ਜੰਗ ਸੀ, ਜਿਸਨੂੰ ਉਹ ਅੱਗੇ ਲੈਕੇ ਗਏ ਜਿਵੇਂ, ਝਾਂਸੀ ਦੀ ਰਾਣੀ, ਨਾਨਾ ਸਾਹਿਬ ਪੇਸ਼ਵਾ, ਤਾਂਤੀਆ ਤੋਪੇ, ਕੁੰਵਰ ਸਿੰਘ  ਤੇ ਇਸਤਰ੍ਹਾਂ ਹੀ ਹੋਰ। ਇਸ ਸਭ ਕਾਸੇ ਵਿਚ ਨੀਵੀਂ ਜਾਤ ਵਾਲੇ ਸਿਰਫ ਫੌਜੀਆਂ, ਗਾਰਡਾਂ ਤੇ ਚੌਕੀਦਾਰਾਂ ਆਦਿ ਦਾ ਕੰਮ ਹੀ ਕਰਦੇ ਸਨ। ਇੱਥੇ ਕੁਝ ਉਨ੍ਹਾਂ ਜ਼ਿੰਮੇਵਾਰ ਵਿਦਵਾਨਾਂ ਦਾ ਇੱਕ ਪੂਰ ਵੀ ਗੌਲਣਯੋਗ ਹੈ ਜੋ ਇਸ ਕਿਸਮ ਦੀ ਵੰਡ ਨੂੰ ਠੀਕ ਨਹੀ ਮੰਨਦਾ। ਉਨ੍ਹਾਂ ਅਨੁਸਾਰ ਇਤਨੀ ਵਡੀ ਪਧਰ ਤੇ ਹੋਈ ਬਗਾਵਤ ਨੂੰ ਸਿਰਫ ਕੁਝ ਗਰੁਪਾਂ ਦੀ ਪਲੈਨਿੰਗ ਤੇ ਸੰਚਾਲਨਾਂ ਨਹੀ ਸਮਝਿਆ ਜਾ ਸਕਦਾ। ਇਸ ਕਾਰਜ ਦੀ ਸਫਲਤਾ ਲਈ ਸਾਰੇ ਲੋਕਾਂ ਦੀ ਸਰਗਰਮ ਹਮਾਇਤ ਦੀ ਜ਼ਰੂਰਤ ਸੀ। ਕਿਉਂਕਿ ਭਾਰਤੀ ਜੰਨਸੰਖਿਆ ਵਿਚ ਦਲਿਤ ਤੇ ਪੱਛੜੇ ਹੋਏ ਸਮਾਜ ਦੀ ਗਿਣਤੀ ਬਹੁਤ ਜ਼ਿਆਦਾ ਹੈ, ਇਸਲਈ ਉਨ੍ਹਾਂ ਦੇ ਮਿਲਵਰਤਨ ਤੋਂ ਬਗੈਰ ਐਸੀ ਕਿਸੇ ਪਲੈਨਿੰਗ ਤੇ ਸੰਚਾਲਨਾ ਦਾ ਸੁਪਨਾ ਵੀ ਨਹੀ ਲਿਆ ਜਾ ਸਕਦਾ। ਇਸ ਬਹਿਸ ਨੂੰ ਦਲਿਤ ਨੇਤਾਵਾਂ ਵਲੋਂ ਦਿੱਤੀਆਂ ਜਾ ਰਹੀਆਂ ਦਲੀਲਾਂ ਨਾਲ ਬੱਲ ਮਿਲਦਾ ਹੈ। ਉਹ ਹਮੇਸ਼ਾਂ ਤੋਂ ਰਾਸ਼ਟਰ ਦੀ ਉਸਾਰੀ ਦੇ ਕਾਰਜ ਵਿਚ ਆਪਣਾ ਯੋਗ ਥਾਂ ਦੀ ਮੰਗ ਕਰਦੇ ਆ ਰਹੇ ਹਨ। ਇਹ ਵਖਰੇਵਾਂ ਜੋ 1857 ਤੋਂ ਪਹਿਲਾਂ ਸੀ, ਉਸਨੂੰ ਨਾ ਮੰਨਜ਼ੂਰ ਕਰਦੇ ਆ ਰਹੇ ਹਨ। ਇਹੋ ਕਾਰਣ ਹੈ ਕਿ ਇਸ ਬਗਾਵਤ ਵਿਚ ਬਹੁਤ ਸਾਰੇ ਦਲਿਤ ਹੀਰੋ ਹੋਏ ਹਨ। ਇਸਦਾ ਇੱਕ ਇਤਿਹਾਸਕ ਪਹਿਲੂ ਵੀ ਹੈ। ਯੋਰਪ ਦੇ ਕਪੜੇ ਤੇ ਹੋਰ ਸਾਜੋ ਸਮਾਨ ਨੇ ਭਾਰਤ ਦੀ ਦਸਤਕਾਰੀ ਨੂੰ ਵਡਾ ਧੱਕਾ ਲਾਇਆ। ਕਈ ਰੋਜ਼ਗਾਰ ਜਿਵੇਂ ਜੁਲਾਹੇ, ਲਕੜੀ ਦਾ ਕੰਮ, ਲੁਹਾਰ, ਮੋਚੀ, ਤੇ ਇਸਤਰ੍ਹਾਂ ਹੀ ਕੁਝ ਹੋਰ, ਇਹ ਸਾਰੇ ਛੋਟੀ ਜਾਤੀ ਦੇ ਸਮਝੇ ਜਾਂਦੇ ਸਨ। ਇਹ ਸਾਰੇ ਬੇਕਾਰ ਜਿਹੇ ਹੀ ਹੋ ਗਏ, ਆਮਦਨ ਦਾ ਕੋਈ ਸਾਧਨ ਹੀ ਨਾ ਰਿਹਾ। ਇਸਲਈ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਬਗਾਵਤ ਦੀ ਲੜਾਈ ਆਪਣੀ ਸਮਝ ਕੇ ਲੜੀ। ਇਹ ਸਮਾਜਿਕ ਤੇ ਆਰਥਿਕ ਨਾ ਬਰਾਬਰੀ ਦੀ ਲੜਾਈ ਸੀ ਨਾ ਕਿ ਕਿਸੇ ਰਾਜੇ ਦੇ ਫੌਜੀ, ਗਾਰਡ ਜਾਂ ਚੌਂਕੀਦਾਰ ਦੀ। ਦਲਿਤ ਵਿਦਵਾਨ ਤੇ ਵਿਦਿਅਕ ਮਾਹਰ ਇਹ ਵਿਸ਼ਵਾਸ਼ ਕਰਦੇ ਹਨ ਕਿ ਬਹੁਤ ਸਾਰੀਆਂ ਜਾਤਾਂ ਨੇ ਬਗਾਵਤ ਵਿਚ ਲੀਡਰ ਤੇ ਕਮਾਂਡਰ ਦੀ ਭੂਮਿਕਾ ਨਿਭਾਈ। ਦੂਜੇ ਪਾਸੇ, ਮੁੱਖ ਧਾਰਾ ਦੇ ਵਿਦਿਅਕ ਮਾਹਰਾਂ ਦਾ ਵਿਚਾਰ ਹੈ ਕਿ ਇੱਕ ਇਕਾਈ ਦੇ ਤੌਰ ਤੇ ਦਲਿਤ ਹਮੇਸ਼ਾਂ ਹੀ ਆਗਿਆਕਾਰ, ਦਬੂ ਤੇ ਅਧੀਨਗੀ ਸਵੀਕਾਰ ਕਰਨ ਵਾਲੇ ਰਹੇ ਹਨ। ਇਸ ਸੰਦਰਭ ਵਿਚ ਉਹ ਘਕਿਵੇਂ 1857 ਦੀ ਬਗਾਵਤ ਵਿਚ ਇੱਕ ਸਰਗਰਮ ਭੂਮਿਕਾ ਨਿਭਾ ਸਕਦੇ ਸਨ? ਇਸ ਪੇਪਰ ਵਿਚ (ਪੇਪਰ ਦਾ ਲੇਖਕ ਬਦਰੀ ਨਰਾਇਣ ਹੈ,ਜਿਸ ਅਧਾਰ ਤੇ ਕੁਝ ਟਿਪਣੀਆਂ ਹਨ)ਅਸੀਂ ਦਲਿਤਾਂ ਦੀ ਭੂਮਿਕਾ ਦਾ ਮੁਲਅੰਕਣ ਕਰਾਂਗੇ, ਤੇ ਇਸ ਕਾਰਜ ਲਈ ਇਤਿਹਾਸਕ ਦਸਤਾਵੇਜ਼ਾਂ ਦੀ ਪੁਣ ਛਾਣ ਕਰਾਂਗੇ। ਮੂੰਹ ਜ਼ਬਾਨੀ ਤੁਰਿਆ ਆ ਰਿਹਾ ਇਤਿਹਾਸ ਤੇ ਉਹ ਇਤਿਹਾਸ ਜੋ ਦਲਿਤਾਂ ਵਲੋਂ ਲਿਖਿਆ ਗਿਆ ਹੈ, ਜਿਸ ਵਿਚ ਉਨ੍ਹਾਂ

ਆਪਣੀ ਪਛਾਣ ਦਰਸਾਈ ਹੈ ਕਿ ਕਿਸਤਰ੍ਹਾਂ ਉਨ੍ਹਾਂ ਨੇ ਇਸ ਬਗਾਵਤ ਵਿਚ ਆਪਣਾ ਹਿੱਸਾ ਪਾਇਆ ਤੇ ਕਿਸਤਰ੍ਹਾਂ ਅਗਵਾਈ ਕੀਤੀ ਤੇ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ ਜਾਂ ਕੀ ਉਨ੍ਹਾਂ ਦਾ ਰੋਲ ਇੱਕ ਨੌਕਰ ਵਾਲਾ ਤੇ ਉਚੀ ਜਾਤ ਦਾ ਹੁਕਮ ਮੰਨਣ ਵਾਲਾ ਹੀ ਸੀ?

# 1857 ਦੇ ਸਾਲ ਦੌਰਾਨ ਦਲਿਤਾਂ ਦੀ ਗਤੀਸ਼ੀਲਤਾ ਦਾ ਉਭਾਰ;

ਜੇ ਕੋਈ ਘਟਨਾਵਾਂ ਦਾ ਸਰਵੇਖਣ ਕਰੇ ਜਿਹੜੀਆਂ 1857 ਦੇ ਸਾਲ ਦੌਰਾਨ ਵਾਪਰੀਆਂ ਤਾਂ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਦਲਿਤ ਇੱਕ ਜਮਾਤ ਦੇ ਤੌਰ ਤੇ ਆਪਣੇ ਪਿੰਡਾਂ ਤੋਂ ਉਠਕੇ ਸ਼ਹਿਰਾਂ ਵਲ ਤੁਰ ਪਏ ਸਨ। ਇਸਦਾ ਕਾਰਣ ਉਨ੍ਹਾਂ ਦਾ ਬੇਰੁਜ਼ਗਾਰ ਹੋਣਾ ਸੀ ਤੇ ਉਹ ਰੁਜ਼ਗਾਰ ਦੀ ਭਾਲ ਵਿਚ ਇਧਰ ਉਧਰ ਜਾ ਰਹੇ ਸਨ। ਸੰਨ 1820, ਗੁਲਾਮ ਪ੍ਰਥਾ ਦਾ ਖਾਤਮਾ ਹੋ ਗਿਆ। ਇਹ ਉਹ ਮੌਕਾ ਸੀ ਜਦੋਂ ਬਸਤੀਵਾਦ ਮੁਲਕ ਜਿਵੇਂ ਬ੍ਰਿਟੇਨ, ਨੀਦਰਲੈਂਡ ਆਦਿ ਨੂੰ ਆਪਣੀਆਂ ਬਸਤੀਆਂ ਲਈ ਆਪਣੀਆਂ ਖੰਡ ਮਿਲਾਂ, ਕੋਕੋਆ ਤੇ ਪਟਸਨ ਤੇ ਹੋਰ ਕਾਰਖਾਨਿਆਂ ਲਈ ਸਸਤੀ ਮਜ਼ਦੂਰੀ ਚਾਹੀਦੀ ਸੀ। ਇਕਰਾਰਨਾਮੇ ਦੇ ਸਿਸਟਮ ਰਾਹੀਂ, ਇਹ ਮਜ਼ਦੂਰ ਭਾਰਤ ਵਿਚੋਂ ਮਿਲ ਰਹੇ ਸਨ। ਇਸ ਸਿਸਟਮ ਰਾਹੀਂ, 1833 ਤੋਂ ਲੈਕੇ 1916 ਤੱਕ ਬਾਰਾਂ ਲੱਖ ਲੋਕ, ਬਿਹਾਰ ਦੇ ਭੋਜ਼ਪੁਰ ਤੇ ਉਤਰ ਪ੍ਰਦੇਸ਼ ਤੋਂ ਜ਼ਿਆਦਾਤਰ ਪਰਵਾਸ ਕਰ ਗਏ ਸਨ। ਇਹ ਮੁਲਕ ਸਨ- ਸੁਰੀਨੇਮ, ਮਾਰਸ਼ਿਸ਼, ਫਿਜ਼ੀ, ਗਿਆਨਾ, ਟਰਿਨੀਡੈਡ ਤੇ ਟੋਬਾਗੋ ਆਦਿ, ਇਨ੍ਹਾ ਨੇ ਕਾਲੋਨੀਆਂ ਦੇ ਫਾਰਮਾਂ ਵਿਚ ਕੰਮ ਕੀਤਾ। ਇਹ ਸਾਰਾ ਰਿਕਾਰਡ ਰਜਿਸਟਰ ਵਿਚ ਦਰਜ਼ ਹੈ ਤੇ ਇਹ ਡੱਚ ਅਫਸਰ ਵਲੋਂ ਤਿਆਰ ਕੀਤਾ ਗਿਆ, ਜਿਹੜਾ ਅਜੇ ਵੀ ਸੁਰੀਨੇਮ ਤੇ ਨੀਂਦਰਲੈਂਡ ਦੇ ਪੁਰਾਣੇ ਰਿਕਾਰਡ ਵਿਚ ਉਪਲਬਦ ਹੈ। ਇਸ ਰਿਕਾਰਡ ਮੁਤਾਬਕ ਬਹੁਤ ਸਾਰੇ ਪਰਵਾਸ ਧਾਰਨ ਵਾਲੇ ਇੰਡੀਆ ਦੀਆਂ ਛੋਟੀਆਂ ਜਾਤਾਂ ਨਾਲ ਸਬੰਧਿਤ ਸਨ ਜਿਵੇਂ;- ਚਮਾਰ, ਦੁਸਾਧ, ਕੋਰੀ, ਕਹਾਰ ਤੇ ਇਸਤਰ੍ਹਾਂ ਹੀ ਕੁਝ ਹੋਰ। ਸਿਰਫ ਪੰਜ ਪ੍ਰਤੀਸ਼ਤ ਪਰਵਾਸੀ ਹੀ ਬਰਾਹਮਣ ਸਨ ਤੇ ਪੰਦਰਾ ਪ੍ਰਤੀਸ਼ਤ ਠਾਕੁਰ। ਇਹੋ ਰੁਝਾਨ ਦੂਸਰੇ ਮੁਲਕਾਂ ਦੇ ਰਿਕਾਰਡ ਵਿਚ ਵੀ ਹੈ ਜਿਵੇਂ;- ਮੌਰੀਸ਼ਿਸ਼, ਫਿਜ਼ੀ, ਟਰਿਨੀਡੈਡ, ਆਦਿ। ਇਸਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਉਸ ਵਕਤ ਵੀ ਦਲਿਤ ਤੇ ਛੋਟੀਆਂ ਜਾਤਾਂ ਵਾਲੇ, ਕੋਈ ਐਸੀ ਜਮਾਤ ਨਹੀ ਸੀ ਜੋ ਜਗੀਰਦਾਰੀ ਸਿਸਟਮ ਅਨੁਸਾਰ ਆਪਣੇ ਮਾਲਕ ਦਾ ਹੁਕਮ ਮੰਨਣ ਦੀ ਪਾਬੰਧ ਹੋਵੇ। ਉਹ ਬਿਨ੍ਹਾ ਕਿਸੇ ਖਾਸ ਵਜ੍ਹਾ ਦੇ ਆਪਣੀ ਜ਼ਮੀਨ ਜੋ ਉਨ੍ਹਾਂ ਦੀ ਹੈ ਹੀ ਨਹੀ ਸੀ ਤੇ ਆਪਣੇ ਪਿੰਡ ਰਹਿੰਣ ਲਈ ਤਿਆਰ ਨਹੀ ਸਨ ਤੇ ਉਨ੍ਹਾਂ ਆਪਣਾ ਰਸਤਾ ਆਪ ਚੁਣਿਆ ਤੇ ਇਸਲਈ ਸਮੁੰਦਰੋਂ ਪਾਰ ਜਾਣ ਦਾ ਜੋਖ਼ਮ ਵੀ ਉਠਾਇਆ। ਇਹ ਖਾਹਸ਼ ਇਤਨੀ ਪ੍ਰਬਲ ਨਹੀ ਹੋ ਸਕੀ ਕਿ ਉਹ ਆਪਣੀਆਂ ਜੜ੍ਹਾਂ ਨਾਲੋਂ ਅਲਹਿਦਾ ਹੋ ਰਹੇ ਸਨ। ਸਗੋਂ ਇਹ ਜਾਹਰਾ ਤੌਰ ਤੇ ਦਿਸਦਾ ਹੈ ਕਿ ਉਨ੍ਹਾਂ ਦੀ ਇੱਛਾ ਬੇਹਤਰ ਆਰਥਿਕ ਹਾਲਾਤ ਤੇ ਰੂੜੀਵਾਦੀ ਜਗਰੀਦਾਰੀ ਦੀ ਫਰਮਾ-ਬਰਦਾਰੀ ਤੋਂ ਪਿੱਛਾ ਛੁਡਾਉਂਣਾ ਸੀ। ਸਮਾਜਿਕ

ਸਿਸਟਮ ਜੋ ਉਨ੍ਹਾਂ ਦੇ ਦੁਆਲੇ ਉਣਿਆ ਗਿਆ ਸੀ, ਉਹ ਬਰਾਹਮਣ ਵਾਦ ਦਾ ਵਿਹਾਰ ਪ੍ਰਬੰਧ ਸੀ। ਇਹ ਪ੍ਰਬੰਧ ਉਨ੍ਹਾਂ ਦਾ ਸੋਸ਼ਣ ਕਰ ਰਿਹਾ ਸੀ ਤੇ ਆਪਣੀ ਹੀ ਸੁਵਿਧਾ ਦੇ ਹੱਕ ਵਿਚ ਭੁਗਤ ਰਿਹਾ ਸੀ। ਇਸ ਸਾਰੇ ਕਾਰਜ ਨੇ ਤੇ ਮੌਕਿਆਂ ਨੇ ਉਨ੍ਹਾਂ ਵਿਚ ਇੱਕ ਮਜ਼ਬੂਤ ਖਾਹਸ਼ ਭਰ ਦਿੱਤੀ। ਉਹ ਨਵੇਂ ਰਸਤੇ ਚਲਦਿਆਂ ਆਪਣੀ ਆਰਥਿਕ ਦਸ਼ਾ ਸੁਧਾਰਨਗੇ, ਆਪਣੇ ਰਹਿੰਣ ਸਹਿੰਣ ਦੇ ਢੰਗ ਨੂੰ ਵਧੀਆ ਕਰਨਗੇ ਤੇ ਸਿਰਫ ਮਜ਼ਦੂਰੀ ਤੇ ਜਾਤੀ ਨੌਕਰ ਬਣਨ ਦੇ ਹੀਣ ਕੰਮ ਤੋਂ ਛੁਟਕਾਰਾ ਹਾਸਲ ਕਰਨਗੇ। ਸਥਾਨਿਕ ਜਗੀਰਦਾਰ, ਉਨ੍ਹਾਂ ਦੇ ਸਵੈਮਾਣ ਨੂੰ ਠੇਸ ਮਾਰਨ ਦੇ ਹੱਕ ਤੋਂ ਵਾਂਝੇ ਹੋ ਜਾਣਗੇ ਤੇ ਉਹ ਅਗਲੀਆਂ ਨਸਲਾਂ ਲਈ ਕੁਝ ਵਧੀਆ ਉਸਾਰੀ ਕਰਨਗੇ। ਇਸਤਰ੍ਹਾਂ ਦਲਿਤ, ਹੌਲੀ ਹੌਲੀ ਖਤਰੇ ਲੈਣ ਵਾਲੀ ਤੇ ਜੋਖਮ ਭਰਿਆ ਰਾਹ ਚੁਣਨ ਵਾਲੀ ਜਮਾਤ ਬਣਕੇ ਉਭਰਦੀ ਹੈ। ਉਹ ਕਿਸੇ ਵੀ ਲਲਕਾਰ ਨੂੰ ਸਵੀਕਾਰ ਕਰਨ ਲਈ ਤਤਪਰ ਨਜ਼ਰ ਆਉਂਦੇ ਹਨ। ਦਲਿਤ ਕੈਰੇਬਿਅਨ ਦੇਸ਼ਾਂ ਵਲ ਪ੍ਰਵਾਸ ਕਰ ਗਏ ਤੇ ਲਗਾਤਾਰ ਪਿੱਛੇ ਪਰਿਵਾਰਾਂ ਨੂੰ ਪੈਸੇ ਭੇਜਦੇ ਰਹੇ। ਪਿੱਛੇ ਰਹਿ ਗਏ ਪਰਿਵਾਰਾਂ ਦਾ ਭਵਿਖ ਉਜਲਾ ਕਰਨ ਦੀ ਖਾਤਰ, ਉਨ੍ਹਾਂ ਨਾਲ ਜੁੜੇ ਰਹੇ ਤੇ ਸਮਾਜਿਕ ਰੁਤਬੇ ਨੂੰ ਬਹਾਲ ਕਰਨ ਦਾ ਆਹਰ ਕਰਦੇ ਰਹੇ। ਇਸ ਤਤ ਦੀ ਪੜਤਾਲ ਕਰਨ ਲਈ ਅਸੀਂ ਮੁਨਸ਼ੀ ਰਹਿਮਾਨ ਖਾਂਨ ਦੀ ਸਵੈ-ਜੀਵਨੀ ਪੜ੍ਹ ਸਕਦੇ ਹਾਂ। ਮੁਨਸ਼ੀ ਰਹਿਮਾਨ ਇੱਕ ਪੜ੍ਹਿਆ ਲਿਖਿਆ ਪ੍ਰਵਾਸੀ ਸੀ ਜੋ ਸੁਰੀਨੇਮ ਰਹਿੰਦਾ ਸੀ, ਉਸਨੇ ਬਹੁਤ ਵਿਸਥਾਰ ਵਿਚ ਲਿਖਿਆ ਹੈ। ਇਸਤੋਂ ਪਤਾ ਲਗਦਾ ਹੈ ਕਿ ਪ੍ਰਵਾਸ ਵਿਚ ਵਸੇ ਦਲਿਤਾਂ ਨੇ ਕਿਸਤਰ੍ਹਾਂ ਭਾਰਤ ਰਹਿੰਦੇ ਦਲਿਤਾਂ ਦਾ ਆਰਥਿਕ ਸੁਧਾਰ ਕੀਤਾ ਤੇ ਇਸ ਸੁਧਾਰ ਨੇ ਉਨ੍ਹਾਂ ਦਾ ਸਮਾਜਿਕ ਰੁਤਬਾ ਵੀ ਵਧਾਇਆ।

ਪ੍ਰਸਿਧ ਡਚ ਇਤਿਹਾਸਕਾਰ ਡਰਕ ਐਚ. ਕੌਲਫ ਆਪਣੀ ਕਿਤਾਬ, 'ਨੌਕਰੀ, ਸਿਪਾਹੀ, ਤੇ ਰਾਜਪੂਤ' ਵਿਚ ਆਪਣੀ ਖੋਜ਼ ਦਾ ਸਾਰ ਅੰਸ਼ ਦਿੰਦਾ ਲਿਖਦਾ ਹੈ ਕਿ 1857 ਸਾਲ ਦੇ ਇਰਦ ਗਿਰਦ ਬਹੁਤ ਸਾਰੇ ਦਲਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀ ਅਖਾੜਿਆਂ ਵਿਚ ਆਉਂਣ ਦੇ ਸ਼ੌਕੀਨ ਸਨ। ਉਹ ਉਥੇ ਆਕੇ ਠਾਕੁਰਾਂ ਨਾਲ ਰਲਕੇ, ਘੁਲਦੇ ਤੇ ਲੜਾਈ ਦੀਆਂ ਤਕਨੀਕਾਂ ਤੇ ਦਾਅ ਪੇਚ ਸਿਖਦੇ। ਇਹ ਉਥੋਂ ਦੇ ਸਥਾਨਿਕ ਭੂਮੀ ਮਾਲਕ, ਰਾਜਿਆਂ ਤੇ ਬ੍ਰਿਟਿਸ਼ ਆਰਮੀ ਦੀ ਸਮੇ ਅਨੁਸਾਰ ਲੋੜ ਵੀ ਸੀ। ਕੋਲਫ ਅੱਗੇ ਲਿਖਦਾ ਹੈ ਕਿ ਕਿ ਇੱਕ ਸੈਲਾਨੀ ਜਿਸਦਾ ਨਾਮ ਪੀਟਰ ਮੁੰਡੇ ਸੀ ਤੇ ਉਹ ਆਗਰਾ ਤੋਂ ਪਟਨਾ ਜਾਂਦਾ ਹੋਇਆ ਦੇਖਦਾ ਹੈ ਕਿ ਬਹੁਤ ਵਡੀ ਗਿਣਤੀ ਵਿਚ ਆਰਮੀ ਦੇ ਸਿਪਾਹੀਆਂ ਦੇ ਕੈਂਪਾਂ ਲਾਗੇ ਅਖਾੜੇ ਬਣੇ ਹੋਏ ਸਨ ਤੇ ਲਗਾਤਾਰ ਉਥੇ ਕੁਸ਼ਤੀਆਂ ਤੇ ਹੋਰ ਸਰੀਰਕ ਕਸਰਤਾਂ ਚਲਦੀਆਂ ਰਹਿੰਦੀਆਂ ਸਨ। ਇਸਤੋਂ ਇਲਾਵਾ ਸਾਰਾ ਅਵਧ ਤੇ ਭੋਜ਼ਪੁਰ ਦਾ ਇਲਾਕਾ, ਅਖਾੜਿਆਂ ਨਾਲ ਭਰਿਆ ਪਿਆ ਸੀ ਜਿੱਥੇ ਛੋਟੀਆਂ ਸ਼੍ਰੇਣੀਆਂ ਦੇ ਵਿਅਕਤੀ, ਮਧ-ਪਰਿਵਾਰ ਤੇ ਕੁਲੀਨ ਪਰਿਵਾਰਾਂ ਦੇ ਵਿਅਕਤੀ, ਇਨ੍ਹਾਂ ਅਖਾੜਿਆਂ ਵਿਚ ਕਸਰਤ ਕਰਦੇ ਤੇ ਆਪਣੇ ਸਰੀਰ ਦੀ ਦੇਖਭਾਲ ਕਰਦੇ ਵੇਖੇ ਜਾਂਦੇ ਸਨ। ਇਹ ਲੋਕ ਆਪਣੇ ਆਪ ਨੂੰ ਨੌਕਰੀਆਂ ਲਈ ਤਿਆਰ ਕਰਦੇ ਸਨ। ਫੌਜੀ, ਸਿਪਾਹੀ, ਗਾਰਡ ਤੇ ਹੋਰ ਮੰਨ ਪਸੰਦ ਨੌਕਰੀਆਂ ਲਈ, ਤੇ ਸਵੈ ਮਾਣ ਲਈ ਸਿਰੜ ਨਾਲ ਕਸਰਤ ਕਰਦੇ ਸਨ। ਇਨ੍ਹਾਂ ਵਿਚੋਂ ਕਈ ਵਖੋ ਵਖਰੇ ਰਾਜਿਆਂ ਨਾਲ, ਜਗੀਰਦਾਰਾਂ ਤੇ ਦਿਲੀ ਦੇ ਸੁਲਤਾਨਾਂ

ਨਾਲ ਜੁੜ ਗਏ। 1814 ਦੇ ਇਰਦ ਗਿਰਦ ਬ੍ਰਿਟਿਸ਼ ਫੌਜ ਵਿਚ ਵੀ ਬਹੁਤ ਸਾਰੇ ਭਾਰਤੀ ਸਨ ਜਿਨ੍ਹਾਂ ਨੂੰ ਪਹਿਲਵਾਨ ਸਾਹਬ ਕਹਿ ਕੇ ਬੁਲਾਇਆ ਜਾਂਦਾ ਸੀ।

ਉਸ ਸਮੇਂ ਜਿਹੜੇ ਬ੍ਰਿਟਿਸ਼ ਦੇ ਸੈਨਿਕ ਬਣਦੇ ਸਨ, ਉਹ ਇੱਕਲੇ ਪੰਜਾਬੀ, ਉਜੈਨੀ ਤੇ ਬੁੰਦੇਲੇ ਹੀ ਨਹੀ ਹੁੰਦੇ ਸਨ ਬਲਕਿ ਛੋਟੀਆਂ ਸ਼੍ਰੇਣੀਆਂ ਆਜੜੀ ਕਬੀਲਿਆਂ ਦੇ ਵੀ ਹੁੰਦੇ ਸਨ। ਐਸੀ ਹੀ ਇਕ ਜਮਾਤ ਬਹੇਲਿਆਂ ਦੀ ਸੀ ਜਿਹੜੀ ਬ੍ਰਿਟਿਸ਼ ਦੇ ਸੈਨਿਕ ਦਲ ਵਿਚ ਸ਼ਾਮਲ ਸੀ। ਜਿਨ੍ਹਾਂ ਨੇ ਚੌਧਵੀਂ ਸਦੀ ਦੌਰਾਨ, ਮੁੰਹਮਦ ਬਿਨ ਤੁਗਲਕ ਦੇ ਰਾਜ ਵੇਲੇ ਬਹੁਤ ਹੀ ਉਲੇਖ ਪੂਰਨ ਰੋਲ ਨਿਭਾਇਆ ਸੀ। ਉਦੋਂ ਤੋਂ ਉਹ ਚਨੌਰ ਤੇ ਬਨਾਰਸ ਵਿਚਕਾਰ ਗੰਗਾ ਤੱਟ ਤੇ ਘਣੇ ਤੌਰ ਤੇ ਵਸੇ ਹੋਏ ਸਨ। ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਭਰਤੀ ਕੀਤਾ ਜਾਂਦਾ ਸੀ ਤੇ ਕਈਆਂ ਨੂੰ ਸਤਾਈ, ਸਤਾਈ ਪਿੰਡਾਂ ਦੀ ਜਗੀਰਦਾਰੀ ਤੋਹਫੇ ਵਜੋਂ ਮਿਲੀ ਹੋਈ ਸੀ। ਵਿਲੀਅਮ ਕਰੂਕ ਆਪਣੀ ਕਿਤਾਬ ਜ਼ਰੀਏ ਦਸਦਾ ਹੈ ਕਿ ਅਕਬਰ ਦੇ ਗਾਰਡਾਂ ਵਜੋਂ ਜਿਹੜੇ ਨਿਯੁਕਤ ਹੋਏ ਉਨ੍ਹਾਂ ਦੀ ਬਹੁ ਗਿਣਤੀ ਬਹੇਲਿਆਂ ਵਿਚੋਂ ਸੀ ਤੇ ਉਨ੍ਹਾਂ ਦੇ ਕਮਾਂਡਰ ਨੂੰ ਹਜ਼ਾਰੀ ਕਿਹਾ ਜਾਂਦਾ ਸੀ। ਜਦੋਂ ਬ੍ਰਿਟਿਸ਼ ਨੇ ਮੁਗਲਾਂ ਦੇ ਰਾਜ ਤੇ ਕਬਜਾ ਕੀਤਾ ਤਾਂ ਇਨ੍ਹਾਂ ਵਿਚੋਂ ਬਹੁਤਿਆਂ ਨੇ ਬ੍ਰਿਟਿਸ਼ ਫੌਜ਼ ਵਿਚ ਸ਼ਮੂਲੀਅਤ ਕਰ ਲਈ ਸੀ। ਬਹੇਲਿਆਂ ਵਾਂਗ ਹੀ ਪੈਸਿਸ ਦੀ ਗਿਣਤੀ ਵੀ ਲਗਭਗ ਬਾਰ੍ਹਾਂ ਲੱਖ ਦੇ ਕਰੀਬ ਸੀ ਤੇ ਉਨ੍ਹਾਂ ਦੀ ਪਛਾਣ ਵੀ, ਹੌਂਸਲੇ ਵਾਲੇ, ਬਹਾਦਰ ਤੇ ਸੂਰਬੀਰ ਕੌਮ ਵਜੋਂ ਹੁੰਦੀ ਸੀ। ਈਸਟ ਇੰਡੀਆ ਕੰਪਨੀ ਦੇ ਕਾਨੂੰਨ, ਨਿਯਮ ਤੇ ਵਿਵਸਥਾ ਨੂੰ ਛਡ, ਉਨ੍ਹਾਂ ਨੇ ਆਪਣੇ ਕੰਮ ਜਿਵੇਂ ਵੈਲਡਿੰਗ, ਚੌਂਕੀਦਾਰਾ, ਤੇ ਜਗੀਰਦਾਰਾਂ ਤੇ ਸਥਾਨਿਕ ਰਾਜਿਆਂ ਦੇ ਗਾਰਡ ਬਣਨ ਨੂੰ ਤਰਜੀਹ ਦਿੱਤੀ। ਆਪਣੇ ਕਾਰਨਾਮਿਆਂ ਨਾਲ ਉਨ੍ਹਾਂ ਨੇ ਸੂਰਬੀਰ ਤੇ ਬਹਾਦਰ ਕੌਮ ਵਜੋਂ ਨਾਮਣਾ ਖਟਿਆ। ਬਗਾਵਤ, ਤੇ ਗਦਰ ਦੌਰਾਨ ਇਤਿਹਾਸਕਾਰ ਸਲੀਮੈਂਨ ਨੇ ਜੋ ਅਖੀਂ ਵੇਖਿਆ ਉਸਦਾ ਜਿਕਰ ਕਰਦਾ ਕਹਿੰਦਾ ਹੈ ਕਿ ਪੈਸਿਸ ਇਸ ਬਗਾਵਤ ਵਿਚ ਬਹਾਦਰੀ ਦੇ ਚਿੰਨ੍ਹ ਸਨ। ਬਹੁਤਿਆਂ ਨੇ ਆਪਣੀ ਹੀ ਫੌਜ ਬਣਾ ਲਈ ਸੀ ਤੇ ਡਾਕੇ ਮਾਰਕੇ ਤੇ ਛੋਟੇ ਰਾਜਿਆਂ ਨਾਲ ਇਕਰਾਰਨਾਮੇ ਕਰਕੇ ਆਪਣੀ ਬਹੁਤ ਜਾਇਦਾਦ ਤੇ ਜ਼ਮੀਨ ਹਥਿਆ ਲਈ ਸੀ। ਇਸਤੋਂ ਪਹਿਲਾਂ ਵੀ 1678 ਦੌਰਾਨ ਬੁੰਦੇਲਖੰਡ ਦੇ ਰਾਜੇ ਛਤਰਸਾਲ ਨੇ ਆਪਣੀ ਫੌਜ਼ ਵਿਚ ਉਚੀਆਂ ਜਾਤਾਂ ਜਿਵੇਂ;ਰਾਜਪੂਤ, ਬਰਾਹਮਣ ਤੇ ਬਾਣੀਏ ਦੇ ਨਾਲ ਨਾਲ ਛੋਟੀਆਂ ਜਾਤਾਂ ਜਿਵੇਂ;-ਛਿਪੀ, ਰੰਗਰੇਜ਼, ਛੋਟੀਆਂ ਜਾਤਾਂ ਦੇ ਮੁਸਲਮਾਨ ਤੇ ਅਹੀਰ ਕੌਮਾਂ ਦੀ ਬਹੁਤ ਵਡੀ ਗਿਣਤੀ ਸੀ। ਇਸਤਰ੍ਹਾਂ ਅਸੀਂ ਦੇਖਦੇ ਹਾਂ ਕਿ ਫੌਜ ਦੀ ਨੌਕਰੀ ਬੜੀ ਇਜ਼ਤ ਵਾਲੀ ਬਣ ਗਈ ਸੀ। ਜਿਵੇਂ ਰਾਜਪੂਤਾਂ ਨੇ ਹੌਲੀ ਹੌਲੀ ਇਹ ਮਾਣ ਹਾਸਲ ਕੀਤਾ ਸੀ ਇਸੇ ਤਰ੍ਹਾਂ ਹੀ ਦਲਿਤ ਜਿਵੇਂ ਕੋਰੀ, ਪਾਸੀ, ਮੁਸ਼ਾਹਰ ਆਦਿ ਨੇ ਵੀ ਇਹੋ ਰਸਤੇ ਚਲਕੇ ਆਪਣੇ ਸਮੁਦਾਇਆਂ ਦਾ ਨਾਮ ਬਹਾਦਰ ਕੌਮਾਂ ਵਿਚ ਸ਼ੁਮਾਰ ਕਰਵਾਇਆ।

ਭਾਵੇਂ ਇਹ ਪੱਕਾ ਪਤਾ ਕਰਨਾ ਕਿ ਕਿਹੜੀ ਕੌਮ ਕਦੋਂ ਹੋਂਦ ਵਿਚ ਆਈ ਪਰ ਫਿਰ ਵੀ ਬਹੁਤ ਸਾਰੇ ਲੋਕ-ਗੀਤ ਲੋਕ-ਕਹਾਣੀਆਂ ਦਲਿਤਾਂ ਬਾਰੇ ਇਹ ਸੂਹ ਦਿੰਦੀਆਂ ਹਨ ਕਿ ਉਹ ਸੂਰਵੀਰ ਸਨ। ਇਨ੍ਹਾਂ ਲੋਕ-ਕਹਾਣੀਆਂ ਵਿਚ ਚੂਹੜਮਲ ਤੇ ਸਾਹਲੇਸ ਜੋ

ਦੁਸਾਧਸ ਸਨ। ਦੀਨਾ ਭਾਦਰੀ ਜੋ ਮੁਸ਼ਾਹਰਸ ਦਾ ਸੀ ਦੀ ਲੋਕ-ਕਹਾਣੀ ਵੀ ਪਰਚਲਤ ਰਹੀ ਹੈ। ਇਨ੍ਹਾਂ ਤੋਂ ਇਹ ਸੂਹ ਤੇ ਮਿਲ ਹੀ ਜਾਂਦੀ ਹੈ ਕਿ ਦਲਿਤ ਜਾਤਾਂ ਦਾ ਸਮੂਹਿਕ ਤੌਰ ਤੇ ਉਠਣ ਦਾ ਉਪਰਾਲਾ ਤੇ ਚੰਗੀਆਂ ਕਦਰਾਂ ਕੀਮਤਾਂ ਦੀ ਕਮਾਈ, ਉਨ੍ਹਾ ਦੀ ਬਹਾਦਰੀ ਦਾ ਪ੍ਰਤੀਕ ਹੈ। ਜੇ ਇਹ ਸਾਰੀ ਗਲਬਾਤ ਠੀਕ ਹੈ ਤਾਂ ਇਹ ਮੰਨਣਾ ਮੁਸ਼ਕਲ ਹੋ ਜਾਂਦਾ ਹੈ ਕਿ ਸਾਰੇ ਦਲਿਤਾਂ ਦਾ ਸ਼ੋਸ਼ਣ ਹੋਇਆ ਤੇ ਉਹ ਆਪਣੇ ਮਾਲਕਾਂ ਦੇ ਦੁੱਮ ਛਲੇ ਸਨ।

ਇਹ ਕੁਝ ਐਸੇ ਵਰਤਾਰੇ ਵੀ ਸਨ ਜਿੱਥੇ ਜੁਲਮ ਤੇ ਹਿੰਸਾ ਨਾਲ ਉਨ੍ਹਾਂ ਨੂੰ ਉਹ ਕਰਨ ਲਈ ਮਜ਼ਬੂਰ ਕਰ ਗਿਆ ਜੋ ਬਾਦ ਵਿਚ ਪ੍ਰਚਾਰਿਆ ਗਿਆ। ਅਸਲ ਗੱਲ ਤਾਂ ਆਰਥਿਕਤਾ ਨਾਲ ਸਬੰਧਿਤ ਹੈ, ਜਿਸਨੂੰ ਉਸ ਵੇਲੇ ਦੇ ਕੁਲੀਨਾਂ ਨੇ ਆਪਣੇ ਝੂਠੇ ਗਿਆਨ ਦੀਆਂ ਪੰਡਾਂ ਖਿਲਾਰਕੇ ਇੱਕ ਸਿਸਟਮ ਸਿਰਜ ਲਿਆ ਜੋ ਉਨ੍ਹਾਂ ਦੇ ਹੱਕ ਵਿਚ ਭੁਗਤਦਾ ਸੀ। ਇਹ ਵੀ ਸੱਚ ਹੈ ਕਿ ਬਹਾਦਰੀ ਦਾ ਪ੍ਰਤੀਕ ਸਾਰੀ ਦਲਿਤ ਜਮਾਤ ਨਹੀ ਬਣ ਸਕੀ ਪਰ ਇਹ ਵੀ ਝੁਠਲਾਇਆ ਨਹੀ ਜਾ ਸਕਦਾ ਕਿ ਸ਼ੋਸ਼ਣ ਤੇ ਸਮਾਜਿਕ ਸਿਸਟਮ ਦੀ ਨਾਬਰਾਬਰੀ ਤੇ ਉਸਦੇ ਗੁੱਝੇ ਕਾਰਣ ਹਮੇਸ਼ਾਂ ਹੀ ਅਗਰਭੂਮੀ ਵਿਚ ਰਹੇ। ਰੋਸ ਵੀ ਜ਼ਾਹਰ ਹੁੰਦਾ ਰਿਹਾ। ਇੱਥੇ ਇਹ ਵੀ ਸਾਫ ਕਰ ਦੇਣਾ ਚਾਹੀਦਾ ਹੈ ਕਿ ਨੌਕਰੀ ਕਰਨ ਤੇ ਨੌਕਰ ਬਣਨ ਦਾ ਵਿਚਾਰ, ਅੱਜ ਦੀ ਤਰੀਕ ਵਿਚ ਉਸ ਵੇਲੇ ਦੇ ਰੂਪ ਵਿਚ ਨਹੀ ਹੈ। ਹੌਲੀ ਹੌਲੀ, ਨੌਕਰੀ ਪੇਸ਼ਾ ਦਾ ਕਸਬ ਹਰਮੰਨ ਪਿਆਰਾ ਤੇ ਇਜ਼ਤ ਵਾਲਾ ਬਣ ਗਿਆ, ਜਿਸਦਾ ਇੱਕ ਹੀ ਮਤਲਬ ਹੈ ਕਿ ਆਪਣੇ ਪਰਿਵਾਰ ਦੀ ਆਮਦਨ ਦਾ ਜ਼ਰੀਆ ਬਣਨਾ ਹੈ। ਲੋਕ-ਗੀਤ ਇਸਦੀ ਪੁਸ਼ਟੀ ਕਰਦੇ ਹਨ। ਕੁਝ ਧਾਰਨਾਵਾਂ ਖਤਮ ਹੋ ਰਹੀਆਂ ਹਨ। ਜਿਵੇਂ ਇੱਕ ਮੁਹਾਵਰਾ ਹੀ ਬਣ ਗਿਆ ਹੈ:--ਉਤਮ ਖੇਤੀ, ਮੱਧਮ ਬਾਨ, ਨਿਰਵਾਦ ਚਾਕਰੀ, ਭੀਖ ਨਿਧਾਨ।

1857 ਦੇ ਸਮੇਂ ਦੌਰਾਨ ਹੀ ਦਲਿਤਾਂ ਵਿਚ ਸਿਖਿਆ ਲੈਣ ਦੀ ਖਾਹਸ਼ ਪ੍ਰਬਲ ਹੋਈ ਦਿਸਦੀ ਹੈ। ਇਸ ਪ੍ਰਸੰਗ ਨੂੰ ਨਾਪਣ ਲਈ ਸਾਨੂੰ ਵਿਲੀਅਮ ਐਡਮਜ਼ ਦੀਆਂ ਲਿਖਤਾਂ ਘੋਖਣੀਆਂ ਪੈਣਗੀਆਂ। ਉਸਦੀ ਡੂੰਘੀ ਨਜ਼ਰ 1837-1838 ਦੇ ਸਮੇ ਵਿਚਾਲੇ ਬਿਹਾਰ ਦੀ ਸਿਖਿਆ ਪ੍ਰਣਾਲੀ ਨੂੰ ਅਧਾਰ ਮੰਨਕੇ ਦੇਖਦੀ ਹੈ। ਪੱਛਮੀ ਬਿਹਾਰ ਵਿਚ ਬਹੁਤ ਸਾਰੇ ਸਕੂਲ ਸਨ ਜਿੱਥੇ ਦਲਿਤ ਸਿਖਿਆ ਗ੍ਰਹਿਣ ਕਰ ਰਹੇ ਸਨ। ਦਲਿਤ ਵਿਦਿਆਰਥੀਆਂ ਤੋਂ ਇਲਾਵਾ, ਇਨ੍ਹਾਂ ਸਕੂਲਾਂ ਦੇ ਬਹੁਤ ਸਾਰੇ ਅਧਿਆਪਕ ਜਨ ਵੀ ਦਲਿਤ ਸਨ। ਇਸ ਤੋਂ ਇਲਾਵਾ ਕਾਨਪੁਰ ਵਿਚ ਬਹੁਤ ਸਾਰੇ ਮੁਫਤ ਵਿਦਿਆ ਦੇਣ ਵਾਲੇ ਸਕੂਲ ਵੀ ਸਨ ਜਿਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀ ਦਲਿਤ ਸਨ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਿਦਿਆਰਥੀ ਜ਼ਰੂਰ ਹੀ ਖੁਲੀ ਚੇਤਨਾ ਨਾਲ ਪਰਨਾਏ ਹੋਣਗੇ, ਜਿਨ੍ਹਾਂ ਨੇ ਵਿਕਾਸ ਕਰ ਰਹੇ ਸਮਾਜਿਕ ਤੇ ਰਾਜਨੀਤਕ ਤੰਤਰ ਵਿਚ ਵਡਾ ਹਿੱਸਾ ਪਾਇਆ ਹੋਵੇਗਾ। ਇਹੋ ਜਿਹੇ ਹਾਲਾਤਾਂ ਵਿਚ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦਲਿਤ ਸਿਰਫ ਵਡੀ ਜਗੀਰਦਾਰੀ ਦੇ ਜਾਤੀ ਨੌਕਰ ਹੀ ਨਹੀ ਸਨ ਬਲਕਿ 1857 ਦੇ ਗਦਰ ਵਿਚ ਬਰਾਬਰ ਦੀ ਧਿਰ ਸਨ।

ਇਕ ਮਿੰਟ ਲਈ ਜੇ ਮੰਨ ਵੀ ਲਿਆ ਜਾਵੇ ਕਿ ਬੰਗਾਲ ਆਰਮੀ ਵਿਚ ਬਹੁਤੇ ਬਰਾਹਮਣ ਤੇ ਖਤਰੀ ਸਨ ਫਿਰ ਵੀ ਕਈ ਨੌਕਰੀਆਂ ਜਿਵੇਂ ਝਾੜੂ ਲਾਉਂਣਾ, ਮੋਚੀ, ਲਾਂਗਰੀ ਤੇ ਬਹਿਰੇ, ਦਰਜ਼ੀ, ਧੋਬੀ, ਬੈਂਡ ਵਜਾਉਂਣ ਵਾਲਿਆਂ ਦੀ ਇੱਕ ਵਡੀ ਗਿਣਤੀ ਬਣਦੀ ਹੈ ਜੋ ਛੋਟੀਆਂ ਜਾਤਾਂ ਵਾਲੇ ਕਰਦੇ ਸਨ ਕਿਉਂਕਿ ਇਹ ਕੰਮ ਜਾਤੀ ਅਧਾਰਿਤ ਸਨ। ਇਹ ਸਾਰੇ ਵੀ ਸੈਨਿਕ ਹੀ ਸਨ। ਉਦਾਹਰਣ ਦੇ ਤੌਰ ਤੇ ਦਲਿਤ ਮਾਤਾ ਦੀਨ ਦੀ ਗੱਲ ਕਰ ਲਵੋ ਜੋ ਇਸ ਬਗਾਵਤ ਦਾ ਜਨਮ ਦਾਤਾ ਮੰਨਿਆ ਜਾ ਸਕਦਾ ਹੈ ਜਿਸਨੇ ਮੰਗਲ ਪਾਂਡੇ ਨੂੰ ਹੱਲਾਸ਼ੇਰੀ ਦਿੱਤੀ। ਇਹ ਬੰਗਾਲ ਆਰਮੀ ਵਿਚ ਭੰਗੀ ਦਾ ਕੰਮ ਕਰਦਾ ਸੀ।

ਬ੍ਰਿਟਿਸ਼ ਆਰਮੀ ਦੀ ਪਹਿਲੀ ਛਾਉਣੀ ਕਾਨਪੁਰ ਵਿਚਲੀ ਜੂਹੀ ਸੀ। ਇਸ ਛਾਉਣੀ ਦੀ ਬਹੁਤੀ ਜ਼ਮੀਨ ਰਾਣੀ ਕੁੰਵਰੀ ਦੀ ਸੀ ਤੇ ਬਾਕੀ ਜ਼ਮੀਨ ਦਲਿਤਾਂ ਦੀ ਸੀ। ਇਹ ਦਲਿਤ ਵਡੇ ਘਰਾਂ ਵਿਚ ਰਹਿੰਦੇ ਸਨ ਤੇ ਇਨ੍ਹਾਂ ਦੇ ਆਪਣੇ ਪਿੰਡ ਤੇ ਆਪਣੇ ਖੇਤ ਸਨ। ਇਕ ਮੰਦਿਰ ਜਿਸਨੂੰ ਸਾਂਵਲਦਾਸ ਦਾ ਮੰਦਿਰ ਕਿਹਾ ਜਾਂਦਾ ਹੈ, ਉਹ ਅਜੇ ਵੀ ਜੂਹੀ ਵਿਚ ਹੈ ਤੇ ਉਥੇ ਇੱਕ ਘਾਟ ਵੀ ਹੈ ਜੋ ਜਿਉਰਾ ਦੇ ਕੋਲ ਹੈ ਜਿਸਨੂੰ □'ਸ਼ਾਵਲਦਾਸ ਘਾਟ' ਕਿਹਾ ਜਾਂਦਾ ਹੈ। ਸਾਂਵਲਦਾਸ ਕਾਨਪੁਰ ਦਾ ਇਕ ਮੰਨ ਪ੍ਰਮੰਨਿਆ ਸ਼ਹਿਰੀ ਸੀ ਜਿਸ ਕੋਲ ਚੌਦਾਂ ਘੋੜਿਆਂ ਨਾਲ ਖਿਚੀ ਜਾਂਦੀ ਬੱਘੀ ਸੀ। ਉਸ ਕੋਲ ਬਹੁਤ ਸਾਰੇ ਬੰਗਲੇ ਸਨ, ਜਿਨ੍ਹਾਂ ਵਿਚੋਂ ਅਜੇ ਵੀ ਕਾਨਪੁਰ ਵਿਚ ਹਨ।

# 1857 ਦੇ ਗਦਰ ਨੂੰ ਦੁਬਾਰਾ ਵਾਚਣਾ:- ਸਮਕਾਲੀਨ ਬਿਰਤਾਂਤਕਾਰਾਂ ਦੀ ਜ਼ਬਾਨੀ ਦਲਿਤਾਂ ਦੀ ਸ਼ਮੂਲੀਅਤ

ਅਖੀਰਲੇ ਮੁਗਲ ਬਾਦਸ਼ਾਹ ਦੇ ਕਾਲ ਦੌਰਾਨ, ਪਹਾੜਗੰਜ ਦਿਲੀ ਦੇ ਠਾਣੇ ਦਾ ਕੋਤਵਾਲ ਕੁਲੀਨ ਪਰਿਵਾਰ ਦਾ ਮੁਸਲਿਮ ਜਿਸਦਾ ਨਾਮ ਮੋਇਨਦੀਨ ਹਸਨ ਸੀ। ਮੋਇਨਦੀਨ ਹਸਨ ਨੇ ਸਰ ਥਿਉਫਲਿਸ ਜੌਨ ਮੈਟਕਾਲਫ ਦੀ ਗਦਰ ਦੇ ਦੰਗਿਆਂ ਵਿਚ ਜਾਨ ਬਚਾਈ ਤੇ ਉਹ ਬ੍ਰਿਟਿਸ਼ ਹਕੂਮਤ ਦਾ ਹਮਦਰਦ ਸੀ। ਸਰ ਮੈਟਕਲਫ ਦੇ ਹਵਾਲੇ ਨਾਲ, ਉਸਨੇ ਘਟਨਾਵਾਂ ਦਾ ਆਪਣਾ ਹੀ ਬਿਆਨ ਕਲਮਬੰਦ ਕੀਤਾ ਤੇ ਇੱਕ ਕਿਤਾਬ ਲਿਖੀ 'ਖਾਂਡਗੇ-ਗਦਰ'। ਇਹ ਕਿਤਾਬ ਬੁਨਿਆਦੀ ਤੌਰ ਤੇ ਉਰਦੂ ਵਿਚ ਲਿਖੀ ਗਈ ਤੇ ਹੁਣ ਜਿਹੇ ਹੀ ਇਸਦਾ ਹਿੰਦੀ ਵਿਚ ਤਰਜ਼ਮਾ ਹੋਇਆ ਹੈ। ਇਹ ਕਿਤਾਬ ਬਗਾਵਤ ਦੇ ਘਟਨਾ-ਕਰਮ ਤੇ ਰੌਸ਼ਨੀ ਪਾਉਂਦੀ ਹੈ ਤੇ ਉਸ ਵਲੋਂ ਲਿਖੀ ਗਈ ਜੋ ਅੰਗਰੇਜ਼ ਸਰਕਾਰ ਦਾ ਹਮਦਰਦ ਤੇ ਇੱਕ ਕੁਲੀਨ ਮੁਸਲਮਾਨ ਸੀ। ਬ੍ਰਿਟਿਸ਼ ਹੁਕਮਰਾਨ ਦਾ ਵਫਾਦਾਰ ਹੁੰਦਿਆਂ ਉਸਦੇ ਬਿਰਤਾਂਤ ਵਿਚ ਉਹ ਇੱਕ ਵਖਰਾ ਪਹਿਲੂ ਪੇਸ਼ ਕਰਦਾ ਪਰਤੀਤ ਹੁੰਦਾ ਹੈ। ਉਹ ਉਨ੍ਹਾਂ ਸਾਰੇ ਵਿਸ਼ਲੇਸ਼ਣਾਂ ਨੂੰ ਰੱਦ ਕਰਦਾ ਹੈ ਜੋ ਆਮ ਇਤਿਹਾਸਕਾਰ ਵਰਤਦੇ ਹਨ, ਜਿਵੇਂ ਗਦਾਰ, ਸਾਜਸ਼ੀ, ਜਾਲਮ ਆਦਿ। ਆਪਣੀ ਅੰਗਰੇਜ਼ ਹਮਦਰਦੀ ਦੇ ਸੰਦਰਭ ਵਿਚ ਉਹ ਲਿਖਦਾ ਹੈ ਕਿ ਬ੍ਰਿਟਿਸ਼, ਸਿਰਫ ਬਗਾਵਤੀਆਂ ਦੀ ਸਾਜ਼ਿਸ ਦਾ ਸ਼ਿਕਾਰ ਬਣੇ। ਪਰ ਜੇ ਅਸੀਂ ਇਸ ਕਿਤਾਬ ਨੂੰ ਦੁਬਾਰਾ ਪੜ੍ਹੀਏ ਤਾਂ ਲਾਇਨਾਂ ਵਿਚਾਲੇ ਪਈ ਸਚਾਈ ਨੂੰ ਜਾਣ

ਸਕਦੇ ਹਾਂ ਜਿਸਦੇ ਪੁਖਤਾ ਸਬੂਤ ਕਿਤਾਬ ਵਿਚ ਹੀ ਮੌਜੂਦ ਹਨ ਤੇ ਉਥੋਂ ਹੀ ਦਲਿਤਾਂ ਦੀ ਇਸ ਬਗਾਵਤ ਵਿਚ ਨਿਭਾਈ ਭੂਮਿਕਾ ਦਾ ਪਤਾ ਲਗਦਾ ਹੈ। ਭਾਵੇਂ ਲੇਖਕ ਨੇ ਬਹੁਤ ਸਾਰੇ ਅਪਮਾਨਜਨਕ ਵਿਸ਼ੇਸ਼ਣ ਦਲਿਤਾਂ ਲਈ ਵਰਤੇ ਹਨ ਪਰ ਇਹ ਸਾਫ ਹੋ ਜਾਂਦਾ ਹੈ ਕਿ ਦਲਿਤਾਂ ਦਾ ਬਗਾਵਤ ਵਿਚ ਸਰਗਰਮ ਹਿੱਸਾ ਸੀ। ਕਈ ਜਗ੍ਹਾ ਉਸਨੇ ਬਗਾਵਤੀਆਂ ਦਾ ਤ੍ਰਿਸਕਾਰ ਕਰਨ ਲਈ ਸ਼ਬਦ 'ਚਮਾਰ' ਵਰਤਿਆ ਹੈ।

ਇੱਕ ਜਗ੍ਹਾ ਉਹ ਲਿਖਦਾ ਹੈ ਕਿ ਜਦੋਂ ਨਵਾਬ ਮਿਰਜ਼ਾ ਸਾਹਬ ਤੇ ਬਗਾਵਤੀਆਂ ਨੇ ਰਕਮ ਦੇਣ ਲਈ ਜੋਰ ਪਾਇਆ ਤਾਂ ਜੋ ਆਰ ਪਾਰ ਦੀ ਲੜਾਈ ਲੜੀ ਜਾ ਸਕੇ ਤਾਂ ਉਸਨੇ ਮੂੰਹ ਤੋੜ ਜਵਾਬ ਦਿੰਦਿਆਂ ਕਿਹਾ, "ਹੁਣ ਤੁਸੀਂ ਚਮਾਰ ਇਤਨੇ ਚਾਂਬਲ ਗਏ ਹੋ ਕਿ ਤੁਸੀਂ ਸਾਡੇ ਸਿਰ ਤੇ ਬੈਠਣ ਲੱਗ ਪਏ ਹੋ। "(ਅਬ ਤੁਮ ਚਮਾਰੋਂ ਕਾ ਯੇਹ  ਸਤਰ ਕਿ ਹਮ ਪਰ ਧੌਂਸ ਜਮਾਤੇ ਹੋ।) ਇਹ ਆਪਣੀ ਗੱਲ ਕਹਿੰਦਿਆਂ ਲੇਖਕ ਨੇ ਕਈ ਗੱਲਾਂ ਤੇ ਜੋਰ ਦਿੰਦਿਆਂ ਦਲਿਤਾਂ ਨੂੰ ਛੋਟੀ ਜਮਾਤ ਦਰਸਾਉਂਦਿਆਂ ਛੋਟੀ ਜਾਤੀ ਕਿਹਾ। ਇਸੇਤਰ੍ਹਾਂ ਇਲਾਹਾਬਾਦ ਜਾਂ ਪਰਿਆਗ ਦੀ ਬਗਾਵਤ ਦਾ ਜ਼ਿਕਰ ਕਰਦਿਆਂ ਉਹ ਕਹਿੰਦਾ ਹੈ, "ਛਾਉਣੀ ਦੀ ਮਸਜਿਦ ਵਿਚ ਮੌਲਵੀ ਲਿਆਕਤ ਅਲੀ ਰਹਿੰਦਾ ਸੀ। ਉਸਦੇ ਬਹੁਤ ਸ਼ਰਧਾਲੂ ਸਨ, ਬਹੁਤ ਸਾਰੇ ਲੋਕ ਉਸਨੂੰ ਸੁਣਦੇ ਸਨ। ਉਸਨੇ ਹਰੇ ਰੰਗ ਦਾ ਝੰਡਾ ਸੀ ਤੇ ਉਸਦਾ ਨਾਮ ਮੁੰਹਮਦੀ ਝੰਡਾ ਰਖਿਆ। ਉਸਨੇ ਇਸਨੂੰ ਆਪਣਾ ਰਾਜ ਝੰਡਾ ਦਸਦਿਆਂ ਆਪਣੇ ਸਾਰੇ ਸ਼ਰਧਾਲੂਆਂ ਨੂੰ ਜਹਾਦ ਲਈ ਵੰਗਾਰਿਆ। ਉਸਨੇ ਆਪਣੇ ਆਪ ਨੂੰ ਖਲੀਫਾ ਘੋਸ਼ਿਤ ਕਰ ਦਿੱਤਾ। ਉਸਦੀ ਪੁਕਾਰ ਤੇ ਬਹੁਤ ਵਡੀ ਗਿਣਤੀ ਵਿਚ ਜੁਲਾਹੇ, ਭਟਿਆਰੇ, ਕੁੰਜਰ, ਤੇਲੀ, ਨਾਈ, ਕਸੰਬੀ ਮੁਫਤਖੋਰ ਤੇ ਲੁਟੇਰੇ ਇੱਕਠੇ ਹੋ ਗਏ। ਸਾਰੇ ਬ੍ਰਿਟਿਸ਼ ਤੇ ਸਿੱਖ ਫੌਜੀ ਕਿਲ੍ਹੇ ਵਿਚ ਬੰਦੀ ਬਣਾ ਲਏ ਗਏ। ਅਲਾਹਾਬਾਦ ਤੇ ਇਸਦੇ ਨਾਲ ਲਗਦੇ ਇਲਾਕਿਆਂ ਤੇ ਮੋਲਵੀ ਦਾ ਰਾਜ ਹੋ ਗਿਆ।

ਇਸ ਬਿਰਤਾਂਤਕਾਰ ਤੋਂ ਇਹ ਗੱਲ ਤੇ ਸਪਸ਼ਟ ਹੋ ਜਾਂਦੀ ਹੈ ਕਿ ਦਲਿਤਾਂ ਦੀ ਗੌਲਣਯੋਗ ਗਿਣਤੀ ਨੇ ਇਸ ਬਗਾਵਤ ਵਿਚ ਹਿੱਸਾ ਲਿਆ ਜੋ ਬ੍ਰਿਟਿਸ਼ ਦੇ ਵਿਰੋਧ ਵਿਚ ਸੀ। ਮਾਇਨੂਦੀਨ ਹਸਨ ਅੱਗੇ ਲਿਖਦਾ ਹੈ, "ਮੌਲਵੀ ਸਾਹਿਬ ਨੇ ਆਪਣਾ ਅੱਡਾ ਸੁਲਤਾਨ-ਖੁਸਰੋਬਾਗ ਤੋਂ ਸ਼ੁਰੂ ਕੀਤਾ। ਹਰ ਰੋਜ਼ ਉਹ ਹੁਕਮ ਕਰਦਾ ਤੇ ਜੁਲਾਹੇ ਤੇ ਕੁੰਜਰੇ ਕਿਲ੍ਹੇ ਨੂੰ ਖਾਲੀ ਕਰਵਾਉਂਣ ਲਈ ਹੱਲਾ ਬੋਲਦੇ।

ਇਸਤੋਂ ਥੋੜਾ ਹੋਰ ਅੱਗੇ ਜਾਕੇ ਮਾਇਨੂਦੀਨ ਲਿਖਦਾ ਹੈ ਕਿ ਬਗਾਵਤੀ ਫੌਜ਼ ਸਾਰੀ ਇਧਰ ਉਧਰ ਖਿਲਰ ਗਈ। ਅਲਾਹਾਬਾਦ ਦਾ ਖਜ਼ਾਨਾ ਲੁਟਣ ਤੋਂ ਬਾਦ, ਕੁਝ ਘਰਾਂ ਨੂੰ ਚਲੇ ਗਏ, ਕੁਝ ਲਖਨਊ ਵੱਲ ਨਿਕਲ ਗਏ ਤੇ ਕੁਝ ਦਿਲੀ ਵਲ ਚਲੇ ਗਏ। ਮੌਲਵੀ ਸਾਹਿਬ ਹੁਣ ਇੱਕ ਐਸੀ ਫੌਜ ਦੇ ਖਲੀਫਾ ਹੀ ਰਹਿ ਗਏ ਜਿਸ ਵਿਚ ਸਿਰਫ ਕੁੰਜਰ, ਕੈਸੀਜ਼, ਜੁਲਾਹੇ ਤੇ ਨਾਈ ਹੀ ਰਹਿ ਗਏ ਸਨ। ਇਨ੍ਹਾਂ ਵਿਚੋਂ  ਸਾਰੇ ਆਪਣੇ ਆਪ ਨੂੰ ਰੁਸਤਮ ਸਮਝ ਰਹੇ ਸਨ। ਜੇ ਅਸੀਂ ਹਸਨ ਦੀ ਲਿਖੀ ਹੋਈ ਨਿਰਾਦਰੀ ਭਰੀ ਇਬਾਰਤ ਵੀ ਵੇਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਮੌਲਵੀ ਦੀ ਫੌਜ ਵਿਚ ਦਲਿਤ ਭਾਈਚਾਰਾ ਹੀ ਭਾਰੂ ਸੀ। ਭਾਵੇਂ  ਵਡੇ ਖਾਨਦਾਨੀ ਸੂਰਮੇ ਘਰਾਂ ਨੂੰ ਤੁਰ ਗਏ ਜੋ ਹੋਰ ਮਾਲ ਲੁਟਣ ਦੇ

ਆਹਰੇ ਲੱਗ ਗਏ ਇਹ ਦਲਿਤ ਜਮਾਤਾਂ ਹੀ ਸਨ ਜੋ ਮੌਲਵੀ ਦੀ ਫੌਜ਼ ਵਿਚ ਰਹੀਆਂ ਤੇ ਉਸਤੋਂ ਬਾਦ ਆਪਣੇ ਆਪ ਨੂੰ ਰੁਸਤਮ ਵੀ ਅਖਵਾਇਆ।

ਅਕਬਰਾਬਾਦ ਘਟਨਾ ਬਾਰੇ ਜ਼ਿਕਰ ਕਰਦਾ ਹਸਨ ਇੱਕ ਸੂਚਨਾ ਬਖਸ਼ਦਾ ਹੈ ਜਿਸ ਵਿਚ ਇਹ ਦਿਸਦਾ ਹੈ ਕਿ ਬਗਾਵਤ ਵਿਚ ਬਹੁਤੇ ਆਦਮੀ ਦਲਿਤਾਂ ਨਾਲ ਸਬੰਧਿਤ ਸਨ ਜੋ ਕਮਾਂਡਰ ਬਣੇ ਹੋਏ ਸਨ। ਉਹ ਲਿਖਦਾ ਹੈ, "ਜਦੋਂ ਇੱਕ ਸੂਬੇਦਾਰ ਜੋ ਦਲਿਤ ਸੀ ਤੇ ਉਹ ਕਮਾਂਡਰ ਸੀ ਉਹ ਰਾਜਪੂਤਾਂ ਨੂੰ ਗਾਲ੍ਹਾਂ ਕਢਦਾ ਸੀ ਜਿਹੜੇ ਬ੍ਰਿਟਿਸ਼ ਸਰਕਾਰ ਦੇ ਹਮਦਰਦ ਸਨ। ਉਨ੍ਹਾਂ ਨੂੰ ਕੂਹਣੀ ਭਾਰ ਲੰਮੇ ਪੈਣ ਨੂੰ ਕਹਿੰਦਾ। ਇੱਕ ਜਵਾਨ ਜਿਸਦਾ ਨਾਮ ਪਾਂਝੀ ਸੀ ਇਸ ਬੇਇਜ਼ਤੀ ਨਾ ਸਹਾਰਦਾ ਹੋਇਆ ਉਠਿਆ ਤੇ ਆਪਣੀ ਤਲਵਾਰ ਨਾਲ ਉਸਨੇ ਸੂਬੇਦਾਰ ਦਾ ਗਾਟਾ ਵੱਢ ਦਿੱਤਾ। ਇਹ ਵੇਖਕੇ ਸੂਬੇਦਾਰ ਦੇ ਫੌਜੀਆਂ ਨੇ ਗੋਲੀਆਂ ਚਲਾ ਕੇ ਚਾਲੀ ਰਾਜਪੂਤਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇਸੇ ਹੀ ਤਰ੍ਹਾਂ ਪੜਦਿਆਂ ਕਈ ਤਰ੍ਹਾਂ ਦੀਆਂ ਘਟਨਾਵਾਂ ਦਾ ਇਸ ਸੰਦਰਭ ਵਿਚ ਆਪਣਾ ਹੀ ਮਤਲਬ ਨਿਕਲਦਾ ਹੈ ਜੋ ਇਹ ਦਸਦਾ ਹੈ ਕਿ ਦਲਿਤ ਬਗਾਵਤ ਦੌਰਾਨ, ਕਿਤਨੀ ਸਰਗਰਮ ਭੂਮਿਕਾ ਨਿਭਾ ਰਹੇ ਸਨ। ਹਸਨ ਨੇ ਛੋਟੀਆਂ ਜਾਤਾਂ ਦੇ ਨਾਮ ਲੈ ਲੈਕੇ ਉਨ੍ਹਾਂ ਨੂੰ ਛੋਟਾ ਕਰਨ ਦਾ ਯਤਨ ਕੀਤਾ ਪਰ ਨਤੀਜਾ ਉਲਟ ਨਿਕਲਦਾ ਦਿਖਾਈ ਦਿੰਦਾ ਹੈ। ਨਤੀਜਾ ਇਹੋ ਨਿਕਲਦਾ ਹੈ ਕਿ ਦਲਿਤਾਂ ਦੀ ਭੂਮਿਕਾ ਛੁਪਾਇਆਂ ਵੀ ਨਹੀ ਛੁਪਦੀ। ਇੱਕ ਹੋਰ ਘਟਨਾ ਵੀ ਇਨ੍ਹਾਂ ਹੀ ਨਾੜਾਂ ਰਾਹੀਂ ਪਰਵਾਹ ਕਰਦੀ ਦਿਸਦੀ ਹੈ। 'ਬਾਂਦਾ ਤੋਂ ਨਵਾਬ ਅਲੀ ਬਹਾਦਰ, ਲਕਸ਼ਮੀ ਬਾਈ ਝਾਂਸੀ ਦੀ ਰਾਣੀ ਨੂੰ ਮਿਲਣ ਲਈ ਕਲਪੀ ਜਾਂਦਾ ਹੈ। ਤਾਂਤੀਆ ਟੋਪੇ ਤੇ ਰਾਉ ਬਦਰੰਗ ਪਹਿਲਾਂ ਹੀ ਉਥੇ ਪਹੁੰਚ ਚੁੱਕੇ ਸਨ। ਇਸ ਲਈ ਉਹ ਗਵਾਲੀਅਰ ਲਈ ਰਵਾਨਾ ਹੋ ਗਏ। ਘਮਸਾਨ ਦੀ ਜੰਗ ਤੋਂ ਬਾਦ ਬਗਾਵਤੀਆਂ ਨੇ ਗਵਾਲੀਅਰ ਜਿੱਤ ਲਿਆ। ਜਿੱਤ ਦਾ ਝੰਡਾ ਗੱਡਣ ਤੋਂ ਬਾਦ ਰਾਉ ਸਾਹਿਬ ਨੇ ਨਵੀਂ ਭਰਤੀ ਸ਼ੁਰੂ ਕਰ ਦਿੱਤੀ। ਸਾਰੀਆਂ ਜਾਤਾਂ ਦੇ ਲੋਕਾਂ ਨੇ ਕਤਾਰਾਂ ਲਾ ਲਈਆਂ ਇਨ੍ਹਾਂ ਵਿਚੋਂ ਸਨ;- ਧੁੰਨੀਆ, ਜੁਲਾਹੇ, ਤੇਲੀ, ਤਮੋਲੀ, ਚਮਾਰ ਤੇ ਇਸ ਤਰ੍ਹਾਂ ਦੇ ਕੁਝ ਹੋਰ ਬਿਨ੍ਹਾਂ ਕਿਸੇ ਹਿਚਕਚਾਹਟ ਦੇ ਭਰਤੀ ਹੋ ਰਹੇ ਸਨ ਤੇ ਛੇਤੀ ਹੀ ਵਡੀ ਫੌਜ਼ ਤਿਆਰ ਹੋ ਗਈ।

ਇਹ ਬਿਰਤਾਂਤਕਾਰ ਦਲਿਤਾਂ ਨੂੰ ਘਿਰਣਾ ਨਾਲ ਪੁਕਾਰਦਾ ਵੀ ਇਹ ਦਸ ਰਿਹਾ ਹੈ ਕਿ ਬਗਾਵਤੀਆਂ ਦੀ ਫੌਜ ਵਿਚ ਦਲਿਤਾਂ ਦੀ ਵਡੀ ਗਿਣਤੀ ਸੀ। ਉਸ ਵੇਲੇ ਦਾ ਫੌਜੀ ਅੱਜ ਦੇ ਫੌਜੀ ਨਾਲੋਂ ਵਖਰਾ ਸੀ, ਉਦੋਂ ਦੇ ਫੌਜੀਆਂ ਨਾਲ ਸਮਾਜਿਕ ਰੁਤਬਾ ਤੇ ਸਵੈਮਾਣ ਜੁੜਿਆ ਹੋਇਆ ਸੀ। ਉਹ ਵਕਤ ਨਾਲ ਕਿਸੇ ਵੇਲੇ ਵੀ ਬਦਲ ਸਕਦੇ ਸਨ। ਹਸਨ ਅੱਗੇ ਦਸਦਾ ਹੈ ਕਿ ਤੇਈਵੇਂ ਦਿਨ ਮਹਾਰਾਜਾ ਸਿੰਧੀਆ ਬ੍ਰਿਟਿਸ਼ ਫੌਜ ਦੀ ਮਦਦ ਨਾਲ ਵਾਪਸ ਆ ਗਿਆ। ਨਵੀਂ ਗਠਿਤ ਫੌਜ ਜਿਹੜੀ ਵਿਰੋਧ ਵਾਸਤੇ ਡਟੀ ਹੋਈ ਸੀ, ਬ੍ਰਿਟਿਸ਼ ਫੌਜ਼ ਨੂੰ ਵੇਖਦਿਆਂ ਹੀ ਦੌੜ ਗਈ। ਪੁਰਾਣੀ ਸਦੀਆਂ ਤੋਂ ਚਲੀ ਆ ਰਹੀ ਪਰਥਾ ਹੈ ਕਿ ਮੁਫਤ ਦਾ ਖਾਉ ਕੰਮ ਕਰਨ ਦੀ ਕੀ ਲੋੜ ਹੈ। ਇਨ੍ਹਾਂ ਚਮਾਰਾਂ ਨੂੰ ਭਜਦਿਆਂ ਨੂੰ ਸ਼ਰਮ ਨਹੀ ਆਈ?"

ਇਤਨੀ ਘਟੀਆ ਸ਼ਬਦਾਵਲੀ ਤੇ ਬੇਇਜ਼ਤੀ ਭਰੀਆਂ ਸੂਚਨਾਵਾਂ ਦਾ ਲੰਬਾ ਚੌੜਾ ਚਿੱਠਾ ਜਿਹੜਾ ਲੇਖਕ ਦੀ ਦਿਮਾਗੀ ਸੋਚ ਦਾ ਹਿੱਸਾ ਹੀ ਲਗਦਾ ਹੈ ਪਰ ਉਹ ਜਾਣੇ ਅਨਜਾਣੇ ਇਹ ਤਸਦੀਕ ਵੀ ਕਰ ਗਿਆ ਕਿ ਦਲਿਤਾਂ ਦੀ ਬਗਾਵਤ ਵਿਚਲੀ ਭੁਮਿਕਾ ਕਿਤਨੀ ਮਹਤਵਪੂਰਨ ਸੀ। ਉਸਦੀ ਲੰਮੀ ਲਿਖਤ ਤੋਂ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਉਸ ਵੇਲੇ ਦੋਵੇਂ ਤਰ੍ਹਾਂ ਦੇ ਲੋਕ ਸਨ। ਬ੍ਰਿਟਿਸ਼ ਦੇ ਹਮਦਰਦ ਤੇ ਬ੍ਰਿਟਿਸ਼ ਦੇ ਸਤਾਏ ਹੋਏ, ਕਈ ਜਾਤਾਂ ਨਾਲ ਸਬੰਧਿਤ  ਇਹ ਖਤਰੀ ਵੀ ਸਨ ਤੇ ਮੁਸਲਿਮ ਵੀ। ਇਸਲਈ ਇਸਦਾ ਕੋਈ ਪੱਕਾ ਪਤਾ ਨਹੀ ਚਲਦਾ ਕਿ ਕਿਸੇ ਸਾਰੀ ਦੀ ਸਾਰੀ ਕੌਮ ਨੂੰ ਹੀ ਕਿਸੇ ਇੱਕ ਧਿਰ ਨਾਲ ਤੇ ਇੱਕ ਸੋਚ ਨਾਲ ਨੱਥੀ ਕਰ ਦਿੱਤਾ ਜਾਵੇ।

# ਮੂੰਹ ਜ਼ਬਾਨੀ ਗਾਥਾ:- ਗੰਗੂ ਬਾਬਾ ਦੀ ਕਹਾਣੀ—

ਬਦਰੀ ਨਰਾਇਣ ਆਪ ਹੀ ਕਹਿੰਦੇ ਹਨ, "ਮੇਰੀ ਕਿਤਾਬ ਵਿਚ ਔਰਤਾਂ ਦਾ ਬਹਾਦਰੀ ਵਾਲਾ ਰੋਲ ਤੇ ਦਲਿਤਾਂ ਦਾ ਉਤਰੀ ਭਾਰਤ ਵਿਚ ਲੜੀ ਲੜਾਈ ਵਿਚਲਾ ਮੁਲਅੰਕਣ, ਦਿੱਤਾ ਗਿਆ ਹੈ। ਝਲਕਾਰੀ ਬਾਈ ਤੇ ਉਦੈ ਦੇਵੀ ਔਰਤ ਹੋਣ ਦੇ ਨਾਲ ਨਾਲ ਦਲਿਤ ਵੀ ਸਨ। ਦਲਿਤ ਦੀਆਂ ਮੂੰਹ-ਜ਼ਬਾਨੀ ਗਾਥਾਵਾਂ, ਉਨ੍ਹਾਂ ਦਾ ਸੰਯੁਕਤ ਇਤਿਹਾਸ ਤੇ ਦਲਿਤ ਰਾਜਨੀਤੀ ਇਹ ਸਾਰਾ ਕੁਝ ਉਨ੍ਹਾਂ ਦੀ ਪਹਿਚਾਣ ਵਖਰੀ ਕਰਦਾ ਹੈ। ਇਸੇ ਤੋਂ ਸੇਧ ਲੈਕੇ ਅੱਜ ਦਾ ਦਲਿਤ-ਵਰਗ ਆਪਣੀਆਂ ਸਵੈ ਕ੍ਰਿਤੀਆਂ ਤੇ ਮਾਣ ਮਹਿਸੂਸ ਕਰੇਗਾ। ਨਵੇਂ ਪੜਾਵਾਂ ਦੇ ਨਵੇਂ ਦਿਸਹਿੱਦਿਆਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਮਾਪਾਂ ਨਾਲ ਤੋਲਣ ਲਈ ਮਾਸਾ, ਪਾਈ ਵੀ ਪਾਸਕੂ ਬਰਦਾਸ਼ਤ ਨਹੀ ਕੀਤਾ ਜਾਵੇਗਾ। ਹਸਨ ਦੀ ਕਿਤਾਬ ਵਿਚ ਇਹ ਦਰਜ਼ ਹੈ ਕਿ ਝਾਂਸੀ ਦੀ ਰਾਣੀ  ਦੀ ਖਾਸ ਗਾਰਡ ਜਿਸਨੂੰ ਹਸਨ ਉਸਦੀ ਦੋਸਤ ਦਸਦਾ ਹੈ ਤੇ ਜੋ ਝਾਂਸੀ ਦੀ ਰਾਣੀ ਨਾਲ ਮੋਢੇ ਨਾਲ ਮੋਢਾ ਜੋੜਕੇ ਲੜੀ। ਉਹ ਲਕਸ਼ਮੀ ਬਾਈ ਦੇ ਮੁਤਬੰਨੇ ਨੂੰ ਲੈਕੇ ਬੰਦੇਲਖੰਡ ਨਿਕਲ ਗਈ ਤੇ ਉਸ ਨਾਲ ਉਸ ਵਕਤ  ਕੁਤਬਦੀਨ ਖਾਨ ਰਸਾਲਦਾਰ ਵੀ ਸੀ। ਮੁਤਬੰਨਾ ਵਡਾ ਹੋਕੇ ਬੰਦੇਲਖੰਡ ਹੀ ਰਹਿਣ ਲੱਗਾ। ਹਸਨ ਦੀਆਂ ਇਨ੍ਹਾਂ ਲਾਇਨਾਂ ਵਿਚਲਾ ਸਾਰ ਅੰਸ਼ ਵੀ ਸੇਹਤਮੰਦ ਨਹੀ ਹੈ।

# 1857 ਦੇ ਗਦਰ ਵਿਚ ਦਲਿਤਾਂ ਦਾ ਰੋਲ

ਭਾਵੇਂ ਸਾਨੂੰ ਪਤਾ ਹੈ ਕਿ ਬਸਤੀਵਾਦ ਸ਼ੁਰੂ ਕਰਨ ਵਾਲੇ ਉਹ ਮੁਨਾਫ਼ਾਖੋਰ ਦੇਸ਼ ਸਨ ਜਿਨ੍ਹਾਂ ਦੀ ਇਹ ਜ਼ਰੂਰਤ ਸੀ ਆਪਣੇ ਨਿੱਜੀ ਹਿੱਤਾਂ ਖਾਤਰ ਤੇ ਉਨ੍ਹਾਂ ਨੇ ਇਸਦੀ ਰੂਪ ਰੇਖਾ ਵੀ ਆਪਣੀ ਸਹੂਲਤ ਅਨੁਸਾਰ ਹੀ ਬਣਾਈ। ਪਰ ਇਨ੍ਹਾਂ  ਦੀ ਪੁਣ ਛਾਣ ਕਰਦਿਆਂ ਸਾਨੂੰ ਇਹ ਪਤਾ ਜ਼ਰੂਰ ਲੱਗ ਜਾਂਦਾ ਹੈ ਕਿ 1857 ਦੇ ਗਦਰ ਵਿਚ ਦਲਿਤਾਂ ਦੀ ਭੁਮਿਕਾ ਕੀ ਸੀ। ਇਹ ਪਤਾ ਲਗਦਾ ਹੈ ਕਿ ਕਿਹੜੇ ਲੋਕਾਂ ਨੂੰ ਫਾਂਸੀ ਤੇ ਚੜ੍ਹਾ ਦਿੱਤਾ ਗਿਆ? ਰਾਸ਼ਟਰੀ ਭਾਰਤੀ ਇਤਿਹਾਸਕਾਰ ਬਿਲਕੁਲ ਹੀ ਦਲਿਤ ਸ਼੍ਰੇਣੀ ਦਾ, ਬਗਾਵਤ ਵਿਚਲਾ ਰੋਲ ਚਿਤਰਣ ਵਿਚ ਅਸਫਲ ਰਹੇ। ਉਦਾਹਰਣ ਦੇ ਤੌਰ ਤੇ ਮਾਤਾਦੀਨ ਦੀ ਹੋਣੀ ਸਾਡੇ ਸਾਹਮਣੇ ਹੈ। ਇਹ ਬ੍ਰਿਟਿਸ਼ ਫੌਜ਼ ਵਿਚ ਬੈਰਕਪੁਰ ਵਿਖੇ ਭੰਗੀ ਸੀ। ਦਲਿਤਾਂ ਵਲੋਂ ਇਹ

ਦਾਹਵਾ ਕੀਤਾ ਜਾਂਦਾ ਹੈ ਕਿ 1857 ਦੀ ਬਗਾਵਤ ਭੜਕਣ ਵਿਚ ਸਭਤੋਂ ਵਡਾ ਹੱਥ ਮਾਤਾਦੀਨ ਦਾ ਹੀ ਹੈ। ਇਹ ਉਹੋ ਸਖਸ਼ ਸੀ ਜਿਸਨੇ ਮੰਗਲ ਪਾਂਡੇ ਨੂੰ ਰੁਹਾਨੀ ਤੌਰ ਤੇ ਉਸਦੀਆਂ ਧਾਰਮਿਕ ਭਾਵਨਾਵਾਂ ਨੂੰ ਵੇਖਕੇ, ਉਸਦਾ ਸਾਥ ਦਿੱਤਾ ਤੇ ਪਹਿਲਾ ਸ਼ਹੀਦ ਬਣਿਆ।

ਦੂਜੀ ਵਡੀ ਉਦਾਹਰਣ ਗੰਗਾ ਮੇਹਤਰ ਦੀ ਹੈ। ਕਾਨਪੁਰ ਤੇ ਬਿਠੂਰ ਦੇ ਇਲਾਕੇ ਦਾ ਗੰਗਾ ਮੇਹਤਰ, ਜਿਸਨੂੰ ਗੰਗੂ ਬਾਬਾ ਵੀ ਕਿਹਾ ਜਾਂਦਾ ਸੀ। ਇਲਾਕੇ ਦੇ ਲੋਕਾਂ ਦਾ ਕਹਿੰਣਾ ਸੀ ਕਿ ਗੰਗੂ ਬਾਬਾ ਜਾਤ ਦਾ ਭੰਗੀ ਸੀ ਤੇ ਨਾਨਾ ਸਾਹਬ ਦੀ ਫੌਜ ਵਿਚ ਨਗਾਰਚੀ ਦੀ ਨੌਕਰੀ ਕਰਦਾ ਸੀ। ਉਸਦਾ ਜੁੱਸਾ ਬਹੁਤ ਤਗੜਾ ਸੀ ਤੇ ਉਹ ਪਹਿਲਵਾਨ ਵੀ ਸੀ। ਉਸਦਾ ਆਪਣਾ ਅਖਾੜਾ ਸੀ ਜਿੱਥੇ ਬਹੁਤ ਸਾਰੇ ਨੌਜਵਾਨ ਉਸ ਕੋਲੋਂ ਭਲਵਾਨੀ ਦੇ ਦਾਅ ਪੇਚ ਸਿਖਦੇ ਸਨ। ਗਦਰ ਦੌਰਾਨ ਉਹ ਬ੍ਰਿਟਿਸ਼ ਦੇ ਖਿਲਾਫ ਲੜਿਆ। ਸਤੀਚੌਰਾ ਨੇੜੇ ਗੰਗੂ ਬਾਬਾ ਆਪਣੇ ਸ਼ਗਿਰਦਾਂ ਨੂੰ ਨਾਲ ਲੈਕੇ ਅੰਗਰੇਜ਼ ਖਿਲਾਫ ਲੜਿਆ ਤੇ ਉਸਨੇ ਬ੍ਰਿਟਿਸ਼ ਫੌਜ਼ ਦੇ ਬਹੁਤ ਸਾਰੇ ਫੌਜੀ ਮਾਰ ਦਿੱਤੇ। ਬਗਾਵਤ ਕੁਚਲੇ ਜਾਣ ਤੋਂ ਮਗਰੋਂ ਗੰਗੂ ਬਾਬਾ ਨੂੰ ਫੜ ਲਿਆ ਗਿਆ ਤੇ ਸੂਲੀ ਚਾੜ ਦਿੱਤਾ ਗਿਆ। ਗੰਗੂ ਬਾਬਾ ਦੀ ਕਹਾਣੀ ਇਤਿਹਾਸ ਦੇ ਅਸਲ ਜਗਤ ਵਿਚ ਸ਼ਾਮਲ ਹੋਣ ਦੀ ਬਜਾਇ ਲੋਕ ਦਿਲਾਂ ਵਿਚ ਵਸ ਗਈ ਤੇ ਇਹ ਲੋਕ ਕਹਾਣੀ ਦੇ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਹੀ ਚਲਦੀ ਰਹੀ ਹੈ। ਜਿੱਥੇ ਗੰਗੂ ਬਾਬਾ ਦੀ ਸ਼ਹਾਦਤ ਹੋਈ ਉਸ ਇਲਾਕੇ ਦੇ ਲੋਕਾਂ ਵਿਚ ਅਜੇ ਵੀ ਚੱਕਰ ਕਟ ਰਹੀ ਹੈ ਜਿਵੇਂ ਕਲ ਦੀ ਗੱਲ ਹੋਵੇ। ਇਸ ਵਿਚ ਕੁਝ ਲੋਕ ਅਖੌਤਾਂ ਵੀ ਸ਼ਾਮਲ ਹੋ ਗਈਆਂ ਹਨ ਤੇ ਗੰਗੂ ਬਾਬਾ ਅਮਰ ਹੋਕੇ ਅਜੇ ਵੀ ਜੀਅ ਰਿਹਾ ਹੈ। ਇਨ੍ਹਾਂ ਕਲਾਪਨਿਕ ਕਹਾਣੀਆਂ ਵਿਚ ਇੱਕ ਇਹ ਵੀ ਹੈ ਕਿ ਜਿੱਥੇ ਗੰਗੂ ਬਾਬਾ ਦੀ ਸ਼ਹਾਦਤ ਹੋਈ, ਉਹਦੇ ਕੋਲ ਹੀ ਇੱਕ ਡਰੇਨ ਦੀ ਉਸਾਰੀ ਸ਼ੁਰੂ ਹੋਈ। ਹਰ ਰਾਤ ਗੰਗੂ ਬਾਬਾ ਦਾ ਭੂਤ ਆਕੇ ਦਿਨ ਵੇਲੇ ਦੀ ਕੀਤੀ ਉਸਾਰੀ ਢਾਅ ਦਿੰਦਾ ਹੈ। ਅੰਗਰੇਜ਼ ਇੰਨਜਿਨੀਅਰ ਇਸ ਗੱਲੋਂ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਸੀ। ਲੋਕ ਦੰਦ-ਕਥਾ ਇਹ ਵੀ ਹੈ ਕਿ ਇੱਕ ਵਾਰ ਅੰਗਰੇਜ਼ ਇੰਨਜਿਨੀਅਰ ਰਾਤ ਨੂੰ ਸੁੱਤਾ ਪਿਆ ਸੀ ਕਿ ਗੰਗੂ ਬਾਬਾ ਉਸਦੇ ਸੁਪਨੇ ਵਿਚ ਆਇਆ ਤੇ ਉਸਨੇ ਕਿਹਾ ਕਿ ਡਰੇਨ ਤਦ ਹੀ ਪੂਰੀ ਹੋਵੇਗੀ ਜਦੋਂ ਉਸਦੇ ਮਰਨ ਵਾਲੀ ਜਗ੍ਹਾਂ ਇੱਕ ਚਬੂਤਰਾ ਬਣਾਇਆ ਜਾਵੇਗਾ ਤੇ ਅੰਗਰੇਜ਼ ਇੱਥੇ ਪ੍ਰਾਰਥਨਾ ਕਰਨਗੇ। ਗੰਗੂ ਬਾਬਾ ਦੇ ਨਿਰਦੇਸ਼ਾਂ ਨਾਲ ਅੰਗਰੇਜ਼ਾਂ ਨੇ ਉਥੇ ਚਬੂਤਰਾ ਬਣਾਇਆ ਤੇ ਉਸਤੋਂ ਬਾਦਾ ਹੀ ਡਰੇਨ ਦਾ ਕੰਮ ਪੂਰਾ ਹੋਇਆ। ਬਾਬੂ ਲਾਲ ਤੇ ਮੋਹਨ ਲਾਲ, ਸੁਦਰਸ਼ਨ ਨਗਰ ਦੇ ਦੋ ਵਾਸੀ ਇੱਕ ਅਵਾਜ਼ ਵਿਚ ਇਹ ਗੱਲ ਕਹਿੰਦੇ ਹਨ ਕਿ ਡੇਢ ਸੌ ਸਾਲ ਪਹਿਲਾਂ ਇੱਕ ਚਬੂਤਰਾ ਚੁਨੀਗੰਜ ਵਿਖੇ ਬਣਾਇਆ ਗਿਆ ਸੀ, ਜਿੱਥੇ ਗੰਗੂ ਬਾਬਾ ਦੀ ਸ਼ਹਾਦਤ ਹੋਈ। ਉਥੇ ਲੋਕ ਫੁਲ ਚੜ੍ਹਾਉਂਦੇ ਤੇ ਪ੍ਰਾਰਥਨਾ ਕਰਦੇ ਹਨ। ਇਹ ਵੀ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਜਦੋਂ ਇਹ ਚਬੂਤਰਾ ਬਣ ਗਿਆ, ਸ਼ਰਧਾਲੂ ਉਥੇ ਆਉਣੇ ਸ਼ੁਰੂ ਹੋ ਗਏ, ਟੱਲ ਖੜਕਾਉਂਦੇ ਤੇ ਸਿੰਧੂਰ ਚੜ੍ਹਾਉਂਦੇ। ਜਿਉਂ ਜਿਉਂ ਲੋਕਾਂ ਦਾ ਵਿਸ਼ਵਾਸ਼ ਵਧਦਾ ਗਿਆ, ਸਲਾਨਾ ਮੇਲਾ ਲੱਗਣਾ ਸ਼ੁਰੂ ਹੋ ਗਿਆ ਤੇ ਹੁਣ ਉਹ ਮੇਲਾ ਇਸ ਇਲਾਕੇ ਦਾ ਪਰਸਿਧ ਮੇਲਾ ਬਣ ਗਿਆ ਹੈ ਤੇ ਲੋਕੀਂ ਦੂਰੋਂ ਦੂਰੋਂ ਦੁਆਵਾਂ ਲੈਣ ਆਉਂਦੇ ਹਨ। ਹੁਣ ਇਹ ਮੇਲਾ ਕਾਨਪੁਰ ਵਿਖੇ ਭੰਗੀ ਬਸਤੀ

ਵਿਚ ਲਗਦਾ ਹੈ। ਨਵੰਬਰ 3, 1972 ਨੂੰ ਸਥਾਨਿਕ ਲੋਕਾਂ ਨੇ ਇਸ ਜਗ੍ਹਾ ਤੇ ਗੰਗੂ ਬਾਬਾ ਦਾ ਬੁੱਤ ਲਗਾ ਦਿੱਤਾ ਹੈ। ਦਿਨੋ ਦਿਨ ਨਵੀਆਂ ਲਾਈਟਾਂ, ਫੁਹਾਰੇ ਤੇ ਫੁਲਾਂ ਦੇ ਪੌਦੇ ਲਗ ਰਹੇ ਹਨ, ਤੇ ਸ਼ਰਧਾ ਦੇ ਫੁਲ ਕਰਾਂਤੀਕਾਰੀ ਹੀਰੋ ਨੂੰ ਚੜ੍ਹਾਏ ਜਾਂਦੇ ਹਨ। ਭਾਵੇਂ ਇਸ ਵਿਚ ਸੁਪਨਾ, ਭੂਤ ਤੇ ਹੋਰ ਕਈ ਕੁਝ ਮਿੱਥ ਲਗਦਾ ਹੈ, ਜਿਵੇਂ ਇਨ੍ਹਾਂ ਦਾ ਕੋਈ ਸਾਇੰਸੀ ਅਧਾਰ ਨਹੀ ਪਰ ਇੱਥੇ ਗਲ ਸਿਰਫ ਦਲਿਤ, ਗੰਗੂ ਬਾਬਾ ਤੇ ਦਲਿਤਾਂ ਦੇ ਰੋਲ ਦੀ ਹੋ ਰਹੀ ਹੈ। ਲੋਕਾਂ ਦੀ ਸ਼ਰਧਾ ਕਿਵੇਂ ਵੀ ਜੁੜੀ ਪਰ ਅਸਲ ਮੁੱਦਾ ਤਾਂ ਉਸ ਭੂਮਿਕਾ ਦੀ ਹੈ ਜੋ ਨਿਭਾਈ ਗਈ।

ਗੰਗੂ ਬਾਬਾ ਦੀ ਕਹਾਣੀ ਹਰਮਨ ਪਿਆਰੀ ਤੇ ਸਥਾਨਿਕ ਲੋਕਾਂ ਦਾ ਮੂੰਹ ਜ਼ਬਾਨੀ ਦਾ ਇਤਿਹਾਸ ਹੈ ਪਰ ਦਲਿਤ ਇਤਿਹਾਸ ਲਈ ਜ਼ਰੂਰੀ ਹੈ ਤਾਂ ਕਿ ਇਹ ਸਮਝਿਆ ਜਾਵੇ ਤੇ ਦਲਿਤ ਸ਼੍ਰੇਣੀ ਦੇ ਸਮੂਹਿਕ ਰੋਲ ਦੀ ਸ਼ਨਾਖਤ ਕੀਤੀ ਜਾਵੇ।

ਇਸ ਕਹਾਣੀ ਨੂੰ ਨਵੇਂ ਸਿਰਿਉਂ ਉਲੀਕਿਆ ਗਿਆ ਤਾਂ ਕਿ ਦਲਿਤ ਹੀਰੋ ਦਾ ਇਤਿਹਾਸ ਵਿਚ ਜ਼ਿਕਰ ਹੋ ਸਕੇ। ਇਹ ਕਹਾਣੀ ਕੁਝ ਇਸਤਰ੍ਹਾਂ ਹੈ:-

ਗੰਗਾਦੀਨ ਉਰਫ ਗੰਗੂ ਪਹਿਲਵਾਨ, ਸਾਫ਼ ਰੰਗ ਦਾ, ਛੇ ਫੁੱਟਾ, ਚੌੜੀ ਛਾਤੀ ਤੇ ਲੰਮੀਆਂ ਬਾਹਾਂ ਵਾਲਾ ਸੀ। ਉਸਦੇ ਬਜ਼ੁਰਗ ਕਾਨਪੁਰ ਦੇਹਾਤ ਜਿਲ੍ਹੇ ਦੇ ਪਿੰਡ ਅਕਬਰਪੁਰ ਵਿਚ ਰਹਿੰਦੇ ਸਨ। ਗੰਗੂ ਬਹੁਤ ਚੁਸਤ ਭਲਵਾਨ ਸੀ ਤੇ ਉਸਨੇ ਸਤੀਚੌੜਾ ਪਿੰਡ ਵਿਚ ਪੈਂਦੀ ਇੱਕ ਸੌ ਦਸ ਏਕੜ ਦੀ ਜ਼ਮੀਨ ਵਿਚ ਆਪਣਾ ਅਖਾੜਾ ਬਣਵਾਇਆ ਤੇ ਇਸ ਵਿਚ ਇੱਕ ਬਾਗ ਵੀ ਸ਼ਾਮਲ ਸੀ। ਬਾਜੀ ਰਾਉ ਪੇਸ਼ਵਾ ਦੀ ਮੌਤ ਤੋਂ ਬਾਦ, ਜਦੋਂ ਨਾਨਾ ਸਾਹਬ ਪੇਸ਼ਵਾ ਦੂਜਾ ਨੇ ਰਾਜ ਸੰਭਾਲਿਆ, ਉਸਨੇ ਆਪਣੀ ਫੌਜੀ ਨਫਰੀ ਦੇ ਵਾਧੇ ਲਈ ਨਵੀ ਭਰਤੀ ਕੀਤੀ। ਛੋਟੀ ਸ਼੍ਰੇਣੀਆਂ ਨੂੰ ਵੀ ਸ਼ਾਮਲ ਕੀਤਾ ਗਿਆ। ਗੰਗੂ ਬਾਬਾ ਨੇ ਵੀ ਨਗਾਰਚੀ ਵਜੋਂ ਫੌਜ ਵਿਚ ਨੌਕਰੀ ਕਰ ਲਈ। ਹਰ ਰੋਜ਼ ਜਦੋਂ ਫੌਜੀਆਂ ਦੀ ਪਰੇਡ ਹੁੰਦੀ ਤਾਂ ਗੰਗੂ ਬਾਬਾ ਡਰਮ ਵਜਾਉਂਦਾ ਤੇ ਨਾਲ ਦੇ ਨਾਲ ਹੀ ਉਸਨੇ ਫੌਜੀਆਂ ਵਾਲੀਆਂ ਸਾਰੀਆਂ ਕਲਾਵਾਂ ਵਿਚ ਮੁਹਾਰਤ ਹਾਸਲ ਕਰ ਲਈ। ਬਾਦ ਵਿਚ ਉਸਦੀ ਤੱਰਕੀ ਹੋ ਗਈ ਤੇ ਉਸਨੂੰ ਸੂਬੇਦਾਰ ਬਣਾ ਦਿੱਤਾ ਗਿਆ। ਗੰਗਾਦੀਨ ਨਾਨਾ ਸਾਹਬ ਦੇ ਬਹੁਤ ਹੀ ਭਰੋਸੇਵਾਲਿਆਂ ਵਿਚ ਸ਼ਾਮਲ ਸੀ। ਤੇ ਵਕਤ ਆਉਣ ਤੇ ਮੋਢੇ ਨਾਲ ਮੋਢਾ ਡਾਹ ਕੇ ਅੰਗਰੇਜ਼ਾਂ ਨਾਲ ਲੋਹਾ ਲਿਆ। ਬਿਠੂਰ ਵਿਖੇ ਨਾਨਾ ਸਾਹਬ ਦੀ ਫੌਜ ਵਿਚ ਕੁਝ ਗਿਣਤੀ ਵਿਚ ਗਿਰੀ ਜਾਤ ਦੇ ਵੀ ਸਨ। ਗਿਰੀ ਜਾਤ ਦਾ ਸਬੰਧ ਨਾਗਿਆਂ ਨਾਲ ਸੀ। ਨੰਗੇ ਸੰਤ ਜੋ ਸਰੀਰ ਤੇ ਸੁਆਹ ਮੱਲ ਲੈਂਦੇ ਸਨ। ਉਨ੍ਹਾਂ ਦੇ ਸਾਥ ਵਿਚ ਗੰਗੂ ਤੇ ਰੂਹਾਨੀਅਤ ਦਾ ਰੰਗ ਚੜ ਗਿਆ ਤੇ ਹਮੇਸ਼ਾਂ ਇਹ ਕੋਸ਼ਿਸ਼ ਕਰਦਾ ਕਿ ਉਹ ਫੌਜ ਦੌਰਾਨ ਉਨ੍ਹਾਂ ਦੀ ਸੰਗਤ ਵਿਚ ਰਹੇ। ਇਹ ਸਾਧ ਸੰਤ ਕਬੀਰ ਤੇ ਦੂਸਰੇ ਨਿਰਗੁਣ ਸੰਤਾਂ ਨੂੰ ਮੰਨਣ ਵਾਲੇ ਸਨ। ਇਸਨੇ ਗੰਗੂਦੀਨ ਨੂੰ ਗੰਗੂ ਗਿਰੀ ਦਾ ਲਕਬ ਵੀ ਦਿੱਤਾ।

ਜਦੋਂ ਨਾਨਾ ਸਾਹਬ ਨੇ ਬਿਠੂਰ ਦੇ ਕੈਂਪ ਤੇ ਕਬਜਾ ਕਰ ਲਿਆ ਤਾਂ ਗੰਗੂ ਬਾਬਾ, ਨਾਨਾ ਸਾਹਬ ਦੇ ਘੇਰੇ ਵਿਚ ਉਨ੍ਹਾਂ ਦੇ ਜਾਤੀ ਬੌਡੀ ਗਾਰਡਾਂ ਵਿਚੋਂ ਇੱਕ ਸੀ। ਲੜਾਈ ਦੇ ਨਾਲ ਨਾਲ, ਗੰਗੂ ਬਾਬਾ ਨਗਾਰਾ ਵੀ ਵਜਾਉਂਦਾ ਸੀ ਜੋ ਲੜਾਈ ਸ਼ੁਰੂ ਕਰਨ ਤੋਂ ਪਹਿਲਾਂ

ਵਜਾਇਆ ਜਾਂਦਾ ਸੀ। ਬ੍ਰਿਟਿਸ਼ ਦੇ ਆਉਣ ਤੋਂ ਬਾਦ ਇਨ੍ਹਾਂ ਨਗਾਰਿਆਂ ਨੂੰ ਪਿੱਤਲ ਦੇ ਸਾਈਡਰਮਾ ਵਿਚ ਬਦਲ ਦਿੱਤਾ ਗਿਆ ਜਿਸਨੂੰ ਮਿਲਟਰੀ ਬੈਂਡ ਵੀ ਕਿਹਾ ਜਾਂਦਾ ਹੈ। ਫੌਜ ਵਿਚ ਡਰਮ ਵਜਾਉਂਣ ਵਾਲੇ ਰਿਵਾਜ਼ ਅਨੁਸਾਰ ਅਕਸਰ ਭੰਗੀ ਜਾਤ ਦੇ ਹੀ ਹੁੰਦੇ ਸਨ।

ਇੱਕ ਦਿਨ 1857 ਦੇ ਅੱਧ ਦੀ ਗੱਲ ਹੈ ਜਦੋਂ ਗੰਗਾਦੀਨ ਸਤੀਚੌੜਾ ਵਿਖੇ ਅਖਾੜੇ ਵਿਚ ਸੀ, ਨਾਨਾ ਸਾਹਬ ਦੇ ਕੁਝ ਸਿਪਾਹੀ ਆਏ ਤੇ ਦਸਿਆ ਕਿ ਬ੍ਰਿਟਿਸ਼ ਆਰਮੀ ਉਹਦੇ ਅਖਾੜੇ ਵਲ ਆ ਰਹੀ ਹੈ। ਕੁਝ ਸਮੇਂ ਬਾਦ ਹੀ ਕੈਪਟਨ ਹੈਵੇਲੌਕ ਦੀ ਅਗਵਾਈ ਹੇਠ ਅਖਾੜੇ ਪਹੁੰਚ ਗਏ ਜਿੱਥੇ ਉਨ੍ਹਾਂ ਦਾ ਮੁਕਾਬਲਾ ਗੰਗਾਦੀਂਨ ਤੇ ਉਸਦੇ ਸ਼ਰਧਾਲੂਆਂ ਨਾਲ ਹੋਇਆ। ਉਸਨੇ ਕੈਪਟਨ ਨੂੰ ਲਲਕਾਰ ਕੇ ਕਿਹਾ ਕਿ ਉਹ ਕੋਈ ਰਾਜੇ, ਮਹਾਰਾਜੇ ਨਹੀ ਹਨ ਜੋ ਬ੍ਰਿਟਿਸ਼ ਫੌਜ਼ ਦੇ ਹਮਲੇ ਦੌਰਾਨ ਆਪਣੇ ਕਿਲ੍ਹੇ ਤੇ ਮਹੱਲ ਛਡਕੇ ਦੌੜ ਜਾਂਦੇ ਹਨ। ਉਹ ਬਿਠੂਰ ਦੇ ਵਾਸੀ ਹਨ ਤੇ ਇਹ ਜ਼ਮੀਂਨ ਸਾਡੀ ਹੈ, ਨਾਨਾ ਸਾਹਬ ਭਾਵੇਂ ਪੂਨੇ ਤੋਂ ਆਇਆ ਸੀ ਪਰ ਫੌਜੀ ਸਥਾਨਿਕ ਹੀ ਸਨ, ਬਿਠੂਰ ਉਨ੍ਹਾਂ ਦੇ ਪੂਰਵਜ਼ਾਂ ਦੀ ਅਮਾਨਤ ਸੀ ਤੇ ਉਹ ਆਖਰੀ ਸਾਹ ਤਕ ਆਪਣੇ ਪੂਰਵਜਾਂ ਦੀ ਜ਼ਮੀਨ ਦੇ ਜ਼ਰੇ ਜ਼ਰੇ ਖਾਤਰ ਲੜਣਗੇ।

ਜਿਉਂ ਹੀ ਅੰਗਰੇਜ਼ ਫੌਜੀਆਂ ਨੇ ਗੰਗੂਦੀਨ ਤੇ ਉਸਦੇ ਸਾਥੀਆਂ ਤੇ ਗੋਲੀਆਂ ਚਲਾਈਆਂ, ਉਨ੍ਹਾਂ ਨੇ ਤਲਵਾਰਾਂ ਧੂਹ ਲਈਆਂ। ਗੰਗੂਦੀਨ ਨੇ ਹੈਵੋਲੌਕ ਦਾ ਸਿਰ ਲਾਹ ਹੀ ਦੇਣਾ ਸੀ ਪਰ ਫੌਜੀਆਂ ਨੇ ਉਸ ਦਵਾਲੇ ਘੇਰਾ ਬਹੁਤ ਹੀ ਸਖਤ ਕਰ ਦਿੱਤਾ। ਗੰਗੂਦੀਨ ਜ਼ਖਮੀ ਹੋਕੇ ਲਹੂ ਲੁਹਾਨ ਹੋ ਗਿਆ। ਗੰਗੂ ਬਾਬਾ ਨੇ ਘੋੜੇ ਤੇ ਪਲਾਕੀ ਮਾਰੀ ਤੇ ਚੂਨੀਗੰਜ ਦੇ ਘਾਟ ਵਲ ਰੁਖ ਕੀਤਾ, ਬਦਕਿਸਮਤੀ ਨਾਲ ਉਹ ਰਸਤੇ ਵਿਚ ਹੀ ਘੋੜੇ ਤੋਂ ਡਿਗ ਪਿਆ। ਦੁਸ਼ਮਣ ਫੌਜੀਆਂ ਨੇ ਪਕੜ ਲਿਆ ਤੇ ਮੁਸ਼ਕਾਂ ਕਸ ਦਿੱਤੀਆਂ ਤੇ ਕਾਨਪੁਰ ਦੀ ਜੇਲ ਵਿਚ ਸੁਟ ਦਿੱਤਾ।

ਜੂਨ 5, 1858 ਨੂੰ ਕੁਝ ਬ੍ਰਿਟਿਸ਼ ਫੌਜੀ ਆਏ ਤੇ ਗੰਗੂ ਦਾ ਮੂੰਹ ਕਾਲੇ ਕਪੜੇ ਨਾਲ ਬੰਨ ਦਿੱਤਾ ਗਿਆ। ਉਹ ਉਸਨੂੰ ਬ੍ਰਿਟਿਸ਼ ਸਿਵਲ ਸਰਜਨ, ਜੌਨ ਨਿਕੋਲਸ ਟਰੈਸੀਦਰ ਕੋਲ ਲੈ ਗਏ, ਜਿਸਨੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕੀਤਾ ਤੇ ਫੋਟੋ ਖਿਚੀ। ਫਿਰ ਉਨ੍ਹਾਂ ਨੂੰ ਚੂਨੀਗੰਜ ਦੇ ਜੰਗਲ ਵਿਚ ਲੈ ਗਏ। ਗੰਗੂ ਬਾਬਾ ਦਾ ਮੂੰਹ ਕਾਲੇ ਕਪੜੇ ਨਾਲ ਢਕਿਆ ਹੋਇਆ ਸੀ। ਉਥੇ ਨਿੰਮ ਦੇ ਦਰਖਤ ਨਾਲ ਟੰਗ ਕੇ ਸ਼ਹੀਦ ਕਰ ਦਿੱਤਾ ਗਿਆ। ਰੱਸੀ ਦਾ ਦੂਜਾ ਸਿਰਾ ਘੋੜੇ ਨਾਲ ਬੰਨ ਕੇ ਉਸਨੂੰ ਉਲਟਾ ਦੌੜਾਇਆ ਗਿਆ। ਪਰਿਵਾਰ ਵਾਲਿਆਂ ਉਨ੍ਹਾਂ ਦਾ ਸੰਸਕਾਰ ਅਖਾੜੇ ਵਿਚ ਕਰ ਦਿੱਤਾ ਗਿਆ।

## ਗੰਗੂ ਬਾਬਾ;- ਅਸਲੀਅਤ ਤੇ ਗਲਪ ਕਲਪਿਤ ਕਥਾ:-

ਭਾਵੇਂ ਗੰਗੂ ਬਾਬਾ ਦੀ ਕਹਾਣੀ ਦਾ ਜ਼ਿਕਰ ਦਲਿਤਾਂ ਨੇ ਕੀਤਾ ਤੇ ਕੁਝ ਐਸੇ ਤਤ ਵੀ ਭਰ ਦਿੱਤੇ ਜਿਸ ਨਾਲ ਇਹ ਡਰਾਮੇ ਬਾਜ਼ੀ ਵੀ ਲਗਣ ਲੱਗ ਪਈ, ਗੱਲ ਨੂੰ ਬਹੁਤ ਹੀ ਵਧਾ ਚੜ੍ਹਾ ਕਿ ਪੇਸ਼ ਕੀਤਾ ਗਿਆ। ਪਰ ਕੁਝ ਤੱਥ ਐਸੇ ਵੀ ਹਨ ਜਿਨ੍ਹਾਂ ਦੇ ਅਧਾਰ

ਤੇ ਅਸੀਂ ਗੰਗੂ ਬਾਬਾ ਦਾ ਸਾਰਾ ਕਿੱਸਾ ਹੀ ਕਲਪਿਤ ਨਹੀ ਕਹਿ ਸਕਦੇ। ਹੇਠ ਲਿਖੇ ਕੁਝ ਕਾਰਣ ਹਨ।

ਗੰਗੂ ਮੇਹਤਰ ਦੀ ਫੋਟੋ ਅੰਗਰੇਜ਼ ਡਾਕਟਰ ਜੌਨ ਨਿਕੋਲਸ ਟਰੀਸਦਰ ਨੇ ਫਾਂਸੀ ਤੋਂ ਪਹਿਲਾਂ ਖਿਚੀ। ਇਹ ਅਲਕਾ ਜੀ ਦੀ ਨਿੱਜੀ ਕੁਲੈਕਸ਼ਨ ਵਿਚੋਂ ਮਿਲੀ। ਇਹ ਫੋਟੋ 1857 ਦੇ ਗਦਰ ਸਬੰਧੀ ਨਵੀ ਦਿੱਲੀ ਦੇ ਸਾਹਤਿਕ ਮੈਗਜ਼ੀਨ ਵਿਚ ਛਪੀ।

ਗੰਗੂ ਬਾਬਾ ਦੇ ਵਾਰਿਸ ਜਿਨ੍ਹਾ ਵਿਚ ਬਾਬੂ ਲਾਲ ਵੀ ਸ਼ਾਮਲ ਹੈ ਜੋ ਉਨ੍ਹਾਂ ਪੜ-ਪੋਤਰਾ ਹੈ ਜੋ ਅਜੇ ਵੀ ਕਾਨਪੁਰ ਵਿਚ ਰਹਿੰਦੇ ਹਨ। ਬਾਬੂ ਲਾਲ ਜੋ ਕਾਨਪੁਰ ਦੇ ਸੁਦਰਸ਼ਨ ਨਗਰ ਦਾ ਵਾਸੀ ਹੈ, ਦਾ ਕਹਿੰਣਾ ਹੈ ਕਿ ਉਸਦੇ ਪੂਰਵਜ਼ ਕਸਬਾ ਅਕਬਰ ਪੁਰ ਜਿਲ੍ਹਾਂ ਕਾਨਪੁਰ ਦਿਹਾਤ ਦੇ ਵਸਨੀਕ ਸਨ। ਪਰੰਤੂ ਬਾਦ ਵਿਚ ਗੰਗਾਦੀਨ ਦਾ ਪਰਿਵਾਰ ਜਿਸ ਵਿਚ ਉਸਦੇ ਪਿਤਾ ਬਖਤਾਵਰ ਤੇ ਉਸਦੀ ਮਾਤਾ ਜੀ, 'ਬੁਧਿਆ'ਨੇ ਅਕਬਰਪੁਰਾ ਛੱਡ ਦਿੱਤਾ ਤੇ ਉਹ ਕਾਨਪੁਰ ਆ ਗਏ, ਜਿੱਥੇ ਉਹ 'ਸੂਬੇਦਾਰ ਕਾ ਤਾਲਾਬ', ਚੂਨੀਗੰਜ ਆਕੇ ਵੱਸ ਗਏ। ਬਾਬੂ ਲਾਲ ਦਾ ਪਿਤਾ ਤੇ ਦਾਦਾ ਨੇ ਦਸਿਆ ਹੈ ਕਿ ਗੰਗੂ ਬਾਬਾ ਉਨ੍ਹਾਂ ਦਾ ਵਡੇਰਾ ਨਾਨਾ ਸਾਹਬ ਦੀ ਫੌਜ ਵਿਚ ਨਗਾਰਚੀ ਸੀ। ਉਸਦੀ ਬਹਾਦਰੀ ਕਰਕੇ ਨਾਨਾ ਸਾਹਬ ਨੇ ਉਨ੍ਹਾਂ ਨੂੰ ਸੂਬੇਦਾਰ ਬਣਾ ਦਿੱਤਾ ਸੀ।

◆ ਗੰਗੂ ਬਾਬਾ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਦੌਰਾਨ ਨਾਗਾ ਸਾਧੂਆਂ ਨਾਲ ਜੁੜ ਗਏ ਸਨ, ਇਸੇ ਲਈ ਉਨ੍ਹਾਂ ਨੂੰ ਗੰਗੂ ਗਿਰੀ ਵੀ ਕਿਹਾ ਜਾਂਦਾ ਸੀ। ਬਨਾਰਸ ਦੇ ਜੂਨਾ ਅਖਾੜਾ ਬਰਾਂਚ ਵਿਚ ਇਹ ਰਜਿਸਟਰ ਵਿਚ ਦਰਜ਼ ਹੈ ਕਿ ਗੰਗੂ ਗਿਰੀ ਕਾਨਪੁਰ ਵਾਸੀ ਸੀ। ਸਤੀਚੌੜਾ ਵਿਖੇ ਗੰਗੂ ਬਾਬਾ ਦੀ ਸਮਾਧ ਕੋਲ, ਗੰਗੂ ਗਿਰੀ ਦੀ ਯਾਦ ਵਿਚ, ਹਰ ਸਾਲ ਮੇਲਾ ਮਨਾਇਆ ਜਾਂਦਾ ਹੈ।

ਇਸਤਰਾਂ ਕੁਝ ਤਥ ਹਨ ਜਿਨ੍ਹਾਂ ਦੇ ਅਧਾਰ ਤੇ ਲੋਕ ਕਥਾਵਾਂ ਦਾ ਸੱਚ ਉਭਰਦਾ ਹੈ। ਇਹ ਉਭਰਿਆ ਸੱਚ ਦਲਿਤਾਂ ਦਾ ਸਬੰਧ ਜਿੱਥੇ 1857 ਦੀ ਬਗਾਵਤ ਨਾਲ ਜੋੜਦਾ ਹੈ, ਉਥੇ ਇਹ ਵੀ ਸਥਾਪਿਤ ਹੁੰਦਾ ਹੈ ਕਿ ਇੱਕਲੀ ਸ਼ਮੂਲੀਅਤ ਹੀ ਨਹੀ ਸਗੋਂ ਮਾਅਰਕੇ ਵੀ ਸ਼ਾਮਲ ਸਨ। ਇਹ ਨਹੀ ਕਿਹਾ ਜਾ ਸਕਦਾ ਕਿ ਇਹ ਦਲਿਤਾਂ ਦਾ ਕਾਲਪਨਿਕ ਮੰਨਘੜਤ ਬਿਆਨ ਹੈ। ਲੋਕ ਕਥਾਵਾਂ ਦਾ ਕਲਚਰ ਇੱਕ ਕੀਮਤੀ ਸਰੋਤ ਹੈ ਜੋ ਦਲਿਤਾਂ ਦੀ ਪਾਈ ਹਿੱਸੇਦਾਰੀ ਤੇ ਮੋਹਰ ਲਾਉਂਦਾ ਹੈ ਤੇ ਇਤਿਹਾਸਕਾਰਾਂ ਨੂੰ ਇਹ ਪੁਖਤਾ ਸਰੋਤ ਮੰਨਕੇ ਹੀ ਗੱਲ ਕਰਨੀ ਚਾਹੀਦੀ ਹੈ। ਇਸਦੇ ਇਲਾਵਾ ਲੋਕ ਕਥਾਵਾਂ ਦਾ ਕਲਚਰ ਦਲਿਤਾਂ ਦਾ ਸੁਸਤ, ਤਾਬੇਦਾਰੀ ਵਿਚ ਰਹਿੰਣ ਦਾ ਸੰਕਲਪ, ਆਗਿਆਕਾਰੀ ਹੋਣਾ ਤੇ ਬਾਹਮਣਵਾਦ ਦੀ ਅਧੀਨਗੀ ਸਵੀਕਾਰ ਕਰਨੀ ਵਰਗੇ ਮੁੱਦਿਆਂ ਨੂੰ ਸਹੀ ਦਿਸ਼ਾ ਪਰਦਾਨ ਕਰਨਾ ਹੈ। ਇਹ ਬਰਾਹਮਣ ਵਾਦੀ ਸੋਚ ਹੈ। ਇਸਲਈ ਦਲਿਤਾਂ ਦਾ ਬਗਾਵਤ ਵਿਚਲੇ ਰੋਲ ਨੂੰ ਨਕਾਰਨਾ ਠੀਕ ਨਹੀ ਹੈ। ਤੱਥ ਕੁਝ ਹੋਰ ਦਸ ਰਹੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਇਤਿਹਾਸ ਨੂੰ ਤੱਥਾਂ ਅਧਾਰਿਤ ਵਾਚਿਆ ਜਾਵੇ ਤਾਂ ਕਿ ਜੋ ਕੁਝ ਗੁਆਚ ਵੀ ਗਿਆ ਹੈ, ਜੋ ਕੁਝ ਭਰਮ ਉਸਾਰ ਗਿਆ ਹੈ, ਉਸਨੂੰ ਨਵੇਂ ਸਿਰਿਉਂ ਜੀਂਦਾ ਕੀਤਾ ਜਾ ਸਕੇ।

# 1857 ਅਜ਼ਾਦੀ ਦੀ ਪਹਿਲੀ ਲੜਾਈ।

1857 ਅਜ਼ਾਦੀ ਦੀ ਪਹਿਲੀ ਲੜਾਈ। ਜਿਸਨੂੰ 1857-59 ਦੀ ਬਗਾਵਤ ਵੀ ਕਿਹਾ ਜਾਂਦਾ ਹੈ। ਇਸ ਬਗਾਵਤ ਦੇ ਮੁਖ ਕੇਂਦਰ ਸਨ:ਮੇਰਟ, ਦਿਲੀ, ਕਾਨਪੁਰ, ਲਖਨਊ, ਝਾਂਸੀ ਤੇ ਗਵਾਲੀਅਰ। ਇਹ ਜਦੋ ਜਹਿਦ ਤੇ ਇਸਦੀ ਤਰੀਕ 10 ਮਈ 1857 ਤੋਂ ਸ਼ੁਰੂ ਹੋਕੇ ਇਹ 1859 ਤੱਕ ਚਲੀ। ਨਤੀਜੇ ਵਜੋਂ ਬਗਾਵਤ ਨੂੰ ਕੁਚਲ ਦਿੱਤਾ ਗਿਆ। ਮੁਗਲ ਸਾਮਰਾਜ ਦਾ ਖਾਤਮਾ ਹੋ ਗਿਆ। ਈਸਟ ਇੰਡੀਆ ਦਾ ਰਾਜ ਸਿਧੇ ਰੂਪ ਵਿਚ ਬ੍ਰਿਟਿਸ਼ ਸਾਮਰਾਜ ਵਿਚ ਤਬਦੀਲ ਹੋ ਗਿਆ।

ਕੁਝ ਤਬਦੀਲੀਆਂ ਨਾਲ ਰਾਜਖੇਤਰ ਬ੍ਰਿਟਿਸ਼ ਰਾਜ ਨਾਲ ਜੋੜ ਦਿਤਾ ਗਿਆ। ਕੁਝ ਰਾਜਖੇਤਰ ਭਵਿਖੀ ਰਾਜਨੀਤੀ ਤਹਿਤ ਸਥਾਨਿਕ ਹੁਕਮਰਾਨਾਂ ਨੂੰ ਮੋੜ ਦਿਤਾ ਗਿਆ। ਇਹ ਸਿਰਫ ਨਾਮ ਦੇ ਰਾਜੇ ਸੀ। ਅਸਲ ਤਾਕਤ ਸਾਮਰਾਜ ਕੋਲ ਹੀ ਸੀ।

ਇੰਡੀਆ ਵਿਚ ਈਸਟ ਇੰਡੀਆ ਦਾ ਪਸਾਰ ਬਿਜ਼ਿਨਸ ਕਰਨ ਦੇ ਉਦੇਸ਼ ਨਾਲ ਆਈ ਈਸਟ ਇੰਡੀਆ ਕੰਪਨੀ, ਪਹਿਲੇ ਪਹਿਲ ਉਨ੍ਹਾਂ ਇਲਾਕਿਆਂ ਦੀ ਹੀ ਦੇਖ ਰੇਖ ਕਰਦੀ ਸੀ ਜੋ ਵਪਾਰ ਨਾਲ ਸਬੰਧਿਤ ਸਨ। 1757 ਵਿਚ ਹੋਈ ਪਲਾਸੀ ਦੀ ਲੜਾਈ ਨਾਲ ਇਸਨੇ ਆਪਣੇ ਪੈਰ ਉਤਰੀ ਭਾਰਤ ਵਿਚ ਗੱਡ ਲਏ। 1764 ਵਿਚ ਬਿਹਾਰ ਵਿਚ ਬਕਸਰ ਦੀ ਲੜਾਈ ਵਿਚ ਕੰਪਨੀ ਦੀ ਜਿੱਤ ਹੋਈ ਤੇ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ, ਹਾਰ ਗਿਆ। ਉਸਨੇ ਕੰਪਨੀ ਨੂੰ ਬੰਗਾਲ, ਬਿਹਾਰ ਤੇ ਉੜੀਸਾ ਵਿਚੋਂ ਮਾਲੀਆ ਉਗਰਾਹੁਣ ਦੇ ਅਧਿਕਾਰ ਦੇ ਦਿੱਤੇ। ਕੰਪਨੀ ਕਾਨੂੰਨੀ ਤੌਰ ਤੇ ਇਸ ਇਲਾਕੇ ਦੀ ਹੁਕਮਰਾਨ ਬਣ ਗਈ। ਜਲਦੀ ਹੀ ਕੰਪਨੀ ਨੇ ਆਪਣੀਆਂ ਸਰਹਦਾਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਲਈ ਬੰਬੇ ਤੇ ਮਦਰਾਸ ਨੂੰ ਅਧਾਰ ਚੁਣਿਆ ਗਿਆ। ਐਂਗਲੋ-ਮੈਸੂਰ ਲੜਾਈਆਂ (1766-1799) ਤੇ ਐਂਗਲੋ-ਮਰਾਠਾ ਲੜਾਈਆਂ ਜਿਨ੍ਹਾਂ ਦਾ ਟਾਇਮ ਪੀਰਡ 1772 ਤੋਂ1818 ਤੱਕ ਦਾ ਹੈ ਦੇ ਨਤੀਜੇ ਵਜੋਂ ਕੰਪਨੀ ਨੇ ਭਾਰਤ ਦੇ ਵਡੇ ਹਿੱਸੇ ਤੇ ਕਬਜਾ ਕਰ ਲਿਆ। ਇਹ ਖੇਤਰ ਇੰਡੀਆ ਦੇ ਦੱਖਣ ਵਲ ਨਰਮਦਾ ਦਰਿਆ ਤੱਕ ਜਾਂਦਾ ਹੈ।

ਇਹ ਵਾਧਾ ਬਿਨ੍ਹਾ ਰੁਕਾਵਟ ਨਹੀ ਹੋਇਆ। ਯੁਧ ਕਰਨੇ ਪਏ। ਅੰਗਰੇਜ਼ ਫੌਜ਼ ਵਿਚ ਭਾਰਤੀ ਕਾਫੀ ਗਿਣਤੀ ਵਿਚ ਸਨ। ਸੰਨ 1806 ਵਿਚ ਵੈਲੋਰ ਬਗਾਵਤ ਵੀ ਫੌਜੀਆਂ ਵਿਚਾਲੇ ਹੋਈ ਜੋ ਫੌਜ ਦੇ ਅੰਦਰ ਦਾ ਰੋਸ ਸੀ। ਇਸਦਾ ਮੁੱਖ ਕਾਰਣ ਵਰਦੀ ਦੀਆਂ ਕੁਝ ਮੱਦਾਂ ਸਨ ਜੋ ਧਾਰਮਿਕ ਭਾਵਨਾਵਾਂ ਨਾਲ ਜੁੜੀਆਂ ਹੋਣ ਕਰਕੇ ਇਹ ਵਿਰੋਧ ਹਿੰਦੂ ਤੇ ਮੁਸਲਮਾਨ ਦੋਵਾਂ ਵਿਚ ਸੀ।

ਉਨਵੀ ਸਦੀ ਦੇ ਆਉਣ ਨਾਲ ਰਾਜਖੇਤਰ ਵਧਾਉਣ ਦੀ ਗੋਰਿਆਂ ਦੀ ਹਿਰਸ ਆਪਣੀ ਚਰਮ ਸੀਮਾ ਹੰਢਾਉਂਦੀ ਹੈ। ਇਸ ਭੁਖ ਦੀ ਅੰਨੀ ਦੌੜ ਗਵਰਨਰ-ਜਨਰਲ ਵੈਲਸਲੇ ਨੇ ਰਾਜਨੀਤਕ ਚੈਨਲਾਂ ਦੀ ਵਰਤੋਂ ਕਰਦਿਆਂ ਤੇਜ਼ ਕਰ ਦਿੱਤੀ। ਦੋ ਤਰੀਕਿਆਂ ਨਾਲ ਇਸ ਵਾਧੇ ਨੂੰ ਅੰਜ਼ਾਮ ਦਿੱਤਾ ਜਾਣ ਲੱਗਾ। ਪਹਿਲਾਂ ਸਥਾਨਿਕ ਰਾਜੇ ਨੂੰ ਅਧੀਨਗੀ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ। ਮਸੌਦੇ ਤਿਆਰ ਹੁੰਦੇ ਤੇ ਕਈ ਰਾਜੇ ਇਨ੍ਹਾਂ

ਸੰਧੀਆਂ, ਮਸੌਦਿਆਂ ਰਾਹੀਂ ਅਧੀਨਗੀ ਕਬੂਲ ਕਰਕੇ ਆਪਣੀ ਐਸ਼ ਪ੍ਰਸਤੀ ਦੀ ਜ਼ਿੰਦਗੀ ਜੀਂਦੇ ਤੇ ਜੇ ਕੋਈ ਅਣਖੀਲਾ ਯੋਧਾ ਅੰਗਰੇਜਾਂ ਦੇ ਨਾਪਾਕ ਇਰਾਦਿਆਂ ਨੂੰ ਭਾਂਪਦਿਆਂ ਹੋਇਆਂ ਦੇਸ਼ ਭਗਤੀ ਵਸ ਵਿਰੋਧ ਕਰਦਾ ਤਾਂ ਉਸਨੂੰ ਫੌਜੀ ਕਾਰਵਾਈ ਦਾ ਸਾਹਮਣਾ ਕਰਨਾ ਪੈਂਦਾ। ਅੰਗਰੇਜ਼ ਦੀ ਫੌਜੀ ਤਾਕਤ ਕਾਫੀ ਵਧ ਚੁੱਕੀ ਸੀ। ਇਸ ਲਈ ਤਾਕਤ ਦੇ ਜੋਰ ਐਸੇ ਰਾਜ ਨੂੰ ਆਪਣੇ ਨਾਲ ਮਿਲਾ ਲਿਆ ਜਾਂਦਾ। ਅਧੀਨਗੀ ਮੰਨਣ ਵਾਲਿਆਂ ਦਾ ਇਕ ਗਠਜੋੜ ਬਣ ਗਿਆ ਜਿਸਨੂੰ ਪਰਿੰਸਲੀ ਸਟੇਟਸ ਜਾਂ ਨੇਟਿਵ ਸਟੇਟਸ ਕਿਹਾ ਜਾਂਦਾ ਸੀ। ਉਸ ਵੇਲੇ ਦੇ ਡਾਕੂਮੈਂਟਾਂ ਵਿਚ ਐਸੇ ਹੀ ਨਾਮ ਮਿਲਦੇ ਹਨ। ਹਿੰਦੂ ਹੁਕਮਰਾਨ ਨੂੰ ਮਹਾਰਾਜਾ ਤੇ ਮੁਸਲਮਾਨ ਹੁਕਮਰਾਨ ਨੂੰ ਨਵਾਬ ਕਿਹਾ ਜਾਂਦਾ। ਦੂਸਰੀ ਐਂਗਲੋ-ਸਿਖ ਵਾਰ (1849) ਤੋਂ ਬਾਦ ਪੰਜਾਬ, ਨੌਰਥ ਵੈਸਟ ਫਰੰਟੀਅਰ ਪ੍ਰਾਂਤ ਤੇ ਕਸ਼ਮੀਰ ਅੰਗਰੇਜਾਂ ਨੇ ਆਪਣੇ ਨਾਲ ਮਿਲਾ ਲਏ। ਛੇਤੀ ਹੀ ਬਾਦ ਕਸ਼ਮੀਰ ਨੂੰ 1850 ਈਸਵੀ ਵਿਚ ਅੰਮ੍ਰਿਤਸਰ ਸੰਧੀ ਅਨੁਸਾਰ ਜੰਮੂ ਦੇ ਡੋਗਰਾ ਘਰਾਣੇ ਨੂੰ ਸੌਂਪ ਦਿੱਤਾ ਗਿਆ। ਇਵਜ਼ ਵਿਚ ਇਸ ਘਰਾਣੇ ਨੇ ਅੰਗਰੇਜਾਂ ਨੂੰ ਬਹੁਤ ਸਾਰਾ ਧੰਨ ਦਿੱਤਾ। ਇਸਤਰ੍ਹਾਂ ਇਹ ਜੰਮੂ ਕਸ਼ਮੀਰ ਵੀ ਪਰਿੰਸਲੀ ਗਠਬੰਧਨ ਵਿਚ ਸ਼ਾਮਲ ਹੋ ਗਿਆ। ਇਸਤੋਂ ਬਾਦ ਬ੍ਰਿਟਿਸ਼ ਭਾਰਤੀ ਸਾਮਰਾਜ ਦਾ ਨੇਪਾਲ ਨਾਲ ਸਰਹਦੀ ਬਿਖੇੜਾ ਖੜਾ ਹੋ ਗਿਆ। ਇਹ ਤਿੱਖਾ ਹੁੰਦਾ 1814-16 ਵਿਚ ਐਂਗਲੋ-ਨੇਪਾਲੀਜ਼ ਦੀ ਵਾਰ ਦੇ ਰੂਪ ਵਿਚ ਸਾਹਮਣੇ ਆਇਆ। ਜਿਸ ਦੌਰਾਨ ਗੋਰਖਿਆਂ ਨੂੰ ਵੀ ਬ੍ਰਿਟਿਸ਼ ਦੀ ਪ੍ਰਭੂਸਤਾ ਕਬੂਲਣੀ ਪਈ। 1854 ਵਿਚ ਬੇਰਾਰ ਨੂੰ ਜੋੜਿਆ ਗਿਆ ਦੋ ਸਾਲ ਬਾਦ ਅਵਧ ਵੀ ਸ਼ਾਮਲ ਹੋ ਗਿਆ। ਹੁਣ ਤਕਰੀਬਨ ਸਾਰੇ ਭਾਰਤ ਵਿਚ ਹੀ ਕੰਪਨੀ ਦਾ ਹੁਕਮ ਚਲਦਾ ਸੀ।

## ਬਗਾਵਤ ਦੇ ਕਾਰਣ

1857 ਦੀ ਭਾਰਤੀ ਬਗਾਵਤ ਫੁਟਣ ਦੇ ਸਮੇ ਦੇ ਗਰਭ ਵਿਚ ਪਲ ਰਹੇ ਕਈ ਕਾਰਣ ਸਨ ਜਿਨ੍ਹਾ ਦਾ ਸਬੰਧ ਭਾਰਤ ਦੇ ਕਈ ਸਥਾਨਿਕ ਖਿਤਿਆਂ ਦੀ ਵਿਚਰ ਰਹੀ ਲੋਕਾਈ ਦੀ ਸੰਸਕ੍ਰਿਤਕ-ਅਵਚੇਤਨ ਦੀ ਮਾਨਸਿਕਤਾ ਨੂੰ ਖਰੋਚਣਾ ਸੀ। ਇਹ ਕੋਈ ਇੱਕ ਵਡਾ ਕਾਰਣ ਨਹੀ ਸੀ। ਵਡੇ ਕਾਰਣ ਜੋ ਸਾਹਮਣੇ ਆ ਗਏ ਉਨ੍ਹਾਂ ਨੇ ਸਿਰਫ ਟਰਾਇਗਰ ਦਾ ਕੰਮ ਕੀਤਾ। ਰਹਿਕਲੇ ਵਿਚ ਤੇ ਬਾਰੂਦ ਪਹਿਲੋਂ ਹੀ ਭਰਿਆ ਪਿਆ ਸੀ। ਸਿਰਫ ਆਖਰੀ ਢਕਣ ਰੱਖਕੇ ਰੱਸੀ ਵਲੇਟਣ ਦਾ ਕੰਮ ਹੀ ਬਾਕੀ ਸੀ।

ਬਗਾਵਤ ਤੋਂ ਪਹਿਲਾਂ ਕੰਪਨੀ ਦੀ ਸੈਨਾ ਵਿਚ ਵਿਚ ਦੋ ਲੱਖ ਫੌਜੀਆਂ ਦੀ ਨਫ਼ਰੀ ਸੀ। ਇਨ੍ਹਾ ਨੂੰ ਸੈਨਾ ਦੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਹ ਸਨ, ਬੰਬੇ, ਮਦਰਾਸ ਤੇ ਬੰਗਾਲ। ਬੰਗਾਲ ਸੈਨਾ ਵਿਚ ਉਚੀ ਜਾਤ ਦੀ ਭਰਤੀ ਸੀ ਜਿਵੇਂ ਰਾਜ਼ਪੂਤ ਤੇ ਬਰਾਹਮਣ ਜਿਹੜੇ ਅਵਧ, (ਲਖਨਉ) ਦੇ ਲਾਗੇ ਦੇ ਤੇ ਬਿਹਾਰ ਇਲਾਕੇ ਦੇ ਸਨ। ਅੰਗਰੇਜ਼ ਦੀ ਪਾੜੋ ਤੇ ਰਾਜ ਕਰਨ ਵਾਲੀ ਨੀਤੀ ਦੇ ਅਨੁਸਾਰ, ਇਸਦੇ ਐਨ ਉਲਟ, ਮਦਰਾਸ ਤੇ ਬੰਬਈ ਦੀ ਸੈਨਾ ਵਿਚ ਸਥਾਨਕ ਐਸੀਆਂ ਜਾਤੀਆਂ ਦੀ ਭਰਤੀ ਸੀ ਜੋ ਉਚ ਜਾਤੀਆਂ ਨੂੰ ਪਸੰਦ ਨਹੀ ਕਰਦੇ ਸਨ। ਬੰਗਾਲ ਸੈਨਾ ਦੀ ਇਸ ਜਾਤੀ ਅਧਾਰਿਤ ਉਚਤਾ ਨੇ ਕੁਝ ਛੋਟੀਆਂ ਬਗਾਵਤਾਂ ਨੂੰ ਜਨਮ ਦਿੱਤਾ ਜੋ ਬਾਦ ਵਿਚ ਵਡੀ ਬਗਾਵਤ ਦਾ ਅੰਗ ਵੀ ਬਣ ਗਈਆਂ। ਅਸਲ ਵਿਚ

ਅੰਦਰ ਦੀ ਖੇਡ ਨੂੰ ਪ੍ਰਭਾਵੀ ਤੌਰ ਤੇ ਵਰਤਣ ਲਈ ਇਹ ਜਾਤ ਅਧਾਰਿਤ ਅੰਗਰੇਜ਼ ਦੀ ਕੀਤੀ ਭਰਤੀ ਇਤਨੀ ਉਭਰ ਗਈ ਕਿ ਫੌਜੀ ਵਿਚ ਜਿਹੜੇ ਗੁਣ ਬੁਨਿਆਦੀ ਤੌਰ ਤੇ ਹੋਣੇ ਚਾਹੀਦੇ ਹਨ, ਉਨ੍ਹਾ ਨੂੰ ਖੂੰਝੇ ਲਾ ਦਿੱਤਾ ਗਿਆ ਸੀ। ਮਸਲਨ ਸਰੀਰਕ ਯੋਗਤਾ, ਇੱਛਾ-ਸ਼ਕਤੀ ਤੇ ਮਜ਼ਬੂਤੀ, ਫੌਜੀ ਅਸੂਲ-ਪ੍ਰਸਤੀ ਤੇ ਹੌਂਸਲਾ, ਆਦਿ ਦੇ ਗੁਣ ਜੋ ਕਿਸੇ ਵੀ ਮਰਦ ਵਿਚ ਫੌਜੀ ਹੋਣ ਲਈ ਹੋਣੇ ਚਾਹੀਦੇ ਹਨ, ਉਨ੍ਹਾ ਨੂੰ ਅਨਗੌਲਿਆ ਕਰ ਦਿੱਤਾ ਗਿਆ। ਇਹੋ ਕਾਰਣ ਹੈ ਕਿ ਕੰਪਨੀ ਦੀ ਫੌਜੀ ਗਿਣਤੀ ਬ੍ਰਿਟਿਸ਼ ਫੌਜੀ ਗਿਣਤੀ ਨਾਲੋਂ ਚਾਰ ਗੁਣਾ ਸੀ।

1772 ਸੰਨ, ਜਦ ਵਾਰਨ ਹੇਸਟਿੰਗਜ਼ ਭਾਰਤ ਦਾ ਗਵਰਨਰ ਜਨਰਲ ਬਣਕੇ ਆਇਆ ਤਾਂ ਉਸਦਾ ਮੁੱਖ ਨਿਸ਼ਾਨਾ ਕੰਪਨੀ ਦੀ ਫੌਜ਼ ਦਾ ਵਡੀ ਪੱਧਰ ਤੇ ਵਿਸਥਾਰ ਕਰਨਾ ਸੀ। ਪਲਾਸੀ ਤੇ ਬਕਸਰ ਦੀ ਲੜਾਈ ਵਿਚ ਬੰਗਾਲ ਦੇ ਬਹੁਤ ਸਾਰੇ ਸਿਪਾਹੀ ਕੰਪਨੀ ਦੇ ਵਿਰੁਧ ਲੜੇ ਸਨ, ਹੁਣ ਉਹ ਬ੍ਰਿਟਿਸ਼ ਸਾਮਰਾਜ ਦੀਆਂ ਅੱਖਾਂ ਵਿਚ ਰੜਕਦੇ ਸਨ। ਹੇਸਟਿੰਗਜ਼ ਨੇ ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਹੀ ਭਰਤੀ ਪਾਲਿਸੀ ਨੂੰ ਇਸਤਰ੍ਹਾਂ ਬਣਾਇਆ ਕਿ ਅਵਧ ਤੇ ਬਿਹਾਰ ਦੇ ਉਚ ਜਾਤੀ ਦੇ ਬਰਾਹਮਣ ਤੇ ਰਾਜਪੂਤਾਂ ਨੂੰ ਭਰਤੀ ਕੀਤਾ ਤੇ ਇਹ ਸਿਲਸਿਲਾ ਇਸ ਪਾਲਿਸੀ ਤਹਿਤ ਅਗਲੇ 75 ਸਾਲਾਂ ਤਕ ਚਲਦਾ ਰਿਹਾ। ਉਨ੍ਹਾਂ ਵਿਚ ਪਾੜਾ ਬਰਕਰਾਰ ਰਹੇ ਤੇ ਵਧੇ ਇਸਦਾ ਵੀ ਧਿਆਨ ਰਖਦਿਆਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲੀਆਂ ਨਿੱਕੀਆ ਨਿੱਕੀਆਂ ਧੁਖਦੀਆਂ ਗੱਲਾਂ ਸਦਾ ਹੀ ਧੁਖਦੀਆਂ ਰਹਿੰਣ, ਕਦੇ ਭਾਂਬੜ ਵੀ ਬਣ ਜਾਣ ਤੇ ਉਹ ਆਪਸ ਵਿਚ ਉਲਝਣ ਲਈ ਅੰਗਰੇਜ਼ ਦੇ ਮੁਹਤਾਜ਼ ਬਣੇ ਰਹਿੰਣ। ਇਸੇ ਤਹਿਤ ਉਨ੍ਹਾ ਦੇ ਖਾਣੇ ਦੇ ਮੈੱਸ ਵਖਰੇ ਉਸਾਰੇ ਗਏ। ਉਨ੍ਹਾਂ ਦੇ ਪਾਣੀ ਪੀਣ ਦੇ ਸਰੋਤ ਵਖਰੇ ਕਰਕੇ ਇਹ ਅਹਿਸਾਸ ਵੀ ਕਰਾਇਆ ਗਿਆ ਕਿ ਕੌਣ ਕਿਸ ਜਾਤੀ ਦਾ ਹੈ? ਇਕ ਹੀ ਫੌਜ ਵਿਚ ਦੋ ਫੌਜਾਂ ਨੂੰ ਪਲਣ ਲਈ ਸਿਸਟਮ ਉਸਾਰੇ ਗਏ ਤਾਂ ਕਿ ਉਹ ਆਪਸ ਵਿਚ ਕਦੇ ਵੀ ਨਿੱਠਕੇ ਨਾ ਬੈਠ ਸਕਣ। ਹਿੰਦੂ ਤਿਉਹਾਰਾਂ ਨੂੰ ਮਨਾਉਣ ਦਾ ਚੌਖਟਾ ਵੀ ਇਸਤਰ੍ਹਾਂ ਦਾ ਉਸਾਰਿਆ ਗਿਆ ਕਿ ਇਹ ਦੂਰੀਆਂ ਫੌਜੀਆਂ ਦੇ ਹੱਡਾਂ ਵਿਚ ਬੈਠ ਜਾਣ। ਇਸਤਰ੍ਹਾਂ ਹੀ ਬਗਾਵਤ ਵਿਚ ਸਿਪਾਹੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਂਣ ਵਾਲੀਆਂ ਕਾਰਵਾਈਆ ਇੱਕ ਕਾਰਣ ਬਣੀ।

1856 ਨੂੰ ਅਵਧ ਨੂੰ ਕੰਪਨੀ ਨੇ ਆਪਣੇ ਸਾਮਰਾਜ ਵਿਚ ਸ਼ਾਮਲ ਕਰ ਲਿਆ ਸੀ। ਇਸ ਸ਼ਮੂਲੀਅਤ ਵਿਚ ਕਈ ਫੌਜੀਆਂ ਦੀਆਂ ਜੱਦੀ ਜ਼ਮੀਨਾਂ ਤੇ ਹੋਰ ਜਾਇਦਾਦਾਂ ਖੁਸ ਗਈਆਂ। ਅਦਾਲਤਾਂ ਵਲੋਂ ਮਾਲੀਆ ਉਗਰਾਹੁੰਣ ਦੇ ਨਵੇਂ ਕਾਨੂੰਨ ਬਣੇ ਜਿਨ੍ਹਾਂ ਅਨੁਸਾਰ ਬਕਾਇਆ ਵੀ ਸ਼ਾਮਲ ਕੀਤਾ ਗਿਆ ਤੇ ਮਾਲੀਆ ਵਧਾ ਵੀ ਦਿੱਤਾ ਗਿਆ। ਇਸਦੇ ਨਾਲ ਹੀ ਈਸਾਈ ਧਰਮ ਨੂੰ ਫੈਲਾਉਣ ਵਾਲੇ ਪਰਚਾਰਕ, ਹਿੰਦੂ ਤੇ ਮੁਸਲਮਾਨਾਂ ਨੂੰ ਈਸਾਈ ਬਨਾਉਣ ਦੇ ਰਾਹ ਵੀ ਤੁਰ ਪਏ। ਇਸਤੋਂ ਪਹਿਲਾਂ ਵੀ ਸਮਾਜ ਸੁਧਾਰਨ ਦੇ ਨਾਮ ਤੇ ਕਈ ਪਰਥਾਵਾਂ ਨੂੰ ਖਤਮ ਕਰਨਾ ਵੀ ਸਥਾਨਕ ਲੋਕਾਂ ਨੂੰ ਰੜਕ ਰਿਹਾ ਸੀ। ਭਾਵੇਂ ਸਤੀ ਵਰਗੀਆਂ ਪਰਥਾਵਾਂ ਨੂੰ ਕਾਨੂੰਨੀ ਤੌਰ ਤੇ ਖਤਮ ਕਰਨਾ ਇੱਕ ਚੰਗਾ ਰੁਝਾਨ ਸੀ ਪਰ ਤਰੀਕਾ ਸਹੀ ਨਾ ਹੋਣ ਕਰਕੇ ਲੋਕਾਂ ਨੇ ਇਸਨੂੰ ਦਿਲੋਂ ਮਨਜ਼ੂਰੀ ਨਹੀ ਦਿੱਤੀ। ਵਿਧਵਾ ਦੀ

ਦੂਜੀ ਸ਼ਾਦੀ ਕਰਨ ਬਾਰੇ ਵੀ ਸੁਧਾਰ ਹੋਏ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਐਸੇ ਸੁਧਾਰ ਵਾਕਿਆ ਹੀ ਵਡੀ ਬਗਾਵਤ ਦੇ ਕਾਰਣ ਬਣੇ, ਇਸਦਾ ਕੋਈ ਪੁਖਤਾ ਸਬੂਤ ਨਹੀ ਮਿਲਦਾ, ਸਿਵਾਏ ਇਸਦੇ ਕਿ ਇਨ੍ਹਾਂ ਦਾ ਸੁਆਗਤ ਬਹੁਤ ਠੰਡਾ ਸੀ। ਸਥਾਨਕ ਲੋਕ ਅੰਗਰੇਜਾਂ ਦੀ ਹਰ ਗੱਲ ਨੂੰ ਹੀ ਸ਼ਕ ਦੀ ਨਿਗਾਹ ਨਾਲ ਦੇਖਣ ਦੇ ਆਦੀ ਹੋ ਗਏ ਸਨ। ਵਿਸ਼ਵਾਸ਼ ਵਿਚ ਲਏ ਬਿਨ੍ਹਾਂ ਕੋਈ ਵੀ ਕਾਰਵਾਈ ਕਿਸੇ ਵੀ ਲੋਕਲ ਨੂੰ ਕਦੇ ਵੀ ਮੰਨਜ਼ੂਰ ਨਹੀ ਹੋਈ। ਇਹ ਇੱਕ ਐਸੀ ਮਾਨਸਿਕਤਾ ਹੈ ਜਿਸਨੂੰ ਅਸੀਂ ਅੱਜ ਵੀ ਮਹਿਸੂਸ ਕਰ ਸਕਦੇ ਹਾਂ।

ਇਸਤਰ੍ਹਾਂ ਇਹ ਦੇਖਿਆ ਜਾ ਸਕਦਾ ਹੈ ਕਿ ਫੌਜੀਆਂ ਦੀ ਪੇਸ਼ਾਵਰ ਸੰਸਕ੍ਰਿਤੀ ਨੂੰ ਐਸੇ ਹਾਲਤਾਂ ਅਨੁਸਾਰ ਬਦਲਣਾ, ਉਨ੍ਹਾਂ ਵਿਚ ਮਾਯੂਸੀ ਪੈਦਾ ਕਰ ਦਿੰਦਾ ਹੈ। ਇਸਦੇ ਨਾਲ ਹੀ ਈਸਟ ਇੰਡੀਆ ਕੰਪਨੀ ਦੀ ਆਪਣੇ ਵਿਸਥਾਰ ਲਈ ਕੀਤੀਆਂ ਕਾਰਵਾਈਆਂ, ਭਾਵੇਂ ਉਹ ਫੌਜੀ ਕਾਰਵਾਈਆਂ ਸਨ ਤੇ ਭਾਵੇਂ ਸੰਧੀ ਦੁਆਰਾ ਇਲਾਕੇ ਮਿਲਾਉਣ ਦੀ ਨੀਤੀ। ਫੌਜ ਦੀ ਤਾਇਨਾਤੀ ਉਨ੍ਹਾਂ ਇਲਾਕਿਆਂ ਵਿਚ ਵੀ ਹੋ ਗਈ, ਜਿਨ੍ਹਾਂ ਬਾਰੇ ਉਹ ਭੁਗੋਲਿਕ ਤੌਰ ਤੇ ਨਹੀ ਜਾਣਦੇ ਸਨ, ਜਿਵੇਂ ਐਂਗਲੋ-ਬਰਮੀਜ਼ ਵਾਰ ਦੌਰਾਨ ਤੇ ਬਾਦ ਵਿਚ ਬਰਮਾ ਵਿਚ ਤਾਇਨਾਤੀ। ਇਹ ਤਾਇਨਾਤੀ ਅਨੁਸਾਰ ਜੋ 'ਵਿਦੇਸ਼ੀ ਸਰਵਿਸ' ਦੇ ਖਾਸ ਭੱਤੇ ਮਿਲਣ ਦੀ ਰੀਤ ਸੀ, ਉਸ ਅਨੁਸਾਰ ਇਹ ਭੱਤੇ ਵੀ ਨਹੀ ਦਿੱਤੇ ਗਏ। ਜਨਰਲ ਸਰਿਵਸ ਐਕਟ ਅਨੁਸਾਰ ਰਿਟਾਰਇਰਡ ਫੌਜੀ ਦੀ ਪੈਨਸ਼ਨ ਨੂੰ ਵੀ ਨਾਂਹ ਕਰ ਦਿੱਤੀ ਗਈ। ਇਹ ਜਨਰਲ ਸਰਵਿਸ ਐਕਟ ਦੀਆਂ ਮੱਦਾਂ ਸਿਰਫ ਨਵੀਂ ਭਰਤੀ ਦੇ ਰੰਗਰੂਟਾ ਲਈ ਹੀ ਸਨ। ਪਹਿਲਾਂ ਇਹ ਸਮਝ ਲਿਆ ਗਿਆ ਸੀ ਕਿ ਇਹ ਜਨਰਲ ਸਰਵਿਸ ਐਕਟ ਪਹਿਲਾਂ ਹੀ ਸਰਵਿਸ ਕਰ ਰਹੇ ਫੌਜੀਆਂ ਤੇ ਵੀ ਲਾਗੂ ਹੋਵੇਗੀ। ਇਸਤੋਂ ਵੀ ਵਧ ਇਹ ਹੋਇਆ ਕਿ ਬੰਗਾਲ ਦੀ ਫੌਜ ਨੂੰ ਮਦਰਾਸ ਤੇ ਬੰਬੇ ਦੀ ਫੌਜ ਨਾਲੋਂ ਘਟ ਪੈਸੇ ਦਿੱਤੇ ਗਏ।

25 ਜੁਲਾਈ, 1856 ਦਾ ਜਨਰਲ ਸਰਵਿਸ ਐਕਟ ਦੇ ਵਿਰੁਧ ਧੁੱਖ ਰਹੀ ਮਾਯੂਸੀ ਜੋ ਦਸ ਮਹੀਨੇ ਸੁਲਗਦੀ ਰਹੀ, ਇਸ ਬਗਾਵਤ ਦਾ ਵਡਾ ਕਾਰਣ ਹੋ ਨਿਬੜੀ। ਬੰਗਾਲ ਫੌਜ਼ ਦੇ ਫੌਜੀਆਂ ਨੂੰ ਓਵਰਸੀਜ਼ ਸਰਵਿਸ ਦੇ ਭਤਿਆਂ ਤੋਂ ਵਾਂਝਾ ਕਰ ਦਿੱਤਾ ਗਿਆ। ਉਨ੍ਹਾ ਨੂੰ ਇਕ ਖਾਸ ਮੱਦ ਵਿਚ ਰੱਖ ਲਿਆ ਗਿਆ ਜਿਸ ਅਨੁਸਾਰ ਉਹ ਫੌਜੀ ਜਿਸ ਵੀ ਖਿੱਤੇ ਵਿਚ ਮਾਰਚ ਕਰ ਰਹੇ ਹੋਣ, ਉਥੇ ਹੀ ਉਨ੍ਹਾ ਦੀ ਤਾਇਨਾਤੀ ਸਮਝੀ ਜਾਵੇਗੀ ਤੇ ਉਹ ਉਥੋਂ ਦੇ ਹੀ ਫੌਜੀ ਸਮਝੇ ਜਾਣਗੇ। ਗਵਰਨਰ-ਜਨਰਲ ਲਾਰਡ ਡਲਹੌਜ਼ੀ ਨੇ ਇਸ ਨਿਯਮ-ਹੀਨਤਾ ਨੂੰ ਪ੍ਰਮੁਖਤਾ ਨਾਲ ਵਿਸਥਾਰਦਿਆਂ ਇਸਤਰ੍ਹਾਂ ਲਿਆ--- ਮਦਰਾਸ ਤੇ ਬੰਬੇ ਦੀ ਸੈਨਾ ਤੇ ਬੰਗਾਲ ਸੈਨਾ ਦੀਆਂ ਛੇ ਬਟਾਲੀਅਨਾਂ ਨੇ 'ਜਨਰਲ ਸਰਿਵਸ' ਤਹਿਤ ਇਹ ਮੰਨਜ਼ੂਰ ਕੀਤਾ ਹੈ ਕਿ ਉਹ ਲੋੜ ਪੈਣ ਤੇ ਓਵਰਸੀਜ਼ ਸੇਵਾਵਾਂ ਵੀ ਕਰਨਗੇ। ਨਤੀਜੇ ਵਜੋਂ ਬਰਮਾ ਵਿਚ ਸਰਵਿਸ ਕਰ ਰਹੇ ਫੌਜੀਆਂ ਦੇ ਭੱਤਿਆਂ ਤੇ ਸੁਆਲੀਆ ਨਿਸ਼ਾਨ ਖੜਾ ਹੋ ਗਿਆ। ਲਾਰਡ ਡਲਹੋਜ਼ੀ ਦਾ ਉਤਰਾ ਅਧਿਕਾਰੀ ਲੌਰਡ ਕੈਨਿੰਗ ਗਵਰਨਰ ਜਨਰਲ ਨੇ ਐਕਟ ਤੇ ਦਸਖਤ ਕਰਕੇ ਇਹ ਯਕੀਨੀ ਬਣਾ ਦਿੱਤਾ ਕਿ ਕੇਵਲ ਨਵੇਂ ਰੰਗਰੂਟ ਹੀ ਜਨਰਲ ਸਰਵਿਸ ਐਕਟ ਥਲੇ ਲਏ ਜਾਣਗੇ। ਉਚੀ ਜਾਤ ਵਾਲੇ

ਫੌਜੀਆਂ ਦੇ ਦਿਲਾਂ ਵਿਚ ਵੀ ਡਰ ਬੈਠ ਗਿਆ ਕਿ ਇਹ ਕਿਸੇ ਨਾ ਕਿਸੇ ਦਿਨ ਉਨ੍ਹਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਵੇਗਾ। ਇਸਤਰ੍ਹਾਂ ਅਗਲੀ ਪੀੜ੍ਹੀ ਨੂੰ ਫੌਜ ਵਿਚ ਭੇਜਣ ਦੀ ਕਿਵਾਇਤ ਤੇ ਵਡਾ ਅਸਰ ਪਿਆ। ਪੀੜੀਆਂ ਤੋਂ ਫੌਜ਼ ਵਿਚ ਜਾਣ ਦੀ ਮਜ਼ਬੂਤ ਰਵਾਇਤ ਨੂੰ ਧੱਕਾ ਲੱਗਾ।

ਫੌਜੀ ਵਿਚ ਤਰਕੀ ਦੇ ਮੁੱਦੇ ਤੇ ਵੀ ਘੁਸਰ ਮੁਸਰ ਸ਼ੁਰੂ ਹੋ ਗਈ। ਸਨਿਆਰਟੀ ਨੂੰ ਅੱਖੋਂ ਪਰੋਖੇ ਕੀਤਾ ਜਾਣਾ ਅੰਗਰੇਜ਼ ਦੀ ਆਦਤ ਬਣਦੀ ਜਾ ਰਹੀ ਸੀ। ਸੈਨਾ ਵਿਚ ਯੋਰਪੀਅਨ ਅਫਸਰਾਂ ਦੀ ਗਿਣਤੀ ਵਧਣ ਲੱਗੀ। ਇਸਤਰ੍ਹਾਂ ਸਥਾਨਿਕ ਲੋਕਾਂ ਦੀ ਤਰਕੀ ਦੀ ਰਫਤਾਰ ਕਾਫੀ ਮਧਮ ਪੈ ਗਈ। ਜਿੱਥੇ ਯੋਰਪੀਅਨ ਭਰਤੀ ਹੀ ਅਫਸਰ ਹੁੰਦੇ ਉਥੇ ਸਥਾਨਿਕ ਭਾਰਤੀਆਂ ਨੂੰ ਅਫਸਰ ਦੇ ਮੁੱਢਲੇ ਰੈਂਕ ਤੱਕ ਪਹੁੰਚਦਿਆਂ ਹੀ ਉਮਰ ਲੰਘ ਜਾਂਦੀ।

## ਚਰਬੀ ਵਾਲੇ ਕਾਰਤੂਸ

ਸੁਲਗ ਰਹੀ ਮਾਯੂਸੀ ਨੂੰ ਭਾਂਬੜ ਬਨਾਉਣ ਵਾਲਾ ਕਾਰਣ ਚਰਬੀ ਵਾਲੇ ਕਾਰਤੂਸ ਸਨ। ਸੈਨਾ ਵਿਚ ਨਵੀ ਕਿਸਮ ਦੀ ਰਾਇਫ਼ਲ ਆਈ। 'ਪੈਟਰਨ 1853 ਐਨਫੀਲਡ ਰਾਇਫ਼ਲਜ਼ ਦਾ ਮਾਡਲ ਕੁਝ ਇਸਤਰ੍ਹਾਂ ਸੀ ਕਿ ਇਸ ਵਿਚ ਪੇਪਰ ਗੋਲੀਆਂ ਪੈਂਦੀਆਂ ਸਨ ਜਿਨ੍ਹਾਂ ਨੂੰ ਪਹਿਲਾਂ ਹੀ ਗਰੀਜ਼ ਕੀਤਾ ਹੁੰਦਾ ਸੀ। ਫੌਜੀ ਨੂੰ ਇਸ ਨੂੰ ਲੋਡ ਕਰਨ ਲਈ ਕਾਰਤੂਸ ਨੂੰ ਮੂੰਹ ਨਾਲ ਕਟਕੇ ਬਾਰੂਦ ਦੇ ਪਾਉਡਰ ਨੂੰ ਚਲਣਯੋਗ ਬਣਾਇਆ ਜਾਣਾ ਸੀ। ਇਸ ਗਰੀਜ਼ ਵਿਚ ਚਰਬੀ ਸ਼ਾਮਲ ਸੀ। ਸੂਰ ਦੀ ਚਰਬੀ ਮੁਸਲਮਾਨ ਲਈ ਵਰਜਿਤ ਸੀ ਤੇ ਗਾਂ ਦੀ ਚਰਬੀ ਹਿੰਦੂ ਲਈ ਧਾਰਮਿਕ ਤੌਰ ਤੇ ਵਰਜਿਤ ਸੀ। ਇੱਕ ਵਡੇ ਅੰਗਰੇਜ਼ ਨੇ ਇਸ ਬਾਰੇ ਸ਼ੰਕਾ ਵੀ ਜਾਹਰ ਕੀਤਾ ਸੀ ਕਿ ਟੈਸਟ ਕਰਕੇ ਵੇਖ ਲਵੋ ਤੇ ਜੇ ਧਾਰਮਿਕ ਭਾਵਨਾਵਾਂ ਦਾ ਮਸਲਾ ਹੈ ਤਾਂ ਇਨ੍ਹਾਂ ਕਾਰਤੂਸਾਂ ਦੀ ਸਥਾਨਿਕ ਫੌਜੀਆਂ ਨੂੰ ਸਪਲਾਈ ਰੋਕ ਦਿੱਤੀ ਜਾਵੇ। ਅਗਸਤ 1856 ਵਿਚ ਬ੍ਰਿਟਿਸ਼ ਡਿਜ਼ਾਇਨ ਅਨੁਸਾਰ ਇਨ੍ਹਾਂ ਕਾਰਤੂਸਾਂ ਦੀ ਪਰੋਡਕਸ਼ਨ ਫੋਰਟ ਵਿਲੀਅਮ ਕਲਕਤੇ ਵਿਚ ਸ਼ੁਰੂ ਹੋ ਗਈ। ਗਰੀਜ਼ ਵਰਤੀ ਜਾਣੀ ਸ਼ੁਰੂ ਹੋਈ ਤੇ ਇਹ ਚਰਬੀ ਗੰਗਾਧਰ ਬੈਨਰਜੀ ਐਂਡ ਕੰਪਨੀ ਵਲੋਂ ਸਪਲਾਈ ਕੀਤੀ ਗਈ। ਜਨਵਰੀ ਵਿਚ ਇਹ ਅਫਵਾਹ ਚਾਰੇ ਪਾਸੇ ਫੈਲ ਗਈ ਕਿ ਐਂਨਫੀਲਡ ਕਾਰਤੂਸਾਂ ਵਿਚ ਜਾਨਵਰਾਂ ਦੀ ਚਰਬੀ ਨਾਲ ਬਣੀ ਗਰੀਜ਼ ਵਰਤੀ ਗਈ ਹੈ। ਕੰਪਨੀ ਦੇ ਅਫਸਰ ਇਸ ਅਫਵਾਹ ਬਾਰੇ ਜਾਣੂ ਸਨ, ਇਹ ਜਾਣਕਾਰੀ ਉਨ੍ਹਾਂ ਨੂੰ ਆਪਣੇ ਖੁਫੀਆਂ ਮੁਖਬਰਾਂ ਤੋਂ ਮਿਲ ਰਹੀ ਸੀ। ਇਹ ਰਿਪੋਰਟਾਂ ਡੁਮ ਡੁਮ ਵਿਚ ਹੋਈ ਉਚ ਜਾਤੀ ਤੇ ਨੀਵੀਂ ਜਾਤੀ ਦੀ ਖਹਿਬੜ-ਬਾਜ਼ੀ ਤੋਂ ਪ੍ਰਾਪਤ ਹੋਈਆਂ। ਇਸਲਈ ਇਸ ਮੌਕੇ ਇਹ ਕਾਰਤੂਸ ਮੇਰਟ ਫੌਜ ਲਈ ਹੀ ਸਪਲਾਈ ਹੋਏ ਤੇ ਡੁਮ ਡੁਮ ਵਿਖੇ ਇਨ੍ਹਾਂ ਦੀ ਸਪਲਾਈ ਰੋਕ ਲਈ ਗਈ।

27 ਜਨਵਰੀ ਨੂੰ ਕਰਨਲ ਰਿਚਰਡ ਬਰਚ ਜਿਹੜਾ ਮਿਲਟਰੀ ਸੈਕਟਰੀ ਸੀ ਨੇ ਹੁਕਮ ਕੀਤਾ ਕਿ ਡੀਪੂ ਤੋਂ ਜਾਰੀ ਕੀਤੇ ਕਾਰਤੂਸਾਂ ਵਿਚ ਕੋਈ ਗਰੀਜ਼ ਨਹੀ ਹੈ ਤੇ ਫੌਜੀ

ਉਨ੍ਹਾਂ ਨੂੰ ਆਪ ਹੀ ਆਪਣੀ ਮਰਜ਼ੀ ਦੇ ਘੋਲ ਨਾਲ  ਗਰੀਜ਼ ਕਰ ਲੈਣ। ਇਹ ਤਬਦੀਲੀ ਵੀ ਕਾਰਤੂਸਾਂ ਵਿਚ ਕਰ ਦਿੱਤੀ ਗਈ ਕਿ ਲੋਡ ਕਰਨ ਲਗਿਆਂ ਦੰਦੀ ਵਢਣ ਦੀ ਬਜਾਇ ਹੱਥ ਨਾਲ ਹੀ ਪਾੜਿਆ ਜਾ ਸਕੇ। ਇਸ ਗੱਲ ਨੇ ਸਗੋਂ ਇਹ ਵਿਸ਼ਵਾਸ਼ ਪੱਕਾ ਕਰ ਦਿੱਤਾ ਕਿ ਅਫਵਾਹ ਝੂਠੀ ਨਹੀ ਸੀ, ਸਗੋਂ ਸਚਮੁੱਚ ਹੀ ਇਸਤਰ੍ਹਾਂ ਦੇ ਕਾਰਤੂਸ ਬਣ ਗਏ ਸਨ ਤੇ ਉਨ੍ਹਾ ਦਾ ਡਰ ਸੱਚਾ ਸੀ। ਹੁਣ ਨਵੀ ਅਫਵਾਹ ਇਹ ਫੈਲ ਗਈ ਕਿ ਕਾਰਤੂਸ ਦੁਆਲੇ ਜੋ ਪੇਪਰ ਹੈ ਇਹ ਪਹਿਲੇ ਪੇਪਰ ਨਾਲੋਂ ਸਖਤ ਹੈ ਤੇ ਸਖਤ ਇਸ ਕਰਕੇ ਹੈ ਕਿ ਇਸਨੂੰ ਚਰਬੀ ਨਾਲ ਭਿਉਂ ਕਿ ਸਖਤ ਕੀਤਾ ਗਿਆ ਹੈ।

## ਗੈਰ ਫੌਜੀਆਂ ਦੀ ਅਸ਼ਾਤੀ

ਬਗਾਵਤੀ ਪਰਜਾ ਵਿਚ ਭਾਂਤ ਭਾਂਤ ਦੇ ਸ਼ੰਕੇ, ਡਰ, ਅਸ਼ਾਤੀ ਤੇ ਬੇਚੈਨੀ ਸੀ। ਬਗਾਵਤੀਆਂ ਨੂੰ ਤਿੰਨ ਹਿਸਿਆਂ ਵਿਚ ਵੇਖਿਆ ਜਾ ਸਕਦਾ ਹੈ। ਪਹਿਲੀ ਵਿਚ ਬਿਸਵੇਦਾਰ ਤੇ ਕੁਲੀਨ ਵਰਗ ਆ ਜਾਂਦਾ ਹੈ। ਪੇਂਡੂ ਜਾਗੀਰਦਾਰ, ਜਿਨ੍ਹਾਂ ਨੂੰ ਤਾਲੁਕਦਾਰ ਵੀ ਕਿਹਾ ਜਾਂਦਾ ਸੀ। ਤੀਸਰੇ ਵਰਗ ਵਿਚ ਕਿਸਾਨ  ਆਉਂਦੇ ਸਨ ਪਹਿਲੇ ਵਰਗ ਵਾਲੇ ਕੁਲੀਨ, ਸਾਉ ਕਿਸਮ ਦੇ ਉਚ ਵਰਗੀ ਲੋਕਾਂ ਆਪਣੇ ਤਮਗੇ ਗੁਆ ਲਏ  ਸਨ, ਆਪਣੀ ਸ਼ਾਨੋ ਸ਼ੌਕਤ ਗੁਆ ਕੇ ਉਹ ਭਰੇ ਪੀਤੇ ਸਨ। ਇਕ  ਸਿਧਾਂਤ ਅੰਗਰੇਜ਼ਾਂ ਨੇ ਲਾਗੂ ਕੀਤਾ ਸੀ ਜਿਸਨੂੰ ਡੋਕਟਰਾਇਨ ਔਫ ਲੈਪਸ  ਕਿਹਾ ਜਾਂਦਾ ਸੀ। ਜਿਸ ਅਨੁਸਾਰ ਉਨ੍ਹਾਂ ਦੀ  ਗੋਦ ਲਈ ਸੰਤਾਨ ਨੂੰ ਉਨ੍ਹਾਂ ਦਾ ਵਾਰਿਸ ਨਹੀ ਬਣਾਇਆ ਜਾ ਸਕਦਾ ਸੀ। ਉਹ ਮਹਿਸੂਸ ਕਰਦੇ ਸਨ ਕਿ ਕੰਪਨੀ ਉਨ੍ਹਾ ਦੇ ਜਦੀ ਪੁਸ਼ਤੀ ਵਾਰਿਸ ਬਨਾਉਣ ਦੀ ਰੀਤ ਵਿਚ ਵਿਘਨ ਪਾ ਰਹੀ ਹੈ। ਬਗਾਵਤੀ ਲੀਡਰ ਜਿਵੇਂ ਨਾਨਾ ਸਾਹਿਬ ਤੇ ਝਾਂਸੀ ਦੀ ਰਾਣੀ ਇਸ ਗਰੁਪ ਵਿਚ ਸ਼ੁਮਾਰ ਹੁੰਦੇ ਸਨ। ਬਾਦ ਵਿਚ ਇਸ ਗਰੁਪ ਨੇ ਇਹ ਮੰਨ ਲਿਆ ਸੀ ਕਿ ਜੇ ਉਨ੍ਹਾ ਦਾ ਮੁਤਬੰਨਾ ਪੁੱਤਰ ਉਨ੍ਹਾਂ ਦੇ ਰਾਜੇ ਵਾਰਿਸ ਮੰਨ ਲਿਆ ਜਾਵੇ ਤਾਂ ਉਹ ਈਸਟ ਇੰਡੀਆ ਕੰਪਨੀ ਦੀ ਅਧੀਨਤਾ ਸਵਿਕਾਰ ਕਰ ਲੈਣਗੇ। ਸੈਂਟਰਲ ਇੰਡੀਆ ਦੇ ਦੂਸਰੇ ਇਲਾਕੇ ਜਿਵੇਂ ਇੰਦੋਰ ਤੇ ਸੌਗਾਰ ਜਿੱਥੇ ਇਹ ਸਮਸਿਆ ਹੀ ਨਹੀ ਸੀ, ਉਥੋਂ ਦੇ ਰਾਜੇ, ਕੰਪਨੀ ਦੇ ਵਫਾਦਾਰ ਬਣੇ ਰਹੇ, ਉਥੇ ਵੀ ਜਿੱਥੇ ਸਿਪਾਹੀਆਂ ਨੇ ਬਗਾਵਤ ਕਰ ਦਿੱਤੀ ਸੀ।

ਦੂਜਾ ਵਰਗ, ਜਗੀਰਦਾਰਾਂ ਜਾਂ ਤਾਲੁਕਦਾਰਾਂ ਦਾ ਸੀ। ਅਵਧ ਦਾ ਅੰਗਰੇਜ਼ ਰਾਜ ਵਿਚ ਸ਼ਾਮਲ ਹੋ ਜਾਣ ਨਾਲ ਇਨ੍ਹਾਂ ਦੀ ਜ਼ਮੀਨ ਅੱਧ ਤੋਂ ਵਧ ਖੁਸ ਗਈ ਤੇ ਕਿਸਾਨਾਂ ਕੋਲ ਚਲੇ ਗਈ। ਲੈਂਡ ਰਿਫਾਰਮ ਐਕਟ ਰਾਹੀਂ ਇਹ ਜ਼ਮੀਂਨ ਉਨ੍ਹਾਂ ਕੋਲੋਂ ਖੁਸ ਗਈ ਸੀ। ਜਿਉਂ ਹੀ ਬਗਾਵਤੀਆਂ ਦਾ ਕੁਝ ਜੋਰ ਪਿਆ ਇਨ੍ਹਾ ਜਗੀਰਦਾਰਾਂ ਨੇ ਆਪਣੀ ਖੁਸੀ ਹੋਈ ਜ਼ਮੀਨ ਤੇ ਮੁੜ ਕਬਜਾ ਕਰ ਲਿਆ। ਗੱਲ ਅਸਪਸ਼ਟ ਸੀ ਤੇ ਵਿਰੋਧਾਭਾਸ ਦੇ ਬਾਵਜੂਦ ਤੇ ਸਥਾਨਿਕ ਮੇਲ ਮਿਲਾਪ ਨੇ ਕਿਸਾਨਾਂ ਤੇ ਇਸਦਾ ਬਹੁਤਾ ਅਸਰ ਨਹੀ ਹੋਇਆ ਤੇ ਬਗਾਵਤੀਆਂ ਨਾਲ ਰਲਣ ਵਿਚ ਬਿਲਕੁਲ ਨਹੀ ਹਿਚਕਚਾਏ। ਉਹ ਅੰਗਰੇਜ਼ ਨੂੰ ਵਡਾ ਦੁਸ਼ਮਣ ਸਮਝਦੇ ਸਨ। ਇੱਕ ਕਾਰਣ ਇਹ ਵੀ ਸੀ ਅੰਗਰੇਜ਼ਾਂ ਦੁਆਰਾ ਬਹੁਤ ਸਾਰੇ ਥੋਪੇ ਮਾਲੀਏ ਨਾਲ ਉਹ ਵੈਸੇ ਵੀ ਜ਼ਮੀਨ ਵਾਹਕਾਂ ਲਈ ਕੋਈ ਲਾਭ ਦਾ ਸੌਦਾ ਨਹੀ ਸੀ। ਉਨ੍ਹਾਂ ਕੋਲੋਂ ਕਰਜੇ ਦੇ ਬੋਝ ਥਲੇ ਜ਼ਮੀਨਾਂ ਖੁਸ ਰਹੀਆਂ ਸਨ। ਸ਼ਾਹੂਕਾਰਾਂ ਦੇ ਮੁਥਾਜ਼ ਬਣੇ ਇਹ

ਕਿਸਾਨ ਬਗਾਵਤ ਕਰਨ ਲਈ ਤੇ ਬਗਾਵਤੀਆਂ ਦਾ ਸਾਥ ਦੇਣ ਲਈ ਮਜ਼ਬੂਰ ਸਨ। ਇਸਤੋਂ ਇਲਾਵਾ ਬਗਾਵਤੀਆ ਦਾ ਅੰਗਰੇਜ਼ ਖਿਲਾਫ ਆਮ ਵੈਰ ਭਾਵ ਸੀ, ਜਿਸ ਵਿਚ ਰਾਸ਼ਟਰੀ ਭਾਵਨਾ ਕੰਮ ਕਰ ਰਹੀ ਸੀ। ਪਰ ਭੁਗੋਲਿਕ ਤੌਰ ਤੇ ਬਗਾਵਤੀਆਂ ਦੀ ਸਥਿਤੀ ਸੰਤੁਲਿਤ ਨਹੀ ਸੀ। ਬਾਵਜੂਦ ਇਸਦੇ ਉਤਰਾਵ ਚੜਾਵ ਆਉਂਦੇ ਰਹੇ ਤੇ ਇਸ ਤਰ੍ਹਾਂ ਨੌਰਥ-ਸੈਂਟਰਲ ਇੰਡੀਆ ਬ੍ਰਿਟਿਸ਼ ਰਾਜ ਦੇ ਕੰਟਰੌਲ ਤੋਂ ਇੱਕ ਸਮੇਂ ਬਾਹਰ ਹੋ ਗਿਆ। ਮੁਜਫਰਾਬਾਦ ਤੇ ਉਸਤੋਂ ਬਾਦ ਮੇਰਟ ਵੀ ਇਸ ਸਮੇਂ ਦੌਰਾਨ ਸ਼ਾਤ ਹੀ ਰਿਹਾ।

## ਡੌਕਟਰਾਈਨ ਔਫ ਲੈਪਸ

ਇਹ ਡੌਕਟਰਾਈਨ ਔਫ ਲੈਪਸ ਹੈ ਕੀ ਬਲਾ?ਜਿਸਨੇ ਅੰਗਰੇਜ਼ ਦੀਆਂ ਇੱਕ ਵਾਰ ਤੇ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਇਹ ਤੇ ਕੁਝ ਬੁਨਿਆਦੀ ਗਲਤੀਆਂ ਹੋ ਗਈਆਂ, ਨਹੀ ਤਾਂ ਜਿਤਨੇ ਜੋਸ਼ ਨਾਲ ਭਾਰਤੀਆਂ ਨੇ ਅੰਗਰੇਜ਼ ਨਾਲ ਲੜਾਈ ਲੜੀ, ਦੇਸ਼ ਨਬੇ ਸਾਲ ਪਹਿਲਾਂ ਹੀ ਅਜ਼ਾਦ ਹੋ ਜਾਣਾ ਸੀ। ਉਹ ਕਾਰਣ ਵੀ ਬਾਦ ਵਿਚ ਵਿਚਾਰੇ ਜਾਣਗੇ। ਭਾਵੇਂ ਗੱਲ 'ਜੇ' ਦੀ ਹੈ ਪਰ ਲੇਖਾ ਜੋਖਾ ਤੇ ਇਤਿਹਾਸਕਾਰਾਂ ਨੇ ਆਪੋ ਆਪਣੇ ਹਿਸਾਬ ਨਾਲ ਕੀਤਾ ਹੈ। ਆਪੋ ਆਪਣਾ ਨਜ਼ਰੀਆ ਸੀ। ਇਹ ਸਿਧਾਂਤ ਇਕ ਤਰ੍ਹਾਂ ਨਾਲ ਰਿਆਸਤਾਂ ਤੇ ਕਬਜਾ ਕਰਨ ਦੀ ਪਾਲਿਸੀ ਸੀ, ਜਿਸਨੂੰ ਲੌਰਡ ਡਲਹੌਜ਼ੀ ਨੇ ਅੰਗਰੇਜ਼ ਹਿੱਤਾਂ ਲਈ ਡਿਜ਼ਾਇਨ ਕੀਤਾ ਜੋ 1848 ਤੋਂ1856 ਤਕ ਈਸਟ ਇੰਡੀਆ ਕੰਪਨੀ ਦਾ ਗਵਰਨਰ ਜਨਰਲ ਸੀ। ਇਸ ਸਿਧਾਂਤ ਅਨੁਸਾਰ ਕੋਈ ਵੀ ਰਿਆਸਤ ਜਾਂ ਕੋਈ ਸਲਤਨਤ ਆਪਣੇ ਆਪ ਹੀ ਈਸਟ ਇੰਡੀਆ ਰਾਹੀਂ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਬਣ ਜਾਇਗੀ ਜਿਸਦਾ ਰਾਜਾ ਖੁਲਮ-ਖੁਲਾ ਸਰੀਰਕ ਜਾਂ ਮਾਨਿਸਕ ਤੌਰ ਤੇ ਅਯੋਗ ਹੋਵੇ ਜਾਂ ਔਲਾਦ ਤੋਂ ਬਿਨ੍ਹਾ ਮਰ ਜਾਵੇ। ਇਹ ਭਾਰਤ ਦੇ ਪ੍ਰਭੁਸੱਤਾ ਰਾਜਾਂ ਦੀ ਸਦੀਆਂ ਤੋਂ ਚਲੀ ਆ ਰਹੀ ਰੀਤ ਦੇ ਵਿਪਰੀਤ ਸੀ। ਆਪਣਾ ਵਾਰਿਸ ਚੁਨਣ ਦਾ ਅਧਿਕਾਰ ਰਾਜ ਪਰਿਵਾਰ ਸਮੂੰਹ ਨੂੰ ਹੁੰਦਾ ਸੀ ਤੇ ਇਸ ਵਿਚ ਦਖ਼ਲ ਅੰਦਾਜ਼ੀ ਨਹੀ ਕੀਤੀ ਜਾਂਦੀ ਸੀ। ਸਰਹਦੀ ਤੌਰ ਤੇ ਨਾਲ ਲਗਦੇ ਰਾਜ ਵੀ ਇਸ ਅਧਾਰ ਤੇ ਕਿਸੇ ਰਾਜ ਦੀ ਪ੍ਰਭੁਸਤਾ ਨੂੰ ਲਲਕਾਰਦੇ ਨਹੀ ਸਨ। ਇਹ ਕੋਈ ਕਾਨੂੰਨ ਨਹੀ ਸੀ । ਇਹ ਵਖਰੀ ਗੱਲ ਹੈ ਕਿ ਇੱਕ ਦੂਜੇ ਦੇ ਰਾਜਾਂ ਦੇ ਇਲਾਕੇ ਤਾਕਤ ਨਾਲ ਦਬ ਲੈਂਣ ਦਾ ਰੁਝਾਨ ਸੀ। ਇਸ ਸਿਧਾਂਤ ਅਨੁਸਾਰ ਬੇ ਔਲਾਦ ਰਾਜੇ ਦੀ ਰਿਆਸਤ, ਰਾਜੇ ਦੇ ਮਰਨ ਉਪਰੰਤ ਆਪਣੇ ਆਪ ਹੀ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਬਣ ਜਾਣੀਆ ਸਨ। ਇਸ ਸਿਧਾਂਤ ਦਾ ਤਿੱਖਾ ਵਿਰੋਧ ਹੋਇਆ। ਭਾਰਤੀ ਰਾਜੇ ਤੇ ਪਰਜਾ ਵੀ ਇਸ ਨੂੰ ਗੈਰ ਕਾਨੂੰਨੀ ਤੇ ਗੈਰ ਇਖਲਾਕੀ ਸਮਝਦੀਆਂ ਸਨ, ਪਰ ਇਖਲਾਕ ਕੀ ਤੇ ਈਸਟ ਇੰਡੀਆ ਕੰਪਨੀ ਕੀ, ਜਿਹੜੀ ਗੁਆਂਢਣ ਵਾਂਗ ਅੱਗ ਲੈਣ ਆਈ ਘਰ ਦੀ ਮਾਲਕ ਬਣ ਬੈਠੀ ਸੀ।

ਵਾਰਿਸ ਲਈ ਮੁਤਬੰਨਾ ਬਨਾਉਣ ਦੀ ਰੀਤ ਤੁਰੀ ਆ ਰਹੀ ਸੀ ਪਰ ਇਸ ਸਿਧਾਂਤ ਅਨੁਸਾਰ ਕੰਪਨੀ ਨੂੰ ਇਹ ਮੰਨਜ਼ੂਰ ਨਹੀ ਸੀ ਤੇ ਇਸਤਰ੍ਹਾਂ ਹੀ ਕੰਪਨੀ ਨੇ ਇਸ ਸਿਧਾਂਤ ਅਨੁਸਾਰ ਕਈ ਰਿਆਸਤਾਂ ਆਪਣੇ ਰਾਜ ਨਾਲ ਮਿਲਾ ਲਈਆਂ। 1848 ਨੂੰ ਰਿਆਸਤ ਸਤਾਰਾ ਕੰਪਨੀ ਨੇ ਨਪ ਲਈ। ਜੈਪੁਰ ਤੇ ਸੰਬਲਪੁਰ 1849 ਵਿਚ ਦਬ ਲਈ।

ਨਾਗਪੁਰ ਤੇ ਝਾਂਸੀ 1854 ਵਿਚ ਅਵਧ ਤੇ ਉਦੈਪੁਰ 1856 ਵਿਚ ਆਪਣੇ ਕਬਜੇ ਵਿਚ ਕਰ ਲਈਆਂ। ਕੰਪਨੀ ਨੇ ਤਕਰੀਬਨ ਚਾਰ ਮਿਲੀਅਨ ਪੌਂਡ ਦਾ ਮਾਲੀਆ ਸਾਲਾਨਾ ਆਪਣੇ ਰੈਵਿਨਿਉ ਵਿਚ ਜਮ੍ਹਾ ਕਰਾਉਣ ਦਾ ਬੰਦੋਬਸਤ ਕਰ ਲਿਆ, ਇਸ ਸਿਧਾਂਤ ਦੇ ਅਨੁਸਾਰ।

ਕੰਪਨੀ ਨੇ 1856 ਵਿਚ ਅਵਧ ਨੂੰ ਸਿਰਫ ਇਸ ਅਧਾਰ ਤੇ ਆਪਣੇ ਨਾਲ ਰਲਾ ਲਿਆ ਕਿ ਉਸਦਾ ਰਾਜਾ ਚੰਗੀ ਤਰ੍ਹਾਂ ਰਾਜ ਨਹੀ ਕਰ ਰਿਹਾ ਸੀ। ਇਸ ਨੇ ਬਗਾਵਤ ਦਾ ਬਿਗਲ ਵਜਾ ਦਿੱਤਾ। ਕੰਪਨੀ ਦੀ ਵਧ ਰਹੀ ਤਾਕਤ ਨਾਲ ਬਹੁਤ ਸਾਰੀਆਂ ਰਿਆਸਤਾਂ ਵਿਚ ਅਫਰਾ ਤਫਰੀ ਫੈਲ ਰਹੀ ਸੀ ਤੇ ਲੋਕਾਂ ਦਾ ਰੋਹ ਪ੍ਰਚੰਡ ਹੋਣ ਲੱਗਾ। ਭਾਰਤੀ ਫੌਜੀਆਂ ਵਿਚ ਰੋਸ ਜਾਗ ਪਿਆ। ਜਗ੍ਹਾ ਜਗ੍ਹਾ ਇਸ ਵਿਰੁਧ ਰੈਲੀਆਂ ਹੋਣ ਲਗੀਆਂ। ਰਿਆਸਤਾਂ ਦੀਆਂ ਫੌਜਾਂ ਨੇ ਹਥਿਆਰ ਚੁੱਕ ਲਏ। ਇਸ ਕਰਕੇ ਇਸਨੂੰ 1857 ਦੀ ਫੌਜੀ ਬਗਾਵਤ ਵੀ ਕਿਹਾ ਜਾਂਦਾ ਹੈ। ਬਗਾਵਤ ਤੋਂ ਬਾਦ 1858 ਵਿਚ ਭਾਰਤ ਦੇ ਬ੍ਰਿਟਿਸ਼ ਵਾਇਸਰਾਏ ਨੇ ਇਸ ਸਿਧਾਂਤ ਨੂੰ ਤਿਲਾਂਜਲੀ ਦੇ ਦਿੱਤੀ ਤੇ ਭਾਰਤ ਦਾ ਸਿਧਾ ਰਾਜ ਪ੍ਰਬੰਧ ਈਸਟ ਇੰਡੀਆ ਕੰਪਨੀ ਕੋਲੋਂ ਲੈਕੇ ਆਪਣੇ ਹੱਥਾਂ ਵਿਚ ਕਰ ਲਿਆ।

ਅਸਲ ਵਿਚ ਕਿਟੂਰ ਦਾ ਰਾਜ ਈਸਟ ਇੰਡੀਆ ਕੰਪਨੀ ਨੇ 1824 ਵਿਚ ਹੀ ਇਸ ਸਿਧਾਂਤ ਦੀਆਂ ਲੀਹਾਂ ਤੇ ਆਪਣੇ ਕਬਜੇ ਵਿਚ ਕਰ ਲਿਆ ਸੀ। ਸੋ ਇਹ ਵੀ ਭੰਬਲਭੂਸਾ ਹੈ ਕਿ ਇਹ ਅਸਲ ਵਿਚ ਲੌਰਡ ਡਲਹੌਜ਼ੀ ਨੇ 1848 ਵਿਚ ਇਜ਼ਾਦ ਕੀਤਾ ਸੀ। ਅਸਲ ਵਿਚ ਲੌਰਡ ਡਲਹੌਜ਼ੀ ਨੇ ਹੀ ਇਸਨੂੰ ਲਿਖਤੀ ਰੂਪ ਵਿਚ ਲਿਆਂਦਾ ਸੀ ਤੇ ਕਾਲੇ ਕਾਨੂੰਨ ਦੀ ਸ਼ਕਲ ਦਿੱਤੀ ਸੀ। ਜੋ ਵੀ ਸੀ ਇਸਨੇ ਰਿਆਸਤਾਂ ਦੇ ਰਾਜਿਆਂ ਤੇ ਅੰਗਰੇਜ਼ ਹਕੂਮਤ ਵਿਚ ਕੜਵਾਹਟ ਜ਼ਰੂਰ ਲਿਆਂਦੀ।

## ਝਾਂਸੀ ਦੀ ਰਾਣੀ

ਝਾਂਸੀ ਦੀ ਰਾਣੀ ਦੇ ਲਕਬ ਨਾਲ ਮਸ਼ਹੂਰ ਲਕਸ਼ਮੀ ਬਾਈ ਇਸ ਬਗਾਵਤ ਦੀ ਮੁੱਖ ਪਾਤਰਾਂ ਵਿਚੋਂ ਇੱਕ ਸੀ। ਉਸ ਸਮੇਂ ਦੀ ਔਰਤ ਦੀ ਦਸ਼ਾ ਤੇ ਦਿਸ਼ਾ ਨੂੰ ਵੀ ਇਸ ਸੰਦਰਭ ਵਿਚ ਵਾਚਿਆ ਜਾ ਸਕਦਾ ਹੈ। ਖਾਸ ਤੌਰ ਤੇ ਕੁਲੀਨ ਪਰਿਵਾਰ ਦੀਆਂ ਔਰਤਾਂ ਦੇ ਰੂਪ ਵਿਚ। ਇਸਲਈ ਝਾਂਸੀ ਦੀ ਰਾਣੀ ਬਾਰੇ ਕੁਝ ਵਿਸਥਾਰ ਨਾਲ ਗੱਲ ਹੋਣੀ ਚਾਹੀਦੀ ਹੈ। ਇਸਦਾ ਬਚਪਨ ਦਾ ਨਾਮ ਮਨੀਕਾਰਨਿਕਾ ਸੀ ਤੇ ਛੋਟਾ ਨਾਮ ਮਨੂੰ। ਇਸਦਾ ਜਨਮ ਵਾਰਾਨਸੀ ਦਾ ਹੈ ਜੋ ਬਨਾਰਸ ਵਿਚ ਆਉਂਦਾ ਹੈ। ਸੰਨ 1827 ਜਾਂ 1828 ਹੈ। ਮਾਤਾ ਦਾ ਨਾਮ ਭਗੀਰਥੀ ਤੇ ਪਿਤਾ ਦਾ ਨਾਮ ਮੋਰੋਪੰਤ ਟਾਂਬੇ ਸੀ। ਜਨਮ ਤਰੀਕ ਬਾਰੇ ਪੱਕਾ ਪਤਾ ਨਹੀ ਲਗਦਾ। ਇਹ ਅਜੇ ਛੋਟੀ ਸੀ ਜਦੋਂ ਮਾਤਾ ਦਾ ਦਿਹਾਂਤ ਹੋ ਗਿਆ। ਸੰਭਵਤਾ ਉਮਰ ਦੋ ਸਾਲ ਸੀ। ਪਿਤਾ ਮੋਰੋਪੰਤ ਟਾਂਬੇ ਚਿਮਨਾਜੀ ਅਪਾ ਦਾ ਸਲਾਹਕਾਰ ਸੀ ਜੋ ਬਾਜ਼ੀ ਰਾਉ ਦੂਜੇ ਦਾ ਭਰਾ ਸੀ। ਮਨੂੰ ਅਜੇ ਤਿੰਨ ਸਾਲ ਦੀ ਹੀ ਸੀ ਜਦੋਂ ਚਿਮਨਾਜੀ ਅਪਾ ਦਾ ਦਿਹਾਂਤ ਹੋ ਗਿਆ। ਮਨੀਕਾਰਨਿਕਾ ਤਿੰਨ ਸਾਲ ਦੀ ਸੀ ਜਦੋਂ ਇਸਦਾ ਪਿਤਾ ਬਿਥੁਰ ਚਲਾ ਗਿਆ ਤੇ ਉਥੇ ਜਾਕੇ ਬਾਜ਼ੀ ਰਾਉ ਦੀ ਅਦਾਲਤ ਦਾ ਮੈਂਬਰ ਬਣ ਗਿਆ। ਆਪਣੇ ਪਿਤਾ ਦੀ ਪੁਜੀਸ਼ਨ ਕਰਕੇ ਇਸਦਾ ਬਚਪਨ ਮਹਿਲ ਵਿਚ ਗੁਜ਼ਰਿਆ।

ਬਚਪਨ ਵਿਚ ਇਹਦਾ ਵਿਹਾਰ ਮੁੰਡਿਆ ਵਰਗਾ ਸੀ। ਪਿਤਾ ਨੂੰ ਨਿਰਾਸ਼ਾ ਹੋਈ ਕਿ ਉਸਦਾ ਇੱਕੋ ਇੱਕ ਬੱਚਾ ਹੈ, ਤੇ ਉਹ ਵੀ ਕੁੜੀ? ਮਨੀਕਾਰਨਿਕਾ ਆਪਣੇ ਪਿਤਾ ਦੀ ਇਸ ਖਾਹਸ਼ ਨੂੰ ਜਾਣਦੀ ਤੇ ਨਹੀ ਹੋਵੇਗੀ? ਕੀ ਪਿਤਾ ਦੀ ਇਸ ਖਾਹਸ਼ ਨੂੰ ਪੂਰੀ ਕਰਨ ਲਈ ਹੀ ਉਹ ਮੁੰਡਿਆਂ ਵਾਂਗ ਵਿਹਾਰ ਕਰਦੀ ਸੀ? ਇਹ ਕੁਝ ਗੱਲਾਂ ਹਨ ਜੋ ਸਾਨੂੰ ਇਹ ਸੁਝਾਉਂਦੀਆਂ ਹਨ ਕਿ ਉਸ ਸਮੇਂ ਵੀ ਕੁੜੀ ਨਾਲੋਂ ਮੁੰਡੇ ਨੂੰ ਪਹਿਲ ਦਿੱਤੀ ਜਾਂਦੀ ਸੀ, ਤੇ ਕੁੜੀ ਦੇ ਅਵਚੇਤਨ ਵਿਚ ਹੀ ਇਹ ਗੱਲ ਬੈਠ ਜਾਂਦੀ ਹੋਵੇਗੀ। ਪਿਤਾ ਨਾਲ ਜੁੜਨਾ ਵੀ ਸਾਹਮਣੇ ਆਉਂਦਾ ਹੈ।

ਸਮਝਿਆ ਜਾਂਦਾ ਹੈ ਕਿ ਨਾਨਾ ਸਾਹਬ, ਤਾਂਤੀਆ ਤੋਪੇ ਉਸਦੇ ਨਾਲ ਖੇਡਣ ਵਾਲੇ ਸਾਥੀ ਸਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਨਾਨਾ ਸਾਹਬ ਉਸਤੋਂ ਸਤ ਅੱਠ ਸਾਲ ਵੱਡਾ ਸੀ। ਜਿਸਦਾ ਜਨਮ 1820 ਦਾ ਕਿਆਸਿਆ ਜਾਂਦਾ ਹੈ। ਤਾਂਤੀਆ ਤੋਪੇ ਜੋ ਅੰਦਾਜ਼ਨ 1813 ਨੂੰ ਪੈਦਾ ਹੋਇਆ, ਉਹ ਮਨੀਕਾਰਨਿਕਾ ਤੋਂ 14 ਸਾਲ ਵੱਡਾ ਸੀ। ਇਹ ਹੀ ਉਹ ਉਮਰ ਹੁੰਦੀ ਹੈ ਜਦੋਂ ਇੱਕ ਸਾਲ ਦਾ ਫਰਕ ਵੀ ਵਡੇ ਅੰਤਰ ਦਾ ਹਿੰਸਾ ਬਣ ਜਾਂਦਾ ਹੈ। ਜੇ ਮਾਪਣ ਦਾ ਪੈਮਾਨਾ ਸਾਲ ਹੀ ਗਿਣੀਏ।

ਇੱਕ ਕਹਾਣੀ ਮੁਤਾਬਕ ਨਾਨਾ ਸਾਹਬ ਨੇ ਇਸਨੂੰ ਹਾਥੀ ਦੀ ਸਵਾਰੀ ਲਈ ਮਨ੍ਹਾਂ ਕਰ ਦਿੱਤਾ ਤੇ ਇਸਨੇ ਗੁੱਸੇ ਵਿਚ ਇਹ ਕਹਿ ਦਿੱਤਾ ਕਿ ਇੱਕ ਦਿਨ ਉਸਦੇ ਸਾਰੇ ਦਸ ਹਾਥੀ ਉਸਦੇ ਹੋਣਗੇ। ਜੇ ਇਹ ਕਹਾਣੀ ਸੱਚੀ ਹੈ ਜਾਂ ਤੇ ਇਸਦਾ ਬਚਪਨਾ ਸੀ ਜਾਂ ਦਿਖਾਵੇ ਦਾ ਦਮਗਜ਼ਾ, ਡੀਂਗ ਕੁਝ ਵੀ ਸਮਝ ਲਵੋ। ਪਰ ਇਹ ਭਬਕੀ ਗਿੱਦੜ ਭਬਕੀ ਨਹੀ ਸੀ, ਕਿਉਂਕਿ ਉਸਦਾ ਸੁਭਾਅ ਐਸਾ ਨਹੀ ਸੀ। ਆਉਣ ਵਾਲੇ ਭਵਿਖ ਦਾ ਕਿਸੇ ਨੂੰ ਨਹੀ ਪਤਾ ਫਿਰ ਮਨੀਕਾਰਨਿਕਾ ਨੂੰ ਕਿਵੇਂ ਪਤਾ ਹੁੰਦਾ? ਕੀ ਉਸਦੇ ਜ਼ਹਿਨ ਵਿਚ ਭਰੀ ਅਸੁਰਖਿਅਤਾ ਤੇ ਉਸਦੀ ਪੂਰਤੀ ਲਈ ਦਿਮਾਗ ਵਿਚ ਉਠਦੇ ਵਾਵਰੋਲੇ ਸਨ? ਪਰ ਇਹ ਵੀ ਹੋ ਸਕਦਾ ਹੈ ਇਹ ਗੱਲ ਉਸਦੀ ਮੰਗਣੀ ਤੇ ਵਿਆਹ ਵਿਚਲੇ ਸਮੇਂ ਦੀ ਹੋਵੇ।

ਇਹ ਵੀ ਸਮਝਿਆ ਜਾਂਦਾ ਹੈ ਕਿ ਉਸਦੇ ਪਿਤਾ ਨੇ ਉਸਦਾ ਪਾਲਣ ਪੋਸ਼ਣ ਹੀ ਇਸਤਰ੍ਹਾਂ ਕੀਤਾ ਕਿ ਉਹ ਹੋਣੀ ਵਾਲੀ ਰਾਣੀ ਦੇ ਅਚਾਰ ਵਿਹਾਰ ਤੇ ਗੱਲ ਕਰਨ ਦੇ ਤਰੀਕੇ ਤੋਂ ਵਾਕਫ ਹੋ ਜਾਵੇ। ਉਸਦਾ ਪਿਤਾ ਉਸਨੂੰ ਲੈਕੇ ਝਾਂਸੀ ਆ ਗਿਆ ਤੇ ਰਾਜਾ ਗੰਗਾਧਰ ਰਾਓ ਦੀ ਮੁਲਾਜ਼ਮਤ ਕਰ ਲਈ। ਮਈ 1842 ਨੂੰ ਜਦੋਂ ਉਸਦੀ ਉਮਰ 14 ਸਾਲ ਦੀ ਸੀ, ਉਸਦਾ ਵਿਆਹ ਝਾਂਸੀ ਦੇ ਰਾਜੇ ਗੰਗਾਧਰ ਰਾਓ ਨਾਲ ਹੋ ਗਿਆ। ਝਾਂਸੀ ਦੇ ਖਾਤਿਆਂ ਦੀ ਪੜਤਾਲ ਕਰਦਿਆਂ ਪਤਾ ਲਗਦਾ ਹੈ ਕਿ ਇੱਕ ਐਂਟਰੀ 40, 000 ਰੁਪਏ ਦੀ ਹੈ ਜਿਹੜਾ ਵਿਆਹ ਦੇ ਜਸ਼ਨਾ ਤੇ ਖਰਚ ਕੀਤਾ ਗਿਆ। ਵਿਆਹ ਤੇ ਆਤਿਸ਼ਬਾਜ਼ੀ ਚਲੀ ਤੇ ਤੋਪਾਂ ਦੀ ਸਲਾਮੀ ਦਿੱਤੀ ਗਈ। ਲਕਸ਼ਮੀਬਾਈ ਗੰਗਾਧਰ ਰਾਓ ਦੀ ਦੂਸਰੀ ਪਤਨੀ ਸੀ। ਪਹਿਲੀ ਬੇਔਲਾਦ ਹੀ ਇਸ ਸੰਸਾਰ ਤੋਂ ਰੁਖਸਤ ਹੋ ਗਈ।

## ਵਿਆਹੁਤਾ ਜੀਵਨ

ਵਿਆਹ ਤੋਂ ਬਾਦ ਰਿਵਾਜ਼ ਅਨੁਸਾਰ ਮਨੀਕਾਰਨਿਕਾ ਦਾ ਨਾਮ ਵੀ ਬਦਲ ਗਿਆ। ਹੁਣ ਉਹ ਲਕਸ਼ਮੀ ਬਾਈ ਸੀ। ਨਾਮ ਬਦਲਣਾ ਰਾਜ ਘਰਾਣਿਆਂ ਦੀ ਖਾਸ ਪਰੰਮਪਰਾ ਸੀ। ਵਿਆਹੁਤਾ ਜੀਵਨ ਬਾਰੇ ਜ਼ਿਆਦਾ ਕਿਆਸ ਅਰਾਈਆਂ ਹੀ ਹਨ, ਤੇ ਬਹੁਤੀਆਂ ਗੰਗਾਧਰ ਰਾਓ ਬਾਰੇ। ਜਿਸਨੂੰ ਹਰ ਤਰ੍ਹਾਂ ਦੀਆਂ ਲਾਹਨਤਾਂ ਨਾਲ ਨਿਵਾਜਿਆ ਗਿਆ। ਗੇ (ਹਮਜਿਨਸੀ) ਤੋਂ ਲੈਕੇ ਅਯਾਸ ਤੇ 'ਰਖੇਲ ਰਖੀ' ਦੇ ਤਾਹਨੇ ਉਸਦੀ ਪਿੱਠ ਪਿੱਛੇ ਉਗਦੇ ਤੇ ਝੜ ਜਾਂਦੇ। ਕੁਝ ਵੀ ਵਿਚਾਰਨ ਤੋਂ ਪਹਿਲਾਂ ਉਨ੍ਹਾ ਦੀ ਉਮਰ ਦਾ ਅੰਤਰ ਵੇਖਦਿਆਂ ਹੀ ਲਕਸ਼ਮੀ ਨਾਲ ਹਮਦਰਦੀ ਜੁੜ ਜਾਂਦੀ ਹੈ। ਇਹ ਵੀ ਗੱਲ ਸਮਝ ਵਿਚ ਆਉਂਦੀ ਦਿਸਦੀ ਹੈ ਕਿ ਮਨੀਕਾਰਨਿਕਾ ਨੇ ਸਟੇਟਸ ਵੇਖਦਿਆਂ ਹੀ ਇਸ ਉਮਰ ਦੀਆਂ ਸਧਰਾਂ ਨਾਲ ਸਮਝੌਤਾ ਕੀਤਾ। ਮਨੀਕਾਰਨਿਕਾ ਨੂੰ ਵੀ ਔਰਤ ਦੀਆਂ ਵਿਅਕਤੀਗਤ ਮਾਨਸਿਕਤਾ ਨਾਲੋਂ ਸਮਾਜਿਕ ਰੁਤਬੇ ਦੀ ਜ਼ਿਆਦਾ ਪਰਵਾਹ ਸੀ। ਇਹ ਵਰਤਾਰਾ ਕਿਸਤਰ੍ਹਾਂ ਵਧਿਆ, ਇਹ ਸਮਝਣ ਲਈ ਸਾਡੀ ਸੋਚ ਆਪਣੇ ਆਪ ਹੀ ਸਮਾਜ ਦੀ ਬਣਤਰ ਵਲ ਚਲੇ ਜਾਂਦੀ ਹੈ। ਦੰਪਤੀ ਜੀਵਨ ਨਾਲੋਂ ਸੰਯੁਕਤ ਖਾਨਦਾਨ ਦੀ ਸ਼ਾਨੋ ਸ਼ੌਕਤ ਸਾਡੇ ਸਾਹਮਣੇ ਆਉਂਦੀ ਹੈ। ਪਰ ਇਸਦਾ ਸੰਦਰਭ ਸਿਰਫ ਉਚ ਸੁਸਾਇਟੀ ਨਾਲ ਹੀ ਹੈ। ਇਹ ਜ਼ਰੂਰੀ ਨਹੀ ਕਿ ਇਸਦਾ ਸਿਧਾ ਸਬੰਧ ਆਮ ਜਨਤਾ ਨਾਲ ਵੀ ਜੁੜਦਾ ਹੋਵੇ ਤੇ ਵੇਖਣ ਵਾਲੀ ਗੱਲ ਇਹ ਵੀ ਹੈ ਕਿ ਸਥਾਨਕ ਲੋਕਾਂ ਦਾ ਦਿੱਤਾ ਸਾਥ ਲਕਸ਼ਮੀਬਾਈ ਦੀ ਮੁਕੰਮਲ ਵਿਅਕਤੀਤਵ ਦਾ ਅਕਸ ਬਣਦਾ ਦਿਸਦਾ ਹੈ। ਸਮਾਜ ਸਾਸ਼ਤਰੀਆਂ ਨੇ ਇਸਦੀ ਪੁਣ ਛਾਣ ਕੀਤੀ ਹੋਈ ਹੈ ਤੇ ਕਈ ਕਿਤਾਬਾਂ ਇਤਿਹਾਸ ਦੀਆਂ ਆਪੋ ਆਪਣੀ ਦ੍ਰਿਸ਼ਟੀ ਤੋਂ ਲਿਖੀਆ ਗਈਆਂ ਹਨ।

ਲਕਸ਼ਮੀਬਾਈ ਕਮਾਲ ਦੀ ਘੋੜ ਸਵਾਰ ਸੀ। ਉਸਨੂੰ ਘੋੜਿਆਂ ਦੀ ਪਹਿਚਾਣ ਸੀ। ਹਥਿਆਰਾਂ ਤੇ ਪਕੜ, ਉਸਦੀ ਨਿੱਤ ਦਿਨ ਦੀ ਪਰੈਕਟਿਸ ਦਾ ਨਤੀਜਾ ਸੀ। ਉਸਨੇ ਇੱਕ ਔਰਤਾਂ ਦੀ ਰੈਜਮੈਂਟ ਵੀ ਤਿਆਰ ਕੀਤੀ ਹੋਈ ਸੀ। ਉਸਦੀ ਜੀਵਨ-ਜਾਚ ਤੋਂ ਅਸੀ ਸਹਿਜੇ ਹੀ ਇਸ ਰੈਜਮੈਂਟ ਦਾ ਅੰਦਾਜ਼ਾ ਲਾ ਸਕਦੇ ਹਾਂ। ਜਨਾਨ-ਖਾਨੇ ਦੀ ਸਕਿਉਰਟੀ ਤੇ ਦੇਖ ਭਾਲ ਇਨ੍ਹਾਂ ਔਰਤ ਗਾਰਡਾਂ ਦੁਆਰਾ ਕੀਤੀ ਜਾਂਦੀ। ਕਈ ਮੌਕਿਆਂ ਤੇ ਇਹ ਔਰਤ-ਰੈਜ਼ਮੈਂਟ ਲੜਾਈਆਂ ਵਿਚ ਹਿੱਸਾ ਲੈਂਦੀਆਂ। ਜਿਹੜੀ ਗੱਲ ਹੈਰਾਨ ਕਰਨ ਵਾਲੀ ਲਗਦੀ ਹੈ, ਉਹ ਇਹ ਹੈ ਕਿ ਸਾਰੇ ਪ੍ਰਬੰਧ ਉਪਲਬਦ ਹੋਣ ਦੇ ਬਾਵਜੂਦ ਰਾਣੀ ਆਪ ਇਨ੍ਹਾ ਦੀ ਟਰੇਨਿੰਗ ਇੰਚਾਰਜ ਸੀ।

ਕਿਹਾ ਜਾਂਦਾ ਹੈ ਕਿ 1851 ਵਿਚ ਲਕਸ਼ਮੀ ਬਾਈ ਨੇ 1851 ਵਿਚ ਇੱਕ ਬੇਟੇ ਨੂੰ ਜਨਮ ਦਿੱਤਾ ਪਰ ਤਿੰਨ ਮਹੀਨੇ ਬਾਦ ਹੀ ਉਸਦੀ ਮੌਤ ਹੋ ਗਈ। ਇਹ ਠੀਕ ਹੈ ਜਾਂ ਗਲਤ ਪਰ 1853 ਵਿਚ ਜਦੋਂ ਗੰਗਾਧਰ ਰਾਓ ਦੀ ਮੌਤ ਹੋਈ ਇਹ ਬੇਔਲਾਦ ਸਨ। ਜਦੋਂ ਉਹ ਬਿਮਾਰ ਸੀ ਤੇ ਉਸਦੀ ਮੌਤ ਦੀ ਇੰਤਜਾਰ ਕੀਤੀ ਜਾ ਰਹੀ ਸੀ ਉਸਤੇ ਜੋਰ ਪਾਇਆ ਗਿਆ ਕਿ ਉਹ ਕਿਸੇ ਨੂੰ ਮੁਤਬੰਨਾ ਬਣਾ ਲਵੇ। ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਹੀ ਉਸਨੇ ਢਿਲੀ ਮੱਠੀ ਹਾਮੀ ਭਰੀ। ਉਨ੍ਹਾਂ ਨੇ ਪੰਜ ਸਾਲ ਦਾ ਬੱਚਾ ਜਿਸਦਾ ਨਾਮ

ਦਮੋਦਰ ਰਾਓ ਸੀ ਤੇ ਜੋ ਗੰਗਾਧਰ ਦੀ ਰਿਸ਼ਤੇਦਾਰੀ ਵਿਚੋਂ ਸੀ ਨੂੰ ਗੋਦ ਲੈ ਲਿਆ। ਖਾਸ ਮਕਸਦ ਨਾਲ ਕਿਸੇ ਨੂੰ ਭੁਲੇਖਾ ਨਾ ਰਹੇ ਖਾਸ ਤੌਰ ਤੇ ਕੰਪਨੀ ਨੂੰ, ਉਨ੍ਹਾ ਨੇ ਇਸ ਰਸਮ ਵਿਚ ਸਥਾਨਕ ਬ੍ਰਿਟਿਸ਼ ਅਫਸਰ, ਰਾਜਨੀਤਕ ਏਜਟ, ਮੇਜਰ ਐਲਸ ਤੇ ਕੈਪਟਨ ਮਾਰਟਿਨ ਨੂੰ ਸੱਦਾ ਦਿੱਤਾ ਗਿਆ ਤਾਂ ਕਿ ਸਮਾਰੋਹ ਦਾ ਸਬੂਤ ਰਹੇ।

ਇਸ ਵਕਤ ਹੀ ਇੱਕ ਵਸੀਅਤ ਬਣਾਈ ਗਈ ਤੇ ਈਸਟ ਇੰਡੀਆ ਕੰਪਨੀ ਨੂੰ ਬੇਨਤੀ ਕੀਤੀ ਗਈ ਕਿ ਦਮੋਦਰ ਰਾਓ ਨੂੰ ਗੰਗਾਧਰ ਦਾ ਬੇਟਾ ਤਸਲੀਮ ਕਰ ਲਿਆ ਜਾਵੇ ਅਤੇ ਲਕਸ਼ਮੀ ਬਾਈ ਨੂੰ ਰਾਜ ਦਾ ਪ੍ਰਤੀਨਿਧ ਮੰਨ ਲਿਆ ਜਾਵੇ। ਵਸੀਅਤ ਮੇਜਰ ਐਲਸ ਨੂੰ ਪੜ੍ਹਕੇ ਸੁਣਾਈ ਗਈ। ਚਿੱਠੀ ਰਾਹੀਂ ਗਵਾਲੀਅਰ ਤੇ ਬੰਦੇਲਖੰਡ ਦੇ ਪੁਲੀਟੀਕਲ ਏਜੰਟ ਮੇਜਰ ਮੈਲਕੌਮ ਨੂੰ ਸੂਚਿਤ ਕੀਤਾ ਗਿਆ। ਗੰਗਾਧਰ ਦੇ ਦਾਦਾ ਜੀ ਨੇ ਬ੍ਰਿਟਿਸ਼ ਨਾਲ ਇੱਕ ਸੰਧੀ ਤੇ ਦਸਖ਼ਤ ਕੀਤੇ ਹੋਏ ਸਨ ਜਿਸ ਅਨੁਸਾਰ ਉਸਦੇ ਵਾਰਿਸ ਝਾਂਸੀ ਰਿਆਸਤ ਦੇ ਰਾਜੇ ਸਵਿਕਾਰੇ ਜਾਣਗੇ। ਉਤਰਾ ਅਧਿਕਾਰੀ ਦਾ ਇਤਿਹਾਸ ਕੁਝ ਗੁੰਝਲਦਾਰ ਹੋ ਗਿਆ ਸੀ ਜਦੋਂ ਬੇਔਲਾਦ ਰਾਜਾਂ ਦੇ ਜਾਨਸ਼ੀਨਾਂ ਬਾਰੇ ਕੰਪਨੀ ਨੇ ਵਖਰੇ ਫੈਸਲੇ ਲੈਕੇ ਉਨ੍ਹਾ ਰਿਆਸਤਾਂ ਵਿਚ ਸਿੱਧਾ ਦਖਲ ਦਿੱਤਾ ਸੀ ਤੇ ਇਸ ਮਕਸਦ ਲਈ ਕੰਪਨੀ ਨੇ ਕੁਝ ਵਖਰੀ ਕਿਸਮ ਦੀਆਂ ਸੰਧੀਆਂ ਵੀ ਹੋਂਦ ਵਿਚ ਲੈ ਆਂਦੀਆ ਸਨ। ਉਨ੍ਹਾਂ ਸੰਧੀਆ ਦੇ ਬਾਵਜੂਦ ਝਾਂਸੀ ਦੇ ਹੁਕਮਰਾਨ ਬ੍ਰਿਟਿਸ਼ ਪੱਖੀ ਸਨ, ਜਦੋਂ ਦੀ ਉਨ੍ਹਾ ਦੇ ਰਾਜ ਤੇ ਕੰਪਨੀ ਦੀ ਸੰਧੀ ਹੋਂਦ ਵਿਚ ਆਈ ਸੀ। ਇਹ ਕੋਈ ਵੀ ਕਿਆਸ ਅਰਾਈ ਨਹੀ ਸੀ ਕਿ ਉਤਰਾ ਅਧਿਕਾਰੀ ਦਾ ਮਸਲਾ ਕੋਈ ਸਮਸਿਆ ਬਣ ਜਾਵੇਗਾ।

ਗੰਗਾਧਰ ਦੀ ਮੌਤ 21 ਨਵੰਬਰ 1853 ਨੂੰ ਹੁੰਦੀ ਹੈ। ਵਸੀਅਤ ਵਿਚ ਲਕਸ਼ਮੀ ਬਾਈ ਦਾ ਸਤੀ ਹੋਣਾ ਰੋਕ ਦਿੱਤਾ ਗਿਆ ਸੀ। ਕੁਝ ਇਹ ਵੀ ਕਹਿੰਦੇ ਹਨ ਕਿ ਲਕਸ਼ਮੀ ਬਾਈ ਨੇ ਸਤੀ ਹੋਣ ਦੀ ਪ੍ਰਥਾ ਨਾਲ ਮਾਣ ਪ੍ਰਾਪਤ ਕਰਨ ਤੋਂ ਨਾਂਹ ਕਰ ਦਿੱਤੀ ਸੀ। ਵੈਸੇ ਵੀ 1829 ਵਿਚ ਬ੍ਰਿਟਿਸ਼ ਹਕੂਮਤ ਨੇ ਇਸ ਰਸਮ ਨੂੰ ਗੈਰ ਕਾਨੂੰਨੀ ਘੋਸ਼ਿਤ ਕਰ ਦਿੱਤਾ ਸੀ। ਚਲੀ ਆ ਰਹੀ ਪ੍ਰਥਾ ਅਨੁਸਾਰ ਕਿਤੇ ਕਿਤੇ ਸਤੀ ਦੀ ਰਸਮ ਅਜੇ ਵੀ ਜਾਰੀ ਸੀ। ਅਸਲ ਵਿਚ ਲਕਸ਼ਮੀ ਬਾਈ ਨੇ ਆਪਣੇ ਅਫਸੋਸ ਦੇ ਦਿਨ ਵੀ ਸਰਕਾਰੀ ਤੌਰ ਤੇ ਘਟਾ ਦਿੱਤੇ ਸਨ। ਉਹ ਘਰ ਦੇ ਅੰਦਰ ਥੋੜੇ ਦਿਨ ਰਹੀ ਜਦ ਕਿ ਉਮੀਦ ਜ਼ਿਆਦਾ ਦਿਨਾਂ ਦੀ ਕੀਤੀ ਜਾ ਰਹੀ ਸੀ। ਅਸਲ ਵਿਚ ਇਹ 13 ਦਿਨਾਂ ਦਾ ਸੋਗ ਹੁੰਦਾ ਹੈ ਕਿ ਵਿਧਵਾ ਘਰ ਦੇ ਅੰਦਰ ਰਹਿ ਕੇ ਪੂਰਾ ਕਰਦੀ ਸੀ। ਲਕਸ਼ਮੀ ਬਾਈ ਨੇ ਆਪਣਾ ਸਿਰ ਵੀ ਨਹੀ ਮੁੰਡਵਾਇਆ, ਵੰਗਾਂ ਵੀ ਨਹੀ ਤੋੜੀਆਂ ਤੇ ਵਿਧਵਾ ਦਾ ਲਿਬਾਸ ਵੀ ਨਹੀ ਪਾਇਆ।

1853 ਤਕ ਰਾਜ ਅਜੇ ਵੀ ਈਸਟ ਇੰਡੀਆ ਕੰਪਨੀ ਦੇ ਹੱਥ ਵਿਚ ਹੀ ਸੀ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨਾਲ ਖਤੋ ਕਿਤਾਬਤ ਹੋਈ। ਇੰਡੀਆ ਦਾ ਹਰ ਕਾਨੂੰਨ ਵਖਰੇ ਸੰਦਰਭ ਵਿਚ ਵਖਰੇ ਰਾਜਾਂ ਨਾਲ ਕੀਤਾ ਜਾ ਰਿਹਾ ਸੀ। ਕਈ ਤੇ ਨੋਟੀਫਿਕੇਸ਼ਨ ਦਾ ਸਟੇਟਸ ਹੀ ਰਖਦੇ ਸਨ, ਪਰ ਹਨੇਰੀ ਗਰਦੀ ਚਲ ਰਹੀ ਸੀ। ਝਾਂਸੀ ਦਾ ਰਾਜ ਐਸਾ ਸੀ ਜਿਸਦਾ ਰਾਜ ਪ੍ਰਬੰਧ ਅੰਗਰੇਜ਼ ਦੇ ਹੱਥ ਨਾ ਹੋਕੇ ਪਰਿਵਾਰ ਦੀ ਸੁਲਤਾਨ ਸ਼ਾਹੀ ਨਾਲ ਚਲ ਰਿਹਾ ਸੀ। ਝਾਂਸੀ ਦੇ ਰਾਜ ਪਰਿਵਾਰ ਨੇ ਸਾਰੇ ਸਮੇਂ ਦੋਰਾਨ

ਬ੍ਰਿਟਿਸ਼ ਨਾਲ ਬੜੇ ਨਿੱਘੇ ਸਬੰਧ ਬਣਾ ਕੇ ਰਖੇ ਹੋਏ ਸਨ। 1817 ਤੋਂ ਜਦੋਂ ਤੋਂ ਅੰਗਰੇਜ਼ ਨਾਲ ਸੰਧੀ ਹੋਈ ਸੀ ਇਹ ਸਬੰਧ ਵਧੀਆ ਚਲੇ ਆ ਰਹੇ ਸਨ। ਗੰਗਾਧਰ ਰਾਓ ਨੇ ਆਪਣੀ ਵਸੀਅਤ ਵਿਚ ਇਸਦਾ ਉਘੜਵਾਂ ਜ਼ਿਕਰ ਕੀਤਾ ਹੋਇਆ ਸੀ। ਡਾਕਟਰਾਈਨ ਔਫ ਲੈਪਸ ਦਾ ਸਿਧਾਂਤ ਲਾਰਡ ਡਲਹੌਜੀ  ਆਪਣੀ ਜੇਬ ਵਿਚ ਹੀ ਪਾਕੇ ਸੌਂਦਾ ਸੀ, ਉਹ ਗੋਦ ਲਏ ਹੋਏ ਵਾਰਿਸ ਨੂੰ ਉਤਰਾ ਅਧਿਕਾਰੀ ਨਹੀ ਮੰਨਦਾ ਸੀ। ਇਸ ਨਾਲ ਕਾਨੂੰਨੀ ਉਲਝਣਾ ਪੈ ਗਈਆਂ। ਭਾਰਤੀ ਸੰਸਕ੍ਰਿਤੀ ਅਨੁਸਾਰ ਸਭਤੋਂ ਵਡਾ ਪੁੱਤਰ ਕੁਝ ਰਸਮਾਂ ਅਦਾ ਕਰਦਾ ਹੈ ਜੋ ਉਸਦੀ ਆਤਮਕ ਸ਼ਾਤੀ ਤੇ ਜਨਮ ਤੋਂ ਬਾਦ ਉਸਦੀ ਆਤਮਾ ਨੂੰ ਨਰਕ ਤੋਂ ਬਚਾਵੇ। ਇਹ ਲਗਭਗ ਰੋਮਨ ਕੈਥੋਲਿਕ ਵਾਂਗ ਹੀ ਸੀ। ਸੋ ਗੋਦ ਲਏ ਪੁੱਤਰ ਦੀ ਕਾਨੂੰਨੀ ਮਾਨਤਾ ਨੂੰ ਨਾ ਮੰਨਣਾ ਭਾਰਤੀ ਮਾਨਸਿਕਤਾ ਨੂੰ ਠੇਸ ਪਹੁੰਚਾਉਂਣ ਦੇ ਤੁਲ ਸੀ। ਝਾਂਸੀ ਦੇ ਰਾਜੇ ਦੀ ਮੌਤ ਤੋਂ ਬਾਦ ਉਸਦੀ ਅੰਤਿਮ ਇੱਛਾ  ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਝਾਂਸੀ ਰਿਆਸਤ ਦੀ ਬ੍ਰਿਟਿਸ਼ ਰਾਜ ਵਿਚ ਸ਼ਮੂਲੀਅਤ ਦਾ ਐਲਾਨ ਕਰ ਦਿੱਤਾ ਗਿਆ।

ਰਾਜਨੀਤਕ ਏਜੰਟ ਮੇਜਰ ਮੈਲਕੌਮ ਦੀ ਲਕਸ਼ਮੀ ਬਾਈ ਬਾਰੇ ਲਿਖਤੀ ਟਿਪਣੀ ਕਾਬਿਲੇ ਗੌਰ ਹੈ। "ਬਹੁਤ ਹੀ ਸਤਿਕਾਰਯੋਗ ਅਤੇ ਸਵੈਮਾਣ ਵਾਲੀ ਆਦਰਯੋਗ ਹੈ ਤੇ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਉਹ ਪੂਰੇ ਇਨਸਾਫ ਨਾਲ ਰਾਜ ਕਰਨ ਵਾਲੀ ਸਾਬਤ ਹੋ ਸਕਦੀ ਹੈ। " ਐਸੀ ਰਾਏ ਰਖਣ ਵਾਲਾ ਮੇਜਰ ਮੈਲਕੌਮ ਇੱਕਲਾ ਹੀ ਨਹੀ ਸੀ। ਐਸਾ ਵੀ ਨਹੀ ਸੀ ਕਿ ਇੱਕ ਔਰਤ ਭਾਰਤ ਜਾਂ ਇੰਗਲੈਂਡ ਵਿਚ ਰਾਜ ਨਹੀ ਕਰ ਸਕਦੀ। ਇਸਦਾ ਇਕੋ ਇੱਕ ਕਾਰਣ ਲਾਲਚ ਸੀ।

-ਦਸੰਬਰ 3, 1853 ਨੂੰ ਰਾਣੀ ਲਕਸ਼ਮੀ ਬਾਈ ਨੇ ਇਸ ਫੈਸਲੇ ਵਿਰੁਧ ਅਪੀਲ ਕਰ ਦਿੱਤੀ। ਸਥਾਨਿਕ ਪੁਲੀਟੀਕਲ ਏਜੰਟ ਮੇਜਰ ਐਲਸ ਨੇ ਇਸਦੇ ਹੱਕ ਵਿਚ ਚਿੱਠੀ ਲਿਖੀ। ਮੇਜਰ ਮੈਲਕੌਮ ਨੂੰ ਹਵਾ ਦੇ ਰੁਖ ਦਾ ਪਤਾ ਲੱਗ ਗਿਆ ਸੀ ਇਸ ਲਈ ਉਸਨੇ ਇਹ ਅੱਗੇ ਫਾਰਵਰਡ ਹੀ ਨਹੀ ਕੀਤੀ। ਦੂਸਰੀ ਅਪੀਲ ਫਰਵਰੀ 16, 1854 ਨੂੰ ਕੀਤੀ ਗਈ ਜੋ ਨਾਮੰਨਜ਼ੂਰ ਹੋ ਗਈ।

ਇਸਤੋਂ ਬਾਦ ਲਕਸ਼ਮੀ ਬਾਈ ਨੇ ਬ੍ਰਿਟਿਸ਼ ਕੌਂਸਲ, ਜੌਨ ਲੈਂਗ ਨਾਲ ਗਲਬਾਤ ਕੀਤੀ ਜੋ ਉਸ ਵਕਤ ਇੰਡੀਆ ਸੀ ਤੇ ਕੰਪਨੀ ਖਿਲਾਫ ਅਦਾਲਤ ਵਿਚ ਕੁਝ ਕਾਮਯਾਬੀ ਹਾਸਲ ਕੀਤੀ। ਤੀਸਰੀ ਅਪੀਲ ਲਈ ਥਾਂ ਹੋ ਗਿਆ। ਜੌਨ ਲੈਂਗ ਆਪਣੀ ਕਿਤਾਬ 'ਵਾਨਡਰਿੰਗਜ਼ ਇੰਨ ਇੰਡੀਆ'ਵਿਚ ਜ਼ਿਕਰ ਕਰਦਾ ਹੈ ਕਿ ਰਾਣੀ ਨਾਲ ਮਸ਼ਵਰੇ ਦੌਰਾਨ ਉਸਨੇ ਉਸ ਵੇਲੇ ਦਾ ਮਸ਼ਹੂਰ ਹੋਇਆ ਸਲੋਗਨ ਬੋਲਿਆ ਸੀ, 'ਮੇਰਾ ਝਾਂਸੀ ਨਹੀ ਦੇਂਗੇ'। ਜੌਨ ਲੈਂਗ ਦੀ ਕਿਤਾਬ ਤੋਂ ਲਕਸ਼ਮੀ ਬਾਈ ਦੇ ਵਿਅਕਤੀਤਵ ਦਾ ਪਤਾ ਲਗਦਾ ਹੈ। ਜੌਨ ਲੈਂਗ ਮੁਤਾਬਕ ਇੱਕ ਸਿਵਿਲ ਸਰਵਿਸ ਅਧਿਕਾਰੀ ਨੇ ਜੋ ਕਿਸੇ ਵੇਲੇ ਗਵਰਨਰ ਜਨਰਲ ਦਾ ਏਜੰਟ ਰਿਹਾ ਸੀ, ਨੇ ਰਾਣੀ ਨੂੰ ਮੇਰੇ ਨਾਲ ਮਿਲਣ ਲਈ ਕਿਹਾ ਸੀ। ਝਾਂਸੀ ਦੀ ਇਹ ਸ਼ਮੂਲੀਅਤ ਗੈਰ ਰਾਜਨੀਤਕ, ਇਨਸਾਫ ਹੀਨ ਤੇ ਬਿਨ੍ਹਾਂ ਕਿਸੇ ਯੋਗ ਕਾਰਣ ਦੇ ਸੀ। ਉਸ ਵੇਲੇ ਬ੍ਰਿਟਿਸ਼ ਵਿਚ ਵੀ ਲੌਰਡ ਡਲਹੋਜ਼ੀ ਦੇ ਫੈਸਲਿਆਂ ਦੀ ਨੁਕਤਾਚੀਨੀ ਹੋ ਰਹੀ ਸੀ।

ਤੀਸਰੀ ਅਪੀਲ ਅਪ੍ਰੈਲ 22 1854 ਨੂੰ ਕੀਤੀ ਗਈ ਜਿਸਨੂੰ ਜੌਨ ਲੈਂਗ ਦੀ ਸਲਾਹ ਨਾਲ ਡਰਾਫਟ ਕੀਤਾ ਗਿਆ। ਇਹ ਅਪੀਲ ਲੰਡਨ ਦੇ ਕੋਰਟ ਔਫ ਡਾਇਰੈਕਟਰਜ਼ ਨੂੰ ਮੁਖਾਤਿਬ ਸੀ। ਇਸਦਾ ਖਰਚਾ ਵੀ ਝਲਿਆ ਗਿਆ ਪਰ ਇਹ ਵੀ ਖਾਰਜ਼ ਹੋ ਗਈ। ਰਾਣੀ ਲਕਸ਼ਮੀ ਨੇ 1856 ਨੂੰ ਆਪਣੀ ਪਟੀਸ਼ਨ ਨੂੰ ਜਿੰਦਾ ਰਖਣ ਦੀ ਕੋਸ਼ਿਸ਼ ਕੀਤੀ। ਉਸਦੀਆਂ ਲਗਾਤਾਰ ਕੋਸ਼ਿਸਾਂ ਨਾਲ ਲਾਰਡ ਡਲਹੌਜ਼ੀ ਖਿਝ ਰਿਹਾ ਸੀ।

ਸਰ ਜੌਨ ਕਾਏ, ਬ੍ਰਿਟਿਸ਼ ਮਿਲਟਰੀ ਇਤਿਹਾਸਕਾਰ ਜੋ ਈਸਟ ਇੰਡੀਆ ਕੰਪਨੀ ਤੇ ਇੰਡੀਆ ਦੋਵਾਂ ਲਈ ਕੰਮ ਕਰਦਾ ਸੀ ਦਾ ਕਹਿਣਾ ਸੀ ਕਿ ਝਾਂਸੀ ਬਾਰੇ ਲਿਆ ਗਿਆ ਫੈਸਲਾ ਇਤਨਾ ਤੰਗ ਦਿਲਾ ਤੇ ਮੂਰਖਤਾ ਪੂਰਨ ਸੀ ਕਿ ਇਸਤੋਂ ਬਿਨ੍ਹਾਂ ਵਧੀਆ ਪ੍ਰਬੰਧ ਹੋ ਸਕਦਾ ਸੀ। ਇਹ ਸਿਰਫ ਚਿੰਗਾਰੀ ਪੈਦਾ ਕਰਨ ਵਾਲੀ ਗੱਲ ਹੀ ਸੀ। ਜਿਨ੍ਹਾਂ ਹੋਰ ਲੋਕਾਂ ਨੇ ਇਸ ਮੁਕਦਮੇ ਦੀ ਥਾਹ ਪਾਈ, ਉਨ੍ਹਾ ਦਾ ਵੀ ਇਹ ਵਿਚਾਰ ਸੀ ਕਿ ਇਹ ਸ਼ਮੂਲੀਅਤ 1817 ਦੀ ਸੰਧੀ ਦੀ ਭਾਵਨਾ ਦੇ ਹੀ ਉਲਟ ਸੀ। ਡਲਹੌਜ਼ੀ ਦਾ ਤਰਕ ਬਿਲਕੁਲ ਨਿਰਾਧਾਰ ਸੀ ਤੇ ਇਹ ਕੋਈ ਦੂਰ ਅੰਦੇਸ਼ੀ ਦਾ ਫੈਸਲਾ ਸਾਬਤ ਹੋਣ ਵਾਲਾ ਨਹੀ ਸੀ। ਈਸਟ ਇੰਡੀਆ ਕੰਪਨੀ ਕਿਸੇ ਵੀ ਅਦਾਲਤ ਨੂੰ ਜੁਆਬਦੇਹ ਨਹੀ ਸੀ। ਤਾਕਤ ਦੀ ਸੀਮਾ ਇਹੋ ਸੀ ਕਿ ਇਸਨੂੰ ਰਾਜਨੀਤਕ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਤੇ ਸੰਭਵਤਾ ਕੋਈ ਵਿਚਲਾ ਰਸਤਾ ਤਲਾਸ਼ਿਆ ਜਾਂਦਾ ਜੋ ਲੋਕ ਰੋਹ ਨੂੰ ਪ੍ਰਚੰਡ ਕਰਨ ਵਾਲਾ ਨਾ ਹੁੰਦਾ। ਇਹ ਲੈਪਸ ਵਾਲਾ ਫਾਰਮੂਲਾ ਤੇ ਇਸਦਾ ਗੈਰ ਜ਼ਰੂਰੀ ਪ੍ਰਯੋਗ 1857 ਦੀ ਬਗਾਵਤ ਵਿਚ ਇੱਕ ਵਡਾ ਕਦਮ ਸਾਬਤ ਹੋਇਆ ਜਿਸਤੋਂ ਸਹਿਜੇ ਹੀ ਬਚਿਆ ਜਾ ਸਕਦਾ ਸੀ। ਰਾਣੀ ਨੂੰ ਜਬਰਦਸਤੀ ਰਿਟਾਇਰ ਕਰ ਦਿੱਤਾ ਗਿਆ। ਪੰਜ ਹਜ਼ਾਰ ਰੁਪਿਆ ਮਾਸਿਕ ਭੱਤਾ, ਮਹਿਲ ਜਿਸਨੂੰ ਹੁਣ ਰਾਣੀ ਮਹਿਲ ਕਿਹਾ ਜਾਂਦਾ ਸੀ। ਰਾਜ ਦੇ ਗਹਿਣੇ ਤੇ ਫੰਡ ਦਿੱਤੇ ਗਏ।

## ਝਾਂਸੀ ਤੇ ਬ੍ਰਿਟਿਸ਼ ਦਾ ਰਾਜ ਪ੍ਰਬੰਧ---

ਸ਼ਮੂਲੀਅਤ ਤੋਂ ਬਾਦ ਐਲਸ ਤੇ ਸੰਭਵਤਾ ਮਾਰਟਿਨ ਨੂੰ ਬਦਲ ਦਿੱਤਾ ਗਿਆ ਤੇ ਉਨ੍ਹਾਂ ਦੀ ਜਗ੍ਹਾ ਕੈਪਟਨ ਅਲੈਗਜ਼ਡਰ ਸਕੇਨ ਤੇ ਕੈਪਟਨ ਡਨਲਪ ਨੇ ਲੈ ਲਈ। ਇਹ ਦੋਵੇਂ ਭਾਰਤੀ ਮਾਮਲਿਆਂ ਵਿਚ ਅਨਾੜੀ ਸਨ ਤੇ ਰਾਣੀ ਨਾਲ ਸੁਹਿਰਦਤਾ ਨਹੀ ਰਖਦੇ ਸਨ। ਇਸ ਸਹਾਨੂਭੁਤੀ  ਤੋਂ ਬਿਨ੍ਹਾਂ ਵੀ ਰਾਣੀ ਸਿਦਕ-ਦਿਲੀ ਨਾਲ ਰਹਿ ਰਹੀ ਸੀ। ਅਗਲੇ ਤਿੰਨ ਸਾਲ ਲਗਾਤਾਰ ਆਪਣੇ ਲੋਕਾਂ ਨਾਲ ਜੁੜੀ ਰਹੀ ਤੇ ਬ੍ਰਿਟਿਸ਼ ਖਿਲਾਫ ਉਨ੍ਹਾਂ ਦੇ ਰੋਸ ਨੂੰ ਹੋਰ ਹਵਾ ਦਿੰਦੀ ਰਹੀ ਤੇ ਆਪਣੇ ਵੀ ਪਰ ਤੋਲਦੀ ਰਹੀ। ਦਸ ਸਾਲ ਹੋ ਗਏ ਸਨ, ਲਕਸ਼ਮੀ ਬਾਈ ਨੂੰ  ਝਾਂਸੀ ਦੀ ਰਾਣੀ ਬਣਿਆ ਤੇ ਲੋਕ ਚੰਗੀ ਤਰ੍ਹਾਂ ਉਸਨੂੰ ਜਾਣਦੇ ਸਨ ਤੇ ਉਹ ਲੋਕਾਂ ਦੀ ਰਗ ਪਹਿਚਾਣਦੀ ਸੀ। ਇਹ ਵੀ ਉਸਦੇ ਹੱਕ ਵਿਚ ਜਾ ਰਿਹਾ ਸੀ ਕਿ ਆਪਣੇ ਲੋਕਾਂ ਨੂੰ ਭੜਕਾਉਂਣ ਦੀ ਲੋੜ ਵੀ ਘਟ ਪਈ ਕਿਉਂਕਿ ਇਹ ਕੰਮ ਅੰਗਰੇਜ਼ ਆਪੇ ਹੀ ਕਰੀ ਜਾਂਦੇ ਸਨ।

## ਰਾਣੀ ਦੇ ਇਨਸਾਫ ਪ੍ਰਤੀ ਰੋਸ ਤੇ ਉਸਦੇ ਪ੍ਰਭਾਵ—

❋ ਉਸਨੇ ਗੰਗਾਧਰ ਰਾਓ ਦੀ ਜਾਤੀ ਜਾਇਦਾਦ ਲਈ ਸਕਿਉਰਟੀ ਦਾ ਬੰਦੋਬਸਤ ਕਰਵਾਉਂਣ ਲਈ ਅਰਜ਼ੀ ਦਿੱਤੀ ਤਾਂ ਕਿ ਇਹ ਜਾਇਦਾਦ ਜੋ ਟਰਸਟੀ ਵਜੋਂ ਉਸਦੀ ਜ਼ਿੰਮੇਵਾਰੀ ਸੀ ਤਾਂ ਕਿ ਆਪਣੇ ਮੁਤਬੰਨੇ ਬੇਟੇ ਲਈ ਸੁਰਖਿਅਤ ਰਹਿ ਸਕੇ। ਇਸ ਲਈ ਇਨਕਾਰ ਕਰਕੇ ਡਲਹੌਜ਼ੀ ਨੇ ਆਪਣੀ ਤੰਗਦਿਲੀ ਦਾ ਸਬੂਤ ਦਿੱਤਾ।

❋ ਗੰਗਾਧਰ ਰਾਓ ਦਾ ਜਾਤੀ ਕਰਜਾ ਜੋ 36000 ਰੁਪਏ ਸੀ ਦੀ ਜ਼ਿੰਮੇਵਾਰੀ ਰਾਣੀ ਸਿਰ ਜਾਤੀ ਤੌਰ ਤੇ ਪਾ ਦਿੱਤੀ ਗਈ ਜਦ ਕਿ ਇਹ ਰਿਆਸਤ ਦਾ ਕਰਜ਼ਾ ਸਮਝਿਆ ਜਾਂਣਾ ਚਾਹੀਦਾ ਸੀ। ਸਕੇਨ ਨੇ ਇਸ ਕਾਰਜ ਦੀ ਤਸਦੀਕ ਕੀਤੀ ਪਰ ਸਰ ਜੌਨ ਕਾਏ ਇਸਨੂੰ ਹੱਦ ਦਰਜ਼ੇ ਦੀ ਕਮੀਨਗੀ ਦਸਦਾ ਹੈ।

❋ ਬ੍ਰਿਟਿਸ਼ ਨੇ ਸ਼ਹਿਰਾਂ ਵਿਚ ਗਊ ਮਾਰਨ ਦੀ ਇਜਾਜਤ ਦਿੱਤੀ। ਇਹ ਹਿੰਦੂ ਧਰਮ ਤੇ ਸਿਧਾ ਹਮਲਾ ਸਮਝਿਆ ਗਿਆ ਤੇ ਰਾਣੀ ਨੇ ਅਗਸਤ 21, 1854 ਨੂੰ ਇਸਦਾ ਵਿਰੋਧ ਦਰਜ਼ ਕਰਦਿਆਂ ਇਕ ਚਿੱਠੀ ਲਿਖੀ। ਛਾਉਣੀ ਵਿਚ ਗਾਂ ਦਾ ਮਾਸ ਵੇਚਣ ਵਿਰੁਧ ਹਿੰਦੂ ਫੌਜੀਆਂ ਨੇ ਛਾਉਣੀ ਵਿਚ ਰੋਸ ਪ੍ਰਦਰਸ਼ਨ ਕੀਤਾ। ਸਕੇਨ ਨੇ ਦਬਾਵ ਥੱਲੇ ਆਕੇ ਮੀਟ ਦੀ ਵਿਕਰੀ ਬੰਦ ਕਰਨ ਵਿਚ ਆਪਣੀ ਤੇ ਸਟੇਟ ਦੀ ਹੇਠੀ ਸਮਝੀ ਤੇ ਇਹ ਮਾਸ ਵੇਚਣ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹੀ।

❋ ਅੰਗਰੇਜ਼ ਐਡਮਿਨਸਟਰੇਟਰ ਨੇ ਉਹ ਪਿੰਡ ਜੋ ਮਹਾਂਲਕਸ਼ਮੀ ਦੇ ਮੰਦਰ ਲਈ ਸਪੈਸ਼ਲ ਕੀਤੇ ਹੋਏ ਸਨ। ਇਹ ਉਹ ਪਿੰਡ ਸਨ ਜਿਨ੍ਹਾਂ ਵਿਚ ਰਾਜ ਪਰਿਵਾਰ ਦੀ ਦੇਵੀ ਦਾ ਮੰਦਰ ਸੀ ਤੇ ਲੋਕ ਤੇ ਰਾਜ ਪਰਿਵਾਰ ਇਸਨੂੰ ਪਵਿਤਰ ਦਰਜੇ ਨਾਲ ਨਿਵਾਜਦੇ ਸਨ, ਦਾ ਸਪੈਸ਼ਲ ਸਟੇਟਸ ਖਤਮ ਕਰ ਦਿੱਤਾ ਗਿਆ। ਰਾਣੀ ਦੇ ਭਤੇ ਵਿਚ 1000 ਰੁਪਏ ਦਾ ਵਾਧਾ ਕਰ ਦਿੱਤਾ ਗਿਆ ਤਾਂ ਜੋ ਉਹ ਸਿਰਫ ਮੰਦਰ ਦੀ ਦੇਖਭਾਲ ਕਰ ਸਕੇ।

❋ ਰਾਣੀ ਨੇ ਗੰਗਾਧਰ ਦੀਆਂ ਅੰਤਿਮ ਕਿਰਿਆਵਾਂ ਦੇ ਸਬੰਧ ਵਿਚ ਰੀਤ ਅਨੁਸਾਰ ਜੋ ਜ਼ਮੀਨ ਤਿੰਨ ਵਿਅਕਤੀਆਂ ਨੂੰ ਦਾਨ ਵਜੋਂ ਦਿੱਤੀ ਸੀ, ਉਹ ਸਟੇਟ ਵਲੋਂ ਵਾਪਸ ਲੈ ਲਈ ਗਈ।

❋ ਉਹ ਜ਼ਮੀਨ ਤੇ ਬਾਗ ਬਗੀਚੇ ਜੋ ਪਹਿਲਾਂ ਰਾਣੀ ਨੂੰ ਦਿੱਤੇ ਗਏ ਸਨ। ਕੁਝ ਨੂੰ ਛਡਕੇ ਬਾਕੀ ਵਾਪਸ ਲੈ ਲਏ ਗਏ।

❋ ਰਾਣੀ ਤੋਂ ਚਾਰ ਗਰੰਟਰਾਂ ਦੀ ਇੱਕ ਇੱਕ ਲੱਖ ਰੁਪਏ ਵਾਲਿਆਂ ਦੀ ਮੰਗ ਕੀਤੀ ਗਈ ਜਦੋਂ ਉਸਨੇ ਆਪਣੇ ਮੁਤਬੰਨੇ ਬੇਟੇ ਦਮੋਦਰ ਦੀ ਜਨੇਊ ਰਸਮ ਪੂਰੀ ਕਰਨੀ ਸੀ ਤੇ ਇਹ ਸਮਾਗਮ ਦਮੋਦਰ ਦੇ ਟਰਸਟ ਵਿਚੋਂ ਖਰਚ ਹੋਣੀ ਸੀ। ਦਲੀਲ ਇਹ ਦਿੱਤੀ ਗਈ ਕਿ ਜਦੋਂ ਦਮੋਦਰ ਅਡਲਟ ਹੋਇਆ ਜੇ ਉਸਨੇ ਇਸ ਰਕਮ ਦਾ ਹਿਸਾਬ ਪੁੱਛਿਆ ਤੇ ਜੇ ਇਸ ਪੈਸੇ ਦੀ ਮੰਗ ਕੀਤੀ ਗਈ ਤਾਂ ਜੇ ਰਾਣੀ ਨਾ ਦੇ ਸਕੀ ਤਾਂ ਗਰੰਟਰਾਂ ਕੋਲੋਂ ਵਸੂਲ ਕੀਤੀ ਜਾਵੇ। ਪਰ ਅਸਲ ਵਿਚ ਹਕੀਕਤ ਇਹ ਹੈ ਕਿ ਜਦੋਂ ਦਮੋਦਰ ਵਡਾ ਹੋਇਆ ਉਸਨੂੰ ਕੰਪਨੀ ਵਲੋਂ ਕੁਝ ਵੀ ਨਹੀ ਦਿੱਤਾ ਗਿਆ।

ਜਦੋਂ ਰਾਣੀ ਨੇ ਵਾਰਾਨਸੀ ਜਾਕੇ ਆਪਣਾ ਸਿਰ ਮੁੰਡਵਾ ਕੇ ਵਿਧਵਾ ਦੀ ਸਧਾਰਣ ਜ਼ਿੰਦਗੀ ਬਿਤਾਉਣ ਲਈ ਇਜਾਜ਼ਤ ਮੰਗੀ ਤਾਂ ਉਹ ਵੀ ਉਸਨੂੰ ਨਹੀ ਦਿੱਤੀ ਗਈ। ਅਸਲ ਵਿਚ ਲਗਦਾ ਇਹ ਹੈ ਕਿ ਰਾਣੀ ਨੇ ਇਹ ਇਜਾਜ਼ਤ ਸਿਰਫ ਝਾਂਸੀ ਤੋਂ ਬਾਹਰ ਜਾਣ ਲਈ ਹੀ ਮੰਗੀ ਸੀ। ਅੰਗਰੇਜ਼ ਸਮਝਦਾ ਸੀ ਇਸਤਰ੍ਹਾਂ ਦੀ ਰਾਜਨੀਤੀ। ਰਾਣੀ ਦਾ ਝਾਂਸੀ ਵਿਚ ਰਹਿੰਣਾ ਉਨ੍ਹਾਂ ਦੇ ਹਿੱਤ ਵਿਚ ਸੀ ਤੇ ਉਹ ਸਰੀਰਕ ਤੌਰ ਤੇ ਉਨ੍ਹਾਂ ਦੀ ਨਿਗਰਾਨੀ ਹੇਠ ਸੀ।

ਝਾਂਸੀ ਦੇ ਲੋਕਾਂ ਦੇ ਰੋਸ –

❁ ਝਾਂਸੀ ਦਾ ਅਦਾਲਤ ਸਿਸਟਮ ਭੰਗ ਕਰ ਦਿੱਤਾ ਗਿਆ। ਇਸ ਨਾਲ ਝਾਂਸੀ ਦੀ ਸਥਨਿਕ ਫੌਜ, ਅਦਾਲਤ ਵਿਚ ਕੰਮ ਕਰਨ ਵਾਲਿਆਂ ਦੀ ਨੌਕਰੀ ਖਤਮ ਹੋ ਗਈ ਪਰ ਇਸਦਾ ਪ੍ਰਭਾਵ ਕੁਝ ਘਟ ਹੋਇਆ ਜਦੋਂ ਰਾਣੀ ਨੂੰ ਝਾਂਸੀ ਵਿਚ ਹੀ ਰਹਿੰਣ ਦਿੱਤਾ ਗਿਆ। ਇਹ ਅੰਗਰੇਜ਼ ਦੇ ਹੱਕ ਵਿਚ ਜਾਣ ਵਾਲੀ ਗੱਲ ਸੀ। ਨੌਕਰੀ ਪੇਸ਼ੇ ਦੀਆਂ ਨਵੀਆ ਸੰਭਾਵਨਾਵਾਂ ਅੰਗਰੇਜ਼ ਲੋਕਾਂ ਦੇ ਆਉਣ ਨਾਲ ਕੁਝ ਪੈਦਾ ਹੋਈਆਂ। ਜੋ ਰੋਜ਼ੀ ਰੋਟੀ ਤੇ ਦਿੰਦੀਆਂ ਸਨ, ਰੈਵਿਨੀਊ ਦੀ ਗਤੀ ਵਧੀ ਸੀ ਪਰ ਮਾਨਸਿਕ ਕਸ਼ਟ ਵੀ ਸੀ।

❁ ਜ਼ਮੀਨਾਂ ਦੇ ਨਵੇਂ ਬਖੇੜੇ ਖੜੇ ਹੋ ਗਏ, ਜਿਨ੍ਹਾਂ ਦੀ ਸੈਟਲਮੈਂਟ ਲਈ ਜ਼ਮੀਨ ਦੀ ਸਹੀ ਕੀਮਤ ਪਤਾ ਕਰਨ ਦਾ ਨਵਾਂ ਰੁਝਾਨ ਪੈਦਾ ਹੋਇਆ ਤੇ ਅੰਗਰੇਜ਼ ਦਾ ਸਿਰਫ ਟੈਕਸ ਉਗਰਾਉਣ ਦਾ ਇੱਕ ਟੇਢਾ ਤਰੀਕਾ ਹੀ ਸੀ।

❁ ਅਦਾਲਤ ਵਿਚ ਹਰ ਮੁਕਦਮੇ ਲਈ ਸਟੈਂਪ ਡਿਊਟੀ ਦਾ ਸਿਸਟਮ ਹੋਂਦ ਵਿਚ ਆਇਆ। ਕਈਆਂ ਲਈ ਇਨਸਾਫ ਲੈਣਾ ਮਹਿੰਗਾ ਹੋ ਗਿਆ।

❁ ਲੂਣ ਤੇ ਟੈਕਸ ਲਗਾ ਦਿੱਤਾ ਗਿਆ ਤੇ ਲੂਣ ਦੀ ਪੈਦਾਵਾਰ ਤੇ ਪਾਬੰਧੀ ਠੋਕ ਦਿੱਤੀ ਗਈ। ਲੂਣ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ।

## ਸਮਾਜਿਕ ਤਬਦੀਲੀਆਂ

❁ ਕਰਿਸਚੈਨਿਟੀ ਦੇ ਪ੍ਰਚਾਰਕਾਂ ਦਾ ਕੰਮ ਤੇ ਹੋਂਦ ਲੋਕਾਂ ਵਿਚ ਰੋਹ ਪੈਦਾ ਕਰ ਰਹੀ ਸੀ।

❁ ਬਾਲ ਹਤਿਆ ਤੇ ਖਾਸ ਕਰਕੇ ਕੁੜੀ-ਬਾਲ ਹਤਿਆ ਨੂੰ ਗੈਰ ਕਾਨੂੰਨੀ ਕਰਾਰ ਦੇਣਾ। ਇਹ ਇੱਕ ਵਧੀਆ ਗੱਲ ਸੀ ਪਰ ਇਸਤੋਂ ਪਹਿਲਾਂ ਜੋ ਜਾਗਰਤੀ ਪੈਦਾ ਕਰਨ ਦੀ ਲੋੜ ਸੀ, ਉਹ ਨਹੀ ਕੀਤੀ ਗਈ ਤੇ ਲੋਕਾਂ ਨੇ ਰੀਤਾਂ ਵਿਚ ਸਿਧੀ ਦਖਲ ਅੰਦਾਜੀ ਦੇ ਰੂਪ ਵਿਚ ਇਸਨੂੰ ਲਿਆ।

❁ ਵਿਧਵਾ ਦੀ ਦੂਜੀ ਸ਼ਾਦੀ ਦੀ ਆਗਿਆ।

❁ ਸਤੀ ਰਸਮ ਦਾ ਖਾਤਮਾ

❁ ਧਰਮ ਦੀ ਤਬਦੀਲੀ ਨੂੰ ਉਤਸ਼ਾਹਿਤ ਕਰਕੇ ਈਸਾਈ ਬਨਾਉਣਾ

❋ ਪੱਛਮੀ ਸਿਖਿਆ ਦਾ ਪਾਸਾਰ

❋ ਰੇਲਵੇ ਤੇ ਤਾਰ-ਘਰ ਸਿਸਟਮ ਨੂੰ ਲੋਕਾਂ ਨੇ ਆਪਣੇ ਲਈ ਖਤਰਾ ਸਮਝਿਆ।

ਭਾਵੇਂ ਕੁਝ ਭਾਰਤੀਆ ਨੇ ਕੁਝ ਸੁਧਾਰਾਂ ਦਾ ਸੁਆਗਤ ਵੀ ਕੀਤਾ ਜਿਵੇਂ ਰਾਮ ਮੋਹਨ ਰਾਏ ਨੇ ਕੁਝ ਦਾ ਸੁਆਗਤ ਕੀਤਾ ਪਰ ਬਹੁਤੇ ਇਸਨੂੰ ਆਪਣੀ ਸੰਸਕ੍ਰਿਤੀ ਲਈ ਖਤਰੇ ਵਜੋਂ ਦੇਖ ਰਹੇ ਸਨ। ਉਚੀ ਜਾਤੀ ਵਾਲੇ ਜ਼ਿਆਦਾ ਹੀ ਦੁਖੀ ਸਨ। ਸਤੀ, ਬਾਲ-ਹਤਿਆ ਤੇ ਵਿਧਵਾ ਦੀ ਦੂਜੀ ਸ਼ਾਦੀ ਵਰਗੇ ਸੁਧਾਰਾਂ ਨੂੰ ਉਨ੍ਹਾਂ ਨਾਂ-ਪੱਖੀ ਵਤੀਰੇ ਨਾਲ ਲਿਆ। ਧਰਮ ਪਰਿਵਰਤਨ ਤੇ ਪੱਛਮੀ ਸਿਖਿਆ ਉਨ੍ਹਾ ਦੇ ਸਮਾਜਿਕ ਰੁਤਬੇ ਤੇ ਸਮਾਜਿਕ ਅਧਿਕਾਰਾਂ ਲਈ ਖਤਰਾ ਸਨ।

## ਰਿਟਾਇਰਮੈਂਟ ਵਿਚ ਰਹਿ ਰਹੀ ਰਾਣੀ—

ਰਾਣੀ ਨੂੰ ਕਰੋਧਿਤ ਕਰਨ ਲਈ ਬਹੁਤ ਕੁਝ ਕੀਤਾ ਗਿਆ ਤੇ ਕਈ ਕੁਝ ਲਈ ਇਨਕਾਰ ਕੀਤਾ ਗਿਆ। ਧੱਕੇ ਨਾਲ ਨੁੱਕਰੇ ਲਾਈ ਰਾਣੀ ਦੇ ਇਸ ਹਾਲਤ ਦੇ ਹੱਕ ਵੀ ਜਾਣ ਬੁੱਝ ਕੇ ਇਨਕਾਰੇ ਜਾਣ ਲੱਗੇ। ਉਸ ਲਈ ਵੀ ਜੋ ਉਸਦੀਆਂ ਬੁਨਿਆਦੀ ਲੋੜਾਂ ਸਨ। ਉਸਦੇ ਪਤੀ ਦੇ ਕਰਜੇ ਰਾਜ ਦੀ ਜ਼ਿੰਮੇਵਾਰੀ ਸੀ ਜੋ ਉਸਦੇ ਜਾਤੀ ਭਤਿਆਂ ਵਿਚੋ ਮਨਫੀ ਹੋਣ ਲਗੀ। ਕੁਝ ਅੰਗਰੇਜ਼ ਸਲਾਹਕਾਰਾਂ ਦੀ ਸਲਾਹ ਉਸਨੂੰ ਦੋਚਿੱਤਾ ਕਰ ਦਿੰਦੀ। ਕੈਪਟਨ ਅਲੈਗਜ਼ਡਰ ਸਕੇਨ, ਜੋ ਪੁਲੀਟੀਕਲ ਏਜੰਟ ਸੀ, ਉਸਤੋਂ ਉਹ ਕਾਫੀ ਪ੍ਰਭਾਵਿਤ ਸੀ। ਇਹ ਵੀ ਪਤਾ ਨਹੀ ਲਗਦਾ ਸੀ ਕਿ ਉਸਦਾ ਜੀਵਨ ਢੰਗ ਕਿਹੋ ਜਿਹਾ ਸੀ ਤੇ ਉਹ ਐਸੇ ਹਾਲਾਤਾਂ ਵਿਚ ਕੀ ਸੋਚਦੀ ਸੀ?ਪਤੀ ਦੀ ਮੌਤ ਤੋਂ ਬਾਦ ਰਿਵਾਜਨ ਉਸਨੂੰ ਪਰਦਾ ਕਰਨਾ ਚਾਹੀਦਾ ਸੀ, ਐਸਾ ਹੀ ਕੁਲੀਂਨ ਔਰਤ ਤੋਂ ਆਸ ਕੀਤੀ ਜਾਂਦੀ ਸੀ ਪਰ ਉਸਨੇ ਇਸਤਰ੍ਹਾਂ ਨਹੀ ਕੀਤਾ। ਇਸਦਾ ਇੱਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਉਸਨੇ ਅੰਗਰੇਜ਼ ਤੇ ਸਥਾਨਿਕ ਲੋਕਾਂ ਤੇ ਕੁਲੀਨ ਸਮਾਜ ਵਿਚ ਵਿਚਰਨਾ ਸੀ। ਆਪਣੇ ਵਿਰਾਸਤੀ ਸੰਸਕਾਰਾਂ ਤੋਂ ਮੁੱਖ ਮੋੜਕੇ ਉਸਨੇ ਰਾਈਫਲ, ਪਿਸਟਲ ਚਲਾਉਂਣ ਵਿਚ ਮੁਹਾਰਤ ਹਾਸਲ ਕਰਨ ਵਲ ਧਿਆਨ ਦੇਣਾ ਸ਼ੁਰੂ ਕੀਤਾ। ਹਰ ਰੋਜ਼ ਕਸਰਤ ਤੇ ਘੋੜ-ਸਵਾਰੀ ਕਰਨੀ ਜਾਰੀ ਰਖੀ। ਲਗਾਮ ਨੂੰ ਮੂੰਹ ਵਿਚ ਦੰਦਾਂ ਹੇਠ ਲੈਕੇ ਦੋਵਾਂ ਹੱਥਾਂ ਵਿਚ ਤਲਵਾਰ ਲੈਕੇ ਘੋੜ ਸਵਾਰੀ ਦੀ ਮਸ਼ਕ, ਉਸਦੇ ਰੋਜ਼ ਦੇ ਰੁਝੇਵੇਂ ਵਿਚ ਸ਼ਾਮਲ ਸੀ। ਇਹ ਸਾਰੇ ਹਾਲਾਤ 1857 ਤੱਕ ਜਾਰੀ ਰਹੇ।

1857, ਗੰਗਾਧਰ ਦੀ ਮੌਤ ਤੋਂ ਚਾਰ ਸਾਲ ਬਾਦ ਫੌਜ਼ ਦੇ ਕੁਝ ਸਿਪਾਹੀਆਂ ਵਲੋਂ ਬਗਾਵਤ ਸ਼ੁਰੂ ਹੋ ਗਈ। ਇਹ ਸਿਰਫ ਉਤਰੀ ਭਾਰਤ ਤੱਕ ਹੀ ਸੀਮਤ ਸੀ। ਇਹ ਮਈ 10 ਨੂੰ ਮੇਰਟ ਤੋਂ ਸ਼ੁਰੂ ਹੋਈ। ਬਗਾਵਤ ਦੀਆਂ ਕਈ ਵਾਰਦਾਤਾਂ ਹੋਈਆਂ ਯੋਰਪੀਅਨ ਔਰਤਾਂ ਤੇ ਬੱਚਿਆਂ ਵਿਚ ਭਾਜੜ ਪੈ ਗਈ। ਕਈ ਮੌਤਾਂ ਵੀ ਹੋਈਆਂ। ਕੁਝ ਅੰਗਰੇਜ਼ ਸਥਾਨਿਕ ਲੋਕਾਂ ਦੀ ਮਦਦ ਨਾਲ ਭਜਣ ਵਿਚ ਸਫ਼ਲ ਵੀ ਹੋ ਗਏ।

ਜਦੋਂ ਮੇਰਟ ਦੀ ਖਬਰ ਝਾਂਸੀ ਪਹੁੰਚੀ ਤਾਂ ਰਾਣੀ ਨੇ ਆਪਣੀ ਸੁਰਖਿਆ ਲਈ ਇੱਕ ਛੋਟੇ ਗਰੁਪ ਦੇ ਗਾਰਡਜ਼ ਲਈ ਇਜਾਜ਼ਤ ਮੰਗੀ। ਜਿਸ ਲਈ ਕੈਪਟਨ ਸਕੇਨ ਵੀ ਸਹਿਮਤ ਸੀ। ਕੰਮ ਤੇ ਸ਼ੁਰੂ ਹੋ ਹੀ ਚੁੱਕਾ ਸੀ। ਸਕੇਨ ਤੇ ਹੋਰ ਦੂਸਰੇ ਅੰਗਰੇਜ਼ ਅਫਸਰ, ਰਾਣੀ ਦੀ ਅਗਵਾਈ ਲੈਣ ਤੋਂ ਅਸਫਲ ਹੋ ਗਏ ਤੇ ਸੰਭਵ ਬਗਾਵਤ ਬਰੂਹਾਂ ਤੇ ਖੜੀ ਸੀ। ਜੂਨ 5, 1857 ਜਦੋਂ ਬਗਾਵਤ ਦੂਸਰੀਆਂ ਥਾਵਾਂ ਤੇ ਫੁਟ ਚੁੱਕੀ ਸੀ, ਝਾਂਸੀ ਦੇ ਕਿਲ੍ਹੇ ਦੀ ਰਖਿਆ ਕਰਨ ਵਾਲੇ ਗਾਰਡਜ਼ ਨੇ ਬਗਾਵਤ ਦਾ ਝੰਡਾ ਚੁਕ ਲਿਆ। ਅੱਤ ਜ਼ਰੂਰੀ ਦੋ ਕਿਲ੍ਹਿਆਂ ਤੇ ਕਬਜਾ ਕਰਨ ਲਈ ਦੋ ਅੰਗਰੇਜ਼ ਅਫਸਰ ਮਾਰ ਦਿੱਤੇ ਤੇ ਕਈ ਜਖ਼ਮੀ ਹੋ ਗਏ। ਸ਼ਹਿਰ ਤੇ ਕਬਜਾ ਕਰਕੇ ਜੇਲ੍ਹ ਕੈਦੀਆਂ ਨੂੰ ਛੁਡਾ ਲਿਆ। ਦੂਸਰੇ ਬ੍ਰਿਟਿਸ਼ ਤੇ ਯੋਰਪੀਅਨ ਨੇ ਇੱਕ ਕਿਲ੍ਹੇ ਵਿਚ ਪਨਾਹ ਲੈ ਲਈ। ਇਨ੍ਹਾਂ ਦੀ ਗਿਣਤੀ 61 ਸੀ ਤੇ ਬਹੁਤੇ ਔਰਤਾਂ ਤੇ ਬੱਚੇ ਸਨ। ਕੁਝ ਸਥਾਨਿਕ ਲੋਕਾਂ ਦੀ ਮਦਦ ਨਾਲ ਭਜਣ ਵਿਚ ਵੀ ਕਾਮਯਾਬ ਹੋ ਗਏ। ਜਿਹੜੇ ਕਿਲ੍ਹੇ ਵਿਚ ਘਿਰ ਗਏ, ਉਨ੍ਹਾਂ ਨੇ ਰਾਣੀ ਨੂੰ ਮਦਦ ਕਰਨ ਦੀ ਅਪੀਲ ਕੀਤੀ। ਰਾਣੀ ਕੋਲ ਬਹੁਤ ਹੀ ਥੋੜੀ ਮਿਲਟਰੀ ਫੋਰਸ ਸੀ। ਇਹ ਵੀ ਸਪਸ਼ਟ ਨਹੀ ਸੀ ਕਿ ਉਹ ਕੀ ਕਰਨ ਵਾਲੀ ਹੈ। ਬਗਾਵਤ ਫੁਟਣ ਤੋਂ ਬਾਦ ਇੱਕ ਛੋਟੀ ਟੁਕੜੀ ਗਾਰਡਾਂ ਦੀ ਦੇਣ ਲਈ ਕੰਪਨੀ ਸਹਿਮਤ ਹੋ ਗਈ ਸੀ ਤੇ ਹੁਣ ਉਹ ਛੋਟੀ ਟੁਕੜੀ ਰਾਣੀ ਕੋਲ ਸੀ। ਬਗਾਵਤੀਆਂ ਨਾਲ ਰਾਣੀ ਦਾ ਕੋਈ ਵੀ ਰਾਜਨੀਤਕ ਤਾਲਮੇਲ ਨਹੀ ਸੀ, ਇਸਲਈ ਰਾਣੀ ਤੇ ਕੋਈ ਇਲਜ਼ਾਮ ਵੀ ਆਇਤ ਨਹੀ ਹੁੰਦਾ ਸੀ।

ਉਸਦਾ ਕੀ ਰਵਈਆ ਹੋਇਗਾ, ਇਹ ਕਿਸੇ ਨੂੰ ਵੀ ਨਹੀ ਪਤਾ ਸੀ। ਇਹਦੇ ਬਾਰੇ ਵਖੋ ਵਖਰੇ ਇਤਿਹਾਸਕਾਰਾਂ ਦੇ ਆਪੋ ਆਪਣੇ ਵਿਚਾਰ ਹਨ। ਐਨਟੋਨੀਆਂ ਫਰੇਜ਼ਰ ਦਾ ਵਰਸ਼ਨ ਜ਼ਿਆਦਾ ਮਸ਼ਹੂਰ ਹੈ, ਇਹ ਵਰਸ਼ਨ ਹੈ "ਵਟ ਕੈਨ ਆਈ ਡੂ? ਜੇ ਤੂੰ ਆਪਣੇ ਆਪ ਨੂੰ ਬਚਾਉਣਾ ਚਾਹੁੰਦੀ ਹੈਂ, ਕਿਲ੍ਹਾ ਛਡ ਦੇ ਕੋਈ ਵੀ ਤੈਨੂੰ ਨੁਕਸਾਨ ਨਹੀ ਪਹੁੰਚਾਇਗਾ। ਉਸ ਅਨੁਸਾਰ ਮੇਰਾ ਇਹ ਖਿਆਲ ਹੈ ਕਿ ਬਗਾਵਤੀ ਰਾਣੀ ਦੇ ਕਿਲ੍ਹੇ ਦੇ ਖਿਲਾਫ ਨਹੀ ਸਨ, ਇਸ ਲਈ ਸਭਦਾ ਵਿਚਾਰ ਸੀ ਕਿ ਲੋਕ ਝਾਂਸੀ ਦੀ ਰਾਣੀ ਨੂੰ ਕੋਈ ਨੁਕਸਾਨ ਨਹੀ ਪਹੁੰਚਾਉਣਗੇ। ਇਸਦੇ ਬਦਲੇ ਰਾਣੀ ਵੀ ਉਨ੍ਹਾ ਨਾਲ ਵਧੀਆ ਵਿਹਾਰ ਹੀ ਕਰੇਗੀ।

ਜੂਨ 7 ਨੂੰ ਬਗਾਵਤੀਆਂ ਨੇ ਟਾਉਨ ਫੋਰਟ ਵੀ ਘੇਰ ਲਿਆ ਤੇ ਕਿਲ੍ਹੇ ਵਾਲਿਆਂ ਨੇ ਆਤਮ ਸਮਰਪਣ ਕਰ ਦਿੱਤਾ। ਬਗਾਵਤੀਆਂ ਨੇ ਕਿਲ੍ਹਾ ਛਡ ਜਾਣ ਲਈ ਬਚਾਵ ਵਾਲਾ ਰਾਹ ਦੇ ਦਿੱਤਾ ਇਹ ਰਾਹ ਉਨ੍ਹਾਂ ਨੂੰ ਝਾਂਸੀ ਤੋਂ ਬਾਹਰ ਲੈ ਜਾਣ ਲਈ ਸੀ। ਬਗਾਵਤੀਆਂ ਵਿਚੋਂ ਇਕ ਨੇ ਇਹ ਹੁਕਮ ਵੀ ਕਰ ਦਿੱਤਾ ਕਿ ਇਨ੍ਹਾ ਨੂੰ ਮਾਰ ਦਿੱਤਾ ਜਾਵੇ। ਰਾਣੀ ਨੇ ਬਗਾਵਤੀਆਂ ਨੂੰ ਪੈਸੇ ਦਿੱਤੇ ਤਾਂ ਕਿ ਉਹ ਗੰਗਾਧਰ ਦੇ ਇੱਕ ਰਿਸ਼ਤੇਦਾਰ ਸਦਾਸ਼ਿਓ ਰਾਉ ਨਰੈਣ ਕੋਲ ਪਹੁੰਚ ਸਕੇ। ਮਿਸਟਰ ਥੋਰਨਟਨ ਜਿਹੜਾ ਉਸ ਵੇਲੇ ਝਾਂਸੀ ਦਾ ਡਿਪਟੀ ਕੁਲੈਕਟਰ ਸੀ ਉਸਦੀ ਰਿਪੋਰਟ ਅਨੁਸਾਰ ਕਿ ਰਾਣੀ ਨੇ ਬਗਾਵਤੀਆਂ ਨੂੰ ਇਹ ਪੈਸੇ ਇਸ ਲਈ ਦਿੱਤੇ ਕਿ ਸਾਰੀ ਮਾਰੋ ਮਾਰੀ ਉਸਦੀ ਹੀ ਸ਼ਹਿ ਤੇ ਸੀ। ਬਾਦ ਦੇ ਕੁਝ ਇਤਿਹਾਸਕਾਰਾਂ ਨੇ ਬਾਦ ਵਿਚ ਇਸਤੋਂ ਵੀ ਵਧਕੇ ਕਿਹਾ ਕਿ ਸਾਰੀ ਬਗਾਵਤ ਪਿੱਛੇ ਰਾਣੀ

ਦਾ ਹੀ ਹੱਥ ਸੀ। ਥੌਰਨਟਨ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਇਹ ਸੁਣੀ ਸੁਣਾਈ ਗੱਲ ਹੈ ਪਰ ਇਸਦਾ ਕੋਈ ਵੀ ਗਵਾਹ ਜਾਂ ਸਬੂਤ ਮੌਜੂਦ ਨਹੀ ਸੀ। ਬਗਾਵਤੀਆਂ ਨੇ ਆਗਰਾ ਵੱਲ ਮੁਹਾਰਾਂ ਮੋੜ ਲਈਆਂ ਤੇ ਉਸ ਬਾਦ ਦਿਲੀ ਤਾਂ ਕਿ 11 ਜੂਨ ਨੂੰ ਬਗਾਵਤੀਆਂ ਦੀ ਸਹੀ ਤੇ ਵਡੇ ਸਮੂਹ ਵਿਚ ਸ਼ਾਮਲ ਹੋਇਆ ਜਾਵੇ।

ਜੂਨ 12 ਨੂੰ ਰਾਣੀ ਨੇ ਬ੍ਰਿਟਿਸ਼ ਰਾਜ ਨੂੰ ਇੱਕ ਚਿੱਠੀ ਲਿਖੀ ਕਿ ਕੀ ਹੋ ਰਿਹਾ ਸੀ ਤੇ ਕੀ ਕਰਨਾ ਚਾਹੀਦਾ ਸੀ। ਉਸ ਅਨੁਸਾਰ ਕਿਹੜੇ ਕਦਮ ਉਹ ਚੁਕਣਾ ਚਾਹੁੰਦੀ ਸੀ ਇਸ ਬਗਾਵਤ ਨੂੰ ਰੋਕਣ ਲਈ ਤੇ ਹਾਲਾਤ ਨੂੰ ਸੁਧਾਰਨ ਲਈ ਮਦਦ ਵਾਸਤੇ ਬੇਨਤੀ ਕੀਤੀ। ਇਹ ਬੜੀ ਭਾਵਨਾ ਭਰੀ ਚਿੱਠੀ ਸੀ ਜੋ ਉਸਦੇ ਮੰਨ ਦੀ ਹਾਲਤ ਦਾ ਪਤਾ ਦਿੰਦੀ ਸੀ। ਪਰ ਇਸਤੋਂ ਪਰਾਂ ਹੋਕੇ ਵੇਖਿਆਂ ਪਤਾ ਲਗਦਾ ਹੈ ਕਿ ਉਸਨੇ ਪਹਿਲਾਂ ਹੀ ਸਥਿਤੀ ਤੇ ਆਪਣੀ ਪਕੜ ਬਣਾ ਲਈ ਸੀ। ਜੂਨ 14 ਨੂੰ ਇਸੇ ਹੀ ਮੁੱਦੇ ਤੇ ਉਸਨੇ ਦੂਸਰੀ ਚਿੱਠੀ ਲਿਖੀ। ਇਸ ਵਿਚ ਉਸਨੇ ਝਾਂਸੀ ਦੀ ਸਥਿਤੀ ਬਿਆਨ ਕੀਤੀ ਤੇ ਦੁਬਾਰਾ ਮਦਦ ਦੀ ਗੁਜਾਰਿਸ਼ ਕੀਤੀ। ਇਹ ਚਿੱਠੀ ਸਹਿਜ ਭਰੀ ਸੀ ਜੋ ਇਹ ਦਸਦੀ ਸੀ ਕਿ ਉਹ ਝਾਂਸੀ ਵਿਚ ਰਾਜ ਪ੍ਰਬੰਧ ਨੂੰ ਠੀਕ ਕਰਨ ਵਿਚ ਬਹੁਤ ਵਿਅਸਤ ਹੈ।

ਇਹ ਚਿੱਠੀ ਮੇਜਰ ਅਰਸਕੇਨ ਨੂੰ ਭੇਜੀ ਗਈ ਜੋ ਇਸ ਵਕਤ ਸਾਗਰ ਦਾ ਕਮਿਸ਼ਨਰ ਸੀ। ਉਸਨੇ ਇਹ ਚਿੱਠੀ ਕਲਕਤੇ ਫਾਰਵਰਡ ਕਰ ਦਿੱਤੀ ਆਪਣਾ ਨੋਟ ਲਾਕੇ, ਜਿਸ ਵਿਚ ਦਰਜ਼ ਸੀ ਕਿ ਉਹ ਇਸਤੇ ਭਰੋਸਾ ਕਰਦਾ ਹੈ ਤੇ ਭਰੋਸੇ ਦਾ ਵਸੀਲਾ ਉਸਦੇ ਆਪਣੇ ਸਰੋਤ ਹਨ। ਜੁਲਾਈ 2 ਨੂੰ ਉਸਨੇ ਝਾਂਸੀ ਨੂੰ ਜੁਆਬ ਵਿਚ ਲਿਖਿਆ ਕਿ ਉਹ ਝਾਂਸੀ ਨੂੰ ਉਨ੍ਹਾਂ ਚਿਰ ਸੰਭਾਲੇ ਜਿਨ੍ਹਾਂ ਚਿਰ ਨਵਾਂ ਸੁਪਰਟੈਂਨਡੈਟ ਨਹੀ ਆ ਜਾਂਦਾ। ਅਰਸਕੈਨ ਦਾ ਇਹ ਰਾਣੀ ਬਾਰੇ ਆਰੰਭਿਕ ਕਦਮ ਕੈਨਿੰਗ ਵਲੋਂ ਸਹੀ ਤਰੀਕੇ ਨਾਲ ਨਹੀ ਲਿਆ ਗਿਆ ਤੇ ਉਸਨੇ ਗਵਰਨਰ ਜਨਰਲ ਨੂੰ ਚਿੱਠੀ ਲਿਖਕੇ ਕਿਹਾ ਕਿ ਉਹ ਅਰਸਕੇਨ ਨੂੰ ਕਿਸੇ ਕਿਸਮ ਦਾ ਬਲੇਮ ਨਹੀ ਦੇਣਾ ਚਾਹੁੰਦਾ ਪਰ ਰਾਣੀ ਨੂੰ ਮਦਦ ਦੇਣ ਦੀ ਕੋਈ ਤੁੱਕ ਨਹੀ ਬਣਦੀ ਕਿਉਂਕਿ ਰਾਣੀ ਦੇ ਭੇਜੇ ਹੋਏ ਹਾਂ ਪੱਖੀ ਸੁਨੇਹੇ, ਝੂਠਾਂ ਦੀ ਪੰਡ ਹਨ। ਉਸਤੇ ਭਰੋਸਾ ਕਰਨਾ ਮੂਰਖਤਾ ਹੋਵੇਗੀ। ਮੇਜਰ ਐਲਸ ਦੀ ਰਿਪੋਰਟ ਸੀ ਕਿ ਰਾਣੀ ਨੇ ਜੋ ਬਗਾਵਤੀਆਂ ਦੀ ਪੈਸੇ, ਹਥਿਆਰ ਤੇ ਮੈਂਨ ਪਾਵਰ ਨਾਲ ਮਦਦ ਕੀਤੀ ਹੈ ਉਸ ਲਈ ਉਸਨੂੰ ਤਾਕਤ ਨਾਲ ਮਜ਼ਬੂਰ ਕੀਤਾ ਗਿਆ। ਇਹ ਸਬੂਤ ਵੀ ਸਨ ਕਿ ਕਿਲ੍ਹੇ ਦੇ ਘੇਰੇ ਤੋਂ ਬਾਦ ਕੀ ਹੋਇਆ ਤੇ ਕਿਸਤਰਾਂ ਰਾਣੀ ਨੇ ਵਿਹਾਰ ਕੀਤਾ। ਪਰ ਅੰਗਰੇਜ਼ ਦਾ ਵਿਹਾਰ ਤੇ ਵਿਚਾਰ ਰਾਣੀ ਦੇ ਉਲਟ ਸੀ।

ਰਾਣੀ ਨੇ ਬਾਕੀ ਗੱਲਾਂ ਛਡ ਅਰਸਕੇਨ ਦੀ ਬੇਨਤੀ ਨੂੰ ਗੰਭੀਰਤਾ ਨਾਲ ਲੈਂਦਿਆਂ, ਝਾਂਸੀ ਵਿਚ ਆਪਣੀ ਸਰਕਾਰ ਬਣਾ ਲਈ ਜਿਸ ਵਿਚ ਆਪਣੇ ਬਾਪ ਨੂੰ ਵੀ ਸ਼ਾਮਲ ਕਰ ਲਿਆ। ਸਥਿਤੀ ਤੇ ਕਾਬੂ ਵੀ ਪਾ ਲਿਆ। ਇਸਤੋਂ ਫੌਰਨ ਬਾਦ, ਉਸਦਾ ਦੂਜਾ ਕੰਮ ਵਿਰੋਧੀ ਕੈਂਪ ਨਾਲ ਨਿਬਟਣਾ ਸੀ। ਜਿਉਂ ਹੀ ਬਗਾਵਤੀਆਂ ਨੇ ਝਾਂਸੀ ਛਡੀ, ਸਦਾਸ਼ਿਓ ਰਾਓ ਨਰੈਣ ਨੇ ਰਾਣੀ ਦਾ ਤਖਤਾ ਪਲਟਣ ਦੀ ਅਸਫਲ ਕੋਸ਼ਿਸ਼ ਕੀਤੀ ਪਰ ਬੜੀ ਅਸਾਨੀ ਨਾਲ ਹੀ ਉਸਦਾ ਇਹ ਕਾਰਾ ਅਸਫਲ ਹੋ ਗਿਆ ਤੇ ਗਰਿਫਤਾਰ ਕਰ

ਲਿਆ ਗਿਆ। ਬਾਦ ਵਿਚ ਅੰਗਰੇਜ਼ ਨੇ ਉਸਨੂੰ ਜਲਾਵਤਨ ਕਰਕੇ ਉਸਦੀ ਜਾਇਦਾਦ ਤੇ ਕਬਜਾ ਕਰ ਲਿਆ। ਇਹ ਉਦੋਂ ਦੀ ਗੱਲ ਹੈ ਜਦੋਂ ਅੰਗਰੇਜ਼ ਨੇ ਝਾਂਸੀ ਨੂੰ ਦੁਬਾਰਾ ਆਪਣੇ ਕਬਜੇ ਵਿਚ ਲਿਆ।

ਝਾਂਸੀ ਦੀ ਰਾਖੀ ਰਾਣੀ ਨੇ ਜੀਅ ਜਾਨ ਨਾਲ ਕੀਤੀ ਜਦੋਂ ਔਰਸ਼ਾ ਤੇ ਦਾਤੀਆ ਨੇ ਝਾਂਸੀ ਤੇ ਹਮਲੇ ਕੀਤੇ। ਔਰਸ਼ਾ ਦੀ ਫੌਜ ਨੇ ਝਾਂਸੀ ਨੂੰ ਅਕਤੂਬਰ 3 ਤੋਂ ਲੈਕੇ 22 ਤੱਕ ਘੇਰੀ ਰਖਿਆ ਜੋ ਇਹ ਕਹਿ ਰਹੇ ਸਨ ਕਿ ਉਹ ਅੰਗਰੇਜ਼ ਦੇ ਕਹਿੰਣ ਤੇ ਹੀ ਇਹ ਕਰ ਰਹੇ ਸਨ। ਇਹ ਗੱਲ ਇਸ ਤੋਂ ਵੀ ਸਾਬਤ ਹੁੰਦੀ ਹੈ ਕਿ ਇਸ ਘੇਰੇ ਵੇਲੇ ਅੰਗਰੇਜ਼ ਨੇ ਝਾਂਸੀ ਦੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸਦਾ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਦੀਆਂ ਸ਼ਤਰੰਜੀ ਚਾਲਾਂ ਤੋਂ ਸੁਚੇਤ ਰਾਣੀ ਨੇ ਫੌਜਾਂ ਨੂੰ ਸਹੀ ਤੌਰ ਤੇ ਸੰਭਾਲਣ ਦੀ ਕਿਰਿਆ ਵੀ ਤੇਜ਼ ਕਰ ਦਿੱਤੀ ਤੇ ਫੌਜ ਵਿਚ ਵਡੀਆਂ ਤਬਦੀਲੀਆਂ ਕਰਕੇ ਆਉਣ ਵਾਲੀ ਘੜੀ ਲਈ ਤਿਆਰ ਖਿਚ ਲਈ। ਹੁਣ ਤੇ ਆਰ ਪਾਰ ਦੀ ਲੜਾਈ ਬਰੂੰਹਾਂ ਤੇ ਖੜੀ ਸੀ। ਇਹ ਹੀ ਉਹ ਵੇਲਾ ਸੀ ਜਦੋਂ ਰਾਣੀ ਬਗਾਵਤੀਆਂ ਨਾਲ ਤਾਲ ਮੇਲ ਪੈਦਾ ਕਰਦੀ। ਇਹ ਬਗਾਵਤੀ ਹੀ ਸਨ ਇਸ ਵੇਲੇ ਜੋ ਮਿਲਟਰੀ ਮਦਦ ਦੇ ਨਾਲ ਨਾਲ ਮੌਰਲ ਸਪੋਰਟ ਵੀ ਦੇ ਸਕਦੇ ਸਨ। ਇਹ ਸਾਰੀਆਂ ਘਟਨਾਵਾਂ ਬ੍ਰਿਟਿਸ਼ ਨਾਲ ਕਰੋ ਜਾਂ ਮਰੋ ਵਾਲੀ ਸਥਿਤੀ ਵਿਚ ਰਾਣੀ ਨੂੰ ਲੈ ਆਈਰੀਆਂ ਸਨ। ਇਸੇ ਸਮੇਂ ਦੌਰਾਨ ਤੇਜੀ ਨਾਲ ਲਾਇਬਰੇਰੀਆਂ ਸਥਾਪਿਤ ਕੀਤੀਆਂ ਗਈਆਂ ਜੋ ਉਸਦੇ ਪਤੀ ਨੂੰ ਸਮਰਪਿਤ ਸਨ ਥੇਟਰ ਚਾਲੂ ਕੀਤੇ ਗਏ ਤਾਂ ਕਿ ਲੋਕਾਂ ਨੂੰ ਆਪਣੀ ਪ੍ਰਭੁਸਤਾ ਦਾ ਪ੍ਰਭਾਵ ਦਸਿਆ ਜਾਵੇ।

## ਅੰਗਰੇਜ਼ਾਂ ਦੀ ਝਾਂਸੀ ਵਿਚ ਵਾਪਸੀ

ਇਸ ਬਾਰੇ ਕੁਝ ਸਰੋਤ ਜਿਨ੍ਹਾ ਅਨੁਸਾਰ ਇਹ ਜਾਣਕਾਰੀ ਮਿਲੀ। ਰਾਣੀ ਦੇ ਸਰ ਰੌਬਰਟ ਹਮਿੰਲਟਨ ਨੂੰ ਲਿਖੀ ਚਿੱਠੀ ਬ੍ਰਿਟਿਸ਼ ਇੰਨਟੈਲੀਜ਼ੈਨਸ ਦੀਆਂ ਰਿਪੋਰਟਾਂ ਗੋਪਾਲ ਰਾਓ ਦੀ ਇੰਨਟੈਲੀਜ਼ੈਨਸ ਦੀ ਰਿਪੋਰਟਰਾਣੀ ਦੀ ਬਾਨਪੁਰ ਨੂੰ ਲਿਖੀ ਚਿੱਠੀ। 1857 ਦੇ ਅੰਤ ਤਕ ਬ੍ਰਿਟਿਸ਼ ਦਿਲੀ ਤੇ ਅਵਧ ਦੀਆਂ ਵਡੀਆਂ ਸਮਸਿਆਵਾਂ ਵਿਚ ਉਲਝੇ ਰਹੇ ਤੇ ਸਾਲ ਅੰਤ ਤਕ ਉਨ੍ਹਾਂ ਨੂੰ ਕੁਝ ਸਾਹ ਲੈਣ ਦੀ ਵੇਹਲ ਮਿਲੀ। ਹੁਣ ਉਨ੍ਹਾਂ ਦਾ ਧਿਆਨ ਛੋਟੀਆਂ ਸਮਸਿਆਵਾਂ ਵਲ ਗਿਆ ਤੇ ਇਨ੍ਹਾਂ ਵਿਚ ਝਾਂਸੀ ਵੀ ਸੀ। ਰਾਣੀ ਦਾ ਬ੍ਰਿਟਿਸ਼ ਨਾਲ ਪਤਰ ਵਿਹਾਰਕ ਸਬੰਧ ਖਤਮ ਹੋ ਚੁੱਕਾ ਸੀ। ਜਨਵਰੀ 1, 1858 ਉਸਨੇ ਸਰ ਰੌਬਰਟ ਹਾਮਿਲਟਨ ਨੂੰ ਝਾਂਸੀ ਦੀ ਹਾਲਤ ਬਾਰੇ ਚਿੱਠੀ ਲਿਖੀ ਤੇ ਇਹ ਜਾਨਣਾ ਚਾਹਿਆ ਕਿ ਅੰਗਰੇਜ਼ ਇਸ ਮਸਲੇ ਤੇ ਹੁਣ ਕੀ ਪੈਂਤੜਾ ਲੈਣ ਵਾਲੇ ਹਨ। ਉਸਨੇ ਇਸ ਚਿੱਠੀ ਦਾ ਕੋਈ ਉਤਰ ਨਹੀ ਦਿੱਤਾ।

ਜਨਵਰੀ 6, ਨੂੰ ਬ੍ਰਿਟਿਸ਼ ਫੋਰਸ ਸਰ ਹਿਊਗ ਰੋਜ਼ ਦੀ ਅਗਵਾਈ ਵਿਚ ਜਿਸ ਨਾਲ ਹਮਿਲਟਨ ਵੀ ਸੀ ਨੇ ਝਾਂਸੀ ਵਲ ਕੂਚ ਕਰ ਦਿੱਤਾ। ਆਪਣੀ ਮਰਜ਼ੀ ਨਾਲ ਸਭ ਕੁਝ ਹੂੰਝਦੇ ਤੁਰੇ ਆ ਰਹੇ ਸਨ। ਰਾਣੀ ਨੂੰ ਪਤਾ ਲੱਗਾ ਕਿ ਇਹ ਕੁਝ ਵੀ ਸਪਸ਼ਟ ਨਹੀ ਦਸ ਰਹੇ ਇਸਲਈ ਇਨ੍ਹਾਂ ਦੇ ਇਰਾਦੇ ਠੀਕ ਨਹੀ ਤੇ ਉਸਨੇ ਵੀ ਸਭਤੋਂ ਬੁਰੀ ਘੜੀ ਵਾਂਗ

ਤਿਆਰੀ ਆਰੰਭ ਦਿੱਤੀ। ਅੰਗਰੇਜ਼ ਫੌਜ ਦਾ ਝਾਂਸੀ ਵਲ ਮਾਰਚ ਕਰਨ ਦਾ ਸਿਰਫ ਇਹੋ ਮਤਲਬ ਨਹੀ ਸੀ ਕਿ ਉਸਨੇ ਆਪਣੇ ਮਾਰੇ ਗਏ ਅਫਸਰਾਂ ਬਦਲੇ ਕੁਝ ਹੋਰ ਅਫਸਰ ਤੈਨਾਤ ਕਰਨੇ ਸਨ, ਬਲਕਿ ਉਨ੍ਹਾਂ ਦੇ ਇਰਾਦੇ ਬੜੇ ਭਿਆਨਕ ਸਨ। ਸਥਾਨਿਕ ਲੋਕਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਦੂਸਰੇ ਸ਼ਹਿਰ ਜਿਵੇਂ ਦਿਲੀ ਤੇ ਲਖਨਉ ਵਿਚਲੇ ਲੋਕਾਂ ਨਾਲ ਬ੍ਰਿਟਿਸ਼ ਨੇ ਕਿਸਤਰ੍ਹਾ ਦਾ ਵਿਵਹਾਰ ਕੀਤਾ ਸੀ। ਰਾਹ ਵਿਚ ਪੈਂਦੇ ਪਿੰਡਾਂ, ਕਸਬਿਆਂ ਨੂੰ ਲਿਤਾੜਦੇ ਆ ਰਹੇ ਸਨ। ਜਿਹੜਾ ਵੀ ਬਗਾਵਤੀ ਫੜ ਲੈਂਦੇ ਉਸਨੂੰ ਮਾਰ ਮੁਕਾਉਂਦੇ। ਨਾ ਕੋਈ ਕੇਸ ਨਾ ਅਪੀਲ ਨਾ ਦਲੀਲ। ਸ਼ਕੀ ਵਿਅਕਤੀ ਵੀ ਮਾਰਿਆ ਜਾਂਦਾ। ਜੇ ਕਿਤੇ ਮੁਕਦਮਾ ਵੀ ਚਲਦਾ ਤਾਂ ਉਹ ਵੀ ਨਾਂ ਮਾਤਰ, ਫੈਸਲਾ ਪਹਿਲਾਂ ਹੀ ਲਿਆ ਹੁੰਦਾ। ਬਹੁਤਿਆਂ ਨੂੰ ਤੇ ਖੌਫਜ਼ਦਾ ਕਰਨ ਲਈ ਹੀ ਮਾਰ ਦਿੱਤਾ ਗਿਆ। ਬੇਤਹਾਸ਼ਾ ਲੁਟ ਮਾਰ ਕੀਤੀ ਗਈ। ਜਖ਼ਮੀਆਂ ਨੂੰ ਮਰਨ ਲਈ ਛਡ ਦਿੱਤਾ ਜਾਂਦਾ ਤੇ ਮਾਲ ਅਸਬਾਬ ਲੁਟ ਲਿਆ ਜਾਂਦਾ। ਜੇ ਕੋਈ ਇਤਰਾਜ਼ ਕਰਦਾ ਤਾਂ ਅੱਖੋ ਪਰੋਖੇ ਕਰ ਦਿੱਤਾ ਜਾਂਦਾ।

ਜਿਹੜੇ ਇਤਰਾਜ਼ ਕਰ ਰਹੇ ਸਨ ਉਨ੍ਹਾ ਵਿਚ ਲੌਰਡ ਕੈਨਿੰਗ, ਉਦੋਂ ਦਾ ਗਵਰਨਰ ਜਨਰਲ ਤੇ ਵਿਕਟੋਰੀਆ ਦੀ ਰਾਣੀ ਵੀ ਸ਼ਾਮਲ ਸੀ। ਡਾ.ਥੌਮਸ ਲੋਅ ਜਿਹੜਾ ਰੋਜ਼ ਫੌਜ ਵਿਚ ਮੈਡੀਕਲ ਅਫਸਰ ਸੀ ਨੂੰ ਇਤਰਾਜ਼ ਕਰਨ ਤੇ ਡਿਸਮਿਸ ਕਰ ਦਿੱਤਾ ਗਿਆ। ਲੋਅ ਦਾ ਲਕਸ਼ਮੀ ਬਾਈ ਬਾਰੇ ਜੋ ਵਿਚਾਰ ਸੀ, ਉਹ ਹੋਰ ਬਹੁਤ ਸਾਰੇ ਬ੍ਰਿਟਿਸ਼ ਦਾ ਸੀ ਕਿ ਉਹ ਇੱਕ ਭਾਰਤ ਦੀ ਬਦਚਲਣ ਔਰਤ ਸੀ, ਜਵਾਨ, ਘੁਮੰਡੀ, ਤਾਕਤ ਵਾਲੀ ਤੇ ਸਮਝੋਤਾ ਨਾ ਕਰਨ ਵਾਲੀ ਰਾਣੀ ਸੀ। ਇਸ ਵਕਤ ਰਾਣੀ ਦੇ ਸਿਰ ਤੇ ਮੌਤ ਦਾ ਭੂਤ ਸਵਾਰ ਸੀ। ਬਹੁਤ ਹੀ ਭਿਆਨਕ ਸਜ਼ਾ ਉਸਦੀ ਉਡੀਕ ਕਰ ਰਹੀ ਸੀ।

ਰੋਜ਼ ਦੀ ਬਗਾਵਤੀਆਂ ਬਾਰੇ ਕੀ ਪਾਲਿਸੀ ਸੀ ਇਸਦਾ ਪਤਾ ਲੈਫਟੈਂਨ ਜੇ. ਬੋਨਸ ਦੀ ਇੱਕ ਚਿੱਠੀ ਤੋਂ ਲਗਦਾ ਹੈ ਜੋ ਉਸਨੇ ਫਰਵਰੀ 13 1858 ਨੂੰ ਆਪਣੇ ਮਾਤਾ ਪਿਤਾ ਨੂੰ ਲਿਖੀ ਸੀ। ਉਹ ਇਸਤਰ੍ਹਾਂ ਹੈ, " ਮੈ ਆਪਣੇ ਘਰ ਰਹਿੰਣ ਵੇਲੇ ਪੇਪਰ ਵਿਚ ਪੜ੍ਹਿਆ ਸੀ ਕਿ ਉਹ ਬਹੁਤ ਹੀ ਨਰਮ ਦਿਲ ਹੈ। ਅਸੀਂ ਵੀ ਇਸ ਤਰ੍ਹਾਂ ਹੀ ਸੋਚਦੇ ਸਾਂ, ਪਰ ਇੱਥੇ ਤਾਂ ਨਰਮ ਦਿਲ ਵਾਲੀ ਕੋਈ ਗੱਲ ਹੀ ਨਹੀ ਸੀ। ਸਰ ਹਿਉਗ ਕੋਈ ਵੀ ਸਥਾਨਿਕ ਬੋਲੀ ਨਹੀ ਜਾਣਦਾ ਸੀ। ਇਸ ਲਈ ਕੈਦੀ ਜੋ ਵੀ ਕਹਿੰਦਾ, ਉਸ ਲਈ ਉਸਦਾ ਕੋਈ ਮਤਲਬ ਨਹੀ ਸੀ। ਉਸਦਾ ਪਹਿਲਾ ਸੁਆਲ ਹੁੰਦਾ, ਕੀ ਇਸ ਆਦਮੀ ਦੇ ਹੱਥ ਵਿਚ ਅਸਲਾ ਸੀ। ਜੇ ਉੱਤਰ ਹਾਂ ਵਿਚ ਹੁੰਦਾ ਤਾਂ ਉਹ ਕਹਿੰਦਾ ਇਸਨੂੰ ਗੋਲੀ ਮਾਰ ਦੇਵੋ। "

ਉਸਦਾ ਹਠੀਲਾਪਨ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਜਦੋਂ ਇੱਕ ਕੇਸ ਵਿਚ ਮੁਕਦਮੇ ਦੀ ਪੈਰਵੀ ਦੌਰਾਨ ਸਾਹੋਰ ਵਿਖੇ 149 ਬਗਾਵਤੀਆਂ ਤੇ ਮੁਕਦਮਾ ਚਲਿਆ। 650 ਆਦਮੀਆਂ ਨੇ ਬਗਾਵਤ ਕੀਤੀ ਸੀ ਪਰ ਬਾਦ ਵਿਚ ਬੈਰਕਾਂ ਵਿਚ ਵਾਪਸ ਆ ਗਏ। ਉਨ੍ਹਾਂ ਤੋਂ ਹਥਿਆਰ ਲੈ ਲਏ ਗਏ ਤੇ ਉਨ੍ਹਾਂ ਵਿਚੋਂ 149 ਤੇ ਮੁਕਦਮਾ ਸ਼ੁਰੂ ਹੋ ਗਿਆ। ਇਹ ਮੁਕਦਮਾ ਇੱਕ ਸਮਰੀ ਮੁਕਦਮਾ ਸੀ ਜਿਵੇਂ ਬਹੁਤ ਹੀ ਛੋਟੇ ਕੇਸਾਂ ਵਿਚ ਹੁੰਦਾ ਹੈ। ਸਮਰੀ ਮੁਕਦਮੇ ਦੇ ਫੌਰਨ ਬਾਦ ਉਨ੍ਹਾਂ ਨੂੰ ਲਾਇਨ ਵਿਚ ਖੜਾ ਕਰਕੇ 150 ਫਾਇਰਿੰਗ

ਸਕਵੈਡ ਗਾਰਡਾਂ ਵਲੋਂ ਗੋਲੀਆਂ ਚਲਾ ਕੇ ਮਾਰ ਦਿੱਤਾ ਗਿਆ। ਕੁਝ ਅਨ੍ਹੇਵਾਹ ਗੋਲੀਆਂ ਨਾਲ ਮਿਸ ਹੋ ਗਏ ਤੇ ਕੁਝ ਜਖ਼ਮੀ ਇਨ੍ਹਾਂ ਬਚਿਆਂ ਨੂੰ ਦੁਬਾਰਾ ਗੋਲੀ ਮਾਰ ਦਿੱਤੀ ਗਈ।

ਐਸੇ ਹਾਲਾਤ ਵਿਚ ਲਕਸ਼ਮੀ ਬਾਈ ਕੋਲ ਕੁਝ ਗੁੰਜਾਇਸ਼ ਨਹੀ ਬਚੀ ਸੀ ਤੇ ਉਸਨੇ 14000 ਵਲੰਟੀਅਰਜ਼ ਦੀ ਫੌਜ ਤਿਆਰ ਕਰ ਲਈ। ਇਹ ਵਲੰਟੀਅਰਜ਼ ਸਥਾਨਿਕ ਸਨ, ਇਸਲਈ ਉਹ ਆਪਣੀ ਹੀ ਲੜਾਈ ਲੜਨ ਵਾਲੇ ਸਨ। 1500 ਬਗਾਵਤੀ ਸਿਪਾਹੀ ਵੀ ਨਾਲ ਰਲ ਗਏ। ਸਰਹਦ ਤੇ ਡੀਫੈਂਸ ਮਜ਼ਬੂਤ ਕਰ ਲਈ ਤੇ ਅੰਗਰੇਜ਼ ਦੇ ਆਉਣ ਦੀ ਇੰਤਜਾਰ ਕਰਨ ਲੱਗੇ। ਇੱਕ ਇੰਨਟੈਲੀਜੈਂਸ ਰਿਪੋਰਟ ਮੁਤਾਬਕ ਫਰਵਰੀ 7 1858, ਸਰ ਰੌਬਰਟ ਹਮਿਲਟਨ ਦਾ ਕਹਿਣਾ ਹੈ, “ਭਾਵੇਂ ਰਾਣੀ ਬ੍ਰਿਟਿਸ਼ ਨਾਲ ਲੜਨਾ ਨਹੀ ਚਾਹੁੰਦੀ ਸੀ ਪਰ ਉਸਨੇ ਸਾਰੇ ਇੰਤਜਾਮ ਕਰ ਲਏ ਸਨ। ਛੇ ਵਡੀਆਂ ਗਨਾਂ ਬਣਾਈਆਂ ਗਈਆਂ ਇਨ੍ਹਾ ਵਾਸਤੇ ਕਾਰਤੂਸ ਤੇ ਪੁਰਾਣੀਆ ਗੰਨਾਂ ਦੀ ਮੁਰਮੰਤ ਕਰਵਾਈ ਗਈ। ਦੌ ਸੌ ਮਣ ਸ਼ੋਰਾ ਗਵਾਲੀਅਰ ਤੋਂ ਖਰੀਦਿਆ ਗਿਆ ਤੇ ਕਿਲ੍ਹੇ ਵਿਚ ਲਿਆਂਦਾ ਗਿਆ। ਹਰ ਰੋਜ਼ ਕਿਲ੍ਹੇ ਵਿਚ ਗਨ ਪਾਉਡਰ ਬਣਨ ਲੱਗਾ। ਅੱਠ ਬੰਦੂਕਚੀ ਬਗਾਵਤੀਆਂ ਵਲੋਂ ਕਲਪੀ ਤੋਂ ਭੇਜੇ ਗਏ ਤੇ ਉਨ੍ਹਾਂ ਨੂੰ ਨੌਕਰੀ ਤੇ ਰਖ ਲਿਆ ਗਿਆ। ਉਹ ਪਿੱਤਲ ਦੇ ਖੋਲਾਂ ਦੀ ਘਾੜਤ ਦੀ ਨਿਗਰਾਨੀ ਕਰਨ ਲਗੇ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਬ੍ਰਿਟਿਸ਼ ਦੇ ਆਉਣ ਤੋਂ ਬਗੈਰ ਹੀ ਰਾਣੀ ਨੇ ਝਾਂਸੀ ਦੀ ਸੁਰਖਿਆ ਦਾ ਬੰਦੋਬਸਤ ਕਰ ਲਿਆ ਸੀ। ਇਹ ਕਿਹਾ ਜਾ ਰਿਹਾ ਸੀ ਕਿ ਇਹ ਤਿਆਰੀ ਬ੍ਰਿਟਿਸ਼ ਖਿਲਾਫ ਨਹੀ ਬਲਕਿ ਆਪਣੇ ਰਿਵਾਇਤੀ ਗੁਆਂਢੀ ਦੁਸ਼ਮਣ ਔਰਛਾ ਲਈ ਹੈ। ਫਰਵਰੀ 14 ਨੂੰ ਰਾਣੀ ਦੇ ਨਾਮ ਤੇ ਇੱਕ ਫਰਮਾਨ ਜਾਰੀ ਕੀਤਾ ਗਿਆ। ਇਹ ਰਾਜ ਦੇ ਦੋਵੇਂ ਫਿਰਕਿਆਂ ਲਈ ਸੀ ਕਿ ਬ੍ਰਿਟਿਸ਼ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ ਜਾਵੇ। ਜੇ ਤੇ ਇਹ ਰਾਣੀ ਵਲੋਂ ਸੀ ਜਿਹੜਾ ਕਿ ਸ਼ਕੀ ਲਗਦਾ ਸੀ, ਪਰ ਜੇ ਇਹ ਰਾਣੀ ਤੋਂ ਵੀ ਬਗਾਵਤ ਕਰਨ ਵਾਲਿਆਂ ਵਲੋਂ ਸੀ ਤਾਂ ਇਹ ਬਗਾਵਤ ਦਾ ਬਗਾਵਤੀਆਂ ਵਲੋਂ ਐਲਾਨ-ਨਾਮਾ ਸੀ। ਬ੍ਰਿਟਿਸ਼ ਦੀਆਂ ਸੂਹੀਆਂ ਸ਼ਾਖਾਵਾਂ ਨੇ ਇਹ ਰਿਪੋਰਟ ਕੀਤਾ ਕਿ ਰਾਣੀ ਨੇ ਅਜੇ ਤੱਕ ਵੀ ਬ੍ਰਿਟਿਸ਼ ਨਾਲ ਲੜਨ ਦਾ ਫੈਸਲਾ ਨਹੀ ਕੀਤਾ। ਇਸ ਮੁੱਦੇ ਤੇ ਉਸਦੇ ਸਲਾਹਕਾਰ ਵੀ ਦੋ ਧਿਰਾਂ ਵਿਚ ਵੰਡੇ ਗਏ। ਇਥੋਂ ਤਕ ਕਿ ਉਸਦਾ ਪਿਤਾ ਵੀ ਬ੍ਰਿਟਿਸ਼ ਫੌਜ ਨੂੰ ਰੋਕਣ ਦੇ ਹੱਕ ਵਿਚ ਸੀ ਪਰ ਉਹ ਅਜੇ ਹਿਚਕਚਾਉਂਦੀ ਸੀ। ਉਸਦੀ ਸਹਿਮਤੀ ਮਾਰਚ 15 ਦੀ ਹੈ।

ਉਸਦੀਆਂ ਭਾਵਨਾਵਾਂ ਭਾਵੇਂ ਕੁਝ ਵੀ ਹੋਣ ਪਰ ਲਕਸ਼ਮੀ ਬਾਈ ਦਾ ਬਗਾਵਤੀਆਂ ਨਾਲ ਗਠਜੋੜ ਹੋ ਗਿਆ। -

❊ ਅੰਗਰੇਜਾਂ ਨੇ ਉਸਨੂੰ ਦੋਸ਼ੀ ਸਮਝ ਲਿਆ ਤੇ ਹਰ ਹਾਲਤ ਵਿਚ ਉਸਨੂੰ ਸਜ਼ਾ ਦੇਣ ਦਾ ਫੈਸਲਾ ਕਰ ਲਿਆ।

❊ ਸਥਾਨਿਕ ਲੋਕਾਂ ਨੇ ਅੰਗਰੇਜ਼ ਦਾ ਰਾਜ ਵੀ ਦੇਖ ਲਿਆ ਸੀ ਪਰ ਆਪਣੇ ਰਾਜ ਵਿਚ ਉਹ ਜ਼ਿਆਦਾ ਸੁਖੀ ਤੇ ਖੁਸ਼ਹਾਲ ਸਨ। ਬ੍ਰਿਟਿਸ਼ ਨੇ ਉਨ੍ਹਾਂ ਦੇ ਰੀਤੀ ਰਿਵਾਜ ਦੀ ਵੀ ਪਰਵਾਹ ਨਹੀ ਕੀਤੀ ਸੀ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਉਹ ਇਸ ਅਣਚਾਹੇ ਰਾਜ ਨੂੰ ਹਰ ਹਾਲਤ ਵਿਚ ਰੋਕਣਾ ਚਾਹੁੰਦੇ ਸਨ।

❋ ਰਾਣੀ ਦੀ ਫੌਜ ਅਸਲ ਵਿਚ ਔਰਛਾ ਗੁਆਂਢੀ ਰਿਵਾਇਤੀ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਹੀ ਉਸਾਰੀ ਗਈ ਸੀ। ਇਹਦੇ ਵਿਚ ਉਹ ਬਗਾਵਤੀ ਸਨ ਜਿਨ੍ਹਾਂ ਦੇ ਸਮਰਪਣ ਦਾ ਮਤਲਬ ਮੌਤ ਸੀ।

❋ ਜਾਤੀ ਤੌਰ ਤੇ ਉਸਦਾ ਪਿਤਾ ਇਹ ਚਾਹੁੰਦਾ ਸੀ ਕਿ ਝਾਂਸੀ ਦਾ ਸਿੰਘਾਸਨ ਉਸਦੀ ਪੁੱਤਰੀ ਨੂੰ ਮਿਲੇ। ਉਸ ਕੋਲ ਇਸ ਯੁਧ ਨੂੰ ਟਾਲਣ ਦੀ ਕੋਈ ਵੀ ਗੁੰਜਾਇਸ਼ ਨਹੀ ਬਚੀ ਸੀ।

## ਝਾਂਸੀ ਦਾ ਘੇਰਾਵ

ਇਸ ਬਾਰੇ ਸਰੋਤ ਜਨਰਲ ਰੋਜ਼ ਦੀ ਰਿਪੋਰਟ ਤੇ ਗੌਡਸੇ ਦੀ ਡਾਇਰੀ ਹੈ।

ਮਾਰਚ 21 1857, ਬ੍ਰਿਟਿਸ਼ ਫੌਜ਼ ਨੇ ਝਾਂਸੀ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ। ਸ਼ਹਿਰ ਨੂੰ ਸਮਰਪਣ ਕਰਨ ਦਾ ਮੌਕਾ ਦਿੱਤਾ ਗਿਆ। ਲਕਸ਼ਮੀ ਬਾਈ ਨੇ ਲੋਕਾਂ ਦੇ ਸਹਿਯੋਗ ਨਾਲ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ। ਸਮਰਪਣ ਨਾਲ ਜੋ ਬਗਾਵਤੀ ਸਿਪਾਹੀ ਉਸ ਨਾਲ ਜੁੜੇ ਸਨ ਦੀ ਸਿਧੀ ਮੌਤ ਸੀ। ਅੰਗਰੇਜ਼ ਇਸਤੋਂ ਵੀ ਅੱਗੇ ਜਾਂਦੇ ਹੋਏ ਰਾਣੀ ਤੇ ਹੋਰ ਲੋਕਾਂ ਨੂੰ ਵੀ ਬਗਾਵਤੀ ਦੀ ਕੈਟੇਗਰੀ ਵਿਚ ਹੀ ਰਖ ਰਹੇ ਸਨ। ਲੋਕਾਂ ਨੂੰ ਇਹ ਵੀ ਹੌਸਲਾ ਸੀ ਕਿ ਪਿਛਲੇ ਸਾਲ ਦੇ ਅਕਤੂਬਰ ਮਹੀਨੇ, ਅੰਗਰੇਜਾਂ ਦੀ ਇਸ ਘੇਰਾਬੰਦੀ ਨੂੰ ਤੋੜ ਤੇ ਹਰਾ ਚੁੱਕੇ ਸਨ। ਉਹ ਇਹ ਆਸ ਵੀ ਲਗਾਕੇ ਬੈਠੇ ਸਨ ਕਿ ਦੂਸਰੇ ਇਲਾਕਿਆਂ ਦੇ ਬਗਾਵਤੀ ਵੀ ਉਨ੍ਹਾਂ ਦੀ ਮਦਦ ਲਈ ਬੌਹੜ ਪੈਣਗੇ। ਸਮਝੌਤੇ ਲਈ ਗਲਬਾਤ ਦਾ ਸਿਲਸਿਲਾ ਵੀ ਚਲਿਆ। ਗੌਡਸੇ ਆਪਣੀ ਡਾਇਰੀ ਵਿਚ ਜ਼ਿਕਰ ਕਰਦਾ ਹੈ ਕਿ ਇੱਕ ਚਿੱਠੀ ਜਿਹੜੀ ਰਾਣੀ ਨੂੰ ਭੇਜੀ ਗਈ ਕਿ ਉਹ ਤੇ ਉਸਦੇ ਖਾਸ ਮਨਿਸਟਰਾਂ ਨੂੰ ਚਾਹੀਦਾ ਹੈ ਕਿ ਕੈਪਟਨ ਰੋਜ਼ ਨੂੰ ਮਿਲਣ ਤੇ ਉਹ ਖਾਲੀ ਹੱਥ ਤੇ ਬਿਨ੍ਹਾਂ ਕਿਸੇ ਗਾਰਡਜ਼ ਤੋਂ ਹੋਣੇ ਚਾਹੀਦੇ ਹਨ। ਰਾਣੀ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਉਹ ਆਪਣੇ ਪਰਾਇਮ ਮਨਿਸਟਰ ਨੂੰ ਫੌਜ ਦੀ ਟੁਕੜੀ ਨਾਲ ਭੇਜ਼ ਸਕਦੀ ਹੈ।

ਦੂਜੇ ਪਾਸੇ ਜਿਹੜਾ ਇਸ ਸਮਝੌਤਾ-ਗਲਬਾਤ ਲਈ ਗਰੁਪ ਬਣਾਇਆ ਗਿਆ ਸੀ ਤੇ ਜੋ ਜਨਰਲ ਰੋਜ਼ ਨੂੰ ਜੁਆਬਦੇਹ ਸੀ। ਲੈਫਟੈਨ ਜੋ ਬਾਦ ਵਿਚ ਜਨਰਲ ਵੀ ਬਣ ਗਿਆ, ਜਿਸਦਾ ਨਾਮ ਲਿਸਟਰ ਸੀ ਉਸ ਮੁਤਾਬਕ ਰਾਣੀ ਤੇ ਸਰ ਰੌਬਰਟ ਹਮਿਲਟਨ ਵਿਚਾਲੇ ਰਾਣੀ ਦੇ ਸਮਰਪਣ ਦੀ ਗਲਬਾਤ ਚਲ ਰਹੀ ਸੀ। ਰੋਜ਼ ਇਸ ਵਰਤਾਰੇ ਨਾਲ ਸਹਿਮਤ ਨਹੀ ਸੀ। ਜੇ ਇਹੋ ਜਿਹੀ ਕੋਈ ਗਲਬਾਤ ਚਲੀ ਸੀ ਤੇ ਹੈਰਾਨੀ ਵਾਲੀ ਗੱਲ ਹੈ ਕਿ ਇਸਦਾ ਕੋਈ ਵੀ ਰਿਕਾਰਡ ਬ੍ਰਿਟਿਸ਼ ਫੌਜ਼ ਦੇ ਰਿਕਾਰਡ ਵਿਚ ਮੌਜੂਦ ਨਹੀ ਹੈ। ਲਕਸ਼ਮੀ ਬਾਈ ਦੀ ਮਦਦ ਦਾ ਮੁਲਾਂਕਣ ਕਰਦਿਆਂ ਪਤਾ ਲਗਦਾ ਹੈ ਕਿ ਉਸਦੇ ਵਲੰਟੀਅਰਜ਼ ਦੀ ਗਿਣਤੀ ਢਾਈ ਲੱਖ ਦੀ ਵਸੋਂ ਵਿਚੋਂ 14000 ਸੀ ਜੇ ਪਰਿਵਾਰਾਂ ਦੀ ਗਿਣਤੀ ਕੀਤੀ ਜਾਵੇ ਤੇ ਜੇ ਛੇ ਨਾਲ ਤਕਸੀਮ ਕੀਤੇ ਜਾਵੇ ਤਾਂ ਇਹ ਗਿਣਤੀ 42000 ਬਣਦੀ ਹੈ ਇਸਦਾ ਮਤਲਬ ਹਰ ਤਿੰਨ ਪਰਿਵਾਰਾਂ ਪਿੱਛੇ ਇੱਕ ਵਿਅਕਤੀ ਵਲੰਟੀਅਰ ਸੀ।

ਉਸਨੇ ਇੱਕ ਔਰਤਾਂ ਦਾ ਟਰੁਪ ਵੀ ਬਣਾਇਆ ਸੀ ਜਿਸਨੂੰ ਫਰੰਟ ਤੇ ਤਾਇਨਾਤ ਕੀਤਾ ਗਿਆ ਸੀ। ਉਨ੍ਹਾਂ ਵਿਚੋਂ ਬਹੁਤਿਆਂ ਦੀ ਮੌਤ ਹੋ ਜਾਣੀ ਲਾਜ਼ਮੀ ਸੀ। ਅੰਗਰੇਜ਼ ਅਫਸਰਾਂ ਨੇ ਵੇਖਿਆ ਕਿ ਚੜ੍ਹਦੀ ਕਲਾ ਤੇ ਪੂਰੀ ਤਿਆਰੀ ਐਨੀ ਜੋਸ਼ ਨਾਲ ਕਿਤੇ ਵੀ ਵੇਖਣ ਨੂੰ ਨਹੀ ਮਿਲੀ ਸੀ। ਐਸੀ ਸੁਹਰਿਦਤਾ ਉਨ੍ਹਾਂ ਦੇ ਆਪਣੇ ਫੌਜੀਆਂ ਵਿਚ ਨਹੀ ਸੀ। ਪਰ ਉਦਾਸ ਕਰਨ ਵਾਲੀ ਗੱਲ ਇਹ ਸੀ ਕਿ ਇਹ ਚੜ੍ਹਦੀ ਕਲਾ ਕਿਸੇ ਵੀ ਤਰ੍ਹਾਂ ਟਰੇਨਿੰਗ, ਡਿਸਪਲਿਨ, ਹਥਿਆਰ ਤੇ ਲੀਡਰਸ਼ਿਪ ਉਹ ਵੀ ਕਾਬਲ ਆਫੀਸਰਾਂ ਦੀ, ਦਾ ਵਿਕਲਪ ਨਹੀ ਸੀ। ਨੰਬਰਾਂ ਦੇ ਹਿਸਾਬ ਨਾਲ ਅੰਗਰੇਜ਼ ਫੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਉਹ ਹਥਿਆਰਾਂ ਨਾਲ ਵੀ ਬੇਹਤਰ ਸੀ।

ਦਸ ਦਿਨ ਤੱਕ ਬ੍ਰਿਟਿਸ਼ ਨੇ ਝਾਂਸੀ ਤੇ ਪੂਰੀ ਗੋਲਾਬਾਰੀ ਕੀਤੀ ਤੇ ਇਹ ਲਗਾਤਾਰ ਹੋਈ ਗਈ। ਇਹ ਗੋਲਾਬਾਰੀ ਬਹੁਤ ਜੋਰਦਾਰ ਸੀ ਪਹਿਲਾਂ ਤਾਂ ਜੁਆਬ ਆਉਂਦਾ ਰਿਹਾ ਤੇ ਬਗਾਵਤੀ ਕਿਸੇ ਵੀ ਤਰਾਂ ਇਸ ਤੋਂ ਬਚਦੇ ਰਹੇ। ਕਮਾਂਡਰ ਰੋਜ਼ ਨੇ ਤਹਈਆ ਕੀਤਾ ਹੋਇਆ ਸੀ ਕਿ ਇਸ ਵਾਰ ਕੋਈ ਢਿਲ ਨਹੀ ਤੇ ਝਾਂਸੀ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ। ਮਾਰਚ 30 ਨੂੰ ਸ਼ਹਿਰ ਦੀ ਦਿਵਾਰ ਤਾਕਤ ਨਾਲ ਤੋੜ ਦਿੱਤੀ ਗਈ ਤੇ ਬਗਾਵਤੀਆਂ ਦੀ 20000 ਫੋਰਸ ਤਾਂਤੀਆ ਤੋਪੇ ਦੀ ਅਗਵਾਈ ਵਿਚ ਆ ਪਹੁੰਚੀ। ਰੋਜ਼ ਨੇ ਇਸ ਫੋਰਸ ਨੂੰ ਹਿਸਿਆਂ ਵਿਚ ਵੰਡ ਦਿੱਤਾ ਤੇ ਬਟਾਵਾ ਦਰਿਆ ਲਾਗੇ ਭਾਂਜ਼ ਦੇਣ ਵਿਚ ਸਫ਼ਲ ਹੋਇਆ ਇਹ ਜਗ੍ਹਾ ਝਾਂਸੀ ਦੇ ਪੂਰਬ ਵਲ ਤੇ ਔਰਛਾ ਦੇ ਉਤਰ ਵਿਚ ਸੀ। ਬਾਗੀਆਂ ਦੇ ਸੈਂਕੜੇ ਮਾਰੇ ਗਏ ਤੇ ਅੰਗਰੇਜ਼ ਦੇ ਸੌ ਤੋਂ ਘਟ ਮਾਰੇ ਗਏ। ਇਕ ਬ੍ਰਿਟਿਸ਼ ਅਫਸਰ ਦਾ ਕਹਿੰਣਾ ਹੈ ਕਿ ਬਾਗੀਆਂ ਨੇ ਨਾ ਤਾਂ ਜਾਨ ਬਖਸ਼ੀ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਕਿਸੇ ਦੀ ਜਾਨ ਬਖਸ਼ੀ। ਬਾਗੀ ਜਾਣਦੇ ਸਨ ਕਿ ਜੇ ਉਹ ਬਚ ਗਏ ਜਾਂ ਸਮਰਪਣ ਕਰ ਗਏ ਫਿਰ ਵੀ ਉਨ੍ਹਾਂ ਵਾਸਤੇ ਮੌਤ ਹੀ ਹੈ। ਹੁਣ ਇੱਥੇ ਸੁਆਲ ਖੜਾ ਹੁੰਦਾ ਹੈ ਕਿ ਰਾਣੀ ਨੇ ਕਿਲ੍ਹੇ ਤੋਂ ਧਾਵਾ ਕਿਉਂ ਨਹੀ ਕੀਤਾ ਤੇ ਅੰਗਰੇਜ਼ ਫੌਜ ਦੀ ਕਮਜ਼ੋਰ ਕੜੀ ਨੂੰ ਤੋੜਣ ਦੀ ਕੋਸ਼ਿਸ਼ ਕਿਉਂ ਨਹੀ ਕੀਤੀ?ਤਾਂਤੀਆ ਤੋਪੇ ਦੇ ਆਉਣ ਨਾਲ ਕਮਾਂਡਰ ਰੋਜ਼ ਨੇ ਉਸਦਾ ਮੁਕਾਬਲਾ ਕਰਨ ਲਈ ਵੀ ਕਮਜ਼ੋਰ ਟੁਕੜੀ ਭੇਜੀ। ਇਸਦਾ ਮਤਲਬ ਇਹੋ ਹੈ ਕਿ ਰੋਜ਼ ਕਿਸੇ ਵੀ ਕੀਮਤ ਤੇ ਘੇਰੇ ਨੂੰ ਕਮਜ਼ੋਰ ਨਹੀ ਕਰਨਾ ਚਾਹੁੰਦਾ ਸੀ ਤੇ ਨਾਲ ਹੀ ਛਲ ਕਪਟ ਨਾਲ ਸ਼ਹਿਰ ਦੇ ਉਤਰੀ ਭਾਗ ਵਿਚ ਕਮਜ਼ੋਰ, ਫੌਜੀ ਟੁਕੜੀ ਭੇਜੀ। ਮੇਜਰ ਗਾਲ, ਜੋ ਇਸ ਛਲ ਵਾਲੇ ਹਮਲੇ ਦਾ ਇੰਨਚਾਰਜ ਸੀ, ਨੇ ਆਪਣੀ ਪਤਨੀ ਨੂੰ ਇੱਕ ਚਿੱਠੀ ਲਿਖਕੇ ਜੋ ਦਸਿਆ ਉਹ ਇਸਤਰ੍ਹਾਂ ਹੈ--

ਮੈ ਤਾਂਤੀਆ ਤੋਪੇ ਤੇ ਕੀਤੇ ਹਮਲੇ ਵਿਚ ਸ਼ਾਮਲ ਨਹੀ ਸੀ। ਘੇਰੇ ਤੋਂ ਬਾਦ ਸ਼ਹਿਰ ਦੀ ਜਿਸ ਦਿਵਾਰ ਨੂੰ ਤੋੜਿਆ ਗਿਆ ਮੇਰੀ ਪੋਸਟ ਬਿਲਕੁਲ ਉਸਦੇ ਦੂਜੇ ਪਾਸੇ ਸੀ। ਸ਼ਹਿਰ ਤੋਂ ਬਾਹਰ ਇਕ ਟੋਲਾ ਆਇਆ। ਰੋਜ਼ ਨੇ ਆਪਣੀਆਂ ਫੌਜਾਂ ਨੂੰ ਹਟਾ ਲਿਆ ਤਾਂ ਕਿ ਉਸ ਦੀ ਫੌਜ ਤਾਂਤੀਆ ਤੋਪੇ ਨੂੰ ਮਿਲ ਸਕੇ। ਉਸਨੇ ਭੇਸ ਬਦਲਿਆ ਹੋਇਆ ਸੀ ਤੇ ਹਨੇਰਾ ਵੀ ਸੀ। ਝਾਂਸੀ ਦੇ ਰਖਿਅਕਾਂ ਨੂੰ ਇਹ ਪਤਾ ਨਹੀ ਸੀ ਕਿ ਉਹ ਇੱਥੋਂ ਜਾ ਚੁੱਕੇ ਸਨ। ਬਗਾਵਤੀਆਂ ਨੂੰ ਹਰਾਕੇ ਰਿਲੀਫ ਫੌਜ ਵਾਪਸ ਆ ਗਈ ਅਪ੍ਰੈਲ 3 ਨੂੰ ਤੜਕੇ ਤਿੰਨ

ਵਜ਼ੇ ਅੰਗਰੇਜ਼ ਫੌਜ ਨੇ ਝਾਂਸੀ ਤੇ ਜੋਰਦਾਰ ਹਮਲਾ ਕਰ ਦਿੱਤਾ। ਇਹ ਯੁਧ ਬਹੁਤ ਹੀ ਭਿਆਨਕ ਸੀ ਤੇ ਰਾਣੀ ਨੇ ਜੋਰਦਾਰ ਮੁਕਾਬਲਾ ਕੀਤਾ ਜਿਵੇਂ ਉਸਨੇ ਘੇਰਾ ਪਾਉਣ ਵੇਲੇ ਕੀਤਾ ਸੀ, ਉਸਦੀ ਔਰਤ ਲੜਾਕਾ ਫੌਜ ਉਸਦੇ ਨਾਲ ਸੀ। ਕਦੇ ਕਦੇ ਹੀ ਉਹ ਅੰਗਰੇਜ਼ ਫੌਜ ਨੂੰ ਦਿਖਾਈ ਦਿੰਦੀ। ਆਪਣੀ ਫੌਜ ਦਾ ਹੌਂਸਲਾ ਵਧਾਉਣ ਲਈ ਉਨ੍ਹਾਂ ਨੂੰ ਉਤਸਾਹਿਤ ਕਰਦੀ। ਕਈ ਵਾਰੀ ਲਗਦਾ ਕਿ ਉਹ ਝਾਂਸੀ ਨੂੰ ਛਡਣ ਦਾ ਇਰਾਦਾ ਰਖਦੀ ਹੈ। ਕਮਾਂਡਰ ਰੋਜ਼ ਦੀ ਸਾਵਧਾਨੀ ਦੇ ਬਾਵਜੂਦ, ਤਿੰਨ ਤੇ ਚਾਰ ਅਪ੍ਰੈਲ ਦੀ ਰਾਤ ਨੂੰ ਰਾਣੀ ਆਪਣੇ ਕੁਝ ਸਾਥੀਆ ਸਮੇਤ ਜਿਨ੍ਹਾ ਵਿਚ ਉਸਦਾ ਬਾਪ ਵੀ ਸ਼ਾਮਲ ਸੀ ਫਰਾਰ ਹੋਣ ਵਿਚ ਸਫਲ ਹੋ ਗਈ। ਮੁਤਬੰਨੇ ਦਮੋਦਰ ਨੂੰ ਉਸਨੇ ਆਪਣੀ ਪਿੱਠ ਤੇ ਬੰਨ੍ਹਿਆ ਹੋਇਆ ਸੀ। ਇਹ ਫਰਾਰੀ ਇਤਨੀ ਕੜੀ ਸੁਰਖਿਆ ਦੇ ਬਾਵਜੂਦ ਵੀ ਕਿਵੇਂ ਹੋਈ ਇਹ ਇੱਕ ਭੇਤ ਹੀ ਹੈ। ਕਈ ਇਹ ਵੀ ਸੋਚਦੇ ਸਨ ਕਿ ਇਹ ਵੀ ਰੋਜ਼ ਦੀ ਚਾਲ ਸੀ। ਉਸਨੇ ਜਾਣ ਬੁਝਕੇ ਉਸਨੂੰ ਭਜ ਜਾਣ ਦਾ ਮੌਕਾ ਦਿੱਤਾ। ਉਹ ਸਮਝਦਾ ਸੀ ਕਿ ਕਿਲ੍ਹੇ ਵਿਚ ਉਹ ਜ਼ਿਆਦਾ ਖਤਰਨਾਕ ਸੀ। ਇਹ ਵੀ ਕਿਹਾ ਜਾਂਦਾ ਸੀ ਕਿ ਕੁਝ ਭਾਰਤੀ ਸਿਪਾਹੀ ਜੋ ਬ੍ਰਿਟਿਸ਼ ਫੌਜ ਵਿਚ ਸਨ ਉਨ੍ਹਾਂ ਨੇ ਇਸ ਕਾਰਜ ਵਿਚ ਉਸਦੀ ਮਦਦ ਕੀਤੀ ਤੀਸਰਾ ਕਾਰਣ ਇਹ ਵੀ ਹੋ ਸਕਦਾ ਸੀ ਕਿ ਫੌਜੀ ਲੁਟਮਾਰ ਵਿਚ ਮਸਰੂਫ  ਹੋ ਗਏ। ਇਹ ਵੀ ਕਿਹਾ ਜਾਂਦਾ ਸੀ ਕਿ ਇੱਕ ਦੂਸਰੀ ਨੌਜਵਾਨ ਔਰਤ ਜਿਸਦਾ ਨਾਮ ਝਲਕਾਰੀ ਕੁਰੀਨ ਨੇ ਰਾਣੀ ਦਾ ਹੁਲੀਆ ਬਣਾਕੇ ਇਹ ਕੁਰਬਾਨੀ ਕੀਤੀ ਤੇ ਬਾਦ ਵਿਚ ਉਹ ਅੰਗਰੇਜ਼ ਫੌਜੀਆ ਵਲੋਂ ਫੜੀ ਗਈ। ਉਸਨੇ ਆਪਣਾ ਮਾਸਕ ਉਦੋਂ ਹੀ ਲਾਹਿਆ ਜਦੋਂ ਉਸਨੂੰ ਰੋਜ਼ ਦੇ ਸਾਹਮਣੇ ਲਿਆਂਦਾ ਗਿਆ। ਹੁਣ ਉਸਦੀ ਕਿਸਮਤ ਦਾ ਫੈਸਲਾ ਹੋਣਾ ਸੀ। ਕਿਹਾ ਜਾਂਦਾ ਹੈ ਕਿ ਉਸਨੂੰ ਮਾਰ ਦਿੱਤਾ ਗਿਆ ਪਰ ਲਿਬਰਾ ਚੈਪਮਨ ਨੂੰ ਪੁੱਛਣ  ਤੇ ਉਸਨੇ ਕੁਝ ਵੀ ਕਹਿੰਣ ਤੋਂ ਨਾਂਹ ਕਰ ਦਿੱਤੀ। ਵਰਿੰਦਾਵਨ ਲਾਲ ਵਰਮਾ ਰਾਣੀ ਦੀ ਮਸਾਲੇ ਵਾਲੀ ਜੀਵਨੀ ਲਿਖਦਿਆਂ ਲਿਖਦਾ ਹੈ ਕਿ—ਜਦੋਂ ਉਸਨੂੰ ਰੋਜ਼ ਦੇ ਸਾਹਮਣੇ ਪੇਸ਼ ਕੀਤਾ ਗਿਆ ਤੇ ਮਾਸਕ ਵੀ ਲਾਹ ਦਿੱਤਾ ਗਿਆ ਤਾਂ ਝਲਕਾਰੀ ਕੋਰੀਨ ਨੇ  ਬਹੁਤ ਠਰਮੇ ਨਾਲ ਕਿਹਾ ਕਿ ਉਹ ਹੀ ਅਸਲੀ ਰਾਣੀ ਸੀ। ਉਹ ਉਸਨੂੰ ਮਾਰ ਦੇਣ ਤੇ ਉਨ੍ਹਾ ਦਾ ਅਸਲੀ ਰਾਣੀ ਨੂੰ ਖੋਜਣਾ ਬੇਕਾਰ ਸੀ ਜਿਸਤਰ੍ਹਾ ਉਹ ਸੋਚਦੇ ਸਨ। ਵਰਿੰਦਾਵਨ ਲਾਲ ਵਰਮਾ ਦਾ ਕਹਿੰਣਾ ਹੈ ਕਿ ਉਹ ਝਲਕਾਰੀ ਨੂੰ ਆਪ ਨਹੀ ਮਿਲ ਸਕਿਆ ਤੇ ਇਹ ਜਾਣਕਾਰੀ ਉਸਦੇ ਪੋਤੇ ਨੂੰ ਪ੍ਰਾਪਤ ਹੋਈ ਹੈ ਜਿਸਨੇ ਇਹ ਵੀ ਦਸਿਆ ਕਿ ਝਲਕਾਰੀ ਕੋਰੀਂ ਬੁੱਢੀ ਹੋਕੇ ਮਰੀ। ਰਫਲ ਵਾਲਡਬਰਗ ਦੇ ਚਿੱਠੀ ਪਤਰ ਤੋਂ ਇਹ ਪਤਾ ਲਗਦਾ ਹੈ ਕਿ ਝਾਂਸੀ ਸ਼ਹਿਰ ਤੇ ਹਮਲਾ ਕੋਈ ਹਫਤਾ-ਅੰਤ ਵਰਗੀ ਵਾਕ ਨਹੀ ਸੀ ਤੇ ਬਿਨ੍ਹਾ ਸ਼ਕ ਝਾਂਸੀ ਦੇ ਲੋਕਾਂ ਦਾ ਬਹਾਦਰੀ ਨਾਲ ਲੜਨ ਦਾ ਜਜ਼ਬਾ ਯਾਦ ਕਰਨ ਯੋਗ ਹੈ। ਇਥੋਂ ਉਨ੍ਹਾ ਲੋਕਾਂ ਦੀ ਕਾਰਜ ਸ਼ੈਲੀ ਦੀ ਉਤਮਤਾ ਦਾ ਪਤਾ ਲਗਦਾ ਹੈ।

## ਝਾਂਸੀ ਦਾ ਖੂਨ ਖਰਾਬਾ

ਝਾਂਸੀ ਵਿਚ ਕਤਲੇਆਮ ਚਾਲੂ ਸੀ। ਹਰ ਅਗਲੇ ਦਿਨ ਗਲੀਆਂ ਵਿਚ ਲੜਾਈ ਹੁੰਦੀ। ਲੁਟਮਾਰ, ਕਤਲ, ਭੰਨਤੋੜ ਲਗਾਤਾਰ ਜਾਰੀ ਸੀ। ਬ੍ਰਿਟਿਸ਼ ਫੌਜੀ ਤੇਜੀ ਨਾਲ ਅਨੁਸ਼ਾਸਨ ਹੀਨਤਾ ਦੀਆ ਨਵੀਆ ਮਿਸਾਲਾਂ ਕਾਇਮ ਕਰ ਰਹੇ ਸਨ। ਇੱਕ ਹਿੰਦੂ ਪੁਜਾਰੀ

ਜੋ ਉਸ ਵੇਲੇ ਉਥੇ ਸੀ ਜਿਸਦਾ ਨਾਮ ਵਿਸ਼ਨੂੰ ਗੋਡਸੇ ਸੀ ਆਪਣੇ ਤਜ਼ਰਬਿਆਂ ਨੂੰ ਕਲਮਬੰਦ ਕਰ ਰਿਹਾ ਸੀ। ਚਾਰ ਦਿਨਾ ਨੂੰ ਯਾਦ ਕਰਦਾ ਸਾਰਾ ਤਾਂਡਵ ਨਾਚ ਬਿਆਨ ਕਰਦਾ ਹੈ। ਕਮਾਂਡਰ ਰੋਜ਼ ਨੇ ਆਪਣੇ ਜਵਾਨਾਂ ਨੂੰ ਹੁਕਮ ਕੀਤਾ ਹੋਇਆ ਸੀ ਕਿ ਕੋਈ ਵੀ ਜਿਸਦੀ ਉਮਰ ਸੋਲਾਂ ਸਾਲ ਤੋਂ ਵਧ ਹੈ  ਨੂੰ ਮਾਰ ਦੇਵੋ, ਸਿਰਫ ਔਰਤਾਂ ਨੂੰ ਛਡ ਦੇਵੋ। ਕੁਝ  ਜੋ ਬਚਕੇ ਭਜਣ ਵਿਚ ਸਫਲ ਨਹੀ ਹੋਏ ਉਨ੍ਹਾਂ ਆਪਣੇ ਬਚਿਆਂ ਤੇ ਪਤਨੀਆਂ ਸਮੇਤ ਖੂਹਾਂ ਵਿਚ ਛਾਲਾਂ ਮਾਰ ਕੇ ਜਾਨ ਦੇ ਦਿੱਤੀ। ਕਈਆਂ ਨੂੰ ਖੂਹ ਵਿਚੋਂ ਧੂ ਕੇ ਕਢਿਆ ਜਾਂਦਾ ਤੇ ਫਿਰ ਗੁਸੇ ਵਿਚ ਬੰਦੂਕਾਂ ਦੇ ਬਟਾਂ ਨਾਲ ਮਾਰਿਆ ਜਾਂਦਾ। ਗੋਡਸੇ ਦੇ  ਸ਼ਬਦਾਂ ਵਿਚ, “ ਜਦੋਂ ਕਤਲੇਆਮ ਤੇ ਲੁਟਮਾਰ ਖਤਮ ਹੋਈ, ਸੈਂਕੜੇ ਹੀ ਲਾਸ਼ਾਂ ਨੂੰ ਇੱਕਠਾ ਕਰਕੇ ਢੇਰ ਲਗਾ ਦਿੱਤਾ ਜਾਂਦਾ ਤੇ ਜੋ ਵੀ ਕਿਸੇ ਦੇ ਹੱਥ ਆਉਂਦਾ ਉਸ ਢੇਰ ਤੇ ਸੁਟਕੇ ਅੱਗ ਲਗਾ ਦਿੱਤੀ ਜਾਂਦੀ। ਸ਼ਹਿਰ ਦਾ ਹਰ ਚੌਂਕ ਐਸੇ ਢੇਰਾਂ ਨਾਲ ਬਲ ਰਿਹਾ ਸੀ ਤੇ ਸਾਰਾ ਸ਼ਹਿਰ ਇੰਝ ਲਗਦਾ  ਜਿਵੇਂ ਸੜ ਰਿਹਾ ਹੋਵੇ। ਮਾਸ ਦੇ ਸੜਨ ਦੀ ਬੋ ਹਵਾ ਵਿਚ ਰਲੀ ਹੋਣ ਕਰਕੇ ਸਾਹ ਲੈਣਾ ਵੀ ਔਖਾ ਸੀ। ਡਾ. ਲੋਅ ਅਨੁਸਾਰ ਹੌਕ ਰਹੇ ਇਨਸਾਨਾਂ ਨੂੰ ਵੀ ਬਲਦੇ ਢੇਰ ਤੇ ਸੁਟ ਦਿੱਤਾ ਜਾਂਦਾ। ਇਹ ਸਾਰਾ ਕੁਝ ਉਸ ਬਦਚਲਣ ਰਾਣੀ ਤੇ ਉਸਦੇ ਪਰਿਵਾਰ ਕਰਕੇ ਸੀ।

ਇੱਥੇ ਉਹ ਲੋਕ ਵੀ ਸਨ ਜਿਨ੍ਹਾਂ ਦਾ ਰਾਣੀ ਨਾਲ ਕੋਈ ਲੈਣਾ ਦੇਣਾ ਹੀ ਨਹੀ ਸੀ। ਸਿਰਫ ਇਹੋ ਕਸੂਰ ਕਿ ਉਹ ਉਥੇ ਰਹਿ ਰਹੇ ਸਨ। ਇਨ੍ਹਾਂ ਵਿਚ ਉਹ 1500 ਲੋਕ ਵੀ ਸਨ ਜਿਨ੍ਹਾਂ ਨੂੰ ਹੁਣੇ ਜਿਹੇ ਹੀ ਭਰਤੀ ਕੀਤਾ ਗਿਆ ਸੀ ਤੇ ਇਹ ਸਿਰਫ ਰੁਜ਼ਗਾਰ ਦਾ ਮਸਲਾ ਸੀ। ਇਨ੍ਹਾਂ ਦੀ ਭੈੜੀ ਮੌਤ ਪਿੱਛੇ ਕੋਈ ਵੀ ਮੌਰਲ ਦਲੀਲ ਨਹੀ ਘੜੀ ਜਾ ਸਕਦੀ। ਇਹ ਕੁਝ ਅੱਜ ਵੀ ਦੁਨੀਆ ਵਿਚ ਹੋ ਰਿਹਾ ਹੈ। ਕਦੇ ਕਿਤੇ ਤੇ ਕਦੇ ਕਿਤੇ। ਨਾਮ ਲਿਖਣ ਨਾਲ ਟੌਪਿਕ ਤੋਂ ਖੁੰਝ ਜਾਣ ਦਾ ਖਤਰਾ ਹੈ ਪਰ ਇਹ ਉਹ ਮਾਨਸਿਕਤਾ ਹੈ ਜਿਸ ਅਨੁਸਾਰ ਕਿਸੇ ਵੀ ਕਤਲੇਆਮ ਦੇ ਅਸਲ ਖਿਲਾੜੀ ਹਮੇਸ਼ਾਂ ਬਚੇ ਵੀ ਰਹਿੰਦੇ ਹਨ ਤੇ ਆਮ ਲੋਕ ਉਨ੍ਹਾਂ ਲੋਕਾਂ ਲਈ ਕੀੜੇ ਮਕੌੜੇ ਹੀ ਹੁੰਦੇ ਹਨ। ਇਹ ਅੱਜ ਵੀ ਹੋ ਰਿਹਾ ਹੈ। ਅਖੰਡ ਭਾਰਤ ਵਿਚੋਂ ਨਿਕਲੇ ਹਿਸਿਆਂ  ਦੇ ਲੋਕ ਸਾਡੇ ਆਪਣੇ ਹਨ। ਉਨ੍ਹਾਂ ਦਾ ਕਲਚਰ ਤੇ ਰੀਤੀ ਰਿਵਾਜ ਸਾਡੇ ਆਪਣੇ ਹਨ। ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ। ਅੱਜ ਵੀ ਕਿਸੇ ਇੱਕ ਸਮੂਹ ਦੀ ਸੋਚ ਨਾਲ ਇਨਸਾਨੀਅਤ ਦਾ ਖੂਨ ਖਰਾਬਾ ਹੋ ਰਿਹਾ ਹੈ। ਕੀ ਕਸੂਰ ਹੈ ਅਫਗਾਨਿਸਤਨ ਵਿਚ ਰਾਤ ਨੂੰ ਸੁੱਤੇ ਹੋਏ ਬੱਚੇ ਦਾ। ਜਿਸਦਾ ਹਰ ਚੜੇ ਦਿਨ ਨਾਲ ਭਵਿਖ ਬਦਲ ਜਾਂਦਾ  ਹੈ। ਝਾਂਸੀ ਵਿਚਲੇ ਬਹੁਤਿਆਂ ਨੇ ਕੋਈ ਇੱਕ ਵੀ ਅਪਰਾਧ ਬ੍ਰਿਟਿਸ਼ ਖਿਲਾਫ ਨਹੀ ਕੀਤੇ ਹੋਣਾ। ਅੰਗਰੇਜ਼ ਦੇ ਆਪਣੇ ਰਿਕਾਰਡ ਮੁਤਾਬਕ ਇਹ ਗਿਣਤੀ ਚਾਰ ਤੋਂ ਪੰਜ ਹਜ਼ਾਰ ਹੈ।

ਗੋਡਸੇ ਮੁਤਾਬਕ ਅੰਗਰੇਜ਼ ਦੇ ਸਰਕਾਰੀ ਅੰਕੜਿਆਂ ਵਿਚ ਦਰਜ਼ ਦਲੀਲ ਮੁਤਾਬਕ, ਉਨ੍ਹਾਂ ਨੇ ਸਿਰਫ ਮਰਦਾਂ ਨੂੰ ਹੀ ਕਤਲ ਕੀਤਾ। ਔਰਤਾਂ ਦੀ ਮੌਤ ਜ਼ਿਆਦਾਤਰ ਐਕਸੀਡੈਂਟਲ ਸੀ। ਗੋਡਸੇ ਨੇ ਲਿਖਿਆ ਕਿ ਇਹ ਸਾਰਾ ਕਤਲੇਆਮ ਤੇ ਲੁਟਮਾਰ ਬੜੇ ਸੋਚੇ ਸਮਝੇ ਤਰੀਕੇ ਨਾਲ ਕੀਤਾ ਗਿਆ। ਝਾਂਸੀ ਦੇ ਬਗਾਵਤੀ ਜਿਹੜੀ 12 ਬੰਗਾਲ ਨੇਟਿਵ

ਇੰਨਫੈਂਨਟਰੀ ਜਿਹੜੀ ਕਿਲ੍ਹੇ ਦੀ ਸੁਰਖਿਆ ਲਈ ਤੈਨਾਤ ਸੀ ਸਾਰੀ ਦੀ ਸਾਰੀ ਮਾਰੀ ਗਈ।

## ਰਾਣੀ ਦਾ ਬਚ ਕੇ ਨਿਕਲਣਾ—

ਇਸੇ ਸਮੇਂ ਦੌਰਾਨ ਰਾਣੀ ਦਾ ਬਚ ਕੇ ਝਾਂਸੀ ਵਿਚੋਂ ਨਿਕਲ ਜਾਣਾ ਵੀ ਗਹਿਗਚ ਤੋਂ ਬਿਨ੍ਹਾਂ ਨਹੀ ਹੋਇਆ। ਰਾਣੀ ਦਾ ਤੇ ਬ੍ਰਿਟਿਸ਼ ਦਾ ਦੋ ਵਾਰੀ ਆਮੋ ਸਾਹਮਣਾ ਹੋਇਆ। ਇਸ ਵਿਚੋਂ ਇੱਕ ਘਟਨਾ ਦਾ ਜ਼ਿਕਰ ਜ਼ਿਆਦਾ ਪਰਚਲਤ ਹੈ। ਲਫਟੈਂਨ ਡੋਕਰ ਨੇ ਰਾਣੀ ਦਾ ਪਿੱਛਾ ਕੀਤਾ ਉਦੋਂ ਤਕ ਜਦੋਂ ਤਕ ਉਸਦੇ ਗੋਲੀ ਨਹੀ ਵੱਜ ਗਈ। ਹੋ ਸਕਦਾ ਹੈ ਇਹ ਗੋਲੀ ਰਾਣੀ ਨੇ ਆਪ ਮਾਰੀ ਹੋਵੇ। ਜਖਮੀ ਹੋਕੇ ਉਹ ਲਾਚਾਰ ਹੋ ਗਿਆ। ਕੁਝ ਹੋਰ ਸਰੋਤਾਂ ਅਨੁਸਾਰ ਉਸਦਾ ਜਖਮੀ ਹੋਣ ਦਾ ਕਾਰਣ ਤਲਵਾਰ ਦਾ ਫਟ ਸੀ ਜੋ ਰਾਣੀ ਵਲੋਂ ਤਲਵਾਰਬਾਜ਼ੀ ਵਿਚ ਕੀਤਾ ਗਿਆ। ਦੂਸਰੀ ਘਟਨਾ ਕੋਰਨਿਟ ਕੌਂਬੇ ਵਲੋਂ ਹੈ,

ਉਸ ਅਨੁਸਾਰ, "ਅਸੀਂ ਝਾਂਸੀ ਬਾਰੇ ਖਬਰ ਸਾਰੇ ਖਿਤੇ ਵਿਚ ਕਰ ਦਿੱਤੀ ਸੀ ਤੇ ਸਾਡੇ ਟਰੁਪਾਂ ਵਿਚੋਂ ਇੱਕ ਨੇ ਵੀਹ ਮੀਲ ਦੂਰ ਬੈਂਦਾ ਵਿਖੇ, ਰਾਣੀ ਨੂੰ ਘੇਰ ਲਿਆ, ਗਹਿਗਚ ਲੜਾਈ ਹੋਈ, ਅਸੀਂ ਲਗਭਗ ਉਸਦੇ ਸਾਰੇ ਸੈਨਾਨੀ ਮਾਰ ਦਿੱਤੇ ਪਰ ਉਹ ਫਿਰ ਨਿਕਲ ਗਈ। ਉਸਦੇ ਘੋੜੇ ਦੀ ਕਾਠੀ ਵੀ ਡਿਗ ਪਈ।

ਰਾਣੀ ਨੇ ਸੌ ਮੀਲ ਦਾ ਸਫਰ ਕੀਤਾ ਤੇ ਚੌਵੀ ਘੰਟਿਆਂ ਵਿਚ ਉਹ ਕਾਲਪੀ ਪਹੁੰਚ ਗਈ ਜਿੱਥੇ ਉਸਨੂੰ ਸਲਾਮੀ ਦੇਕੇ ਸਨਮਾਨ ਦਿੱਤਾ ਗਿਆ। ਉਸਦਾ ਬਾਪ ਤੇ ਕੁਝ ਹੋਰ, ਇਤਨੇ ਭਾਗਾਂ ਵਾਲੇ ਨਹੀ ਸਨ। ਉਹ ਝਾਂਸੀ ਛਡਣ ਵੇਲੇ ਹੀ ਜਖਮੀ ਹੋ ਗਿਆ ਸੀ। ਦਾਤੀਆ ਤਕ ਪਹੁੰਚ ਗਿਆ ਪਰ ਇੱਥੇ ਉਹ ਪਕੜਿਆ ਗਿਆ ਤੇ ਜੋਖਨ ਬਾਗ ਵਿਚ ਫਾਂਸੀ ਤੇ ਲਟਕਾ ਦਿੱਤਾ ਗਿਆ।

## ਬਗਾਵਤੀਆਂ ਦੇ ਆਖਰੀ ਕਰਮ ਤੇ ਰਾਣੀ ਦੀ ਮੌਤ

ਇਸ ਬਾਰੇ ਸਰੋਤ ਹਨ-

- ਰਾਣੀ ਦੇ ਰਾਜਾ ਬਾਨਪੁਰ ਨੂੰ ਲਿਖੇ ਉਸਦੇ ਖਤ
- ਕਮਾਂਡਰ ਰੋਜ਼ ਦੀਆਂ ਲੜਾਈ ਦੇ ਮੈਦਾਨ ਦੀਆਂ ਰਿਪੋਰਟਾਂ ਵਿਚੋਂ ਕਢੇ ਤੱਤ
- ਬਰਗੇਡੀਅਰ ਸਮਿਥ ਦੀ ਰੋਜ਼ ਨੂੰ ਭੇਜੀ ਰਿਪੋਰਟਜ

ਬਗਾਵਤੀ ਧਿਰ ਜਿਸਦੀ ਅਗਵਾਈ ਤਾਂਤੀਆ ਤੋਪੇ ਕਰ ਰਿਹਾ ਸੀ ਕੂੰਚ ਗਈ ਜਿਥੇ ਰੋਜ਼ ਰਸਦ ਦੀ ਤਿੰਨ ਹਫਤਿਆਂ ਦੀ ਦੇਰੀ ਨਾਲ ਉਡੀਕ ਕਰ ਰਿਹਾ ਸੀ ਨੇ ਮਈ6 ਨੂੰ ਬਗਾਵਤੀਆ ਨੂੰ ਭਾਂਜ ਦਿੱਤੀ। ਰੋਜ਼ ਫਿਰ ਕਾਲਪੀ ਨੂੰ ਮੁਹਾਰ ਲੈ ਤੁਰਿਆ ਜਿੱਥੇ ਬਗਾਵਤੀ ਢਹਿੰਦੀ ਕਲਾ ਵਿਚ ਥੱਕੇ ਹਾਰੇ ਸਨ, ਪਰ ਉਨ੍ਹਾਂ ਵਿਚ ਨਵਾਂ ਜੋਸ਼ ਆ ਗਿਆ ਜਦੋਂ ਬੈਂਦਾ ਦਾ ਨਵਾਬ ਆ ਬਹੁੜਿਆ। ਨਾਨਾ ਸਾਹਬ ਦਾ ਭਤੀਜਾ ਰਾਉ ਸਾਹਬ ਵੀ ਆ ਗਿਆ। ਇਸ ਨਵੀਂ ਸਥਿਤੀ ਨੇ ਉਨ੍ਹਾਂ ਦਾ ਹੌਸਲਾ ਦੂਣਾ ਚੌਣਾ ਕਰ ਦਿੱਤਾ। ਲਕਸ਼ਮੀ ਬਾਈ

ਨੇ ਦੁਬਾਰਾ ਯੁਧ ਕਰਨ ਦਾ ਫੈਸਲਾ ਲੈ ਲਿਆ। ਮਈ 22 ਨੂੰ ਇਨ੍ਹਾਂ ਨੇ ਤਕੜੇ ਜੇਰੇ ਨਾਲ ਬ੍ਰਿਟਿਸ਼ ਫੌਜ ਤੇ ਜੋਰਦਾਰ ਹਮਲਾ ਕਰ ਦਿੱਤਾ। ਸਮਝੋ ਟੁਟ ਕੇ ਪੈ ਗਏ। ਭਾਵੇਂ ਅੱਤ ਦੀ ਗਰਮੀ ਕਰਕੇ ਅੰਗਰੇਜ਼ ਫੌਜ਼ ਹਤਾਸ਼ ਹੋਈ ਪਈ ਸੀ ਫਿਰ ਵੀ ਫੌਜ਼ ਨੇ ਆਪਣੀ ਨਵੀਂਨ ਹਥਿਆਰ ਜੁਗਤ ਨਾਲ ਇਸ ਲੜਾਈ ਵਿਚ ਬਗਾਵਤੀਆਂ ਨੂੰ ਹਰਾ ਦਿੱਤਾ। ਇਸ ਵਾਰੀ ਬਗਾਵਤੀਆਂ ਨੇ ਗਵਾਲੀਅਰ ਵਲ ਕੂਚ ਕੀਤਾ। ਉਹ ਗਵਾਲੀਅਰ ਦੇ ਬਾਹਰ ਗੋਦਲ ਪੁਰ ਪਹੁੰਚ ਗਏ। ਉਨ੍ਹਾਂ ਦੀ ਮਨਸ਼ਾ ਗਵਾਲੀਅਰ ਨੂੰ ਹਥਿਆਉਣ ਦੀ ਸੀ। ਗਵਾਲੀਅਰ ਦਾ ਕਿਲ੍ਹਾ ਸਾਰੇ ਭਾਰਤ ਵਿਚ ਸਭਤੋਂ ਤਕੜਾ ਤੇ ਮਜ਼ਬੂਤ ਮੰਨਿਆ ਜਾਂਦਾ ਸੀ। ਗਵਾਲੀਅਰ ਦਾ ਮਹਾਰਾਜਾ ਸਿੰਧੀਆ ਨੇ ਬ੍ਰਿਟਿਸ਼ ਦੇ ਹੱਕ ਵਿਚ ਹੋਣ ਦਾ ਭਰਮ ਪਾਲਿਆ ਹੋਇਆ ਸੀ। ਇਸ ਸਾਰੀ ਬਗਾਵਤੀ ਘੜੀ ਵਿਚ ਉਹ ਨਿਰਲੇਪ ਰਿਹਾ ਸੀ ਤੇ ਬ੍ਰਿਟਿਸ਼ ਦੇ ਹੱਕ ਵਿਚ ਭੁਗਤ ਰਿਹਾ ਸੀ। । ਬ੍ਰਿਟਿਸ਼ ਦੇ ਸੋਚਣ ਦਾ ਤਰੀਕਾ ਬਦਲ ਗਿਆ ਸੀ। ਨਿਡਰ ਬਗਾਵਤੀਆਂ ਨੇ ਗਵਾਲੀਅਰ ਨੂੰ ਹਥਿਆਉਣ ਦਾ ਮੰਨ ਬਣਾ ਲਿਆ ਸੀ।

ਬਗਾਵਤੀ 11000 ਦੀ ਗਿਣਤੀ ਨਾਲ ਗਵਾਲੀਅਰ ਵਲ ਕੂਚ ਕਰ ਰਹੇ ਸਨ। ਮਹਾਰਾਜਾ ਸਿੰਧੀਆ, ਉਨ੍ਹਾਂ ਨੂੰ ਮੁਰਾਰ ਆਕੇ ਟਕਰਿਆ। ਜਿਉਂ ਹੀ ਪਹਿਲੀ ਗੋਲੀ ਚਲੀ, ਬਹੁਤ ਵਡੀ ਤਦਾਦ ਵਿਚ ਮਹਾਰਾਜੇ ਦੀ ਫੌਜ ਨੇ ਪਾਸਾ ਬਦਲਕੇ ਬਗਾਵਤੀਆ ਦਾ ਸਾਥ ਦੇਣ ਦਾ ਫੈਸਲਾ ਕਰ ਲਿਆ। ਮਹਾਰਾਜਾ ਆਪਣੀ ਸੁਰਖਿਆ ਲਈ ਆਗਰੇ  ਵਲ ਦੌੜ ਗਿਆ। ਰਾਓ ਸਾਹਬ ਦਾ ਗਵਾਲੀਅਰ ਦੇ ਨਵੇਂ ਹੁਕਮਰਾਨ ਵਜੋਂ ਰਾਜ ਤਿਲਕ ਦੀ ਰਸਮ ਹੋਈ। ਲਕਸ਼ਮੀ ਬਾਈ ਨੂੰ ਗਵਾਲੀਅਰ ਦੇ ਖਜਾਨੇ ਵਿਚੋਂ ਅਨਮੋਲ ਮੋਤੀਆਂ ਦਾ  ਨੈਕਲਸ ਭੇਂਟ ਕੀਤਾ ਗਿਆ।

ਰੋਜ਼ ਨੇ ਆਪਣੀ ਸੈਨਾ ਨੂੰ ਗਵਾਲੀਅਰ ਵਲ ਤੋਰ ਲਿਆ। ਲਕਸ਼ਮੀ ਬਾਈ ਨੂੰ ਉਤਰੀ ਭਾਗ ਦੀ ਕਮਾਂਡ ਸੌਂਪੀ ਗਈ। ਇਹ ਸੁਰਖਿਆ ਦੀ ਸਭ ਤੋਂ ਔਖੀ ਵਖੀ ਸੀ। ਇਸਨੇ ਜੂਨ 17 ਨੂੰ ਕੋਟਾ ਕੀ ਸਰਾਏ ਵਿਚ ਬ੍ਰਿਟਿਸ਼ ਫੌਜ਼ ਨੂੰ ਰੋਕ ਲਿਆ। ਉਸਨੇ ਮਰਦਾਂ ਵਾਲੇ ਕਪੜੇ ਪਾਏ ਹੋਏ ਸਨ ਜੋ ਉਹ ਹਮੇਸ਼ਾਂ ਲੜਾਈ ਦੇ ਮੈਦਾਨ ਵਿਚ ਪਾਉਂਦੀ ਹੁੰਦੀ ਸੀ। ਇਸਦੇ ਨਾਲ ਹੀ ਉਸਨੇ ਮਾਣਮੱਤੇ ਕੰਗਣ ਵੀ ਪਾਏ ਤੇ ਭੇਂਟ ਕੀਤਾ ਹੋਇਆ ਨੈਕਲਸ ਵੀ। ਇਹ ਇੱਕ ਹੈਰਾਨ ਕਰ ਦੇਣ ਵਾਲਾ ਸੰਕੇਤ ਸੀ। ਇਸ ਵਿਚ ਕੋਈ ਸ਼ਕ ਨਹੀ ਕਿ ਉਸਦੇ ਟਰੁਪ ਉਸਨੂੰ ਪਿਆਰ ਕਰਦੇ ਸਨ ਤੇ ਉਹਦੇ ਲਈ ਲੜ ਮਰਨ ਨੂੰ ਤਿਆਰ ਬਰ ਤਿਆਰ ਸਨ। ਰਾਣੀ ਦੀ ਮੌਤ ਕਿੱਥੇ, ਕਦੋਂ ਤੇ ਕਿਸਤਰ੍ਹਾਂ ਹੋਈ ਇਸ ਬਾਰੇ ਵੀ ਅਟਕਲਾਂ ਹਨ। ਇਸ ਬਾਰੇ ਕਈ ਕਿੱਸੇ ਕਹਾਣੀਆਂ ਹਨ। ਕੁਝ ਇਹ ਵੀ ਕਹਿੰਦੇ ਹਨ ਕਿ ਉਸਦੀ ਮੌਤ ਸ਼ੁਰੂ ਵਿਚ ਹੀ ਗੋਲੀਆਂ ਦੇ ਵਰਦੇ ਮੀਂਹ ਵਿਚ ਹੋ ਗਈ ਸੀ, ਜਦੋਂ ਗਵਾਲੀਅਰ ਦੇ ਕਿਲ੍ਹੇ ਦੀ ਕਸ਼ਮਕਸ਼ ਚਲ ਰਹੀ ਸੀ। ਕੁਝ ਦੂਸਰੇ ਸਰੋਤ ਇਸ ਨੂੰ ਰੱਦ ਕਰਦੇ ਹੋਏ ਉਸਦੀ ਮੌਤ ਦਾ ਸਥਾਨ ਕੋਟਾ ਕੀ  ਸਰਾਏ ਦਸਦੇ ਹਨ। ਲੌਰਡ ਕੈਨਿੰਗ ਨੇ ਆਪਣੀ ਰਿਪੋਰਟ ਵਿਚ ਇਸ ਬਾਰੇ ਜੋ ਲਿਖਿਆ ਉਹ ਹੀ ਜ਼ਿਆਦਾ ਭਰੋਸੇਮੰਦ ਲਗਦਾ ਹੈ।

## ਇਸ ਰਿਪੋਰਟ ਅਨੁਸਾਰ –

ਰਾਣੀ ਦੀ ਮੌਤ ਹੁਸਾਰ ਦੀ ਅਠਵੀਂ ਬਟਾਲੀਅਨ ਦੇ ਸੈਨਾਨੀ ਦੀ ਗੋਲੀ ਨਾਲ ਹੋਈ ਪਰ ਇਹ ਸੈਨਾਨੀ ਵੀ ਬਾਦ ਵਿਚ ਨਹੀ ਲਭਾ। ਇਹ ਗੋਲੀ ਉਸਦੀ ਪਿੱਠ ਵਿਚ ਲੱਗੀ। ਉਸਦਾ ਘੋੜਾ ਉਸਤੋਂ ਛੁਟ ਗਿਆ। ਉਸਨੇ ਵੀ ਉਸ ਫੌਜੀ ਤੇ ਗੋਲੀ ਚਲਾਈ। ਫੌਜੀ ਨੇ ਆਪਣੀ ਤਲਵਾਰ ਉਸਦੇ ਆਰ ਪਾਰ ਉਤਾਰ ਦਿੱਤੀ। ਉਸ ਵੇਲੇ ਉਹ ਮਰਦਾਨੇ ਕਪੜਿਆਂ ਵਿਚ ਸੀ। ਉਸਨੇ ਪੱਗੜੀ ਬੰਨੀ ਹੋਈ ਸੀ। ਉਹ ਮਰਦਾਂ ਵਾਂਗ ਹੀ ਘੋੜ ਸਵਾਰੀ ਕਰ ਰਹੀ ਸੀ। ਕੋਈ ਚੁਲਬਲੀ ਵੀ ਨਹੀ ਸੀ ਤੇ ਮੂੰਹ ਦੇ ਚੇਚਕ ਦੇ ਦਾਗ(ਮਾਤਾ ਦੇ ਦਾਗ) ਸਨ। ਉਸਦੇ ਸਰੀਰ ਦੀ ਬਣਤਰ ਬਹੁਤ ਖੁਬਸੂਰਤ ਸੀ। ਇਸ ਵਕਤ ਉਸਨੇ ਸੋਨੇ ਦੀਆਂ ਪਜ਼ੇਬਾਂ ਤੇ ਗਵਾਲੀਅਰ ਦੇ ਖਜਾਨੇ ਵਿਚੋਂ ਲਿਆ ਮੋਤੀਆਂ ਦਾ ਨੈਕਲਸ ਪਾਇਆ ਹੋਇਆ ਸੀ, ਜਿਸ ਬਾਰੇ ਮਹਾਰਾਜਾ ਸਿੰਧੀਆ ਦਾ ਕਹਿੰਣਾ ਸੀ ਕਿ ਇਸਦੀ ਕੀਮਤ ਆਂਕੀ ਹੀ ਨਹੀ ਜਾ ਸਕਦੀ। ਉਸਨੂੰ ਉਸਦੇ ਪਿਆਰੇ ਫੌਜੀ ਸੰਘਣੇ ਅੰਬਾਂ ਦੇ ਰੁਖ ਥੱਲੇ ਲੈ ਗਏ। ਮਰਦੇ ਵੇਲੇ ਉਸਨੇ ਆਪਣੇ ਗਹਿਣੇ ਤੇ ਮੋਤੀ ਆਪਣੇ ਫੌਜੀਆਂ ਵਿਚ ਵੰਡ ਦਿੱਤੇ। ਘੋੜ ਸਵਾਰ ਦਸਤੇ ਨੂੰ ਇੰਨਫੈਨਟਰੀ ਟੁਟ ਕੇ ਪੈ ਗਈ ਤਾਂ ਕਿ ਰਾਣੀ ਅਰਾਮ ਨਾਲ ਇਸ ਸੰਸਾਰ ਨੂੰ ਅਲਵਿਦਾ ਕਹਿ ਸਕੇ। ਘੋੜ ਸਵਾਰਾਂ ਦਾ ਕਹਿੰਣਾ ਹੈ ਕਿ ਰਾਣੀ ਜੀਂਦੇ ਜੀਅ ਅੱਗੇ ਅੱਗੇ ਘੋੜ ਸਵਾਰੀ ਕਰਦਿਆਂ ਲੜਦੀ ਤੇ ਪਿੱਛੇ ਲਗਿਆਂ ਨੂੰ ਹਫਾ ਦਿੱਦੀ। ਉਸਦਾ ਟੈਂਟ ਬਹੁਤ ਵਿਲਾਸੀ ਕਿਸਮ ਦਾ ਸੀ। ਦੋ ਸੇਵਾਦਾਰ ਔਰਤਾਂ ਹਮੇਸ਼ਾ ਨਾਲ ਰਹਿੰਦੀਆਂ। ਉਨ੍ਹਾਂ ਵਿਚੋਂ ਇੱਕ ਮਾਰੀ ਗਈ। ਰਾਣੀ ਦਾ ਅਫਸੋਸ ਦੋ ਦਿਨ ਕੀਤਾ ਗਿਆ।

ਇਸਤਰ੍ਹਾਂ ਦਾ ਹੀ ਇੱਕ ਹੋਰ ਵਰਸ਼ਨ ਹੈ ਜਿਸਨੂੰ ਜੇ. ਹੈਨਰੀ ਸਾਇਲਵੈਸਟਰ ਨੇ ਲਿਖਿਆ ਹੈ ਜੋ ਉਸ ਵਕਤ ਗਵਾਲੀਅਰ ਸੀ ਉਹ ਕਹਿੰਦਾ ਹੈ, " ਦਰਸ਼ਨੀ ਸੁਨਖੀ ਰਾਣੀ ਝਾਂਸੀ ਕਾਰਬਾਈਨ ਦੀ ਗੋਲੀ ਨਾਲ ਜਖ਼ਮੀ ਹੋ ਗਈ ਤੇ ਡਿਗ ਪਈ ਤੇ ਉਸਨੂੰ ਚੁੱਕਕੇ ਪਿੱਛੇ ਲੈ ਗਏ। ਜਿੱਥੇ ਉਸਦੀ ਮੌਤ ਹੋ ਗਈ। ਲਾਸ਼ ਨੂੰ ਹਿੰਦੂ ਰੀਤਾਂ ਅਨੁਸਾਰ ਜਲਾ ਦਿੱਤਾ ਗਿਆ। "

ਸਾਉਲ ਡੇਵਿਡ ਆਪਣੀ 1857 ਦੀ ਬਗਾਵਤ ਬਾਰੇ ਲਿਖੀ ਕਿਤਾਬ ਵਿਚ ਐਡਵਰਡ ਗਰੇਅ ਦੀ ਡਾਇਰੀ ਦਾ ਜ਼ਿਕਰ ਕਰਦਾ ਹੈ ਜੋ ਉਦੋਂ ਹੁਸਾਰ ਅੱਠ ਬਟਾਲੀਅਨ ਦਾ ਸਰਜਨ ਸੀ। "ਰਾਣੀ ਆਪਣੇ ਘੋੜੇ ਤੇ ਸਵਾਰ ਸੀ। ਜਦੋਂ ਬ੍ਰਿਟਿਸ਼ ਰਸਾਲੇ ਦੇ ਘੋੜ ਸਵਾਰਾਂ ਦੇ ਅਚਾਨਕ ਆ ਜਾਣ ਨਾਲ ਰਾਣੀ ਨੂੰ ਘੇਰੇ ਵਿਚ ਲਈ ਉਸਦੇ ਸਾਥੀਆਂ ਵਿਚ ਭਗਦੜ ਮੱਚ ਗਈ। ਰਾਣੀ ਬਹਾਦਰੀ ਨਾਲ ਅੱਗੇ ਵਧੀ ਤੇ ਉਸਨੇ ਅੱਗੇ ਆ ਰਹੇ ਜਵਾਨ ਨੂੰਜਖਮੀ ਕਰਕੇ ਥੱਲੇ ਸੁਟ ਦਿੱਤਾ। ਸ਼ਾਇਦ ਉਸਨੇ ਕਟਾਰ ਦਾ ਵਾਰ ਕੀਤਾ ਸੀ। ਕੁਝ ਸਮੇ ਬਾਦ ਜਦੋਂ ਬ੍ਰਿਟਿਸ਼ ਹਤਾਸ਼ ਸੀ। ਉਸਨੇ ਆਪਣੇ ਤੇ ਹਮਲਾ ਕਰਨ ਵਾਲੇ ਨੂੰ ਪਛਾਣ ਲਿਆ ਜੋ ਪਗਡੰਡੀ ਤੇ ਲਹੂ ਲੁਹਾਨ ਬੈਠਾ ਸੀ। ਰਾਣੀ ਨੇ ਉਸਤੇ ਆਪਣੇ ਪਿਸਟਲ ਨਾਲ ਫਾਇਰ ਕੀਤਾ ਪਰ ਉਸਦੇ ਗੋਲੀ ਨਹੀ ਲੱਗੀ। ਉਸਨੇ ਵੀ ਨੌਜਵਾਨ ਔਰਤ ਤੇ ਆਪਣੀ ਕਾਰਬਾਈਨ ਦਾ ਫਾਇਰ ਕਰ ਦਿੱਤਾ। ਟਰੁਪਰ ਨੂੰ ਕੋਈ ਪਤਾ ਨਹੀ ਸੀ ਕਿ ਉਸਨੇ ਕਿਸਨੂੰ ਗੋਲੀ ਮਾਰੀ ਹੈ ਕਿਉਂਕਿ ਉਹ ਮਰਦਾਨਾ ਕਪੜਿਆਂ ਵਿਚ ਸੀ। ਉਸਨੂੰ ਇਹ ਪਤਾ ਹੀ ਨਹੀ

ਸੀ ਕਿ ਉਸਨੇ ਬਗਾਵਤ ਦੀ ਸ਼ਾਹ ਰਗ ਵੱਢ ਦਿੱਤੀ ਸੀ।ਰਾਣੀ ਵਰਗੇ ਦੁਸ਼ਮਣ ਨੂੰ ਮਾਰ ਦੇਣ ਦਾ ਇਨਾਮ ਇੱਕ ਲੱਖ ਸੀ, ਪਰ ਇਸ ਵਕਤ ਤੇ ਉਸਨੇ ਇੱਕ ਕਰੋੜ ਰੁਪਏ ਦੇ ਹੀਰੇ ਪਾਏ ਹੋਏ ਸਨ।

ਜਦੋਂ ਕਿ ਇਹ ਵਰਸ਼ਨ ਵੀ ਠੀਕ ਲਗਦਾ ਹੈ ਕਿਉਂਕਿ ਇਹ ਵੀ ਬਾਕੀਆਂ ਦਾ ਰਲਦਾ ਮਿਲਦਾ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਰਾਣੀ ਦੀ ਪਛਾਣ ਲਈ ਪਹਿਲਾ ਹੀ ਜਾਣਦਾ ਹੋਵੇ, ਪਰ ਇਹ ਸਪਸ਼ਟ ਨਹੀ ਹੈ ਕਿ ਉਸਨੂੰ ਇਹ ਕਿਵੇਂ ਪਤਾ ਲੱਗਾ ਕਿ ਉਸਨੇ ਇੱਕ ਕਰੋੜ ਦੇ ਹੀਰੇ ਪਾਏ ਹੋਏ ਹਨ। ਸ਼ਾਇਦ ਇਸ ਮਾਮਲੇ ਵਿਚ ਉਹ ਸਿਰਫ ਲੋਕਾਂ ਵਿਚ ਫੈਲੀਆਂ ਅਫਵਾਹਾਂ ਨੂੰ ਹੀ ਅਧਾਰ ਬਣਾ ਰਿਹਾ ਹੈ।

ਦੂਸਰੇ ਪਾਸੇ ਸਰ ਰੌਬਰਟ ਹਮਿਲਟਨ ਉਸਦੀ ਮੌਤ ਬਾਰੇ ਆਪਣਾ ਸੱਚ ਇੱਕ ਚਿੱਠੀ ਰਾਹੀਂ ਬਿਆਨ ਕਰਦਾ ਦਿਖਾਈ ਦਿੰਦਾ ਹੈ ਜਿਹੜੀ ਉਸਨੇ ਅਗਸਤ 27, 1860 ਨੂੰ ਜੌਨ ਕਾਏ ਨੂੰ ਲਿਖੀ। --

ਉਹ ਗਵਾਲੀਅਰ ਵਿਖੇ ਮਾਰੀ ਗਈ। ਮੇਰਾ ਹਮੇਸ਼ਾਂ ਇਹ ਮੰਨਣਾ ਸੀ ਕਿ ਇੰਨਫੀਲਡ ਰਾਇਫਲਜ਼ ਨੇ ਉਸਤੇ ਬੁਛਾੜ ਮਾਰੀ। ਇਸਤਰ੍ਹਾਂ ਇੱਕ ਗਰੁਪ ਉਸ ਪਰੇਡ ਤੇ ਆਇਆ ਜਦੋਂ ਯੁੱਧ ਚਲ ਰਿਹਾ ਸੀ ਕੁਝ ਰਾਇਫ਼ਲਾਂ ਵਾਲੇ ਆਏ ਤੇ ਚਾਰੇ ਪਾਸੇ ਗੋਲੀਆਂ ਚਲਾ ਦਿੱਤੀਆਂ। ਦੋ ਗੋਲੀਆਂ ਨੇ ਆਪਣਾ ਕੰਮ ਕੀਤਾ। ਇੱਕ ਰਾਣੀ ਦੇ ਲੱਗੀ ਤੇ ਦੂਸਰੀ ਉਸਦੀ ਸੇਵਾਦਾਰ ਦੇ। ਰਾਣੀ ਨੂੰ ਪਾਲਕੀ ਤੇ ਪਾਉਣੋਂ ਤੋਂ ਪਹਿਲਾਂ ਹੀ ਉਹ ਮਰ ਚੁੱਕੀ ਸੀ। ਪਾਲਕੀ ਨੂੰ ਤੇਜ਼ੀ ਨਾਲ ਸ਼ਹਿਰ ਦੇ ਦੂਜੇ ਪਾਸੇ ਮੁਡਿਲ ਵਲ ਲੈ ਗਏ। ਮੈਂ ਵੀ ਉਥੇ ਗਿਆ। ਮੇਰੇ ਨਾਲ ਡਾ. ਕਰਿਸਟੀਸਨ ਵੀ ਸੀ ਤੇ ਅਸੀਂ ਕੁਝ ਹੱਡੀਆਂ ਚੁੱਕ ਲਈਆਂ। ਇਹ ਅਜੇ ਵੀ ਉਸ ਕੋਲ ਹਨ। ਸੇਵਾਦਾਰ ਮੁਸਲਮਾਨ ਸੀ। ਦੋਵਾਂ ਨੂੰ ਛਾਤੀ ਵਿਚ ਗੋਲੀ ਮਾਰੀ ਗਈ ਤੇ ਉਹ ਬੁਰੀ ਤਰ੍ਹਾਂ ਜਖਮੀ ਹੋਕੇ ਮਰੀਆਂ ਸਨ।

ਇੱਕ ਹੋਰ ਵਰਸ਼ਨ ਮਿਸਟਰ ਮਾਰਟਿਨ ਵਲੋਂ ਹੈ। ਸੰਭਵ ਹੈ ਇਹ ਰਾਣੀ ਦਾ ਮੁਤਬੰਨੇ ਦਮੋਦਰ ਰਾਉ ਦੀਆਂ ਯਾਦਾਂ ਸਨ। ਇਹ 1897 ਦੋਰਾਨ ਲਿਖੀਆਂ ਕੁਝ ਚਿੱਠੀਆਂ ਵਿਚੋਂ ਲਈਆਂ ਗਈਆਂ ਸਨ।

ਮਹੇਸ਼ਵਤੀ ਦੇਵੀ ਦਸ ਸਾਲ ਦੇ ਦਮੋਦਰ ਰਾਉ ਦੀਆਂ ਯਾਦਾਂ ਦੀ ਗੱਲ ਕਰਦੀ ਹੈ। ਖਾਸ ਤੌਰ ਤੇ ਇੱਕ ਸ਼ਾਮ ਗਵਾਲੀਅਰ ਵਿਖੇ ਉਸਦੇ ਮੰਨ ਮਸਤਕ ਤੇ ਉਕਰੀ ਹੈ। ਸੁੰਦਰ ਅੱਖਾਂ ਦਾ ਜੋੜਾ ਉਸ ਵਲ ਵੇਖ ਰਿਹਾ ਹੈ ਤੇ ਬਾਦ ਵਿਚ ਇਹ ਅੱਖਾਂ ਹੌਲੀ ਹੌਲੀ ਬੰਦ ਹੋ ਜਾਂਦੀਆ ਹਨ। ਇਹ ਉਸਦੀ ਮਾਂ ਦੀਆਂ ਅੱਖਾਂ ਸਨ ਜੋ ਬੰਦ ਹੋ ਰਹੀਆਂ ਸਨ ਮੁੜਕੇ ਕਦੇ ਨਾ ਖੁਲਣ ਲਈ। ਉਹ ਜਾ ਰਹੀ ਸੀ ਤੇ ਕੋਈ ਵੀ ਦੁਬਾਰਾ ਉਸਨੂੰ ਛੋਹ ਨਹੀ ਸਕਦਾ ਸੀ।

ਬੜੀ ਸਮਝਣ ਵਾਲੀ ਗੱਲ ਸੀ ਕਿ ਉਸਦਾ ਸੰਸਕਾਰ ਛੇਤੀ ਕਰ ਦਿੱਤਾ ਗਿਆ ਕਿਉਂਕਿ ਕਿਸੇ ਨੂੰ ਵੀ ਇਹ ਨਹੀ ਪਤਾ ਸੀ ਕਿ ਉਸਦੀ ਮੌਤ ਤੋਂ ਬਾਦ ਵੀ ਉਸਦੀ ਲਾਸ਼ ਨਾਲ ਕਿਸਤਰਾਂ ਦਾ ਸਲੂਕ ਹੋਵੇਗਾ। ਰੋਜ਼ ਦੀ ਰਿਪੋਰਟ ਵਿਚ ਦਰਜ਼ ਹੈ ਕਿ ਉਸਦਾ

ਸੰਸਕਾਰ ਬੜੀਆਂ ਰਸਮਾਂ ਨਾਲ ਗਵਾਲੀਅਰ ਦੀ ਚਟਾਨੀ ਇਲਾਕੇ ਵਿਚ ਇਮਲੀ ਦੇ ਦਰਖਤ ਥੱਲੇ  ਕੀਤਾ ਗਿਆ ਜਿੱਥੇ ਮੈਂ ਉਸਦੀਆਂ ਹੱਡੀਆਂ ਤੇ ਸਵਾਹ ਵੇਖੀ।

ਲਕਸ਼ਮੀ ਬਾਈ ਕੋਲ ਦੋ ਸੇਵਾਦਾਰ ਔਰਤਾਂ ਸਨ। ਜੋ ਝਾਂਸੀ ਤੋਂ ਹੀ ਉਸ ਨਾਲ ਸਨ। ਉਨ੍ਹਾ ਦੇ ਨਾਵਾਂ ਤੋਂ ਇਲਾਵਾ ਘਟ ਹੀ ਜਾਣਕਾਰੀ ਹੈ। ਨਾਮ ਸਨ ਮੰਦਰ ਅਤੇ ਕਾਸ਼ੀ ਕੁਮਬਿੰਨ। ਮੰਦਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਉਸਦੀ ਬਚਪਨ ਦੀ ਸਹੇਲੀ ਸੀ ਤੇ ਉਹ ਵੀ ਉਸੇ ਹੀ ਘਟਨਾ ਵਿਚ ਮਾਰੀ ਗਈ। ਜਦੋਂ ਕਿ ਕਾਸ਼ੀ ਪਿੱਛੇ ਦਮੋਦਰ ਦੀ ਦੇਖ ਭਾਲ ਲਈ ਸੀ। ਦੇਵੀ ਅਨੁਸਾਰ ਇਹ ਕਾਸ਼ੀ ਸੀ ਜਿਸਨੇ ਲਕਸ਼ਮੀ ਬਾਈ ਨੂੰ  ਅੰਤਿਮ ਯਾਤਰਾ ਲਈ ਤਿਆਰ ਕੀਤਾ। ਇਹ ਕਾਸ਼ੀ ਸੀ ਜੋ ਦਮੋਦਰ ਰਾਉ ਦਾ ਖਿਆਲ ਰਖਦੀ ਸੀ। ਉਸਨੇ ਦਮੋਦਰ ਰਾਉ ਨੂੰ ਬ੍ਰਿਟਿਸ਼ ਨੂੰ ਸੌਂਪ ਦਿੱਤਾ, ਇਹ ਵਾਇਦਾ ਲੈਕੇ ਕਿ ਉਹ ਬਚਿਆ ਰਹੇਗਾ। ਉਸਤੋਂ ਬਾਦ ਇਤਿਹਾਸ ਵਿਚੋਂ ਉਹ ਅਲੋਪ ਹੋ ਜਾਂਦੀ ਹੈ। ਇਹ ਹੌਸਲਾ ਤੇ ਸੁਹਿਰਦਤਾ ਵਾਕਿਆ ਹੀ ਪ੍ਰਭਾਵੀ ਸੀ। ਹੋਰ ਬਹੁਤ ਸਾਰੇ ਲੋਕ ਹੋਣਗੇ ਜਿਨ੍ਹਾ ਦੀ ਵਫਾਦਾਰੀ, ਬਹਾਦਰੀ, ਸੁਹਿਰਦਤਾ ਤੇ ਹੌਸਲੇ ਦੀ ਕੋਈ ਗੱਲ ਨਹੀ ਕਰੇਗਾ ਕਿਉਂਕਿ ਉਨ੍ਹਾ ਬਾਰੇ ਕੋਈ ਇਤਿਹਾਸ ਨਹੀ ਹੈ। ਅਸੀਂ ਸਿਰਫ ਕੁਝ ਦੇ ਕੰਮਾਂ ਦਾ ਹੀ ਲੇਖਾ ਜੋਖਾ ਕਰ ਸਕਦੇ ਹਾਂ।

ਦੋ ਦਿਨ ਮਗਰੋਂ ਵਿਦਰੋਹੀਆਂ ਨੇ ਗਵਾਲੀਅਰ ਛਡ ਦਿੱਤਾ। ਜੋ ਉਨ੍ਹਾ ਦੇ ਕਬਜੇ ਵਿਚ ਸੀ ਉਸਨੂੰ ਬਚਾਈ ਰਖਣ ਵਿਚ ਕੋਈ ਦਿਲਚਸਪੀ ਨਹੀ ਲਈ। ਲਕਸ਼ਮੀ ਬਾਈ ਦੀ ਮੌਤ ਨੇ ਉਨ੍ਹਾਂ ਨੂੰ ਮੂਲੋਂ ਹੀ ਤੋੜ ਕੇ ਰਖ ਦਿੱਤਾ ਸੀ। ਗਵਾਲੀਅਰ ਦਾ ਕਿਲ੍ਹਾ ਬ੍ਰਿਟਿਸ਼ ਦੇ ਕਬਜੇ ਵਿਚ ਅਸਾਨੀ ਨਾਲ ਆ ਗਿਆ। ਵਿਦਰੋਹੀਆਂ ਦੇ ਸਾਰੇ ਉਦੇਸ਼, ਸੁਪਨੇ, ਹੌਸਲੇ ਪਸਤ ਹੋ ਗਏ ਸਨ।

ਉਸਦਾ ਨਾਮ ਇਤਨਾ ਪਵਿਤਰ ਬਣ ਗਿਆ ਕਿ ਸੂਰਜ ਉਦੈ ਤੇ ਸੂਰਜ ਅਸਤ ਵੇਲੇ ਗਾਇਆ ਜਾਣ ਲੱਗਾ।

ਕੰਪਨੀ ਦਾ ਵਿਰੋਧ ਜ਼ਿਆਦਾਤਰ ਕੁਲੀਨ ਵਰਗ ਵਲੋਂ ਹੋ ਰਿਹਾ ਸੀ, ਜਿਨ੍ਹਾਂ ਨੂੰ ਲਗ ਰਿਹਾ ਸੀ ਕਿ ਉਨ੍ਹਾਂ ਦੀ ਤਾਕਤ ਖੋਹੀ ਜਾ ਰਹੀ ਹੈ। ਉਹ ਆਪਣੀਆਂ ਭੈੜੀਆਂ ਆਦਤਾਂ ਨਾਲ ਇੱਕ ਜੀਵਨ -ਜਾਚ ਦੀ ਆਦਤ ਪਾ ਚੁੱਕੇ ਸਨ। ਛੋਟੀਆਂ ਜਾਤਾਂ ਦੀ ਹੋਂਦ ਨੂੰ ਤਿੱਖਾ ਕਰਕੇ ਉਹ ਛੋਟੇ ਭਗਵਾਨ ਬਣੇ ਬੈਠੇ ਸਨ। ਸਿਖਿਆ ਤੇ ਨਾ ਮਾਤਰ ਸੀ ਤੇ ਛੋਟਾ ਵਰਗ ਇਸਨੂੰ ਭਗਵਾਨ ਦੀ ਮਰਜ਼ੀ ਤੇ ਆਪਣੀ ਕਿਸਮਤ ਸਮਝਦੇ ਸਨ। ਉਨ੍ਹਾਂ ਦੀ ਇਸ ਸੋਚ ਵਿਚ ਸਮੇਂ ਸਮੇਂ  ਕੁਲੀਨ ਵਰਗ ਵਾਧਾ ਕਰਦੇ ਰਹਿੰਦੇ ਸਨ। ਆਪਣੇ ਨਾਮ ਤੇ ਧਾਰਮਿਕ ਅਦਾਰੇ ਕਾਇਮ ਕੀਤੇ ਹੋਏ ਸਨ। ਹਰ ਅਧਾਰ ਨਾਲ ਲੋਕਾਂ ਦਾ ਸੋਸ਼ਣ ਹੋ ਰਿਹਾ ਸੀ ਤੇ ਬ੍ਰਿਟਿਸ਼ ਕੰਪਨੀ ਉਨ੍ਹਾਂ ਦੀ ਸ਼ਰੀਕ ਬਣਕੇ ਆਈ ਸੀ। ਕੰਪਨੀ ਨੇ ਕਈ ਰਿਆਸਤਾਂ ਨੂੰ ਨਾਲ ਮਿਲਾ ਲਿਆ ਸੀ ਕਿਤੇ ਸੰਧੀ ਨਾਲ, ਕਿਤੇ ਲੈਪਸ ਡਾਕਟਰਾਈਨ  ਨਾਲ ਤੇ ਕਿਤੇ ਤਾਕਤ ਦੇ ਜੋਰ ਨਾਲ। ਜਦੋਂ ਕੋਈ ਰਾਜਾ ਔਲਾਦ ਤੋਂ ਬਿਨ੍ਹਾਂ ਮਰ ਜਾਂਦਾ ਤਾਂ ਸੰਧੀ ਅਧਾਰਿਤ ਰਿਆਸਤ ਦੇ ਜਗੀਰਦਾਰੀ ਤਬਕੇ ਦੀ ਜ਼ਮੀਨ ਕੰਪਨੀ ਦੇ ਕਬਜੇ ਵਿਚ ਆ ਜਾਂਦੀ। ਬਾਦ ਵਿਚ ਉਸਨੂੰ ਆਪਣਾ ਪੱਟਾ ਪਾਕੇ ਹੀ ਅੰਗਰੇਜ਼ ਕੋਈ ਆਪਣੀ ਮਰਜ਼ੀ ਦਾ ਟੁੱਕੜ ਪਾਉਂਦਾ

ਸੀ। ਅੰਗਰੇਜ਼ ਇਸ ਤਰ੍ਹਾ ਕੋਈ ਉਤਰਾ ਅਧਿਕਾਰੀ ਨਹੀ ਮੰਨਦਾ ਸੀ। ਰੀਤ ਇਹ ਸੀ ਕਿ ਮੁਤਬੰਨਾ, ਵਾਰਸ ਬਣ ਜਾਂਦਾ ਸੀ ਪਰ ਅੰਗਰੇਜ਼ ਨੇ ਇਸ ਰੀਤ ਦਾ ਭੋਗ ਪਾ ਦਿੱਤਾ। ਕੁਲੀਨ ਵਰਗ, ਜਗੀਰਦਾਰ ਤੇ ਸ਼ਾਹੀ ਫੌਜ਼ ਦੇ ਨੁਮਾਇੰਦੇ ਆਪਣੀਆਂ ਚਲ ਰਹੀਆਂ ਦੁਕਾਨਾਂ ਤੋਂ ਵਿਰਵੇ ਹੋ ਜਾਂਦੇ ਤੇ ਨਮੋਸ਼ੀ ਨਾਲ ਭਰ ਜਾਂਦੇ। ਇੱਥੋਂ ਤੱਕ ਨਾਗਪੁਰ ਦੇ ਖਜ਼ਾਨੇ ਦੇ ਹੀਰੇ ਕਲਕਤੇ ਦੇ ਬਜ਼ਾਰ ਵਿਚ ਨਿਲਾਮ ਕਰ ਦਿੱਤੇ ਗਏ। ਇਸਤਰਾਂ ਭਾਰਤੀ ਰਾਜਿਆਂ ਮਹਾਰਾਜਿਆਂ  ਦੀ ਬੇਇਜ਼ਤੀ ਕੀਤੀ ਗਈ। ਲੌਰਡ ਡਲਹੌਜ਼ੀ ਗਵਰਨਰ ਜਨਰਲ ਨੇ ਦਿਲੀ ਦੇ ਤਖਤ ਦੇ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫਰ ਤੇ ਉਸਦੇ ਵਾਰਸਾਂ ਨੂੰ ਦਿਲੀ ਦਾ ਲਾਲ ਕਿਲ੍ਹੇ ਦਾ ਤਖਤ ਖਾਲੀ ਕਰਨ ਲਈ ਕਹਿ ਦਿੱਤਾ। ਬਾਦ ਵਿਚ ਲੌਰਡ ਕੈਨਿੰਗ ਜੋ ਅਗਲਾ ਗਵਰਨਰ ਜਨਰਲ ਸੀ ਨੇ 1856 ਵਿਚ ਐਲਾਨ ਕਰ ਦਿੱਤਾ ਕਿ ਬਹਾਦਰ ਸ਼ਾਹ ਦੇ ਵਾਰਸਾਂ ਨੂੰ ਕਿੰਗ (ਸਹਿਨਸ਼ਾਹ) ਦਾ ਖਿਤਾਬ ਨਹੀ ਵਰਤਣ ਦਿੱਤਾ ਜਾਵੇਗਾ। ਇਹੋ ਜੇਹੀਆਂ ਭੈੜੀਆਂ ਗੱਲਾਂ ਨਾਲ ਭਾਰਤੀ ਹੁਕਮਰਾਨਾਂ ਵਿਚ ਵਿਆਪਕ ਨਿਰਾਸ਼ਾ ਫੈਲ ਚੁੱਕੀ ਸੀ।

ਸਰ ਸਈਦ ਅਹਿਮਦ ਖਾਨ ਨੇ ਇਸ ਬਾਰੇ ਆਪਣੀ ਕਿਤਾਬ , ' ਦੀ ਕਾਜ਼ਜ਼ ਔਫ ਦੀ ਇੰਡੀਅਨ ਮਿਉਟਨੀ'(ਭਾਰਤੀ ਬਗਾਵਤ ਦੇ ਕੀ ਕਾਰਣ ਸਨ) ਵਿਚ ਲਿਖਿਆ। ਇਹ ਕਿਤਾਬ 1859 ਵਿਚ ਲਿਖੀ ਗਈ। ਕਈ ਲੇਖਕਾਂ ਜਿਨ੍ਹਾਂ ਵਿਚ ਅੰਗਰੇਜ਼ ਲੇਖਕ ਵੀ ਹਨ ਜਿਨ੍ਹਾਂ ਵਖੋ ਵਖਰੇ ਵਿਸ਼ਿਆਂ ਬਾਰੇ ਲਿਖਿਆ ਹੈ, ਕੁਝ ਇਸਤਰ੍ਹਾਂ  ਹਨ,'ਯੁਟੀਲੀਟੇਰੀਅਨ ਐਂਡ ਇਵੈਂਨਜੀਲੀਕਲ-ਇੰਨਸਪਾਇਰਡ ਸੋਸ਼ਲ਼ ਰਿਫਾਰਮ' ( ਉਪਯੋਗਤਾ ਤੇ ਈਸਾਈ ਮੱਤ ਨਾਲ ਜੁੜੇ ਹੋਏ ਸਮਾਜਿਕ ਸੁਧਾਰ) ਸਤੀ ਰਸਮ ਦਾ ਖਾਤਮਾ ਤੇ ਵਿਧਵਾ ਦੀ ਦੂਜੀ ਸ਼ਾਦੀ ਦਾ ਕਾਨੂੰਨ। ਇਹ ਸੁਧਾਰ ਈਸਾਈ ਮੱਤ ਤੇ ਅਧਾਰਿਤ ਸਨ। ਅੰਗਰੇਜ਼ ਵੇਖਣ ਨੂੰ ਭਲਾ ਪਰ ਰੂਹ ਦਾ ਮਾੜਾ ਸੀ। ਉਸਨੇ ਇਹ ਸੁਧਾਰ ਭਾਰਤੀ ਪਰੰਮਪਰਾਵਾਂ ਨੂੰ ਢਾਹ ਲਾਉਣ ਨੂੰ ਕੀਤੇ। ਦੇਖਣ ਪਾਖਣ ਨੂੰ ਚੰਗੇ ਲਗਦੇ ਇਨ੍ਹਾ ਸੁਧਾਰਾਂ ਦੇ ਓਹਲੇ ਉਹਦੀ ਨੀਅਤ ਭਾਰਤੀ ਸੰਸਕ੍ਰਿਤੀ ਦਾ ਸੋਸ਼ਣ ਸੀ। ਇਸਤਰ੍ਹਾਂ ਕਰਨ ਨਾਲ ਭਾਰਤ ਦਾ ਸਮੁੱਚਾ ਧਾਰਮਿਕ-ਢਾਂਚਾ ਹੀ ਇਸਦੀ ਲਪੇਟ ਵਿਚ ਆ ਜਾਂਦਾ ਸੀ। ਅਸਲ ਸੋਚ ਸਾਰੇ ਭਾਰਤ ਨੂੰ ਈਸਾਈ ਮੱਤ ਨਾਲ ਜੋੜਨਾ ਸੀ। ਬਾਦ ਦੇ ਇਤਿਹਾਸਕਾਰਾਂ ਜਿਨ੍ਹਾਂ ਵਿਚ ਕਰਿਸ ਬੇਇਲੀ ਵੀ ਸ਼ੁਮਾਰ ਹੁੰਦਾ ਹੈ ਨੇ ਇਸਨੂੰ ਇੱਕ ਫਰੇਮ ਵਿਚ ਰਖਕੇ ਵੇਖਿਆ। ਇਹ ਇੱਕ ਗਿਆਨ ਦਾ ਟਕਰਾ ਸੀ। ਧਾਰਮਿਕ ਲੀਡਰਾਂ ਦੇ ਪਹਿਲੀ ਅਜ਼ਾਦੀ ਦੀ ਲੜਾਈ ਤੋਂ ਪਹਿਲਾਂ ਦੇ ਬਿਆਨ ਪਰਖਣ ਵਾਲੇ ਹਨ। ਇਹਦੇ ਵਿਚ ਜਿਹੜੇ ਮੁੱਦੇ ਉਠਾਏ ਗਏ ਉਨ੍ਹਾਂ ਵਿਚ ਔਰਤ ਦੀ ਬੇ-ਅਦਬੀ, ਨੀਵੀਂ ਜਾਤੀ ਦੀ ਚੜ੍ਹਤ ਕਰਨ ਦੇ ਉਪਰਾਲੇ ਸਨ ਤਾਂ  ਕਿ ਚਲ ਰਹੇ ਸਮਾਜਿਕ ਢਾਂਚੇ ਨੂੰ ਢਾਹ ਢੇਰੀ ਕੀਤਾ ਜਾਵੇ। ਦਖਣ ਦੀਆਂ ਅੰਗਰੇਜੀ ਦਵਾਈਆਂ ਦੀ ਆਮਦ ਤੇ ਭਾਰਤੀ ਸੰਸਕ੍ਰਿਤੀ ਨਾਲ ਜੁੜੀਆਂ ਤਾਰਿਆਂ ਦੇ ਗਿਆਨ ਦਾ ਮਜ਼ਾਕ ਉਡਾਉਣਾ ਤੇ ਇਸ ਵਿਰੁਧ ਕਾਰਵਾਈ ਕਰਨੀ, ਉਸ ਵੇਲੇ ਦੇ ਭਾਰਤੀਆਂ ਲਈ ਪਰਦੂਸ਼ਨ ਸੀ। ਯੋਰਪੀਅਨ ਤਰਜ਼ ਦੇ ਸਕੂਲ ਵੀ ਸਮਸਿਆਵਾਂ ਖੜੀਆਂ ਕਰ ਰਹੇ ਸਨ। ਰਿਕਾਰਡ ਮੁਤਾਬਕ ਕੁਝ ਕਹਾਣੀਆਂ ਜੋ ਲੋਕਾਂ ਵਿਚ ਚਲ ਪਈਆ ਸਨ ਦਾ ਵੀ ਜ਼ਿਕਰ ਮਿਲਦਾ ਹੈ। ਸਕੂਲਾਂ ਵਿਚ ਗਣਿਤ ਨੂੰ  ਧਾਰਮਿਕ ਵਿਸ਼ੇ ਦੇ ਇਵਜ਼ ਲਾਗੂ ਕੀਤਾ ਗਿਆ। ਇਹ ਵੀ ਭਾਰਤ ਦੇ ਧਾਰਮਿਕ-ਢਾਂਚੇ ਤੇ ਡੂੰਘੀ ਮਾਰ ਸੀ। ਇਸ ਨਾਲ ਕੁੜੀਆ ਨੂੰ ਦਿੱਤੀ ਜਾਣ

ਵਾਲੀ ਸਿਖਿਆ ਉਨ੍ਹਾਂ ਦਾ ਨੈਤਿਕ ਪਤਨ ਕਰੇਗੀ। ਕਾਨੂੰਨ ਵਿਵਸਥਾ ਤਾਂ ਭਾਰਤੀਆਂ ਲਈ ਸਿਧਾ ਹੀ ਧੱਕਾ ਸੀ।' ਦੀ ਬਲਿਉ ਬੁਕਸ,ਈਸਟ ਇੰਡੀਆ (ਟੌਰਚਰ) 1855-1857 ਦਾ ਖਰੜਾ, 1856 ਵਿਚ ਹਾਉਸ ਔਫ ਕਾਮਨ ਵਿਚ ਰਖਿਆ ਗਿਆ ਤੇ 1857 ਵਿਚ ਇਹ ਮੰਨ ਲਿਆ ਗਿਆ ਕਿ ਕੰਪਨੀ ਦੇ ਅਫਸਰਾਂ ਨੂੰ ਅਪੀਲ ਕਰਨ ਦਾ ਹੱਕ ਹੈ ਜੇ ਉਹ ਭਾਰਤੀਆਂ ਵਿਰੁਧ ਕੋਈ ਤਸੀਹੇ ਭਰਿਆ ਜ਼ੁਰਮ ਕਰਦੇ ਹਨ। ਦਲੀਲ ਸੀ ਕਿ ਹਾਲਾਤ ਦਾ ਸਾਹਮਣਾ ਕਰਨ ਲਈ ਇਹ ਜ਼ਰੂਰੀ ਹੈ ਤੇ ਮੌਜੂਦਾ ਕਾਨੂੰਨੀ ਢਾਂਚਾ ਉਨ੍ਹਾਂ ਦੇ ਹੱਕ ਵਿਚ ਨਹੀ ਜਾਂਦਾ, ਉਹ ਤੇ ਆਪਣਾ ਸੁਹਿਰਦਤਾ ਨਾਲ ਕੰਮ ਕਰ ਰਹੇ ਹਨ। ਗੋਰਿਆਂ ਦੀਆਂ ਆਰਥਿਕ ਪਾਲਿਸੀਆਂ ਵੀ ਭਾਰਤੀਆਂ ਨੂੰ ਪਸੰਦ ਨਹੀ ਸਨ।

ਬੰਗਾਲ ਆਰਮੀ---

ਈਸਟ ਇੰਡੀਆ ਕੰਪਨੀ ਨੇ ਵਿਵਸਥਾ ਲਈ ਭਾਰਤ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਉਦੇਸ਼ ਸੀ ਵਿਵਸਥਾ ਤੇ ਪ੍ਰਭਾਵੀ ਤਰੀਕੇ ਨਾਲ ਕੰਟਰੌਲ ਕਰਨਾ, ਤਿੰਨੇ ਭਾਗ ਆਪੋ ਆਪਣੀ ਆਰਮੀ ਨੂੰ ਸੰਭਾਲਦੇ ਸਨ। ਦੂਸਰੇ ਦੋਵੇਂ ਭਾਗਾਂ ਤੋਂ ਅੱਲਗ, ਬੰਗਾਲ ਆਰਮੀ ਵਿਚ ਉਚ ਜਾਤ ਦੇ ਹਿੰਦੂ ਤੇ ਮੁਕਾਬਲੇ ਦੇ ਹੀ ਅਮੀਰ ਮੁਸਲਮਾਨ ਭਰਤੀ ਕੀਤੇ ਗਏ। ਮੁਸਲਮਾਨਾਂ ਦੀ ਗਿਣਤੀ ਕਸੁਤੇ ਯੂਨਿਟਾਂ ਵਿਚ ਬਹੁਤ ਜ਼ਿਆਦਾ ਸੀ ਜਦੋਂ ਕਿ ਹਿੰਦੂ ਜ਼ਿਆਦਾ ਤਰ ਰਵਾਇਤੀ ਯੁਨਿਟਾਂ ਵਿਚ ਤੈਨਾਤ ਸਨ। ਭਾਰਤੀ ਮੂਲ ਦੇ ਫੌਜੀਆਂ ਦਾ ਬਹੁਤਾ ਰੁਝਾਨ ਜ਼ਮੀਨਦਾਰੀ ਤੇ ਭਾਰਤੀ ਸਮਾਜ ਦੇ ਰਵਾਇਤੀ ਰੀਤੀ-ਰਿਵਾਜ਼ਾਂ ਨਾਲ ਸੀ। ਕੰਪਨੀ ਦੇ ਸ਼ੁਰੂਆਤੀ ਦੌਰ ਵਿਚ, ਇਹ ਭਾਰਤੀ ਮੂਲ ਦੇ ਫੌਜੀ ਸਭ ਕੁਝ ਬਰਦਾਸ਼ਤ ਕਰਦੇ ਸਨ, ਸਗੋਂ ਜਾਤੀ ਅਧਾਰਿਤ ਮਿਲੀਆਂ ਸਹੂਲਤਾਂ ਨੂੰ ਬੜਾਵਾ ਵੀ ਦਿੰਦੇ ਸਨ। ਬੰਗਾਲ ਵਿਚਲੀ ਆਰਮੀ ਆਪਣੀ ਭਰਤੀ ਜ਼ਮੀਨਦਾਰਾਂ ਵਿਚੋਂ ਹੀ ਕਰਦੇ ਸਨ। ਇਨ੍ਹਾ ਵਿਚ ਗੰਗਾ ਵੈਲੀ ਦੇ ਬਰਾਹਮਣ, ਰਾਜਪੂਤ ਸਨ। 1840 ਤੋਂ ਬਾਦ ਕਲਕਤੇ ਦੇ ਰਾਜ ਦੇ ਮਾਡਰਨ ਕਰਨ ਦੇ ਰੁਝਾਨ ਨੇ, ਇਨ੍ਹਾਂ ਫੌਜੀਆਂ ਦੀਆਂ ਸਹੂਲਤਾਂ, ਰੀਤੀ ਰਿਵਾਜ਼, ਸਮਾਜਿਕ ਵਰਤਾਰੇ, ਚਲੀ ਆ ਰਹੀ ਸੰਸਕ੍ਰਿਤੀ ਵਿਚ ਦਖਲ ਦੇਕੇ ਉਨ੍ਹਾਂ ਦੀਆਂ ਮਾਨਸਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣੀ ਸ਼ੁਰੂ ਕਰ ਦਿੱਤੀ। ਫੌਜੀਆਂ ਦਾ ਉਸਰਿਆ ਰੁਤਬਾ, ਤੇ ਉਸਦੀ ਆਦਤ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਜੀਵਨ-ਜਾਚ ਨੂੰ ਆਪਣੀਆਂ ਰਗਾਂ ਵਿਚ ਵਸਾਇਆ ਹੋਇਆ ਸੀ। ਇਸ ਪੱਖੋਂ ਉਹ ਬਹੁਤ ਹੀ ਸੰਵੇਦਨਸ਼ੀਲ ਸਨ ਤੇ ਖਤਰਾ ਮਹਿਸੂਸਣ ਲੱਗ ਪਏ ਸਨ ਕਿ ਉਨ੍ਹਾਂ ਦੀ ਜਾਤ ਨੂੰ ਪਰਦੂਸ਼ਿਤ ਕੀਤਾ ਜਾ ਰਿਹਾ ਹੈ।

ਭਾਰਤੀ ਮੂਲ ਦੇ ਫੌਜੀ ਆਰਮੀ ਜ਼ਿੰਦਗੀ ਦੇ ਬਦਲ ਰਹੇ ਰੁਝਾਨਾਂ ਨਾਲ ਭਰੇ ਪੀਤੇ ਸਨ। ਅੰਗਰੇਜ਼ ਦੇ ਮੁਕਾਬਲੇ ਉਨ੍ਹਾਂ ਦੀ ਤਨਖਾਹ ਵੀ ਘੱਟ ਸੀ। ਜਦੋਂ ਬ੍ਰਿਟਿਸ਼ ਨੇ ਅਵਧ ਤੇ ਪੰਜਾਬ ਨੂੰ ਵੀ ਆਪਣੇ ਨਾਲ ਮਿਲਾ ਲਿਆ, ਇਨ੍ਹਾ ਫੌਜੀਆਂ ਨੂੰ ਕੋਈ ਵਾਧੂ ਭੱਤਾ ਨਹੀ ਦਿੱਤਾ ਜਾਂਦਾ ਸੀ। ਪਹਿਲਾਂ ਜੋ ਮਿਲਦਾ ਸੀ, ਉਹ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸਰਵਿਸ ਨੂੰ ਹੁਣ 'ਵਿਦੇਸ਼ੀ ਮਿਸ਼ਨ' ਨਹੀ ਸਮਝਿਆ ਜਾਂਦਾ ਸੀ, ਹੁਣ ਇਨ੍ਹਾਂ ਫੌਜੀਆਂ ਨੂੰ ਕਿਤੇ ਵੀ ਰੈਗੂਲਰ ਤਨਖਾਹ ਤੇ ਹੀ ਤੈਨਾਤ ਕੀਤਾ ਜਾ ਸਕਦਾ ਸੀ। ਜੂਨੀਅਰ ਯੋਰਪੀਅਨ ਅਫਸਰ ਆਪਣੇ ਜਵਾਨਾਂ ਵਲੋਂ ਬੇਮੁੱਖ ਹੋ ਰਹੇ ਸਨ। ਬਹੁਤੇ ਕੇਸਾਂ ਵਿਚ ਸਿਰਫ ਭਾਰਤੀ

ਹੋਣ ਕਰਕੇ ਹੀ ਉਨ੍ਹਾਂ ਨੂੰ ਘਟੀਆ ਸਮਝਿਆ ਜਾਂਦਾ ਸੀ। ਕਈ ਅਫਸਰ ਜਿਵੇਂ ਹਰਬਰਟ ਐਡਵਰਡ, ਤੇ ਕਰਨਲ ਐਸ. ਜੀ. ਵੇਲਰ ਜਿਹੜੇ 34 ਬੰਗਾਲੀ ਇੰਨਫੈਂਟਰੀ ਦੇ ਸਨ ਨੇ ਆਪਣੇ ਫੌਜੀਆਂ ਨੂੰ ਕਰਿਸਚੇਨਿਟੀ ਵਲ ਧਕਣ ਤੇ ਕਰਿਸਚਿਅਨ ਬਣਨ ਦੇ ਮਸ਼ਵਰੇ ਦੇਣੇ ਵੀ ਸ਼ੁਰੂ ਕਰ ਦਿੱਤੇ ਸਨ। 1856 ਵਿਚ ਕੰਪਨੀ ਵਲੋਂ ਇੱਕ ਇਨਲਿਸਟਮੈਂਟ ਐਕਟ ਲਾਗੂ ਕੀਤਾ ਗਿਆ। ਜਿਸ ਅਨੁਸਾਰ ਬੰਗਾਲ ਆਰਮੀ ਦਾ ਹਰ ਯੁਨਿਟ ਸਮੁੰਦਰੋਂ ਪਾਰ ਸਰਵਿਸ ਕਰਨ ਦਾ ਵੀ ਪਾਬੰਧ ਸੀ। ਭਾਵੇਂ ਇਹ ਐਕਟ ਸਿਰਫ ਨਵੇਂ ਭਰਤੀ ਰਿਕਰੂਟਾਂ ਤੇ ਹੀ ਲਾਗੂ ਹੁੰਦਾ ਸੀ। ਪੁਰਾਣੇ ਫੌਜੀਆ ਨੂੰ ਵੀ ਡਰ ਪੈ ਗਿਆ ਕਿ ਹਨੇਰੇ ਸਵੇਰੇ ਇਹ ਉਨ੍ਹਾਂ ਤੇ ਵੀ ਲਾਗੂ ਕਰ ਦਿੱਤਾ ਜਾਵੇਗਾ। ਇਹ ਦਲੀਲ ਦਿੱਤੀ ਗਈ ਕਿ ਉੱਚੀ ਜਾਤੀ ਵਾਲੇ ਹਿੰਦੂ ਜੋ ਇਸ ਘੁਟਣ ਵਿਚ  ਤੇ ਗੰਦੀਆਂ ਮੰਦੀਆਂ ਹਾਲਤਾਂ ਵਿਚ ਟਰੁਪ ਸ਼ਿਪ ਵਿਚ ਸਫਰ ਕਰਨਗੇ ਤਾਂ ਉਨ੍ਹਾਂ ਦੀਆਂ ਧਾਰਮਿਕ ਅਕੀਦਿਆਂ ਦਾ ਸਤਿਆਨਾਸ ਹੋ ਜਾਵੇਗਾ।

## ਵਿਦਰੋਹ ਦੀ ਸ਼ੁਰੂਆਤ---

ਕਈ ਮਹੀਨਿਆਂ ਦੀ ਬਦਲੀ ਹੋਈ ਪ੍ਰਸਥਿਤੀ ਨੇ ਜਿਹੜੇ ਤਨਾਵਾਂ ਨੂੰ ਜਨਮ ਦਿੱਤਾ ਸੀ ਆਖਰ ਇਹ ਲਾਵਾ ਕਦੇ ਤਾਂ ਫੁਟਣਾ ਹੀ ਸੀ, ਨਾਲ ਦੀ ਨਾਲ ਕੁਝ ਹੋਰ ਘਟਨਾਵਾਂ ਵੀ ਹੋਈਆ ਜਿਸਨੇ ਬਾਰੂਦ ਦੇ ਢੇਰ ਤੇ ਪਈ ਸਥਿਤੀ ਤੇ ਚੁਆਤੀ ਦਾ ਕੰਮ ਕੀਤਾ। ਫਰਵਰੀ 26, 1857 ਨੂੰ ਚਰਬੀ ਵਾਲੇ ਕਾਰਤੂਸਾਂ ਦਾ ਰੌਲਾ ਪੈ ਗਿਆ। ਕਰਨਲ ਨੇ ਪਹਿਲਾਂ ਸਖਤੀ ਵਰਤੀ ਤੇ ਫਿਰ ਪਰੇਡ ਕੈਂਸਲ ਕਰਕੇ  ਸੋਚਣ ਲਈ ਸਮਾਂ ਲੈ ਲਿਆ।

## ਮੰਗਲ ਪਾਂਡੇ

ਮਾਰਚ 29, 1857 ਨੂੰ ਬੈਰਕਪੁਰ ਦੀ ਪਰੇਡ ਗਰਾਂਉਡ, ਜਿਹੜਾ ਕਲਕਤੇ ਦੇ ਕੋਲ ਹੈ, 29 ਸਾਲਾ ਮੰਗਲ ਪਾਂਡੇ 34 ਬਟਾਲੀਅਨ ਇੰਨਫੈਂਨਟਰੀ ਦਾ ਜਵਾਨ ਸੀ, ਈਸਟ ਇੰਡੀਆ ਕੰਪਨੀ ਦੇ ਇਸ ਕਾਰਜ ਨਾਲ ਗੁੱਸੇ ਵਿਚ ਆ ਗਿਆ। ਉਸਨੇ ਐਲਾਨ ਕੀਤਾ ਕਿ ਉਹ ਆਪਣੇ ਕਮਾਂਡਰਾਂ ਖਿਲਾਫ ਵਿਦਰੋਹ ਕਰੇਗਾ। ਸਾਰਜੈਂਟ-ਮੇਜਰ ਜੇਮਜ਼ ਹੇਸਨ ਨੇ ਜਦੋਂ ਇਹ ਸੁਣਿਆਂ  ਤਾਂ ਉਹ ਸਿਰਫ ਪੜਤਾਲ ਕਰਨ ਗਿਆ ਸੀ, ਮੰਗਲ ਪਾਂਡੇ ਨੇ ਉਸਤੇ ਗੋਲੀ ਚਲਾ ਦਿੱਤੀ। ਹੇਸਨ ਨੇ ਅਲਾਰਮ ਵਜਾ ਦਿੱਤਾ। ਜਦੋਂ ਉਸਦੇ ਸਾਥੀ ਲਫਟੈਂਨ ਹੈਨਰੀ ਬਾਅਗ ਗੜਬੜ ਵੇਖਣ ਬਾਹਰ ਆਇਆ ਤਾਂ ਮੰਗਲ ਪਾਂਡੇ ਨੇ ਉਸਤੇ ਗੋਲੀਆਂ ਚਲਾ ਦਿੱਤੀਆਂ। ਬਾਅਗ ਬਚ ਗਿਆ ਪਰ ਉਸਦੇ ਘੋੜੇ ਨੂੰ ਗੋਲੀ ਲੱਗ ਗਈ।

ਜਨਰਲ ਜੌਨ ਹਿਅਰਸੇ ਉਸਨੂੰ ਦੇਖਣ ਪਰੇਡ ਗਰਾਂਉਡ  ਵਿਚ ਬਾਹਰ ਆਇਆ। ਉਸਨੇ ਬਾਦ ਵਿਚ ਦਸਿਆ ਕਿ ਮੰਗਲ ਪਾਂਡੇ ਨੂੰ ਕਿਸੇ ਕਿਸਮ ਦੀ ਧਾਰਮਿਕ ਚੰਡੀ ਚੜ੍ਹੀ ਹੋਈ ਸੀ। ਉਸਨੇ ਭਾਰਤੀ ਕਮਾਂਡਰ ਕੁਆਟਰ ਗਾਰਡ ਜਮਾਦਾਰ ਇਸ਼ਵਰੀ ਪ੍ਰਸ਼ਾਦ ਨੂੰ ਹੁਕਮ ਦਿੱਤਾ ਕੀ ਮੰਗਲ ਪਾਂਡੇ ਨੂੰ ਗਰਿਫਤਾਰ ਕਰ ਲਿਆ ਜਾਵੇ। ਜਮਾਦਾਰ ਨੇ ਉਸਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਕੁਆਟਰ ਗਾਰਡ ਤੇ ਹੋਰ ਸਿਪਾਹੀਆਂ ਦੀ ਹਾਜ਼ਰੀ  ਵਿਚ ਇਹ ਹੋ ਰਿਹਾ ਸੀ ਤੇ ਸਾਰੇ ਇੱਕ ਮਤ ਲਗਦੇ ਸਨ ਸਿਰਫ ਇੱਕ

ਸਿਪਾਹੀ ਨੂੰ ਛੱਡਕੇ ਜਿਸਦਾ ਨਾਮ ਸ਼ੇਖ ਪਲਤੂ ਸੀ। ਸ਼ੇਖ ਪਲਤੂ ਨੇ ਮੰਗਲ ਪਾਂਡੇ ਨੂੰ ਆਪਣੇ ਹਮਲੇ ਰੋਕਣ ਤੋਂ ਵਰਜਿਆ।

ਜਦੋਂ ਮੰਗਲ ਪਾਂਡੇ ਨੇ ਮਹਿਸੂਸ ਕੀਤਾ ਕਿ ਉਸਦੇ ਸਾਥੀ ਉਸਦਾ ਵਿਦਰੋਹ ਵਿਚ ਖੁਲ੍ਹੇਆਮ ਸਾਥ ਨਹੀ ਦੇ ਰਹੇ ਤਾਂ ਮੰਗਲ ਪਾਂਡੇ ਨੇ ਆਪਣੀ ਹੀ ਜਾਨ ਲੈਣ ਲਈ ਆਪਣੀ ਮਸਕਟ (ਪੁਰਾਣੀ ਬੰਦੂਕ) ਆਪਣੀ ਛਾਤੀ ਤੇ ਰਖ ਲਈ ਤੇ ਘੋੜਾ ਦਬ ਦਿੱਤਾ। ਉਹ ਸਿਰਫ ਆਪਣੇ ਆਪ ਨੂੰ ਜਖ਼ਮੀ ਹੀ ਕਰ ਸਕਿਆ, ਜਾਨ ਬਚ ਗਈ। ਅਪ੍ਰੈਲ 6 ਨੂੰ ਉਸਦਾ ਕੋਰਟ ਮਾਰਸ਼ਲ ਹੋਇਆ ਤੇ ਅਪ੍ਰੈਲ 8 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਜਮਾਦਾਰ ਈਸ਼ਵਰੀ ਪ੍ਰਸ਼ਾਦ ਨੂੰ ਅਪ੍ਰੈਲ 22 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਰੈਜ਼ਮੈਂਟ ਨੇ ਇਸਤੋਂ ਪਹਿਲਾਂ ਬਹੁਤ ਹੀ ਨਿਰਾਦਰੀ ਭਰੇ ਅੰਦਾਜ਼ ਵਿਚ ਪਹਿਲਾਂ ਉਸਦੀ ਵਰਦੀ ਤੇ ਤਮਗੇ ਉਤਾਰੇ ਕਿਉਂਕਿ ਇਹ ਮਹਿਸੂਸ ਕੀਤਾ ਗਿਆ ਸੀ ਕਿ ਉਹ ਵਿਦਰੋਹ ਵਾਲੀਆਂ ਭਾਵਨਾਵਾਂ ਨਾਲ ਬਿਮਾਰ ਮਾਨਸਿਕਤਾ ਦਾ ਸ਼ਿਕਾਰ ਹੈ। ਇਸ ਘਟਨਾ ਤੋਂ ਬਾਦ ਸ਼ੇਖ ਪਲਤੂ ਨੂੰ ਤਰੱਕੀ ਦੇਕੇ ਬੰਗਾਲ ਆਰਮੀ ਵਿਚ ਜਮਾਦਾਰ ਬਣਾ ਦਿੱਤਾ ਗਿਆ।

ਮੰਗਲ ਪਾਂਡੇ ਤੇ ਈਸ਼ਵਰੀ ਪ੍ਰਸ਼ਾਦ ਦੇ ਮਾਮਲੇ ਵਿਚ, ਦੂਸਰੀਆਂ ਰੈਜਮੈਂਟ ਵਿਚ ਇਹ ਮਹਿਸੂਸ ਕੀਤਾ ਜਾਂਣ ਲੱਗਾ ਕਿ ਇਹ ਬਹੁਤ ਹੀ ਸਖਤ ਸਜ਼ਾ ਸੀ ਜਿਸਦੀ ਲੋੜ ਨਹੀ ਸੀ। ਕੁਝ ਇਤਿਹਾਸਕਾਰਾਂ ਨੇ ਸਿਪਾਹੀਆਂ ਦੀ ਇਸ ਨਿਰਾਦਰੀ ਨੂੰ ਵਿਦਰੋਹ ਦਾ ਵਡੇ ਕਾਰਣ ਵਜੋਂ ਲਿਆ ਹੈ। ਇਸਤਰ੍ਹਾਂ ਦੇ ਮਾਹੌਲ ਵਿਚ ਘਰਾਂ ਵਿਚ ਬੈਠੇ ਰਿਟਾਇਰ ਫੌਜੀਆਂ ਨੇ ਇਹ ਫੈਸਲਾ ਕਰ ਲਿਆ ਕਿ ਜਦ ਵੀ ਮੌਕਾ ਮੇਲ ਹੋਇਆ, ਉਹ ਵਿਦਰੋਹ ਦਾ ਹਿੱਸਾ ਬਣਨਗੇ।

## ਅਪ੍ਰੈਲ 1857

ਅਪ੍ਰੈਲ ਵਿਚ ਬਹੁਤ ਬੇਚੈਨੀ ਪੈਦਾ ਹੋ ਗਈ। ਇਹ ਜ਼ਿਆਦਾ ਤਰ ਆਗਰਾ, ਇਲਾਹਾਬਾਦ ਤੇ ਅੰਬਾਲਾ ਵਿਚ ਸੀ। ਇਹ ਤਿੰਨੇ ਵਡੀਆਂ ਛਾਉਣੀਆਂ ਦੇ ਸ਼ਹਿਰ ਸਨ। ਖਾਸ ਤੌਰ ਤੇ ਅੰਬਾਲਾ ਛਾਉਣੀ ਜਿੱਥੇ ਬਹੁਤ ਸਾਰੇ ਯੁਨਿਟ ਇੱਕਠੇ ਹੋਏ ਸਨ। ਇਹ ਉਨ੍ਹਾਂ ਦੀ ਸਲਾਨਾ ਚਾਂਦਮਾਰੀ ਦੀ ਪ੍ਰੈਕਟਿਸ ਦਾ ਸਮਾਂ ਸੀ। ਜਨਰਲ ਐਨਸਨ ਨੂੰ ਇਹ ਸਪਸ਼ਟ ਸੀ ਕਿ ਚਰਬੀ ਵਾਲੇ ਕਾਰਤੂਸਾਂ ਦੇ ਮਾਮਲੇ ਵਿਚ ਕੁਝ ਵਡਾ ਦੰਗਾ ਹੋ ਸਕਦਾ ਹੈ। ਸਿਵਲ ਗਵਰਨਰ ਜਨਰਲ ਦਾ ਸਟਾਫ ਦੇ ਇਤਰਾਜ਼ ਦੇ ਬਾਵਜੂਦ, ਉਸਨੇ ਚਾਂਦਮਾਰੀ ਦੀ ਅਭਿਆਸੀ ਮਸ਼ਕ ਅੱਗੇ ਪਾ ਦਿੱਤੀ ਤੇ ਇੱਕ ਨਵੀਂ ਡਰਿਲ ਦੀ ਆਗਿਆ ਦਿੱਤੀ ਜਿਸ ਵਿਚ ਫੋਜੀ ਜਵਾਨ ਕਾਰਤੂਸ ਨੂੰ ਮੂੰਹ ਦੀ ਦੰਦੀ ਦੀ ਬਜਾਇ ਹੱਥ ਨਾਲ ਕਾਰਜ਼ਸ਼ੀਲ ਕਰ ਸਕਦਾ ਸੀ ਪਰ ਇਸ ਮਾਮਲੇ ਵਿਚ ਉਸਨੇ ਕੋਈ ਆਮ ਹੁਕਮ ਸਾਰੀ ਬੰਗਾਲ ਆਰਮੀ ਲਈ ਜਾਰੀ ਨਹੀ ਕੀਤਾ। ਉਹ ਅੰਬਾਲਾ ਹੀ ਬੈਠਾ ਰਿਹਾ ਤੇ ਇਸ ਧੁਖਦੀ ਅੱਗ ਨੂੰ ਸ਼ਾਤ ਕਰਨ ਲਈ ਕੁਝ ਨਹੀ ਕੀਤਾ। ਇਸਤੋਂ ਬਾਦ ਉਹ ਗਰਮੀ ਦੀਆਂ ਛੁਟੀਆਂ ਮਨਾਉਣ ਸ਼ਿਮਲਾ ਚਲੇ ਗਿਆ। ਜਿੱਥੇ ਹੋਰ ਬਹੁਤ ਸਾਰੇ ਵਡੇ ਵਡੇ ਅੰਗਰੇਜ਼ ਅਫਸਰ ਜਾਂਦੇ ਸਨ।

## ਮੇਰਟ ਤੇ ਦਿਲੀ

ਮੇਰਟ ਵਿਚ ਦੂਜੀ ਵਡੀ ਛਾਉਣੀ ਸੀ ਜਿੱਥੇ 2357 ਭਾਰਤੀ ਫੌਜੀ ਤੇ 2038 ਬ੍ਰਿਟਿਸ਼ ਫੌਜੀ ਤੈਨਾਤ ਸਨ। ਇਹ 12 ਬ੍ਰਿਟਿਸ਼-ਮੈਨਡ ਗੰਨ ਨਾਲ ਜੁੜੇ ਸਨ। ਇਹ ਸਟੇਸ਼ਨ ਬ੍ਰਿਟਿਸ਼ ਭਾਰਤੀ ਫੌਜ ਦਾ ਸਭਤੋਂ ਵਡਾ ਗੜ੍ਹ ਸੀ ਇਸੇ ਕਰਕੇ ਬਾਦ ਵਿਚ ਮੇਰਟ ਨੂੰ ਹੀ ਬਗਾਵਤ ਦਾ ਅਸਲ ਸਥਾਨ ਤਸਲੀਮ ਕੀਤਾ ਗਿਆ ਨਾ ਕਿ ਪਹਿਲੋਂ ਹੀ ਸੋਚੀ ਸਮਝੀ ਪਲੈਨਿੰਗ ਨੂੰ। ਭਾਵੇਂ ਬੰਗਾਲ ਆਰਮੀ ਵਿਚ ਫੈਲੀ ਬੇਚੈਨੀ ਨੂੰ ਸਾਰੇ ਸਮਝਦੇ ਸਨ। ਲੈਫਟੀਨੈਂਟ ਕਰਨਲ ਜਾਰਜ ਕਾਰਮਾਈਕਲ, ਬੰਗਾਲ ਲਾਇਟ ਕੈਵਲਰੀ ਦੀ ਤੀਸਰੀ ਯੂਨਿਟ ਨਾਲ ਸਬੰਧਿਤ ਅਫਸਰ ਸੀ। ਕਾਰਮਾਇਕਲ ਨੂੰ ਇਸ ਬੇਚੈਨੀ ਨਾਲ ਕੋਈ ਹਮਦਰਦੀ ਨਹੀ ਸੀ। ਅਪ੍ਰੈਲ 24, ਇਸਨੇ ਆਪਣੇ 90 ਜਵਾਨਾਂ ਨੂੰ ਪਰੇਡ ਦੌਰਾਨ ਫਇਰਿੰਗ ਡਰਿਲ ਦਾ ਹੁਕਮ ਦਿੱਤਾ। ਪੰਜ ਜਵਾਨਾਂ ਨੂੰ ਛੱਡ ਕੇ ਸਾਰਿਆਂ ਨੇ, ਉਨ੍ਹਾਂ ਕਾਰਤੂਸਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾ 85 ਜਵਾਨਾਂ ਦਾ ਮਈ 9 ਨੂੰ ਕੋਰਟ ਮਾਰਸ਼ਲ ਕੀਤਾ ਗਿਆ ਤੇ ਬਹੁਤਿਆਂ ਨੂੰ ਸਖਤ ਮੁਸ਼ਕਤ ਨਾਲ ਦਸ ਸਾਲ ਦੀ ਸਜ਼ਾ ਦਿੱਤੀ ਗਈ। 11 ਨਵੇਂ ਛੋਟੀ ਉਮਰ ਦੇ ਜਵਾਨਾਂ ਨੂੰ ਸਜ਼ਾ ਪੰਜ ਸਾਲ ਦਿੱਤੀ ਗਈ। ਸਾਰੀ ਛਾਉਣੀ ਦੇ ਜਵਾਨਾਂ ਦੇ ਸਾਹਮਣੇ ਇਨ੍ਹਾਂ ਜਵਾਨਾਂ ਦਾ ਨਿਰਾਦਾਰ ਕਰਨ ਲਈ ਸ਼ਰੇਆਮ ਉਨ੍ਹਾਂ ਦੀ ਭੈੜੇ ਤਰੀਕੇ ਨਾਲ ਵਰਦੀ ਉਤਾਰੀ ਗਈ ਤੇ ਉਨ੍ਹਾ ਨੂੰ ਬੇੜੀਆਂ ਵਿਚ ਜਕੜ ਦਿੱਤਾ ਗਿਆ।

ਅਗਲੇ ਦਿਨ ਐਤਵਾਰ ਸੀ। ਕਰਿਸਚਿਅਨ ਡੇ, ਅਰਾਮ ਤੇ ਪ੍ਰਾਥਨਾ ਦਾ ਦਿਨ। ਕੁਝ ਭਾਰਤੀ ਫੌਜੀਆਂ ਨੇ ਡਿਊਟੀ ਤੋਂ ਫਾਰਗ ਹੋਏ ਯੋਰਪੀਅਨ ਅਫਸਰਾਂ ਨੂੰ ਦਸਿਆ ਕਿ ਸਾਜਿਸ਼ ਘੜੀ ਗਈ ਹੈ ਕਿ ਕੈਦ ਕੀਤੇ ਫੌਜੀਆਂ ਨੂੰ ਤਾਕਤ ਵਰਤਕੇ ਜੇਲ੍ਹ ਤੋੜਕੇ ਛੁਡਾਇਆ ਜਾਵੇ। ਇਸ ਸੂਚਨਾ ਨੂੰ ਪ੍ਰਾਪਤ ਕਰਨ ਵਾਲਿਆਂ ਵਿਚ ਹਿਊਗ ਗੌਗ ਵੀ ਸੀ ਜੋ ਘੋੜਿਆਂ ਦਾ ਲਫਟੈਨ ਸੀ। ਵਡੇ ਅਫਸਰਾਂ ਨੇ ਜਿਨ੍ਹਾ ਨੂੰ ਵੀ ਇਹ ਰਿਪੋਰਟ ਕੀਤੀ ਗਈ। ਉਨ੍ਹਾ ਨੇ ਇਸਨੂੰ ਸੰਜੀਦਗੀ ਨਾਲ ਨਹੀ ਲਿਆ ਤੇ ਕੋਈ ਕਾਰਵਾਈ ਨਹੀ ਕੀਤੀ। ਮੇਰਟ ਸ਼ਹਿਰ ਵਿਚ ਨਵੀਂ ਘਟਨਾ ਨੂੰ ਲੈਕੇ ਬੇਚੈਨੀ ਫੈਲੀ ਹੋਈ ਸੀ। ਗੁਸੇ ਵਿਚ ਆਏ ਲੋਕਾਂ ਨੇ ਬਜ਼ਾਰ ਵਿਚ ਤੇ ਕੁਝ ਸਰਕਾਰੀ ਬਿਲਡਿੰਗਾਂ ਨੂੰ ਅੱਗਾਂ ਲਗਾ ਦਿੱਤੀਆਂ। ਸ਼ਾਮ ਨੂੰ ਬਹੁਤ ਸਾਰੇ ਯੋਰਪੀਅਨ ਅਫਸਰ ਚਰਚ ਜਾਣ ਦੀ ਤਿਆਰੀ ਕਰ ਰਹੇ ਸਨ। ਬਹੁਤ ਸਾਰੇ ਬਜ਼ਾਰਾਂ ਵਿਚ ਤੇ ਛਾਉਣੀ ਵੀ ਗਏ ਹੋਏ ਸਨ। ਤੀਸਰੀ ਕੈਵਲਰੀ ਦੇ ਭਾਰਤੀ ਟਰੁਪਾਂ ਨੇ ਬਗਾਵਤ ਕਰ ਦਿੱਤੀ। ਜੂਨੀਅਰ ਯੋਰਪੀਅਨ ਅਫਸਰ ਜਿਨ੍ਹਾਂ ਨੇ ਠਲ ਪਾਉਣੀ ਚਾਹੀ ਮਾਰ ਦਿੱਤੇ ਗਏ। ਇਸਤੋਂ ਬਾਦ ਯੋਰਪੀਅਨ ਅਫਸਰਾਂ ਤੇ ਅੰਗਰੇਜ਼ ਕੁਆਟਰਾਂ ਤੇ ਹਮਲਾ ਕਰ ਦਿੱਤਾ ਗਿਆ। ਚਾਰ ਸਿਵਲ ਅੰਗਰੇਜ਼, ਅੱਠ ਅੰਗਰੇਜ਼ ਔਰਤਾਂ ਤੇ ਅੱਠ ਹੀ ਬੱਚੇ ਮਾਰੇ ਗਏ। ਬਜ਼ਾਰ ਦੀ ਭੀੜ ਨੇ ਜਿੱਥੇ ਵੀ ਕੋਈ ਔਫ ਡਿਊਟੀ ਅਫਸਰ ਵੇਖਿਆ ਹਮਲਾ ਕਰ ਦਿੱਤਾ। ਲਗਭਗ 50 ਸਿਵਲਿਅਨ ਅੰਗਰੇਜ਼ ਮਾਰੇ ਗਏ। ਇਨ੍ਹਾਂ ਵਿਚੋਂ ਕੁਝ ਅਫਸਰਾ ਦੇ ਨਿੱਜੀ ਨੌਕਰ ਵੀ ਸਨ। ਉਨ੍ਹਾ ਨੇ ਆਪਣੀ ਰਖਿਆ ਕਰਨੀ ਚਾਹੀ ਆਪਣੇ ਮਾਲਕ ਦਾ ਨਾਮ ਛੁਪਾਉਂਣ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਭੜਕਾਹਟ ਹੀ ਇਤਨੀ ਸੀ ਕਿ ਉਹ ਵੀ ਮਾਰੇ ਗਏ।

ਮੇਰਟ ਸ਼ਹਿਰ ਦੇ ਅੰਦਰ, ਕੋਤਵਾਲ (ਕਿਲ੍ਹੇ ਦਾ ਕਿਲ੍ਹੇਦਾਰ) ਧਿਆਨ ਸਿੰਘ ਗੁਜਰ ਨੇ ਜੇਲ੍ਹ ਦਾ ਗੇਟ ਖੋਲ੍ਹ ਦਿੱਤਾ। ਕੁਲ 50 ਯੋਰਪੀਅਨ ਮਰਦ( ਜਿਨ੍ਹਾਂ ਵਿਚ ਫੌਜੀ ਵੀ ਸਨ)ਔਰਤਾਂ ਤੇ ਬੱਚੇ ਮੇਰਟ ਸ਼ਹਿਰ ਵਿਚ ਭੀੜ ਤੇ ਸਿਪਾਹੀਆਂ ਵਲੋਂ ਮਾਰ ਦਿੱਤੇ ਗਏ। ਮਈ 10 ਦੀ ਸ਼ਾਮ ਨੂੰ 85 ਜੇਲ੍ਹ ਵਿਚ ਡਕੇ ਹੋਏ ਉਨ੍ਹਾਂ ਦੇ ਸਾਥੀ ਅਜ਼ਾਦ ਕਰਵਾ ਲਏ ਗਏ ਤੇ ਇਸਦੇ ਨਾਲ ਹੀ 800 ਹੋਰ ਵੀ ਚੋਰ ਲੁਟੇਰੇ ਕਰੀਮੀਨਲ ਵੀ ਅਜ਼ਾਦ ਹੋ ਗਏ।

ਕੁਝ ਸਿਪਾਹੀਆਂ( ਖਾਸ ਤੌਰ ਤੇ ਨੇਟਿਵ ਇੰਨਫੈਂਨਟਰੀ, ਬੰਗਾਲ ਦੀ 11ਵੀਂ ਯੂਨਿਟ) ਨੇ ਕੁਝ  ਵਿਸ਼ਵਾਸੀ ਬ੍ਰਿਟਿਸ਼ ਅਫਸਰ, (ਜਿਨ੍ਹਾਂ ਦਾ ਇਸ ਫੈਲੀ ਬੇਚੈਨੀ ਨਾਲ ਕੋਈ ਲੈਣਾ ਦੇਣਾ ਨਹੀ ਸੀ)ਔਰਤਾਂ ਤੇ ਬਚਿਆਂ ਨੂੰ ਘੇਰੇ ਵਿਚ ਲੈਕੇ ਬਚਾਵ ਵਾਲੀ ਜਗ੍ਹਾ ਪਹੁੰਚਾਇਆ ਤੇ ਫਿਰ ਹੀ ਉਹ ਵਿਦਰੋਹ ਵਿਚ ਸ਼ਾਮਲ ਹੋਏ। ਕੁਝ ਅਫਸਰ, ਪਰਿਵਾਰਾਂ ਸਮੇਤ ਰਾਮਪੁਰ ਖਿਸਕ ਗਏ, ਜਿੱਥੇ ਉਨ੍ਹਾਂ ਨੇ ਰਾਮਪੁਰ ਦੇ ਨਵਾਬ ਕੋਲ ਪਨਾਹ ਲੈ ਲਈ।

ਕੰਪਨੀ ਦੇ ਸਿਨੀਅਰ ਅਫਸਰ, ਖਾਸ ਤੌਰ ਤੇ ਮੇਜਰ ਜਨਰਲ ਹੈਵਟ, ਜਿਹੜਾ ਡਵੀਜ਼ਨ ਦਾ ਕਮਾਡਰ ਸੀ, ਨੇ ਕਾਰਵਾਈ ਕਰਨ ਵਿਚ ਬਹੁਤ ਹੀ ਸੁਸਤੀ ਦਿਖਾਈ। ਉਹ ਉਸ ਸਮੇਂ ਸਤਰ ਸਾਲ ਤੇ ਮਾੜੀ ਸੇਹਤ ਦਾ ਸੀ। 60ਵੀਂ ਰਾਈਫਲਜ਼, 6ਵੀਂ ਡਰੈਗਨ ਗਾਰਡਜ਼ ਅਤੇ ਦੋ ਹੋਰ ਬੰਗਾਲ ਆਰਮੀ ਦੀਆਂ ਯੋਰਪੀਅਨ-ਮੈਨਡ ਬੈਟਰੀਜ਼ (ਯੋਰਪੀਅਨ-ਸੁਰਖਿਅਤ ਕਿਲ੍ਹਾ ਤੋੜ ਯੁਨਿਟ) ਬਗਾਵਤੀਆਂ ਤੇ ਹਮਲਾ ਕਰਨ ਨਿਕਲ ਪਈਆਂ। ਅਜੇ ਇਨ੍ਹਾ ਨੂੰ ਬਗਾਵਤੀ ਸਿਪਾਹੀਆ ਨਾਲ ਉਲਝਣ ਦਾ ਆਰਡਰ ਨਹੀ ਸੀ। ਇਨ੍ਹਾ ਨੇ ਸਿਰਫ ਹੈਡ ਕੁਆਟਰ ਤੇ ਅਸਲਾ-ਖਾਨੇ ਦੀ ਹਿਫਾਜ਼ਤ ਹੀ ਕਰਨੀ ਸੀ। ਉਸਤੋਂ ਅਗਲੇ ਦਿਨ ਜਦੋਂ ਉਹ ਹਮਲਾ ਕਰਨ ਦ ਤਿਆਰੀ ਹੀ ਕਰ ਰਹੇ ਸਨ, ਉਨ੍ਹਾਂ ਵੇਖਿਆ ਕਿ ਮੇਰਟ ਬਿਲਕੁਲ ਸ਼ਾਤ ਹੈ ਤੇ ਬਗਾਵਤੀ, ਦਿਲੀ ਵੱਲ ਕੂਚ ਕਰ ਗਏ ਸਨ।

ਬ੍ਰਿਟਿਸ਼ ਇਤਿਹਾਸਕਾਰ ਫਿਲਪ ਮੇਸਨ ਦਾ ਕਹਿੰਣਾ ਹੈ ਕਿ ਬਹੁਤ ਸਾਰੇ ਬਗਾਵਤੀ ਫੌਜੀਆਂ ਦਾ ਮਈ 10 ਦੀ ਰਾਤ ਨੂੰ ਮਕਸਦ ਹੀ ਦਿਲੀ ਵਲ ਜਾਣਾ ਸੀ। ਦਿਲੀ ਮੇਰਟ ਤੋਂ ਚਾਲੀ ਮੀਲ ਦੂਰ ਮਜ਼ਬੂਤ ਦੀਵਾਰ ਵਾਲਾ ਸ਼ਹਿਰ ਸੀ। ਇਸਦਾ ਸਹਿਨਸ਼ਾਹ ਬਹਾਦਰ ਸ਼ਾਹ ਜ਼ਫ਼ਰ ਸੀ। ਇਸਤੋਂ ਇਲਾਵਾ, ਮੇਰਟ ਵਾਂਗ ਇੱਥੇ ਬ੍ਰਿਟਿਸ਼ ਦਾ ਕੋਈ ਮਜ਼ਬੂਤ ਅਧਾਰ ਨਹੀ ਸੀ। ਦਿਲੀ ਪੁਰਾਣੇ ਸਮੇਂ ਤੋਂ ਹੀ ਭਾਰਤ ਦੀ ਰਾਜਧਾਨੀ ਤੁਰੀ ਆ ਰਹੀ ਸੀ। ਮੁਗਲ ਬਾਦਸ਼ਾਹਤ ਲੰਬੇ ਸਮੇਂ ਤੋਂ ਦਿੱਲੀ ਤੇ ਹਕੂਮਤ ਕਰ ਰਹੀ ਸੀ। ਇਸ ਸ਼ਹਿਰ ਦੇ ਅੰਦਰ ਜਾਂ ਬਾਹਰ ਬ੍ਰਿਟਿਸ਼ ਦੀ ਕੋਈ ਮੋਰਚਾਬੰਦੀ ਨਹੀ ਸੀ। ਇਸ ਲਈ ਆਸ ਮੁਤਾਬਕ ਕਿਸੇ ਨੂੰ ਵੀ ਇਹ ਭੁਲੇਖਾ ਨਹੀ ਸੀ ਕਿ ਉਨ੍ਹਾਂ ਦਾ ਕੋਈ ਵਿਰੋਧ ਹੋਵੇਗਾ।

## ਦਿਲੀ---

ਮਈ 11, ਤੀਸਰੀ ਕੈਵੇਲਰੀ (ਘੋੜ ਸਵਾਰ ਰਸਾਲਾ)ਬਟਾਲੀਅਨ ਉਥੇ ਪਹੁੰਚੀ। ਸਹਿਨਸ਼ਾਹ ਦੇ ਮਹਿਲ ਦੇ ਝਰੋਖੇ ਕੋਲ ਪਹੁੰਚ ਕੇ ਉਨ੍ਹਾਂ ਨੇ ਸਹਿਨਸ਼ਾਹ ਨੂੰ ਮਹਾਰਾਜਾ ਮੰਨਦਿਆਂ ਕਿ ਉਹ ਸਾਡੀ ਅਗਵਾਈ ਕਰੇ। ਬਹਾਦਰ ਸ਼ਾਹ ਜ਼ਫ਼ਰ ਨੇ ਇਸ ਮੌਕੇ ਕੁਝ ਨਹੀ ਕੀਤਾ। ਸਿਰਫ ਉਸਨੇ ਉਨ੍ਹਾਂ ਨੂੰ ਆਮ ਫਰਿਆਦੀਆਂ ਵਾਂਗ ਹੀ ਲਿਆ। ਮਹੱਲ ਦੇ

ਦੂਸਰੇ ਅਹਿਲਕਾਰ ਇਸ ਵਿਚਰੋਹ ਵਿਚ ਸ਼ਾਮਲ ਹੋ ਗਏ। ਦਿਨ ਚੜਦੇ ਹੀ ਵਿਦਰੋਹ ਫੈਲ ਗਿਆ। ਚੌਧਰੀ ਦਿਆ ਰਾਮ ਜੋ ਚੰਦਰਵਾਲ ਦੇ ਗੁਜ਼ਰਾਂ ਦਾ ਸਰਦਾਰ ਸੀ ਨੇ ਆਪਣੇ ਸਿਪਾਹ ਸਲਾਰਾਂ ਨਾਲ ਚੀਫ ਮਜਿਸਟਰੇਟ ਥਿਉਫਿਲਸ ਮੈਟਕਾਲਫ ਦਾ ਘਰ ਤਬਾਹ ਕਰ ਦਿੱਤਾ। ਯੋਰਪੀਅਨ ਅਫਸਰ ਤੇ ਉਨ੍ਹਾਂ ਦੇ ਪਰਿਵਾਰ, ਭਾਰਤੀ ਇਸਾਈ ਤੇ ਸ਼ਹਿਰ ਦੇ ਦੁਕਾਨਦਾਰ ਮਾਰ ਦਿੱਤੇ ਗਏ। ਮਾਰਨ ਵਾਲਿਆਂ ਵਿਚੋਂ ਕੁਝ ਸਿਪਾਹੀ ਸਨ ਤੇ ਕੁਝ ਦੰਗਈ। ਮਈ 11 ਨੂੰ ਦਿਲੀ ਦੇ ਫਲੈਗਸਟਾਫ ਟਾਵਰ ਵਿਚ ਬਚੇ ਖੁਚੇ ਯੋਰਪੀਅਨ ਇੱਕਠੇ ਹੋ ਗਏ। ਬੰਗਾਲ ਨੇਟਿਵ ਇੰਨਫੈਂਨਟਰੀ ਦੀਆਂ ਤਿੰਨ ਬਟਾਲੀਅਨਾਂ ਸ਼ਹਿਰ ਦੇ ਲਾਗੇ ਹੀ ਤੈਨਾਤ ਸਨ। ਕੁਝ ਨੇ ਬਟਾਲੀਅਨ ਛਡਕੇ ਵਿਦਰੋਹੀਆਂ ਦਾ ਸਾਥ ਦੇਣ ਦਾ ਫੈਸਲਾ ਕਰ ਲਿਆ। ਬਾਕੀ ਬਚਿਆ ਨੇ ਵਿਦਰੋਹੀਆਂ ਵਿਰੁਧ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਦੁਪਿਹਰੋਂ ਬਾਦ ਭੜਕੀ ਹੋਈ ਹਿੰਸਾ ਦੀ ਗੂੰਜ ਕਈ ਮੀਲਾਂ ਤਕ ਸੁਣਾਈ ਦੇਣ ਲੱਗ ਪਈ। ਇਹ ਡਰ ਮਹਿਸੂਸ ਹੋਣ ਲੱਗਾ ਕਿ ਵਿਦਰੋਹੀਆਂ ਦੇ ਹੱਥ ਅਸਲੇਖਾਨੇ ਨਾ ਲੱਗ ਜਾਣ, ਜਿਨ੍ਹਾਂ ਕੋਲ ਪਹਿਲਾਂ ਹੀ ਹਥਿਆਰ ਤੇ ਗੋਲਾ ਬਾਰੂਦ ਸੀ। ਨੌਂ ਬ੍ਰਿਟਿਸ਼ ਆਰਡੀਨੈਂਸ ਅਫਸਰਾਂ ਨੇ ਸਿਪਾਹੀਆਂ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ, ਜਦ ਕਿ ਉਨ੍ਹਾਂ ਦੇ ਆਪਣੇ ਗਾਰਡਜ਼ ਵੀ ਇਨ੍ਹਾਂ ਗੋਲੀਆਂ ਦੀ ਜਦ ਵਿਚ ਸਨ। ਜਦੋਂ ਰੁਕਾਵਟ ਨੇ ਕੋਈ ਫਰਕ ਨਾ ਪਾਇਆ ਤਾਂ ਉਨ੍ਹਾਂ ਨੇ ਪੂਰਾ ਅਸਲਾਖਾਨਾ ਹੀ ਉਡਾ ਦਿੱਤਾ। ਨੌਂ ਅਫਸਰਾਂ ਵਿਚੋਂ ਛੇ ਬਚ ਗਏ। ਅਸਲਾਖਾਨੇ ਦੇ ਫੁਟਣ ਨਾਲ ਆਸੇ ਪਾਸੇ ਸੜਕਾਂ ਤੇ ਜਾਂਦੇ ਲੋਕ ਵੀ ਮਾਰੇ ਗਏ। ਆਸੇ ਪਾਸੇ ਦੇ ਘਰ ਤੇ ਬਿਲਡਿੰਗਾਂ ਤਬਾਹ ਹੋ ਗਈਆਂ। ਇਨ੍ਹਾਂ ਘਟਨਾਵਾਂ ਦੀ ਖਬਰ ਨੇ ਆਸੇ ਪਾਸੇ ਤੈਨਾਤ ਸਿਪਾਹੀਆਂ ਨੇ ਵੀ ਵਿਦਰੋਹ ਦੀ ਹਿਮਾਇਤ ਕਰ ਦਿੱਤੀ। ਵਿਦਰੋਹੀਆਂ ਨੇ ਅਸਲਾਖਾਨੇ ਵਿਚੋਂ ਕੁਝ ਹਥਿਆਰ ਤੇ ਗੋਲਾ ਬਾਰੂਦ ਪ੍ਰਾਪਤ ਕਰ ਲਿਆ ਸੀ। ਦੋ ਮੀਲ ਦਿਲੀ ਤੋਂ ਬਾਹਰ ਤੱਕ ਉਨ੍ਹਾਂ ਨੇ ਬਿਨ੍ਹਾਂ ਕਿਸੇ ਰੁਕਾਵਟ ਦੇ 3000 ਬੈਰਲ ਗਨ ਪਾਉਡਰ ਵੀ ਕਬਜੇ ਵਿਚ ਕਰ ਲਿਆ ਸੀ। ਬਹੁਤ ਸਾਰੇ ਯੋਰਪੀਅਨ ਅਫਸਰ ਤੇ ਸਿਵਿਲੀਅਨ ਨੇ ਫਲੈਗਸਟਾਫ ਟਾਵਰ ਵਿਚ ਜੋ ਦਿਲੀ ਦੇ ਉਤਰ ਵਾਲੇ ਪਾਸੇ ਹੈ ਵਿਚ ਪਨਾਹ ਲੈ ਲਈ। ਫਲੈਗ ਟਾਵਰ ਵਿਚ ਟੈਲੀਗਰਾਫ ਦਾ ਸਿਸਟਮ ਸੀ ਜਿਸ ਜ਼ਰੀਏ ਉਨ੍ਹਾਂ ਨੇ ਘਟਨਾਵਾਂ ਦੀਆਂ ਖਬਰਾਂ ਹੋਰ ਬ੍ਰਿਟਿਸ਼ ਸਟੇਸ਼ਨਾਂ ਤੇ ਭੇਜ ਦਿੱਤੀਆਂ। ਜਦੋਂ ਉਨ੍ਹਾਂ ਨੂੰ ਇਹ ਸਾਫ ਹੋ ਗਿਆ ਕਿ ਮੇਰਟ ਤੋਂ ਕੋਈ ਵੀ ਮਦਦ ਨਹੀ ਆ ਰਹੀ ਤਾਂ ਉਨ੍ਹਾਂ ਨੇ ਆਪੋ ਆਪਣੀਆਂ ਮੋਟਰਾਂ ਤੇ ਕਰਨਾਲ ਜਾਣ ਦਾ ਫੈਸਲਾ ਕੀਤਾ। ਜਿਹੜੇ ਯੋਰਪੀਅਨ ਵਡੇ ਗਰੁਪ ਨਾਲੋਂ ਵਿਛੜ ਗਏ ਸਨ ਤੇ ਜਿਹੜੇ ਫਲੈਗਸਟਾਫ ਟਾਵਰ ਨਹੀ ਪਹੁੰਚ ਸਕੇ, ਉਹ ਪੈਦਲ ਹੀ ਕਰਨਾਲ ਨੂੰ ਤੁਰ ਪਏ। ਰਸਤੇ ਵਿਚ ਪਿੰਡ ਵਾਸੀਆਂ ਨੇ ਕਈਆਂ ਦੀ ਮਦਦ ਕੀਤੀ ਤੇ ਕਈ ਲੁਟ ਲਏ ਗਏ ਜਾਂ ਮਾਰ ਦਿੱਤੇ ਗਏ।

ਅਗਲੇ ਦਿਨ ਬਹਾਦਰ ਸ਼ਾਹ ਜਫ਼ਰ ਨੇ ਬੜੇ ਚਿਰ ਬਾਦ ਅਦਾਲਤ ਲਾਈ। ਇਸ ਅਦਾਲਤ ਵਿਚ ਕਈ ਜੋਸ਼ੀਲੇ ਤੇ ਬੇਲਗਾਮ ਸਿਪਾਹੀਆਂ ਨੇ ਸ਼ਿਰਕਤ ਕੀਤੀ। ਸਹਿਨਸ਼ਾਹ ਦੇ ਵੀ ਕੰਨ ਖੜੇ ਹੋ ਗਏ। ਘਟਨਾਵਾਂ ਦੇ ਰੁਖ ਨੇ, ਸਹਿਨਸ਼ਾਹ ਨੇ ਸਿਪਾਹੀਆਂ ਦੀ ਗੱਲ ਧਿਆਨ ਨਾਲ ਸੁਣੀ ਤੇ ਵਿਦਰੋਹੀਆਂ ਦੀ ਮਦਦ ਦਾ ਐਲਾਨ ਕਰ ਦਿੱਤਾ। ਮਈ16 ਨੂੰ 50 ਯੋਰਪੀਅਨ ਮਹੱਲ ਵਿਚੋਂ ਗਰਿਫਤਾਰ ਕੀਤੇ ਗਏ ਤੇ ਆਪਣੀਆਂ ਲੁਕਣ ਥਾਵਾਂ ਤੋਂ ਫੜਿਆ

ਗਿਆ। ਸਹਿਨਸ਼ਾਹ ਦੇ ਸਿਪਾਹ ਸਲਾਰਾਂ ਕਈ ਯੋਰਪੀਅਨ ਨੂੰ ਮਾਰ ਮੁਕਾਇਆ। ਮਹੱਲ ਦੇ ਅਹਾਤੇ ਵਿਚ ਹੀ ਦਰਖਤਾਂ ਦੇ ਝੁੰਡ ਵਿਚ ਕਈ ਯੋਰਪੀਅਨ ਮਾਰੇ ਗਏ।

ਘਟਨਾਵਾਂ ਦੀ ਖਬਰ ਨੇ ਦਿਲੀ ਤੇ ਕਈ ਜਿਲ੍ਹਿਆਂ ਵਿਚ ਗੜਬੜ ਪੈਦਾ ਕਰ ਦਿੱਤੀ। ਬਹੁਤਿਆਂ ਕੇਸਾਂ ਵਿਚ ਬ੍ਰਿਟਿਸ਼ ਆਰਮੀ ਤੇ ਸਿਵਲ ਅਧਿਕਾਰੀਆਂ ਦਾ ਭੈੜਾ ਵਰਤਾਵ ਹੀ ਇਸਦਾ ਮੁੱਖ ਕਾਰਣ ਸੀ। ਦਿਲੀ ਦੀ ਢਾਹ ਨੂੰ ਕਈ ਅੰਗਰੇਜ਼ ਅਫਸਰਾਂ ਨੇ ਟੈਲੀਗਰਾਫ ਰਾਹੀਂ ਜਾਣਿਆਂ। ਕੰਪਨੀ ਦੇ ਬਹੁਤ ਅਹੁਦੇਦਾਰਾਂ ਨੂੰ ਆਪਣੀ ਜਾਨ ਦੇ ਲਾਲੇ ਪੈ ਗਏ। ਉਹ ਪਰਿਵਾਰਾਂ ਤੇ ਨੌਕਰਾਂ ਸਮੇਤ ਆਪਣੇ ਬਚਾਵ ਲਈ ਇਧਰ ਉਧਰ ਭਟਕਣ ਲੱਗੇ। ਦਿਲੀ ਤੋਂ 160 ਮੀਲ ਦੂਰ ਆਗਰਾ ਵਿਚ 6000 ਤੋਂ ਜ਼ਿਆਦਾ ਲੜਨ ਤੋ ਬੇਵਸ ਯੋਰਪੀਅਨ ਕਿਲ੍ਹੇ ਵਿਚ ਵੀ ਡਰੇ ਹੋਏ ਸਨ। ਕਈ ਸਿਵਿਲੀਅਨ ਅਫਸਰਾਂ ਦੇ ਭਜਣ ਨਾਲ ਵਿਦਰੋਹੀਆਂ ਦਾ ਹੌਸਲਾ ਵਧ ਗਿਆ ਸੀ। ਕਈ ਅਜੇ ਵੀ ਆਪਣੀਆਂ ਪੋਸਟਾਂ ਤੇ ਤਾਇਨਾਤ ਰਹੇ ਜਦੋਂ ਤੱਕ ਇਹ ਸਾਫ਼ ਨਹੀ ਹੋ ਗਿਆ ਕਿ ਹੁਣ ਕਿਸੇ ਕਾਨੂੰਨ ਵਿਵਸਥਾ ਤੇ ਉਨ੍ਹਾ ਦਾ ਕੰਟਰੋਲ ਨਹੀ ਰਿਹਾ।

ਮਿਲਟਰੀ ਵਿਚ ਰਲਵਾਂ ਮਿਲਵਾਂ ਪ੍ਰਤੀਕਰਮ ਸੀ। ਕੁਝ ਅਫਸਰਾਂ ਨੂੰ ਆਪਣੇ ਜਵਾਨਾਂ ਤੇ ਵਿਸ਼ਵਾਸ ਸੀ। ਕੁਝ ਅਫਸਰ ਇਹੋ ਜਿਹੇ ਵੀ ਸਨ ਜਿਨ੍ਹਾਂ ਨੇ ਭਾਰਤੀ ਮੂਲ ਦੇ ਜਵਾਨਾਂ ਨੂੰ ਨਿੱਹਥੇ ਕਰਨਾ ਸ਼ੁਰੂ ਕਰ ਦਿੱਤਾ ਸੀ। ਬਨਾਰਸ ਤੇ ਇਲਾਹਾਬਾਦ ਵਿਚ ਫੌਜੀਆਂ ਨੂੰ ਨਿੱਹਥੇ ਕਰਨ ਦੇ ਕਾਰਜ ਨੇ ਸਥਾਨਿਕ ਅੱਗ ਨੂੰ ਹੋਰ ਭੜਕਾ ਦਿੱਤਾ। ਭਾਵੇਂ ਵਿਦਰੋਹ ਵਡੇ ਪੈਮਾਨੇ ਤੇ ਫੈਲ ਰਿਹਾ ਸੀ ਪਰ ਵਿਦਰੋਹੀਆਂ ਵਿਚ ਏਕਤਾ ਦੀ ਘਾਟ ਸੀ। ਬਹਾਦਰ ਸ਼ਾਹ ਜਫ਼ਰ ਨੇ ਆਪਣੇ ਸ਼ਹਿਨਸ਼ਾਹੀ ਤਖਤ ਨੂੰ ਦੁਬਾਰਾ ਸੁਰਜੀਤ ਕਰ ਲਿਆ ਸੀ ਪਰ ਇੱਕ ਗਰੁਪ ਐਸਾ ਵੀ ਸੀ ਜੋ ਚਾਹੁੰਦਾ ਸਿ ਕਿ ਮਰਾਠਾ ਹੁਕਮਰਾਨ ਨੂੰ ਵੀ ਤਖਤ ਵਿਚ ਹਿੱਸਾ ਮਿਲੇ। ਅਵਧ ਵਾਲੇ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਪੂਰਵਜ਼ਾਂ ਵਾਂਗ ਨਵਾਬਾਂ ਵਾਲੀਆਂ ਤਾਕਤਾਂ ਮੁੜ ਦਿੱਤੀਆਂ ਜਾਣ।

ਮੌਲਾਨਾ ਫਜ਼ਲ-ਏ-ਹੱਕ ਖੈਰਾਬਾਦੀ ਤੇ ਅਹਿਮਦਉਲਾ ਸ਼ਾਹ ਵਰਗੇ ਮੁਸਲਮਾਨ ਲੀਡਰਾਂ ਨੇ ਜਹਾਦ ਦਾ ਸੱਦਾ ਦਿੱਤਾ ਜੋ ਮੁਸਲਮਾਨਾਂ ਲਈ ਮੁਕਦਸ ਮੁਕਾਮ ਹੈ। ਖਾਸ ਤੌਰ ਤੇ ਸ਼ਿਲਪਕਾਰਾਂ ਦੀ ਜਮਾਤ ਇਸਦੇ ਹੱਕ ਵਿਚ ਸੀ। ਮੁਸਲਮਾਨਾਂ ਦੇ ਇਸ ਹੋਕੇ ਨੇ ਬ੍ਰਿਟਿਸ਼ ਨੂੰ ਸੋਚਣ ਲਾ ਦਿੱਤਾ ਕਿ ਇਸ ਸਾਰੇ ਘਟਨਾ ਕਰਮ ਪਿੱਛੇ ਮੁਸਲਮਾਨ ਆਮ ਵਡੀ ਤਾਕਤ ਹੈ। ਬਹਾਦਰ ਸ਼ਾਹ ਨੇ ਉਨ੍ਹਾਂ ਦੇ ਜਹਾਦ ਵਾਲੇ ਹੋਕੇ ਦਾ ਵਿਰੋਧ ਕੀਤਾ। ਇਸ ਸੁਝਾਅ ਨੂੰ ਇਸ ਦਲੀਲ ਨਾਲ ਰੱਦ ਕਰ ਦਿੱਤਾ ਗਿਆ ਕਿ ਇਸ ਨਾਲ ਧਾਰਮਿਕ ਦੰਗੇ ਭੜਕ ਸਕਦੇ ਹਨ। ਅਵਧ ਵਿਚ ਸੁਨੀ ਮੁਸਲਮਾਨ ਨਹੀ ਚਹੁੰਦੇ ਸਨ ਕਿ ਸ਼ੀਆ ਰਾਜ ਫਿਰ ਆ ਜਾਵੇ ਇਸ ਲਈ ਉਹ ਸ਼ੀਆ ਦਾ ਵਿਦਰੋਹ ਦੌਰਾਨ ਕੋਈ ਵੀ ਸੁਝਾਅ ਮੰਨਣ ਨੂੰ ਤਿਆਰ ਨਹੀ ਸਨ। ਇਸੇ ਤਰ੍ਹਾਂ ਕਈ ਮੁਸਲਮਾਨ ਆਗੂਆਂ ਨੇ ਬ੍ਰਿਟਿਸ਼ ਸਾਮਰਾਜ ਦੀ ਮਦਦ ਵੀ ਕੀਤੀ ਆਗਾ ਖਾਨ ਉਨ੍ਹਾਂ ਵਿਚੋਂ ਇੱਕ ਸੀ ਜਿਸਦੀ ਵਿਦਰੋਹ ਤੋਂ ਬਾਦ ਬ੍ਰਿਟਸ਼ ਨੇ ਪਹਿਲਾ ਟਾਈਟਲ ਬਹਾਲ ਕਰਕੇ ਇਜ਼ਤ ਕੀਤੀ। ਦਿਲੀ ਵਿਚ ਭਾਵੇਂ ਹਿੰਦੂ ਬਹੁਗਿਣਤੀ ਸੀ ਪਰ ਮੁਸਲਮਾਨਾਂ ਦੀ ਗਿਣਤੀ ਵੀ ਗੌਲਣਯੋਗ ਸੀ। ਸਥਾਨਿਕ ਵਿਦਰੋਹੀਆਂ ਦਾ ਚੌਥਾ ਹਿੱਸਾ

ਗਾਜ਼ੀਆਂ ਦਾ ਸੀ ਜੋ ਅਖੀਰ ਤੱਕ ਲੜੇ। ਗਵਾਲੀਅਰ ਤੋਂ ਆਇਆ ਗਾਜ਼ੀਆਂ ਦਾ ਇੱਕ ਆਤਮਘਾਤੀ ਦਸਤਾ ਵੀ ਸੀ ਜਿਨ੍ਹਾਂ ਨੇ ਕਸਮ ਖਾਧੀ ਸੀ ਕਿ ਉਦੋਂ ਤੱਕ ਖਾਣਾ ਹੀ ਨਹੀ ਖਾਣਗੇ ਜਿਨ੍ਹਾਂ ਚਿਰ ਬ੍ਰਿਟਿਸ਼ ਨਾਲ ਜੂਝ ਕੇ ਮਰ ਨਹੀ ਜਾਂਦੇ।

ਪੰਜਾਬ ਦੇ ਤੇ ਉਤਰ-ਦੱਖਣ ਫਰੰਟੀਅਰ ਪ੍ਰਾਂਤ ਦੇ ਸਿਖ ਤੇ ਪਠਾਨਾ ਨੇ ਬ੍ਰਿਟਿਸ਼ ਦੀ ਮਦਦ ਕੀਤੀ ਤਾਂ ਕਿ ਉਹ ਦਿਲੀ ਤੇ ਦੁਬਾਰਾ ਕਾਬਜ਼ ਹੋ ਸਕਣ। ਇਤਿਹਾਸਕਾਰ ਜੌਨ ਹੈਰਿਸ ਅਨੁਸਾਰ ਕਿ ਸਿਖ ਪੂਰਬੀ, ਬਿਹਾਰੀ ਤੇ ਯੁਨਾਈਟਿਡ ਪ੍ਰਾਂਤ ਆਗਰਾ ਤੇ ਅਵਧ ਤੋਂ ਨਰਾਜ਼ ਸਨ ਤੇ ਬਦਲਾ ਲੈਣਾ ਚਾਹੁੰਦੇ ਸਨ। ਅੱਠ ਸਾਲ ਪਹਿਲਾਂ ਇਨ੍ਹਾਂ ਦੀ ਮਦਦ ਨਾਲ ਹੀ ਬ੍ਰਿਟਿਸ਼ ਨੇ ਸਿੱਖ ਰਾਜ ਨੂੰ ਆਪਣੇ ਨਾਲ ਮਿਲਾਇਆ ਸੀ। ਪਹਿਲੀ ਤੇ ਦੂਜੀ ਐਂਗਲੋ-ਸਿੱਖ ਲੜਾਈ ਵੇਲੇ ਇਨ੍ਹਾਂ ਰਾਜਾਂ ਦੀ ਆਰਮੀ ਬ੍ਰਿਟਿਸ਼ ਆਰਮੀ ਦਾ ਹਿੱਸਾ ਬਣਕੇ ਸਿੱਖਾਂ ਨਾਲ ਲੜੀ ਸੀ। ਹੈਰਿਸ ਦਾ ਇਹ ਸੁਝਾਅ ਸੀ ਕਿ ਸਿੱਖ ਬੇਇਜ਼ਤੀ ਮਹਿਸੂਸ ਕਰ ਰਹੇ ਸਨ। ਸਿਪਾਹੀਆ ਦਾ ਇਨ੍ਹਾਂ ਲੜਾਈਆ ਵਿਚ ਸਿੱਖਾਂ ਨਾਲ ਵਰਤਾਵ ਬਹੁਤ ਭੈੜਾ ਤੇ ਬੇਇਜ਼ਤੀ ਭਰਿਆ ਸੀ।

ਇਤਿਹਾਸਕਾਰ ਗਿਉਗ ਕੇ.ਅਨੁਸਾਰ ਬ੍ਰਿਟਿਸ਼ ਨਾਲ ਲੜਾਈ ਵੇਲੇ ਹਿੰਦੋਸਤਾਨੀ ਸਿਪਾਹੀ ਨੇ ਬੜਾ ਸਰਗਰਮ ਹਿੱਸਾ ਪਾਇਆ ਸੀ ਜਿਸ ਨਾਲ ਉਹ ਆਪਣੀ ਅਜ਼ਾਦੀ ਤੇ ਇਜ਼ਤ ਗੁਆ ਬੈਠੇ ਸਨ। ਖਾਸ ਤੌਰ ਤੇ ਚਿਲਿਆਂ ਵਾਲਾ ਤੇ ਫਿਰੋਜ਼ਸ਼ਾਹ ਦੇ ਯੁੱਧ, ਬ੍ਰਿਟਿਸ਼ ਨੇ ਜਿੱਤੇ ਸਨ ਤੇ ਉਂਨ੍ਹਾ ਦਾ ਵਿਸ਼ਵਾਸ਼ ਸੀ ਕਿ ਲੜਾਈ ਦੌਰਾਨ ਹਿੰਦੋਸਤਾਨੀ ਸਿਪਾਹੀ ਉਨ੍ਹਾਂ ਨਾਲ ਮਿਲ ਜਾਣਗੇ। ਉਨ੍ਹਾਂ ਦੀ ਨਾਂਹ ਨਾਲ ਸਿੱਖ ਨਰਾਜ਼ ਸਨ। ਬਾਦ ਵਿਚ ਇਨ੍ਹਾਂ ਨੂੰ ਪੰਜਾਬ ਵਿਚ ਕੰਪਨੀ ਵਲੋਂ ਕਮਾਈ ਵਾਲੀਆਂ ਸਿਵਿਲ ਨੌਕਰੀਆਂ ਨਾਲ ਨਿਵਾਜਿਆ ਗਿਆ ਸੀ। 1857, ਬੰਗਾਲ ਆਰਮੀ ਵਿਚ 86000 ਫੌਜੀ ਸਨ ਜਿਨ੍ਹਾਂ ਵਿਚ 12000 ਯੋਰਪੀਅਨ ਸਨ, 16000 ਸਿੱਖ, ਤੇ 1500 ਗੋਰਖਾ ਸਨ। ਤਿੰਨਾਂ ਭਾਰਤੀ ਆਰਮੀ ਦੇ ਵਿੰਗਾਂ ਵਿਚ ਕੁਲ 311000 ਸਥਾਨਿਕ ਫੌਜੀ ਸਨ ਤੇ 40160 ਯੋਰਪੀਅਨ ਫੌਜੀ ਸਨ ਤੇ 5362 ਅਫਸਰ ਸਨ। 54ਵੀਂ ਬੰਗਾਲ ਆਰਮੀ ਦੇ 75 ਰੈਗੂਲਰ ਨੇਟਿਵ ਇੰਨਫੈਂਨਟਰੀ ਰੈਜਮੈਂਟ ਨੇ ਵਿਦਰੋਹ ਕੀਤਾ। ਉਨ੍ਹਾਂ ਵਿਚੋਂ ਕੁਝ ਨੇ ਹਥਿਆਰ ਹਥਿਆ ਕੇ ਭਜਣ ਵਿਚ ਕਾਮਯਾਬੀ ਹਾਸਲ ਕੀਤੀ। ਕਈਆ ਨੂੰ ਨਿਹੱਥਾ ਕਰ ਦਿੱਤਾ ਗਿਆ, ਨਜ਼ਰਬੰਦ ਕਰ ਦਿੱਤਾ ਗਿਆ ਤਾਂ ਕਿ ਵਿਦਰੋਹ ਨੂੰ ਠਲ ਪਾਈ ਜਾ ਸਕੇ।

## ਤਖਤਾ ਪਲਟਣਾ—

ਬਹਾਦਰ ਸ਼ਾਹ ਜਫਰ ਨੇ ਸਾਰੇ ਭਾਰਤ ਦਾ ਸਹਿਨਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਕੁਝ ਇਤਿਹਾਸ ਕਾਰਾਂ ਦਾ ਵਿਚਾਰ ਹੈ ਕਿ ਇਹ ਐਲਾਨ ਸਿਪਾਹੀਆਂ ਵਲੋਂ ਤਾਕਤ ਦੇ ਜੋਰ ਨਾਲ ਕਰਾਇਆ ਗਿਆ ਸੀ ਤੇ ਇਸ ਐਲਾਨ-ਨਾਮੇ ਤੇ ਦਸਖ਼ਤ ਉਸਦੀ ਮਰਜ਼ੀ ਦੇ ਉਲਟ ਸਨ। ਗੁਆਚੀ ਹੋਈ ਤਾਕਤ ਦੇ ਬਾਵਜੂਦ ਉੱਤਰੀ ਭਾਰਤ ਵਿਚ ਦਿੱਲੀ ਦੇ ਤਖਤ ਦੀ ਬਹੁਤ ਮਹਤਤਾ ਸੀ। ਇੱਥੇ ਮੁਗਲਾਂ ਨੇ ਸਦੀਆਂ ਰਾਜ ਕੀਤਾ ਸੀ ਤੇ ਉਹ ਨਾਮ ਸਾਰੇ ਭਾਰਤ ਲਈ ਇੱਕ ਸੂਤਰਧਾਰ ਸੀ। ਸਹਿਨਸ਼ਾਹ ਨੇ ਸਿਵਿਲ ਅਧਿਕਾਰੀਆਂ,

ਅਹਿਲਕਾਰਾਂ ਤੇ ਇਜ਼ਤਦਾਰਾਂ ਨੂੰ ਸੌਂਹ ਰਸਮ ਅਦਾ ਕਰਵਾ ਦਿੱਤੀ ਸੀ। ਬ੍ਰਿਟਿਸ਼ ਹੈਰਾਨ ਸਨ ਕਿ ਆਮ ਲੋਕ ਕਿਸਤਰ੍ਹਾਂ ਬਹਾਦਰ ਸ਼ਾਹ ਜਫ਼ਰ ਦੀ ਲੜਾਈ ਨੂੰ ਹਾਂ ਪੱਖੀ ਹੁੰਗਾਰਾ ਦੇ ਰਹੇ ਹਨ। ਸ਼ਹਿਨਸ਼ਾਹ ਨੇ ਆਪਣੇ ਨਾਮ ਦੇ ਸਿੱਕੇ ਜਾਰੀ ਕਰ ਦਿੱਤੇ। ਇਹ ਇੱਕ ਪੁਰਾਤਨ ਰਵਾਇਤ ਸੀ ਕਿ ਆਪਣੀ ਸਹਿਨਸ਼ਾਹੀ ਦਾ ਲੋਹਾ ਮੰਨਵਾਉਣ ਲਈ ਰਾਜੇ ਸਦੀਆਂ ਤੋਂ ਇਸਤਰ੍ਹਾਂ ਕਰਦੇ ਆ ਰਹੇ ਸਨ। ਮੁਸਲਮਾਨ ਕੌਮ ਨੇ ਬਹਾਦਰ ਸ਼ਾਹ ਜਫ਼ਰ ਦੀ ਰਾਜਾਸ਼ਾਹੀ ਮੰਨ ਲਈ ਸੀ। ਐਸੇ ਐਲਾਨਨਾਮੇ ਨੇ ਪੰਜਾਬ ਦੇ ਸਿਖਾਂ ਨੂੰ ਵਖਰਾ ਪ੍ਰਭਾਵ ਦਿੱਤਾ। ਉਹ ਮੁਗਲਾਂ ਨੂੰ ਆਪਣਾ ਰਵਾਇਤੀ ਦੁਸ਼ਮਣ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਵਿਦੋਰਹ ਨਾਲੋਂ ਆਪਣੇ ਆਪ ਨੂੰ ਵੱਖ ਹੀ ਰਖਿਆ। ਉਹ ਨਹੀ ਚਾਹੁੰਦੇ ਸਨ ਕਿ ਉਹ ਦੁਬਾਰਾ ਮੁਗਲ ਝੰਡੇ ਦੇ ਹਕੂਮਤ ਦੀ ਪਰਜਾ ਬਣਨ। ਉਨ੍ਹਾਂ ਨੇ ਅਨੇਕ ਜੰਗਾਂ ਮੁਗਲਾਂ ਨਾਲ ਲੜੀਆਂ ਹੋਈਆਂ ਸਨ। ਇਹ ਉਨ੍ਹਾਂ ਦਾ ਮਾਨਸਿਕ ਵਰਤਾਰਾ ਵੀ ਸੀ। ਇਸਦੇ ਉਲਟ ਬੰਗਾਲ ਸਾਰੇ ਸਮੇਂ ਦੌਰਾਨ ਵਿਦਰੋਹ ਦੇ ਸੰਗ ਰਿਹਾ।

ਵਿਦਰੋਹ ਦੇ ਸ਼ੁਰੂਆਤੀ ਦੌਰ ਵਿਚ ਵਿਦਰੋਹ ਨਾਲ ਜੁੜੇ ਜਵਾਨਾਂ ਨੇ ਕੰਪਨੀ ਫੋਰਸਾਂ ਤੇ ਫਤਹਿ ਪਾ ਲਈ ਸੀ ਤੇ ਉਨ੍ਹਾਂ ਨੂੰ ਪਿੱਛੇ ਧਕਕੇ ਕਈ ਸ਼ਹਿਰਾਂ ਤੇ ਕਬਜਾ ਕਰ ਲਿਆ ਸੀ। ਕਈ ਮਸ਼ਹੂਰ ਸ਼ਹਿਰ ਅੱਜ ਦੇ ਹਰਿਆਣਾ, ਬਿਹਾਰ, ਸੈਂਟਰਲ ਪ੍ਰਾਤ, ਤੇ ਯੂਨਾਈਟਡ ਪ੍ਰਾਂਤ। ਜਦੋਂ ਯੋਰਪੀਅਨ ਟਰੂਪਾਂ ਨੇ ਆਪਣੀ ਤਾਕਤ ਇੱਕਠੀ ਕਰਕੇ ਜੁਆਬੀ ਹਮਲੇ ਸ਼ੁਰੂ ਕੀਤੇ, ਵਿਦਰੋਹੀ ਸਿਪਾਹੀ ਭੰਬਲਭੂਸੇ ਵਰਗੀ ਸਥਿਤੀ ਵਿਚ ਸਨ। ਇਸਦਾ ਸਭਤੋਂ ਵਡਾ ਕਾਰਣ ਕੇਂਦਰੀ ਕਮਾਂਡ ਦੀ ਅਣਹੋਂਦ ਤੇ ਕੰਟਰੋਲ ਸਿਸਟਮ ਸੀ। ਬੇਸ਼ਕ ਉਨ੍ਹਾਂ ਦੇ ਕੁਝ ਕੇਂਦਰੀ ਕੁਦਰਤੀ ਤੌਰ ਤੇ ਲੀਡਰ ਉਭਰਕੇ ਅੱਗੇ ਆਏ ਜਿਵੇਂ ਬਖ਼ਤ ਖਾਂ, ਜਿਸਨੂੰ ਬਾਦ ਵਿਚ ਬਹਾਦਰ ਸ਼ਾਹ ਜਫ਼ਰ ਨੇ ਆਪਣੇ ਪੁੱਤਰ ਮਿਰਜ਼ਾ ਮੁਗਲ ਦੀ ਕੰਮਜੋਰ ਲੀਡਰ ਨੂੰ ਪਿੱਛੇ ਪਾਕੇ ਕਮਾਂਡਰ ਇੰਨ ਚੀਫ ਘੋਸ਼ਿਤ ਕੀਤਾ। ਬਹੁਤੇ ਹਿੱਸਿਆਂ ਵਿਚ ਵਿਦੋਰਹੀਆਂ ਨੂੰ ਰਾਜਿਆਂ ਤੇ ਰਾਜਕੁਮਾਰਾਂ ਦੀ ਲੀਡਰਸ਼ਿਪ ਲਈ ਮਜ਼ਬੂਰ ਹੋਣਾ ਪਿਆ। ਇਨ੍ਹਾਂ ਵਿਚੋਂ ਕੁਝ ਲੀਡਰ ਤਾਂ ਸੁਹਿਰਦ ਤੇ ਪੱਕੇ ਇਰਾਦੇ ਵਾਲੇ ਨਿਸ਼ਾਨੇ ਨਾਲ ਬੱਝੇ ਹੋਏ ਸਨ ਪਰ ਬਹੁਤਿਆਂ ਦਾ ਆਪਣਾ ਨਿੱਜ ਹੀ ਭਾਰੂ ਸੀ। ਮੇਰਟ ਦੇ ਆਸੇ ਪਾਸੇ ਦੇ ਪਿੰਡਾਂ ਵਿਚੋਂ ਗੁਰਜਰ ਦੀ ਚੜ੍ਹਾਈ ਬ੍ਰਿਟਿਸ਼ ਲਈ ਸਭਤੋਂ ਵਡੀ ਲਲਕਾਰ ਸਾਬਤ ਹੋਈ। ਮੇਰਟ ਦੇ ਲਾਗੇ ਪ੍ਰੀਕਸ਼ਤਗੜ੍ਹ ਵਿਚ ਗੁਰਜਰਾਂ ਨੇ ਚੌਧਰੀ ਕੁਦਮ ਸਿੰਘ ਨੂੰ ਆਪਣਾ ਲੀਡਰ ਘੋਸ਼ਿਤ ਕਰ ਦਿੱਤਾ। ਕੰਪਨੀ ਦੀ ਪੁਲੀਸ ਨੂੰ ਇਲਾਕੇ ਵਿਚੋਂ ਕਢ ਦਿੱਤਾ। ਕੁਦਮ ਸਿੰਘ ਦੀ ਕਮਾਨ ਵਿਚ ਵਖੋ ਵਖਰੇ ਅਨੁਮਾਨਾਂ ਅਨੁਸਾਰ 2000 ਤੋਂ ਲੈਕੇ10000 ਫੌਜੀਆਂ ਦੀ ਗਿਣਤੀ ਸੀ। ਬੁਲੰਦ ਸ਼ਹਿਰ ਤੇ ਬਿਜਨੌਰ ਵੀ ਗੁਰਜਰਾਂ ਦੇ ਕਬਜੇ ਵਿਚ ਆ ਗਏ। ਇਨ੍ਹਾਂ ਸ਼ਹਿਰਾਂ ਦਾ ਕੰਟਰੋਲ ਵਲੀਦਾਦ ਖਾਨ, ਤੇ ਮਾਹੋ ਸਿੰਘ ਸਨ। ਸਰੋਤ ਦਸਦੇ ਹਨ ਕਿ ਸਾਰੇ ਗੁਰਜਰ ਪਿੰਡ ਜਿਹੜੇ ਮੇਰਟ ਤੋਂ ਦਿਲੀ ਤੱਕ ਫੈਲੇ ਹੋਏ ਸਨ ਨੇ ਵਿਦਰੋਹ ਵਿਚ ਹਿੱਸਾ ਲਿਆ। ਜਲੰਧਰ ਦੇ ਕੁਝ ਜੱਟ ਸਿਪਾਹੀ ਵੀ ਇਨ੍ਹਾਂ ਦੇ ਨਾਲ ਸਨ। ਇਤਨਾ ਕੁਝ ਹੋਣ ਦੇ ਬਾਵਜੂਦ ਵੀ ਬ੍ਰਿਟਿਸ਼ ਨੇ ਇਸ ਇਲਾਕੇ ਦਾ ਕੰਟਰੋਲ ਫਿਰ ਹਾਸਲ ਕਰ ਲਿਆ।

ਇੰਡੀਆ ਦੀ ਸ਼ਾਹੀ ਗਜ਼ਟ ਵਿਚ ਇਹ ਦਰਜ਼ ਹੈ ਕਿ 1857 ਦੀ ਸਾਰੀ ਭਾਰਤੀ ਬਗਾਵਤ ਦੌਰਾਨ ਬੁਲੰਦ ਸ਼ਹਿਰ ਇਲਾਕੇ ਵਿਚ, ਗੁਰਜਰ ਤੇ ਰੰਗੜ(ਮੁਸਲਿਮ ਰਾਜਪੂਤ)ਸਭ ਤੋਂ ਵਧ ਘਾਤਿਕ ਦੁਸ਼ਮਣ ਸਾਬਤ ਹੋਏ।

ਰੇਵੜੀ ਦਾ ਮੰਨਿਆ ਪ੍ਰਮੰਨਿਆਂ ਵਿਦਵਾਨ ਮੁਫਤੀ ਨਿਜ਼ਾਮੁਦੀਨ ਨੇ ਬ੍ਰਿਟਿਸ਼ ਫੌਜ ਦੇ ਵਿਰੁਧ ਫਤਵਾ ਜਾਰੀ ਕਰ ਦਿੱਤਾ ਤੇ ਸਥਾਨਿਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਓ ਤੁਲਾ ਰਾਮ ਦੀ ਜੀਅ ਜਾਨ ਨਾਲ ਮਦਦ ਕਰਨ। ਨਰਨੌਲ (ਨਸੀਬਪੁਰ) ਵਿਚ ਘਮਸਾਨ ਦੀ ਜੰਗ ਹੋਈ। ਨਵੰਬਰ 16, 1857, ਰਾਓ ਤੁਲਾ ਰਾਮ ਦੀ ਹਾਰ ਹੋਈ ਤੇ ਮੁਫਤੀ ਨਿਜ਼ਾਮੁਦੀਨ ਨੂੰ ਗਰਿਫਤਾਰ ਕਰ ਲਿਆ ਗਿਆ। ਉਸਦੇ ਭਰਾ ਮੁਫਤੀ ਯਕੀਨੁਦੀਨ ਤੇ ਅਬਦੁਰ ਰਹਿਮਾਨ ਜਿਸਨੂੰ ਨਬੀ ਬਖ਼ਸ਼ ਵੀ ਕਹਿੰਦੇ ਸਨ ਨੂੰ ਤਿਜ਼ਾਰਾ ਤੋਂ ਗਰਿਫਤਾਰ ਕਰ ਲਿਆ ਗਿਆ। ਦਿਲੀ ਲਿਜਾਕੇ ਫਾਂਸੀ ਤੇ ਲਟਕਾ ਦਿੱਤਾ ਗਿਆ। ਨਸੀਬਪੁਰ ਵਿਚ ਹਾਰਨ ਤੋਂ ਬਾਦ ਰਾਓ ਤੁਲਾ ਰਾਮ ਤੇ ਪਰਾਣ ਸੁਖ ਯਾਦਵ ਰਸ਼ੀਆ ਚਲੇ ਗਏ। ਮਕਸਦ ਰਸ਼ੀਆ ਤੋਂ ਹਥਿਆਰ ਪ੍ਰਾਪਤ ਕਰਨਾ ਸੀ ਜੋ ਬ੍ਰਿਟਿਸ਼ ਨਾਲ ਕਰੀਮੀਨ ਵਾਰ ਵਿਚ ਉਲਝਿਆ ਹੋਇਆ ਸੀ।

## ਦਿਲੀ---

## ਦਿਲੀ ਦੀ ਘੇਰਾਬੰਦੀ

ਬ੍ਰਿਟਿਸ਼ ਨੇ ਪਲਟ ਵਾਰ ਕਰਨ ਲਈ ਪਹਿਲਾ ਆਪਣੀ ਸਪੀਡ ਬਹੁਤ ਹੌਲੀ ਰਖੀ। ਇੰਗਲੈਂਡ ਤੋਂ ਫੌਜ ਸ਼ਿਪਾਂ ਰਾਹੀਂ ਆ ਰਹੀ ਸੀ। ਸਮੁੰਦਰ ਰਸਤੇ ਆਉਣ ਨੂੰ ਵਕਤ ਲਗਣਾ ਸੀ। ਭਾਵੇਂ ਕੁਝ ਰੈਜਮੈਂਟ ਕਰੀਮੀਂਨ ਵਾਰ ਤੋਂ ਪਰਸ਼ੀਆ ਰਸਤੇ ਆ ਚੁੱਕੀਆ ਸਨ। ਕੁਝ ਚੀਨ ਰਸਤੇ ਰਸ਼ੀਆ ਦੀ ਬਜਾਇ ਇੰਡੀਆ ਤੋਰ ਦਿੱਤੀਆਂ ਗਈਆਂ ਸਨ।

ਯੋਰਪੀਅਨ ਫੌਜਾਂ ਨੂੰ ਜਿਹੜੀਆਂ ਇੰਡੀਆ ਵਿਚ ਹੀ ਸਨ ਨੂੰ ਜਥੇਬੰਦ ਕਰਨ ਲਈ ਸਮਾ ਚਾਹੀਦਾ ਸੀ ਤਾਂ ਕਿ ਯੁੱਧ ਵਿਚ ਉਤਾਰਿਆ ਜਾਵੇ। ਘਟਨਾ ਕਰਮ ਦੇ ਮੱਦੇ ਨਜ਼ਰ ਮੇਰਟ ਤੇ ਸ਼ਿਮਲਾ ਨੂੰ ਛੱਡ ਦਿੱਤਾ ਗਿਆ। ਇਨ੍ਹਾ ਨੇ ਹੌਲੀ ਗੱਤੀ ਨਾਲ ਦਿੱਲੀ ਵਲ ਰੁਖ ਕੀਤਾ ਤੇ ਯੁਧ ਕੀਤਾ, ਕਈਆਂ ਨੂੰ ਮਾਰ ਦਿਤਾ ਤੇ ਰਸਤੇ ਵਿਚ ਕਿਤਨੇ ਹੀ ਭਾਰਤੀਆਂ ਨੂੰ ਸੂਲੀ ਤੇ ਟੰਗ ਦਿੱਤਾ ਗਿਆ। ਬਗਾਵਤ ਸ਼ੁਰੂ ਹੋਣ ਦੇ ਦੋ ਮਹੀਨੇ ਬਾਦ ਦੋ ਫੌਜ ਟੁਕੜੀਆਂ ਦਾ ਕਰਨਾਲ ਨੇੜੇ ਮੇਲ ਹੋ ਗਿਆ। ਇਸ ਸਾਂਝੀ ਫੌਜ ਵਿਚ ਗੋਰਖਾ ਯੁਨਿਟਾਂ ਵੀ ਸ਼ਾਮਲ ਸਨ ਜਿਹੜੀਆਂ ਬੰਗਾਲ ਆਰਮੀ ਦੇ ਸਰਵਿਸ ਪੇ ਰੋਲ ਤੇ ਸਨ ਤੇ ਇਨ੍ਹਾਂ ਦਾ ਕੰਨਟੈਕਟ ਨੇਪਾਲ ਦੇ ਰਾਜਾ ਨਾਲ ਸੀ। ਬਦਲੀ ਕੀ ਸਰਾਏ ਵਿਖੇ ਇਨ੍ਹਾਂ ਦਾ ਮੁਕਾਬਲਾ ਵਿਦਰੋਹੀ ਫੌਜ ਨਾਲ ਹੋਇਆ ਤੇ ਵਿਦਰੋਹੀਆਂ ਨੂੰ ਦਿੱਲੀ ਵਲ ਧਕ ਦਿੱਤਾ ਗਿਆ।

ਕੰਪਨੀ ਨੇ ਦਿਲੀ ਸ਼ਹਿਰ ਦੇ ਉਤਰ ਵਲ ਆਪਣਾ ਬੇਸ ਬਣਾ ਲਿਆ ਤੇ ਦਿਲੀ ਦੀ ਘੇਰਾ ਬੰਦੀ ਸ਼ੁਰੂ ਹੋ ਗਈ। ਇਹ ਘੇਰਾ ਬੰਦੀ ਜੁਲਾਈ 1, ਤੋਂ ਸਤੰਬਰ 21 ਤਕ ਚਲੀ।

ਘੇਰਾ ਬੰਦੀ ਦਾ ਮੁਕਮੱਲ ਹੋਣਾ ਕਠਿਨ ਹੋ ਰਿਹਾ ਸੀ। ਕਦੇ ਕਦੇ ਐਸਾ ਵੀ ਲਗਦਾ ਕਿ ਘੇਰਾ ਬੰਦੀ ਦਿਲੀ ਦੀ ਨਹੀ ਸਗੋਂ ਕੰਪਨੀ ਦੀਆਂ ਫੌਜਾਂ ਦੀ ਹੈ। ਵਿਦਰੋਹੀਆਂ ਨੂੰ ਅਜੇ ਵੀ ਰਸਦ ਪਾਣੀ, ਹਥਿਆਰ ਤੇ ਹੋਰ ਸਰੋਤ ਮਿਲ ਰਹੇ ਸਨ। ਕਈ ਹਫਤਿਆਂ ਤੱਕ ਬਿਮਾਰੀਆਂ, ਦਿਲੀ ਤੋਂ ਹੋ ਰਹੀ ਛਾਪਾਮਾਰੀ ਅੰਤ ਤੇ ਕੰਪਨੀ ਦੀਆਂ ਫੌਜਾਂ ਨੂੰ ਹਾਰਨ ਤੇ ਮਜ਼ਬੂਰ ਕਰ ਦੇਵੇਗੀ। ਪਰ ਪੰਜਾਬ ਵਿਚ ਵਿਦਰੋਹੀਆਂ ਦਾ ਵਿਦਰੋਹ ਕੁਚਲਿਆ ਜਾ ਰਿਹਾ ਸੀ। ਪੰਜਾਬ ਵਿਚ ਸਿਖ ਤੇ ਪਖਤੂਨ ਫੌਜੀ ਬ੍ਰਿਟਿਸ਼ ਜੌਹਨ ਨਿਕੋਲਸਨ ਦੀ ਕਮਾਨ ਹੇਠ ਤੁਰ ਪਏ ਸਨ ਤੇ ਘੇਰਾ ਬੰਦੀ ਪਾਈ ਫੌਜ ਨੂੰ ਅਗਸਤ 14 ਨੂੰ ਜਾ ਮਿਲੇ। ਅਗਸਤ 30, ਵਿਦਰੋਹੀਆਂ ਨੇ ਸ਼ਰਤਾਂ ਸਹਿਤ ਸਮਝੌਤਾ ਭੇਜਿਆ, ਕੰਪਨੀ ਨੇ ਇਨਕਾਰ ਕਰ ਦਿੱਤਾ।

ਜਿਸਤਰ੍ਹਾਂ ਬੇਸਬਰੀ ਨਾਲ ਹੋਰ ਫੋਰਸ ਦੀ ਉਡੀਕ ਕੀਤੀ ਜਾ ਰਹੀ ਸੀ, ਭਰੀ ਹੋਈ ਟਰੇਨ ਆਣ ਪਹੁੰਚੀ। ਸਤੰਬਰ 7, ਘੇਰਾਬੰਦੀ ਨੇ ਦਿਲੀ ਦੀ ਦੀਵਾਰ ਤੋੜ ਦਿੱਤੀ। ਵਿਦਰੋਹੀਆਂ ਦੀਆਂ ਤੋਪਾਂ ਖਾਮੋਸ਼ ਹੋ ਗਈਆਂ। ਟੁਟੀ ਦੀਵਾਰ ਅਤੇ ਕਸ਼ਮੀਰੀ ਗੇਟ ਰਾਹੀਂ ਦਿਲੀ ਤੇ ਧਾਵਾ ਬੋਲ ਦਿੱਤਾ ਗਿਆ, ਇਹ ਸਤੰਬਰ 14 ਦੀ ਘਟਨਾ ਹੈ। ਹਮਲਾਵਰਾਂ ਨੇ ਸ਼ਹਿਰ ਵਿਚ ਆਪਣੇ ਪੈਰ ਪੱਕੇ ਕਰ ਲਏ ਸਨ ਪਰ ਇਹਦੇ ਲਈ ਬਹੁਤ ਮੌਤਾਂ ਹੋਈਆਂ। ਮਰਨ ਵਾਲਿਆਂ ਵਿਚ ਜੌਨ ਨਿਕੋਲਸਨ ਵੀ ਸੀ। ਬ੍ਰਿਟਿਸ਼ ਕਮਾਂਡਰ ਇਤਨੇ ਨੁਕਸਾਨ ਲਈ ਤਿਆਰ ਨਹੀ ਸੀ ਤੇ ਨਾ ਹੀ ਉਸਨੂੰ ਅੰਦੇਸ਼ਾ ਸੀ ਕਿ ਵਿਦਰੋਹੀ ਇਤਨੀ ਹਿੰਮਤ ਨਾਲ ਮੁਕਾਬਲਾ ਕਰਨਗੇ। ਉਹ ਫੌਜ ਨੂੰ ਸ਼ਹਿਰ ਵਿਚੋਂ ਕਢਣ ਲਈ ਵੀ ਤਿਆਰ ਹੋ ਗਿਆ ਤਾਂ ਕਿ ਹੋਰ ਨੁਕਸਾਨ ਤੋਂ ਬਚਿਆ ਜਾ ਸਕੇ ਪਰ ਜੂਨਿਅਰ ਅਫ਼ਸਰ ਇਸ ਲਈ ਤਿਆਰ ਨਹੀ ਸਨ। ਉਹ ਆਪਣੇ ਕਈ ਸਾਥੀਆਂ ਦੇ ਮਾਰੇ ਜਾਣ ਨਾਲ ਗੁਸੇ ਨਾਲ ਲਾਲ ਸਨ ਤੇ ਯੁਧ ਨੂੰ ਨਿੱਜੀ ਰੂਪ ਵਿਚ ਲੈ ਰਹੇ ਸਨ। ਇੱਕ ਹਫਤੇ ਦੀ ਗਲੀਆਂ ਦੀ ਲੜਾਈ ਤੋਂ ਬਾਦ ਬ੍ਰਿਟਿਸ਼ ਲਾਲ ਕਿਲ੍ਹੇ ਤੇ ਪਹੁੰਚਣ ਵਿਚ ਕਾਮਯਾਬ ਹੋ ਗਏ। ਬਹਾਦਰ ਸ਼ਾਹ ਜ਼ਫ਼ਰ ਇਸਤੋਂ ਪਹਿਲਾਂ ਹੀ ਹਮਾਯੂ ਦੇ ਮਕਬਰੇ ਵਲ ਚਲੇ ਗਿਆ ਸੀ। ਬ੍ਰਿਟਿਸ਼ ਨੇ ਸ਼ਹਿਰ ਤੇ ਕਬਜਾ ਕਰ ਲਿਆ ਸੀ।

ਸਤੰਬਰ 20, 1857 ਬਹਾਦਰ ਸ਼ਾਹ ਜ਼ਫ਼ਰ ਅਤੇ ਉਸਦੇ ਪੁੱਤਰਾਂ ਨੂੰ ਹਮਾਯੂ ਦੇ ਮਕਬਰੇ ਤੋਂ ਵਿਲੀਅਮ ਹੁਡਸਨ ਦੁਆਰਾ ਗਰਿਫਤਾਰ ਕਰ ਲਿਆ ਗਿਆ। ਘੇਰਾਬੰਦੀ ਪਾਈ ਫੌਜ ਦੇ ਟਰੂਪਾਂ ਨੇ ਸ਼ਹਿਰ ਦੀ ਲੁੱਟ ਤੇ ਮਾਰ ਧਾੜ ਸ਼ੁਰੂ ਕਰ ਦਿੱਤੀ। ਯੌਰਪੀਅਨ ਤੇ ਆਪਣੀ ਫੌਜ ਦੀ ਬਰਬਾਦੀ ਦੇ ਗੁੱਸੇ ਵਿਚ ਬਹੁਤ ਵਡੀ ਗਿਣਤੀ ਵਿਚ ਦਿਲੀ ਨਿਵਸੀਆਂ ਨੂੰ ਮਾਰ ਦਿੱਤਾ । ਗਲੀਆਂ ਵਿਚ ਹੋਈ ਲੜਾਈ ਵੇਲੇ ਤੋਪਖਾਨੇ ਦਾ ਮੂੰਹ ਮਸਜਿਦ ਵੱਲ ਕੀਤਾ ਗਿਆ ਸੀ। ਉਸਦੇ ਗੁਆਂਢ ਵਸਦੇ ਲੋਕਾਂ ਤੇ ਬੰਬ ਵਰਸਾਏ ਗਏ। ਇੱਥੇ ਅਮੀਰ ਮੁਸਲਮਾਨ ਜੋ ਸਾਰੇ ਭਾਰਤ ਵਿਚ ਫੈਲੇ ਹੋਏ ਸਨ, ਉਨ੍ਹਾ ਦੇ ਵੀ ਘਰ ਸਨ। ਉਹ ਘਰ, ਬਹੁਤ ਸਾਰੀਆਂ ਕਲਚਰ ਨਾਲ ਜੁੜੀਆ ਕਲਾ ਕ੍ਰਿਤਾਂ, ਸਾਹਿਤਕ ਕ੍ਰਿਤਾਂ ਬੰਬਾਂ ਨਾਲ ਤਬਾਹ ਕਰ ਦਿੱਤੀਆਂ ਗਈਆਂ।

ਅਗਲੇ ਦਿਨ ਬ੍ਰਿਟਿਸ਼ ਅਫਸਰ ਵਿਲੀਅਮ ਹੁਡਸਨ ਨੇ ਬਹਾਦਰ ਸ਼ਾਹ ਜ਼ਫ਼ਰ ਦੇ ਪੁੱਤਰ ਮਿਰਜ਼ਾ ਮੁਗ਼ਲ, ਮਿਰਜ਼ਾ ਖਾਜ਼ੀਰ ਸੁਲਤਾਨ ਅਤੇ ਪੋਤਾ ਅਬੂ ਬਕਰ ਨੂੰ ਆਪਣੀ

ਨਿਗਰਾਨੀ ਹੇਠ ਦਿਲੀ ਗੇਟ ਕੋਲ ਗੋਲੀਆਂ ਨਾਲ ਮਾਰ ਦਿੱਤਾ। ਇਸ ਜਗ੍ਹਾ ਨੂੰ ਖੂਨੀ ਦਰਵਾਜ਼ਾ ਕਹਿੰਦੇ ਹਨ। ਇਸ ਵਾਰਦਾਤ ਨੂੰ ਸੁਣਕੇ ਬਹਾਦਰ ਸ਼ਾਹ ਜ਼ਫ਼ਰ ਨੇ ਡੂੰਘੀ ਚੁੱਪ ਧਾਰ ਲਈ।

ਦਿਲੀ ਦੇ ਢਹਿੰਣ ਤੋਂ ਬਾਦ ਜਿੱਤੀ ਫੌਜ ਹੋਰ ਵੀ ਭੂਤਰ ਗਈ। ਇਸਤੋਂ ਬਾਦ ਆਗਰਾ, ਫਿਰ ਕਾਨਪੁਰ, ਲਗਾਤਾਰ ਜਿੱਤਾਂ ਨੇ ਉਤਰ ਤੋਂ ਦੱਖਣ ਤੱਕ ਕੰਪਨੀ ਦਾ ਰਾਜ ਮੁੜ ਤੋਂ ਪੱਕੇ ਪੈਰੀਂ ਸਥਾਪਿਤ ਹੋ ਗਿਆ।

## ਬ੍ਰਿਟਿਸ਼ ਰਾਜ---

ਬ੍ਰਿਟਿਸ਼ ਕਾਲੋਨੀਆਂ ਦੇ ਅਫਸਰ ਜਿਹੜੇ ਭਾਰਤੀ ਜਨਸੰਖਿਆ, ਫੌਜੀ ਤੇ ਸਿਵਲ ਨਾਲ ਸਬੰਧਿਤ ਸਨ ਨੇ ਆਪਣੇ ਆਪ ਨੂੰ ਨਿਸਚਿੰਤ ਕਰਨ ਹਿੱਤ ਨਵੀਂ ਉਠੀ ਸਥਾਪਿਤ ਤਾਕਤ ਅੱਗੇ ਨਕਲਚੀਆਂ ਵਾਂਗ ਜੀ ਹਜ਼ੂਰੀ ਆਰੰਭ ਕਰ ਦਿੱਤੀ। 1857 ਦੇ ਅੰਤ ਤੋਂ ਬਾਦ ਬ੍ਰਿਟਿਸ਼ ਨੇ ਫਿਰ ਤੋਂ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਲਖਨਊ ਦਾ ਕਬਜਾ ਮਾਰਚ 1858 ਨੂੰ ਪ੍ਰਾਪਤ ਹੋਇਆ। ਜੁਲਾਈ 8, 1858 ਨੂੰ ਇੱਕ ਸਾਂਤੀ ਵਾਰਤਾ ਸੰਧੀ ਤੇ ਦਸਖਤ ਕੀਤੇ ਗਏ ਤੇ ਬਗਾਵਤ ਜੋ ਇਤਨੇ ਜੋਰਦਾਰ ਤਰੀਕੇ ਨਾਲ ਉਠੀ ਸੀ, ਉਸਦਾ ਅੰਤ ਹੋ ਗਿਆ। ਅਖੀਰਲੇ ਵਿਦਰੋਹੀ ਜੂਨ 20, 1858 ਨੂੰ ਗਵਾਲੀਅਰ ਦੇ ਸਨ ਜੋ ਹਾਰ ਗਏ। 1859 ਤੱਕ ਵਿਦਰੋਹੀ ਲੀਡਰ ਬਖ਼ਤ ਖਾਨ ਤੇ ਨਾਨਾ ਸਾਹਬ ਜਾਂ ਤੇ ਮਾਰੇ ਗਏ ਸਨ ਜਾਂ ਕਿਤੇ ਦੌੜ ਗਏ।

ਕਾਨਪੁਰ ਵਿਚ ਬ੍ਰਿਟਿਸ਼ ਰਿਕਾਰਡ ਅਨੁਸਾਰ, ਵਿਦਰੋਹੀਆਂ ਨੇ ਔਰਤਾਂ, ਬੱਚਿਆਂ, ਜਖਮੀ ਅੰਗਰੇਜਾਂ ਨੂੰ ਮਾਰ ਦਿੱਤਾ ਸੀ। ਇਹ ਸਾਰਾ ਕੁਝ ਬ੍ਰਿਟਿਸ਼ ਦੀਆਂ ਅਖਬਾਰਾਂ ਵਿਚ ਛਪਿਆ। ਬਹੁਤ ਸਾਰੇ  ਅੰਗਰੇਜ਼ ਫੌਜੀਆਂ ਨੂੰ ਗੁੱਸਾ ਆਇਆ ਤੇ ਉਹ ਬਦਲਾ ਲੈਣ ਲਈ ਉਤਾਵਲੇ ਹੋ ਉਠੇ। ਸਜ਼ਾ ਦੇ ਤੌਰ ਤੇ ਵਿਦਰੋਹੀਆਂ ਨੂੰ ਸੂਲੀ ਚਾੜਿਆ ਗਿਆ। ਤੋਪਾਂ ਦੇ ਮੂੰਹਾਂ ਤੇ ਬੰਨ੍ਹਕੇ ਉਡਾਇਆ ਗਿਆ।

ਵਿਦਰੋਹੀਆਂ ਨਾਲ ਜੋ ਵਿਵਹਾਰ ਕੀਤਾ ਗਿਆ, ਉਹ ਕਿਤੇ ਜ਼ਿਆਦਾ ਸੀ ਪਰ ਉਹ ਪਰੈਸ ਵਿਚ ਨਹੀ ਆ ਰਿਹਾ ਸੀ। ਦਿਲੀ ਢਹਿੰਣ ਤੋਂ ਬਾਦ 'ਬੰਬੇ ਟੈਲੀਗਰਾਫ' ਵਿਚ ਵਿਦਰੋਹੀਆਂ ਦੇ ਹੋਏ ਨੁਕਸਾਨ ਤੇ ਅਣਮਨੁੱਖੀ ਵਰਤਾਰੇ ਦੀ ਚਿੱਠੀ ਛਪੀ। ਇਹੋ ਚਿੱਠੀ ਫਿਰ ਬ੍ਰਿਟਿਸ਼ ਪਰੈਸ ਵਿਚ ਵੀ ਗਈ ਜਿਸਤੋਂ ਇੰਗਲੈਂਡ ਵਾਸੀਆਂ ਨੂੰ ਗਿਆਨ ਹੋਇਆ ਕਿ ਭਾਰਤੀ ਮੂਲ ਨਿਵਾਸੀਆਂ ਦਾ ਕਿਤਨਾ ਭਾਰੀ ਨੁਕਸਾਨ ਹੋਇਆ ਹੈ। ...

--.ਦਿਲੀ ਸ਼ਹਿਰ ਦੇ ਅੰਦਰ ਜਦੋਂ ਸਾਡੇ ਟਰੂਪ ਦਾਖਲ ਹੋਏ ਜੋ ਵੀ ਸ਼ਹਿਰੀ ਮਿਲਿਆ ਸੰਗੀਨਾਂ ਨਾਲ ਵਿਨ੍ਹ ਦਿੱਤਾ ਗਿਆ। ਤੇ ਨੰਬਰ ਇਤਨਾ ਵਡਾ ਹੈ ਕਿ ਨਿੰਦਣਯੋਗ ਹੈ। ਕਈ ਘਰਾਂ ਵਿਚ ਚਾਲੀ ਤੋਂ ਪੰਜਾਹ ਵਿਅਕਤੀ ਲੁਕੇ ਹੋਏ ਸਨ ਤੇ ਇਹ ਵਿਦਰੋਹੀ ਵੀ ਨਹੀ ਸਨ, ਇਹ ਆਮ ਸ਼ਹਿਰੀ ਸਨ, ਜੋ ਕੁਝ ਵੀ ਨਹੀ ਜਾਣਦੇ ਸਨ। ਸਗੋਂ  ਸਾਡੇ ਨਰਮ ਸੁਭਾ ਦੇ ਸ਼ਾਸ਼ਨ ਤੋਂ ਵਾਕਫ ਸਨ, ਉਨ੍ਹਾਂ ਨੇ ਜਾਨ ਬਖਸ਼ੀ ਦੀ ਦਾਦ ਫਰਿਆਦ ਕੀਤੀ ਪਰ ਉਨ੍ਹਾ ਦੇ ਹੱਥ ਨਿਰਾਸ਼ਾ ਹੀ ਆਈ।

ਐਡਵਰਡ ਵੀਬਾਰਡ, ਉਨ੍ਹੀ ਸਾਲਾ ਅਫਸਰ ਇਸ ਬਾਰੇ ਆਪਣਾ ਤਜ਼ਰਬਾ ਰਿਕਾਰਡ ਕਰਵਾਉਂਦਾ ਹੈ;

ਇਹ ਤੱਥਾਂ ਤੇ ਅਧਾਰਿਤ ਕਤਲ ਹੀ ਸਨ...ਮੈਂ ਆਪਣੀਆਂ ਅੱਖਾਂ ਨਾਲ ਬਹੁਤ ਹੀ ਖ਼ੂਨ ਖਰਾਬੇ ਵਾਲੇ ਦ੍ਰਿਸ਼ ਦੇਖੇ ਹਨ ਪਰ ਜਿਹੜਾ ਮੈਂ ਅੱਖੀ ਕਲ ਦੇਖਿਆ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਰੱਬ ਐਸੇ ਫਿਰ ਨਾ ਦਿਖਾਵੇ। ਔਰਤਾਂ ਸਾਰੀਆਂ ਨੂੰ ਛੱਡ ਦਿੱਤਾ ਗਿਆ ਪਰ ਉਹ ਚੀਕਾਂ ਮਾਰ ਰਹੀਆਂ ਸਨ ਜਦੋਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੇ ਪਤੀਆਂ ਤੇ ਪੁੱਤਰਾਂ ਨੂੰ ਕੋਹਿਆ ਜਾ ਰਿਹਾ ਸੀ। ਇਹ ਬਹੁਤ ਹੀ ਭਿਅੰਕਰ ਦ੍ਰਿਸ਼ ਸੀ...ਰੱਬ ਜਾਣਦਾ ਹੈ ਕਿ ਮੈਨੂੰ ਕੋਈ ਤਰਸ ਨਹੀ ਆਇਆ ਪਰ ਜਦੋ ਇੱਕ ਚਿਟੀ ਦਾੜੀ ਵਾਲੇ ਬੁੱਢੇ ਨੂੰ ਲਿਆਂਦਾ ਗਿਆ ਤੇ ਮੇਰੀਆਂ ਅੱਖਾਂ ਸਾਹਮਣੇ ਗੋਲੀ ਮਾਰੀ ਗਈ ਕੋਈ ਪੱਥਰ ਦਿਲ ਕਿਤੇ ਕਿਤੇ ਹੀ ਹੋਵੇਗਾ ਜੋ ਮੇਰੇ ਨਾਲੋਂ ਵਖਰਾ ਸੋਚਦਾ ਹੋਵੇਗਾ।

ਕਈ ਫੌਜੀ ਟਰੁਪਾਂ ਨੇ ਇੱਕ ਪਾਲਸੀ ਬਣਾਈ ਹੋਈ ਸੀ ਕਿ ਕਿਸੇ ਨੂੰ ਵੀ ਬੰਦੀ ਨਾ ਬਣਾਇਆ ਜਾਵੇ। ਇੱਕ ਅਫਸਰ, ਥੌਮਸ ਲੋਅ, ਯਾਦ ਕਰਦਾ ਹੈ ਇੱਕ ਮੌਕੇ ਨੂੰ ਜਦੋਂ ਉਸਦੇ ਟਰੁਪ ਨੇ 76 ਕੈਦੀਆਂ ਨੂੰ ਫੜਿਆ ਹੋਇਆ ਸੀ। ਉਹ ਕਤਲੇਆਮ ਕਰ ਕਰ ਕੇ ਥੱਕੇ ਹੋਏ ਸਨ ਤੇ ਅਰਾਮ ਕਰਨਾ ਚਾਹੁੰਦੇ ਸਨ। ਬਾਦ ਵਿਚ ਇੱਕ ਕਾਹਲੀ ਵਿਚ ਕੀਤੇ ਮੁਕਦਮੇ ਦੇ ਫੈਸਲੇ ਅਨੁਸਾਰ ਸਾਰੇ ਕੈਦੀਆਂ ਨੂੰ ਇੱਕ ਲਾਇੰਨ ਵਿਚ ਖੜੇ ਕਰ ਲਿਆ ਗਿਆ। ਇੱਕ ਬ੍ਰਿਟਿਸ਼ ਫੌਜੀ ਉਨ੍ਹਾਂ ਦੇ ਕੁਝ ਗਜ਼ ਦੇ ਫਾਸਲੇ ਤੇ ਖੜਾ ਹੋ ਗਿਆ। ਜਿਉਂ ਹੀ ਫਾਇਰ ਦਾ ਆਰਡਰ ਸੁਣਿਆ। ਉਸਨੇ ਗੋਲੀਆ ਚਲਾ ਕੇ ਸਾਰਿਆਂ ਨੂੰ ਢੇਰੀ ਕਰ ਦਿੱਤਾ। ਇਸ ਧਰਤੀ ਤੋਂ ਉਨ੍ਹਾਂ ਸਾਰਿਆਂ ਦਾ ਨਾਮੋ ਨਿਸ਼ਾਨ ਮਿਟ ਗਿਆ।

ਬਗਾਵਤ ਦੇ ਖਾਤਮੇ ਤੋਂ ਬਾਦ, ਨਵੇਂ ਕੰਮਾ ਵਲ ਧਿਆਨ ਕੇਂਦਰਿਤ ਕੀਤਾ ਗਿਆ। ਇਸਲਈ ਭਾਰਤੀ ਸਰੋਤ ਤੇ ਭਾਰਤੀ ਜਨਸੰਖਿਆ ਦਾ ਨਿਰੀਖਣ ਕੀਤਾ ਗਿਆ। ਦਾ ਲਾਸਟ ਮੁਗਲ ਕਿਤਾਬ ਦਾ ਲੇਖਕ ਇਤਿਹਾਸਕਾਰ ਵਿਲੀਅਮ ਡਾਲਰੀਮਪਲ ਨੇ ਤੱਥਾਂ ਦਾ ਨਿਰੀਖਣ ਕੀਤਾ ਕਿ ਦਿਲੀ ਦੇ ਮੁਸਲਮਾਨ ਜਨਸੰਖਿਆ ਤੇ ਇਸ ਘਟਨਾ ਕਰਮ ਦਾ ਕੀ ਅਸਰ ਹੈ?ਉਸਨੇ ਵੇਖਿਆ ਕਿ ਕਾਰਜਕਰਨੀ ਤੇ ਆਰਥਿਕ ਕੰਟਰੋਲ ਮੁਸਲਮ ਤੋ ਨਿਕਲਕੇ ਹਿੰਦੂ ਦੇ ਹੱਥ ਚਲਾ ਗਿਆ ਸੀ, ਕਿਉਂਕਿ ਬ੍ਰਿਟਿਸ਼ ਸੋਚਦਾ ਸੀ ਬਗਾਵਤ ਦੇ ਪਿੱਛੇ ਮੁਸਲਮ ਕੌਮ ਦਾ ਹੱਥ ਹੈ।

## ਬ੍ਰਿਟੇਨ ਵਿਚ ਅਸਰ;

ਸਜਾਵਾਂ ਦੇਣ ਦਾ ਤਰੀਕਾ ਤੇ ਉਨ੍ਹਾ ਦਾ ਘਿਨਾਉਣਾ ਪਨ, ਜਿਸਤਰ੍ਹਾਂ ਬ੍ਰਿਟਿਸ਼ ਫੌਜ਼ ਨੇ ਕੀਤਾ, ਇਸਨੂੰ ਠੀਕ ਤੇ ਇਨਸਾਫ ਵਾਲਾ ਜਾਣਕੇ ਸਲਾਹਿਆ ਗਿਆ। ਇਹ ਪਹਿਲੀਆਂ ਰਿਪੋਰਟਾਂ ਦਾ ਅਸਰ ਸੀ, ਜਿਨ੍ਹਾ ਵਿਚ ਇਹ ਕਿਹਾ ਗਿਆ ਸੀ ਕਿ ਬ੍ਰਿਟਿਸ਼ ਤੇ ਯੋਰਪੀਅਨ ਸਿਵਲਿਅਨਜ਼ ਤੇ ਸਥਾਨਿਕ ਕਰਿਸਚਿਅਨਜ਼ ਨੂੰ ਕਿਸਤਰ੍ਹਾਂ ਵਿਦਰੋਹੀਆਂ ਵਲੋਂ ਮਾਰਿਆ ਤੇ ਲੁਟਿਆ ਗਿਆ ਸੀ। 1857 ਦੇ ਸਾਲ ਨੂੰ ਰੈੱਡ ਈਅਰ ਦਾ ਨਾਮ ਦਿੱਤਾ ਗਿਆ ਸੀ। ਲੋਕਾਂ ਦਾ ਗੁੱਸਾ ਉਬਾਲੇ ਖਾਂਦਾ ਸੀ। ਕਰਿਸਟੋਫਰ ਹਰਬਰਟ ਅਨੁਸਾਰ ਇਸ

ਗੱਲ ਨੂੰ ਇਤਨੀ ਵਾਰ ਦੁਹਰਾਇਆ ਗਿਆ ਕਿ ਇਹ ਬ੍ਰਿਟਿਸ਼ ਤਜ਼ਰਬਿਆਂ ਵਿਚ ਇਕ ਟੈਰੀਬਲ ਬਰੇਕ ਸੀ। ਇਹੋ ਜਿਹੇ ਮਾਹੌਲ ਵਿਚ ਰਾਸ਼ਟਰੀ ਗੁੱਸਾ ਤੇ ਨਿਰਾਸ਼ਾ ਨਾਲ ਬ੍ਰਿਟਿਸ਼ ਦੀਆਂ ਸਭ ਵਧੀਕੀਆਂ ਨੂੰ ਵਿਆਪਕ ਮੰਨਜ਼ੂਰੀ ਮਿਲ ਰਹੀ ਸੀ।

ਵਿਦਰੋਹੀਆ ਵਲੋਂ ਯੋਰਪੀਅਨ ਔਰਤਾਂ ਤੇ ਕੁੜੀਆਂ ਦੇ ਬਲਾਤਕਾਰ ਵੀ ਬ੍ਰਿਟਿਸ਼ ਜਨਤਾ ਨੂੰ ਅੱਗ ਲਾਉਂਣ ਵਾਲੇ ਸਨ। ਇਹ ਵਧਾ ਚੜ੍ਹਾ ਕੇ ਵੀ ਮੀਡੀਆ ਵਲੋਂ ਦਸੇ ਜਾ ਰਹੇ ਸਨ ਤਾਂ ਕਿ ਬ੍ਰਿਟਿਸ਼ ਦੀਆਂ ਵਧੀਕੀਆਂ ਤੇ ਪਰਦਾ ਪਾਇਆ ਜਾ ਸਕੇ। ਬ੍ਰਿਟਿਸ਼ ਮਿਡੀਆ ਨੇ ਬਹੁਤ ਸਾਰੇ ਅੱਖੀ ਦੇਖੇ ਹਵਾਲੇ ਨਾਲ ਅੰਗਰੇਜ਼ ਔਰਤਾ ਨਾਲ ਹੋਏ ਬਲਾਤਕਾਰ, ਅਖਬਾਰਾਂ ਵਿਚ ਛਾਇਆ ਕੀਤੇ। ਇਨ੍ਹਾ ਵਿਚੋਂ ਇੱਕ ਘਟਨਾ ਦਾ ਵਰਣਨ 'ਦਾ ਟਾਇਮ' ਅਖਬਾਰ ਨੇ ਛਾਪਿਆ ਜਿਸ ਵਿਚ ਕਿਹਾ ਗਿਆ ਕਿ 48 ਔਰਤਾਂ ਤੇ ਕੁੜੀਆਂ ਜਿਨ੍ਹਾਂ ਵਿਚ 10 ਸਾਲ ਦੀ ਉਮਰ ਵਾਲੀਆਂ ਕੁੜੀਆਂ ਵੀ ਸ਼ਾਮਲ ਸਨ ਦਾ ਦਿਲੀ ਵਿਖੇ ਵਿਦਰੋਹੀਆਂ ਵਲੋਂ ਬਲਾਤਕਾਰ ਕੀਤਾ ਗਿਆ। ਕਾਰਲ ਮਾਰਕਸ ਨੇ ਬਾਦ ਵਿਚ ਇਸਨੂੰ ਪਰਾਪੇਗੰਡਾ ਦਸਦਿਆਂ ਇਸਨੂੰ ਗਲਤ ਦਸਦਿਆਂ ਰੱਦ ਕੀਤਾ ਤੇ ਕਿਹਾ ਕਿ ਇਹ ਜਿਸਨੇ ਲਿਖਿਆ ਹੈ ਉਹ ਬੰਗਲੌਰ ਦਾ ਪਾਦਰੀ ਹੈ, ਜੋ ਇਨ੍ਹਾ ਘਟਨਾਵਾਂ ਤੋਂ ਬਹੁਤ ਦੂਰ ਰਹਿੰਦਾ ਸੀ। ਇਸ ਲਈ ਉਸਨੇ ਕੋਈ ਸਬੂਤ ਵੀ ਮੁਹਈਆ ਨਹੀ ਕੀਤਾ। ਵਿਅਕਤੀਗਤ ਘਟਨਾਵਾਂ ਨੇ ਪਬਲਿਕ ਦਾ ਧਿਆਨ ਖਿਚਿਆ ਤੇ ਪਰੈਸ ਵਲੋਂ ਬੜੇ ਜੋਰ ਸ਼ੋਰ ਨਾਲ ਪੇਸ਼ ਕੀਤਾ ਜਾ ਰਿਹਾ ਸੀ। ਇੱਕ ਹੋਰ ਘਟਨਾ ਜਨਰਲ ਵੀਲਰ ਦੀ ਧੀ ਮਾਰਗਰੇਟ ਦੀ ਹੈ ਜਿਸਨੂੰ ਧਕੇ ਨਾਲ ਕਿਸੇ ਵਿਦਰੋਹੀ ਨੇ ਆਪਣੀ ਰਖੇਲ ਬਣਾ ਲਿਆ ਸੀ। ਮਾਰਗਰੇਟ ਨੇ ਬਲਾਤਕਾਰੀ ਨੂੰ ਮਾਰ ਕੇ ਆਪਣੇ ਆਪ ਨੂੰ ਵੀ ਮਾਰ ਲਿਆ। ਦੂਜਾ ਵਰਸ਼ਨ ਇਸ ਕਹਾਣੀ ਦਾ ਇਹ ਹੈ ਕਿ ਮਾਰਗਰੇਟ ਉਦੋਂ ਮਾਰੀ ਗਈ ਜਦੋਂ ਮਾਰਗਰੇਟ ਕਰਕੇ ਬਲਾਤਕਾਰੀ ਆਪਣੀ ਪਤਨੀ ਨਾਲ ਇਸ ਮਾਮਲੇ ਬਾਰੇ ਬਹਿਸ ਰਿਹਾ ਸੀ।

## ਨਵ-ਉਸਾਰੀ---

ਬਹਾਦਰ ਸ਼ਾਹ ਜ਼ਫ਼ਰ ਤੇ ਮਿਲਟਰੀ ਕਮਿਸ਼ਨ ਦੁਆਰਾ ਦਿਲੀ ਵਿਚ ਦੇਸ਼ ਧਰੋਹ ਦਾ ਮੁਕਦਮਾ ਚਲਾਇਆ ਗਿਆ ਤੇ ਉਸਨੂੰ ਰੰਗੂਨ ਜਲਾਵਤਨ ਕਰ ਦਿੱਤਾ ਗਿਆ ਜਿੱਥੇ 1862 ਵਿਚ ਉਸਦੀ ਮੌਤ ਹੋ ਗਈ। ਇਹ ਮੁਗਲ ਸ਼ਾਹੀ ਘਰਾਣੇ ਦਾ ਅੰਤ ਸੀ। 1877 ਈਸਵੀ ਨੂੰ ਕਵੀਨ ਵਿਕਟੋਰੀਆ ਨੇ ਪ੍ਰਧਾਨ ਮੰਤਰੀ ਬੈਂਨਜਾਮਿਨ ਦਿਸਰਾਇਲੀ ਦੀ ਸਲਾਹ ਨਾਲ ਭਾਰਤ ਦੀ ਰਾਣੀ ਦਾ ਖਿਤਾਬ ਲੈ ਲਿਆ।

ਭਾਰਤ ਵਿਚੋਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦਾ ਰਾਜ ਖਤਮ ਹੋ ਗਿਆ। ਅਗਸਤ 18, 1858 ਨੂੰ 'ਗੌਵਰਨਮੈਂਟ ਔਫ ਇੰਡੀਆ ਐਕਟ 1858'ਹੋਂਦ ਵਿਚ ਆਇਆ। ਜਿਸ ਅਨੁਸਾਰ ਈਸਟ ਇੰਡੀਆ ਕੰਪਨੀ ਨੂੰ ਭੰਗ ਕਰ ਦਿੱਤਾ ਗਿਆ ਤੇ ਇਸਤੇ ਰਾਜ ਕਰਨ ਦੀ ਤਾਕਤ ਬ੍ਰਿਟਿਸ਼ ਕਰਾਉਨ ਨੂੰ ਟਰਾਂਸਫਰ ਕਰ ਦਿੱਤੀ ਗਈ। ਇੱਕ ਨਵੀਂ ਬ੍ਰਿਟਿਸ਼ ਗੌਰਮਿੰਟ ਡਿਪਾਰਟਮੈਂਟ, ਦਾ ਇੰਡੀਆ ਔਫਿਸ ਦੀ ਉਸਾਰੀ ਕੀਤੀ ਗਈ ਤੇ ਇਸਨੂੰ ਗਵਰਨੈਂਸ ਔਫ ਇੰਡੀਆ ਦੇ ਹਵਾਲੇ ਕਰ ਦਿੱਤਾ ਗਿਆ ਤੇ ਇਸਦਾ ਹੈੱਡ

ਸੈਕਟਰੀ ਔਫ ਸਟੇਟ ਫਾਰ ਇੰਡੀਆ ਨਾਲ ਨੱਥੀ ਕਰ ਦਿੱਤਾ ਗਿਆ। ਇਸ ਆਸ਼ੇ ਨਾਲ ਕਿ ਇਹ ਬੌਡੀ ਹੀ ਇੰਡੀਅਨ ਪਾਲਿਸੀ ਬਣਾਏਗੀ।

ਗਵਰਨਰ-ਜਨਰਲ ਔਫ ਇੰਡੀਆ ਨੂੰ ਇੱਕ ਨਵਾਂ ਟਾਇਟਲ, 'ਵਾਇਸਰਾਏ ਔਫ ਇੰਡੀਆ' ਮਿਲ ਗਿਆ। ਈਸਟ ਇੰਡੀਆ ਕੰਪਨੀ ਦੀਆਂ ਕੁਝ ਪੁਰਾਤਨ ਟੈਰੀਟਰੀਜ਼, ਜਿਵੇਂ ਸਟਰੇਟ ਸੈਟਲਮੈਂਟਸ, ਹੁਣ ਕਾਲੋਨੀਆਂ ਬਣ ਗਈਆਂ ਜਿਨ੍ਹਾਂ ਦਾ ਆਪਣਾ ਹੀ ਅਧਿਕਾਰ ਖੇਤਰ ਸੀ। ਅੰਗਰੇਜ਼ ਬਸਤੀਵਾਦ ਕਾਰਜਕਰਨੀ ਨੇ ਸੁਧਾਰ ਦੇ ਕੁਝ ਪਰੋਗਰਾਮ ਉਲੀਕ ਲਏ। ਉਨ੍ਹਾਂ ਵਿਚੋਂ ਹੀ ਇੱਕ ਨੂੰ ਅਮਲੀ ਜਾਮਾ ਪਹਿਨਾਉਂਦਿਆਂ, ਭਾਰਤ ਦੀ ਉਚ ਜਾਤੀ ਤੇ ਕੁਲੀਂਨ ਵਰਗ, ਤੇ ਪੁਰਾਣੇ ਰਹੇ ਰਿਆਸਤੀ ਅਹਿਲਕਾਰਾਂ ਨੂੰ ਸਰਕਾਰ ਦਾ ਅੰਗ ਬਨਾਉਂਣ ਦਾ ਕਾਰਜ ਆਰੰਭਿਆ ਤਾਂ ਕਿ ਪਛਮੀ ਦਿੱਖ ਨੂੰ ਬਦਲਿਆ ਜਾ ਸਕੇ। ਵਾਇਸਰਾਏ ਨੇ ਜ਼ਮੀਨਾਂ ਕੁਰਕੀ ਦਾ ਜਾਲਮਾਨਾ ਕੰਮ ਬੰਦ ਕਰਵਾਇਆ, ਧਾਰਮਿਕ ਭਾਵਨਾਵਾਂ ਨਾਲ ਛੇੜ ਛਾੜ ਕਰਨ ਦੀ ਨੀਤੀ ਬਦਲੀ ਤੇ ਭਾਰਤੀਆਂ ਨੂੰ ਸਿਵਲ ਅਧਿਕਾਰੀਆਂ ਵਿਚ ਸ਼ਾਮਲ ਕਰਨ ਦੀ ਵਿਧ ਅਪਣਾਈ, ਭਾਵੇਂ ਸ਼ੁਰੂ ਵਿਚ ਮਾਤਹਿਤੀ ਹੀ ਦਿੱਤੀ।

ਰਾਜਨੀਤਕ ਤੌਰ ਤੇ ਨਿਰੀਖਣ ਕਰਦਿਆਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਰਾਜਾ ਤੇ ਪਰਜਾ ਦਾ ਜਿਹੜਾ ਨੈਤਿਕ ਰਿਸ਼ਤਾ ਹੁੰਦਾ ਹੈ ਭਾਵੇਂ ਦਿਖਾਵੇ ਦਾ ਹੀ ਹੋਵੇ, ਉਸ ਸਬੰਧ ਦੀ ਅਣਹੋਂਦ ਕਰਕੇ ਹੀ ਬਗਾਵਤ ਨੂੰ ਬਹੁ ਗਿਣਤੀ ਦੀ ਹਮਦਰਦੀ ਮਿਲੀ ਸੀ। ਨਤੀਜੇ ਵਜੋਂ ਭਾਰਤੀਆਂ ਦਾ ਸਥਾਨਿਕ ਪੱਧਰ ਦਾ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਜਾਵੇ, ਪਰ ਇਹ ਬਹੁਤ ਹੀ ਸੀਮਤ ਹੋਵੇ। ਨਵੇਂ ਵਾਈਟ ਕਾਲਰ ਵਾਲੀ ਕੁਲੀਨ ਭਾਰਤੀ ਜਮਾਤ ਦੀ ਹੋਂਦ ਦਿਸਣਯੋਗ ਹੋ ਗਈ। ਇਸਤੋਂ ਬਾਦ ਬੰਬੇ, ਕਲਕਤਾ ਤੇ ਮਦਰਾਸ ਵਿਚ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ ਗਈ ਤੇ ਇੰਡੀਅਨ ਯੂਨੀਵਰਸਿਟੀ ਐਕਟ ਬਣਾਕੇ ਲਾਗੂ ਕੀਤਾ ਗਿਆ। ਇਸਤਰ੍ਹਾਂ ਪੁਰਾਤਨ ਭਾਰਤ ਦੀਆਂ ਰਵਾਇਤੀ ਕਦਰਾਂ ਕੀਮਤਾਂ ਨੂੰ ਸੁਰਜੀਤ ਕਰਕੇ, ਇੱਕ ਨਵੀਂ ਪਰੋਫੈਸ਼ਨਲ ਮਿਡਲ ਕਲਾਸ ਦਾ ਸਮਾਜੀਕਰਣ ਕੀਤਾ ਗਿਆ ਪਰ ਇਹ ਨਵੀਂ ਬਣਤਰ ਆਪਣੇ ਆਪ ਵਿਚ ਸੁਤੰਤਰ ਨਹੀ ਸੀ। ਇਸਦੀ ਡੋਰ ਕਿਤੇ ਨਾ ਕਿਤੇ ਪੁਰਾਣੀ ਸਥਾਪਤੀ ਨਾਲ ਹੀ ਜੁੜੀ ਹੋਈ ਸੀ। ਇਹ ਤੇ ਅੰਗਰੇਜ਼ ਦੀ ਉਹ ਚਾਣਕਿਅ ਨੀਤੀ ਸੀ ਜਿਸ ਅਨੁਸਾਰ ਉਸਨੇ ਜ਼ਹਿਰੀਲਾ ਮੁਹਾਵਰਾ ਬਣਾ ਲਿਆ ਸੀ ਕਿ ਉਸਦੇ ਰਾਜ ਵਿਚ ਸੂਰਜ ਨਹੀ ਡੁਬਦਾ। ਨਵੰਬਰ, 1858 ਨੂੰ ਵਿਕਟੋਰੀਆ ਦਾ ਐਲਾਨ ਨਾਮਾ ਵੀ ਕੁਝ ਕਾਨੂੰਨੀ ਨੁਕਤੇ ਨਿਗਾਹ ਤੋਂ ਅੱਖੋ ਪਰੋਖੇ ਕਰਨ ਵਾਲਾ ਨਹੀ ਸੀ। ਬਸਤੀਵਾਦ ਨੂੰ ਚਲਾਉਣ ਲਈ ਐਸੇ ਕਾਨੂੰਨ ਤਾ ਬਣਾਉਂਣੇ ਹੀ ਪੈਂਦੇ ਹਨ ਭਾਵੇਂ ਕਾਨੂੰਨ ਦੇ ਥੱਲੇ ਅੱਗ ਕਿਸੇ ਦੀ ਵੀ ਹੋਵੇ, ਰਿਝਦਾ ਉਹੀ ਜੋ ਕਰਾਉਨ ਚਾਹੁੰਦਾ। 'ਇੰਡੀਆ ਦੀ ਰਿਆਇਆ, ਸਾਡੀ ਰਿਆਇਆ ਹੈ ਤੇ ਉਨ੍ਹਾਂ ਨਾਲ ਉਹੋ ਸਲੂਕ ਕੀਤਾ ਜਾਵੇ ਜੋ ਸਾਡੀ ਆਪਣੀ ਰਿਆਇਆ ਨਾਲ ਕੀਤਾ ਜਾਂਦਾ ਹੈ। ਨੌਕਰੀਆਂ ਦਾ ਅਧਾਰ ਯੋਗਤਾ, ਸਿਖਿਆ, ਸੁਹਿਰਦਤਾ ਤੇ ਕੜੀ ਮਿਹਨਤ ਨੂੰ ਪਹਿਲ ਦਿੱਤੀ ਜਾਵੇ, ਜੋ ਸਾਡੇ ਨਾਲ ਸੁਹਰਿਦ ਤੇ ਮੇਹਨਤੀ ਹੈ, ਉਸਦੀ ਡਿਉਟੀ ਹੀ ਉੱਤਮ ਹੈ। ਦੇਸ਼ ਵਾਸੀਆਂ ਨਾਲ ਇਕੋ ਜਿਹਾ ਵਿਹਾਰ ਹੋਣਾ ਚਾਹੀਦਾ ਹੈ।

ਕਾਗਜ਼ੀ ਭਾਵਨਾਵਾਂ ਦੇ ਅੰਤਰਗਤ, ਲੌਰਡ ਰਿਪਨ ਜੋ 1880 ਤੋਂ 1885 ਤੱਕ ਇੰਡੀਆ ਦਾ ਵਾਇਸਰਾਏ ਰਿਹਾ, ਉਸਨੇ ਸਥਾਨਿਕ ਲੋਕ ਸਰਕਾਰਾਂ ਨੂੰ ਹੱਲਾ ਸ਼ੇਰੀ ਦਿੱਤੀ ਤੇ ਪੱਖਪਾਤ ਵਾਲੀ ਪ੍ਰੇਕਟਿਸ ਨੂੰ ਬੰਦ ਕਰਨ ਹਿੱਤ ਅਦਾਲਤਾਂ ਦੇ ਕਾਨੂੰਨ 'ਇਲਬਰਟ ਐਕਟ' ਰਾਹੀਂ ਲਾਗੂ ਕੀਤਾ। (ਇਹ ਇਲਬਰਟ ਐਕਟ ਕੀ ਹੈ? ਇਸਦਾ ਖੁਲਾਸਾ ਬਾਦ ਵਿਚ ਕੀਤਾ ਜਾਵੇਗਾ, ਵਖਰੇ ਟੌਪਿਕ ਨਾਲ, ਤਾਂ ਕਿ ਲੜੀ ਭੰਗ ਨਾ ਹੋਵੇ) ਪਰਤੂੰ ਉਹ ਪਾਲਿਸੀ ਜਿਹੜੀ ਇੱਕ ਮੋੜ ਤੱਕ ਉਦਾਰ ਤੇ ਅਗਾਂਹ-ਵਧੂ ਦਿਸਦੀ ਸੀ, ਇਸਦਾ ਵਿਰੋਧ ਸ਼ੁਰੂ ਹੋ ਗਿਆ ਤੇ ਅਗਲੇ ਹੀ ਪਲ ਇਹ ਪਿਛਾਂਹ ਖਿਚੂ ਸੀ, ਕਿਉਂਕਿ ਇਸਨੇ ਇੱਕ ਨਵੀਂ ਕੁਲੀਨ ਜਮਾਤ ਪੈਦਾ ਕਰ ਦਿੱਤੀ ਸੀ ਤੇ ਪੁਰਾਣੇ ਦਕਿਆਨੂਸੀ ਗੱਲਾਂ ਤੇ ਦੁਬਾਰਾ ਮੋਹਰ ਲਾ ਦਿੱਤੀ ਸੀ। ਜੇ ਕੋਈ ਨਵਾਂ ਸੁਧਾਰ ਕਰਨ ਦੀ ਕੋਸ਼ਿਸ਼ ਹੁੰਦੀ ਤਾਂ ਉਸਨੂੰ ਈਸਾਈਮੱਤ ਨਾਲ ਜੋੜ ਦਿੱਤਾ ਜਾਂਦਾ। ਇਲਬੈਰਟ ਐਕਟ ਨੇ ਅੰਗਰੇਜ਼ ਮਾਨਸਿਕਤਾ ਵਿਚ ਨਿਰਾਸ਼ਾ ਤੇ ਵਿਰੋਧ ਭਰ ਦਿੱਤਾ। ਇਸ ਵਿਰੋਧਾਭਾਸ ਦੇ ਮੱਦੇ ਨਜ਼ਰ 1886 ਤੋਂ ਸਿਵਲ ਸਰਵਿਸ ਵਿਚ ਭਾਰਤੀਆਂ ਦੀ ਸ਼ਮੂਲੀਅਤ ਲਗਭਗ ਬੰਦ ਕਰ ਦਿੱਤੀ ਗਈ।

## ਮਿਲਟਰੀ ਦੀ ਨਵ-ਸਥਾਪਨਾ---

1857 ਤੋਂ ਪਹਿਲਾਂ ਭਾਰਤੀ ਫੌਜ ਦੇ ਤਿੰਨ ਵਿੰਗਾਂ ਵਿਚ ਬੰਗਾਲ ਆਰਮੀ ਦਾ ਬੋਲਬਾਲਾ ਸੀ। ਬਗਾਵਤ ਤੋਂ ਬਾਦ ਬੰਗਾਲ ਆਰਮੀ ਦਾ ਪੁਨਰ ਗਠਨ ਕੀਤਾ ਗਿਆ। ਬਰਾਹਮਣ ਜਮਾਤ ਦੀ ਗਿਣਤੀ ਘਟਾ ਦਿੱਤੀ ਗਈ ਇਹ ਸਮਝਕੇ ਕਿ ਬਗਾਵਤ ਦੌਰਾਨ ਉਨ੍ਹਾਂ ਦਾ ਰੋਲ ਬਹੁਤ ਹੀ ਨਾਹ ਪੱਖੀ ਸੀ ਤੇ ਉਹ ਬਹੁਤੇ ਬਗਾਵਤੀਆਂ ਨਾਲ ਰਲ ਗਏ ਸਨ। ਇਸਦੇ ਬਦਲੇ ਇਹ ਭਰਤੀ ਪੰਜਾਬ ਵਿਚੋਂ ਕੀਤੀ ਜਾ ਰਹੀ ਸੀ। ਇਸਦਾ ਨਤੀਜਾ ਬਾਦ ਵਿਚ ਇਹ ਹੋਇਆ ਕਿ ਸਿਪਾਹੀਆਂ ਵਿਚ ਤਾਲਮੇਲ ਘਟ ਗਿਆ। ਪੁਰਾਣੀ ਬੰਗਾਲ ਆਰਮੀ ਦਾ ਸਵਰੂਪ ਬਿਲਕੁਲ ਬਦਲ ਦਿੱਤਾ ਗਿਆ। ਇਨ੍ਹਾਂ ਟਰੁਪਾਂ ਨੂੰ ਨਵੇਂ ਟਰੁਪਾਂ ਵਿਚ ਤਬਦੀਲ ਕਰ ਦਿੱਤਾ ਗਿਆ। ਕਈ ਕਹਿੰਦੀਆਂ ਕਹਾਉਂਦੀਆਂ ਮਾਰਸ਼ਲ ਕੌਮਾਂ ਨੂੰ ਭਰਤੀ ਲਈ ਹੱਲਾਸ਼ੇਰੀ ਦਿੱਤੀ ਗਈ, ਖਾਸ ਕਰਕੇ ਸਿੱਖ ਤੇ ਗੋਰਖਾ ਕੌਮਾਂ ਨੂੰ। ਸਹੀ ਵਾਗਡੋਰ ਅੰਗਰੇਜ਼ ਅਫਸਰਾਂ ਦੇ ਹੱਥ ਹੀ ਸੀ। ਬ੍ਰਿਟਿਸ਼ ਨੇ ਇੰਡੀਆ ਵਿਚ ਅੰਗਰੇਜ਼ ਅਫਸਰ ਤੇ ਫੌਜੀਆਂ ਦੀ ਗਿਣਤੀ ਕਾਫੀ ਵਧਾ ਦਿੱਤੀ। 1861 ਤੋਂ ਤੋਪ ਖਾਨੇ ਨੂੰ ਅੰਗਰੇਜ਼ ਯੁਨਿਟਾਂ ਦੇ ਹਵਾਲੇ ਕਰ ਦਿੱਤਾ ਗਿਆ ਕੁਝ ਪਹਾੜੀ ਟੁਕੜੀਆਂ ਨੂੰ ਛਡਕੇ।

## ਪ੍ਰਭਾਸ਼ਿਤ ਸ਼ਬਦਾਵਲੀ---

1857 ਦੀ ਬਗਾਵਤ ਦੀਆਂ ਘਟਨਾਵਾਂ ਦਾ ਕੋਈ ਸਾਂਝਾ ਨਾਮਕਰਣ ਸਾਹਮਣੇ ਨਹੀ ਆਇਆ।

ਭਾਰਤ ਤੇ ਪਾਕਿਸਤਾਨ ਵਿਚ ਇਸਨੂੰ '1857 ਦੀ ਅਜ਼ਾਦੀ ਦੀ ਪਹਿਲੀ ਲੜਾਈ' ਜਾਂ 'ਭਾਰਤ ਦੀ ਪਹਿਲੀ ਅਜ਼ਾਦੀ ਦੀ ਲੜਾਈ' ਕਿਹਾ ਜਾਂਦਾ ਹੈ। ਪਰ ਰੀਵੋਲਟ ਔਫ 1857 ਵੀ ਕੋਈ ਅਨਜਾਣਾ ਨਾਮ ਨਹੀ ਹੈ। ਭਾਰਤੀ ਰਾਜਨੀਤਕ ਲੋਕ ਇਸਨੂੰ ਇੰਡੀਅਨ ਮਿਉਟਨੀ ਜਾਂ ਭਾਰਤੀ ਬਗਾਵਤ ਵੀ ਕਹਿੰਦੇ ਹਨ। ਇਸਤਰ੍ਹਾਂ ਕਰਕੇ ਅਸਲ

ਵਿਚ ਉਹ ਇਸਦੀ ਹੋਂਦ ਨੂੰ ਛੋਟਾ ਕਰਕੇ ਦੇਖਦੇ ਹਨ ਤੇ ਇਸਤਰ੍ਹਾਂ ਉਨ੍ਹਾਂ ਦਾ ਰਜਵਾੜਾਸ਼ਾਹੀ ਸੁਭਾਅ ਉਜਾਗਰ ਹੋਇਆ ਦਿਸਦਾ ਹੈ। ਬਹੁਤੇ ਇਸ ਨਾਮ ਨਾਲ ਸਹਿਮਤ ਨਹੀ ਹਨ।

ਇੰਗਲੈਂਡ ਤੇ ਹੋਰ ਕੌਮਨ ਵੈਲਥ ਦੇਸ਼ ਇਸਨੂੰ ਆਮ ਤੌਰ ਤੇ ਇੰਡੀਅਨ ਮਿਉਟਨੀ ਹੀ ਕਹਿੰਦੇ ਹਨ। ਪਰ ਕੁਝ ਹੋਰ ਨਾਮ ਵੀ ਲਏ ਜਾਂਦੇ ਹਨ, ਜਿਵੇਂ ਗਰੇਟ ਇੰਡੀਅਨ ਮਿਉਟਿਨੀ, ਸਿਪਾਏ ਮਿਉਟਿਨੀ, ਸਿਪਾਏ ਰੀਬੈਲੀਅਨ, ਸਿਪਾਏ ਵਾਰ, ਗਰੇਟ ਮਿਉਟਿਨੀ, ਰੀਬੈਲੀਅਨ ਔਫ 1857, ਦਾ ਅਪਰਾਈਜ਼ਿੰਗ, ਮੁੰਹਮਦਨ ਰੀਬੈਲਿਅਨ ਤੇ ਰਿਵੋਲਟ ਔਫ 1857 ਵਰਗੇ ਨਾਮ ਵਖੋ ਵਖਰੇ ਰਿਕਾਰਡ ਵਿਚ ਮਿਲਦੇ ਹਨ।

## ਇਤਿਹਾਸਕ ਛਾਪ---

ਐਡਸ ਨੇ 1971 ਵਿਚ ਇਸਦੀ ਇਤਿਹਾਸਕ ਜੀਵਨੀ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਕੇ ਵਿਚਾਰਨ ਦਾ ਉਪਰਾਲਾ ਕੀਤਾ ਹੈ।

ਭਾਰਤੀ ਰਾਸ਼ਟਰੀ ਵਿਚਾਰ ਮਾਰਕਸਿਸਟ ਨਿਰੀਖਣ ਬਗਾਵਤ ਦਾ ਰਵਾਇਤੀ ਪੱਖ ਬਗਾਵਤ ਦੇ ਉਭਾਰ ਦੀ ਤੀਖਣ ਖੋਜ਼ ਪਰੋਫੈਸਰ ਕਿਮ ਵੈਗਨਰ ਨੇ ਇਸ ਵਿਸ਼ੇ ਤੇ ਬਹੁਤ ਪੁਣ ਛਾਣ ਕੀਤੀ ਹੈ ਤੇ ਜ਼ਿਆਦਾ ਜੋਰ ਵਿਲੀਅਮ ਡਾਲਰੀਮਪਲ ਦੀ ਕਿਤਾਬ 'ਦਾ ਲਾਸਟ ਮੁਗਲ' ਨੂੰ ਇਸਦੀ ਅਸਲ ਜੜ੍ਹ ਦੇ ਅੰਤਰਗਤ ਵਾਚਿਆ ਹੈ। ਖਾਸ ਤੌਰ ਤੇ ਧਾਰਮਿਕਤਾ ਦਾ ਪ੍ਰਭਾਵੀਕਰਣ ਇਸਦਾ ਮੁੱਖ ਕਾਰਣ ਬਣ ਕੇ ਸਾਹਮਣੇ ਆਇਆ ਰਾਜਨੀਤਕ ਧਾਰਮਿਕਤਾ ਬਗਾਵਤੀਆਂ ਲਈ ਇੱਕ ਚਾਨਣ ਮੁਨਾਰੇ ਦੀ ਤਰ੍ਹਾਂ ਸੀ।

❈ ਸੰਯੁਕਤ ਭਾਰਤ ਕਿਤੇ ਨਹੀ ਦਿਸਦਾ ਸੀ। ਆਪੋ ਆਪਣੇ ਰਾਜਨੀਤਕ, ਸਮਾਜਿਕ, ਰੀਤੀ ਰਿਵਾਜ਼ ਤੇ ਧਾਰਮਿਕ ਕੌਮਾਂ ਦਾ ਸੰਕਲਪ ਸੀ।

❈ ਬਗਾਵਤੀਆਂ ਨੂੰ ਕੁਚਲਣ ਲਈ ਭਾਰਤੀਆਂ ਦੀਆਂ ਦੂਸਰੀਆਂ ਧਿਰਾਂ ਕੌਮਾਂ ਹੀ ਕਾਫੀ ਪ੍ਰਭਾਵਿਤ ਸਨ ਜਿਵੇਂ ਮਦਰਾਸ ਆਰਮੀ, ਬੰਬੇ ਆਰਮੀ, ਤੇ ਸਿਖ ਰੈਜਮੈਂਟਜ਼। ਈਸਟ ਇੰਡੀਆ ਕੰਪਨੀ ਦੀ ਅੱਸੀ ਪ੍ਰਤੀਸ਼ਤ ਗਿਣਤੀ ਭਾਰਤੀ ਸੈਨਕਾ ਦੀ ਹੀ ਸੀ।

❈ ਬਹੁਤੇ ਸਥਾਨਿਕ ਸ਼ਾਸ਼ਕ ਆਪਸ ਵਿਚ ਹੀ ਲੜਦੇ ਰਹੇ, ਬਜਾਇ ਇਸਦੇ ਕਿ ਉਹ ਅੰਗਰੇਜ਼ ਵਿਰੁਧ ਲੜਦੇ।

❈ ਬਹੁਤੇ ਭਾਰਤੀ ਸਿਪਾਹੀਆਂ ਦੀਆਂ ਰੈਜ਼ਮੈਟਾਂ ਜਦੋਂ ਭੰਗ ਕਰ ਦਿੱਤੀਆ ਗਈਆਂ ਤਾਂ ਉਹ ਲੜਨ ਦੀ ਬਜਾਇ ਘਰਾਂ ਨੂੰ ਚਲੇ ਗਏ।

❈ ਬਹੁਤ ਸਾਰੇ ਬਗਾਵਤੀਆਂ ਨੇ ਮੁਗਲ ਹਕੂਮਤ ਦੀ ਵਾਪਸੀ ਨੂੰ ਤਸਲੀਮ ਨਹੀ ਕੀਤਾ।

❈ ਦਿਲੀ ਦੇ ਮਹਾਰਾਜੇ ਦਾ ਬਗਾਵਤੀਆਂ ਤੇ ਕੋਈ ਨਿਘਰ ਕੰਟਰੋਲ ਨਹੀ ਸੀ।

❈ ਵਿਦਰੋਹ ਜ਼ਿਆਦਾ ਤਰ ਉਤਰੀ ਭਾਰਤ ਤੇ ਸੈਂਟਰਲ ਭਾਰਤ ਵਿਚ ਹੀ ਕੇਂਦਰਿਤ ਰਿਹਾ।

❃ ਬਹੁਤ ਸਾਰੇ ਛੋਟੇ ਵਿਦਰੋਹ ਉਥੇ ਹੋਏ ਜਿੱਥੇ ਬ੍ਰਿਟਿਸ਼ ਦਾ ਕੰਟਰੋਲ ਨਹੀ ਸੀ ਤੇ ਉਹ ਸਥਾਨਿਕ ਹਾਕਮਾ ਦੇ ਖਿਲਾਫ ਹੀ ਸੀ। ਇਹ ਸਥਾਨਿਕ ਰਾਜਨੀਤੀ ਤੋਂ ਹੀ ਪ੍ਰੇਰਿਤ ਸੀ।

❃ ਵਿਦਰੋਹ ਧਰਮ, ਨਸਲ ਤੇ ਸਥਾਨਿਕ ਕਾਰਣਾਂ ਕਰਕੇ ਖਖੜੀ ਖਖੜੀ ਹੋ ਗਿਆ। ਦੂਸਰੇ ਵਿਚਾਰ ਦੀ ਨੌਈਅਤ ਵਖਰੀ ਹੈ। ਉਹ ਉਪਰ ਦਰਜ਼ ਕੀਤੇ ਕਾਰਣਾਂ ਨੂੰ ਤਸਲੀਮ ਕਰਦਿਆਂ ਇਹ ਕਹਿੰਦੇ ਹਨ ਕਿ ਇਨ੍ਹਾਂ ਕਾਰਣਾ ਦੇ ਮੱਦੇ ਨਜ਼ਰ ਇਸਨੂੰ ਭਾਰਤ ਦੀ ਅਜ਼ਾਦੀ ਦੀ ਲੜਾਈ ਕਹਿੰਣਾ ਬੇਹਤਰ ਹੈ। ਇਸਤਰ੍ਹਾਂ ਦੇ ਕਹਿਣੇ ਨੂੰ ਉਹ ਇਸ ਦ੍ਰਿਸ਼ਟੀ ਤੋਂ ਵੇਖਦੇ ਹਨ ਕਿ---

ਭਾਵੇਂ ਬਗਾਵਤੀਆਂ ਦੇ ਵਖ ਵਖ ਕਈ ਕਾਰਣ ਹਨ ਜਿਵੇਂ, ਸਿਪਾਹੀਆਂ ਦਾ ਰੋਸ, ਬ੍ਰਿਟਿਸ਼ ਦਾ ਹੱਥ ਨਫਰਤ ਵਾਲਾ ਮਹਿਸੂਸ ਹੋਣਾ, ਡੌਕਟਰਾਇਨ ਔਫ ਲੈਪਸ ਆਦਿ ਪਰ ਬਹੁਤੇ ਸਿਪਾਹੀ ਜੋ ਹਿੰਮਤੀ ਸਨ, ਉਹ ਦਿਲੀ ਵੱਲ ਚਲ ਪਏ ਤਾਂ ਕਿ ਮੁਗਲ ਸਾਮਰਾਜ ਨੂੰ ਮੁੜ ਸੁਰਜੀਤ ਕੀਤਾ ਜਾਵੇ। ਜਿਹੜਾ ਉਨ੍ਹਾਂ ਵਾਸਤੇ ਇੱਕ ਰਾਸਟਰੀ ਚਿਨ੍ਹ ਵਜੋਂ ਵੇਖਿਆ ਜਾ ਸਕਦਾ ਹੈ, ਇੱਥੋਂ ਤੱਕ ਕਿ ਰਵਾਇਤੀ ਵਿਰੋਧੀ ਜਮਾਤ ਹਿੰਦੂ ਵੀ ਇਸ ਨਾਲ ਸਹਿਮਤ ਸਨ।

ਇਹ ਦੂਰ ਦੁਰਾਡੇ ਤੱਕ ਫੈਲਿਆ ਹੋਇਆ ਇਕ ਵਡਾ ਵਿਦਰੋਹ ਸੀ ਜਿਵੇਂ; ਅਵਧ, ਬੁੰਦੇਲਖੰਡ, ਰੁਹੇਲਖੰਡ ਵਰਗੇ ਇਲਾਕੇ ਗਿਣੇ ਜਾ ਸਕਦੇ ਹਨ। ਇਸਲਈ ਇਹ ਇੱਕ ਮਿਲਟਰੀ ਵਿਦਰੋਹ ਹੀ ਨਹੀ ਸੀ ਤੇ ਇੱਕ ਤੋਂ ਜ਼ਿਆਦਾ ਜਗ੍ਹਾ ਫੈਲਿਆ ਹੋਇਆ ਸੀ।

ਸਿਪਾਹੀਆਂ ਦੀ ਬੋਲੀ ਕਿਸੇ ਛੋਟੇ ਰਾਜ ਨੂੰ ਹੀ ਅਜ਼ਾਦ ਕਰਵਾਉਂਣ ਵਾਲੀ ਨਹੀ ਸੀ ਲੇਕਿਨ ਉਨ੍ਹਾਂ ਦੀ ਮਨਸ਼ਾ ਪੂਰੇ ਦੇਸ਼ ਨੂੰ ਅਜ਼ਾਦ ਕਰਵਾਉਂਣ ਦੀ ਸੀ। ਅਖਰੀਲਾ ਨਿਸ਼ਾਨਾ ਦਿਲੀ ਮਿਥਿਆ ਗਿਆ। ਇਹ ਕਿਹਾ ਜਾਂਦਾ ਸੀ 'ਖਲਕ ਖੁਦਾ ਕੀ, ਮੁਲਕ ਬਾਦਸ਼ਾਹ ਕਾ, ਹੁਕਮ ਸੂਬੇਦਾਰ ਸਿਪਾਹੀ ਬਹਾਦਰ ਕਾ। ਵਿਦੇਸ਼ੀ ਨੂੰ ਬਾਹਰ ਕਢਣ ਦਾ ਉਦੇਸ਼ ਸਥਾਨਿਕ ਨਾ ਰਹਿਕੇ ਰਾਸ਼ਟਰੀ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਸੀ।

## 150ਵੀਂ ਬਰਸੀ ਦੇ ਮੌਕੇ ਤੇ---

ਭਾਰਤ ਸਰਕਾਰ ਨੇ 2007 ਨੂੰ 'ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ' ਦੀ ਬਰਸੀ ਮਨਾਈ। ਭਾਰਤੀ ਲੇਖਕਾਂ ਦੀਆਂ ਲਿਖੀਆਂ ਹੋਈਆਂ ਕਈ ਕਿਤਾਬਾਂ ਇਸ ਮੌਕੇ ਰਲੀਜ਼ ਕੀਤੀਆਂ ਗਈਆਂ।

2007 ਨੂੰ ਰਿਟਾਇਰਡ ਸਿਨੀਅਰ ਬ੍ਰਿਟਿਸ਼ ਦਾ ਇੱਕ ਗਰੁਪ ਜਿਸ ਵਿਚ ਫੌਜੀ ਤੇ ਸਿਵਲੀਅਨ ਦੋਵੇਂ ਸਨ, ਕੁਝ ਐਸੇ ਵੀ ਸਨ ਜੋ ਇਸ ਯੁੱਧ ਵਿਚ ਮਾਰੇ ਗਏ ਸਨ, ਉਨ੍ਹਾ ਦੀ ਪੀੜ੍ਹੀ ਦੇ ਵਾਰਿਸ, ਇੰਡੀਆ ਆਏ। ਉਨ੍ਹਾਂ ਨੇ ਲਖਨਊ ਦੀ ਉਹ ਜਗ੍ਹਾ ਜਿੱਥੇ ਘੇਰਾਬੰਦੀ ਕੀਤੀ ਗਈ ਸੀ, ਨੂੰ ਵੇਖਣ ਦਾ ਉਪਰਾਲਾ ਕੀਤਾ। ਉਨ੍ਹਾਂ ਦੀ ਇਸ ਕੋਸ਼ਿਸ਼ ਬਾਰੇ ਸਥਾਨਿਕ ਲੋਕਾਂ ਨੂੰ ਪਤਾ ਲਗ ਗਿਆ। ਉਨ੍ਹਾਂ ਨੇ ਇਸਦਾ ਵਿਰੋਧ ਕੀਤਾ। ਇਹ

ਵਿਰੋਧ ਭਾਰਤੀ ਜਨਤਾ ਪਾਰਟੀ ਦੇ ਝੰਡੇ ਥੱਲੇ ਹੋ ਰਿਹਾ ਸੀ। ਅੰਗਰੇਜ਼ ਗਰੁਪ ਨੂੰ ਰੋਕ ਦਿੱਤਾ ਗਿਆ। ਇਸ ਰੋਕ ਦੇ ਬਾਵਜੂਦ, ਸਰ ਮਾਰਕ ਹੈਵਲੌਕ ਨੇ ਵਿਰੋਧ ਕਰਨ ਵਾਲੇ ਤੇ ਪੁਲੀਸ ਵਾਲਿਆਂ ਦੇ ਵਿਚੋਂ ਦੀ ਧਕੇ ਨਾਲ ਰਾਹ ਬਣਾ ਕੇ ਆਪਣੇ ਪੂਰਵਜ਼, ਜਨਰਲ ਹੈਨਰੀ ਹੈਵਲੌਕ ਦੀ ਕਬਰ ਤੱਕ ਪਹੁੰਚ ਕੀਤੀ ਤੇ ਨਤ-ਮਸਤਕ ਹੋਇਆ। ਇਹ ਹੈ ਉਹ ਜਜ਼ਬਾਤ ਜੋ ਹਰ ਵਿਅਕਤੀ, ਭਾਵੇਂ ਉਹ ਕਿਸੇ ਵੀ ਦੇਸ਼ ਦਾ ਹੋਵੇ, ਕਿਸੇ ਵੀ ਕੌਮ ਦਾ ਹੋਵੇ ਬਰਾਬਰ ਹੁੰਦਾ ਹੈ। ਹਰ ਵਿਅਕਤੀ ਦੀ ਭਾਵਨਾਤਮਕ ਸਾਂਝ ਹੁੰਦੀ ਹੈ, ਲੋੜ ਸਿਰਫ ਪਛਾਨਣ ਤੇ ਸਾਂਝ ਪੈਦਾ ਕਰਨ ਦੀ ਹੈ। ਇਹ ਹੋ ਸਕਦਾ ਹੈ, ਇਹ ਕਿਸੇ ਵੀ ਧਰਮ, ਜਾਤ, ਰਾਜਨੀਤਕ ਵਖਰੇਂਵੇ ਤੋਂ ਉਪਰ ਦੀ ਗੱਲ ਹੈ। ਇਸਨੂੰ ਸਮਝਣ ਸਮਝਾਣ ਲਈ ਹੀ ਸਾਡੇ ਕੋਲ ਸਮਝ ਹੈ। ਆਉ ਇਸ ਗਦਰ ਸ਼ਤਾਬਦੀ ਤੇ ਅਸੀਂ ਕੁਝ ਐਸਾ ਹੀ ਸੁਨੇਹੇ ਦਾ ਪੁਨਰ ਜਨਮ ਕਰ ਸਕੀਏ।

## ਚੰਦਰ ਸ਼ੇਖਰ ਅਜ਼ਾਦ

ਚੰਦਰ ਸ਼ੇਖਰ ਅਜ਼ਾਦ ਦਾ ਜਨਮ ਜੁਲਾਈ 23, 1906 ਦਾ ਹੈ। ਆਮ ਤੌਰ ਤੇ ਅਜ਼ਾਦ ਹੀ ਕਿਹਾ ਜਾਂਦਾ ਸੀ। ਭਾਰਤ ਦੇ ਸਭਤੋਂ ਮਸ਼ਹੂਰ ਕਰਾਂਤੀਕਾਰੀਆਂ ਵਿਚ ਉਨ੍ਹਾਂ ਦਾ ਸ਼ੁਮਾਰ ਹੁੰਦਾ ਹੈ। ਉਨ੍ਹਾਂ ਨੇ ਹਿੰਦੋਸਤਾਨ ਰੀਪਬਲਕਿਨ ਐਸੋਸ਼ੀਏਸ਼ਨ (ਜਿਸਦੇ ਮੁੱਢਲੇ ਮੈਂਬਰ ਸਨ, ਪੰਡਿਤ ਰਾਮ ਪ੍ਰਸ਼ਾਦ ਬਿਸਮਿਲ, ਠਾਕੁਰ ਰੌਸ਼ਨ ਸਿੰਘ, ਰਜਿੰਦਰ ਨਾਥ ਲਹਿਰੀ ਤੇ ਅਸ਼ਫਾਕ-ਉਲਾ-ਖਾਨ) ਦਾ ਨਵੇਂ ਨਾਮ ਥੱਲੇ ਪੁਨਰ ਸੰਗਠਨ ਕੀਤਾ ਤੇ ਉਸਦਾ ਨਾਮ ਹਿੰਦੋਸਤਾਨ ਸੋਸ਼ਲਿਸ਼ਟ ਰਿਪਬਲਕਿਨ ਐਸੋਸ਼ੀਏਸ਼ਨ ਰਖਿਆ। ਚੰਦਰ ਸ਼ੇਖਰ ਅਜ਼ਾਦ ਨੂੰ ਭਗਤ ਸਿੰਘ ਦਾ ਰਾਹ ਦਸੇਰਾ ਸਮਝਿਆ ਜਾਂਦਾ ਹੈ।

ਇਨ੍ਹਾਂ ਦਾ ਜਨਮ ਭੂਮੀਹਾਰ ਬਰਾਹਮਣ ਸ਼੍ਰੇਣੀ ਦੇ ਜੁਜੋਤੀਆ ਬਰਾਹਮਣ ਕਬੀਲੇ ਵਿਚ ਹੋਇਆ। ਵਿਲੀਅਮ ਕਰੁਕ ਅਨੁਸਾਰ ਇਹ ਕਾਨਾਆਉਜੀਆ ਬਰਾਹਮਣ ਜਾਤੀ ਦੀ ਸ਼ਾਖਾ ਸੀ। ਅਜ਼ਾਦ ਨੇ ਆਪਣਾ ਬਚਪਨ ਭਾਭਰਾ ਪਿੰਡ ਵਿਚ ਬਤੀਤ ਕੀਤਾ ਜਿੱਥੇ ਇਨ੍ਹਾ ਦੇ ਪਿਤਾ ਜੀ ਅਲੀਰਾਜਪੁਰ ਜਗੀਰ ਵਿਚ ਨੌਕਰੀ ਕਰਦੇ ਸਨ।

ਮਾਤਾ ਸ੍ਰੀ ਜਗਰਾਨੀ ਦੇਵੀ ਆਪਣੇ ਪੁੱਤਰ ਨੂੰ ਸੰਸਕ੍ਰਿਤ ਦਾ ਵਿਦਵਾਨ ਬਨਾਉਣਾ ਚਾਹੁੰਦੇ ਸਨ, ਇਸਲਈ ਉਨ੍ਹਾਂ ਨੇ ਚੰਦਰ ਸ਼ੇਖਰ ਦੇ ਪਿਤਾ ਨੂੰ ਜੋਰ ਦੇਕੇ ਕਿਹਾ ਕਿ ਉਸਨੂੰ ਕਾਸ਼ੀ ਵਿਦਿਆਪੀਠ ਭੇਜਿਆ ਜਾਵੇ। ਬਨਾਰਸ ਦਾ ਇਲਾਕਾ ਸੰਸਕ੍ਰਿਤ ਦੀ ਸਿਖਿਆ ਦਾ ਗੜ੍ਹ ਸੀ। ਦਸੰਬਰ 1921 ਨੂੰ ਜਦੋਂ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਦਾ ਅੰਦੋਲਨ ਛੇੜਿਆ, ਚੰਦਰ ਸ਼ੇਖਰ ਪੰਦਰਾਂ ਸਾਲ ਦਾ ਵਿਦਿਆਰਥੀ ਸੀ ਤੇ ਇਸਨੇ ਅੰਦੋਲਨ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਅਜ਼ਾਦ ਨੂੰ ਗਰਿਫਤਾਰ ਕਰ ਲਿਆ ਗਿਆ ਤੇ ਮਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਜਦੋਂ ਮਜਿਸਟਰੇਟ ਨੇ ਨਾਮ ਪੁੱਛਿਆ ਤਾਂ ਚੰਦਰ ਸ਼ੇਖਰ ਨੇ ਇੱਕ ਦਮ ਜੁਆਬ ਦਿੱਤਾ 'ਅਜ਼ਾਦ'। ਜਦੋ ਮਜਿਸਟਰੇਟ ਨੇ ਪਿਤਾ ਦਾ ਨਾਮ ਪੁੱਛਿਆ ਤਾਂ ਜੁਆਬ ਦਿੱਤਾ 'ਸਵਤੰਤਰ' ਤੀਸਰਾ ਸੁਆਲ ਪੁੱਛਿਆ ਕਿ ਤੂੰ ਰਹਿੰਦਾ ਕਿੱਥੇ ਹੈਂ ਤਾਂ ਜੁਆਬ ਦਿੱਤਾ 'ਜੇਲ੍ਹਖਾਨਾ'। ਮਜਿਸਟਰੇਟ ਨੇ ਪੰਦਰਾਂ ਦਿਨ ਲਈ

ਸਖਤ ਮੁਸ਼ਕਤ ਲਈ ਜੇਲ੍ਹ ਭੇਜ਼ ਦਿੱਤਾ। ਸਜ਼ਾ ਸੁਨਣ ਤੋਂ ਪਿੱਛੋਂ ਚੰਦਰ ਸ਼ੇਖਰ ਨੇ ਕਿਹਾ, 'ਸ਼੍ਰੀ ਮਾਨ ਜੀ ਮੈਂ ਇਹ ਜੁਆਬ ਇਸਲਈ ਦਿੱਤੇ ਸਨ, ਮੈਨੂੰ ਵਿਸ਼ਵਾਸ਼ ਸੀ ਕਿ ਤੁਸੀਂ ਮੈਨੂੰ ਜੇਲ੍ਹ ਭੇਜਣਾ ਹੀ ਭੇਜਣਾ ਹੈ। " ਇਹ ਜੁਆਬ ਸੁਣ ਕੇ ਜਿਉਰੀ ਵੀ ਹੱਸ ਪਈ। ਇਹ ਉਤਰ ਸੁਣਕੇ ਮਜਿਸਟਰੇਟ ਗੁਸੇ ਵਿਚ ਆ ਗਿਆ ਤੇ ਉਸਨੇ ਪੁਲੀਸ ਵਾਲੇ ਨੂੰ ਕਿਹਾ ਕਿ ਇਸਨੂੰ ਪੰਦਰਾਂ ਕੋੜੇ ਮਾਰ ਜਾਣ। ਹਰ ਕੋੜਾ ਵਜਣ ਤੋਂ ਬਾਦ ਚੰਦਰ ਸ਼ੇਖਰ ਉਚੀ ਅਵਾਜ਼ ਵਿਚ ਕਹਿੰਦਾ, 'ਭਾਰਤ ਮਾਤਾ ਕੀ ਜੈ'। ਉਸ ਦਿਨ ਤੋਂ ਚੰਦਰ ਸ਼ੇਖਰ ਦੇ ਨਾਮ ਨਾਲ ਅਜ਼ਾਦ ਜੁੜ ਗਿਆ ਤੇ ਨਾਮ ਬਣ ਗਿਆ ਚੰਦਰ ਸ਼ੇਖਰ ਅਜ਼ਾਦ।

## ਕਰਾਂਤੀਕਾਰੀ ਜੀਵਨ

ਮਹਾਤਮਾ ਗਾਂਧੀ ਨੇ 1922 ਵਿਚ ਨਾ-ਮਿਲਵਰਤਨ ਅੰਦੋਲਨ ਵਾਪਸ ਲੈ ਲਿਆ। ਇਸਤੋਂ ਬਾਦ ਅਜ਼ਾਦ ਹੋਰ ਵੀ ਤਿੱਖੇਪਨ ਨਾਲ ਆਪਣੇ ਸਿਰੜ ਵਿਚ ਜੁੱਟ ਗਿਆ। ਉਸਨੇ ਆਪਣੇ ਆਪ ਨਾਲ ਫੈਸਲਾ ਕੀਤਾ ਕਿ ਹਰ ਹਾਲਤ ਵਿਚ ਸੰਪੂਰਨ ਅਜ਼ਾਦੀ ਪ੍ਰਾਪਤ ਕਰਨੀ ਹੈ ਭਾਵੇਂ ਕੋਈ ਵੀ ਰਸਤਾ ਅਖਤਿਆਰ ਕਰਨਾ ਪਵੇ। ਅਜ਼ਾਦ ਦਾ ਵਿਸ਼ਵਾਸ਼ ਸੀ ਕਿ ਭਾਰਤ ਦਾ ਭਵਿਖ ਸੋਸ਼ਲਿਜ਼ਮ ਨਾਲ ਹੀ ਸੁਧਰ ਸਕਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਉਸਦੀ ਮੁਲਾਕਾਤ ਨੌਜਵਾਨ ਕਰਾਂਤੀਕਾਰੀ ਪ੍ਰਾਣਵੇਸ਼ ਚੈਟਰਜੀ ਨਾਲ ਹੋਈ ਜਿਸਨੇ ਅਜ਼ਾਦ ਦੀ ਮੁਲਾਕਾਤ ਰਾਮ ਪ੍ਰਸ਼ਾਦ ਬਿਸਮਿਲ ਨਾਲ ਕਰਵਾ ਦਿੱਤੀ ਜਿਸਨੇ ਇੱਕ ਸੰਸਥਾ ਬਣਾਈ ਸੀ 'ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ। ਇਹ ਇੱਕ ਕਰਾਂਤੀਕਾਰੀ ਸੰਸਥਾ ਸੀ। ਅਜ਼ਾਦ ਇਸ ਸੰਸਥਾ ਦੇ ਟੀਚਿਆਂ ਨਾਲ ਪ੍ਰਭਾਵਿਤ ਹੋਇਆ।

ਇਹ ਟੀਚੇ ਸਨ;-ਅਜ਼ਾਦ ਭਾਰਤ ਜਿੱਥੇ ਹਰ ਇੱਕ ਦੇ ਅਧਿਕਾਰ ਬਰਾਬਰ ਹੋਣ ਤੇ ਹਰ ਇੱਕ ਨੂੰ ਬਰਾਬਰ ਦੇ ਮੌਕੇ ਨਸੀਬ ਹੋਣ, ਬਿਨ੍ਹਾਂ ਕਿਸੇ ਭੇਦ-ਭਾਵ ਦੇ। ਜਾਤ-ਪਾਤ, ਧਰਮ ਤੇ ਸਮਾਜਿਕ ਰੁਤਬਾ ਇਨ੍ਹਾਂ ਅਧਿਕਾਰਾਂ ਦੇ ਰਾਹ ਵਿਚ ਰੋੜਾ ਨਾ ਬਣੇ। ਪਹਿਲੀ ਮੁਲਾਕਾਤ ਵਿਚ ਹੀ ਰਾਮ ਪ੍ਰਸ਼ਾਦ ਬਿਸਮਿਲ, ਅਜ਼ਾਦ ਤੋਂ ਪ੍ਰਭਾਵਿਤ ਹੋਇਆ। ਕਿਹਾ ਜਾਂਦਾ ਹੈ ਕਿ ਜਲਦੀ ਅੱਗ ਤੇ ਹੱਥ ਰਖਕੇ ਸੌਂ ਖਾਣੀ ਪੈਂਦੀ ਸੀ ਤੇ ਅਜ਼ਾਦ ਨੇ ਉਤਨਾ ਚਿਰ ਹੱਥ ਨਹੀ ਹਿਲਾਇਆ ਜਿਤਨਾ ਚਿਰ ਖਲੜੀ ਜਲਣ ਨਹੀ ਲੱਗ ਪਈ। ਇਸਤੋਂ ਬਾਦ ਉਹ ਸੰਸਥਾ ਦਾ ਸਰਗਰਮ ਮੈਂਬਰ ਬਣ ਗਿਆ ਤੇ ਸੰਸਥਾ ਲਈ ਫੰਡ ਇੱਕਠੇ ਕਰਨ ਲੱਗਾ। ਫੰਡਾਂ ਲਈ ਸਰਕਾਰੀ ਜਾਇਦਾਦਾਂ ਤੇ ਡਾਕੇ ਮਾਰੇ ਜਾਂਦੇ ਸਨ। ਅਜ਼ਾਦ ਭਾਰਤ ਦਾ ਨਵ-ਨਿਰਮਾਣ ਕਰਨ ਦੇ ਰਾਹ ਤੁਰ ਪਿਆ ਜਿਸਦਾ ਅਧਾਰ ਸੋਸ਼ਲਿਸਟ ਕਦਰਾਂ ਕੀਮਤਾਂ ਤੇ ਹੋਵੇ। ਅਜ਼ਾਦ ਤੇ ਉਸਦੇ ਸਾਥੀਆਂ ਨੇ ਬ੍ਰਿਟਿਸ਼ ਸਰਕਾਰ ਖਿਲਾਫ ਕਈ ਹਿੰਸਾਤਮਕ ਕਾਰਵਾਈਆਂ ਕੀਤੀਆਂ। ਬਹੁਤ ਹਿੰਸਾ ਵਾਲੀਆਂ ਕਾਰਵਾਈਆਂ ਸ਼ਾਹਜਹਾਂਪੁਰ ਤੋਂ ਕੀਤੀਆਂ ਜਾਂਦੀਆਂ ਸਨ ਜੋ ਰਾਮ ਪ੍ਰਸ਼ਾਦ ਦਾ ਜਿਲ੍ਹਾ ਸੀ। ਚੰਦਰ ਸ਼ੇਖਰ 1925 ਦੇ ਕਾਕੋਰੀ ਟਰੇਨ ਡਕੈਤੀ ਵਿਚ ਸ਼ਾਮਲ ਸੀ, 1926 ਨੂੰ ਵਾਇਸਰਾਏ ਦੀ ਟਰੇਨ ਨੂੰ ਉਡਾਉਣ ਦੀ ਕੋਸ਼ਿਸ਼ ਵਿਚ ਸ਼ਾਮਲ ਸੀ। 1928 ਨੂੰ ਲਾਲਾ ਲਾਜਪੱਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ ਵਿਚ ਸਾਂਡਰਸ ਤੇ ਗੋਲੀਆਂ ਚਲਾਉਣ ਵਿਚ ਸ਼ਾਮਲ ਸੀ। ਹੈੱਡ ਕਾਂਨਸਟੇਬਲ ਚੰਨਣ ਸਿੰਘ ਨੇ ਸਾਂਡਰਸ ਦੇ ਕਤਲ ਪਿੱਛੋਂ ਜਦ ਇਨ੍ਹਾਂ ਦਾ ਪਿੱਛਾ ਕੀਤਾ ਤਾਂ

ਚੰਦਰ ਸ਼ੇਖਰ ਅਜ਼ਾਦ ਨੇ ਚੰਨਣ ਸਿੰਘ ਨੂੰ ਦੋ ਵਾਰੀ ਚੇਤਾਵਨੀ ਦਿੱਤੀ ਕਿ ਉਹ ਉਸਨੂੰ ਮਾਰਨਾ ਨਹੀ ਚਾਹੁੰਦਾ। ਇਸਲਈ ਉਹ ਮੁੜ ਜਾਵੇ। ਅਖੀਰ ਮਜ਼ਬੂਰ ਹੋਕੇ ਚੰਨਣ ਸਿੰਘ ਨੂੰ ਗੋਲੀ ਮਾਰਨੀ ਪਈ। ਜਿਸਦਾ ਅਜ਼ਾਦ ਨੂੰ ਅਫਸੋਸ ਵੀ ਸੀ।

ਹਿੰਸਾਤਮਕ ਕਾਰਵਾਈਆਂ ਨੂੰ, ਅਜ਼ਾਦ ਸੰਘਰਸ਼ ਵਿਚ ਜਾਇਜ਼ ਠਹਿਰਾਉਂਦਾ ਸੀ, ਖਾਸ ਕਰਕੇ ਜਦੋਂ 1919 ਵਿਚ ਜਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਹੋਇਆ। ਇਸ ਸਾਕੇ ਵਿਚ ਬ੍ਰਿਟਿਸ਼ ਨੇ ਕਈ ਸੈਂਕੜੇ ਸ਼ਹਿਰੀਆਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਤੇ ਹਜ਼ਾਰਾਂ ਜ਼ਖਮੀ ਹੋਏ। ਇਸ ਸਾਕੇ ਨੇ ਚੰਦਰ ਸ਼ੇਖਰ ਅਜ਼ਾਦ ਤੇ ਉਸਦੇ ਕਰਾਂਤੀਕਾਰੀ ਸਾਥੀਆਂ ਨੂੰ ਝੰਜੋੜ ਕੇ ਰਖ ਦਿੱਤਾ।

## ਝਾਂਸੀ ਦੀਆਂ ਕਾਰਵਾਈਆਂ

ਚੰਦਰ ਸ਼ੇਖਰ ਅਜ਼ਾਦ ਨੇ ਝਾਂਸੀ ਨੂੰ ਕਾਫੀ ਸਮੇਂ ਤੱਕ ਆਪਣੀਆਂ ਸੰਸਥਾਪਕ ਕਾਰਵਾਈਆਂ ਲਈ ਕੇਂਦਰ ਬਣਾਇਆ। ਇਸ ਕੰਮ ਲਈ ਝਾਂਸੀ ਤੋਂ ਪੰਦਰਾਂ ਕਿਲੋਮੀਟਰ ਦੂਰ ਉਰਛਾ ਦੇ ਜੰਗਲਾਂ ਵਿਚਲੀ ਖਾਸ ਜਗ੍ਹਾ ਨੂੰ ਚੁਣਿਆ। ਇਹ ਖਾਸ ਜਗ੍ਹਾ ਗੋਲੀ ਚਲਾਉਣ ਦੀ ਪ੍ਰੈਕਟਿਸ ਲਈ ਢੁਕਵੀਂ ਸੀ। ਅਜ਼ਾਦ ਇੱਕ ਨਿਪੁੰਨ ਨਿਸ਼ਾਨੇਬਾਜ਼ ਸੀ ਤੇ ਉਹ ਸਾਥੀਆਂ ਨੂੰ ਵੀ ਟ੍ਰੇਨਿੰਗ ਦਿੰਦਾ ਸੀ। ਸਤਾਰ ਦਰਿਆ ਦੇ ਕੰਢੇ, ਹਨੂੰਮਾਨ ਮੰਦਰ ਦੇ ਨਾਲ ਉਸਨੇ ਇੱਕ ਝੌਂਪੜੀ ਬਣਾਈ ਹੋਈ ਸੀ। ਉਹ ਉਥੇ ਨਾਮ ਬਦਲਕੇ, ਪੰਡਿਤ ਹਰੀ ਸ਼ੰਕਰ ਬ੍ਰਹਮਚਾਰੀ ਦੇ ਨਾਮ ਨਾਲ ਰਹਿੰਦਾ ਸੀ। ਉਹ ਇੱਥੇ ਕਾਫੀ ਸਮਾਂ ਰਿਹਾ ਤੇ ਨਾਲਦੇ ਪਿੰਡਾਂ ਦੇ ਬੱਚਿਆਂ ਨੂੰ ਪੜਾਉਂਦਾ ਸੀ। ਇਨ੍ਹਾਂ ਪਿੰਡਾਂ ਵਿਚੋਂ ਧੀਮਰਪੁਰਾ ਖਾਸ ਨਾਲ ਲਗਵਾਂ ਸੀ। ਇਸ ਤਰੀਕੇ ਨਾਲ ਉਸਨੇ ਸਥਾਨਿਕ ਲੋਕਾਂ ਨਾਲ ਚੰਗੇ ਸਬੰਧ ਬਣਾਏ ਹੋਏ ਸਨ। ਬਾਦ ਵਿਚ ਮੱਧ ਪ੍ਰਦੇਸ਼ ਦੀ ਸਰਕਾਰ ਨੇ ਇਸ ਪਿੰਡ ਦਾ ਨਾਮ ਧੀਮਰਪੁਰਾ ਤੋਂ ਅਜ਼ਾਦਪੁਰਾ ਕਰ ਦਿੱਤਾ ਸੀ।

ਝਾਂਸੀ ਰਹਿੰਦਿਆਂ, ਉਸਨੇ ਛਾਉਣੀ ਦੇ ਸਦਰ ਬਜ਼ਾਰ ਵਿਚ ਸਥਿਤ ਬੁੰਦੇਲਖੰਡ ਮੋਟਰ ਗੈਰਾਜ਼ ਤੋਂ ਕਾਰ ਚਲਾਉਣੀ ਵੀ ਸਿਖੀ। ਇੱਥੇ ਹੀ ਸਦਾਸ਼ਿਵ ਰਾਉ ਮਲਕਾ ਪੁਰਕਰ, ਵਿਸ਼ਵਨਾਥ ਵੈਸ਼ਮਪਾਇਨ ਤੇ ਭਗਵਾਨ ਦਾਸ ਮਾਥੁਰ ਉਸਦੇ ਨੇੜੇ ਦੇ ਸੰਪਰਕ ਵਿਚ ਆ ਗਏ ਤੇ ਕਰਾਂਤੀਕਾਰੀ ਗਰੁਪ ਦੇ ਪੱਕੇ ਮੈਂਬਰ ਬਣ ਗਏ। ਝਾਂਸੀ ਦੇ ਕਾਂਗਰਸੀ ਲੀਡਰ ਪੰਡਿਤ ਰਘੂਨਾਥ ਵਿਨਾਇਕ ਤੇ ਪੰਡਿਤ ਸੀਤਾਰਾਮ ਭਾਸਕਰ ਭਗਵਤ ਵੀ ਅਜ਼ਾਦ ਦੇ ਨਿੱਜੀ ਸੰਪਰਕ ਵਿਚ ਸਨ। ਕੁਝ ਸਮੇਂ ਲਈ ਅਜ਼ਾਦ ਪੰਡਿਤ ਸੀਤਾਰਾਮ ਭਾਸਕਰ ਭਗਵਤ ਦੇ ਘਰ, ਨਾਗਰਾ ਵਿਖੇ ਰਿਹਾ ਤੇ ਕੁਝ ਸਮਾਂ ਮਾਸਟਰ ਰੁਦਰਾ ਨਰਾਇਣ ਸਿੰਘ ਜੋ ਨਵੀਂ ਬਸਤੀ ਵਿਚ ਰਹਿੰਦਾ ਸੀ, ਉਸਦੇ ਘਰ ਵੀ ਰਹੇ।

## ਭਗਤ ਸਿੰਘ ਦਾ ਸਾਥ

ਹਿੰਦੋਸਤਾਨ ਰਿਪਬਲਕਿਨ ਐਸੋਸ਼ੀਏਸ਼ਨ ਜਿਸਦੇ ਬਾਨੀ ਰਾਮ ਪ੍ਰਸ਼ਾਦ ਬਿਸਮਿਲ, ਯੁਗੇਸ਼ ਚੈਟਰਜੀ, ਸਚਿੰਦਰਾ ਨਾਥ ਸਨਿਆਲ ਤੇ ਸਚਿਨਦਰਾ ਨਾਥ ਬਖਸ਼ੀ ਸਨ। ਇਸ ਸੰਸਥਾ ਦੀ ਹੋਂਦ ਨਾ-ਮਿਲਵਰਤਨ ਅੰਦੋਲਨ ਦੇ ਖਤਮ ਹੋਣ ਤੋਂ ਦੋ ਸਾਲ ਬਾਦ ਹੋਂਦ ਵਿਚ ਆਈ। ਕਾਕੋਰੀ ਟਰੇਨ ਰੌਬਰੀ ਤੋਂ ਬਾਦ ਬ੍ਰਿਟਿਸ਼ ਸਰਕਾਰ ਨੇ ਕਰਾਂਤੀਕਾਰੀਆਂ ਖਿਲਾਫ ਤਕੜਾ ਸਿਕੰਜਾ ਕਸ ਦਿੱਤਾ। ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ-ਉਲਾ ਖਾਨ, ਠਾਕੁਰ ਰੌਸ਼ਨ ਸਿੰਘ ਤੇ ਰਜਿੰਦਰ ਨਾਥ ਲਹਿਰੀ ਨੂੰ ਇਸ ਕੇਸ ਵਿਚ ਫਾਂਸੀ ਹੋ ਗਈ। ਚੰਦਰ ਸ਼ੇਖਰ ਅਜ਼ਾਦ, ਕੇਸ਼ਬ ਚਕਰਵਰਤੀ ਤੇ ਮੁਰਾਰੀ ਸ਼ਰਮਾ ਗਰਿਫਤਾਰੀ ਤੋਂ ਬਚ ਗਏ। ਅਜ਼ਾਦ ਨੇ ਸੰਸਥਾ ਦਾ ਨਵ-ਨਿਰਮਾਣ ਕੀਤਾ ਤੇ ਕਰਾਂਤੀਕਾਰੀ, ਸ਼ਿਉ ਵਰਮਾ ਤੇ ਮਹਾਵੀਰ ਸਿੰਘ ਵਰਗੇ ਹੋਰ ਸਾਥੀਆ ਨੇ ਪੂਰਾ ਸਹਿਯੋਗ ਦਿੱਤਾ। ਅਜ਼ਾਦ ਦੇ ਭਗਵਤੀ ਚਰਨ ਵੋਹਰਾ ਨਾਲ ਬਹੁਤ ਨਿੱਜੀ ਸਬੰਧ ਸਨ। ਪੰਜਾਬ ਤੋਂ ਭਗਤ ਸਿੰਘ ਤੇ ਰਾਜਗੁਰੂ ਨੇ 1928 ਵਿਚ ਬਣੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸ਼ੀਏਸ਼ਨ ਦੇ ਨਿਰਮਾਣ ਵਿਚ ਮਦਦ ਕੀਤੀ। ਮੁੱਖ ਨਿਸ਼ਾਨਾ ਅਜ਼ਾਦ ਭਾਰਤ ਸੀ ਜੋ ਸੋਸ਼ਲਿਸਟ ਲੀਹਾਂ ਤੇ ਆਪਣਾ ਭਵਿਖ ਉਸਾਰੇ।

## ਸ਼ਹਾਦਤ

ਫਰਵਰੀ, 1931 ਦਾ ਆਖਰੀ ਹਫਤਾ ਸੀ। ਅਜ਼ਾਦ ਸੀਤਾਪੁਰ ਜੇਲ੍ਹ ਗਏ ਤੇ ਗਣੇਸ਼ ਚੰਦਰ ਵਿਦਿਆਰਥੀ ਨੂੰ ਮਿਲੇ। ਅਜ਼ਾਦ ਨੂੰ ਆਸ ਸੀ ਕਿ ਵਿਦਿਆਰਥੀ ਭਗਤ ਸਿੰਘ ਤੇ ਸਾਥੀਆਂ ਤੇ ਚਲ ਰਹੇ ਮੁਕਦਮੇ ਵਿਚ ਮਦਦ ਕਰਨਗੇ ਜਿਵੇਂ ਉਸਨੇ ਕਾਕੋਰੀ ਕੋਨਸਪੀਰੇਸੀ ਕੇਸ ਵਿਚ ਕੀਤੀ ਸੀ। ਵਿਦਿਆਰਥੀ ਨੇ ਸਲਾਹ ਦਿੱਤੀ ਕਿ ਉਹ ਅਲਾਹਾਬਾਦ ਜਾਵੇ ਤੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲੇ। ਜੇ ਨਹਿਰੂ ਮੰਨ ਗਿਆ ਤਾਂ ਉਹ ਮਹਾਤਮਾ ਗਾਂਧੀ ਨੂੰ ਕਹੇ ਕਿ ਉਹ ਵਾਇਸਰਾਏ ਲੌਰਡ ਇਰਵਿਨ ਨਾਲ ਇਸ ਮਸਲੇ ਤੇ ਗੱਲ ਕਰੇ। ਇਸਤਰ੍ਹਾਂ ਜਿਹੜਾ ਗਾਂਧੀ-ਇਰਵਿਨ ਪੈਕਟ ਹੋ ਰਿਹਾ ਹੈ, ਉਸ ਵਿਚ ਬ੍ਰਿਟਿਸ਼ ਸਰਕਾਰ ਅੱਗੇ ਇਹ ਪ੍ਰਸਤਾਵ ਰੱਖੇ। ਚੰਦਰ ਸ਼ੇਖਰ ਅਜ਼ਾਦ ਫਰਵਰੀ 27, 1931 ਨੂੰ ਸਵੇਰ ਵੇਲੇ ਪੰਡਿਤ ਨਹਿਰੂ ਨੂੰ ਮਿਲਿਆ ਤੇ ਫਾਂਸੀ ਦੀ ਮਿਲਣ ਵਾਲੀ ਸਜਾ ਲਈ ਮਦਦ ਲਈ ਕਿਹਾ। ਇਹ ਸਜਾ ਕਰਾਂਤੀਕਾਰੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮਿਲਣ ਵਾਲੀ ਸੀ। ਕੁਝ ਮੁੱਦਿਆਂ ਤੇ ਸਹਿਮਤੀ ਨਾ ਹੋ ਸਕੀ ਤੇ ਅਜ਼ਾਦ ਨੂੰ ਕਿਹਾ ਗਿਆ ਕਿ ਉਹ ਉਥੋਂ ਉਸੇ ਵਕਤ ਚਲਾ ਜਾਏ। ਇਸਤਰ੍ਹਾਂ ਚੰਦਰ ਸ਼ੇਖਰ ਅਜ਼ਾਦ ਖਾਲੀ ਹੱਥ ਵਾਪਸ ਆ ਗਏ।

ਉਸੇ ਦਿਨ ਸ਼ਾਮ ਨੂੰ ਅਜ਼ਾਦ ਐਲਫਰੈਡ ਪਾਰਕ ਵਿਚ ਗਏ। ਉਹ ਜਾਮਨ ਦੇ ਦਰਖਤ ਥੱਲੇ ਬੈਠੇ ਸਨ। ਆਪਣੇ ਇੱਕ  ਸਾਥੀ ਸੁਖਦੇਵ ਰਾਜ਼ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਅਜ਼ਾਦ ਦੇ ਇੱਕ ਆਪਣੇ ਹੀ ਸਾਥੀ ਨੇ ਗਦਾਰੀ ਕਰਦਿਆਂ ਧੋਖਾ ਦਿੱਤਾ ਤੇ ਪੁਲੀਸ ਦਾ ਮੁਖਬਰ ਬਣ ਗਿਆ। ਡੀ.ਐਸ.ਪੀ.ਬਿਸ਼ੇਸ਼ਵਰ ਸਿੰਘ ਤੇ ਐਸ.ਐਸ.ਪੀ ਜੌਨ

ਨੌਟ ਬੌਅਰ ਵਡੀ ਪੁਲੀਸ ਦੀ ਨਫਰੀ ਲੈਕੇ ਪਿਛੋਂ ਦੀ ਆ ਗਏ। ਪੁਲੀਸ ਨੂੰ ਵੇਖਕੇ ਅਜ਼ਾਦ ਨੇ ਵੀ ਆਪਣਾ ਪਿਸਟਲ ਕਢ ਲਿਆ ਤੇ ਜੌਨ ਨੌਟ ਬੌਅਰ ਤੇ ਫਾਇਰ ਕਰ ਦਿੱਤਾ, ਗੋਲੀ ਉਸਦੇ ਸੱਜੇ ਗੁੱਟ ਤੇ ਲੱਗੀ। ਆਪਣੇ ਸਿਨੀਅਰ ਪੁਲੀਸ ਅਫਸਰ ਨੂੰ ਲਹੂ ਲੁਹਾਨ ਵੇਖਕੇ, ਬਿਸ਼ੇਸ਼ਵਰ ਸਿੰਘ ਨੇ ਵੀ ਗੋਲੀ ਚਲਾ ਦਿੱਤੀ ਪਰ ਅਜ਼ਾਦ ਨੇ ਉਸਦੇ ਮੂੰਹ ਤੇ ਗੋਲੀ ਮਾਰਕੇ ਉਸਦਾ ਜਬਾੜਾ ਤੋੜ ਦਿੱਤਾ। ਸਾਰਾ ਪਾਰਕ ਘੇਰ ਲਿਆ ਗਿਆ। ਪਹਿਲੇ ਹੱਲੇ ਹੀ ਗੋਲੀ ਅਜ਼ਾਦ ਦੀ ਸੱਜੀ ਜਾਂਘ ਤੇ ਲੱਗੀ, ਇਸਦੇ ਬਾਵਜੂਦ ਅਜ਼ਾਦ ਨੇ ਤਿੰਨ ਪੁਲੀਸ ਵਾਲਿਆਂ ਨੂੰ ਮਾਰ ਦਿੱਤਾ ਤੇ ਕਈ ਫਟੜ ਹੋ ਗਏ। ਤੇ ਆਪਣੀ ਕਵਰ ਦੇਕੇ ਆਪਣੇ ਸਾਥੀ ਸੁਖਦੇਵ ਰਾਜ ਨੂੰ ਬਚ ਨਿਕਲਣ ਵਿਚ ਮਦਦ ਕੀਤੀ। ਸੁਖਦੇਵ ਰਾਜ ਨੂੰ ਬਚਾਉਣ ਤੋਂ ਬਾਦ, ਪੁਲੀਸ ਕਿਤਨਾ ਹੀ ਚਿਰ ਅਜ਼ਾਦ ਦੇ ਕੋਲ ਨਹੀ ਗਈ। ਪੁਲੀਸ ਨੂੰ ਲੰਮਾ ਸਮਾਂ ਰੋਕਣ ਤੋਂ ਬਾਦ ਜਦ ਅਜ਼ਾਦ ਨੇ ਭਾਂਪ ਲਿਆ ਕਿ ਹੁਣ ਹੋਰ ਲੜਨਾ ਮੁਸ਼ਕਲ ਹੈ ਤੇ ਇੱਕੋ ਗੋਲੀ ਰਹਿ ਗਈ ਹੈ ਤਾਂ ਉਸਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਆਪਣੀ ਪ੍ਰਤਿਗਿਆ ਦਾ ਪਾਲਣ ਕੀਤਾ ਕਿ ਕਦੇ ਵੀ ਜਿੰਦਾ ਨਹੀ ਪਕੜਿਆ ਜਾਵੇਗਾ। ਪਬਲਿਕ ਤੇ ਪੁਲੀਸ ਦੂਰੋਂ ਹੀ ਅਜ਼ਾਦ ਦਾ ਮ੍ਰਿਤਕ ਸਰੀਰ ਦੇਖ ਰਹੇ ਸਨ ਪਰ ਡਰਦੇ ਕੋਲ ਨਹੀ ਸੀ ਜਾ ਰਹੇ। ਐਲਫਰੈਡ ਪਾਰਕ ਦਾ ਨਾਮ ਬਾਦ ਵਿਚ ਚੰਦਰ ਸ਼ੇਖਰ ਅਜ਼ਾਦ ਪਾਰਕ ਰੱਖਿਆ ਗਿਆ।

ਬਾਦ ਵਿਚ ਬ੍ਰਿਟਸ਼ ਸਰਕਾਰ ਨੇ ਰਿਪੋਰਟ ਕੀਤੀ ਕਿ ਉਹ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਸ਼ਹੀਦੀ ਤੋਂ ਬਾਦ ਅੱਧਾ ਘੰਟਾ ਡਰਦਾ ਕੋਈ ਪੁਲੀਸ ਵਾਲਾ ਵੀ ਉਸਦੇ ਕੋਲ ਨਹੀ ਗਿਆ। ਬਾਦ ਵਿਚ ਇੱਕ ਦੂਰੋਂ ਗੋਲੀ ਮਾਰੀ ਗਈ ਤੇ ਜਦੋਂ ਕੋਈ ਹਰਕਤ ਨਾ ਹੋਈ ਤਾਂ ਉਨ੍ਹਾਂ ਨੂੰ ਯਕੀਨ ਆਇਆ ਕਿ ਚੰਦਰ ਸ਼ੇਖਰ ਜਿੰਦਾ ਨਹੀ ਹੈ। ਅਜ਼ਾਦ ਨਾਲ ਸਬੰਧਿਤ ਫਾਇਲ ਸੀ.ਆਈ. ਡ.ੀ ਹੈੱਡ ਕੁਆਟਰ 1, ਗੋਖਲੇ ਮਾਰਗ, ਲਖਨਉ ਵਿਖੇ ਪਈ ਹੈ। ਚੰਦਰ ਸ਼ੇਖਰ ਅਜ਼ਾਦ ਦਾ ਕੌਲਟ ਪਿਸਟਲ ਅਲਾਹਾਬਾਦ ਦੇ ਮਿਉਜ਼ਿਅਮ ਵਿਚ ਸਾਂਭਿਆ ਪਿਆ ਹੈ।

ਸੱਜੀ ਲੱਤ ਦੇ ਥਲੜੇ ਹਿੱਸੇ ਤੇ ਦੋ ਗੋਲੀਆਂ ਦੇ ਜਖਮ ਸਨ। ਮੌਤ ਦਾ ਕਾਰਣ ਬਣਨ ਵਾਲਾ ਜਖਮ ਸਿਰ ਦੇ ਸੱਜੇ ਪਾਸੇ ਹੈ। ਇੱਕ ਹੋਰ ਜਖਮ ਛਾਤੀ ਤੇ ਹੈ। ਮ੍ਰਿਤਕ ਦੇਹ ਨੂੰ ਰਾਸੂਲਾਬਾਦ ਦੇ ਸ਼ਮਸ਼ਾਨ ਘਾਟ ਲਿਜਾਇਆ ਗਿਆ ਤੇ ਜਨਤਾ ਨੂੰ ਕੋਈ ਖਬਰ ਨਹੀ ਹੋਣ ਦਿੱਤੀ। ਜਿਉਂ ਹੀ ਲੋਕਾਂ ਨੂੰ ਪਤਾ ਲੱਗਾ, ਉਨ੍ਹਾਂ ਨੇ ਪਾਰਕ ਨੂੰ ਘੇਰ ਲਿਆ। ਉਹ ਬ੍ਰਿਟਿਸ਼ ਸਰਕਾਰ ਵਿਰੋਧੀ ਨਾਹਰੇ ਲਗਾ ਰਹੇ ਸਨ ਤੇ ਸ਼ਹੀਦ ਨੂੰ ਸਲੂਟ ਕਰ ਰਹੇ ਸਨ।

## ਹਰਮਨ ਪਿਆਰਤਾ

ਅਜ਼ਾਦ ਅੱਜ ਭਾਰਤੀਆ ਲਈ ਇੱਕ ਚਿੰਨ੍ਹ ਹੈ। ਪਾਰਕ ਜਿੱਥੇ ਇਹ ਯੁੱਧ ਹੋਇਆ, ਉਸਦਾ ਨਾਮ ਹੁਣ ਚੰਦਰ ਸ਼ੇਖਰ ਅਜ਼ਾਦ ਪਾਰਕ ਹੈ। ਸਾਰੇ ਭਾਰਤ ਵਿਚ ਕਿਤਨੇ ਹੀ ਸਕੂਲ, ਕਾਲਜ, ਸੜਕਾਂ ਤੇ ਹੋਰ ਪਬਲਿਕ ਅਦਾਰੇ ਉਸਦੇ ਨਾਮ ਨਾਲ ਜੁੜ ਗਏ ਹਨ। ਕਿਤਨੀਆਂ ਹੀ ਫਿਲਮਾਂ ਬਣ ਚੁਕੀਆਂ ਹਨ। ਕਿਤਨਾ ਕੁਝ ਲਿਖਿਆ ਗਿਆ ਹੈ। ਅਮਰ ਰਹੇ, ਚੰਦਰ ਸ਼ੇਖਰ ਅਜ਼ਾਦ।

# ਗਦਰ ਪਾਰਟੀ, ਬਣਤਰ ਤੇ ਅੰਦੋਲਨ

ਗਦਰ ਦਾ ਸਿਧਾ ਮਤਲਬ ਬਗਾਵਤ ਹੈ। ਹਿੰਦੋਸਤਾਨੀ ਐਸੋਸੀਏਸ਼ਨ ਔਫ ਦੀ ਪੈਸਿਫਿਕ ਕੋਸਟ ਸੰਸਥਾ ਜਿਸਦਾ ਜਨਮ ਪੋਰਟਲੈਂਡ ਵਿਚ ਹੋਇਆ ਸੀ ਨੇ ਇਹੋ ਨਾਮ ਆਪਣੀ ਅਖਬਾਰ ਨੂੰ ਦਿੱਤਾ ਸੀ। ਇਹ ਅਮਰੀਕਾ ਵਿਚ 1912 ਦੀ ਗੱਲ ਹੈ। ਇਸ ਸੰਸਥਾ ਦਾ ਅੰਦੋਲਨ ਹੀ ਬਾਦ ਵਿਚ ਗਦਰ ਦਾ ਨਾਮਕਰਨ ਅਖਤਿਆਰ ਕਰ ਗਿਆ ਜਿਸਨੇ ਭਾਰਤ ਨੂੰ ਅਜ਼ਾਦ ਕਰਾਉਂਣ ਲਈ ਕਰਾਂਤੀਕਾਰੀ ਕਾਰਵਾਈਆਂ ਸ਼ੁਰੂ ਕੀਤੀਆਂ।

ਭਾਰਤ ਵਿਚ ਕਿਸਾਨੀ ਜੀਵਨ ਆਰਥਿਕ ਪੱਖੋਂ ਤਬਾਹ ਹੋ ਰਿਹਾ ਸੀ। ਸਦੀ ਦੇ ਬਦਲਣ ਨਾਲ, ਪੰਜਾਬ ਦੇ ਕਿਸਾਨਾਂ ਨੇ ਨਵੇਂ ਆਰਥਿਕ ਰਾਹ ਲਭਣ ਲਈ ਵਿਦੇਸ਼ਾਂ ਵੱਲ ਮੂੰਹ ਕੀਤਾ। ਸਦੀ ਦੇ ਪਹਿਲੇ ਦਹਾਕੇ ਵਿਚ ਈਸਟ ਏਸ਼ਿਅਨ ਵਿਚ ਮੱਲਾਂ ਮਾਰਦੇ, ਉਨ੍ਹਾਂ ਨੇ ਕੈਨੇਡਾ ਤੇ ਅਮਰੀਕਾ ਵਿਚ ਵਸਣਾ ਵੀ ਸ਼ੁਰੂ ਕਰ ਦਿੱਤਾ। ਇਹ ਜ਼ਿਆਦਾ ਤਰ ਛੋਟੇ ਕਿਸਾਨ, ਰਿਟਾਇਰ ਫੌਜੀ ਤੇ ਦਸਤਕਾਰ, ਸ਼ਿਲਪਕਾਰ ਸਨ, ਜਿਨ੍ਹਾਂ ਨੇ ਪਰਵਾਸ ਸ਼ੁਰੂ ਕੀਤਾ। ਨਵੀਆਂ ਉਸਾਰੀਆਂ ਤੇ ਹੋਰ ਪਰੋਜੈਕਟਾਂ ਨੇ ਮਜ਼ਦੂਰਾਂ ਦੀ ਮੰਗ ਬਹੁਤ ਵਧਾ ਦਿੱਤੀ ਸੀ। ਅਮਰੀਕਨ ਤੇ ਕੈਨੇਡੀਅਨ ਮੂਲ ਦੇ ਲੋਕ ਛੋਟਾ, ਸਖਤ ਤੇ ਭੈੜੇ ਕੰਮ ਕਰਕੇ ਖੁਸ਼ ਵੀ ਨਹੀ ਸਨ। ਉਨ੍ਹਾਂ ਦੀ ਤਨਖਾਹ ਦੀ ਦਰ ਵੀ ਜ਼ਿਆਦਾ ਸੀ। ਇਸਲਈ ਅਮਰੀਕਨ ਤੇ ਕੈਨੇਡੀਅਨ ਸਰਮਾਏਦਾਰੀ ਨੇ ਤੀਸਰੀ ਦੁਨੀਆ ਦੀ ਮਜ਼ਦੂਰ ਜਮਾਤ ਨੂੰ ਬੜਾਵਾ ਦੇਣਾ ਵੀ ਸ਼ੁਰੂ ਕਰ ਦਿੱਤਾ ਸੀ। ਇਸ ਵਿਚ ਉਨ੍ਹਾਂ ਦਾ ਨਿੱਜੀ ਆਰਥਿਕ ਫਾਇਦਾ ਸੀ। ਇਸ ਕਿਸਮ ਦੀ ਮਜ਼ਦੂਰ ਜਮਾਤ ਚੀਨ, ਜਪਾਨ ਤੇ ਭਾਰਤ ਤੋਂ (ਖਾਸ ਕਰਕੇ ਪੰਜਾਬ ਤੋਂ)ਆਉਣੀ ਅਸਾਨ ਸੀ। 1908 ਵਿਚ ਲਗਭਗ ਪੰਜ ਹਜ਼ਾਰ ਭਾਰਤੀ ਕੈਨੇਡਾ ਵਿਚ ਦਾਖਲ ਹੋਏ। ਜਿਨ੍ਹਾਂ ਵਿਚੋਂ 99% ਪੰਜਾਬੀ ਸਨ, ਉਨ੍ਹਾਂ ਵਿਚੋਂ ਵੀ 90% ਸਿੱਖ ਸਨ।

ਆਪਣੇ ਲੁਕਵੇਂ ਅਜੰਡੇ ਦੇ ਤਹਿਤ ਅਮਰੀਕਾ ਨੇ ਸ਼ਿਕਾਗੋ ਤੇ ਨਿਉਯਾਰਕ ਵਿਚ ਇੰਡੋ- ਅਮੈਰਿਕਨ ਸੁਸਾਇਟੀ ਹੋਂਦ ਵਿਚ ਲਿਆਂਦੀ। ਇਸ ਸੰਸਥਾ ਦੀ ਅਗਵਾਈ ਵਿਚ ਉਨ੍ਹਾ ਇੱਕ ਹੋਰ ਫੋਰਮ ਸਥਾਪਿਤ ਕੀਤਾ; ਇੰਡੋ-ਅਮੈਰਿਕਨ ਨੈਸ਼ਨਲ ਐਸੋਸੀਏਸ਼ਨ, ਜਿਸ ਤਹਿਤ ਉਨ੍ਹਾ ਭਾਰਤੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਮੁੱਦੇ ਤੇ ਅਮਰੀਕਾ ਆਉਣ ਦਾ ਸੱਦਾ ਦਿੱਤਾ ਤੇ ਉਨ੍ਹਾ ਦੀ ਆਰਥਿਕ ਮਦਦ ਕਰਨ ਦਾ ਵੀ ਪ੍ਰਚਾਰ ਕੀਤਾ। ਫੋਰਮ ਨੇ 'ਇੰਡੀਆ ਹਾਉਸ' ਵੀ ਹੋਂਦ ਵਿਚ ਲੈ ਆਂਦਾ ਜਿੱਥੇ ਭਾਰਤੀ ਵਿਦਿਆਰਥੀਆਂ ਦਾ ਮੁਫਤ ਰਹਿੰਣ ਦਾ ਪ੍ਰਬੰਧ ਸੀ। ਮਧ-ਵਰਗੀ ਪਰਿਵਾਰਾਂ ਦੇ ਬਹੁਤ ਸਾਰੇ ਵਿਦਿਆਰਥੀ ਸੈਨ ਫਰਾਂਸਿਸਕੋ ਵਿਖੇ ਬਰਕਲੇ ਯੂਨੀਵਰਸਿਟੀ ਵਿਚ ਦਾਖਲ ਹੋ ਗਏ। ਉਨ੍ਹਾਂ ਨੂੰ ਆਪਣੇ ਖਰਚਿਆਂ ਲਈ ਕੰਮ ਕਰਨਾ ਪੈਂਦਾ ਸੀ। ਲਾਲਾ ਹਰਦਿਆਲ(ਸਟੈਨਫੋਰਡ ਯੂਨੀਵਰਸਿਟੀ) ਸੰਤ ਤੇਜਾ ਸਿੰਘ(ਹਾਰਵਰਡ ਯੂਨੀਵਰਸਿਟੀ) ਅਤੇ ਭਾਈ ਪਰਮਾਨੰਦ ਨੇ ਫੈਸਲਾ ਕੀਤਾ ਕਿ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਅਮਰੀਕਾ ਤੇ ਕੈਨੇਡਾ ਪੜ੍ਹਾਈ ਲਈ ਉਤਸਾਹਿਤ ਕੀਤਾ ਜਾਵੇ। ਇਸ ਕਾਰਜ ਵਿਚ ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਅਤੇ ਭਾਈ ਵਿਸਾਖਾ ਸਿੰਘ ਨੇ ਵੀ ਸ਼ਾਮਲ ਹੋਣ ਦਾ ਨਿਰਣਾ ਲਿਆ ਅਤੇ ਵਿਦਿਆਰਥੀਆਂ ਦੀ ਪੈਸੇ

ਧੇਲੇ ਨਾਲ ਮਦਦ ਕਰਨ ਦਾ ਵੀ ਵਾਇਦਾ ਕੀਤਾ। ਵਿਦਿਆਰਥੀਆਂ ਦੇ ਨਾਲ ਕੁਝ ਵਿਦਰੋਹੀ ਵੀ ਇਸ ਆੜ ਵਿਚ ਅਮਰੀਕਾ ਲੰਘ ਆਏ। ਕੁਝ ਦੇਰ ਬਾਦ ਆਰਥਿਕ ਮੁਸ਼ਕਲਾਂ ਨੂੰ ਦੇਖਦੇ ਹੋਏ ਸੁਸਾਇਟੀ ਤੇ ਅਲੋਪ ਹੋ ਗਈ ਪਰ 'ਇੰਡੀਆ ਹਾਉਸ' ਤੇ ਹਿੰਦੋਸਤਾਨੀ ਐਸੋਸੀਏਸ਼ਨ ਦੀਆਂ ਬਰਾਚਾਂ ਲੰਡਨ ਪੈਰਿਸ ਤੱਕ ਫੈਲ ਗਈਆਂ।

ਜਿਹੜੇ ਭਾਰਤੀ ਕੈਨੇਡਾ ਤੇ ਅਮਰੀਕਾ ਗਏ ਸਨ, ਉਹ ਜ਼ਿਆਦਾ ਤਰ ਪੇਂਡੂ ਕਿਸਾਨੀ, ਮੱਧ-ਵਰਗੀ ਤੇ ਮਜ਼ਦੂਰ ਜਮਾਤ ਨਾਲ ਸਬੰਧਿਤ ਸਨ। ਉਨ੍ਹਾਂ ਵਿਚ ਵਡੀ ਗਿਣਤੀ ਪੁਰਾਣੇ ਫੌਜੀਆਂ ਦੀ ਵੀ ਸੀ। ਸ਼ੁਰੂ ਸ਼ੁਰੂ ਵਿਚ, ਭਾਰਤੀ ਸੈਨਫਰਾਂਸਿਸਕੋ ਤੇ ਕੈਲੇਫੋਰਨੀਆਂ ਦੇ ਸਟੌਕਟਨ, ਉਰੇਗਨ ਦੇ ਪੋਰਟਲੈਂਡ ਅਤੇ ਸੇਂਟ ਜੌਨ, ਵਸ਼ਿੰਗਟਨ ਸਟੇਟ ਅਮਰੀਕਾ ਵਿਚ ਆਏ। ਕੈਨੇਡਾ ਵਿਚ ਇਨ੍ਹਾਂ ਦਾ ਵਸੇਬਾ ਬ੍ਰਿਟਿਸ਼ ਸੂਬੇ ਦੇ ਸ਼ਹਿਰਾਂ ਵੈਨਕੂਵਰ, ਵਿਕਟੋਰੀਆ ਵਿਚ ਬਣਿਆ। ਅਮਰ ਸਿੰਘ ਤੇ ਗੋਪਾਲ ਸਿੰਘ ਵਰਗੇ ਵਿਅਕਤੀਆਂ ਜੋ ਅਮਰੀਕਾ ਵਿਚ 1905 ਤੋਂ ਹੀ ਵਸੇ ਹੋਏ ਸਨ ਨੇ ਭਾਰਤ ਦੀ ਗੁਲਾਮੀ ਬਾਰੇ ਬ੍ਰਿਟਿਸ਼ ਸਰਕਾਰ ਵਿਰੁਧ ਪ੍ਰਚਾਰ ਸ਼ੁਰੂ ਕਰ ਦਿੱਤਾ। ਤਾਰਕ ਨਾਥ ਦਾਸ ਅਤੇ ਰਾਮ ਨਾਥ ਪੁਰੀ ਨੇ ਵੀ ਇਨ੍ਹਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇੱਕ ਪਰਚਾ ਵੀ ਸ਼ੁਰੂ ਕਰ ਦਿੱਤਾ ਜਿਸਦਾ ਨਾਮ ਸੀ 'ਅਜ਼ਾਦੀ ਕਾ ਸਰਕੁਲਰ'ਇਹ ਉਰਦੂ ਵਿਚ ਛਪਦਾ ਸੀ। ਇਹ ਪੇਪਰ ਭਾਰਤ ਦੀ ਫੌਜ਼ ਵਿਚਲੇ ਭਾਰਤੀਆਂ ਵਿਚ ਦਾਅ ਲਗੇ ਵੰਡਿਆ ਜਾਂਦਾ ਸੀ। ਗੋਰੀ ਮਜ਼ਦੂਰ ਜਮਾਤ ਤੇ ਏਸ਼ੀਅਨ ਮਜ਼ਦੂਰ ਜਮਾਤ ਵਿਚ ਤਨਾਵ ਵਧਣਾ ਸ਼ੁਰੂ ਹੋ ਗਿਆ। ਇਸਦਾ ਮੁੱਖ ਕਾਰਣ ਭਾਰਤੀਆਂ ਲਈ ਘਟ ਤਨਖਾਹ, ਸਹੂਲਤਾਂ ਤੋਂ ਵਾਂਝੇ ਹੋਣਾ ਸੀ। ਗੋਰਿਆਂ ਨੂੰ ਵਧ ਤਨਖਾਹ ਤੇ ਹੋਰ ਸਹੂਲਤਾਂ ਵੀ ਉਪਲਬਦ ਸਨ। ਇਸ ਨਾਲ ਈਰਖਾ ਵੀ ਵਧ ਗਈ, ਨਤੀਜੇ ਵਜੋਂ ਗੋਰਿਆਂ ਨੇ ਏਸ਼ਿਅਨ ਭਾਈਚਾਰੇ ਦੇ ਮਜ਼ਦੂਰਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਏਸ਼ੀਅਨ ਤੇ ਸੋਚ ਸਮਝਕੇ ਸਾਜਿਸ਼ ਤਹਿਤ ਹਮਲੇ ਹੋਣ ਲੱਗੇ। ਗੋਰੇ ਭਾਰਤੀਆਂ ਨੂੰ ਗੁਲਾਮੀ ਦੇ ਉਲਾਂਭੇ ਵੀ ਦੇਣ ਲੱਗੇ। ਚੀਨ ਤੇ ਜਪਾਨ ਦੀਆਂ ਸਰਕਾਰਾਂ ਨੇ ਡਿਪਲੋਮੈਟਿਕ ਵਿਧੀਆਂ ਤਹਿਤ ਆਪਣੇ ਨਾਗਰਿਕਾਂ ਖਿਲਾਫ ਭੈੜੇ ਵਿਹਾਰ ਦੀ ਦੁਹਾਈ ਪਾਉਂਦਿਆਂ ਆਪਣੇ ਵਿਰੋਧ ਦਰਜ਼ ਕਰਵਾਏ ਪਰ ਭਾਰਤੀਆ ਲਈ ਗੁਹਾਰ ਲਾਉਣ ਵਾਲਾ ਕੋਈ ਨਹੀ ਸੀ। ਇਸਦੇ ਨਤੀਜੇ ਵਜੋਂ ਕੈਨੇਡੀਅਨ ਸਰਕਾਰ ਨੇ ਭਾਰਤੀਆਂ ਲਈ ਹੋਰ ਵੀ ਭੈੜੀ ਤਰ੍ਹਾਂ ਦਾ ਵਿਹਾਰ ਸ਼ੁਰੂ ਕਰ ਲਿਆ ਤੇ ਇਹ ਵੀ ਕੋਸ਼ਿਸ਼ ਆਰੰਭ ਦਿੱਤੀ ਕਿ ਅੱਗੋਂ ਵਾਸਤੇ ਇੰਡੀਅਨ ਲਈ ਇੰਮੀਗਰੇਸ਼ਨ ਬੰਦ ਕਰ ਦਿੱਤੀ ਜਾਵੇ।

1908 ਦੌਰਾਨ, ਕੈਨੇਡੀਅਨ ਸਰਕਾਰ ਨੇ ਭਾਰਤੀਆਂ ਨੂੰ ਬ੍ਰਿਟਿਸ਼ ਹੁੰਡੂਰਾਸ (ਸੈਂਟਰਲ ਅਮਰੀਕਾ) ਚਲੇ ਜਾਣ ਤੇ ਉਥੇ ਹੀ ਵਸ ਜਾਣ ਲਈ ਮਿੱਠੇ ਸ਼ਬਦਾਂ ਨਾਲ ਬਹਿਕਾਉਣਾ ਸ਼ੁਰੂ ਕਰ ਦਿੱਤਾ। ਭਾਰਤੀਆਂ ਦਾ ਇੱਕ ਵਫਦ ਹੁੰਡੂਰਾਸ ਗਿਆ ਤੇ ਉਨ੍ਹਾ ਨੇ ਵੇਖਿਆ ਕਿ ਉਥੋਂ ਦਾ ਵਾਤਾਵਰਣ, ਜਲਵਾਯੂ ਉਨ੍ਹਾ ਲਈ ਠੀਕ ਨਹੀ ਅਤੇ ਤਨਖਾਹ ਵੀ ਬਹੁਤ ਘਟ ਹੈ। ਇਸ ਲਈ ਉਨ੍ਹਾਂ ਨੇ ਉਥੇ ਜਾਕੇ ਵਸਣ ਤੋਂ ਸਿਰ ਫੇਰ ਦਿੱਤਾ।

ਇਸਤੋਂ ਬਾਦ ਕੈਨੇਡਾ ਸਰਕਾਰ ਨੇ ਭਾਰਤੀਆਂ ਦੀ ਕੈਨੇਡਾ ਐਂਟਰੀ ਤੇ ਸ਼ਿਕੰਜਾ ਕਸ ਦਿੱਤਾ। ਸਰਕਾਰ ਨੇ ਕਾਨੂੰਨ ਪਾਸ ਕਰ ਦਿੱਤਾ ਕਿ ਕੋਈ ਵੀ ਨਵਾਂ, ਕੈਨੇਡਾ ਦੀ

ਧਰਤੀ ਤੇ ਨਹੀ ਆ ਸਕਦਾ ਜਿਤਨਾ ਚਿਰ ਉਹ ਆਪਣੀ ਜਨਮ ਭੂਮੀ ਤੋਂ ਸਿੱਧਾ ਲਗਾਤਾਰ ਯਾਤਰਾ ਕਰਦਾ ਹੋਇਆ ਨਹੀ ਆਉਂਦਾ। ਜਨਮ ਭੂਮੀ ਦੀ ਕਲੌਜ਼ ਵਿਚ ਇਹ ਦਰਜ ਸੀ ਕਿ ਉਸ ਦੇਸ਼ ਵਿਚ ਜਾਂ ਤਾਂ ਉਸਦਾ ਜਨਮ ਹੋਇਆ ਹੋਵੇ ਜਾਂ ਉਸਨੇ ਉਸ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕੀਤੀ ਹੋਵੇ। ਉਸਨੇ ਆਪਣੇ ਦੇਸ਼ ਤੋਂ ਤੁਰਨ ਲਗਿਆਂ ਟਿਕਟ ਵੀ ਖਰੀਦੀ ਹੋਵੇ। ਉਨ੍ਹਾਂ ਕੋਲ ਦੋ ਸੌ ਡਾਲਰ ਵੀ ਹੋਣ, ਜਦ ਕਿ ਪਹਿਲਾਂ ਇਹ ਰਕਮ ਵੀਹ ਡਾਲਰ ਸੀ। ਕਾਨੂੰਨ ਦੀਆ ਇਨ੍ਹਾਂ ਮੱਦਾਂ ਨੇ ਸਭਤੋਂ ਜ਼ਿਆਦਾ ਭਾਰਤੀਆਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਕੋਲ ਨਾਂ ਤਾਂ ਆਪਣਾ ਕੋਈ ਸਮੁੰਦਰੀ ਜਹਾਜ਼ ਸੀ ਤੇ ਨਾ ਹੀ ਕੈਨੇਡਾ ਤੇ ਇੰਡੀਆ ਵਿਚਾਲੇ ਕੋਈ ਸਿਧੀ ਸਰਵਿਸ ਸੀ। ਜਹਾਜ਼ਰਾਨੀ ਕੰਪਨੀਆਂ ਨੂੰ ਨਿਰਦੇਸ਼ ਦੇ ਦਿੱਤਾ ਗਿਆ ਕਿ ਭਾਰਤੀਆਂ ਨੂੰ ਟਿਕਟਾਂ ਹੀ ਨਾ ਦਿੱਤੀਆ ਜਾਣ। ਬ੍ਰਿਟਿਸ਼ ਸਰਕਾਰ ਨੇ ਕੈਨੇਡਾ ਸਰਕਾਰ ਦੇ ਇਸ ਕਾਨੂੰਨ ਦਾ ਰਜ ਕੇ ਪ੍ਰਚਾਰ ਕੀਤਾ ਤਾਂ ਕਿ ਭਾਰਤੀਆਂ ਦੇ ਕੈਨੇਡਾ ਜਾਣ ਦੇ ਹੌਂਸਲੇ ਪਸਤ ਹੋ ਜਾਣ ਤੇ ਉਹ ਉਧਰ ਮੂੰਹ ਹੀ ਨਾ ਕਰਨ।

ਕੈਨੇਡਾ ਵਿਚਲੇ ਭਾਰਤੀਆਂ ਨੇ ਆਪਣੀ ਸਖਤ ਮੇਹਨਤ ਸਦਕਾ ਵਡੀਆ ਜਾਇਦਾਦਾਂ ਉਸਾਰ ਲਈਆਂ ਤੇ ਕੈਨੇਡੀਅਨ ਨਾਗਰਿਕ ਬਨਣ ਦੀ ਤਿੰਨ ਸਾਲਾ ਸ਼ਰਤ ਪੂਰੀ ਕਰਕੇ ਕੈਨੇਡਾ ਦੀ ਸ਼ਹਿਰੀਅਤ ਵੀ ਪ੍ਰਾਪਤ ਕਰ ਲਈ। ਹੁਣ ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦਾ ਹੱਕ ਹੈ ਆਪਣੇ ਪਰਿਵਾਰਾਂ ਨੂੰ ਆਪਣੇ ਕੋਲ ਸਦਣ ਦਾ ਪਰ ਇਸਦੀ ਆਗਿਆ ਨਹੀ ਦਿੱਤੀ ਗਈ। ਪਰਿਵਾਰਕ ਝਰੋਖੇ ਵਿਚੋਂ ਵੇਖਿਆਂ ਉਨ੍ਹਾਂ ਕੋਲ ਕੋਈ ਵਿਕਲਪ ਵੀ ਮੌਜੂਦ ਨਹੀ ਸੀ। ਇਸਲਈ ਕਈ ਪਰਿਵਾਰਾਂ ਕਰਕੇ ਵਾਪਸ ਜਾਣੇ ਸ਼ੁਰੂ ਹੋ ਗਏ। ਕਈ ਤਰ੍ਹਾਂ ਦੇ ਪਰੋਟੈਸਟ ਕੀਤੇ ਗਏ ਪਰ ਅਧਕਾਰੀਆਂ ਦੇ ਕੰਨਾਂ ਤੇ ਜੂੰਅ ਨਾ ਸਰਕੀ। ਭਾਰਤੀ ਨਸਲੀ ਵਿਤਕਰੇ ਦਾ ਸ਼ਿਕਾਰ ਹੋਣੇ ਐਸੇ ਸ਼ੁਰੂ ਹੋਏ ਜਿਸਦਾ ਕੋਈ ਦੂਜਾ ਸਿਰਾ ਹੀ ਨਹੀ ਦਿਸਦਾ ਸੀ। ਇਸ ਗੱਲ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਝੰਜੋੜਿਆ ਤੇ ਆਪਾ ਵਿਸ਼ਲੇਸ਼ਣ ਵਿਚੋਂ ਇਹ ਤਤ ਭੜਥ ਵਿਚਾਰ ਮੁੱਖ ਤੌਰ ਤੇ ਸਾਹਮਣੇ ਆਇਆ ਕਿ ਉਹ ਗੁਲਾਮ ਮੁਲਕ ਦੇ ਸ਼ਹਿਰੀ ਹਨ। ਉਨ੍ਹਾਂ ਦੀ ਅਜ਼ਾਦੀ ਜੰਜੀਰਾਂ ਵਿਚ ਜਕੜੀ ਹੋਈ ਹੈ। ਗੁਲਾਮੀ ਦਾ ਅਹਿਸਾਸ ਉਨ੍ਹਾਂ ਦੇ ਨਾਲ ਨੱਥੀ ਹੈ। ਉਹ ਜਿੱਥੇ ਵੀ ਜਾਣਗੇ ਇਹ ਭੈੜਾ ਸਬਬ ਉਨ੍ਹਾ ਦੇ ਨਾਲ ਹੀ ਤੁਰੇਗਾ। ਕੈਨੇਡਾ ਆਉਣ ਦੀ ਤੇ ਇੱਥੇ ਸਤਿਕਾਰਤ ਤਰੀਕੇ ਨਾਲ ਰਹਿੰਣ ਦੀ ਜੱਦੋ-ਜਹਿਦ ਲਗਾਤਾਰ ਵਧਣ ਲੱਗੀ। ਇੱਥੋਂ ਤੱਕ ਕਿ ਜੋ ਅਮਰੀਕਾ ਗਏ ਸਨ, ਤੇ ਉਨ੍ਹਾਂ ਦੀ ਜਾਇਦਾਦ ਕੈਨੇਡਾ ਸੀ, ਉਹ ਆਪਣੀ ਜਾਇਦਾਦ ਨੂੰ ਵੇਚਣਾ ਚਾਹੁੰਦੇ ਸਨ ਉਨ੍ਹਾਂ ਨੂੰ ਵੀ ਆਉਣ ਦੀ ਇਜਾਜ਼ਤ ਮਿਲਣੋਂ ਬੰਦ ਹੋ ਗਈ।

ਇੰਮੀਗਰੇਸ਼ਨ ਕਾਨੂੰਨ ਦੀ ਇਸ ਧੱਕੇਸ਼ਾਹੀ ਵਿਰੁਧ ਭਾਰਤੀਆਂ ਨੇ (ਬਹੁਤੇ ਸਿੱਖ) ਇੱਕ ਸੰਸਥਾ ਬਣਾ ਲਈ। ਇਸਦਾ ਨਾਮ ਸੀ 'ਖਾਲਸਾ ਦੀਵਾਨ ਸੁਸਾਇਟੀ'ਤੇ ਇਹ ਵੈਨਕੂਵਰ ਸਥਾਪਿਤ ਕੀਤੀ ਗਈ। ਇਸਦੀਆਂ ਬਰਾਚਾਂ ਵਿਕਟੋਰੀਆ, ਅਬੋਟਸਫੋਰਡ, ਨਿਊ ਵੈਸਟਮਨਿਸਟਰ, ਫਰੇਜ਼ਰ ਹਿੱਲ, ਡੰਨਕਨ ਤੇ ਓਸ਼ਨ ਫਾਲਜ਼ ਹੋਂਦ ਵਿਚ ਆਈਆਂ। ਇੱਥੇ ਹੀ ਜ਼ਿਆਦਾ ਭਾਰਤੀ ਰਹਿੰਦੇ ਸਨ। ਇਸੇ ਸੰਸਥਾ ਦੀ ਦੇਖ ਰੇਖ ਥੱਲੇ ਹੀ ਭਾਰਤੀਆਂ ਨੇ ਕੈਨਡਾ ਸਰਕਾਰ ਦੀ ਭਾਰਤੀਆਂ ਨੂੰ ਹੁੰਨਡੂਰਾਸ ਭੇਜਣ ਦੀ ਕੋਸ਼ਿਸ਼ ਨੂੰ ਨਾਕਾਮ ਕੀਤਾ।

ਸਿਖਾਂ ਨੇ ਵੈਨਕੂਵਰ ਗੁਰਦੁਆਰਾ ਬਣਾ ਲਿਆ ਤੇ ਜਨਵਰੀ 1908 ਨੂੰ ਬਕਾਇਦਾ ਗੁਰਦੁਆਰਾ ਸੰਗਤ ਲਈ ਖੋਲ੍ਹ ਦਿੱਤਾ ਗਿਆ। ਇਸਤੋਂ ਬਾਦ ਕੁਝ ਹੋਰ ਥਾਵਾਂ ਤੇ ਗੁਰਦੁਆਰੇ ਬਣ ਗਏ। ਇਹ ਗੁਰਦੁਆਰੇ ਭਾਰਤੀਆਂ ਲਈ ਰੈਲੀਆਂ ਲਈ ਵੀ ਵਰਤੇ ਜਾਣ ਲੱਗੇ।

1909 ਦੌਰਾਨ ਸਿਰਫ ਛੇ ਭਾਰਤੀ ਹੀ ਕੈਨੇਡਾ ਅੰਦਰ ਦਾਖਲ ਹੋਣ ਵਿਚ ਕਾਮਯਾਬ ਹੋਏ। ਇਸੇ ਸਾਲ ਭਾਰਤੀ ਇੰਮੀਗਰੇਟਾਂ ਨੇ ਹਿੰਦੋਸਤਾਨ ਐਸੋਸੀਏਸ਼ਨ ਬਣਾ ਲਈ ਜਿਸ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਬਣੇ। ਇਸ ਸੰਸਥਾ ਦੇ ਉਦੇਸ਼ ਸਨ:ਭਾਰਤੀਆਂ ਦੀ ਭਾਰਤ ਵਿਚ ਆਪਣੀ ਸਰਕਾਰ। ਰਾਸ਼ਟਰੀ ਵਿਦਿਆ ਦਾ ਪਾਸਾਰ, ਭਾਰਤ ਦਾ ਸਨਅਤੀਕਰਣ, ਵਿਦੇਸ਼ੀ ਤਾਕਤਾਂ ਦੀ ਲੁੱਟ ਨੂੰ ਬੰਦ ਕਰਨਾ ਅਤੇ ਕੁਝ ਹੋਰ। ਐਸੋਸੀਏਸ਼ਨ ਨੇ ਦੋ ਅਖਬਾਰ ਸ਼ੁਰੂ ਕੀਤੇ—ਪ੍ਰਦੇਸੀ ਖਾਲਸਾ ਜੋ ਪੰਜਾਬੀ ਵਿਚ ਸੀ ਅਤੇ ਸਵਦੇਸ਼ ਸੇਵਕ ਜੋ ਉਰਦੂ ਵਿਚ ਸੀ। 'ਖਾਲਸਾ ਅਤੇ ਮਾਰੋ ਫਰੰਗੀ ਕੋ' ਦੋ ਪੈਫੰਲਿਟ ਵਡੀ ਤਦਾਦ ਵਿਚ ਛਾਪੇ ਤੇ ਵੰਡੇ ਗਏ। ਇੰਡੀਆ ਹਾਉਸ ਦੀ ਤਰਜ਼ ਤੇ 'ਸਵਦੇਸ਼ ਸੇਵਕ ਹੋਮ' ਬਣਾਇਆ ਗਿਆ। ਇਨ੍ਹਾਂ ਕਾਰਵਾਈਆਂ ਨੇ ਭਾਰਤੀਆਂ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਜਨਮ ਦਿੱਤਾ।

ਸਰਹੱਦ ਦੇ ਪਾਰ ਅਮਰੀਕਾ ਵਿਚ, 15 ਦਸੰਬਰ, ਸੰਨ1911, ਸੁਸਾਇਟੀ ਨੂੰ ਇੱਕ ਹੋਰ ਸੰਸਥਾ ਵਿਚ ਤਬਦੀਲ ਕਰ ਦਿੱਤਾ ਗਿਆ ਜਿਸਦਾ ਨਾਮ ਸੀ 'ਯੂਨਾਈਟਿਡ ਇੰਡੀਆ ਲੀਗ'ਇਸਦੀਆਂ ਕਾਰਵਾਈਆਂ ਨੇ ਭਾਰਤੀ ਇੰਮੀਗਰੇਟਾਂ ਵਿਚ ਚੇਤਨਾ ਜਗਾ ਦਿੱਤੀ। ਕੁਝ ਮੋਹਤਬਰ ਵਿਅਕਤੀ ਜਿਨ੍ਹਾ ਵਿਚ ਪ੍ਰਮੁਖ ਸਨ, ਬਾਬਾ ਸੋਹਨ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਉਧਮ ਸਿੰਘ ਕਸੇਲ, ਰੱਖਾ ਰਾਮ, ਈਸ਼ਰ ਸਿੰਘ ਮਰਹਾਨਾ ਤੇ ਕੁਝ ਹੋਰ ਹਰ ਐਤਵਾਰ ਤੇ ਹੋਰ ਛੁਟੀ ਵਾਲੇ ਦਿਨ ਇੱਕਠੇ ਹੁੰਦੇ ਤੇ ਦਰਪੇਸ਼ ਸਮਸਿਆਵਾਂ ਬਾਰੇ ਵਿਚਾਰਾਂ ਹੁੰਦੀਆਂ। ਸੇਂਟ ਜੌਹਨ ਤੇ ਸ਼ਿਆਟਲ (ਅਮਰੀਕਾ) ਇਹੋ ਜੇਹੀਆਂ ਕਾਰਵਾਈਆਂ ਦਾ ਕੇਂਦਰ ਬਣ ਗਏ। ਉਹ ਅਮਰੀਕਾ ਤੇ ਕੈਨੇਡਾ ਵਿਚ ਆਪਣੇ ਦੇਸ਼ ਵਾਸੀਆਂ ਨਾਲ ਹੁੰਦੇ ਦੁਰ ਵਿਹਾਰ ਬਾਰੇ ਪਰੋਟੈਸਟ ਕਰਦੇ।

1911 ਦੌਰਾਨ ਗੋਰੇ ਮਜ਼ਦੂਰਾਂ ਨੇ ਭਾਰਤੀਆਂ ਤੇ ਹਮਲੇ ਤੇਜ਼ ਕਰ ਦਿੱਤੇ। ਹੁਣ ਭਾਰਤੀ ਰਾਜਨੀਤਕ ਤੌਰ ਤੇ ਜਾਗਰਿਤ ਤੇ ਸੰਗਠਿਤ ਹੋ ਚੁੱਕੇ ਸਨ। ਬਹੁਤ ਥਾਵਾਂ ਤੇ ਉਨ੍ਹਾਂ ਆਪਣੇ ਆਪ ਨੂੰ ਸੰਗਠਿਤ ਰੂਪ ਵਿਚ ਤਿਆਰ ਕਰ ਲਿਆ। ਹਥਿਆਰਾਂ ਨਾਲ ਵੀ ਲੈਸ ਹੋ ਗਏ ਅਤੇ ਮਜ਼ਬੂਤੀ ਨਾਲ ਮੁਕਾਬਲਾ ਕਰਨ ਲੱਗੇ। 1912 ਨੂੰ ਪੋਰਟਲੈਂਡ ਵਿਖੇ ਹਿੰਦੋਸਤਾਨੀ ਐਸੋਸੀਏਸ਼ਨ ਔਫ ਦੀ ਪੈਸਿਫਿਕ ਕੋਸਟ ਨਾਮ ਦੀ ਸੰਸਥਾ ਬਣਾਈ ਗਈ। ਬਾਬਾ ਸੋਹਣ ਸਿੰਘ ਭਕਨਾ ਇਸਦੇ ਪ੍ਰਧਾਨ ਬਣੇ ਅਤੇ ਜੀ.ਡੀ.ਕੁਮਾਰ ਜਨਰਲ ਸਕਤਰ। ਐਸੋਸੀਏਸ਼ਨ ਨੇ ਹਫਤਾਵਾਰੀ ਪਰਚਾ 'ਹਿੰਦੋਸਤਾਨ' ਸ਼ੁਰੂ ਕੀਤਾ ਇਹ ਉਰਦੂ ਵਿਚ ਸੀ। ਜੀ.ਡੀ.ਕੁਮਾਰ ਬਿਮਾਰ ਪੈ ਗਏ ਤੇ ਕੰਮ ਕਰਨ ਤੋਂ ਅਸਮਰਥ ਹੋਣ ਤੇ ਇਹ ਕੰਮ ਲਾਲਾ ਹਰਦਿਆਲ ਜੀ ਨੇ ਸੰਭਾਲ ਲਿਆ। ਮਈ 1913 ਨੂੰ ਇੱਕ ਭਰਵੀਂ ਮੀਟਿੰਗ ਵਿਚ ਐਸੋਸੀਏਸ਼ਨ ਨੇ ਗਦਰ ਆਸ਼ਰਮ ਜਿਸਦਾ ਨਾਮ 'ਯੁਗਾਂਨਤਰ' ਕਰਕੇ ਜਾਣਿਆ ਜਾਂਦਾ ਹੈ

ਨੂੰ ਸਥਾਪਿਤ ਕਰਨ ਦਾ ਫੈਸਲਾ ਲਿਆ, ਤੇ ਇਸਦੇ ਨਾਲ ਹੀ ਗਦਰ ਪਾਰਟੀ ਬਣਾਈ ਗਈ ਜਿਸਦਾ ਹੈੱਡਕੁਆਟਰ ਸੈਂਨਫਰਾਂਸਿਸਕੋ ਸੀ। ਇਸਦੀਆਂ ਬਰਾਚਾਂ ਅਮਰੀਕਾ ਤੇ ਕੈਨੇਡਾ ਵਿਚ ਕਈ ਥਾਵਾਂ ਤੇ ਹੋਂਦ ਵਿਚ ਆਈਆਂ। ਇਸਦਾ ਉਦੇਸ਼ ਪਾਰਟੀ ਨੇ ਇਸਤਰ੍ਹਾਂ ਵਿਸਥਾਰਿਤ ਕੀਤਾ:

"ਅੱਜ, ਵਿਦੇਸ਼ੀ ਧਰਤੀ ਤੇ, ਬ੍ਰਿਟਿਸ਼ ਸਾਮਰਾਜ ਵਿਰੁਧ ਇੱਕ ਯੁੱਧ ਸ਼ੁਰੂ ਕੀਤਾ ਜਾਂਦਾ ਹੈ... ਇਸਦਾ ਨਾਮ ਕੀ ਹੋਵੇਗਾ? ਗਦਰ। ਸਾਡਾ ਕੰਮ ਕੀ ਹੋਵੇਗਾ? ਗਦਰ। ਗਦਰ ਕਿੱਥੇ ਫੈਲੇਗਾ? ਇੰਡੀਆ ਵਿਚ। ਉਹ ਸਮਾਂ ਛੇਤੀ ਆਵੇਗਾ ਜਦੋਂ ਪੈਨ ਤੇ ਕਾਗਜ਼ ਦੀ ਜਗ੍ਹਾ ਰਾਈਫਲਜ਼ ਅਤੇ ਖੂਨ ਹੋਵੇਗਾ। "

ਸਧਾਰਨ ਸ਼ਬਦਾਂ ਵਿਚ ਉਨ੍ਹਾਂ ਦਾ ਉਦੇਸ਼ ਭਾਰਤ ਵਿਚੋਂ ਬ੍ਰਿਟਿਸ਼ ਰਾਜ ਦਾ ਹਥਿਆਰਬੰਦ ਘੋਲ ਦੁਆਰਾ ਖਾਤਮਾ ਸੀ।

ਹਰ ਫੈਕਟਰੀ ਤੇ ਰੇਲਵੇ ਵਰਕਰਜ਼ ਵਿਚੋਂ ਪਾਰਟੀ ਨੇ ਆਪਣੀ ਕਮੇਟੀ ਦੀ ਸਿਲੈਕਸ਼ਨ ਕੀਤੀ ਜਿਹੜੀ ਸਿਧੇ ਤੌਰ ਤੇ ਗਦਰ ਪਾਰਟੀ ਦੇ ਹੈੱਡਕੁਆਟਰ ਥੱਲੇ ਕੰਮ ਕਰਦੀ। ਇਨ੍ਹਾਂ ਕਮੇਟੀਆਂ ਲਈ ਚੁਣੇ ਗਏ ਮੈਂਬਰਾਂ ਵਿਚੋਂ ਹੀ ਇੱਕ ਕਾਰਜਕਾਰੀ ਕਮੇਟੀ ਬਣਾਈ ਗਈ ਜਿਹੜੀ ਪਾਰਟੀ ਦੇ ਪੇਪਰ ਤੇ ਉਸਦੀ ਪਰੈਸ ਨੂੰ ਚਲਾਉਂਦੀ। ਗਦਰ ਪੇਪਰ ਨਿਕਲਣ ਲੱਗਾ। ਹਰ ਮੈਂਬਰ ਮਹੀਨੇ ਦਾ ਇੱਕ ਡਾਲਰ ਚੰਦਾ ਦਿੰਦਾ ਸੀ। ਇਸ ਕਾਰਜਕਾਰੀ ਕਮੇਟੀ ਵਿਚੋਂ ਤਿੰਨ ਮੈਂਬਰੀ ਸੈੱਲ ਬਣਾਇਆ ਗਿਆ ਜੋ ਰਾਜਨੀਤਕ ਤੇ ਖੁਫੀਆ ਕਾਰਵਾਈਆਂ ਦਾ ਨਿਰਣਾ ਕਰਦਾ। ਜਿਹੜੇ ਅਸੂਲ ਅਪਣਾਏ ਗਏ ਇਨ੍ਹਾਂ ਵਿਚੋਂ ਇੱਕ ਸੀ ਕਿ ਕੋਈ ਵੀ ਧਾਰਮਿਕ ਮੁੱਦਾ ਕਮੇਟੀ ਵਿਚ ਨਹੀ ਲਿਆਂਦਾ ਜਾਵੇਗਾ ਤੇ ਨਾ ਹੀ ਇਸ ਵਿਸ਼ੇ ਤੇ ਕੋਈ ਵਿਚਾਰ ਵਿਮਰਸ਼ ਕੀਤਾ ਜਾਵੇਗਾ। ਚੁਣੇ ਨੁਮਾਇੰਦਿਆਂ ਵਿਚ ਸਨ: ਬਾਬਾ ਸੋਹਣ ਸਿੰਘ ਭਕਨਾ(ਪ੍ਰਧਾਨ) ਭਾਈ ਕੇਸਰ ਸਿੰਘ ਠਾਠਗੜ੍ਹ(ਉਪ-ਪ੍ਰਧਾਨ) ਲਾਲਾ ਹਰਦਿਆਲ (ਜਨਰਲ ਸਕਤਰ) ਲਾਲਾ ਠਾਕੁਰ ਦਾਸ ਧੂਰੀ( ਜਾਇੰਟ ਸਕਤਰ) ਅਤੇ ਪੰਡਿਤ ਕਾਂਸ਼ੀ ਰਾਮ(ਖਜ਼ਾਨਚੀ)।

ਗਦਰ ਪੇਪਰ ਦਾ ਪਹਿਲਾ ਇਸ਼ੂ ਨਵੰਬਰ 1913 ਨੂੰ ਉਰਦੂ ਵਿਚ ਨਿਕਲਿਆ ਤੇ ਪੰਜਾਬੀ ਦਾ ਪੇਪਰ ਉਸਤੋਂ ਕੁਝ ਹਫਤੇ ਬਾਦ ਵਿਚ ਸ਼ੁਰੂ ਹੋਇਆ। ਪੇਪਰ ਦਾ ਹੈੱਡ ਕਵਰ ਜਿਹੜਾ ਪਹਿਲੇ ਸਫ਼ੇ ਤੇ ਹਾਇਲਾਈਟ ਹੋਇਆ ਹੁੰਦਾ ਉਸਦੀ ਇਬਾਰਤ ਸੀ 'ਬ੍ਰਿਟਿਸ਼ ਸਰਕਾਰ ਦੇ ਦੁਸ਼ਮਣ'। ਪੇਪਰ ਨੂੰ ਭਾਰਤੀ ਰਾਜਨੀਤਕ ਗੜ੍ਹਾਂ ਦੇ ਇਲਾਕੇ ਵਿਚ ਵੰਡਿਆ ਜਾਂਦਾ। ਅਮਰੀਕਾ ਵਿਚ ਵੈਸਟਰਨ ਕੋਸਟ, ਕੈਨੇਡਾ, ਫਿਲਪਾਈਨ, ਫਿਜ਼ੀ, ਸਮਾਟਰਾ, ਜਪਾਨ, ਸ਼ਿੰਗਾਈ, ਹਾਂਗਕਾਂਗ, ਹੈਂਕੋ, ਜਾਵਾ, ਸਿੰਗਾਪੁਰ, ਮਲਾਇਆ, ਸਿਆਮ, ਬਰਮਾ, ਇੰਡੀਆ ਤੇ ਈਸਟ ਅਫਰੀਕਾ। ਕਦੇ ਕਦੇ ਗਦਰ ਵਿਚ ਹੇਠ ਲਿਖੀਆਂ ਲਾਇਨਾਂ ਪ੍ਰਕਾਸ਼ਿਤ ਹੁੰਦੀਆਂ।

ਰੀਨੁਮੀਰੇਸ਼ਨ-ਡੈੱਥ

ਰਿਵਾਰਡ-ਮਾਰਟਾਇਡਮ

ਪੈਨਸ਼ਨ -ਫਰੀਡਮ

ਇਸਤੋਂ ਬਾਦ, ਹਿੰਦੀ, ਗੁਜਰਾਤੀ, ਪਸ਼ਤੋ, ਬੰਗਾਲੀ, ਅਤੇ ਨੇਪਾਲੀ ਐਡੀਸ਼ਨ ਵੀ ਸ਼ੁਰੂ ਕਰ ਲਏ ਗਏ। ਗਦਰ ਪੇਪਰ ਨੇ ਭਾਰਤੀਆਂ ਵਿਚ ਨਵੀ ਜਾਗਰਤੀ ਲੈ ਆਂਦੀ। ਨਵੀ ਰੂਹ ਫੂਕੀ ਗਈ। ਬ੍ਰਿਟਿਸ਼ ਸਰਕਾਰ ਨੇ ਹਰ ਸੰਭਵ ਤਰੀਕੇ ਨਾਲ ਇਸ ਨੂੰ ਬੰਦ ਕਰਵਾਉਣ ਦੀ ਵਾਹ ਲਾਈ, ਪਰ ਉਸਦੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਸਗੋਂ ਪੇਪਰ ਦਾ ਸਰਕੂਲੇਸ਼ਨ ਹੋਰ ਵੀ ਵਧ ਗਿਆ। ਇਸਦੇ ਨਾਲ ਹੀ ਖਰਚਾ ਵੀ ਵਧ ਗਿਆ। ਇਸਦੇ ਨਾਲ ਹੀ ਕਈ ਛੋਟੇ ਪੈਫੰਲਿਟਜ਼ ਵੀ ਛਾਪੇ ਜਾਂਦੇ ਜੋ ਜ਼ਿਆਦਾ ਪੰਜਾਬੀ ਵਿਚ ਹੀ ਹੁੰਦੇ, ਇਹ ਇਸਤਰ੍ਹਾਂ ਦੇ ਹੁੰਦੇ, ਫਰੰਗੀ ਦਾ ਫਰੇਬ, ਗਦਰ ਦੀ ਗੂੰਜ਼, ਜ਼ੁਲਮ!ਜ਼ੁਲਮ! ਗੋਰੇ ਸ਼ਾਹੀ ਜ਼ੁਲਮ, ਤਿਲਕ ਦੀ ਰਿਹਾਈ, ਨਵਾਂ ਜਮਾਨਾ, ਪੰਜਾਬੀ ਭਰਾਵਾਂ ਦੇ ਨਾਮ ਸੁਨੇਹਾ, ਵਰਗੇ ਪੈਂਫਲੈਟ ਛਾਪੇ ਤੇ ਵੰਡੇ ਜਾਂਦੇ । 'ਹਿੰਦੋਸਤਾਨੀ ਸਿਪਾਹੀ' ਛਾਪਿਆ ਗਿਆ ਤਾਂ ਕਿ ਭਾਰਤੀ ਫੌਜੀ ਸਿਪਾਹੀ ਨੂੰ ਬ੍ਰਿਟਿਸ਼ ਸਾਮਰਾਜ ਖਿਲਾਫ਼ ਭੜਕਾਇਆ ਜਾਵੇ। ‘ਬੰਦੇ ਮਾਤਰਮ' ਪਾਰਟੀ ਦਾ ਨਾਹਰਾ ਬਣ ਗਿਆ। ਗਦਰ ਪਾਰਟੀ ਦਾ ਪ੍ਰਧਾਨ ਤੇ ਹੋਰ ਮੋਹਤਬਰ ਮੈਂਬਰ ਅਕਸਰ ਭਾਰਤੀ ਗਰੁਪਾਂ ਕੋਲ ਜਾਂਦੇ ਤਾਂ ਕਿ ਉਨ੍ਹਾਂ ਨੂੰ ਅਜ਼ਾਦੀ ਦੇ ਅੰਦੋਲਨ ਲਈ ਲਾਮਬੰਦ ਕੀਤਾ ਜਾਵੇ।

ਬ੍ਰਿਟਿਸ਼ ਸਰਕਾਰ ਨੇ ਸੋਚਿਆ ਕਿ ਜੇ ਲਾਲਾ ਹਰਦਿਆਲ ਨੂੰ ਅਮਰੀਕਾ ਵਿਚੋਂ ਕਢਵਾ ਦਿੱਤਾ ਜਾਵੇ ਤਾਂ ਗਦਰ ਪਾਰਟੀ ਨੂੰ ਠੱਲ ਪਾਈ ਜਾ ਸਕਦੀ ਹੈ। ਇੱਕ ਭੜਕਾਉ ਸਪੀਚ ਦੇਣ ਦੇ ਸਬੰਧ ਵਿਚ ਲਾਲਾ ਹਰਦਿਆਲ ਨੂੰ ਅਮਰੀਕਾ ਪੁਲੀਸ ਵਲੋਂ ਗਰਿਫਤਾਰ ਕਰ ਲਿਆ ਗਿਆ, ਜਿਹੜੀ ਉਨ੍ਹਾਂ ਨੇ ਤਿੰਨ ਸਾਲ ਪਹਿਲਾਂ ਦਿੱਤੀ ਸੀ। ਪਾਰਟੀ ਨੇ ਲਾਲਾ ਹਰਦਿਆਲ ਦੀ ਜ਼ਮਾਨਤ ਕਰਵਾ ਲਈ ਤੇ ਉਨ੍ਹਾਂ ਨੂੰ ਅੰਦਰਖਾਤੇ ਸਵਿਟਜ਼ਰਲੈਂਡ ਭੇਜ਼ ਦਿੱਤਾ ਗਿਆ। ਇਸਤੋਂ ਬਾਦ ਲਾਲਾ ਹਰਦਿਆਲ ਗਦਰ ਅੰਦੋਲਨ ਵਿਚ ਹਿੱਸਾ ਨਹੀ ਲੈ ਸਕੇ। ਬਾਬਾ ਸੋਹਣ ਸਿੰਘ ਭਕਨਾ ਨੇ ਫੈਸਲਾ ਕੀਤਾ ਕਿ ਉਹ ਹੈੱਡਕੁਆਟਰ ਹੀ ਰਿਹਾ ਕਰਨਗੇ। ਭਾਈ ਸੰਤੋਖ ਸਿੰਘ ਜਨਰਲ ਸਕਤਰ ਬਣ ਗਏ। ਗਦਰ ਪੇਪਰ ਦੀ ਦੇਖ ਰੇਖ ਭਾਈ ਹਰਨਾਮ ਸਿੰਘ ‘ਕੋਟਲਾ ਨੌਧ ਸਿੰਘ ਵਾਲਾ‘ ਨੇ ਸੰਭਾਲ ਲਈ। ਪਾਰਟੀ ਦੀ ਪਲੈਂਨ ਚੀਂਨ ਜ਼ਰੀਏ ਕਸ਼ਮੀਰ ਦਾਖਲ ਹੋਣ ਦੀ ਸੀ। ਉਥੋਂ ਪੰਜਾਬ ਤੇ ਫਿਰ ਹੋਰ ਸੂਬੇ। ਮੈਂਬਰਾਂ ਨੇ ਹਥਿਆਰਾਂ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਬੰਬ ਬਨਾਉਣੇ ਸਿਖਣ ਲੱਗ ਪਏ। ਕਈਆ ਨੇ ਜਹਾਜ਼ ਚਲਾਉਣ ਦੀ ਟਰੇਨਿੰਗ ਵੀ ਲੈ ਲਈ। ਬੰਬ ਬਣਾਉਦਿਆਂ ਬੰਬ ਫਟ ਗਿਆ ਤੇ ਹਰਨਾਮ ਸਿੰਘ ਹੁਰਾਂ ਦਾ ਹੱਥ ਉਡ ਗਿਆ। ਉਸਤੋਂ ਬਾਦ ਉਨ੍ਹਾ ਦਾ ਨਾਮ ਹੀ ਪੈ ਗਿਆ, ‘ਹਰਨਾਮ ਸਿੰਘ ਟੁੰਡੀਲਾਟ‘।

ਪਾਰਟੀ ਨੇ ਜਪਾਨ ਵਿਚ ਬਹੁਤ ਪ੍ਰਭਾਵੀ ਤਰੀਕੇ ਨਾਲ ਪ੍ਰਚਾਰ ਕੀਤਾ ਇਸਦਾ ਕਾਰਣ ਮੌਲਵੀ ਬਰਕਤ ਉਲ੍ਹਾ ਸਨ ਜੋ ਟੋਕੀਉ ਯੂਨੀਵਰਸਿਟੀ ਵਿਚ ਪਰੋਫੈਸਰ ਸਨ। ਜਦੋਂ ਉਨ੍ਹਾ ਦੀ ਸ਼ਮੂਲੀਅਤ ਜੱਗ ਜ਼ਾਹਰ ਹੋ ਗਈ ਤੇ ਬ੍ਰਿਟਿਸ਼ ਸਰਕਾਰ ਨੇ ਉਨ੍ਹਾ ਨੂੰ ਯੂਨੀਵਰਸਿਟੀ ਵਿਚੋਂ ਹੀ ਕਢਵਾ ਦਿੱਤਾ ਤੇ ਸੈਨਫਰਾਂਸਿਸਕੋ ਆ ਗਏ। ਉਨ੍ਹਾਂ ਦੀ ਹਾਜ਼ਰੀ ਦਾ ਇਹ ਫਾਇਦਾ ਹੋਇਆ ਕਿ ਬਹੁਤ ਸਾਰੇ ਮੁਸਲਮਾਨ ਪਾਰਟੀ ਨਾਲ ਜੁੜ ਗਏ। ਮੌਲਵੀ

ਜੀ ਤੇ ਭਾਈ ਭਗਵਾਨ ਸਿੰਘ ਜੋੜੀ ਬਣਕੇ ਇੱਕਠੇ ਹੀ ਵਡੇ ਇਕਠਾਂ ਨੂੰ ਸੰਬੋਧਿਤ ਕਰਦੇ। ਇਸ ਨਾਲ ਅੰਦੋਲਨ ਤੇ ਬਹੁਤ ਹੀ ਸੇਹਤਮੰਦ ਪ੍ਰਭਾਵ ਪਿਆ।

ਹੁਣ ਇਹ ਕਈ ਦੇਸ਼ਾਂ ਵਿਚ ਵਿਚਰ ਰਿਹਾ ਸੀ। ਜਿਥੇ ਵੀ ਭਾਰਤੀ ਵਸੇ ਹੋਏ ਸਨ, ਮਨੀਲਾ, ਸਿੰਗਾਪੁਰ, ਹਾਂਗਕਾਂਗ, ਮਲਾਇਆ, ਸਿਆਮ, ਜਪਾਨ ਵਿਚ ਭਾਈ ਭਗਵਾਨ ਸਿੰਘ ਤੇ ਭਾਈ ਸੰਤੋਖ ਸਿੰਘ ਭਾਰਤੀਆ ਨਾਲ ਕੰਮ ਕਰਦੇ ਸਨ। ਕਈ ਭਾਰਤੀਆਂ ਨੂੰ ਐਸੀਆਂ ਕਾਰਵਾਈਆ ਲਈ ਮੁਲਕਾਂ ਵਿਚੋਂ ਕਢਿਆ ਵੀ ਗਿਆ। ਆਮਤੌਰ ਤੇ ਗੁਰਦੁਆਰੇ ਹੀ ਐਸੀਆਂ ਕਾਰਵਾਈਆਂ ਦਾ ਕੇਂਦਰ ਹੁੰਦੇ। ਕਈ ਵਾਰ ਪੁਲੀਸ ਗੁਰਦੁਆਰਿਆ ਨੂੰ ਆਪਣੇ ਕੰਟਰੋਲ ਵਿਚ ਲੈਕੇ ਇਨ੍ਹਾਂ ਕਾਰਵਾਈਆਂ ਨੂੰ ਚੈੱਕ ਵੀ ਕਰਦੇ। ਹਾਂਗਕਾਂਗ ਵਿਚ ਵਿਚਰ ਰਹੇ ਪੰਜਾਬੀ ਫੌਜੀ ਵੀ ਪ੍ਰਭਾਵਿਤ ਹੋ ਰਹੇ ਸਨ। ਹਾਂਗ ਕਾਂਗ ਦਾ ਲਖਪਤੀ ਹੀਰਾ ਸਿੰਘ ਨੇ ਗਦਰ ਪਾਰਟੀ ਦੀ ਬਹੁਤ ਮਦਦ ਕੀਤੀ।

ਕਾਮਾਗਾਟਾ ਮਾਰੂ ਦੀ ਘਟਨਾ ਨੇ ਅੱਗ ਤੇ ਪਾਏ ਤੇਲ ਦਾ ਕੰਮ ਕੀਤਾ। ਜਿਉਂ ਹੀ ਕਾਮਾਗਾਟਾ ਮਾਰੂ ਵਾਪਸ ਮੋੜ ਦਿੱਤਾ ਗਿਆ। ਗਦਰ ਪਾਰਟੀ ਨੇ ਜੋਸ਼ ਦਾ ਬਿਗਲ ਵਜਾ ਦਿੱਤਾ। ਜੁਲਾਈ 1914 ਨੂੰ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। 5 ਅਗਸਤ ਨੂੰ ਯੁਗਾਂਤਰ ਆਸ਼ਰਮ ਵਿਚ ਮੋਹਤਬਰ ਗਦਰੀਆਂ ਦੀ ਮੀਟਿੰਗ ਹੋਈ। ਮਾਮਲੇ ਨੂੰ ਡੂੰਘਾਈ ਨਾਲ ਵਿਚਾਰਿਆ ਗਿਆ ਤੇ ਬ੍ਰਿਟਿਸ਼ ਹਕੂਮਤ ਦੀ ਇਸ ਸੰਸਾਰ ਜੰਗ ਵਿਚ ਸ਼ਮੂਲੀਅਤ ਦੇ ਮੱਦੇ ਨਜ਼ਰ, ਸਥਿਤੀ ਦਾ ਫਾਇਦਾ ਉਠਾਉਣ ਦਾ ਫੈਸਲਾ ਕੀਤਾ ਗਿਆ। ਗਦਰੀਆਂ ਨੇ ਬ੍ਰਿਟਿਸ਼ ਖਿਲਾਫ਼ ਐਲਾਨੇ ਜੰਗ ਦਾ ਬਿਗਲ ਵਜਾ ਦਿੱਤਾ ਤੇ ਇੰਡੀਆ ਜਾਕੇ ਹਥਿਆਰ ਬੰਦ ਬਗਾਵਤ ਕਰਨ ਦਾ ਪ੍ਰਚਮ ਲਹਿਰਾ ਦਿੱਤਾ।

ਬਾਬਾ ਸੋਹਣ ਸਿੰਘ ਭਕਨਾ ਨੇ ਸਾਥੀਆਂ ਸਮੇਤ ਇੰਡੀਆ ਵਲ ਚਾਲੇ ਪਾ ਦਿੱਤੇ। 22 ਅਗਸਤ 1914 ਨੂੰ 26 ਭਾਰਤੀਆਂ ਦਾ ਪਹਿਲਾ ਗਰੁਪ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਤੋਂ ਚਲ ਪਿਆ। 29 ਅਗਸਤ ਨੂੰ 60-70 ਭਾਰਤੀਆਂ ਦਾ ਦੂਜਾ ਗਰੁਪ ਸੈਂਨਫਰਾਂਸਿਸਕੋ ਤੋਂ ਚਲ ਪਿਆ। ਦੂਜੇ ਸ਼ਿਪ ਵਿਚ ਭਾਈ ਕੇਸਰ ਸਿੰਘ, ਭਾਈ ਜਵਾਲਾ ਸਿੰਘ, ਭਾਈ ਨਿਧਾਨ ਸਿੰਘ, ਉਧਮ ਸਿੰਘ ਕਸੇਲ, ਅਤੇ ਪੰਡਿਤ ਜਗਤ ਰਾਮ ਸ਼ਾਮਲ ਸਨ। ਗਦਰ ਲੀਡਰਾਂ ਨੇ ਆਪਣੇ ਬਿਜ਼ਿਨਸ ਬੰਦ ਕਰ ਦਿੱਤੇ ਜੋ ਮਿਲਿਆ ਉਹੀ ਸਹੀ, ਸਭ ਔਣੇ ਪੌਣੇ ਵੇਚ ਦਿੱਤਾ। ਅਕਤੂਬਰ 1914 ਤੋਂ ਇੰਡੀਆ ਵੱਲ ਵਹੀਰਾਂ ਘਤ ਲਈਆਂ। ਇਹ ਗਦਰੀ ਅਮਰੀਕਾ, ਕੈਨੇਡਾ, ਚੀਨ, ਫਿਲਪਾਇਨ, ਸਿੰਗਾਪੁਰ, ਮਲਾਇਆ ਸੁਮਾਟਰਾ, ਹਾਂਗ ਕਾਂਗ ਤੇ ਕੁਝ ਹੋਰ ਦੇਸ਼ਾਂ ਤੋਂ ਇੰਡੀਆ ਦਾਖਲ ਹੋ ਰਹੇ ਸਨ। ਇਨ੍ਹਾ ਵਿਚ ਗਦਰੀ ਔਰਤਾਂ ਵੀ ਸ਼ਾਮਲ ਸਨ ਜਿਵੇਂ ਬੀਬੀ ਗੁਲਾਬ ਕੌਰ ਜਿਹੜੇ ਪੰਜਾਬ ਦੇ ਸੰਗਰੂਰ ਜਿਲ੍ਹੇ ਦੇ ਪਿੰਡ ਬਖਸ਼ੀਵਾਲਾ ਦੇ ਸਨ। ਹੁਣ ਉਹ ਮਨੀਲਾ ਤੋਂ ਆ ਰਹੇ ਸਨ। ਬੀਬੀ ਗੁਲਾਬ ਕੌਰ ਦੀ ਸਪੀਚ ਸੁਣਨ ਵਾਲਿਆਂ ਨੂੰ ਬੰਨ ਕੇ ਰੱਖ ਦਿੰਦੀ ਸੀ।

ਸਰਕਾਰ ਦੇ ਰਿਕਾਰਡ ਮੁਤਾਬਕ, 2312 ਭਾਰਤੀ ਗਦਰੀ, ਅਕਤੂਬਰ 13, 1914 ਤੋਂ ਲੈਕੇ 25 ਫਰਵਰੀ 1915 ਤੱਕ ਬਾਹਰਲੇ ਮੁਲਕਾਂ ਤੋਂ ਭਾਰਤ ਵਿਚ ਦਾਖਲ ਹੋਏ। ਇਨ੍ਹਾ ਦਾ ਆਉਣਾ1916 ਤੱਕ ਜਾਰੀ ਰਿਹਾ ਉਦੋਂ ਤੱਕ ਇਹ ਗਿਣਤੀ ਅੱਠ ਹਜ਼ਾਰ

ਤੋਂ ਟਪ ਚੁੱਕੀ ਸੀ। ਪਰ ਇਹ ਸੰਭਵ ਹੈ ਕਿ ਗਦਰੀਆਂ ਦੀ ਅਸਲ ਗਿਣਤੀ, ਸਰਕਾਰੀ ਗਿਣਤੀ ਤੋਂ ਕਿਤੇ ਵਧ ਸੀ।

ਬ੍ਰਿਟਿਸ਼ ਸਰਕਾਰ ਇਸ ਪੱਖੋਂ ਅਵੇਸਲੀ ਨਹੀ ਸੀ। ਸਰਕਾਰ ਨੇ 5 ਸਤੰਬਰ 1914 ਨੂੰ ਇੱਕ ਆਰਡੀਨੈਂਸ ਜਾਰੀ ਕੀਤਾ। ਆਰਡੀਨੈਂਸ ਰਾਹੀਂ ਸੂਬਿਆਂ ਨੂੰ ਵਿਸ਼ੇਸ਼ ਅਧਿਕਾਰ ਦਿੱਤਾ ਕਿ ਉਹ ਦਾਖਲ ਹੋਣ ਵਾਲੇ ਇਨ੍ਹਾ ਭਾਰਤੀਆਂ ਲਈ ਜਿਵੇਂ ਮਰਜ਼ੀ ਪ੍ਰਭਾਵੀ ਤਰੀਕੇ ਨਾਲ ਸਲੂਕ ਕਰਨ ਤੇ ਯਕੀਨੀ ਬਨਾਉਣ ਕਿ ਕੋਈ ਖਤਰਾ ਨਾ ਰਹੇ। ਬਹੁਤ ਸਾਰੇ ਗਦਰੀ ਬੰਦਰਗਾਹਾਂ ਤੇ ਫੜ ਲਏ ਗਏ, ਖਾਸ ਤੌਰ ਤੇ ਕਲਕਤਾ ਬੰਦਰਗਾਹ ਤੇ। ਉਨ੍ਹਾਂ ਨੂੰ ਹਦਾਇਤ ਸੀ ਕਿ  ਉਹ ਸੈਂਟਰਲ ਇਨੰਕੁਆਰੀ ਔਫਿਸ ਲੁਧਿਆਣਾ ਰਿਪੋਰਟ ਕਰਨ। ਕਈਆ ਨੂੰ ਗਰਿਫਤਾਰ ਕਰਕੇ ਡਿਟੈਂਨਸ਼ਨ ਸੈਂਟਰ ਭੇਜ਼ ਦਿੱਤਾ ਗਿਆ। ਡਿਟੈਂਨਸ਼ਨ ਸੈਂਟਰ ਜਾਣ ਵਾਲਿਆਂ ਵਿਚ ਸੋਹਣ ਸਿੰਘ ਭਕਨਾ ਵੀ ਸਨ। ਜਿਹੜੇ ਪਕੜੇ ਗਏ ਉਨ੍ਹਾਂ ਵਿਚੋਂ 2500 ਗਦਰੀਆਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਹੀ ਸੀਮਤ ਕਰ ਦਿੱਤਾ ਗਿਆ। ਅਗਲੇ ਹੁਕਮ ਤਕ ਉਹ ਪਿੰਡੋਂ ਬਾਹਰ ਨਹੀ ਜਾ ਸਕਦੇ ਸੀ। 400 ਗਦਰੀਆਂ ਨੂੰ ਖਤਰਨਾਕ ਸਮਝਦੇ ਹੋਏ ਡਿਟੈਨਸ਼ਨ ਸੈਂਟਰ ਵਿਚ ਰਖਿਆ ਗਿਆ। 5000 ਨੂੰ ਚੇਤਾਵਨੀ ਦੇਕੇ ਛੱਡ ਦਿੱਤਾ ਗਿਆ।

ਗਦਰੀ ਲੀਡਰਾਂ ਦੇ ਫੜੇ ਜਾਣ ਨਾਲ ਸਾਰੀ ਸਕੀਮ ਧਰੀ ਧਰਾਈ ਰਹਿ ਗਈ। ਪਰ ਪਾਰਟੀ ਨੇ ਹੌਂਸਲਾ ਨਹੀ ਛਡਿਆ। ਨਵੇਂ ਲੀਡਰ ਅੱਗੇ ਆ ਗਏ ਤੇ ਅੰਦੋਲਨ ਦੀ ਨਵੇਂ ਸਿਰਿਉਂ ਵਿਉਂਤਬਦੀ ਕੀਤੀ ਗਈ। ਆਪਣਾ ਹੈੱਡਕੁਆਟਰ ਅੰਮ੍ਰਿਤਸਰ ਬਣਾ ਲਿਆ। ਬਾਦ ਵਿਚ ਲਾਹੌਰ ਤਬਦੀਲ ਕਰ ਲਿਆ। ਪਾਰਟੀ ਨੇ ਨਵੀਂ ਪਰੈਸ ਸਥਾਪਿਤ ਕਰ ਲਈ ਅਤੇ ਛੋਟੇ ਪੈਂਫਲਿਟ ਕਢਣੇ  ਸ਼ੁਰੂ ਕਰ ਦਿੱਤੇ ਜਿਵੇਂ: ਗਦਰ ਸੰਦੇਸ਼, ਐਲਾਨੇ-ਜੰਗ, ਤਿਲਕ, ਨਦਰ ਮੌਕਾ, ਰਿਕਾਬਗੰਜ, ਕੈਨੇਡਾ ਦਾ ਦੁਖੜਾ, ਨੌਜਵਾਨੋ ਉਠੋ, ਸੱਚੀ ਪੁਕਾਰ, ਅਤੇ ਇਸਤਰ੍ਹਾ ਹੀ ਕੁਝ ਹੋਰ। ਇਹ ਪੈਂਫਲਿਟ ਪੰਜਾਬੀ, ਹਿੰਦੀ ਤੇ ਉਰਦੂ ਵਿਚ ਛਾਪੇ ਜਾਂਦੇ ਤੇ ਪਬਲਿਕ ਤੇ ਫੌਜ ਵਿਚ ਵੰਡੇ ਜਾਂਦੇ। ਪਾਰਟੀ ਨੇ ਆਪਣਾ ਝੰਡਾ ਵੀ ਬਣਾ ਲਿਆ ਜਿਸ ਵਿਚ ਲਾਲ, ਪੀਲਾ ਤੇ ਹਰਾ ਰੰਗ ਸੀ। ਡਾਕਟਰ ਮਥਰਾ ਸਿੰਘ ਬੰਬ ਬਨਾਉਣ ਵਾਲੀਆਂ ਫੈਕਟਰੀਆਂ ਦੀ ਨਿਗਰਾਨੀ ਕਰਦੇ।

ਪਾਰਟੀ ਨੇ ਵਿਦਿਆਰਥੀਆਂ ਨਾਲ ਰਾਬਤਾ ਕਾਇਮ ਕੀਤਾ। ਉਨ੍ਹਾਂ ਫੌਜੀਆਂ ਨਾਲ ਵੀ ਰਾਬਤਾ ਕਾਇਮ ਕੀਤਾ, ਖਾਸ ਤੌਰ ਤੇ ਮੀਆਂ ਮੀਰ (ਲਾਹੌਰ)ਦੇ ਫੌਜੀ ਅੱਡੇ ਦੇ ਫੌਜੀਆਂ ਨਾਲ। ਇਸਤੋਂ ਬਾਦ ਇਹ  ਜਲੰਧਰ, ਫਿਰੋਜ਼ਪੁਰ, ਪੇਸ਼ਾਵਰ, ਜੇਹਲਮ, ਰਾਵਲਪਿੰਡੀ, ਮਰਦਾਨ, ਕੋਹਾਟ, ਬਾਨੂ, ਅੰਬਾਲਾ, ਮੇਰਟ, ਕਾਨਪੁਰ ਤੇ ਕਾਨਪੁਰ ਦੀਆਂ ਛਾਉਣੀਆਂ ਤੱਕ ਵੀ ਪਹੁੰਚ ਕਰਨ ਲੱਗੇ। ਭਾਰਤੀ ਫੌਜੀਆਂ ਦੀ ਇਨ੍ਹਾ ਨਾਲ ਹਮਦਰਦੀ ਸੀ। ਬਹੁਤ ਪਾਰਟੀ ਕਾਰਕੁਨ ਫੌਜ ਵਿਚ ਭਰਤੀ ਹੋ ਗਏ ਤਾਂ ਕਿ ਹਥਿਆਰ ਪ੍ਰਾਪਤ ਕੀਤੇ ਜਾ ਸਕਣ।

ਬੰਗਾਲ ਦੇ ਕਰਾਂਤੀਕਾਰੀਆਂ ਨਾਲ ਰਾਬਤਾ ਕੀਤਾ ਗਿਆ ਜਿਵੇਂ ਰਾਸ਼ ਬਿਹਾਰੀ ਬੋਸ, ਸਚਿਨ ਸਨਿਆਲ, ਵਿਸ਼ਨੂੰ ਗਣੇਸ਼ ਪਿੰਗਲੇ। ਪਿੰਗਲੇ ਖਾਸ ਤੌਰ ਤੇ ਗਦਰੀ ਤੇ ਬੰਗਾਲੀ ਕਰਾਂਤੀਕਾਰੀਆਂ ਵਿਚ ਕੜੀ ਦਾ ਕੰਮ ਕਰਨ ਲੱਗਾ। ਲਹਿਰ ਨੂੰ ਇੰਡੀਆ ਵਿਚ

ਪੈਸੇ ਦੀ ਘਾਟ ਮਹਿਸੂਸ ਹੋਣ ਲਗੀ। ਬਾਹਰਲੇ ਮੁਲਕਾਂ ਵਾਂਗ ਪੈਸੇ ਅਸਾਨੀ ਨਾਲ ਇੱਕਠੇ ਨਹੀਂ ਹੋ ਰਹੇ ਸਨ। ਖਰਚੇ ਵਧ ਸਨ। ਨਵੀਆਂ ਬਰਾਚਾਂ, ਇਧਰ ਉਧਰ ਘੁੰਮਣਾ, ਹਥਿਆਰਾਂ ਦੀ ਖਰੀਦਦਾਰੀ ਤੇ ਪਰੈਸ ਦੇ ਖਰਚਿਆਂ ਨੇ ਆਰਥਿਕ ਸੰਕਟ ਖੜਾ ਕਰ ਦਿੱਤਾ। ਪਾਰਟੀ ਕੋਲ ਹੋਰ ਕੋਈ ਰਾਹ ਨਹੀ ਸੀ ਕਿ ਉਹ ਰਾਜਨੀਤਕ ਕਾਰਵਾਈਆਂ ਲਈ ਫੰਡ ਇਕਠਾ ਕਰਨ ਲਈ ਕੁਝ ਲੁਟ ਮਾਰ ਕਰਦੇ।

ਸਾਰੀਆਂ ਤਿਆਰੀਆਂ ਹੋ ਗਈਆਂ। 12 ਫਰਵਰੀ, 1915 ਨੂੰ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ ਹੋਈ ਅਤੇ 21 ਫਰਵਰੀ ਨੂੰ ਬਗਾਵਤ ਸ਼ੁਰੂ ਕਰਨ ਦਾ ਦਿਨ ਮਿੱਥ ਲਿਆ ਗਿਆ। ਸਕੀਮ ਮੁਤਾਬਕ ਇਕੋ ਵੇਲੇ ਮੀਆਂ ਮੀਰ ਤੇ ਫਿਰੋਜ਼ਪੁਰ ਛਾਉਣੀ ਤੇ ਹੱਲਾ ਬੋਲਕੇ ਛਾਉਣੀ ਤੇ ਕਬਜਾ ਕਰਨਾ ਸੀ। ਉਸਤੋਂ ਬਾਦ ਮੇਰਟ ਛਾਉਣੀ ਤੇ ਫਿਰ ਦਿਲੀ ਵਲ ਕੂਚ ਕਰਨਾ ਸੀ। ਉਤਰੀ ਭਾਰਤ ਦੀਆਂ ਛਾਉਣੀਆਂ ਦੇ ਕਈ ਯੂਨਿਟਾਂ ਦੀ ਬਗਾਵਤ ਵਿਚ ਸ਼ਾਮਲ ਹੋਣ ਦੀ ਆਸ ਸੀ।

ਬ੍ਰਿਟਿਸ਼ ਸਰਕਾਰ ਦੇ ਸੂਹੀਏ ਹਰ ਜਗ੍ਹਾ ਸਨ। ਰੇਲਵੇ ਸਟੇਸ਼ਨ, ਸ਼ਹਿਰ ਤੇ ਮਹਤਵ ਪੂਰਨ ਪਿੰਡ ਉਨ੍ਹਾਂ ਦੀ ਨਿਗਰਾਨੀ ਵਿਚ ਸਨ। ਪਿੰਡਾਂ ਦੇ ਲੰਬਰਦਾਰ, ਜ਼ੈਲਦਾਰ ਤੇ ਹੋਰ ਪਿੰਡਾਂ ਦੇ ਚੌਧਰੀਆਂ ਨੂੰ ਚੌਕਸ ਰਹਿੰਣ ਲਈ ਕਿਹਾ ਗਿਆ ਸੀ ਤੇ ਹਰ ਹਰਕਤ ਬਾਰੇ ਸਰਕਾਰ ਨੂੰ ਸੂਚਿਤ ਕਰਨ ਲਈ ਕਿਹਾ ਗਿਆ ਸੀ। ਸਰਕਾਰ ਨੇ ਗਦਰ ਪਾਰਟੀ ਦੇ ਵਿਚ ਵੀ ਆਪਣੇ ਮੁਖਬਰ ਤਾਇਨਾਤ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ ਸੀ। ਗਦਰ ਪਾਰਟੀ ਦੀ ਨਵੀਂ ਲੀਡਰਸ਼ਿਪ ਆਉਣ ਤੋਂ ਪਹਿਲਾਂ ਹੀ ਸਰਕਾਰ ਨੂੰ ਉਨ੍ਹਾ ਦੀਆਂ ਨੀਤੀਆਂ ਦਾ ਪਤਾ ਸੀ ਤੇ ਸਰਕਾਰ ਉਨ੍ਹਾ ਦਾ ਪ੍ਰਭਾਵੀ ਤੌਰ ਤੇ ਮੁਕਾਬਲਾ ਕਰਨ ਦੀ ਸਥਿਤੀ ਵਿਚ ਸੀ। ਇਤਨੀ ਨਿਗਰਾਨੀ ਦੇ ਬਾਵਜੂਦ ਵੀ ਗਦਰੀਆ ਨੇ ਪੰਜਾਬ ਵਿਚ ਕਈ ਪੁਲੀਸ ਵਾਲੇ ਤੇ ਮੁਖਬਰ ਮਾਰ ਮੁਕਾਏ ਸਨ। ਟਰੇਨਾਂ ਨੂੰ ਲੀਹੋਂ ਲਾਹੁਣ ਤੇ ਪੁਲਾਂ ਨੂੰ ਉਡਾਉਣ ਦੀਆਂ ਕਈ ਅਸਫਲ ਕੋਸ਼ਿਸ਼ਾਂ ਕੀਤੀਆਂ ਸਨ। ਬੰਬ ਬਨਾਉਣ ਵਾਲੀਆਂ ਫੈਕਟਰੀਆਂ ਵੀ ਸਥਾਪਿਤ ਕਰ ਲਈਆਂ ਸਨ। ਇਸ ਸਭ ਤੋਂ ਸਰਕਾਰ ਭੈਭੀਤ ਵੀ ਸੀ ਤੇ ਸਮਝਦੀ ਸੀ ਕਿ ਉਹ ਇੱਕ ਬਾਰੂਦ ਦੇ ਢੇਰ ਤੇ ਬੈਠੀ ਹੈ।

ਜਦੋਂ ਪਾਰਟੀ ਨੂੰ ਪਤਾ ਲੱਗਾ ਕਿ ਨਿਸਚਿਤ ਦਿਨ ਬਾਰੇ ਸੂਚਨਾ ਲੀਕ ਹੋ ਚੁੱਕੀ ਹੈ ਤਾਂ ਉਨ੍ਹਾਂ ਨੇ ਤਰੀਕ ਬਦਲ ਕੇ 19 ਫਰਵਰੀ ਕਰ ਲਈ, ਪਰ ਇਹ ਤਰੀਕ ਵੀ ਗਦਾਰ ਕ੍ਰਿਪਾਲ ਸਿੰਘ ਰਾਹੀਂ ਪੁਲੀਸ ਤਕ ਪਹੁੰਚ ਗਈ। ਪੁਲੀਸ ਨੇ ਗਦਰੀਆਂ ਦੇ ਲਾਹੌਰ ਵਿਚਲੇ ਚਾਰ ਹੈਡਕੁਆਟਰਾਂ ਤੇ ਛਾਪਾ ਮਾਰਿਆ ਤੇ 13 ਬਹੁਤ ਹੀ ਖਤਰਨਾਕ ਕਰਾਂਤੀਕਾਰੀਆਂ ਨੂੰ ਗਰਿਫਤਾਰ ਕਰ ਲਿਆ। ਸਾਰੀਆਂ ਛਾਉਣੀਆਂ ਨੂੰ ਸੂਚਨਾ ਦੇ ਦਿੱਤੀ ਗਈ ਤੇ ਖਾਸ ਤੌਰ ਤੇ ਭਾਰਤੀ ਫੌਜੀਆਂ ਤੇ ਤਿੱਖੀ ਨਜ਼ਰ ਰਖ ਲਈ। ਉਨ੍ਹਾਂ ਦੀ ਹਰ ਹਰਕਤ ਵਾਚੀ ਗਈ ਤੇ ਕਈ ਫੌਜੀਆਂ ਤੋਂ ਹਥਿਆਰ ਵੀ ਖੋਹ ਲਏ ਗਏ। ਸਾਰੇ ਪੰਜਾਬ ਵਿਚ ਇਹ ਫੜੋ ਫੜੀ ਸ਼ੁਰੂ ਹੋ ਗਈ। ਰਾਸ ਬਿਹਾਰੀ ਬੋਸ ਲਾਹੌਰ ਸੀ। ਕਰਤਾਰ ਸਿੰਘ ਸਰਾਭਾ ਨੇ ਉਸਨੂੰ ਲਾਹੌਰ ਤੋਂ ਵਾਰਾਨਸੀ ਭਜਣ ਦਾ ਪ੍ਰਬੰਧ ਕੀਤਾ। ਵਿਸ਼ਨੂੰ ਗਣੇਸ਼ ਪਿੰਗਲੇ 23 ਮਾਰਚ 1915 ਨੂੰ

ਮੇਰਟ ਤੋਂ ਗਰਿਫਤਾਰ ਕਰ ਲਿਆ ਗਿਆ। ਸਾਰੇ ਗਦਰੀ ਲੀਡਰ ਲਾਹੌਰ ਜੇਲ੍ਹ ਵਿਚ ਡੱਕ ਦਿੱਤੇ ਗਏ।

ਪੰਜਾਬ ਸਰਕਾਰ ਦੇ ਕਹਿੰਣ ਤੇ ਭਾਰਤ ਸਰਕਾਰ ਨੇ ਡਿਫੈਂਸ ਇੰਡੀਆ ਐਕਟ ਥੱਲੇ ਪੰਜਾਬ ਸਰਕਾਰ ਨੂੰ ਅਥਾਹ ਤਾਕਤਾਂ ਦੇ ਦਿੱਤੀਆਂ। ਪੰਜਾਬ ਸਰਕਾਰ ਨੇ ਤਿੰਨ ਜੱਜਾਂ ਦਾ ਇੱਕ ਟਰਬਿਊਨਲ ਬਣਾਇਆ। ਤਿੰਨ ਜੱਜਾਂ ਵਿਚੋਂ ਇੱਕ ਭਾਰਤੀ ਸੀ। ਗਦਰੀਆਂ ਤੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਮੁਕਦਮਾ ਸ਼ੁਰੂ ਹੋਇਆ। ਇਸਤਰ੍ਹਾਂ ਸਰਕਾਰ ਨੇ ਬਗਾਵਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਸਲ ਦਿੱਤੀ।

ਸਪੈਸ਼ਲ ਟਰਬਿਊਨਲ ਨੇ ਜਿਹੜਾ ਮੁਕਦਮਾ ਸ਼ੁਰੂ ਕੀਤਾ ਉਹ ਲਾਹੌਰ ਕਾਨਸੀਪਰੇਸੀ ਕੇਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮੁਕਦਮਾ ਬੈਚਾਂ ਵਿਚ ਚਲਿਆ। ਪਹਿਲੇ ਬੈਚ ਦਾ ਮੁਕਦਮਾ 26 ਅਪ੍ਰੈਲ 1915 ਨੂੰ ਸ਼ੁਰੂ ਹੋਇਆ। 291 ਵਿਅਕਤੀਆ ਤੇ ਮੁਕਦਮਾ ਚਲਿਆ ਜਿਨ੍ਹਾ ਵਿਚੋਂ 42 ਨੂੰ ਫਾਂਸੀ, 114 ਨੂੰ ਉਮਰ ਕੈਦ ਤੇ 93 ਨੂੰ ਵਖੋ ਵਖਰੀ ਸਜਾ ਮਿਲੀ। 42 ਵਿਅਕਤੀਆ ਨੂੰ ਛਡ ਦਿੱਤਾ ਗਿਆ। ਬਹੁਤ ਸਾਰਿਆਂ ਦੀ ਜਾਇਦਾਦ ਕੁਰਕ ਕਰ ਲਈ ਗਈ। ਕਿਸੇ ਨੇ ਵੀ ਸਜ਼ਾ ਵਿਰੁਧ ਅਪੀਲ ਨਹੀ ਕੀਤੀ। ਜਿਨ੍ਹਾਂ ਨੂੰ ਫਾਂਸੀ ਹੋਈ ਉਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਜਗਤ ਸਿੰਘ(ਸੁਰਸਿੰਗ)ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ(ਸਿਆਲਕੋਟੀ)ਬਖਸ਼ੀਸ਼ ਸਿੰਘ (ਈਸ਼ਰ ਸਿੰਘ ਦਾ ਪੁੱਤਰ)ਭਾਈ ਬਲਵੰਤ ਸਿੰਘ (ਖੁਰਦਪੁਰ)ਬਾਬੂ ਰਾਮ, ਹਰਨਾਮ ਸਿੰਘ, ਹਾਫਿਜ਼ ਅਬਦੁਲਾ, ਤੇ ਅਰੂੜ ਸਿੰਘ(ਸੰਗਵਾਲ)ਸਨ।

ਹਾਲਾਤਾਂ ਦੇ ਮੱਦੇ-ਨਜ਼ਰ ਫੌਜ਼ ਦੀਆ ਜਿਨ੍ਹਾਂ ਯੂਨਿਟਾਂ ਨੇ ਬਗਾਵਤ ਵਿਚ ਸ਼ਾਮਲ ਹੋਣ ਦੀ ਹਾਮੀ ਭਰੀ ਸੀ, ਨੇ ਚੁੱਪ ਵਟ ਲਈ। ਪਰ ਕੁਝ ਯੁਨਿਟਾਂ ਜਿਵੇਂ 26 ਪੰਜਾਬੀ, 7 ਰਾਜਪੂਤ, 12 ਕੈਵੇਲਰੀ, 23 ਕੈਵੇਲਰੀ, 128 ਪਾਏਨੀਰਜ਼, ਮਲਾਇਆ ਸਟੇਟ ਗਾਇਡਜ਼, 23 ਮਾਊਂਟੇਨ ਬੈਟਰੀ, 24 ਜੱਟ ਅਰਟਿਲਰੀ, 15 ਲੈਂਸਰਜ਼, 22 ਮਾਊਟੇਂਨ ਬੈਟਰੀ, 130 ਬਲੋਚ ਤੇ 21 ਪੰਜਾਬੀ ਖੁਲੇ ਰੂਪ ਵਿਚ ਬਾਹਰ ਆ ਗਏ ਸਨ। 5 ਲਈਟ ਐਨਫੈਂਟਰੀ ਦੇ 700 ਜਵਾਨ ਜੋ ਸਿੰਗਾਪੁਰ ਵਿਚ ਤਾਇਨਾਤ ਸਨ ਨੇ 15 ਫਰਵਰੀ ਨੂੰ ਬਗਾਵਤ ਕੀਤੀ ਤੇ ਕਿਲ੍ਹੇ ਤੇ ਕਬਜਾ ਵੀ ਕਰ ਲਿਆ ਸੀ। ਬ੍ਰਿਟਿਸ਼ ਫੌਜੀਆਂ ਨੇ ਇਨ੍ਹਾ ਬਗਾਵਤੀ ਫੌਜੀਆਂ ਤੋਂ ਹਥਿਆਰ ਸੁਟਵਾ ਦਿੱਤੇ। 126 ਜਵਾਨਾਂ ਦਾ ਕੋਰਟ ਮਾਰਸ਼ਲ ਹੋਇਆ ਜਿਸ ਅਨੁਸਾਰ 37 ਨੂੰ ਮੌਤ ਦੀ ਸਜਾ, 41 ਨੂੰ ਉਮਰ ਕੈਦ ਤੇ ਬਾਕੀਆ ਨੂੰ ਵਖੋ ਵਖਰੀ ਸਜਾ ਹੋਈ।

ਦੂਸਰੇ ਯੁਨਿਟਾਂ ਦੇ ਫੌਜੀਆ ਦੀ ਸਜਾ ਇੰਝ ਹੈ। 23 ਕਵੈਲਰੀ ਦੇ ਜਵਾਨਾਂ ਵਿਚੋਂ 12 ਨੂੰ ਮੌਤ ਦੀ ਸਜ਼ਾ, 6 ਨੂੰ ਉਮਰ ਕੈਦ। 12 ਕੈਵੇਲਰੀ ਦੇ 4 ਜਵਾਨਾਂ ਨੂੰ ਮੌਤ ਦੀ ਸਜਾ, 130 ਬਲੋਚ ਦੇ ਚਾਰ ਜਵਾਨਾਂ ਨੂੰ ਫਾਂਸੀ ਤੇ 59 ਨੂੰ ਉਮਰ ਕੈਦ, 128 ਪਾਇਨੀਰ ਦੇ ਇੱਕ ਜਵਾਨ ਨੂੰ ਮੌਤ ਦੀ ਸਜ਼ਾ ਹੋਈ।

ਪਾਰਟੀ ਕਾਰਕੁੰਨ ਭਾਰਤੀ ਫੌਜੀਆਂ ਨੂੰ ਜਾਗਰਿਤ ਕਰਨ ਲਈ ਇਰਾਨ ਤੇ ਇਰਾਕ ਵੀ ਗਏ ਤਾਂ ਕਿ ਸੰਸਾਰ ਜੰਗ ਦੌਰਾਨ ਬ੍ਰਿਟਿਸ਼ ਗੁਲਾਮੀ ਤੋਂ ਛੁਟਕਾਰਾ ਪਾਇਆ

ਜਾ ਸਕੇ। ਟਰਕੀ ਦੇ ਭਾਰਤੀ ਕੈਦੀਆਂ ਤੱਕ ਵੀ ਪਹੁੰਚ ਕੀਤੀ ਗਈ। ਇਰਾਨ ਵਿਚ ਤਾਂ ਇੰਡੀਅਨ ਇੰਨਡੀਪੈਂਨਡੈਸ ਆਰਮੀ ਵੀ ਖੜੀ ਕਰ ਲਈ ਗਈ। ਆਰਮੀ ਬਲੋਚਿਸਤਾਨ ਵਲ ਵਧੀ ਤੇ ਰਸਤੇ ਵਿਚ ਕਿਰਮਨਸ਼ਾਹ ਤੇ ਕਬਜਾ ਕਰ ਲਿਆ। ਤਦ ਉਹ ਕਰਾਚੀ ਵਲ ਵਧੇ ਪਰ ਇਸੇ ਦੌਰਾਨ ਟਰਕੀ ਹਾਰ ਗਿਆ ਤੇ ਬ੍ਰਟੇਨ ਨੇ ਬਗਦਾਦ ਤੇ ਕਬਜਾ ਕਰ ਲਿਆ। ਇਸਤਰ੍ਹਾਂ ਇੰਨਡੀਅਨ ਇੰਨਡੀਪੈਂਡਸ ਆਰਮੀ ਆਪਣਾ ਅਧਾਰ ਗਵਾ ਬੈਠੀ ਤੇ ਲੜਾਈ ਹਾਰ ਗਈ।

ਗਦਰ ਪਾਰਟੀ ਨੇ ਜਰਮਨ, ਟਰਕੀ, ਅਫਗਾਨਿਸਤਾਨ, ਚੀਨ ਤੇ ਕੁਝ ਹੋਰ ਦੇਸ਼ਾਂ ਨਾਲ ਗਲਬਾਤ ਕੀਤੀ। ਪਰ ਬਹੁਤੀ ਮਦਦ ਨਹੀ ਮਿਲ ਸਕੀ। ਜਰਮਨੀ ਨੂੰ ਗਦਰ ਪਾਰਟੀ ਨਾਲ ਹਮਦਰਦੀ ਸੀ ਪਰ ਕਈ ਮੌਕਿਆਂ ਤੇ ਹਥਿਆਰ ਤੇ ਪੈਸਿਆ ਦੀ ਕੁਝ ਮਦਦ ਕੀਤੀ ਪਰ ਇਹ ਪਾਰਟੀ ਤਕ ਪਹੁੰਚ ਨਹੀ ਪਾਈ। ਮਸਲਨ 5000 ਰਿਵਾਲਵਰ ਹੈਨਰੀ ਐਸ ਸ਼ਿਪ ਤੇ ਲਦੇ ਜਿਹੜਾ ਮਨੀਲਾ ਤੋਂ ਚਲਿਆ ਪਰ ਰਾਹ ਵਿਚ ਹੀ ਬ੍ਰਿਟੇਨ ਨੇ ਫੜ ਲਿਆ।

ਪਹਿਲੀ ਸੰਸਾਰ ਜੰਗ ਵਿਚ ਬਹੁਤ ਸਾਰੇ ਕਰਾਂਤੀਕਾਰੀ ਬਹੁਤ ਸਾਰੇ ਮੁਲਕਾਂ ਤੋਂ ਸਵਿਟਜ਼ਰਲੈਂਡ ਪਹੁੰਚੇ ਜਿਹੜਾ ਨਿਰਪੱਖ ਦੇਸ਼ ਸੀ। ਭਾਰਤੀਆਂ ਨੇ ਉਥੇ ਇੰਡੀਅਨ ਰੈਵੋਲੂਸ਼ਨਰੀ ਸੁਸਾਇਟੀ ਬਣਾਈ ਇਸਨੂੰ ਬਰਲਿਨ-ਇੰਡੀਆ ਕਮੇਟੀ ਵੀ ਕਿਹਾ ਜਾਂਦਾ ਸੀ। ਸੁਸਾਇਟੀ ਨੇ ਕਾਬੁਲ ਵਿਚ ਜਲਾਵਤਨ ਸਰਕਾਰ ਵੀ ਬਣਾਈ ਪਰ ਇਸਦਾ ਭਾਰਤੀ ਪਬਲਿਕ ਨਾਲ ਸਬੰਧ ਸਥਾਪਿਤ ਨਾ ਹੋ ਸਕਿਆ। ਗਦਰ ਪਾਰਟੀ ਨੇ ਸੁਸਾਇਟੀ ਨਾਲ ਸਬੰਧ ਸਥਾਪਿਤ ਕੀਤਾ ਤੇ ਦੋਵੇਂ ਇਸ ਗੱਲ ਤੇ ਰਾਜ਼ੀ ਹੋਏ ਕਿ ਉਹ ਇੱਕ ਦੂਜੇ ਦੀ ਮਦਦ ਕਰਨਗੇ। ਜਰਮਨੀ ਨੇ ਸੁਸਾਇਟੀ ਨੂੰ ਆਰਥਿਕ ਮਦਦ ਵੀ ਭੇਜੀ ਪਰ ਇਸ ਰਕਮ ਦਾ ਦੁਰਉਪਯੋਗ ਹੋਣ ਤੇ ਜਰਮਨ ਨੇ ਇਹ ਮਦਦ ਬੰਦ ਕਰ ਦਿੱਤੀ। ਸੁਸਾਇਟੀ ਦਾ ਜਲਦੀ ਹੀ ਭੋਗ ਪੈ ਗਿਆ ਤੇ ਗਦਰ ਪਾਰਟੀ ਨੂੰ ਇਨ੍ਹਾ ਵਲੋਂ ਕੋਈ ਵੀ ਮਾਇਕ ਸਹਾਇਤਾ ਨਹੀ ਮਿਲੀ।

ਗਦਰ ਪਾਰਟੀ ਦੇ ਬਹੁਤੇ ਕਾਰਕੁੰਨ ਅਨਪੜ ਸਨ ਸਿਰਫ 2% ਹੀ ਐਸੇ ਸਨ ਜੋ ਪੰਜਾਬੀ ਤੇ ਉਰਦੂ ਜਾਣਦੇ ਸਨ। ਇਸਦੇ ਬਾਵਜੂਦ ਉਨ੍ਹਾ ਨੇ ਇੱਕ ਮਜ਼ਬੂਤ ਅੰਦੋਲਨ ਚਲਾਇਆ ਜਿਸ ਨੇ ਇੱਕ ਵਾਰ ਦੇਸ਼ ਨੂੰ ਹਿਲਾ ਕੇ ਰਖ ਦਿੱਤਾ ਤੇ ਬ੍ਰਿਟਿਸ਼ ਨੂੰ ਕੰਬਣੀ ਛੇੜ ਦਿੱਤੀ। ਭਾਵੇਂ ਇਹ ਅੰਦੋਲਨ ਕੁਚਲ ਦਿੱਤਾ ਗਿਆ ਪਰ ਇਸਨੇ ਇੱਕ ਚਿੰਗਾਰੀ ਪੈਦਾ ਕਰ ਦਿੱਤੀ ਜਿਹੜੀ ਬਾਦ ਵਿਚ ਅਕਾਲੀ ਅੰਦੋਲਨ ਦੇ ਰੂਪ ਵਿਚ ਸਾਹਮਣੇ ਆਈ।

## ਕੈਪਟਨ ਲਕਸ਼ਮੀ ਸਹਿਗਲ-ਇੱਕ ਮਸੀਹਾ

ਜੁਲਾਈ 23, 2012, ਸਵਰਗਵਾਸ ਹੋਣ ਤੇ ਵਿਸ਼ੇਸ਼ ਜਾਣਕਾਰੀ

ਲਕਸ਼ਮੀ ਸਹਿਗਲ ਦਾ ਜਨਮ ਅਕਤੂਬਰ 24, 1914 ਨੂੰ ਮਦਰਾਸ ਵਿਖੇ ਹੋਇਆ। ਪਿਤਾ ਦਾ ਨਾਮ ਡਾ. ਐਸ. ਸਵਾਮੀਨਾਥਨ ਇੱਕ ਤੇਜ਼ ਤਰਾਰ ਵਕੀਲ ਸਨ। ਉਹ ਮਦਰਾਸ ਹਾਈ ਕੋਰਟ ਵਿਚ ਬਤੌਰ ਕਰਿਮੀਨਲ ਵਕੀਲ ਕੰਮ ਕਰਦੇ ਸਨ। ਮਾਤਾ ਜੀ,

ਏ.ਵੀ. ਅਮੁਕੁਟੀ, ਇਕ ਸਮਾਜ ਸੇਵੀ, ਸੁਤੰਤਰਤਾ ਸੰਗਰਾਮੀਂ ਤੇ ਔਰਤ ਦੇ ਹੱਕਾਂ ਵਾਲੇ ਅਣਥੱਕ ਮੁੰਹਿਮਕਾਰੀ ਸਨ। ਆਪਣੇ ਕਾਰਜ ਕਾਲ ਦੌਰਾਨ, ਉਹ ਮਦਰਾਸ ਮਿਉਨਿਸਪਲ ਕਾਰਪੋਰੇਸ਼ਨ ਦੀ ਚੋਣ ਜਿੱਤੇ, ਸਟੇਟ ਐਸੰਬਲੀ ਦੀ ਚੋਣ ਜਿੱਤੇ, ਲੋਕ ਸਭਾ, ਰਾਜ ਸਭਾ ਦੇ ਮੈਂਬਰ ਰਹੇ। ਆਲ ਇੰਡੀਆ ਵੋਮੈਨ ਕਾਨਫਰੰਸ ਦੇ ਰਾਸ਼ਟਰੀ ਪ੍ਰਧਾਨ ਵੀ ਰਹੇ।

ਆਪਣੇ ਸ਼ੁਰੂਆਤੀ ਦੌਰ ਵਿਚ ਲਕਸ਼ਮੀ ਜੀ, ਰਾਸ਼ਟਰੀ ਪਰੋਗਰਾਮਾਂ ਵਿਚ ਹਿੱਸਾ ਲੈਂਦੇ ਜਿਹੜੇ ਲੀਡਰਾਂ ਵਲੋਂ ਉਲੀਕੇ ਜਾਂਦੇ, ਜਿਵੇਂ ਵਿਦੇਸ਼ੀ ਵਸਤਾਂ ਦਾ ਵਿਰੋਧ, ਸ਼ਰਾਬ ਦੀਆਂ ਦੁਕਾਨਾਂ ਦਾ ਵਿਰੋਧ। ਉਨ੍ਹਾਂ ਨੇ ਡਾਕਟਰ ਬਣਨ ਦਾ ਫੈਸਲਾ ਇਸਲਈ ਨਹੀ ਕੀਤਾ ਕਿ ਉਨ੍ਹਾ ਨੇ ਕੋਈ ਕੈਰੀਅਰ ਬਣਾਕੇ ਪੈਸੇ ਕਮਾਉਂਣੇ ਸਨ ਬਲਕਿ, ਉਨ੍ਹਾਂ ਦੀ ਰੀਝ ਸੀ ਕਿ ਉਹ ਡਾਕਟਰ ਬਣਕੇ ਗਰੀਬਾਂ ਦਾ ਮੁਫਤ ਇਲਾਜ਼ ਕਰਨਗੇ, ਖਾਸ ਕਰਕੇ ਗਰੀਬ ਔਰਤਾਂ ਦਾ ਇਲਾਜ। ਇਸ ਦੇ ਨਤੀਜੇ ਵਜੋਂ ਸੰਨ1938 ਵਿਚ ਮਦਰਾਸ ਮੈਡੀਕਲ ਕਾਲਜ ਵਿਚੋਂ ਐਮ.ਬੀ.ਬੀ.ਐਸ ਦੀ ਡਿਗਰੀ ਹਾਸਲ ਕੀਤੀ। ਸਾਲ ਬਾਦ ਉਨ੍ਹਾਂ ਨੇ ਪ੍ਰਸੂਤ ਸਬੰਧਿਤ ਡਿਪਲੋਮਾ ਤੇ ਨਾਰੀ ਰੋਗ ਸਬੰਧਿਤ ਡਿਪਲੋਮਾ ਹਾਸਲ ਕੀਤਾ।

ਸੰਨ 1940, ਲਕਸ਼ਮੀ ਜੀ, ਮਦਰਾਸ ਤੋਂ ਸਿੰਗਾਪੁਰ ਚਲੇ ਗਏ। ਇੱਥੇ ਇਨ੍ਹਾਂ ਨੇ ਆਪਣੀ ਕਲਿਨਿਕ ਜਲਦੀ ਵਿਚ ਹੀ ਖੋਲ ਲਈ। ਇਸ ਕਲੀਨਿਕ ਵਿਚ ਗਰੀਬਾਂ ਵਿਚੋਂ ਵੀ ਅੱਤ ਗਰੀਬਾਂ ਦਾ ਇਲਾਜ਼ ਸ਼ੁਰੂ ਕਰ ਦਿੱਤਾ। ਖਾਸ ਤੌਰ ਤੇ ਪ੍ਰਵਾਸ ਕਰਕੇ ਆਏ ਭਾਰਤੀ ਮਜ਼ਦੂਰਾਂ ਦਾ ਇਲਾਜ ਕੀਤਾ ਜਾਂਦਾ। ਇਨ੍ਹਾਂ ਹੀ ਨਹੀ ਬਹੁਤ ਜਲਦੀ ਹੀ ਉਸਨੇ ਆਪਣੇ ਆਪ ਨੂੰ ਬਹੁਤ ਹੀ ਕਾਬਲ ਡਾਕਟਰ, ਹਮਦਰਦ ਤੇ ਗਰੀਬਾਂ ਦਾ ਮਸੀਹਾ ਡਾਕਟਰ ਸਥਾਪਿਤ ਕਰ ਲਿਆ। ਪਰ ਇਸਦੇ ਨਾਲ ਨਾਲ ਹੀ 'ਇੰਡੀਆ ਇੰਡੀਪੈਂਨਡੈਨਸ ਲੀਗ' ਵਿਚ ਸਰਗਰਮ ਭਾਗ ਲੈਣਾ ਸ਼ੁਰੂ ਕਰ ਦਿੱਤਾ ਜਿਸਦਾ ਮੁੱਖ ਉਦੇਸ਼ ਭਾਰਤ ਦੀ ਅਜ਼ਾਦੀ ਦਾ ਅੰਦੋਲਨ ਸੀ।

ਸੰਨ 1942 ਵਿਚ ਇਤਿਹਾਸਕ ਘਟਨਾ ਹੋਈ ਜਿਸ ਵਿਚ ਬ੍ਰਿਟਿਸ਼ ਕਾਲੋਨੀਆਂ ਵਲੋਂ ਸਿੰਗਾਪੁਰ ਦਾ ਸਮਰਪਣ ਜਪਾਨ ਅੱਗੇ ਕਰ ਦਿੱਤਾ ਗਿਆ। ਲਕਸ਼ਮੀ ਜੀ ਲੜਾਈ ਦੇ ਜ਼ਖਮੀਆਂ ਨੂੰ ਸੰਭਾਲਣ ਵਾਲੀ ਟੀਮ ਵਿਚ ਬੇਹੱਦ ਰੁਝੇ ਹੋਏ ਸਨ। ਉਥੇ ਹੀ ਉਨ੍ਹਾਂ ਦਾ ਰਾਬਤਾ ਭਾਰਤੀ ਜੰਗੀ ਕੈਦੀਆਂ ਨਾਲ ਹੋਇਆ। ਜੋ ਜਪਾਨ ਵਲੋਂ ਦਿੱਤੇ ਪ੍ਰਸਤਾਵ ਕਿ ਉਹ ਇੰਡੀਅਨ ਆਰਮੀ ਔਫ ਲਿਬਰੇਸ਼ਨ ਦੀ ਸਥਾਪਨਾ ਕਰਨ। ਇਸ ਨਤੀਜੇ ਵਜੋਂ ਲਕਸ਼ਮੀ ਜੀ ਆਪਣੀ ਮਰਜ਼ੀ ਨਾਲ ਹੀ ਇਸਦਾ ਹਿੱਸਾ ਵੀ ਬਣੇ ਤੇ ਇੱਕ ਕੜੀ ਦਾ ਕੰਮ ਵੀ ਕੀਤਾ। ਨਤੀਜੇ ਵਜੋਂ ਅਜ਼ਾਦ ਹਿੰਦ ਫੌਜ ਦੀ ਸਥਾਪਨਾ ਹੋਈ ਜਿਸਦੇ ਪਹਿਲੇ ਜਨਰਲ ਮੇਜ਼ਰ ਮੋਹਨ ਸਿੰਘ ਸਨ।

ਜੁਲਾਈ 2, 1943 ਨੂੰ ਸੁਭਾਸ਼ ਚੰਦਰ ਬੋਸ ਦੇ ਸਿੰਗਾਪੁਰ ਆ ਜਾਣ ਨਾਲ ਘਟਨਾਵਾਂ ਵਿਚ ਵਡੀ ਤਬਦੀਲੀ ਹੋਈ। ਅਗਲੇ ਕੁਝ ਦਿਨ, ਸੁਭਾਸ਼ ਚੰਦਰ ਬੋਸ ਦੀਆਂ ਪਬਲਿਕ ਮੀਟਿੰਗਾਂ ਹੋਈਆਂ। ਸੁਭਾਸ਼ ਚੰਦਰ ਬੋਸ ਉਦੋਂ ਤਕ ਨੈਸ਼ਨਲ ਲੀਡਰ ਦੇ ਤੌਰ ਤੇ ਹਰਮਨ ਪਿਆਰੇ ਸਨ। ਉਨ੍ਹਾਂ ਦਾ ਨਿਸਚਾ ਅਜ਼ਾਦ ਹਿੰਦ ਫੌਜ ਵਿਚ ਇੱਕ ਔਰਤ ਰੈਜ਼ਮੈਂਟ ਉਸਾਰਨ ਦਾ ਵੀ ਸੀ। ਇਸਦਾ ਨਾਮ 'ਝਾਂਸੀ ਦੀ ਰਾਣੀ ਰੈਜ਼ਮੈਂਟ' ਰਖਿਆ ਗਿਆ। ਜੁਲਾਈ

5 ਨੂੰ ਸੁਭਾਸ਼ ਚੰਦਰ ਬੋਸ ਨੇ ਸ਼੍ਰੀ ਯੇਲੱਪਾ ਨੂੰ ਪੁੱਛਿਆ ਤੇ ਜਾਨਣਾ ਚਾਹਿਆ ਕਿ ਕੀ ਸਿੰਗਾਪੁਰ ਵਿਚ ਕੋਈ ਐਸੀ ਔਰਤ ਹੈ ਜੋ ਇਸ ਰੈਜ਼ਮੈਂਟ ਦੀ ਅਗਵਾਈ ਕਰਨ ਦੇ ਯੋਗ ਹੋਵੇ। ਸ਼੍ਰੀ ਮੈਨਨ ਨੇ ਉਸੇ ਵਕਤ ਲਕਸ਼ਮੀ ਦੇ ਨਾਮ ਦਾ ਪ੍ਰਸਤਾਵ ਰੱਖ ਦਿੱਤਾ। ਨੇਤਾ ਜੀ ਨੇ ਕਿਹਾ ਕਿ ਉਹ ਹੁਣੇ ਹੀ ਮਿਲਣਾ ਚਾਹੁੰਦੇ ਹਨ। ਲਕਸ਼ਮੀ ਜੀ ਨੂੰ ਉਸੇ ਦਿਨ ਬੁਲਾਇਆ ਗਿਆ। ਜਿਉਂ ਹੀ ਨੇਤਾ ਜੀ ਨੇ ਲਕਸ਼ਮੀ ਜੀ ਅੱਗੇ ਪ੍ਰਸਤਾਵ ਰਖਿਆ, ਲਕਸ਼ਮੀ ਜੀ ਨੇ ਬਿਨ੍ਹਾਂ ਕਿਸੇ ਦੁਬਿਧਾ ਦੇ ਉਸੇ ਵਕਤ ਪ੍ਰਵਾਨ ਕਰ ਲਿਆ। ਅਗਲੇ ਦਿਨ ਲਕਸ਼ਮੀ ਜੀ ਨੇ ਆਪਣਾ ਕਲਿਨਿਕ ਬੰਦ ਕਰ ਦਿੱਤਾ ਤੇ ਅਜ਼ਾਦ ਹਿੰਦ ਫੌਜ਼ ਦੀ 'ਰਾਣੀ ਝਾਂਸੀ ਰੈਜ਼ਮੈਂਟ' ਦੀ ਤਿਆਰੀ ਆਰੰਭ ਕਰ ਦਿੱਤੀ।

ਇਹ ਤਿਆਰੀਆਂ ਤੇਜੀ ਨਾਲ ਕੀਤੀਆਂ ਗਈਆਂ ਤੇ ਛੇਤੀ ਹੀ ਔਰਤ ਜੰਗਜੂਆਂ ਦੀ ਰੈਜ਼ਮੈਂਟ ਤਿਆਰ ਹੋ ਗਈ। ਅਕਤੂਬਰ 21, 1943 ਨੂੰ ਜਦੋਂ ਅਜ਼ਾਦ ਹਿੰਦ ਦੀ ਅੰਤਰਕਾਲੀ ਸਰਕਾਰ ਦਾ ਐਲਾਨ ਕੀਤਾ ਗਿਆ ਤਾਂ ਲਕਸ਼ਮੀ ਜੀ ਉਸ ਦੀ ਕੈਬਨਿਟ ਵਿਚ ਇੱਕਲੇ ਔਰਤ ਮੈਂਬਰ ਸਨ।

ਝਾਂਸੀ ਦੀ ਰਾਣੀ ਰੈਜ਼ਮੈਂਟ ਨੇ ਫਰੰਟ ਲਾਇਨ ਤੇ ਡਿਊਟੀ ਦਿੰਦਿਆਂ ਆਪਣੀ ਕੌਸ਼ਲਤਾ ਦਾ ਵਿਖਾਵਾ ਕੀਤਾ। ਹੁਣ ਤਕ ਲਕਸ਼ਮੀ ਜੀ ਨੂੰ ਕਰਨਲ ਦਾ ਰੈਂਕ ਮਿਲ ਚੁੱਕਾ ਸੀ। ਭਾਵੇਂ ਹਰਮਨ ਪਿਆਰਾ ਕਾਲਪਨਿਕ ਲਕਬ ਕੈਪਟਨ ਹਮੇਸ਼ਾਂ ਲਈ ਲਕਸ਼ਮੀ ਜੀ ਨਾਲ ਜੁੜ ਗਿਆ ਸੀ। ਉਹ ‘ਕੈਪਟਨ ਲਕਸ਼ਮੀ‘ ਦੇ ਨਾਮ ਨਾਲ ਅਮਰ ਰਹਿੰਣਗੇ, ਇਹੋ ਉਨ੍ਹਾਂ ਦੀ ਪਛਾਣ ਬਣ ਚੁਕੀ ਹੈ। ਉਹ ਦੋਹਰੀ ਭੁਮਿਕਾ ਨਿਭਾਉਂਦੇ ਰਹੇ। ਇੱਕ ਪਾਸੇ ਮੈਦਾਨੇ ਜੰਗ ਦਾ ਫਰੰਟ ਤੇ ਦੂਜੇ ਪਾਸੇ ਮੈਡੀਕਲ ਫਰੰਟ। ਉਨ੍ਹਾਂ ਨੇ ਇਸ ਮਾਮਲੇ ਵਿਚ ਇਤਿਹਾਸਕ ਰੋਲ ਨਿਭਾਇਆ ਹੈ। ਇੱਕ ਪਾਸੇ ਅਜ਼ਾਦ ਫੌਜ ਦੇ ਲੜਾਕਿਆਂ ਦੀ ਬ੍ਰਿਟਿਸ਼ ਟਰੁਪਾਂ ਵਲੋਂ ਖੋਜ਼ ਕੀਤੀ ਜਾ ਰਹੀ ਸੀ ਤੇ ਦੂਜੇ ਪਾਸੇ ਆਪਣੀ ਸੁਹਿਰਦਤਾ ਤੇ ਹਿੰਮਤ ਨਾਲ ਬਹੁਤ ਸਾਰੇ ਜਖਮੀਆਂ ਤੇ ਬਿਮਾਰਾਂ ਦਾ ਇਲਾਜ ਕਰਕੇ ਕੀਮਤੀ ਜਾਨਾ ਬਚਾ ਕੇ ਰਖੀਆਂ। ਆਖਰ ਲਕਸ਼ਮੀ ਜੀ ਵੀ ਫੜ ਲਏ ਗਏ ਤੇ ਮਾਰਚ 4, 1946 ਨੂੰ ਗਰਿਫਤਾਰ ਕਰਕੇ ਹਿੰਦੋਸਤਾਨ ਲਿਆਂਦਾ ਗਿਆ ਜਿੱਥੇ ਉਨ੍ਹਾਂ ਦਾ ਲੋਕ ਸ਼ਕਤੀ ਵਲੋਂ ਭਰਪੂਰ ਸੁਆਗਤ ਕੀਤਾ ਗਿਆ। ਬ੍ਰਿਟਿਸ਼ ਸਰਕਾਰ ਨੇ ਸੋਚਿਆ ਕਿ ਲਕਸ਼ਮੀ ਨੂੰ ਜੇਲ੍ਹ ਵਿਚ ਰਖਣ ਨਾਲ ਉਸਦੀ ਸੋਭਾ ਦਿਨੋ ਦਿਨ ਵਧ ਰਹੀ ਹੈ ਤੇ ਲੋਕਾਂ ਵਿਚ ਵਿਦਰੋਹ ਵਧ ਰਿਹਾ ਹੈ ਤਾਂ ਡਰ ਤੇ ਘਬਰਾਹਟ ਵਿਚ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।

ਰਿਹਾ ਹੋਣ ਤੋਂ ਬਾਦ ਕੈਪਟਨ ਲਕਸ਼ਮੀ ਨੇ ਅਜ਼ਾਦ ਹਿੰਦ ਫੌਜ਼ ਦੇ ਕੈਦੀਆਂ ਬਾਰੇ ਇੱਕ ਲੰਮੀ ਜਦੋ-ਜਹਿਦ ਛੇੜ ਦਿੱਤੀ। ਉਨ੍ਹਾਂ ਦਾ ਮਕਸਦ ਉਨ੍ਹਾਂ ਨੂੰ ਰਿਹਾ ਕਰਾਕੇ ਉਂਨ੍ਹਾਂ ਦਾ ਮੁੜ-ਵਸੇਬਾ ਸੀ ਤੇ ਇਸਦੇ ਨਾਲ ਹੀ ਭਾਰਤ ਦੀ ਅਜ਼ਾਦੀ ਦੇ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਦੇਸ਼ ਦੇ ਕੋਨੇ ਕੋਨੇ ਵਿਚ ਜਾਕੇ ਅਜ਼ਾਦ ਹਿੰਦ ਫੌਜ ਦੇ ਫੌਜੀਆਂ ਲਈ ਇੱਕ ਵਡਾ ਫੰਡ ਇੱਕਠਾ ਕੀਤਾ ਤੇ ਲੋਕਾਂ ਨੂੰ ਬਸਤੀਵਾਦ ਦੀ ਤਾਕਤ ਖਿਲਾਫ ਲਾਮਬੰਦ ਕੀਤਾ।

ਕੈਦੀਆਂ ਦੀ ਰਿਹਾਈ ਹੋ ਗਈ, ਇਸ ਵਿਚ ਕਰਨਲ ਪਰੇਮ ਕੁਮਾਰ ਸਹਿਗਲ ਵੀ ਸਨ, ਜਿਨ੍ਹਾਂ ਨਾਲ ਉਨ੍ਹਾਂ ਮਾਰਚ, 1947 ਨੂੰ ਲਾਹੌਰ ਵਿਖੇ ਵਿਆਹ ਕਰਵਾ ਲਿਆ। ਪਰੇਮ ਕੁਮਾਰ ਸਹਿਗਲ ਜਸਟਿਸ ਅਛਰੂ ਰਾਮ ਸਹਿਗਲ ਦੇ ਪੁੱਤਰ ਸਨ। ਜਸਟਿਸ ਅਛਰੂ ਰਾਮ ਸਹਿਗਲ ਗਾਂਧੀ ਮਰਡਰ ਕੇਸ ਦੌਰਾਨ ਪੰਜਾਬ ਹਾਈ ਕੋਰਟ ਬੈਂਚ ਦੇ ਜੱਜਾਂ ਵਿਚੋਂ ਇੱਕ ਸਨ। ਵਿਆਹ ਤੋਂ ਬਾਦ ਸਹਿਗਲ ਦੰਪਤੀ ਜੋੜਾ ਕਾਨਪੁਰ ਵਿਖੇ ਰਹਿੰਣ ਲੱਗ ਪਿਆ।

ਕਾਨਪੁਰ ਰਹਿੰਦਿਆਂ ਕੈਪਟਨ ਲਕਸ਼ਮੀ ਸਹਿਗਲ ਨੇ ਫੌਰਨ ਹੀ ਆਪਣੀ ਮੈਡੀਕਲ ਲਾਇਨ ਨੂੰ ਦਿਲੋਂ ਅਪਨਾ ਲਿਆ ਕਿਉਂਕਿ ਰਫਿਊਜੀ ਅਗਸਤ ਤੋਂ ਪਹਿਲਾਂ ਹੀ ਆਉਣੇ ਸ਼ੁਰੂ ਹੋ ਗਏ ਸਨ। ਬਾਦ ਵਿਚ ਰਫਿਊਜੀਆਂ ਦਾ ਹੜ੍ਹ ਹੀ ਆ ਗਿਆ। ਬਿਨ੍ਹਾਂ ਥਕਾਵਟ ਦੇ ਕਈ ਸਾਲ ਕੰਮ ਕੀਤਾ। ਬਾਦ ਵਿਚ ਉਨ੍ਹਾਂ ਨੇ ਆਪਣਾ ਮੈਟਰਨਿਟੀ ਹੋਮ ਸਥਾਪਿਤ ਕਰ ਲਿਆ, ਇਹ ਜਗ੍ਹਾ ਕਿਰਾਏ ਤੇ ਸੀ ਤੇ ਅੱਜ ਤੱਕ ਇਹ ਚਲ ਰਿਹਾ ਹੈ। ਉਨ੍ਹਾਂ ਦੀ ਗਰੀਬਾਂ ਦੀ ਸੇਵਾ ਤੇ ਰਹਿਮਦਿਲੀ ਸ਼ਹਿਰ ਦਾ ਪੁਰਾਣਿਕ ਇਤਿਹਾਸ ਬਣ ਗਿਆ।

1971, ਜਦੋਂ ਈਸਟ ਪਾਕਿਸਤਾਨ  ਦਾ ਵਟਾਂਦਰਾ ਵੈਸਟ ਬੰਗਾਲ ਵਿਚ ਹੋਇਆ ਤੇ ਬੰਗਲਾ ਦੇਸ਼ ਬਣ ਗਿਆ ਤਾਂ ਅਣਗਿਣਤ ਰਫਿਊਜੀ ਸੜਕਾਂ ਤੇ ਆ ਗਏ। ਕੈਪਟਨ ਲਕਸ਼ਮੀ ਨੇ ਬੋਨਗਾਉਂ ਵਿਚ ਮੈਡੀਕਲ ਕੈਂਪ ਲਾਇਆ ਜੋ ਕਈ ਮਹੀਨੇ ਚਲਦਾ ਰਿਹਾ।

ਇਸਤੋਂ ਬਾਦ ਉਹ ਦੇਸ਼ ਵਿਚ ਖੱਬੇ ਧੜੇ ਦੀ ਰਾਜਨੀਤੀ  ਨਾਲ ਜੁੜ ਗਏ ਤੇ ਟਰੇਡ ਯੂਨੀਅਨ, ਔਰਤਾਂ ਦੇ ਅੰਦੋਲਨ ਵਿਚ ਹਿੱਸਾ ਲੈਣ ਲੱਗ ਪਏ ਪਰ ਇਸ ਸਮੇਂ ਦੌਰਾਨ ਆਪਣਾ ਡਾਕਟਰੀ ਪੇਸ਼ਾ  ਪਿੱਛੇ ਨਹੀ ਪੈਣ ਦਿੱਤਾ। 1981 ਵਿਚ ਆਲ ਇੰਡੀਆ ਡੈਮੋਕਰੇਟਿਕ ਵੋਮੈਂਨ ਐਸੋਸ਼ੀਏਸ਼ਨ ਹੋਂਦ ਵਿਚ ਆਈ। ਉਹ ਇਸਦੇ ਵਾਇਸ ਪ੍ਰੈਜ਼ੀਡੈਂਟ ਬਣੇ। ਉਦੋਂ ਤੋਂ ਲੈਕੇ ਸਵਰਗਵਾਸ ਹੋਣ ਤਕ ਉਹ ਇਸਦੀਆਂ ਕਾਰਵਾਈਆਂ, ਮੁਹਿੰਮਾਂ ਤੇ ਸੰਘਰਸ਼ਾਂ  ਵਿਚ ਸਰਗਰਮ ਹਿੱਸਾ ਲੈਂਦੇ ਰਹੇ।

ਅਕਤੂਬਰ, 1984 ਜਦੋਂ ਐਂਟੀ ਸਿੱਖ ਦੰਗੇ ਹੋਏ ਤਾਂ ਉਹ ਆਪਣੀ ਕਲਿਨਿਕ ਦੇ ਨਾਲ ਲਗਦੀਆਂ ਸੜਕਾਂ ਤੇ ਸਿੱਖ ਪਰਿਵਾਰਾਂ ਦੀ ਹਮਾਇਤ ਤੇ ਉਨ੍ਹਾਂ ਦੇ ਬਚਾਵ ਲਈ ਸੜਕ ਤੇ ਆ ਗਏ ਤੇ ਕਿਸੇ ਨੂੰ ਵੀ ਇਨ੍ਹਾਂ ਪਰਿਵਾਰਾਂ ਨੂੰ ਨੁਕਸਾਨ ਪਹੁੰਚਾਉਣ ਦਾ ਹੌਂਸਲਾ ਨਹੀ ਪਿਆ।

1998, ਰਾਸ਼ਟਰਪਤੀ ਵਲੋਂ ਉਨ੍ਹਾਂ ਦਾ ਪਦਮ ਵਿਭੂਸ਼ਨ ਨਾਲ ਸਨਮਾਨ ਕੀਤਾ ਗਿਆ।

ਇਹ ਮਾਣ ਸਨਮਾਨ ਸਭ ਕੈਪਟਨ ਲਕਸ਼ਮੀ ਦੀ ਦੇਣ ਤੋਂ ਨੀਵੇਂ ਹਨ। ਅਸਲ ਵਿਚ ਸਨਮਾਨ ਆਪ ਵਡਾ ਹੋ ਗਿਆ ਹੈ।

ਜੁਲਾਈ 23, 2012 ਦਾ ਦਿਨ ਸਾਡੇ ਲਈ ਅਫਸੋਸ ਦਾ ਦਿਨ ਹੈ। ਅੱਜ ਸਾਡੇ ਇਸ ਕੈਪਟਨ ਦਾ ਸਵਰਗਵਾਸ ਹੋਇਆ ਹੈ। ਆਉ ਇਸ ਸਤਿਕਾਰਤ ਹਸਤੀ ਨੂੰ ਸ਼ਰਧਾਜਲੀ ਭੇਂਟ ਕਰੀਏ।

## ਲਾਲਾ ਹਰਦਿਆਲ ਕਰਾਂਤੀਕਾਰੀ

ਲਾਲਾ ਹਰਦਿਆਲ ਕਰਾਂਤੀਕਾਰੀ ਤੇ ਵਿਦਵਾਨ ਸੀ ਜਿਸਨੇ ਆਪਣਾ ਆਪਾ ਭਾਰਤ ਦੀ ਅਜ਼ਾਦੀ ਨੂੰ ਸਮਰਪਿਤ ਕੀਤਾ। ਉਹ ਗਦਰ ਪਾਰਟੀ ਦਾ ਜਨਰਲ ਸਕਤਰ ਸੀ ਤੇ ਸਿਖਰਲੇ ਦਰਜ਼ੇ ਦਾ ਗਦਰ ਲਹਿਰ ਦਾ ਲੀਡਰ ਸੀ। ਉਸਨੇ ਦੁਨੀਆਂ ਦੇ ਕੋਨੇ ਕੋਨੇ ਵਿਚ ਸਫ਼ਰ ਕਰਕੇ ਅਜ਼ਾਦੀ ਦੀ ਲੜਾਈ ਨੂੰ ਤਿੱਖਾ ਕਰਨ ਦਾ ਕੰਮ ਕੀਤਾ।

ਉਨਾਂ ਦਾ ਜਨਮ ਅਕਤੂਬਰ 14, 1884 ਨੂੰ ਦਿਲੀ ਵਿਖੇ ਹੋਇਆ। ਗੌਰਮਿੰਟ ਕਾਲਜ਼ ਲਾਹੌਰ ਤੋਂ ਅੰਗਰੇਜੀ ਸਹਿਤ ਵਿਚ ਮਾਸਟਰ ਡਿਗਰੀ ਹਾਸਲ ਕੀਤੀ। ਅਗਲੇਰੀ ਪੜ੍ਹਾਈ ਲਈ ਕੋਸ਼ਿਸ਼ ਕਰਨ ਤੇ ਭਾਰਤ ਸਰਕਾਰ ਤੋਂ ਸਟੇਟ ਸਕੌਲਰਸ਼ਿਪ ਹਾਸਲ ਕੀਤੀ। ਨਤੀਜੇ ਵਜੋਂ ਇੰਗਲੈਡ ਵਿਚ ਔਕਸਫੋਰਡ ਯੂਨੀਵਰਸਿਟੀ ਚਲੇ ਗਏ। ਇੰਗਲੈਂਡ ਰਹਿੰਦਿਆਂ ਉਹ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋ ਗਏ।

ਇੰਗਲੈਡ ਵਿਚ ਹੀ ਉਹ ਕਰਾਂਤੀਕਾਰੀ ਅਤੇ ਸੁਧਾਰਕ ਸੀ.ਐਫ. ਐਨਡਰੀਓ ਤੇ ਐਸ.ਕੇ. ਵਰਮਾ ਦੇ ਨਜ਼ਦੀਕੀ ਸੰਪਰਕ ਵਿਚ ਆ ਗਏ। ਉਨ੍ਹਾਂ ਬ੍ਰਿਟਿਸ਼ ਜ਼ੁਲਮ ਦੇ ਖਿਲਾਫ਼ ਅਵਾਜ਼ ਬੁਲੰਦ ਕੀਤੀ ਤੇ ਸਕੌਲਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਵਾਪਸ ਭਾਰਤ ਪਰਤ ਆਏ ਤੇ ਲਾਹੌਰ ਤੋਂ ਆਪਣੀਆਂ ਰਾਜਨੀਤਕ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਪਰਿਵਾਰਕ ਜ਼ਿੰਦਗੀ ਤਿਆਗ ਦਿੱਤੀ ਤੇ ਦਰਵੇਸ਼ ਫਕੀਰਾਂ ਵਾਲੀ ਜ਼ਿੰਦਗੀ ਕਬੂਲ ਕਰ ਲਈ। ਆਪਣੇ ਇਸ ਸਮੇਂ ਦੌਰਾਨ, ਮਾਡਰਨ ਰਿਵਿਉ ਤੇ ਪੰਜਾਬੀ ਲਈ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਤੇ ਕਰਾਂਤੀਕਾਰੀਆਂ ਨਾਲ ਉਨ੍ਹਾਂ ਦੀ ਸਾਂਝ ਜੱਗ ਜ਼ਾਹਰ ਹੋ ਗਈ। ਭਾਰਤ ਵਿਚ ਸਥਿਤੀ ਖਿਚਾਪੂਰਨ ਹੋਣ ਤੇ ਉਹ 1908 ਵਿਚ ਇੰਗਲੈਂਡ ਆ ਗਏ। ਆਪਣੀ ਅਜ਼ਾਦੀ ਦੀ ਲੜਾਈ ਨੂੰ ਹੋਰ ਤਿੱਖਾ ਕਰਨ ਲਈ ਉਹ ਪੈਰਿਸ, ਵੈਸਟ ਇੰਡੀਜ਼ ਤੇ ਸਾਊਥ ਅਮਰੀਕਾ ਦੇ ਬਾਰਡਰ ਟਪਦੇ ਹੋਏ ਅਮਰੀਕਾ ਪਹੁੰਚ ਗਏ। ਅਮਰੀਕਾ ਆਕੇ ਉਨ੍ਹਾਂ ਨੇ ਗਦਰ ਅੰਦੋਲਨ ਨੂੰ ਪੱਕੇ ਪੈਰੀ ਕਰਨ ਲਈ ਕੰਮ ਕਰਨਾ ਸ਼ੁਰੂ ਕੀਤਾ। ਖਤਰਾ ਭਾਂਪਦੇ ਹੋਏ ਬ੍ਰਿਟਿਸ਼ ਸਰਕਾਰ ਨੇ ਅਮਰੀਕਾ ਤੇ ਦਬਾਅ ਪਾਉਣਾ ਸ਼ੁਰੂ ਕੀਤਾ ਕਿ ਲਾਲਾ ਜੀ ਨੂੰ ਗਰਿਫ਼ਤਾਰ ਕੀਤਾ ਜਾਵੇ। ਇਸ ਲਈ ਉਹ ਜਰਮਨੀ ਆ ਗਏ ਤੇ ਉਸਤੋਂ ਬਾਦ ਸਵੀਡਨ ਚਲੇ ਗਏ ਫਿਰ ਇੰਗਲੈਡ ਹੁੰਦੇ ਹੋਏ ਅਮਰੀਕਾ ਪਹੁੰਚ ਗਏ। ਇੱਥੇ ਹੀ ਉਹ ਸਵਰਗਵਾਸ ਹੋਏ। ਆਪਣੀ ਰਾਜਨੀਤਕ ਤੇ ਦੇਸ਼ ਭਗਤੀ ਦੀਆਂ ਕਾਰਵਾਈਆਂ ਤੋਂ ਇਲਾਵਾ ਲਾਲਾ ਜੀ ਨੇ ਸਹਿਤ ਵਿਚ ਵੀ ਵਡਮੁੱਲਾ ਹਿੱਸਾ ਪਾਇਆ ਤੇ ਆਪਣੀ ਡਾਕਟਰੀ ਦੀ ਡਿਗਰੀ ਬੁਧਇਸਟ ਸੰਸਕ੍ਰਿਤ ਸਾਹਿਤ ਵਿਚ ਪ੍ਰਾਪਤ ਕੀਤੀ। 4 ਮਾਰਚ, 1939 ਫਿਲਾਡੈਲਫੀਆ ਅਮਰੀਕਾ ਵਿਚ ਉਨ੍ਹਾ ਨੇ ਆਪਣਾ ਆਖਰੀ ਸਾਹ ਲਿਆ।

# ਮੰਗਲ ਪਾਂਡੇ

ਮਾਰਚ 29, 1857 ਨੂੰ ਬੈਰਕਪੁਰ ਦੀ ਪਰੇਡ ਗਰਾਂਉਡ, ਜਿਹੜਾ ਕਲਕਤੇ ਦੇ ਕੋਲ ਹੈ, 29 ਸਾਲਾ ਮੰਗਲ ਪਾਂਡੇ 34 ਬਟਾਲੀਅਨ ਇੰਨਫੈਂਨਟਰੀ ਦਾ ਜਵਾਨ ਸੀ, ਈਸਟ ਇੰਡੀਆ ਕੰਪਨੀ ਦੇ ਇਸ ਕਾਰਜ ਨਾਲ ਗੁੱਸੇ ਵਿਚ ਆ ਗਿਆ। ਉਸਨੇ ਐਲਾਨ ਕੀਤਾ ਕਿ ਉਹ ਆਪਣੇ ਕਮਾਂਡਰਾਂ ਖਿਲਾਫ ਵਿਦਰੋਹ ਕਰੇਗਾ। ਸਾਰਜੈਂਟ-ਮੇਜਰ ਜੇਮਜ਼ ਹੇਸਨ ਨੇ ਜਦੋਂ ਇਹ ਸੁਣਿਆਂ ਤਾਂ ਉਹ ਸਿਰਫ ਪੜਤਾਲ ਕਰਨ ਗਿਆ ਸੀ, ਮੰਗਲ ਪਾਂਡੇ ਨੇ ਉਸਤੇ ਗੋਲੀ ਚਲਾ ਦਿੱਤੀ। ਹੇਸਨ ਨੇ ਅਲਾਰਮ ਵਜਾ ਦਿੱਤਾ। ਜਦੋਂ ਉਸਦੇ ਸਾਥੀ ਲਫਟੈਂਨ ਹੈਨਰੀ ਬਾਅਗ ਗੜਬੜ ਵੇਖਣ ਬਾਹਰ ਆਇਆ ਤਾਂ ਮੰਗਲ ਪਾਂਡੇ ਨੇ ਉਸਤੇ ਗੋਲੀਆਂ ਚਲਾ ਦਿੱਤੀਆਂ। ਬਾਅਗ ਬਚ ਗਿਆ ਪਰ ਉਸਦੇ ਘੋੜੇ ਨੂੰ ਗੋਲੀ ਲੱਗ ਗਈ।

ਜਨਰਲ ਜੌਨ ਹਿਅਰਸੇ ਉਸਨੂੰ ਦੇਖਣ ਪਰੇਡ ਗਰਾਂਉਡ ਵਿਚ ਬਾਹਰ ਆਇਆ। ਉਸਨੇ ਬਾਦ ਵਿਚ ਦਸਿਆ ਕਿ ਮੰਗਲ ਪਾਂਡੇ ਨੂੰ ਕਿਸੇ ਕਿਸਮ ਦੀ ਧਾਰਮਿਕ ਚੰਡੀ ਚੜ੍ਹੀ ਹੋਈ ਸੀ। ਉਸਨੇ ਭਾਰਤੀ ਕਮਾਂਡਰ ਕੁਆਟਰ ਗਾਰਡ ਜਮਾਦਾਰ ਇਸ਼ਵਰੀ ਪ੍ਰਸ਼ਾਦ ਨੂੰ ਹੁਕਮ ਦਿੱਤਾ ਕੀ ਮੰਗਲ ਪਾਂਡੇ ਨੂੰ ਗਰਿਫਤਾਰ ਕਰ ਲਿਆ ਜਾਵੇ। ਜਮਾਦਾਰ ਨੇ ਉਸਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਕੁਆਟਰ ਗਾਰਡ ਤੇ ਹੋਰ ਸਿਪਾਹੀਆਂ ਦੀ ਹਾਜ਼ਰੀ ਵਿਚ ਇਹ ਹੋ ਰਿਹਾ ਸੀ ਤੇ ਸਾਰੇ ਇੱਕ ਮਤ ਲਗਦੇ ਸਨ ਸਿਰਫ ਇੱਕ ਸਿਪਾਹੀ ਨੂੰ ਛੱਡਕੇ ਜਿਸਦਾ ਨਾਮ ਸ਼ੇਖ ਪਲਤੂ ਸੀ। ਸੇਖ ਪਲਤੂ ਨੇ ਮੰਗਲ ਪਾਂਡੇ ਨੂੰ ਆਪਣੇ ਹਮਲੇ ਰੋਕਣ ਤੋਂ ਵਰਜਿਆ।

ਜਦੋਂ ਮੰਗਲ ਪਾਂਡੇ ਨੇ ਮਹਿਸੂਸ ਕੀਤਾ ਕਿ ਉਸਦੇ ਸਾਥੀ ਉਸਦਾ ਵਿਦਰੋਹ ਵਿਚ ਖੁਲ੍ਹੇਆਮ ਸਾਥ ਨਹੀ ਦੇ ਰਹੇ ਤਾਂ ਮੰਗਲ ਪਾਂਡੇ ਨੇ ਉਸਨੇ ਆਪਣੀ ਹੀ ਜਾਨ ਲੈਣ ਲਈ ਆਪਣੀ ਮਸਕਟ (ਪੁਰਾਣੀ ਬੰਦੂਕ) ਆਪਣੀ ਛਾਤੀ ਤੇ ਰਖ ਲਈ ਤੇ ਘੋੜਾ ਦਬ ਦਿੱਤਾ। ਉਹ ਸਿਰਫ ਆਪਣੇ ਆਪ ਨੂੰ ਜਖ਼ਮੀ ਹੀ ਕਰ ਸਕਿਆ, ਜਾਨ ਬਚ ਗਈ। ਅਪ੍ਰੈਲ 6 ਨੂੰ ਉਸਦਾ ਕੋਰਟ ਮਾਰਸ਼ਲ ਹੋਇਆ ਤੇ ਅਪ੍ਰੈਲ 8 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਜਮਾਦਾਰ ਈਸ਼ਵਰੀ ਪ੍ਰਸ਼ਾਦ ਨੂੰ ਅਪ੍ਰੈਲ 22 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਰੈਜ਼ਮੈਂਟ ਨੇ ਇਸਤੋਂ ਪਹਿਲਾਂ ਬਹੁਤ ਹੀ ਨਿਰਾਦਰੀ ਭਰੇ ਅੰਦਾਜ਼ ਵਿਚ ਪਹਿਲਾਂ ਉਸਦੀ ਵਰਦੀ ਤੇ ਤਮਗੇ ਉਤਾਰੇ ਕਿਉਂਕਿ ਇਹ ਮਹਿਸੂਸ ਕੀਤਾ ਗਿਆ ਸੀ ਕਿ ਉਹ ਵਿਦਰੋਹ ਵਾਲੀਆਂ ਭਾਵਨਾਵਾਂ ਨਾਲ ਬਿਮਾਰ ਮਾਨਸਿਕਤਾ ਦਾ ਸ਼ਿਕਾਰ ਹੈ। ਇਸ ਘਟਨਾ ਤੋਂ ਬਾਦ ਸ਼ੇਖ ਪਲਤੂ ਨੂੰ ਤਰੱਕੀ ਦੇਕੇ ਬੰਗਾਲ ਆਰਮੀ ਵਿਚ ਜਮਾਦਾਰ ਬਣਾ ਦਿੱਤਾ ਗਿਆ।

ਮੰਗਲ ਪਾਂਡੇ ਤੇ ਈਸ਼ਵਰੀ ਪ੍ਰਸ਼ਾਦ ਦੇ ਮਾਮਲੇ ਵਿਚ, ਦੂਸਰੀਆਂ ਰੈਜਮੈਂਟ ਵਿਚ ਇਹ ਮਹਿਸੂਸ ਕੀਤਾ ਜਾਂਣ ਲੱਗਾ ਕਿ ਇਹ ਬਹੁਤ ਹੀ ਸਖਤ ਸਜ਼ਾ ਸੀ ਜਿਸਦੀ ਲੋੜ ਨਹੀ ਸੀ। ਕੁਝ ਇਤਿਹਾਸਕਾਰਾਂ ਨੇ ਸਿਪਾਹੀਆਂ ਦੀ ਇਸ ਨਿਰਾਦਰੀ ਨੂੰ ਵਿਦਰੋਹ ਦਾ ਵਡੇ ਕਾਰਣ ਵਜੋਂ ਲਿਆ ਹੈ। ਇਸਤਰ੍ਹਾਂ ਦੇ ਮਾਹੌਲ ਵਿਚ ਘਰਾਂ ਵਿਚ ਬੈਠੇ ਰਿਟਾਇਰ ਫੌਜੀਆਂ

ਨੇ ਇਹ ਫੈਸਲਾ ਕਰ ਲਿਆ ਕਿ ਜਦ ਵੀ ਮੌਕਾ ਮੇਲ ਹੋਇਆ, ਉਹ ਵਿਦਰੋਹ ਦਾ ਹਿੱਸਾ ਬਣਨਗੇ।

## ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ

ਬਾਬਾ ਜੀ ਦਾ ਜਨਮ 1860 ਈਸਵੀ ਸਰਹਾਲੀ ਕਲਾਂ, ਜਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾ ਦੇ ਪਿਤਾ ਦਾ ਨਾਮ ਸਰਦਾਰ ਹੁਕਮ ਸਿੰਘ ਸੀ ਤੇ ਢਿਲੋਂ ਜੱਟ ਪਰਿਵਾਰ ਨਾਲ ਸਬੰਧਿਤ ਸਨ। ਦਾਦਾ ਜੀ, ਸਰਦਾਰ ਰਤਨ ਸਿੰਘ ਢਿਲੋਂ ਸਿਖ ਖਾਲਸਾ ਆਰਮੀ ਵਿਚ ਆਹਲਾ ਦਰਜੇ ਦੇ ਫੌਜੀ ਅਫ਼ਸਰ ਸਨ ਜਿਨ੍ਹਾਂ ਨੇ ਅੰਗਰੇਜਾਂ ਦੇ ਖਿਲਾਫ਼ ਪਹਿਲੀ ਤੇ ਦੂਜੀ ਐਂਗਲੋ-ਸਿਖ ਲੜਾਈ ਲੜੀ। 1849 ਵਿਚ ਜਦੋਂ ਅੰਗਰੇਜਾਂ ਨੇ ਪੰਜਾਬ ਤੇ ਕਬਜਾ ਕਰ ਲਿਆ ਤੇ ਉਨ੍ਹਾਂ ਨੇ ਸਰਦਾਰ ਰਤਨ ਸਿੰਘ ਨੂੰ ਜਗੀਰ ਭੇਂਟ ਕਰਨੀ ਚਾਹੀ ਪਰ ਇਨ੍ਹਾਂ ਨੇ ਨਾਂਹ ਕਰ ਦਿੱਤੀ।

ਬਾਦ ਵਿਚ ਬਾਬਾ ਗੁਰਦਿਤ ਸਿੰਘ ਜੀ ਦੇ ਪਿਤਾ ਹੁਕਮ ਸਿੰਘ ਮਲਾਇਆ ਚਲੇ ਗਏ ਜਿੱਥੇ ਉਨ੍ਹਾਂ ਨੇ ਠੇਕੇਦਾਰੀ ਕਰਦਿਆਂ ਬਸੇਰਾ ਕਰ ਲਿਆ। ਆਪਣੇ ਪਿਤਾ ਵਲੋਂ ਪਿੱਛੇ ਛਡੇ ਬਾਬਾ ਗੁਰਦਿਤ ਸਿੰਘ ਨੇ ਆਪਣੇ ਬਚਪਨ ਵਿਚ ਬਹੁਤ ਥੋੜੀ ਵਿਦਿਆ ਹਾਸਲ ਕੀਤੀ। ਮਾਸਟਰ ਨੇ ਮਾੜੇ ਵਿਹਾਰ ਕਰਕੇ ਇਨ੍ਹਾਂ ਨੇ ਸਕੂਲ ਛੱਡ ਦਿੱਤਾ। ਤੇਰਾਂ ਸਾਲ ਦੀ ਉਮਰ ਵਿਚ ਗੁਜ਼ਾਰੇ ਜੋਗੀ ਪਰਾਈਵੇਟ ਵਿਦਿਆ ਲੈਕੇ ਆਪਣੇ ਬਾਪ ਨਾਲ ਪੱਤਰ ਵਿਹਾਰ ਸ਼ੁਰੂ ਕਰ ਲਿਆ। 1885 ਵਿਚ ਬਾਬਾ ਜੀ ਵੀ ਮਲਾਇਆ ਚਲੇ ਗਏ ਤੇ ਆਪਣੇ ਬਾਪ ਵਾਂਗ ਹੀ ਸਿੰਗਾਪੁਰ ਤੇ ਮਲਾਇਆ ਵਿਚ ਠੇਕੇਦਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਬਹੁਤ ਕਾਮਯਾਬੀ ਹਾਸਲ ਕੀਤੀ ਤੇ 1909 ਨੂੰ ਵਾਪਸ ਮੁੜ ਆਏ। 1911 ਨੂੰ ਇਨ੍ਹਾ ਨੇ ਜਬਰਦਸਤੀ ਮਜ਼ਦੂਰੀ ਕਰਵਾਉਣ ਵਿਰੁਧ ਅਵਾਜ਼ ਉਠਾਈ। ਇਨ੍ਹਾ ਨੇ ਸਰਕਾਰ ਨੂੰ ਉਨ੍ਹਾਂ ਅਫਸਰਾਂ ਖਿਲਾਫ਼ ਲਿਖਤੀ ਸ਼ਿਕਾਇਤ ਕੀਤੀ ਜਿਹੜੇ ਗਰੀਬ ਪੇਂਡੂਆਂ ਤੋਂ ਜਬਰਦਸਤੀ ਕੰਮ ਕਰਵਾਉਂਦੇ ਸਨ ਤੇ ਕੋਈ ਮਜ਼ਦੂਰੀ ਵੀ ਨਹੀ ਦਿੰਦੇ ਸਨ। ਸਰਕਾਰ ਵਲੋਂ ਕੋਈ ਜੁਆਬ ਨਹੀ ਆਇਆ। ਇਨ੍ਹਾਂ ਨੇ ਆਪਣੇ ਪਿੰਡ ਦੇ ਲੋਕਾਂ ਨੂੰ ਇੱਕਠਾ ਕਰਕੇ ਜਬਰਦਸਤੀ ਕਰਵਾਈ ਜਾਂਦੀ ਮਜ਼ਦੂਰੀ ਤੋਂ ਇਨਕਾਰ ਕਰ ਦੇਣ ਲਈ ਕਿਹਾ।

ਇਨ੍ਹਾ ਨੇ ਜਪਾਨੀ ਸ਼ਿਪ ਕਾਮਾਗਾਟਾ ਮਾਰੂ 1914 ਵਿਚ ਕਿਰਾਏ ਤੇ ਲਿਆ ਤੇ ਕੈਨੇਡਾ ਵਲ ਚਾਲੇ ਪਾ ਦਿੱਤੇ। ਅਗੋਂ ਸਰਕਾਰ ਨੇ ਇੰਡੀਅਨਜ਼ ਦੀ ਐਂਟਰੀ ਬੰਦ ਕੀਤੀ ਸੀ। ਸ਼ਿਪ ਵਿਚ ਸਿਖ ਯਾਤਰੀਆਂ ਨੇ ਜਹਾਜ਼ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖ ਲਿਆ। ਸਾਰੇ 372 ਮੁਸਾਫਰਾਂ ਵਿਚੋਂ 351 ਪੰਜਾਬੀ ਸਿਖ ਸਨ ਤੇ 21 ਪੰਜਾਬੀ ਮੁਸਲਮਾਨ ਸਨ। ਸ਼ਿਪ ਹਾਂਗਕਾਂਗ ਤੋਂ ਅਪ੍ਰੈਲ 3, 1914 ਨੂੰ ਵੈਨਕੂਵਰ ਵਲ ਤੁਰਿਆ। ਇਹ ਕੈਨੇਡਾ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਦੀ ਸਿਧੀ ਉਲੰਘਣਾ ਸੀ ਕੈਨੇਡਾ ਸਰਕਾਰ ਇੰਗਲੈਂਡ ਸਰਕਾਰ ਦੀ ਸੁਣਦੀ ਸੀ। ਯਾਤਰਾ ਦੀਆਂ ਕਠਿਨਾਈਆਂ ਨੂੰ ਝਲਦਿਆਂ ਇਹ ਜੱਥਾ ਮਈ 22, 1914 ਨੂੰ ਪਹੁੰਚਿਆ। ਜਹਾਜ਼ ਨੂੰ ਬੰਦਰਗਾਹ ਤੇ ਲਾਉਣ ਦੀ ਇਜਾਜ਼ਤ ਨਹੀ ਦਿੱਤੀ ਗਈ। ਇਸ ਗੱਲ ਨੇ ਯਾਤਰੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਕਰ ਦਿੱਤੀ। ਇੱਕ ਰਾਤ

ਪੁਲੀਸ ਨੇ ਜਦ ਹਮਲਾ ਕੀਤਾ ਤੇ ਯਾਤਰੀਆਂ ਨੇ ਇਸ ਹਮਲੇ ਦਾ ਸਖਤੀ ਨਾਲ ਮੁਕਾਬਲਾ ਕੀਤਾ। ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਅਖਬਾਰਾਂ ਦੀਆਂ ਸੁਰਖੀਆਂ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ ਤੇ ਕੈਨੇਡਾ ਵਿਚ ਗੋਰੇ ਤੇ ਵਸੇ ਹੋਏ ਇੰਡੀਅਨਜ਼ ਵਿਚ ਤਲਖ਼ੀ ਪੈਦਾ ਹੋ ਗਈ।

ਆਖਰ ਇੱਕ ਪੜਾ ਤੇ ਇੱਕ ਸਮਝੌਤਾ ਹੋਇਆ। ਸ਼ਿਪ ਦੇ ਟੈਂਕ ਵਿਚ ਤਾਜ਼ਾ ਪਾਣੀ ਭਰ ਦਿੱਤਾ ਗਿਆ। ਖਾਣਾ ਇਧਨ ਤੇ ਹੋਰ ਜ਼ਰੂਰੀ ਲੋੜੀਂਦਾ ਸਮਾਨ ਸ਼ਿਪ ਤੇ ਲੋਡ ਕਰ ਦਿੱਤਾ ਗਿਆ ਤੇ ਇਹ ਸਾਰਾ ਖਰਚ ਕੈਨੇਡਾ ਸਰਕਾਰ ਨੇ ਝਲਿਆ। ਜਿਨ੍ਹਾਂ ਨੂੰ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਮਸਲਾ ਹੱਥੋਂ ਨਾ ਨਿਕਲ ਜਾਵੇ ਤੇ ਹਿੰਸਾ ਨਾ ਭੜਕ ਪਵੇ। ਦੂਜਾ ਇੰਡੀਆ ਵਿਚ ਵੀ  ਅਜ਼ਾਦੀ ਦੀ ਲੜਾਈ ਚਲ ਰਹੀ ਸੀ। ਅੰਗਰੇਜ਼ ਸਰਕਾਰ ਨੂੰ ਡਰ ਸੀ ਕਿਤੇ ਬਗਾਵਤ ਨਾ ਹੋ ਜਾਵੇ। ਜਦੋਂ ਸ਼ਿਪ ਵਿਚ ਸਾਰਾ ਕੁਝ ਲੱਦ ਦਿੱਤਾ ਗਿਆ ਤਾਂ ਕੈਨੇਡਾ  ਦੇ ਲੜਾਕੇ ਜਹਾਜ਼ ਨੇ ਆਪਣੀ ਬੰਦਰਗਾਹ ਤੋਂ ਇਸ ਜਹਾਜ਼ ਨੂੰ ਪਰੇ ਧੱਕ ਦਿੱਤਾ। ਇਸ ਤਰ੍ਹਾਂ ਇਸ ਜਹਾਜ਼ ਦਾ ਸਫ਼ਰ ਚੀਨ ਵਲ ਸ਼ੁਰੂ ਹੋ ਗਿਆ। ਲੜਾਈ ਫੁਟ ਪਈ ਸੀ ਇਸ ਲਈ ਇਸ ਜਹਾਜ਼ ਨੂੰ  ਵੀ ਜਬਰਦਸਤੀ ਇੰਡੀਆ ਵੱਲ ਧੱਕ ਦਿੱਤਾ ਗਿਆ।

ਸਤੰਬਰ 29, 1914 ਨੂੰ ਇਹ ਜਹਾਜ਼ ਕਲਕਤਾ ਪਹੁੰਚਿਆ। ਯਾਤਰੀਆਂ ਨੂੰ ਇੱਥੇ ਵੀ ਕਲਕਤੇ ਨਹੀ ਵੜਨ ਦਿੱਤਾ ਗਿਆ। ਇਨ੍ਹਾ ਨੂੰ ਇਹ ਆਗਿਆ ਮਿਲ ਗਈ ਕਿ ਉਹ  ਪੰਦਰਾਂ ਮੀਲ ਪਰੇ ਬੱਜ ਬੱਜ ਘਾਟ ਲੈਂਡ ਕਰ ਸਕਦੇ ਹਨ ਹੁਗਲੀ ਵਿਚ ਇੱਕ ਟਰੇਨ  ਉਨ੍ਹਾਂ ਦੀ ਇੰਤਜਾਰ ਵਿਚ ਸੀ ਜੋ ਉਨ੍ਹਾਂ ਨੂੰ ਪੰਜਾਬ ਲੈ ਜਾਵੇ। ਉਨ੍ਹਾਂ ਨੇ ਟਰੇਨ ਵਿਚ ਚੜ੍ਹਨ ਤੋਂ ਇਨਕਾਰ ਕਰ ਦਿੱਤਾ ਤੇ ਇਸ ਘੜਮਸ ਵਿਚ ਗੋਲੀ ਚਲ ਗਈ ਤੇ ਕਈ ਮੁਸਾਫ਼ਰ ਮਾਰੇ ਗਏ ਫੜੋ ਫੜੀ ਵਿਚ ਚਾਲੀ ਮੁਸਾਫਰ ਭਜਣ ਵਿਚ ਸਫ਼ਲ ਹੋਏ ਜਿਨ੍ਹਾ ਵਿਚ ਬਾਬਾ ਗੁਰਦਿਤ ਸਿੰਘ ਵੀ ਸੀ। ਜੋ ਕਈ ਸਾਲ ਅੰਡਰ ਗਰਾਂਉਡ ਰਹੇ। ਆਖਰ ਮਹਾਤਮਾ ਗਾਂਧੀ ਦੀ ਸਲਾਹ ਨਾਲ 1920 ਵਿਚ ਉਨ੍ਹਾਂ ਨੇ ਨਨਕਾਣਾ ਸਾਹਬ  ਆਤਮ ਸਮਰਪਣ ਕਰ ਦਿੱਤਾ ਤੇ ਸਰਕਾਰ ਨੇ ਪੰਜ ਸਾਲ ਦੀ ਸਜ਼ਾ ਸੁਣਾਈ। ਆਪਣੀ ਰਿਹਾਈ ਤੋਂ ਬਾਦ ਉਹ ਕਲਕਤੇ ਵਸ ਗਏ। 24 ਜੁਲਾਈ, 1954 ਨੂੰ ਉਹ ਪ੍ਰਲੋਕ ਸੁਧਾਰ ਗਏ।

## ਬਾਬਾ ਸੋਹਣ ਸਿੰਘ ਭਕਨਾ

ਬਾਬਾ ਜੀ ਦਾ ਜਨਮ ਖੁਤਰਾਲ ਖੁਰਦ ਜਿਲ੍ਹਾ ਅੰਮ੍ਰਿਤਸਰ ਵਿਖੇ 1870 ਨੂੰ ਹੋਇਆ। ਚੰਗੇ ਖਾਂਦੇ ਪੀਂਦੇ ਕਿਸਾਨ ਪਰਿਵਾਰ ਦੇ ਸਰਦਾਰ ਕਰਮ ਸਿੰਘ ਜੀ ਦੇ ਇਕਲੌਤੇ ਪੁੱਤਰ ਸਨ। ਬਾਬਾ ਸੋਹਣ ਸਿੰਘ ਭਕਨਾ ਮਸੀਂ ਇੱਕ ਸਾਲ ਦੇ ਹੀ ਸਨ ਜਦੋਂ ਬਾਪੂ ਜੀ ਪ੍ਰਲੋਕ ਸਿਧਾਰ ਗਏ। ਪਿੰਡ ਵਿਚ ਕੋਈ ਸਕੂਲ ਵੀ ਨਹੀ ਸੀ ਇਸਲਈ ਮੁੱਢਲੀ ਵਿਦਿਆ ਸਥਾਨਕ ਗੁਰਦੁਆਰੇ ਤੋਂ ਹਾਸਲ ਕੀਤੀ। ਜਦੋਂ ਉਹ ਗਿਆਰਾਂ ਸਾਲ ਦੇ ਸਨ ਉਦੋਂ ਪਿੰਡ ਵਿਚ ਪਰਾਇਮਰੀ ਸਕੂਲ ਖੁਲਿਆ। ਜਦੋਂ ਉਨ੍ਹਾਂ ਨੇ ਆਪਣੀ ਪਰਾਇਮਰੀ ਸਿਖਿਆ ਪ੍ਰਾਪਤ ਕੀਤੀ, ਉਹ ਪਹਿਲਾਂ ਹੀ ਕਾਫੀ ਵਡੇ ਹੋ ਚੁੱਕੇ ਸਨ। ਇਸ ਲਈ ਉਹ ਆਪਣੀ ਅਗਲੇਰੀ ਪੜ੍ਹਾਈ  ਜਾਰੀ ਨਹੀ ਰੱਖ ਸਕੇ।

1907 ਈਸਵੀ ਨੂੰ ਉਹ ਅਮਰੀਕਾ ਚਲੇ ਗਏ ਤੇ ਕੈਲੇਫੋਰਨੀਆ ਜਾਕੇ ਪੰਜਾਬੀ ਭਾਈਚਾਰੇ ਨਾਲ ਰਲ ਮਿਲ ਗਏ। ਉਨ੍ਹਾਂ ਵਕਤਾਂ ਵਿਚ ਭਾਰਤੀਆਂ ਨੂੰ ਸਖਤ ਕੰਮ ਕਰਨਾ ਪੈਂਦਾ ਸੀ ਤੇ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਨ੍ਹਾਂ ਨੇ ਬਾਬਾ ਜੀ ਨੂੰ ਜੋਸ਼ੀਲਾ ਦੇਸ਼-ਭਗਤ ਬਣਾ ਦਿੱਤਾ। ਵਿਦੇਸ਼ੀ ਸਰਕਾਰ ਦੇ ਭੈੜੇ ਰਵਈਏ ਨੇ ਇਨ੍ਹਾਂ ਦੇਸ਼-ਭਗਤਾਂ ਵਿਚ ਰੋਸ ਪੈਦਾ ਕੀਤਾ ਹੋਇਆ ਸੀ। ਵਡੀ ਜੰਗ ਬਰੂਹਾਂ ਤੇ ਵੇਖਕੇ, ਇਨ੍ਹਾਂ ਦੇਸ਼-ਭਗਤਾਂ ਨੇ ਵੀ ਮੌਕੇ ਦਾ ਫਾਇਦਾ ਉਠਾਉਣ ਦੀ ਸੋਚੀ। ਬਾਬਾ ਜੀ, ਲਾਲਾ ਹਰਦਿਆਲ ਤੇ ਪੰਡਿਤ ਕਾਂਸ਼ੀ ਰਾਮ ਤੇ ਕੁਝ ਹੋਰ ਸਾਥੀਆਂ ਨੇ ਸਿਰ ਜੋੜ ਕੇ ਮਸ਼ਵਰਾ ਕੀਤਾ। ਇਨ੍ਹਾਂ ਨੇ ਪੈਸੇਫਿਕ ਕੋਸਟ ਹਿੰਦੀ ਐਸੋਸ਼ੀਏਸ਼ਨ ਸਥਾਪਿਤ ਕਰ ਲਈ। ਬਾਬਾ ਸੋਹਣ ਸਿੰਘ ਭਕਨਾ ਇਸਦੇ ਪਹਿਲੇ ਪ੍ਰਧਾਨ ਬਣੇ। ਇਹੋ ਸੰਸਥਾ ਬਾਦ ਵਿਚ 'ਗਦਰ ਪਾਰਟੀ' ਅਖਵਾਉਂਣ ਲਗੀ।

ਪਾਰਟੀ ਦੀ ਖਾਹਸ਼ ਤੇ ਹੁਕਮ ਅਨੁਸਾਰ ਬਾਬਾ ਸੋਹਣ ਸਿੰਘ ਭਕਨਾ ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਇੰਡੀਆ ਮੁੜ ਪਏ। ਇਹ ਇੱਕ ਗਰੁਪ ਦੇ ਰੂਪ ਵਿਚ ਇੰਡੀਆ ਨੂੰ ਨਮਸੰਗ ਸ਼ਿਪ ਰਾਹੀਂ ਮੁੜੇ। ਇਸ ਸ਼ਿਪ ਦੇ ਅੱਗੇ ਅੱਗੇ ਹੀ ਕਾਮਾਗਾਟਾ ਮਾਰੂ ਸ਼ਿਪ ਜਾ ਰਿਹਾ ਸੀ। 1914 ਵਿਚ ਇਹ ਸ਼ਿਪ ਕਲਕਤਾ ਪਹੁੰਚਿਆ। ਬਾਬਾ ਸੋਹਣ ਸਿੰਘ ਨੂੰ ਪਹੁੰਚਦਿਆਂ ਹੀ ਗਰਿਫਤਾਰ ਕਰ ਲਿਆ ਗਿਆ। ਉਨ੍ਹਾਂ ਤੇ ਮੁਕਦਮਾ ਚਲਾਇਆ ਗਿਆ, ਕੇਸ ਲਾਹੌਰ ਸਾਜ਼ਿਸ ਦਾ ਹੀ ਸੀ। ਫਾਂਸੀ ਦੀ ਸਜ਼ਾ ਹੋ ਗਈ। ਬਾਦ ਵਿਚ ਅਪੀਲ ਦੌਰਾਨ ਇਹ ਸਜ਼ਾ ਉਮਰ ਕੈਦ ਵਿਚ ਬਦਲ ਗਈ। ਸੋਲਾਂ ਸਾਲ ਬਾਦ ਰਿਹਾਈ ਮਿਲੀ।

ਜੇਲ੍ਹ ਵਿਚ 1929 ਨੂੰ ਸਰਦਾਰ ਭਗਤ ਸਿੰਘ ਤੇ ਸਾਥੀਆਂ ਦੀ ਹਮਦਰਦੀ ਲਈ ਭੁਖ ਹੜਤਾਲ ਕੀਤੀ। ਜਦੋ ਭਗਤ ਸਿੰਘ ਨੇ ਇਨ੍ਹਾਂ ਨੂੰ ਉਮਰ ਦਾ ਲਿਹਾਜ਼ ਕਰਨ ਵਾਸਤੇ ਕਹਿੰਦਿਆਂ ਭੁਖ ਹੜਤਾਲ ਖਤਮ ਕਰਨ ਲਈ ਕਿਹਾ ਤਾਂ ਬਾਬਾ ਜੀ ਦਾ ਜੁਆਬ ਸੀ। 'ਕੀ ਹੋਇਆ ਜੇ ਮੇਰਾ ਜੁੱਸਾ ਬੁੱਢਾ ਲਗਦਾ ਹੈ, ਮੇਰੇ ਅੰਦਰ ਦਾ ਕਰਾਂਤੀਕਾਰੀ ਤੇ ਬੁੱਢਾ ਨਹੀ ਹੈ'। ਆਪਣੀ ਮੌਤ ਤੱਕ ਉਨ੍ਹਾਂ ਇਹ ਜਜ਼ਬਾ ਕਾਇਮ ਰਖਿਆ।

ਜੇਲ੍ਹ ਤੋਂ ਬਾਹਰ ਆਕੇ ਉਨ੍ਹਾਂ ਨੇ ਫਿਰ ਰਾਜਨੀਤਕ ਸਰਗਰਮੀਆਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਪਹਿਲਾ ਮਿਸ਼ਨ ਗਦਰੀਆਂ ਨੂੰ ਜੇਲ੍ਹਾਂ ਤੋਂ ਬਾਹਰ ਕਢਵਾਉਂਣਾ ਸੀ। ਇਸਦੇ ਨਾਲ ਨਾਲ ਹੀ ਉਨ੍ਹਾਂ ਕਿਸਾਨਾਂ ਦੀ ਬੇਹਤਰੀ ਲਈ ਕਿਸਾਨ ਜਥੇਬੰਦੀਆ ਵਿਚ ਸ਼ਿਰਕਤ ਕਰਨੀ ਜਾਰੀ ਰਖੀ। ਇਨ੍ਹਾਂ ਕਈ ਕਿਸਾਨ ਮੋਰਚਿਆਂ ਵਿਚ ਹਿੱਸਾ ਲਿਆ। ਇਨ੍ਹਾਂ ਸਰਗਰਮੀਆਂ ਕਰਕੇ ਉਹ ਕਮਿਉਨਿਸਟ ਪਾਰਟੀ ਔਫ ਇੰਡੀਆ ਦੇ ਨੇੜੇ ਆ ਗਏ। ਦੂਜੀ ਸੰਸਾਰ ਜੰਗ ਦੇ ਦੌਰਾਨ ਉਨ੍ਹਾ ਨੂੰ ਫਿਰ ਗਰਿਫਤਾਰ ਕਰਕੇ ਡਿਉਲੀ ਕੈਂਪ(ਰਾਜਿਸਥਾਨ) ਜੇਲ੍ਹੀਂ ਡਕ ਦਿੱਤਾ ਗਿਆ। 1943 ਵਿਚ ਆਪਣੀ ਪਾਰਟੀ ਦੇ ਦੂਜੇ ਕਾਰਕੁੰਨਾਂ ਸਮੇਤ ਰਿਹਾ ਕਰ ਦਿੱਤੇ ਗਏ।

ਇਸਤੋਂ ਅਗਲੇ ਪੱਚੀ ਸਾਲ, ਉਨ੍ਹਾਂ ਲਗਾਤਾਰ ਕਿਸਾਨ ਸਭਾ ਤੇ ਕਮਿਉਨਿਸਟ ਪਾਰਟੀ ਔਫ ਇੰਡੀਆ ਲਈ ਸਰਗਰਮੀ ਨਾਲ ਕੰਮ ਕੀਤਾ। ਕਿਸਾਨ ਸਭਾ ਦੇ ਮੈਂਬਰਾਂ ਵਿਚ ਉਹ ਇਤਨੇ ਹਰਮਨ-ਪਿਆਰੇ ਸਨ ਕਿ ਕਿਸਾਨ ਸਭਾ ਨੇ ਉਨ੍ਹਾਂ ਦਾ ਸਨਮਾਨ ਕਰਨ

ਲਈ ਉਨ੍ਹਾ ਦੇ ਪਿੰਡ ਭਕਨਾ ਕਲਾਂ ਦੋ ਅਪ੍ਰੈਲ ਤੋ ਚਾਰ ਅਪ੍ਰੈਲ 1943 ਨੂੰ ਕਾਨਫਰੰਸ ਰਖ ਲਈ। ਇਹ ਇੱਕ ਇਤਫਾਕ ਹੀ ਸੀ ਕਿ ਬਾਬਾ ਜੀ ਇਸ ਕਾਨਫਰੰਸ ਤੋਂ ਇੱਕ ਦਿਨ ਪਹਿਲਾਂ ਹੀ ਰਿਹਾ ਹੋਏ ਸਨ।

## ਕਾਮਰੇਡ ਅਛਰ ਸਿੰਘ ਛੀਨਾ

ਕਾਮਰੇਡ ਅਛਰ ਸਿੰਘ ਛੀਨਾ ਭਾਰਤੀ ਕੌਮਨਿਸਟ, ਰਾਜਨੀਤਕ ਤੇ ਅਜ਼ਾਦੀ ਘੁਲਾਟੀਆ ਸੀ। ਪੰਜਾਬ ਵਿਧਾਨ ਸਭਾ ਦੇ ਦੋ ਵਾਰ ਵਿਧਾਇਕ ਬਣੇ। 1962 ਨੂੰ ਭਾਰਤ ਦੇ ਸੰਸਦ ਮੈਂਬਰ ਬਣਨ ਦੀ ਤਰਨ ਤਾਰਨ ਤੋਂ ਚੋਣ ਵੀ ਲੜੀ ਪਰ 1990 ਵੋਟਾਂ ਨਾਲ ਹਾਰ ਗਏ।

ਜਿਲ੍ਹਾ ਅੰਮ੍ਰਿਤਸਰ, ਤਹਸੀਲ ਅਜਨਾਲਾ ਤੇ ਪਿੰਡ ਹਰਸਾ ਛੀਨਾ ਵਿਚ 1899 ਇਸਵੀ ਨੂੰ ਜਨਮ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮੁੱਢਲੀ ਵਿਦਿਆ ਪ੍ਰਾਪਤ ਕੀਤੀ ਜਿੱਥੇ ਉਨ੍ਹਾਂ ਨੇ ਵਿਦਿਆਰਥੀ ਸਰਗਰਮੀਆ ਵਿਚ ਪ੍ਰਤਾਪ ਸਿੰਘ ਕੈਰੋਂ ਨਾਲ ਮਿਲਕੇ ਕੇਂਦਰੀ ਧੁਰੇ ਦਾ ਕੰਮ ਕੀਤਾ। 1920-1921 ਨੂੰ ਪਰਿੰਸ ਔਫ ਵੇਲਜ਼ ਨੇ ਕਾਲਜ਼ ਆਉਣਾ ਸੀ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਮਿਲਕੇ ਬ੍ਰਿਟਿਸ਼ ਸਾਮਰਾਜ ਦਾ ਵਿਰੋਧ ਕਰਦਿਆਂ ਪਰਿੰਸ ਦੀ ਫੇਰੀ ਦਾ ਬਾਇਕਾਟ ਕੀਤਾ।

1921 ਨੂੰ ਕਾਮਰੇਡ ਛੀਨਾ ਤੇ ਪ੍ਰਤਾਪ ਸਿੰਘ ਕੈਰੋਂ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਦੋਵਾਂ ਨੇ ਕੈਲੇਫੋਰਨੀਆਂ ਦੀ ਬਰਕਲੇ ਯੂਨਵੀਰਸਿਟੀ ਵਿਚ ਅਰਥ ਸ਼ਾਸਤਰ ਦੀ ਪੋਸਟ ਗਰੈਜੂਏਸ਼ਨ ਵਿਚ ਦਾਖਲਾ ਲੈ ਲਿਆ। ਉਸੇ ਸਾਲ ਹੀ ਕਾਮਰੇਡ ਛੀਨਾ ਸਾਨਫਰਾਂਸਿਸਕੋ ਵਿਖੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਰਾਸ਼ਟਰੀ ਰਾਜਨੀਤੀ ਦੇ ਪਹਿਲੇ ਪਾਠ ਸ਼ੁਰੂ ਕਰ ਦਿੱਤੇ।

1932 ਵਿਚ ਉਨ੍ਹਾਂ ਨੇ ਅਮਰੀਕਾ ਛੱਡ ਦਿੱਤਾ ਤੇ ਸਮਾਜ ਸ਼ਾਸਤਰ ਦੀ ਪੜ੍ਹਾਈ ਲਈ ਸੋਵੀਅਤ ਯੂਨੀਅਨ ਚਲੇ ਗਏ। 1936 ਵਿਚ ਭਾਰਤ ਵਾਪਸ ਆਏ ਤੇ ਉਸੇ ਸਾਲ ਹੀ ਲਾਹੌਰ ਵਿਚ ਗਰਿਫਤਾਰ ਹੋ ਗਏ ਤੇ ਲਾਹੌਰ ਦੇ ਕਿਲ੍ਹੇ ਵਿਚ ਦੋ ਮਹੀਨੇ ਨਜ਼ਰਬੰਦ ਰਹੇ।

## ਫਤਿਹਵਾਲ ਕਤਲ ਕੇਸ (1938-1939)

1937, ਬ੍ਰਿਟਿਸ਼ ਸਰਕਾਰ ਨੇ ਹੁਕਮ ਕੀਤਾ ਕਿ ਕਾਮਰੇਡ ਅਛਰ ਸਿੰਘ ਛੀਨਾ, ਇੱਕ ਸਾਲ ਤਕ ਆਪਣੇ ਪਿੰਡ ਤੋਂ ਬਾਹਰ ਨਹੀ ਜਾ ਸਕਦਾ। ਮਾਰਚ, 1938 ਨੂੰ ਇਸ ਕਰਫਿਉ ਦਾ ਸਮਾਂ ਖਤਮ ਹੋਇਆ ਤੇ ਕਮਿਉਨਿਸਟ ਪਾਰਟੀ ਨੇ ਅੰਮ੍ਰਿਤਸਰ ਦੇ ਪਿੰਡ ਫਤਿਹਵਾਲ ਵਿਚ ਮਾਰਚ 13 ਨੂੰ ਕਾਨਫਰੰਸ ਰੱਖ ਲਈ। ਕਾਮਰੇਡ ਛੀਨਾ, ਮੋਹਨ ਸਿੰਘ ਬਾਠ, ਗੋਪੀ ਚੰਦ ਭਾਰਗਵ, ਸੋਹਨ ਸਿੰਘ ਜੋਸ਼, ਤੇ ਬੇਗਮ ਫਾਤਿਮਾ ਨੇ ਕਾਨਫਰੰਸ ਵਿਚ ਵਿਸ਼ੇਸ਼ ਸ਼ਿਰਕਤ ਕੀਤੀ ਤੇ ਕਾਨਫਰੰਸ ਨੂੰ ਸੰਬੋਧਨ ਵੀ ਕੀਤਾ। ਸਥਾਨਿਕ ਜਗੀਰਦਾਰ ਤੇ ਯੂਨਿਅਨਿਸਟ ਮਨਿਸਟਰੀ ਦਾ ਪਾਰਲੀਮੈਂਟ ਸੈਕਟਰੀ, ਮੀਰ ਮਕਬੂਲ ਆਪਣੇ ਗੁੰਡੇ ਲੈਕੇ

ਆ ਗਿਆ। ਗੁੰਡਿਆਂ ਨੇ ਕਾਨਫਰੰਸ ਭੰਗ ਕਰ ਦਿੱਤੀ ਤੇ ਸਟੇਜ਼ ਤੋੜ ਦਿੱਤੀ। ਅਛਰ ਸਿੰਘ ਛੀਨਾ ਤੇ ਉਸਦੇ ਸਾਥੀ ਮੌਕੇ ਤੇ ਆ ਗਏ ਤੇ ਉਨ੍ਹਾਂ ਨੇ ਮਿਥੀ ਹੋਈ ਮੀਟਿੰਗ ਕੀਤੀ, ਭਾਵੇਂ ਇਹ ਬਹੁਤ ਹੀ ਖਤਰੇ ਵਾਲੀ ਗੱਲ ਸੀ। ਜਿਉਂ ਹੀ ਅਛਰ ਸਿੰਘ ਮੀਟਿੰਗ ਤੋਂ ਬਾਦ ਸਾਥੀਆਂ ਸਮੇਤ ਅੰਮ੍ਰਿਤਸਰ ਵਲ ਚਲੇ ਗਿਆ। ਗੁੰਡਿਆਂ ਨੇ ਬਿਖਰ ਰਹੇ ਲੋਕਾਂ ਤੇ ਹੱਲਾ ਬੋਲ ਦਿੱਤਾ। ਲੋਕਾਂ ਨੇ ਵੀ ਅੱਗੋਂ ਮੁਕਾਬਲਾ ਕੀਤਾ ਤੇ ਦੋ ਗੁੰਡਿਆ ਨੂੰ ਮਾਰ ਦਿੱਤਾ। ਪੁਲੀਸ ਆ ਗਈ ਤੇ ਪੁਲੀਸ ਨੇ ਕਤਲ ਦਾ ਪਰਚਾ ਦਰਜ ਕਰਦਿਆਂ, ਅਛਰ ਸਿੰਘ ਛੀਨਾ, ਜੋਗਿੰਦਰ ਸਿੰਘ ਛੀਨਾ ਤੇ 47 ਹੋਰ ਲੋਕਾਂ ਨੂੰ ਪਰਚੇ ਵਿਚ ਨਾਮਜ਼ਦ ਕਰ ਲਿਆ। ਇਸ ਮੁਕਦਮੇ ਦੀ ਖ਼ਬਰ ਮੁਲਕ ਭਰ ਵਿਚ ਫੈਲ ਗਈ ਤੇ ਕੇਸ ਲੜਨ ਲਈ ਡਿਫੈਂਸ ਕਮੇਟੀ ਬਣਾਈ ਗਈ। ਕਮੇਟੀ ਦੇ ਮੁਖੀ ਸਨ, ਪੰਡਿਤ ਜਵਾਹਰ ਲਾਲ ਨਹਿਰੂ ਤੇ ਡਾ, ਸੈਫੂਦੀਨ ਕਿਚਲੂ। ਕਰਮ ਸਿੰਘ ਮਾਨ ਤੇ ਇੱਕ ਕਾਂਗਰਸੀ, ਦੋਵੇਂ ਵਕੀਲ ਸਨ, ਜਿਨ੍ਹਾ ਨੇ ਇਸ ਕੇਸ ਦੀ ਪੈਰਵੀ ਸਰਗਰਮੀ ਨਾਲ ਸ਼ੁਰੂ ਕਰ ਦਿੱਤੀ। ਪੁਲੀਸ ਅਫਸਰਾਂ ਨੇ ਰਾਮ ਲਾਲ ਪੁਲੀਸ ਦੇ ਸਿਪਾਹੀ ਨੂੰ ਮਜ਼ਬੂਰ ਕੀਤਾ ਕਿ ਉਹ ਅਦਾਲਤ ਵਿਚ ਝੂਠੀ ਗਵਾਹੀ ਦੇਵੇ ਕਿ ਹਮਲਾ ਕਰਨ ਵਾਲਿਆ ਵਿਚ ਕਾਮਰੇਡ ਛੀਨਾ ਵੀ ਸੀ ਤੇ ਉਹ ਹੀ ਅਗਵਾਈ ਕਰ ਰਿਹਾ ਸੀ। ਸਿਪਾਹੀ ਰਾਮ ਲਾਲ ਨੇ ਅਦਾਲਤ ਵਿਚ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ।

ਕੇਸ ਵਿਚ ਸ਼ਾਮਲ ਹੋਣ ਕਰਕੇ ਕਾਮਰੇਡ ਛੀਨਾ ਪੁਲੀਸ ਤੋਂ ਬਚਣ ਲਈ ਰੂਪੋਸ਼ ਹੋ ਗਿਆ ਤੇ ਰਸ਼ੀਆ ਖਿਸਕ ਗਿਆ ਜਿੱਥੇ ਉਸਨੇ ਸੁਭਾਸ਼ ਚੰਦਰ ਬੋਸ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਮੁਕਦਮੇ ਦੀ ਪੈਰਵੀ ਐਡਵੋਕੇਟ ਸੈਫੂਦੀਨ ਕਿਚਲੂ ਤੇ ਕਰਮ ਸਿੰਘ ਮਾਨ ਨੇ ਕੀਤੀ। ਫੈਸਲੇ ਵਿਚ ਕਾਮਰੇਡ ਅਛਰ ਸਿੰਘ ਛੀਨਾ ਨੂੰ ਬਰੀ ਕਰ ਦਿੱਤਾ ਗਿਆ ਤੇ ਜੋਗਿੰਦਰ ਸਿੰਘ ਛੀਨਾ ਨੂੰ ਵੀਹ ਸਾਲ ਕੈਦ ਦੀ ਸਜ਼ਾ ਹੋ ਗਈ। ਡਿਫੈਂਸ ਕਮੇਟੀ ਨੇ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ ਤੇ 1941 ਨੂੰ ਸਾਰੇ ਬਰੀ ਹੋ ਗਏ।

## ਨੇਤਾ ਜੀ ਤੇ ਅਛਰ ਸਿੰਘ ਛੀਨਾ;

ਰੂਪੋਸ਼ ਦੇ ਵੇਲੇ ਲੁਕਦਾ ਲੁਕਾਉਂਦਾ ਕਾਮਰੇਡ ਛੀਨਾ ਅਪ੍ਰੈਲ 1939 ਨੂੰ ਸੁਭਾਸ਼ ਚੰਦਰ ਬੋਸ ਦੇ ਸੰਪਰਕ ਵਿਚ ਆਇਆ। ਬੋਸ ਨੇ ਸਲਾਹ ਦਿੱਤੀ ਕਿ ਕਿਸੇ ਵੀ ਹਾਲਤ ਵਿਚ ਪੁਲੀਸ ਦੇ ਅੜਿਕੇ ਨਹੀ ਆਉਣਾ।

ਜੂਨ 1940 ਦਾ ਸ਼ੁਰੂ ਸੀ, ਨੇਤਾ ਜੀ ਨੇ ਦੂਸਰੀ ਸੰਸਾਰ ਜੰਗ ਦਾ ਨਿਰੀਖਣ ਕੀਤਾ ਤੇ ਇਸ ਨਤੀਜੇ ਤੇ ਪਹੁੰਚੇ ਕਿ ਭਾਰਤੀ ਅਜ਼ਾਦੀ ਸੰਗਰਾਮੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਨੀਆ ਵਿਚ ਕੀ ਵਾਪਰ ਰਿਹਾ ਹੈ ਤੇ ਉਸਤੋਂ ਬਾਦ ਬ੍ਰਿਟਿਸ਼ ਸਾਮਰਾਜ ਨੂੰ ਢਾਹ ਲਾਉਣ ਲਈ ਲੜਾਈ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਸੰਸਥਾਂਵਾਂ ਦੇ ਬਹੁਤ ਸਾਰੇ ਕਾਮਰੇਡਾਂ ਨਾਲ ਸਲਾਹ ਮਸ਼ਵਰਾ ਕਰਕੇ ਨੇਤਾ ਜੀ ਨੇ ਫੈਸਲਾ ਕੀਤਾ ਕਿ ਆਪਣੇ ਸਾਧਨਾ ਰਾਹੀਂ ਦੁਨੀਆਂ ਦੇ ਵਖੋ ਵਖ ਮੁਲਕਾਂ ਦਾ ਦੌਰਾ ਕੀਤਾ ਜਾਵੇ, ਹੋਰ ਕੋਈ ਰਾਹ ਨਹੀ। ਪਹਿਲੀਆਂ ਵਿਚ ਹੀ ਸਾਰੀ ਪਲੈਂਨ ਨੂੰ ਨੇਪਰੇ ਚਾੜ੍ਹਨ ਲਈ ਨੇਤਾ

ਜੀ ਨੇ 'ਦੇਸ਼ ਦਰਪਣ' ਦੇ ਐਡੀਟਰ ਨਰਿੰਜਨ ਸਿੰਘ ਤਾਲਿਬ ਤੇ ਬਲਦੇਵ ਸਿੰਘ ਨਾਲ ਸਲਾਹ ਮਸ਼ਵਰਾ ਕੀਤਾ। ਨਰਿੰਜਨ ਸਿੰਘ ਤਾਲਿਬ ਨੇ ਨੇਤਾ ਜੀ ਨੂੰ ਅਛਰ ਸਿੰਘ ਛੀਨਾ ਦਾ ਨਾਮ ਸੁਝਾਇਆ। ਕੌਮਨਿਸਟ ਪਾਰਟੀ ਦੀ ਅਗਜੈਕਟਿਵ ਕਮੇਟੀ ਨੇ ਫੈਸਲਾ ਕੀਤਾ ਕਿ ਅਛਰ ਸਿੰਘ ਛੀਨਾ ਜਿਸਦਾ ਸੋਵੀਅਤ ਨਾਮ ਲਾਰਕਿਨ ਸੀ, ਉਹ ਸੁਭਾਸ਼ ਚੰਦਰ ਬੋਸ ਨੂੰ ਮਿਲੇ ਤੇ ਸਾਰੀ ਪਲੈਨ ਨੂੰ ਅੰਜ਼ਾਮ ਦੇਣ ਲਈ ਮਾਸਟਰ ਪਲੈਂਨ ਬਣਾਈ ਜਾਵੇ। ਕਾਮਰੇਡ ਛੀਨਾ ਉਸ ਵਕਤ ਨੌਰਥ ਵੈਸਟ ਫਰੰਟੀਅਰ ਦਾ 'ਕਿਰਤੀ' ਪਾਰਟੀ ਦੇ ਸੰਸਥਾਪਕਾਂ ਵਿਚੋਂ ਇੱਕ ਸੀ। ਕਾਮਰੇਡ ਛੀਨਾ ਨੇਤਾ ਜੀ ਨੂੰ ਮਿਲਣ ਕਲਕਤਾ ਚਲੇ ਗਿਆ। ਨੇਤਾ ਜੀ ਨੇ ਕਾਮਰੇਡ ਛੀਨਾ ਨਾਲ ਮਸ਼ਵਰਾ ਕੀਤਾ  ਤੇ ਸਲਾਹ ਇਹ ਬਣੀ ਕਿ ਜੋਸਫ਼ ਸਟਾਲਿਨ ਤੱਕ ਪਹੁੰਚ ਬਣਾਈ ਜਾਵੇ। ਸਟਾਲਿਨ ਦੀ ਮਦਦ ਨਾਲ ਹਥਿਆਰ ਲਏ ਜਾਣ ਤੇ ਭਾਰਤ ਦੀ ਅਜ਼ਾਦੀ ਦੀ ਲੜਾਈ ਭਾਰਤ ਵਿਚ ਲੜੀ ਜਾਵੇ। ਰਸ਼ੀਆ ਦੀ ਮਦਦ ਲਈ, ਉਸਦੀਆਂ ਸਪੀਚਾ ਦਾ ਨਿਰੀਖਣ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਤਬਦੀਲੀ ਸਿਰਫ ਵਕਤੀ ਸੀ ਤੇ ਇਸਦਾ ਉਸਦੇ ਅਸੂਲਾਂ ਨਾਲ ਕੋਈ ਸਬੰਧ ਨਹੀ ਸੀ। ਇਸ ਉਦੇਸ਼ ਲਈ ਹੀ ਕਾਮਰੇਡ ਛੀਨਾ ਪਹਿਲਾਂ ਫਰੰਟੀਅਰ ਪ੍ਰਾਂਤ ਗਿਆ ਤੇ ਰਸ਼ੀਆ ਜਾਣ ਦਾ ਪ੍ਰਬੰਧ ਕੀਤਾ।

ਜੂਨ 1940, ਕਾਮਰੇਡ ਛੀਨਾ ਤੇ ਕਾਮਰੇਡ ਰਾਮ ਕਿਸ਼ਨ ਨੌਰਥ ਵੈਸਟ ਫਰੰਟੀਅਰ ਵਿਚ ਭਗਤ ਰਾਮ ਤਲਵਾੜ ਨੂੰ ਉਸਦੇ ਪਿੰਡ ਜਾਕੇ ਮਿਲੇ। ਤਲਵਾੜ ਫਾਰਵਰਡ ਬਲਾਕ ਦਾ ਮੈਂਬਰ ਸੀ ਤੇ ਕਿਰਤੀ ਪਾਰਟੀ ਲਈ ਖੁਫੀਆ ਕਾਰਵਾਈਆਂ ਕਰਦਾ ਸੀ। ਉਸਨੂੰ ਬੇਨਤੀ ਕੀਤੀ ਗਈ ਕਿ ਨੇਤਾ ਜੀ ਦੀ ਸੋਵੀਅਤ ਯੂਨੀਅਨ ਦੀ ਸਰਹਦ ਪਾਰ ਕਰਨ ਵਿਚ ਮਦਦ ਕੀਤੀ ਜਾਵੇ। ਭਗਤ ਰਾਮ ਤਲਵਾੜ ਤੋਂ ਹਾਂ ਕਰਵਾਕੇ, ਇਹ ਕਲਕਤੇ ਵਾਪਸ ਆ ਗਏ ਤੇ ਨੇਤਾ ਜੀ ਨੂੰ ਪੇਸ਼ਾਵਰ ਪਹੁੰਚਦਾ ਕਰਨ ਲਈ ਕੋਸ਼ਿਸ਼ ਕੀਤੀ ਜਾਵੇ ਪਰ ਨੇਤਾ ਜੀ ਪਹਿਲਾਂ ਹੀ ਕਲਕਤੇ ਵਿਖੇ ਬਲੈਕ ਹੋਲ ਔਫ ਕਲਕਤਾ ਅੰਦੋਲਨ ਵਿਚ ਗਰਿਫਤਾਰ ਕਰ ਲਏ ਗਏ ਸਨ।

ਇੰਤਜਾਮ ਤੇ ਹੋਇਆ ਹੀ ਸੀ ਇਸ ਲਈ ਕਾਮਰੇਡ ਛੀਨਾ ਨੇ ਆਪਣੇ ਲਈ ਇਹ ਮੌਕਾ ਵਰਤਦਿਆਂ ਸੋਵੀਅਤ ਯੂਨੀਅਨ ਜਾਣ ਦਾ ਫੈਸਲਾ ਲਿਆ। ਹਿੰਦੂਕੁਸ਼ ਦੇ ਪਹਾੜਾਂ ਰਾਹੀਂ ਪੈਦਲ ਚਲਕੇ ਕਾਬੁਲ ਰਸਤੇ ਸਰਹੱਦ ਪਾਰ ਕੀਤੀ। ਰੂਸ ਪਹੁੰਚਕੇ ਕਾਮਰੇਡ ਛੀਨਾ ਨੇ ਰੂਸੀ ਲੀਡਰਾਂ ਨਾਲ ਮੁਲਾਕਾਤਾਂ ਕੀਤੀਆਂ ਤੇ ਅਜ਼ਾਦੀ ਦੀ ਲੜਾਈ ਬਾਰੇ ਸੰਭਾਵਨਾਵਾਂ ਦਾ ਮਸਲਾ ਉਠਾਇਆ। ਦਸੰਬਰ 1940 ਨੂੰ ਕਾਮਰੇਡ ਛੀਨਾ ਨੇ ਲਾਰਕੇਨ  ਦੇ ਨਾਮ ਥੱਲੇ ਆਪਣਾ ਥੀਸਸ 'ਦੀ ਨੈਸ਼ਨਲ ਫਰੰਟ ਇੰਨ ਇੰਡੀਆ' ਕਾਮਰੇਡ ਸਟਾਲਿਨ ਦੇ ਦਫਤਰ ਜਮ੍ਹਾਂ ਕਰਵਾਇਆ।

ਦੂਜੇ ਪਾਸੇ ਭਗਤ ਰਾਮ ਤਲਵਾੜ ਤੇ ਸੁਭਾਸ਼ ਚੰਦਰ ਬੋਸ ਕਾਬੁਲ ਆ ਗਏ ਤੇ ਸੋਵੀਅਤ ਯੂਨੀਅਨ ਤੇ ਜਰਮਨ ਅੰਬੈਂਸੀ ਰਾਹੀਂ ਸਬੰਧ ਬਨਾਉਣ ਵਿਚ ਜੁਟ ਗਏ ਸਨ। ਕਾਬੁਲ ਵਿਚ ਉਨ੍ਹਾਂ ਦੇ ਰਸ਼ੀਅਨ ਨਾਲ ਸਬੰਧ ਚੰਗੀ ਤਰ੍ਹਾਂ ਨਹੀ ਬਣੇ। ਭਗਤ ਰਾਮ ਨੇ ਜਰਮਨ ਡਿਪਲੋਮੈਟਾਂ ਨੂੰ ਆਪਣਾ ਨਾਮ ਰਹਿਮਤ ਖਾਂਨ ਦਸਿਆ ਤੇ ਇਸਤਰ੍ਹਾਂ ਉਹ

ਅਲਬਰਟੋ ਕੁਰਾਨੀ ਨੂੰ ਮਿਲਿਆ ਜੋ ਕਾਬੁਲ ਵਿਚ ਇਟਲੀ ਦਾ ਪ੍ਰਤੀਨਿਧੀ ਸੀ। ਬੋਸ ਨੇ ਸੋਵੀਅਤ ਯੂਨੀਅਨ ਵਿਚ ਦਾਖਲ ਹੋਣ ਦੀ ਦੋ ਵਾਰ ਕੋਸ਼ਿਸ਼ ਕੀਤੀ ਪਰ ਸਫਲਤਾ ਨਹੀ ਮਿਲੀ। ਛੇ ਹਫਤੇ ਬਾਦ, ਸੁਭਾਸ਼ ਚੰਦਰ ਬੋਸ ਨੇ ਉਰਲੈਂਡੋ ਮਾਜ਼ੈਟੋ ਦੇ ਨਾਮ ਦਾ ਇਟਾਲੀਅਨ ਪਾਸਪੋਰਟ ਬਣਾਇਆ ਤੇ ਕਾਬੁਲ ਰਾਹੀਂ ਸੋਵੀਅਤ ਯੂਨੀਅਨ ਦਾ ਟਰਾਂਜ਼ਿਟ ਵੀਜ਼ਾ ਲੈਕੇ ਕੰਮ ਚਲਾਇਆ।

## ਅਛਰ ਸਿੰਘ ਛੀਨਾ ਤੇ ਅੰਤਰ ਰਾਸ਼ਟਰੀ ਰਾਜਨੀਤੀ;

ਸੰਨ 1942, ਕੌਮਨਿਸਟ ਪਾਰਟੀ ਔਫ ਇੰਡੀਆ ਭਾਰਤ ਛੌੜੌ ਅੰਦੋਲਨ ਦੇ ਹੱਕ ਵਿਚ ਨਹੀ ਸੀ। ਜਦੋਂ 1941 ਨੂੰ ਹਿਟਲਰ ਤੇ ਉਸਦੇ ਸਾਥੀ ਮੁਲਕਾਂ ਨੇ ਸੋਵੀਅਤ ਯੂਨੀਅਨ ਤੇ ਹਮਲਾ ਕੀਤਾ ਤਾਂ ਨਾਜ਼ੀਆਂ ਦਾ ਇਹ ਹਮਲਾ ਦੁਨੀਆਂ ਭਰ ਦੇ ਕੌਮਨਿਸਟਾਂ ਖਿਲਾਫ ਹਮਲਾ ਮਿੱਥ ਲਿਆ ਗਿਆ। ਅਛਰ ਸਿੰਘ ਛੀਨਾ ਜਿਸਨੂੰ ਸੋਵੀਅਤ ਯੂਨੀਅਨ ਵਿਚ ਲਾਰਕਨ ਕਿਹਾ ਜਾਂਦਾ ਸੀ, ਅੰਤਰ ਰਾਸ਼ਟਰੀ ਰਾਜਨੀਤੀ ਵਿਚ ਸ਼ਾਮਲ ਸੀ। ਉਸਨੇ ਕੌਮਨਿਸਟ ਪਾਰਟੀ ਨਾਲ ਕੰਮ ਕਰਦਿਆਂ ਕੌਮਨਿਸਟ ਪਾਰਟੀ ਔਫ ਇੰਡੀਆ ਲਈ ਨਿਰਦੇਸ਼ ਅਸੂਲ ਘੜਨ ਵਿਚ ਸ਼ਮੂਲੀਅਤ ਕੀਤੀ ਤੇ ਇਹ ਨਿਰਦੇਸ਼ ਸੋਵੀਅਤ ਯੂਨੀਅਨ ਤੋਂ ਭਾਰਤ ਭੇਜੇ ਗਏ ਤੇ ਇਸਦਾ ਬ੍ਰਿਟਿਸ਼ ਸਮਾਰਾਜ ਨੂੰ ਪੂਰਾ ਪਤਾ ਸੀ। ਭਾਰਤ ਵਿਚ ਇਸਦਾ ਮਤਲਬ ਇਹ ਸੀ ਕਿ ਕੌਮਨਿਸਟਾਂ ਨੇ ਆਪਣੇ ਆਪ ਨੂੰ ਰਾਸ਼ਟਰੀ ਜ਼ਿੰਦਗੀ ਤੇ ਰਾਜਨੀਤੀ ਨਾਲੋਂ ਵਖ ਕਰ ਲੈਣਾ ਸੀ ਤੇ ਬ੍ਰਿਟਿਸ਼ ਸਾਮਰਾਜ ਨੂੰ ਦੋਸਤ ਤਾਕਤ ਵਜੋਂ ਵੇਖਣਾ ਸੀ ਕਿਉਂਕਿ ਕੋਮਨਿਸਟਾਂ ਦਾ ਪਿਤਾਮਾ ਰੂਸ, ਬ੍ਰਿਟੇਨ ਦਾ ਸਾਥੀ ਸੀ। ਇਹ ਆਲੋਚਨਾਤਮਿਕ ਫੈਸਲਾ, ਪਾਰਟੀ ਦੀ ਐਕਸ਼ਨ ਲਾਇਨ ਨੂੰ ਪ੍ਰਭਾਵਿਤ ਕਰਨ ਵਾਲਾ ਸੀ ਤੇ ਰਾਸ਼ਟਰੀ ਸੁਆਰਥ ਬਾਹਰਲੇ ਮੁਲਕ ਦੀਆਂ ਨੀਤੀਆਂ ਨਾਲ ਨਿਸਲ ਹੋਣ ਵਰਗਾ ਸੀ। ਰੂਸ ਦੇ ਹੁਕਮ ਹੀ ਕੌਮਨਿਸਟ ਪਾਰਟੀ ਔਫ ਇੰਡੀਆ ਦੀ ਪੁਜ਼ੀਸਨ ਤੇ ਐਕਸ਼ਨਾਂ ਦਾ ਫੈਸਲਾ ਕਰਦੇ ਸਨ।

ਹਿੰਦਕੁਸ਼ ਪਹਾੜ ਨੂੰ ਉਲੰਘਦਿਆਂ, ਗਿਲਗਿਟ ਵਿਖੇ, ਕਾਮਰੇਡ ਛੀਨਾ ਗਰਿਫਤਾਰ ਕਰ ਲਿਆ ਗਿਆ ਤੇ ਲਾਹੌਰ ਲਿਆਂਦਾ ਗਿਆ ਤੇ ਲਾਹੌਰ ਦੇ ਕਿਲ੍ਹੇ ਦੇ ਸੈੱਲ ਵਿਚ ਕੈਦ ਕਰ ਦਿੱਤਾ ਗਿਆ। ਚਾਰ ਮਹੀਨੇ ਲਾਹੌਰ ਦੇ ਕਿਲ੍ਹੇ ਵਿਚ ਰਖਕੇ ਕਾਮਰੇਡ ਛੀਨਾ ਨੂੰ ਕੈਂਮਪਬੈਲ ਪੋਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਜਿੱਥੋਂ ਮਈ 1, 1942 ਨੂੰ ਰਿਹਾ ਕਰ ਦਿੱਤਾ ਗਿਆ।

## ਪੰਜਾਬ ਕਿਸਾਨ ਸਭਾ ਦੀ ਪ੍ਰਧਾਨਗੀ;

1942 ਨੂੰ ਕਾਮਰੇਡ ਛੀਨਾ ਆਲ ਇੰਡੀਆ ਕਿਸਾਨ ਸਭਾ-ਪੰਜਾਬ ਦਾ ਪ੍ਰਧਾਨ ਚੁਣਿਆ ਗਿਆ ਤੇ ਇਹ ਪੁਜੀਸ਼ਨ ਸਤ ਸਾਲ ਰਹੀ। ਇਸੇ ਪ੍ਰਧਾਨਗੀ ਵੇਲੇ ਹੀ ਉਸਨੇ 1946 ਨੂੰ ਹਰਸਾ ਛੀਨਾ ਮੋਘਾ ਮੋਰਚੇ ਨੂੰ ਰੂਪ ਰੇਖਾ ਦੇਕੇ ਚਲਾਇਆ। ਨਤੀਜੇ ਵਜੋਂ ਫਿਰ ਤਿੰਨ ਮਹੀਂਨੇ ਲਈ ਲਾਹੌਰ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਹ ਪੰਜਾਬ ਕੌਮਨਿਸਟ ਪਾਰਟੀ ਦੇ ਸਕਤਰ ਵੀ ਰਹੇ।

## ਹਰਸਾ ਛੀਨਾ ਮੋਘਾ ਮੋਰਚਾ 1946-1947;

ਹਰਸਾ ਛੀਨਾ ਮੋਗਾ ਮੋਰਚਾ ਪੰਜਾਬ ਵਿਚ ਭੂਮੀ ਸੁਧਾਰ ਦੇ ਰੂਪ ਵਿਚ ਇੱਕ ਬਗਾਵਤ ਹੀ ਸੀ। ਇਸਦੀ ਸ਼ੁਰੂਆਤ ਜੂਨ 1946 ਨੂੰ ਹੋਈ। ਇਸਦੀ ਸ਼ੁਰੂਆਤ ਕੌਮਨਿਸਟ ਪਾਰਟੀ ਵਲੋਂ ਨਹਿਰਾਂ ਦੇ ਮੋਘਿਆਂ ਦੀ ਨਵੀ ਦਿੱਖ ਨਾਲ ਹੋਈ। ਬਾਦ ਵਿਚ ਸਾਰੇ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਨੇ ਇਸਨੂੰ ਮਾਨਤਾ ਦੇ ਦਿੱਤੀ। ਬ੍ਰਿਟਿਸ਼ ਸਰਕਾਰ ਨੇ ਨਹਿਰੀ ਮਹਿਕਮੇ ਜ਼ਰੀਏ ਕਿਸਾਨਾਂ ਨੂੰ ਪਾਣੀ ਦੀ ਸਪਲਾਈ ਘਟਾਉਣ ਲਈ ਨਵੇਂ ਮੋਘਿਆਂ ਦੀ ਇਜ਼ਾਦ ਕੀਤੀ। ਇਸ ਮੋਰਚੇ ਦੀ ਅਗਵਾਈ ਅਛਰ ਸਿੰਘ ਛੀਨਾ, ਸੋਹਣ ਸਿੰਘ ਜੋਸ਼, ਮੋਹਨ ਸਿੰਘ ਬਾਠ, ਬਾਬਾ ਕਰਮ ਸਿੰਘ ਚੀਮਾ, ਜਗਬੀਰ ਸਿੰਘ ਛੀਨਾ ਤੇ ਗੁਰਦਿਆਲ ਸਿੰਘ ਢਿਲੋਂ ਦੇ ਹੱਥ ਸੀ। ਮੋਰਚੇ ਦੌਰਾਨ ਸਾਰੇ ਮੋਹਰੀ ਲੀਡਰ ਤੇ 950 ਕਿਸਾਨ ਜੋ ਵਿਰੋਧ ਕਰ ਰਹੇ ਸਨ ਨੂੰ ਪੁਲੀਸ ਨੇ ਗਰਿਫਤਾਰ ਕਰ ਲਿਆ ਤੇ ਤਿੰਨ ਮਹੀਨੇ ਤੱਕ ਲਾਹੌਰ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ। ਮੋਰਚੇ ਦੀ ਜਿੱਤ ਹੋਈ ਤੇ ਅੰਗਰੇਜ਼ ਸਰਕਾਰ ਨੇ ਕਿਸਾਨਾਂ ਨੂੰ ਪੁਰਾਣੇ ਮਾਪ ਦੰਡਾਂ ਅਨੁਸਾਰ ਹੀ ਪਾਣੀ ਦੀ ਸਪਲਾਈ ਦੇਣੀ ਮੰਨ ਲਈ। ਹਰਸਾ ਛੀਨਾ ਮੋਘਾ ਮੋਰਚਾ ਵਿਚ ਹਿੱਸਾ ਲੈਣ ਵਾਲਿਆਂ ਨੂੰ ਬਾਦ ਵਿਚ ਭਾਰਤ ਸਰਕਾਰ ਨੇ ਫਰੀਡਮ ਫਾਇਟਰ ਦਾ ਦਰਜਾ ਦਿੱਤਾ, ਤੇ ਇਸ ਰੁਤਬੇ ਦੇ ਅਧਾਰ ਤੇ ਉਨ੍ਹਾ ਨੂੰ ਪੈਂਨਸ਼ਨ ਵੀ ਦਿੱਤੀ।

## ਅਜ਼ਾਦੀ ਤੋਂ ਬਾਦ;

ਧੁੰਨ ਦੇ ਪੱਕੇ, ਸਰਕਾਰਾਂ ਬਦਲਣ ਨਾਲ ਅਸੂਲਾਂ ਨਾਲ ਸਮਝੌਤਾ ਨਹੀ ਕਰਦੇ। 1948, ਅਜ਼ਾਦੀ ਤੋਂ ਬਾਦ, ਕਾਮਰੇਡ ਅਛਰ ਸਿੰਘ ਛੀਨਾ ਰੂਪੋਸ਼ ਹੋ ਗਿਆ ਪਰ 1950 ਵਿਚ ਗਰਿਫਤਾਰ ਹੋ ਗਏ ਤੇ ਅੰਬਾਲਾ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤੇ ਗਏ। ਜੇਲ੍ਹ ਵਿਚ ਹੀ ਸਨ ਜਦੋਂ 1952 ਦੀ ਇਲੈਕਸ਼ਨ ਦੌਰਾਨ, ਪੰਜਾਬ ਵਿਧਾਨ ਸਭਾ ਦੀ ਚੋਣ ਵਿਚ ਅਜਨਾਲਾ ਤੋਂ ਵਿਧਾਇਕ ਚੁਣੇ ਗਏ। ਦੂਜੀ ਵਾਰ 1957 ਨੂੰ ਫਿਰ ਅਜਨਾਲਾ ਤੋਂ ਵਿਧਾਇਕ ਬਣੇ। ' ਨਵੀਨ ਜਨਤਾ ਪਬਲਿਕ ਸਕੂਲ' ਦੀ ਸਥਾਪਨਾ ਕੀਤੀ। ਬਾਦ ਵਿਚ ਇਸਦਾ ਬੰਦੋਬਸਤ ਪੰਜਾਬ ਸਰਕਾਰ ਨੇ ਆਪਣੇ ਹੱਥ ਵਿਚ ਕਰ ਲਿਆ ਤੇ ਇਸਦਾ ਨਾਮ ਬਦਲ ਦਿੱਤਾ। ਨਵਾ ਨਾਮ ਸੀ "ਕਾਮਰੇਡ ਅਛਰ ਸਿੰਘ ਛੀਨਾ ਸਿਨੀਅਰ ਸੈਕੰਡਰੀ ਸਕੂਲ।

## ਪੁਜੀਸ਼ਨਾਂ

- ☐ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ
- ☐ ਪੰਜਾਬ ਕੌਮਨਿਸਟ ਪਾਰਟੀ ਦੇ ਸਕਤਰ
- ☐ ਪੰਜਾਬ ਵਿਧਾਨ ਸਭਾ ਦੇ ਮੈਂਬਰ (1952-57)
- ☐ ਪੰਜਾਬ ਵਿਧਾਨ ਸਭਾ ਦੇ ਮੈਂਬਰ (1957-62)
- ☐ ਗਦਰ ਪਾਰਟੀ 'ਦੇਸ਼ ਭਗਤ ਯਾਦਗਾਰ' ਦੇ ਮੈਂਬਰ

***ਨਵੀਨ ਵਿਦਿਆ ਮੰਦਰ ਸਕੂਲ ਦੇ ਸੰਸਥਾਪਕ***

## ਰਾਮ ਪ੍ਰਸ਼ਾਦ ਬਿਸਮਿਲ

ਜਦੋਂ ਸਾਨੂੰ ਦੇਸ਼ ਭਗਤੀ ਦੀਆਂ ਭਾਵਨਾਵਾਂ ਜਗਾਉਣ ਵਾਲਾ ਨਗਮਾ ਸੁਣਦਾ ਹੈ, "ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ" ਤਾਂ ਅਸੀਂ ਇੱਕ ਵਾਰ ਤਾਂ ਰੁਮਾਂਚਿਕ ਹੋ ਜਾਂਦੇ ਹਾਂ ਪਰ ਅਸੀਂ ਉਸ ਲੇਖਕ ਨੂੰ ਜਿਸਨੇ ਇਹ ਲਿਖਿਆ ਪੂਰਾ ਸਨਮਾਨ ਨਹੀ ਦੇ ਸਕਦੇ ਕਿਉਂਕਿ ਸਾਡੇ ਵਿਚੋਂ ਬਹੁਤੇ ਉਸਨੂੰ ਜਾਣਦੇ ਨਹੀ। ਉਸਦਾ ਨਾਮ ਸੀ ਰਾਮ ਪ੍ਰਸ਼ਾਦ ਬਿਸਮਿਲ। ਇਨ੍ਹਾਂ ਦਾ ਜਨਮ ਜੂਨ 11, 1897 ਨੂੰ ਸ਼ਾਹਜਹਾਨ ਪੁਰ, ਯੂ.ਪੀ. ਵਿਚ ਹੋਇਆ। ਜਦੋਂ ਉਹ ਸਕੂਲ ਪੜ੍ਹਦੇ ਸਨ ਤਾਂ ਉਹ ਰੋਮਾਂਟਿਕ ਕਵਿਤਾਵਾਂ ਪੜ੍ਹਦੇ ਸਨ, ਇਹੋ ਕਾਰਣ ਹੈ ਕਿ ਬਾਦ ਵਿਚ ਇੱਕ ਵਡੇ ਕਵੀ ਬਣੇ। ਉਨ੍ਹਾਂ ਨੇ ਬਹੁਤ ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖੀਆਂ, ਵਖੋ ਵਖ ਨਾਵਾਂ ਥੱਲੇ। ਇਹ ਨਾਮ ਸਨ—ਰਾਮ, ਅਗਿਆਤ, ਤੇ ਬਿਸਮਿਲ। ਅਠਾਰਾਂ ਸਾਲ ਦੀ ਉਮਰ ਵਿਚ ਉਹ ਬਹੁਤੀ ਵਾਰ ਆਰੀਆ ਸਮਾਜ ਦੇ ਸਮੂਹ ਵਿਚ ਗਏ ਤੇ ਸਵਾਮੀ ਸੋਮਦੇਵ ਤੋਂ ਪ੍ਰਭਾਵਿਤ ਹੋਏ। 1916 ਵਿਚ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਗਰਸ ਵਿਚ ਪ੍ਰਵੇਸ਼ ਕਰ ਲਿਆ। ਬਾਦ ਵਿਚ ਬਿਸਮਿਲ ਨੇ ਇੱਕ ਕਰਾਂਤੀਕਾਰ ਗਰੁਪ ਬਣਾ ਲਿਆ ਜਿਸਦਾ ਨਾਮ 'ਮਾਤਰੀ ਦੇਵੀ' ਸੀ ਤੇ ਕੁਝ ਹਥਿਆਰ ਵੀ ਪ੍ਰਾਪਤ ਕਰ ਲਏ। ਇਸ ਕੰਮ ਵਿਚ ਉਨ੍ਹਾਂ ਦੇ ਸਕੂਲ ਅਧਿਆਪਕ ਗੇਂਦਾ ਲਾਲ ਦੀਕਸ਼ਤ ਨੇ ਮਦਦ ਕੀਤੀ। ਜਥੇਬੰਦ ਹੋਕੇ ਉਨ੍ਹਾਂ ਦੀ ਅੰਗਰੇਜ਼ ਵਿਰੁਧ ਲੜਨ ਦੀ ਭਾਵਨਾ ਮਜ਼ਬੂਤ ਹੋ ਗਈ। ਬਿਸਮਿਲ ਤੇ ਦੀਕਸ਼ਤ ਦਾ ਮਨੀਪੁਰੀ ਕਾਨਸਪਰੇਸੀ ਵਿਚ ਵਡਾ ਹੱਥ ਸੀ। ਅੰਗਰੇਜ਼ ਨੇ ਭਗੋੜਾ ਕਰਾਰ ਦੇ ਦਿੱਤਾ। ਹਿੰਦੋਸਤਾਨ ਰਿਪਬਲਿਕ ਐਸੋਸੀਏਸ਼ਨ ਦਾ ਮੁੱਢਲਾ ਮੈਂਬਰ ਸੀ ਬਿਸਮਿਲ। ਇਸ ਐਸੋਸੀਏਸ਼ਨ ਨੇ ਹੀ ਕਾਕੋਰੀ ਕਾਨਸੀਪਰੇਸੀ ਨੂੰ ਸਰ ਅੰਜਾਮ ਦਿੱਤਾ ਸੀ ਤੇ ਕਾਮਯਾਬੀ ਹਾਸਲ ਕੀਤੀ ਸੀ। ਅਗਸਤ 9, 1925 ਨੂੰ ਐਸੋਸੀਏਸ਼ਨ ਦੇ ਤੀਹ ਮੈਂਬਰ ਗਰਿਫਤਾਰ ਕਰ ਲਏ ਗਏ। ਬਹੁਤੇ ਕਸੂਰਵਾਰ ਠਹਿਰਾਏ ਗਏ। ਦਸੰਬਰ 19, 1927 ਨੂੰ ਕਾਕੋਰੀ ਟਰੇਨ ਰੌਬਰੀ ਤੇ ਹੋਰ ਕੇਸਾਂ ਦੇ ਮੱਦੇ ਨਜ਼ਰ ਅੰਗਰੇਜ਼ ਦੇ ਖਿਲਾਫ ਕੀਤੀਆਂ ਕਾਰਵਾਈਆਂ ਕਰਕੇ ਫਾਂਸੀ ਦੇ ਦਿੱਤੀ ਗਈ।

## ਸ਼ਿਆਮਜੀ ਕ੍ਰਿਸ਼ਨਾ ਵਰਮਾ ਭੰਨਸਾਲੀ

ਉਨੀਵੀਂ ਸਦੀ ਦਾ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਦਾ ਜੇ ਇਤਿਹਾਸ ਪੜ੍ਹੀਏ ਤਾ ਇੰਡੀਆ ਹਾਉਸ ਜੋ ਇੰਗਲੈਂਡ ਵਿਚ ਸਥਿਤ ਸੀ, ਦਾ ਜ਼ਿਕਰ ਆਉਂਦਾ ਹੈ। ਇਸ ਬਾਰੇ ਵਖਰਾ ਆਰਟੀਕਲ ਲਿਖਕੇ ਜਾਣਕਾਰੀ ਸਾਂਝੀ ਕਰਾਂਗੇ। ਸ਼ਿਆਮਜੀ ਕ੍ਰਿਸ਼ਨਾ ਵਰਮਾ ਭਨਸਾਲੀ ਦਾ ਜਨਮ ਅਕਤੂਬਰ 4, 1857 ਨੂੰ ਮੰਡਵੀ, ਗੁਜ਼ਰਾਤ ਵਿਖੇ ਹੋਇਆ। ਉਹ ਸੰਸਕ੍ਰਿਤ ਦੇ ਮਹਾਂ ਵਿਦਵਾਨ ਸਨ। ਆਪਣੀ ਮੁੱਢਲੀ ਵਿਦਿਆ ਪੂਰੀ ਕਰਨ ਤੋਂ ਬਾਦ ਉਚੇਰੀ ਪੜ੍ਹਾਈ ਲਈ ਇੰਗਲੈਂਡ ਚਲੇ ਗਏ, ਇਹ 1879 ਦੀ ਗੱਲ ਹੈ। ਬੈਲੀਅਲ ਕਾਲਜ, ਔਕਸਫੋਰਡ, ਦਾਖਲਾ ਲੈ ਲਿਆ। ਫਰਵਰੀ 18 ਉਨ੍ਹਾਂ ਨੇ ਇੰਡੀਅਨ ਹੋਮ ਰੂਲ

ਸੁਸਾਇਟੀ ਦੀ ਸਥਾਪਨਾ ਕੀਤੀ। ਲੰਡਨ ਵਿਖੇ ਘਰ ਖਰੀਦਿਆ ਜਿਸਦਾ ਬਾਦ ਵਿਚ 'ਇੰਡੀਆ ਹਾਊਸ' ਨਾਮ ਰਖਿਆ ਗਿਆ। ਇਗਲੈਂਡ ਵਿਚ ਵਸਦੇ ਭਾਰਤੀ ਵਿਦਿਆਰਥੀ ਜੋ ਸਿਰੜੀ ਰਾਸ਼ਟਰੀਵਾਦੀ ਸਨ ਤੇ ਇਸ ਉਦੇਸ਼ ਨਾਲ ਜੁੜੇ ਹੋਏ ਸਨ, ਉਨ੍ਹਾਂ ਦੀਆਂ ਮੀਟਿੰਗਾਂ ਦਾ ਕੇਂਦਰ ਬਣ ਗਿਆ। ਭਾਰਤ ਤੋਂ ਬਾਹਰ ਇੰਗਲੈਂਡ ਵਿਚ ਕਰਾਂਤੀਕਾਰੀ ਇਸ ਤਰ੍ਹਾਂ ਜੁੜੇ ਕਿ ਇਹ ਮੁੱਖ ਕੇਂਦਰ ਬਣਕੇ ਉਭਰਿਆ। ਦਾਦਾ ਭਾਈ ਨਾਉਰੋਜੀ, ਲਾਲਾ ਲਾਜਪੱਤ ਰਾਏ, ਗੋਪਾਲ ਕ੍ਰਿਸ਼ਨਾ ਗੋਖਲੇ, ਵਰਗੇ ਵੱਡੇ ਲੀਡਰ ਇਸ ਨਾਲ ਜੁੜ ਗਏ। ਸ਼ਿਆਮਜੀ ਕ੍ਰਿਸ਼ਨਾ ਨੇ ਕੁਝ ਕਰਾਂਤੀਕਾਰੀਆਂ ਦੀ ਬਹੁਤ ਮਦਦ ਕੀਤੀ ਇੰਨ੍ਹਾਂ ਵਿਚ ਮਦਨ ਲਾਲ ਢੀਂਗਰਾ, ਦਮੋਦਰ ਸਵਰਕਾਰ ਵਰਗੇ ਲੀਡਰ ਇਨ੍ਹਾਂ ਦੀਆਂ ਸਪੀਚਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ। ਬਾਦ ਵਿਚ ਇਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਆਪਣੀ ਜਲਾਵਤਨੀ ਵਿਚ ਹੀ ਇਨ੍ਹਾ ਦਾ ਮਾਰਚ 30, 1930 ਨੂੰ ਸਵਿਟਜ਼ਰਲੈਂਡ ਵਿਖੇ ਦਿਹਾਂਤ ਹੋਇਆ।

## ਸ਼ੇਰ ਥਨਗਲ ਜਨਰਲ

ਮਨੀਪੁਰ ਦੇ ਸ਼ਹਿਰ ਇੰਫਾਲ ਦਾ ਕਿਸੇ ਵੇਲੇ ਦਾ ਸ਼ੇਰ ਥਨਗਲ ਜਨਰਲ, ਠਹਅਨਗਅਲ ਘੲਨੲਰਅਲ(ਨਗਟਹੋਬੁ ਟਹਅਨਗਅਲ) ਦਾ ਜਨਮ ਥਨਗਲ ਕਬੀਲੇ ਵਿਚ 1806 ਨੂੰ ਹੋਇਆ। ਉਹ ਮਨੀਪੁਰ ਦੀ ਆਰਮੀ ਦਾ ਜਨਰਲ ਸੀ। ਇਸੇ ਕਰਕੇ ਉਸਨੂੰ ਥਨਗਲ ਜਨਰਲ ਕਿਹਾ ਜਾਂਦਾ ਸੀ। ਬਚਪਨ ਤੋਂ ਹੀ ਉਹ ਬਹੁਤ ਬਹਾਦਰ, ਚੁਸਤ, ਹੁਸ਼ਿਆਰ ਤੇ ਸ਼ਿਕਾਰ ਦਾ ਸ਼ੌਕੀਨ ਸੀ। ਮਨੀਪੁਰ ਦੀ ਅਜ਼ਾਦੀ ਦੀ ਖਾਤਰ ਉਹ ਤਿਕੰਦਰਾਜੀਤ ਦੇ ਰਾਜ ਲਈ ਅੰਗਰੇਜ਼ ਸਾਮਰਾਜ਼ ਵਿਰੁਧ ਲੜਿਆ। 1891 ਵਿਚ ਅੰਗਰੇਜ਼ਾਂ ਵਲੋਂ ਘੇਰਕੇ ਫੜ ਲਿਆ ਗਿਆ। ਕੈਥਲ ਅਚੋਉਬਾ (ਖੲਟਿਹਅਲ ਓਚਹੋਬਅ) ਵਿਖੇ 13 ਅਗਸਤ 1891 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਇਹ ਜਾਣਕਾਰੀ ੰਹਬਿਹਅਮ। ਚੋਮ ਤੋਂ ਪ੍ਰਾਪਤ ਕੀਤੀ ਗਈ ਹੈ। ਸ਼ਬਦ ਅੰਗਰੇਜੀ ਵਿਚ ਕੁਝ ਐਸੇ ਸਨ ਜਿਨ੍ਹਾਂ ਬਾਰੇ ਭੁਲੇਖਾ ਲਗ ਸਕਦਾ ਸੀ। ਇਸ ਲਈ ਉਹ ਸ਼ਬਦ ਅੰਗਰੇਜ਼ੀ ਵਿਚ ਲਿਖ ਦਿਤੇ ਗਏ ਹਨ, ਤਾਂ ਕਿ ਵਧ ਤੋਂ ਵਧ ਸਹੀ ਜਾਣਕਾਰੀ ਉਪਲਬਦ ਹੋ ਸਕੇ।

## ਵਿਸ਼ਨੂੰ ਗਣੇਸ਼ ਪਿੰਗਲੇ

ਵਿਸ਼ਨੂੰ ਗਣੇਸ਼ ਪਿੰਗਲੇ ਦਾ ਜਨਮ 1888 ਦਾ ਹੈ। ਉਹ ਮਰਾਠੀ ਬਰਾਹਮਣ ਪਰਿਵਾਰ ਨਾਲ ਸਬੰਧਿਤ ਸਨ ਜੋ ਤਾਲੇਗਾਂਉ ਧਾਮਧੇਰੀ ਰਹਿੰਦੇ ਸਨ ਜੋ ਪੂਨਾ ਜਿਲ੍ਹੇ ਦੇ ਕੋਲ ਹੈ। ਨੌ ਭੈਣ ਭਰਾਵਾਂ ਵਿਚੋਂ ਸਭਤੋਂ ਛੋਟੇ ਸਨ। ਬਹੁਤ ਲਾਡਾਂ ਨਾਲ ਪਲੇ ਪਿੰਗਲੇ ਜਦੋਂ ਨੌ ਸਾਲ ਦੇ ਹੋਏ ਤਾਂ ਤਾਲੇਗਾਂਉ ਦੇ ਪਰਾਇਮਰੀ ਸਕੂਲ ਵਿਚ ਦਾਖਲ ਹੋਏ। 1905 ਵਿਚ ਪੂਨਾ ਵਿਖੇ ਮਹਾਰਾਸ਼ਟਰਾ ਵਿਦਿਆਲੇ ਵਿਚ ਦਾਖਲਾ ਲੈ ਲਿਆ ਜਿਹੜਾ ਬੰਬੇ ਯੂਨੀਵਰਸਿਟੀ ਨਾਲ ਸਬੰਧਿਤ ਸੀ। ਸਕੂਲ ਸਮੇਂ ਤੋਂ ਹੀ ਉਨ੍ਹਾ ਦਾ ਝੁਕਾਅ ਉਸ ਸਮੇਂ ਦੇ ਰਾਸ਼ਟਰੀ ਅੰਦੋਲਨ ਨਾਲ ਹੋ ਗਿਆ। ਉਨ੍ਹਾਂ ਵੀ.ਡੀ.ਸਾਵਰੇਕਰ ਦੀ ਅਗਵਾਈ ਹੇਠ ਅੰਦੋਲਨ ਵਿਚ

ਸਰਗਰਮੀ ਨਾਲ ਭਾਗ ਲੈਂਣਾ ਸ਼ੁਰੂ ਕਰ ਦਿੱਤਾ। ਬਾਦ ਵਿਚ ਸਮਰਥ ਵਿਦਿਆਲੇ ਜੋ ਤਾਲੇਗਾਂਉ ਵਿਚ ਸੀ ਤੇ ਮਹਾਰਾਸ਼ਟਰ ਵਿਦਿਆਲੇ ਦੇ ਕੋਲ ਹੀ ਸੀ, ਵਿਚ ਤਬਾਦਲਾ ਕਰਵਾ ਲਿਆ, ਕਾਰਣ ਪੈਸੇ ਦੀ ਘਾਟ ਸੀ। ਉਨ੍ਹਾਂ ਦੀ ਛੋਟੀ ਉਮਰੇ ਸ਼ਮੂਲੀਅਤ ਨੇ ਉਨ੍ਹਾ ਦੀ ਜ਼ਿੰਦਗੀ ਤੇ ਗੂੜਾ ਪ੍ਰਭਾਵ ਪਾਇਆ।

1910 ਵਿਚ ਸਮਰਥ ਵਿਦਿਆਲੇ ਬ੍ਰਿਟਿਸ਼ ਸਰਕਾਰ ਵਲੋਂ ਬੰਦ ਕਰ ਦਿੱਤਾ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਬੰਬੇ ਚਲੇ ਗਏ ਤੇ ਗੋਵਿੰਦਰਾਉ ਪੋਤੇਦਾਰ ਦੇ ਅਲਕਲੀ ਕਾਰਖਾਨੇ ਵਿਚ ਨੌਕਰੀ ਕਰ ਲਈ। ਮਿਸਟਰ ਪੋਤੇਦਾਰ ਵੀ ਰਾਸ਼ਟਰੀ ਦੇਸ਼-ਭਗਤ ਤੇ ਧਮਾਕਾਖੇਜ਼ ਸਮਗਰੀ ਬਨਾਉਣ ਵਿਚ ਮਾਹਰ ਸੀ। ਉਹ ਇੱਕ ਰਾਸ਼ਟਰੀ ਗਰੁਪ ਨਾਲ ਸਬੰਧਿਤ ਸੀ ਤੇ ਉਸਨੇ ਪਿੰਗਲੇ ਨੂੰ ਉਨ੍ਹਾ ਨਾਲ ਮਿਲਾ ਦਿੱਤਾ। ਇਸ ਗਰੁਪ ਵਿਚ ਇੱਕ ਹਰੀ ਲਕਸ਼ਮਣ ਪਟੇਲ, ਵਿਸਾਈ ਦਾ ਵਕੀਲ ਸੀ ਜਿਸਦੀ ਪਿੰਗਲੇ ਨਾਲ ਜਾਨ ਪਹਿਚਾਣ ਤੋਂ ਬਾਦ ਗੂੜ੍ਹੀ ਦੋਸਤੀ ਪੈ ਗਈ। ਸਵਦੇਸ਼ੀ ਅੰਦੋਲਨ ਦੇ ਸਿਖਰ ਦੌਰਾਨ, ਜਿਸਦੀ ਪਰੇਰਣਾ ਜਾਪਾਨ ਦੇ ਹੈਂਡਲੂਮ ਇੰਡਸਟਰੀ ਤੋਂ ਲਈ ਗਈ ਸੀ, ਪਿੰਗਲੇ ਨੇ ਆਪਣਾ ਸਵਦੇਸ਼ੀ ਲੂਮ ਦਾ ਕੰਮ ਸ਼ੁਰੂ ਕਰ ਲਿਆ। ਪਿੰਗਲੇ ਦਾ ਸੁਪਨਾ ਇੰਨਜੀਨੀਅਰ ਬਣਨ ਦਾ ਸੀ।

ਵਿਸ਼ਨੂੰ ਅਮਰੀਕਾ ਦੀ ਅਜ਼ਾਦੀ ਦੀ ਲੜਾਈ ਤੋਂ ਵੀ ਬਹੁਤ ਪ੍ਰਭਾਵਿਤ ਸੀ। 1911 ਈਸਵੀ ਨੂੰ ਵਿਸ਼ਨੂੰ ਨੇ ਆਵਾਸ਼ਾ ਜਿੱਥੇ ਉਸਨੇ ਕੰਮ ਸ਼ੁਰੂ ਕੀਤਾ ਹੋਇਆ ਸੀ ਨੂੰ ਛਡ ਦਿੱਤਾ ਤੇ ਅਮਰੀਕਾ ਜਾਣ ਦੀ ਤਿਆਰੀ ਕਰ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਅਮਰੀਕਾ ਜਾਣ ਦੀ ਤਿਆਰੀ ਬਾਰੇ ਆਪਣੇ ਪਰਿਵਾਰ ਨੂੰ ਵੀ ਕੁਝ ਨਹੀ ਦਸਿਆ ਸੀ। ਸਿਰਫ ਆਪਣੇ ਵਡੇ ਭਰਾ ਕੇਸ਼ਵਰਾਉ ਨੂੰ ਰੇਲਵੇ ਸਟੇਸ਼ਨ ਤੇ ਗੱਡੀ ਚੜ੍ਹਨ ਲੱਗਿਆਂ ਹੀ ਦਸਿਆ ਸੀ। ਉਹ ਅਮਰੀਕਾ ਵਾਇਆ ਹਾਂਗਕਾਂਗ ਪਹੁੰਚੇ ਤੇ ਯੁਨੀਵਰਸਿਟੀ ਔਫ ਵਾਸ਼ਿੰਗਟਨ ਵਿਚ 1912 ਨੂੰ ਮਕੈਨੀਕਲ ਇੰਨਜਿਨਿਰਿੰਗ ਵਿਚ ਦਾਖਲਾ ਲੈ ਲਿਆ। ਅਮਰੀਕਾ ਰਹਿੰਦਿਆਂ ਉਨ੍ਹਾ ਦਾ ਸੰਪਰਕ ਗਦਰ ਪਾਰਟੀ ਨਾਲ ਹੋ ਗਿਆ ਤੇ ਉਹ ਉਸਦੇ ਸਰਗਰਮ ਮੈਂਬਰ ਬਣ ਗਏ। ਜਰਮਨ, ਬਰਲਿਨ ਕਮੇਟੀ ਇੰਨ ਯੋਰਪ ਤੇ ਗਦਰਾਇਟ ਮੂਵਮੈਂਟ ਇੰਨ ਅਮਰੀਕਾ ਵਿਚ ਇਹ ਪਲੈਂਨ ਬਣੀ ਕਿ ਇੰਡੀਆ ਵਿਚ ਵਿਦਰੋਹ ਕੀਤਾ ਜਾਵੇ।

## ਗਦਰ ਕਾਨਸਪਰੇਸੀ--

ਵਿਸ਼ਨੂੰ ਨੂੰ ਸਤਿਅਨ ਭੂਸ਼ਨ ਸੇਨ(ਜਤਿਨ ਮੁਕਰਜੀ ਦਾ ਦੂਤ) ਬਾਰੇ ਗਦਰ ਮੈਂਬਰਾਂ ਤੋਂ ਪਤਾ ਲੱਗਾ। ਯੁਨੀਵਰਸਿਟੀ ਔਫ ਬਰਕਲੇ ਵਿਚ ਕਰਤਾਰ ਸਿੰਘ ਸਰਾਭਾ ਸੀ। ਇੰਡੀਅਨ ਰੈਵੋਲੁਸ਼ਨਰੀ ਮੁਵਮੈਂਟ ਤੇ ਗਦਰ ਪਾਰਟੀ ਦਾ ਜੋੜ ਕਿਵੇਂ ਕੀਤਾ ਜਾਵੇ, ਇਸਤੇ ਵਿਚਾਰ ਵਟਾਂਦਰਾ ਹੋਇਆ ਤੇ ਇਹ ਗੱਲ ਸਿਰੇ ਲੱਗ ਗਈ। ਇਸਤਰ੍ਹਾਂ ਗਦਰ ਕਾਨਸਪੀਰੇਸੀ ਨੂੰ ਸਿਰੇ ਚਾੜ੍ਹਨ ਦੇ ਮਕਸਦ ਨਾਲ, ਸਤਿਅਨ ਭੂਸ਼ਨ ਸੇਨ, ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਕੁਝ ਸਿੱਖ ਕਰਾਂਤੀਕਾਰੀਆਂ ਦਾ ਗਰੁਪ, ਅੱਧ ਅਕਤੂਬਰ,

1914 ਨੂੰ ਅਮਰੀਕਾ ਤੋਂ ਸ਼ਿਪ ਰਾਹੀਂ ਚਲ ਪਏ। ਸਤਿਅਨ ਤੇ ਪਿੰਗਲੇ ਕੁਝ ਦਿਨਾਂ ਲਈ ਚੀਨ ਰੁਕ ਗਏ। ਉਨ੍ਹਾਂ ਨੇ ਉਥੇ ਅਗਲੀ ਪਲੈਨ ਲਈ ਗਦਰ ਲੀਡਰਾਂ ਨੂੰ ਮਿਲਣਾ ਸੀ, ਖਾਸ ਤੌਰ ਤੇ ਟਹਿਲ ਸਿੰਘ ਨੂੰ। ਉਹ ਡਾ.ਸੁਨ ਯੈਟ ਸੇਨ ਨੂੰ ਮਿਲਵਰਤਣ ਦੇਣ ਲਈ ਮਿਲੇ। ਡਾ. ਸੁਨ ਅੰਗਰੇਜ਼ ਨੂੰ ਨਰਾਜ਼ ਕਰਨ ਲਈ ਤਿਆਰ ਹੀ ਨਹੀ ਸੀ। ਸਤਿਅਨ ਤੇ ਉਸਦੇ ਸਹਿਯੋਗੀ ਜਦੋਂ ਇੰਡੀਆ ਨੂੰ ਚਲ ਪਏ ਤਾਂ ਟਹਿਲ ਸਿੰਘ ਨੇ ਆਤਮਾ ਰਾਮ ਕਪੂਰ, ਸੰਤੋਖ ਸਿੰਘ ਤੇ ਸ਼ਿਵ ਦਿਆਲ ਕਪੂਰ ਨੂੰ ਜਰੂਰੀ ਪ੍ਰਬੰਧਾਂ ਲਈ ਬੈਂਕਾਕ ਭੇਜ਼ ਦਿਤਾ।

ਨਵੰਬਰ, 1914 ਨੂੰ ਪਿੰਗਲੇ, ਕਰਤਾਰ ਸਿੰਘ ਸਰਾਭਾ ਤੇ ਸਤਿਅਨ ਸੇਨ ਕਲਕਤੇ ਪਹੁੰਚ ਗਏ। ਸਤਿਅਨ ਨੇ ਪਿੰਗਲੇ ਤੇ ਕਰਤਾਰ ਸਿੰਘ ਸਰਾਭਾ ਨੂੰ ਜਤਿਨ ਮੁਕਰਜੀ ਨਾਲ ਮਿਲਵਾਇਆ ਜਿਸਨੇ ਉਨ੍ਹਾ ਨੂੰ ਜ਼ਰੂਰੀ ਸੂਚਨਾਵਾਂ ਸਮੇਤ ਬਨਾਰਸ, ਰਾਸ਼ ਬਿਹਾਰੀ ਕੋਲ ਭੇਜ ਦਿੱਤਾ। ਦਸੰਬਰ ਦੇ ਤੀਸਰੇ ਹਫਤੇ ਦੌਰਾਨ ਸਤਿਅਨ ਕਲਕਤੇ ਹੀ ਰਿਹਾ।

1900 ਈਸਵੀ ਤੱਕ ਕਰਾਂਤੀਕਾਰੀ ਲੀਡਰ ਲੋਕਮਾਨਿਆ ਤਿਲਕ ਦੀ ਪ੍ਰੇਰਨਾ ਸਦਕਾ ਬਨਾਰਸ ਵਿਦਰੋਹ ਦਾ ਕੇਂਦਰ ਬਣ ਚੁੱਕਾ ਸੀ। 1907 ਈਸਵੀ, ਬਨਾਰਸ ਦੇ ਸ਼ਿਵਾ ਜੀ ਫੈਸਟੀਵਲ ਮੌਕੇ ਸੁੰਦਰ ਲਾਲ ਪੁੱਤਰ ਤੋਤਾ ਰਾਮ ਮੁਜਫਰ ਨਗਰ ਨੇ ਬੜਾ ਨੋਟਿਸ ਲੈਣ ਵਾਲਾ ਭੜਕਾਉ ਭਾਸ਼ਨ ਦਿੱਤਾ। ਇਹ ਤਿਲਕ, ਲਾਲਾ ਲਾਜਪਤ ਰਾਏ ਤੇ ਸ੍ਰੀ ਅਰਬਿੰਦੋ ਦਾ ਭਗਤ ਸੀ। ਬੜੀ ਸ਼ਰਧਾ ਰਖਦਾ ਸੀ ਇਨ੍ਹਾ ਤਿੰਨਾ ਵਿਚ। ਉਸਦਾ ਜੋਸ਼ ਵੇਖਕੇ ਲਾਲਾ ਲਾਜਪਤ ਰਾਏ ਨੇ ਯੂ.ਪੀ. ਦੇ ਲੈਕਚਰ ਟੂਰ ਤੇ ਆਪਣੇ ਨਾਲ ਰਖ ਲਿਆ। ਅਸਲ ਵਿਚ ਉਨ੍ਹਾ ਦਾ ਉਦੇਸ਼ ਅਲਾਹਾਬਾਦ ਦੀ ਅਜ਼ਾਦੀ ਤਕ ਸੀਮਤ ਸੀ। ਅਪ੍ਰੈਲ, ਸੰਨ1908, ਉਨ੍ਹਾਂ ਨੂੰ ਵਿਦਰੋਹੀਆਂ ਵਲੋਂ ਚੇਤਾਵਨੀ ਦਿੱਤੀ ਗਈ। ਅਗਸਤ 22, 1909 ਨੂੰ ਕਲਕਤਾ ਦੇ ਕਾਲਜ਼ ਸਕੇਅਰ ਵਿਚ ਸੁੰਦਰ ਲਾਲ ਤੇ ਅਰਬਿੰਦੋ ਨੇ ਫਿਰ ਸ਼ਰਾਰਤੀ ਤਕਰੀਰਾਂ ਕੀਤੀਆਂ। ਅਰਬਿੰਦੋ ਹਿੰਦੀ ਦਾ ਅਖਬਾਰ ਕਰਮਯੋਗੀ ਜਿਹੜਾ ਅਲਾਹਾਬਾਦ ਤੋਂ ਨਿਕਲਦਾ ਸੀ ਨੂੰ ਕੰਟਰੋਲ ਕਰਦਾ ਸੀ। ਕਲਕਤੇ ਇਸਦੀ ਐਡਟਿੰਗ ਅਮਰਿੰਦਰ ਚੈਟਰਜੀ ਕਰਦਾ ਸੀ ਜਿਸਨੇ ਰਾਸ ਬਿਹਾਰੀ ਬੋਸ ਦੀ ਮੁਲਾਕਾਤ ਸੁੰਦਰ ਲਾਲ ਨਾਲ ਕਰਵਾਈ ਸੀ।

ਰਾਸ਼ ਬਿਹਾਰੀ 1914 ਤਕ ਬਨਾਰਸ ਵਿਚ ਸੀ। ਅਕਤੂਬਰ 1914 ਤੋਂ ਲੈਕੇ ਸਤੰਬਰ 1915 ਤਕ ਬਹੁਤ ਸਾਰੀਆ ਹਿੰਸਾ ਵਾਲੀਆਂ ਘਟਨਾਵਾਂ ਹੋਈਆਂ। ਫਰਵਰੀ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਦੀ ਗਿਣਤੀ 45 ਸੀ। ਨਵੰਬਰ 18, 1914 ਨੂੰ ਦੋ ਬੰਬਾਂ ਦਾ ਕੈਪ ਚੈੱਕ ਕਰਦੇ ਰਾਸ਼ ਬਿਹਾਰੀ ਤੇ ਸਚਿਨ ਸਨਿਆਲ ਜਖ਼ਮੀ ਹੋ ਗਏ। ਉਹ 'ਬੰਗਾਲੀ ਟੋਲਾ' ਘਰ ਵਿਚ ਚਲੇ ਗਏ। ਇੱਥੇ ਹੀ ਪਿੰਗਲੇ ਇਨ੍ਹਾਂ ਨੂੰ ਮਿਲਿਆ ਤੇ ਜਤਿਨ ਮੁਕਰਜੀ ਦੀ ਚਿੱਠੀ ਦਿੱਤੀ ਤੇ ਰਿਪੋਰਟ ਕੀਤਾ ਕਿ ਕੋਈ 4000 ਗਦਰੀ ਸਿੱਖਾਂ ਦਾ ਗਰੁਪ ਕਲਕਤਾ ਪਹੁੰਚ ਚੁੱਕਾ ਹੈ। 15000 ਹੋਰ ਬਗਾਵਤੀਆਂ ਵਿਚ ਸ਼ਾਮਲ ਹੋਣ ਲਈ ਇੰਤਜਾਰ ਕਰ ਰਹੇ ਸਨ। ਰਾਸ਼ ਬਿਹਾਰੀ ਨੇ ਪਿੰਗਲੇ ਤੇ ਸਚਿਨ ਨੂੰ ਅੰਮ੍ਰਿਤਸਰ ਭੇਜ਼ ਦਿੱਤਾ ਤਾਂ ਕਿ ਉਹ ਸਾਰਾ ਮਾਮਲਾ ਮੂਲਾ ਸਿੰਘ ਨਾਲ ਵਿਚਾਰਨ ਜਿਹੜਾ ਸ਼ਿੰਗਾਈ ਤੋ ਆਇਆ ਸੀ। ਰਾਸ਼ ਬਿਹਾਰੀ ਦਾ ਵਿਸ਼ਵਾਸ਼ ਪਾਤਰ ਪਿੰਗਲੇ ਨੇ ਕਈ ਹਫਤੇ ਯੂ.ਪੀ. ਤੇ ਪੰਜਾਬ ਵਿਚ ਬਹੁਤ

ਹੀ ਮਸਰੂਫੀਅਤ ਵਾਲਾ ਸਮਾਂ ਬਿਤਾਇਆ। ਸਤੰਬਰ 29, 1914 ਨੂੰ ਕਲਕਤਾ ਲਾਗੇ ਬਜ ਬਜ ਘਾਟ ਵਿਖੇ ਕਾਮਾਗਾਟਾ ਮਾਰੂ ਕਾਂਡ ਦੌਰਾਨ, ਬਾਬਾ ਗੁਰਦਿੱਤ ਸਿੰਘ ਨੇ ਅਤੁਲ ਕ੍ਰਿਸ਼ਨਾ ਤੇ ਸਤੀਸ਼ ਚਕਰਵਰਤੀ ਨਾਲ ਸੰਪਰਕ ਬਣਾਇਆ, ਜਿਸਨੇ ਸਰਗਰਮੀ ਨਾਲ ਉਨ੍ਹਾ ਦੀ ਮਦਦ ਕੀਤੀ। ਉਦੋਂ ਤੋਂ ਹੀ ਅਮਰੀਕਾ ਰਹਿੰਦੇ ਭਾਰਤੀਆਂ ਦੀਆਂ ਚਿੱਠੀਆਂ ਆ ਰਹੀਆਂ ਸਨ, ਇਸ ਆਸ ਨਾਲ ਕਿ ਜਰਮਨ ਦੀ ਜਿੱਤ ਲਾਜ਼ਮੀ ਹੈ। ਇੱਕ ਇੰਮੀਗਰੈਂਟ ਦੀ ਚੇਤਾਵਨੀ ਵੀ ਆਈ ਕਿ ਉਸਦੇ ਸਾਥੀ ਬੰਗਾਲ ਦੇ ਕਰਾਂਤੀਕਾਰੀਆਂ ਨਾਲ ਮਿਲ ਗਏ ਹਨ। ਦਸੰਬਰ, 1914, ਇਹ ਹੀ ਉਹ ਸਮਾਂ ਸੀ ਜਦ ਪਿੰਗਲੇ ਪੰਜਾਬ ਪਹੁੰਚਿਆ ਤੇ ਵਾਇਦਾ ਕੀਤਾ ਕਿ ਬੰਗਾਲੀਆਂ ਦਾ ਮਿਲਵਰਤਨ ਉਨ੍ਹਾ ਨਾਲ ਰਹੇਗਾ ਤੇ ਕਲਕਤੇ ਵਿਖੇ ਜੋ ਹੋ ਰਿਹਾ ਹੈ ਉਸ ਤੇ ਉਨ੍ਹਾਂ ਦੀ ਬਾਜ਼ ਅੱਖ ਹੈ। ਮੀਟਿੰਗ ਹੋਈ ਤੇ ਮੰਗ ਕੀਤੀ ਗਈ ਕਿ ਬਗਾਵਤ ਕਰਨ ਦਾ ਸਮਾਂ ਆ ਗਿਆ ਹੈ। ਸਰਕਾਰ ਦੇ ਖਜਾਨੇ ਨੂੰ ਲੁਟਣ ਦੀਆਂ ਸਕੀਮਾਂ, ਭਾਰਤੀ ਫੌਜੀਆਂ ਨੂੰ ਜਾਗਰਤ ਕੀਤਾ ਜਾਵੇ। ਹਥਿਆਰ ਇੱਕਠੇ ਕੀਤੇ ਜਾਣ। ਬੰਬ ਬਣਾਏ ਜਾਣ ਤੇ ਲੁਟਮਾਰ ਕੀਤੀ ਜਾਵੇ। ਰਾਸ ਬਿਹਾਰੀ ਨੇ ਪੇਂਡੂ ਲੋਕਾਂ ਨੂੰ ਜਗਾ ਕੇ ਬਗਾਵਤ ਕਰਨ ਲਈ ਪ੍ਰੇਰਿਤ ਕਰਨ ਦਾ ਪਲੈਨ ਬਣਾਇਆ। ਇਸਦੇ ਨਾਲ ਹੀ ਲਾਹੌਰ, ਫਿਰੋਜ਼ਪੁਰ ਤੇ ਰਾਵਲਪਿੰਡੀ ਵਿਚ ਧਮਚੜ ਮਚਾਉਣ ਦੀ ਸਕੀਮ ਬਣਾਈ ਗਈ। ਇਸਤੋਂ ਬਾਦ ਢਾਕਾ, ਬਨਾਰਸ, ਜਬਲਪੁਰ ਇਹੋ ਕੁਝ ਸ਼ੁਰੂ ਕੀਤਾ ਜਾਵੇ।

ਬੰਬ ਬਨਾਉਣ ਦਾ ਕੰਮ ਗਦਰ ਪਰੋਗਰਾਮ ਦਾ ਨਿਸਚਿਤ ਪਰੋਗਰਾਮ ਸੀ। ਸਿਖਾਂ ਨੂੰ ਇਸ ਬਾਰੇ ਘਟ ਪਤਾ ਸੀ, ਫੈਸਲਾ ਕੀਤਾ ਗਿਆ ਕਿ ਬੰਗਾਲੀ ਤਕਨੀਕਾਂ ਜਾਨਣ ਵਾਲਿਆਂ ਨੂੰ ਸਦਿਆ ਜਾਵੇ। ਉਹ ਕੈਲੇਫੋਰਨੀਆ ਰਹੇ ਪਰੋਫੈਸਰ ਸੁਰਿੰਦਰ ਬੋਸ ਨੂੰ ਜਾਣਦੇ ਸਨ ਜੋ ਤਾਰਕ ਨਾਥ ਦਾਸ ਦਾ ਸਾਥੀ ਸੀ। ਇਹ ਦਸੰਬਰ 1914 ਦੇ ਅਖੀਰ ਦੀ ਗੱਲ ਹੈ। ਕਪੂਰਥਲਾ ਹੋਈ ਮੀਟਿੰਗ ਵਿਚ ਪਿੰਗਲੇ ਨੇ ਖੁਸ਼ੀ ਦੀ ਖਬਰ ਦਿੰਦਿਆਂ ਦਸਿਆ ਕਿ ਬੰਗਾਲੀ ਬਾਬੂ ਸਾਡੇ ਨਾਲ ਮਿਲਵਰਤਨ ਲਈ ਤਿਆਰ ਹੈ। ਜਨਵਰੀ 3, 1915 ਨੂੰ ਪਿੰਗਲੇ ਤੇ ਸਚਿਨਦਰਾ ਨੇ ਗਦਰ ਤਰਫੋਂ ਅੰਮ੍ਰਿਤਸਰੋਂ 500 ਰੁਪਏ ਲਏ ਤੇ ਬਨਾਰਸ ਚਲੇ ਗਏ। ਪਿੰਗਲੇ, ਰਾਸ਼ ਬਿਹਾਰੀ ਦੇ ਸੱਦੇ ਤੇ । ਕਲਕਤਾ ਵਾਪਸ ਚਲੇ ਗਿਆ। ਜੁਗਾਂਤਰ ਲੀਡਰਾਂ ਨੇ ਉਸਨੂੰ ਬਨਾਰਸ ਮਿਲਣਾ ਸੀ ਤਾਂ ਕਿ ਸਾਰੀ ਪਲੈਨ ਨੂੰ ਕਿਸਤਰਾਂ ਸੰਤੁਲਿਤ ਕਰਨਾ ਹੈ। ਜਤਿਨ ਮੁਕਰਜੀ, ਅਤੁਲ ਕ੍ਰਿਸ਼ਨਾ ਘੋਸ਼, ਨਰੈਣ ਭਟਾਚਾਰਿਆ ਜਨਵਰੀ ਦੇ ਸ਼ੁਰੂ ਵਿਚ ਬਨਾਰਸ ਚਲੇ ਗਏ। ਇੱਕ ਬਹੁਤ ਹੀ ਜ਼ਰੂਰੀ ਮਿਟਿੰਗ ਵਿਚ ਰਾਸ਼ ਬਿਹਾਰੀ ਨੇ ਬਗਾਵਤੀਆ ਨੂੰ ਲਲਕਾਰ ਮਾਰੀ ਕਿ ਦੇਸ਼ ਲਈ ਮਰਨ ਦਾ ਸਮਾਂ ਆ ਗਿਆ ਹੈ।

ਹਵਾਲਦਾਰ ਮਨਸ਼ਾ ਸਿੰਘ ਜ਼ਰੀਏ, ਫੋਰਟ ਵਿਲੀਅਮ ਵਿਚ ਤਾਇਨਾਤ ਸੋਲਵੀ ਰਾਜਪੂਤ ਰਾਈਫ਼ਲਜ਼ ਤਕ ਸਫਲਤਾ ਨਾਲ ਪਹੁੰਚ ਕਰ ਲਈ ਗਈ। ਜਤਿਨ ਮੁਕਰਜੀ ਨੇ ਆਰਮੀ ਦੀ ਬਗਾਵਤ ਲਈ ਦੋ ਮਹੀਨੇ ਵਿਉਂਤ ਲਏ। ਜਰਮਨ ਹਥਿਆਰਾਂ ਦੀ ਖੇਪ ਸਮੇਂ ਸਿਰ ਆ ਜਾਣ ਨਾਲ, ਉਸਨੇ ਪਲੈਨ ਵਿਚ ਅਦਲ ਬਦਲ ਕਰ ਲਿਆ। ਗਦਰੀ ਸੂਰਮੇ ਐਕਸ਼ਨ ਕਰਨ ਲਈ ਕਾਹਲੇ ਪਏ ਹੋਏ ਸਨ। ਰਾਸ਼ ਬਿਹਾਰੀ ਤੇ ਪਿੰਗਲੇ ਲਾਹੌਰ ਚਲੇ ਗਏ। ਸਚਿਨ 'ਰਾਜਪੂਤ ਸੱਤ ਬਨਾਰਸ ਵਾਲੀ' ਦੀ ਦੇਖ ਭਾਲ ਵਿਚ ਸੀ। ਤੇ '89 ਪੰਜਾਬੀ'

ਜਿਹੜੀ ਦੀਨਾਪੁਰ ਤੈਨਾਤ ਸੀ। ਦਮੋਦਰ ਸਰੂਪ ਇਲਾਹਾਬਾਦ ਚਲੇ ਗਿਆ। ਵਿਨਾਇਕ ਰਾਏ ਕਪਿਲ ਬੰਗਾਲ ਤੋਂ ਪੰਜਾਬ ਬੰਬ ਪਹੁੰਚਾਉਣ ਦਾ ਕੰਮ ਕਰ ਰਿਹਾ ਸੀ। ਪਰਿਉ ਨਾਥ ਬਨਾਰਸ ਦੇ ਟਰੁਪ ਨੂੰ ਜਾਗਰਤ ਕਰਨ ਵਿਚ ਲੱਗਾ ਹੋਇਆ ਸੀ।

ਜਨਵਰੀ ਦੇ ਅੱਧ ਵਿਚ ਪਿੰਗਲੇ ਅੰਮ੍ਰਿਤਸਰ ਵਾਪਸ ਆ ਗਿਆ, ਰਾਸ਼ ਬਿਹਾਰੀ ਵੀ ਨਾਲ ਸੀ ਜਿਸਨੂੰ 'ਫੈਟ ਬਾਬੂ 'ਵੀ ਕਹਿੰਦੇ ਸਨ। ਬਹੁਤੇ ਮਿਲਣ ਵਾਲਿਆਂ ਤੋਂ ਬਚਣ ਲਈ ਰਾਸ਼ ਬਿਹਾਰੀ  ਦੋ ਹਫਤਿਆਂ ਲਈ ਲਾਹੌਰ ਚਲੇ ਗਿਆ। ਦੋਵੇਂ ਥਾਵਾਂ ਤੋਂ ਉਸਨੇ ਬੰਬ ਬਨਾਉਣ ਵਾਲੀ ਸਮਗਰੀ ਇੱਕਠੀ ਕੀਤੀ ਤੇ 80 ਬੰਬ ਕੇਸਾਂ ਦਾ ਲਾਹੌਰ ਦੀ ਇਕ ਫੌਂਡਰੀ ਨੂੰ ਆਰਡਰ ਦੇ ਦਿੱਤਾ। ਇਸਦੇ ਮਾਲਕ ਨੇ ਸ਼ਕ ਦੀ ਬਿਨ੍ਹਾ ਤੇ ਆਰਡਰ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਸ਼ਿਆਹੀ ਦੀਆਂ ਦਵਾਤਾਂ ਨੂੰ ਵਰਤ ਕੇ ਕਈ ਵਾਰਦਾਤਾਂ ਵਿਚ ਇਸਤਮਾਲ ਕੀਤਾ। ਘਰ ਦੀ ਤਲਾਸ਼ੀ ਦੌਰਾਨ ਪੂਰੇ ਬਣੇ ਬਣਾਏ ਬੰਬ ਬਰਾਮਦ ਹੋ ਗਏ। ਰਾਸ਼ ਬਿਹਾਰੀ ਤਾਂ ਖਿਸਕਣ ਵਿਚ ਕਾਮਯਾਬ ਹੋ ਗਿਆ। ਇਸ ਤਰ੍ਹਾਂ ਬੰਗਾਲੀ ਕਰਾਂਤੀਕਾਰਾਂ ਨੇ ਪੰਜਾਬ ਦੇ ਕਰਾਂਤੀਕਾਰਾਂ ਦੇ ਗਦਰੀਆਂ ਨਾਲ ਸਬੰਧ ਪੱਕੇ ਤੌਰ ਤੇ ਸਥਾਪਿਤ ਹੋ ਗਏ ਇਹ ਸਾਰਾ ਰਾਸ਼ ਬਿਹਾਰੀ ਦੀ ਅਗਵਾਈ ਵਿਚ ਹੋਇਆ। ਫੌਜੀਆਂ ਦੇ ਵਡੇ ਹਿੱਸੇ ਵਿਚ ਇਹ ਗੱਲ ਸੰਚਾਰ ਕਰ ਗਈ ਸੀ। ਇਹ ਸਮਝਿਆ ਜਾਣ ਲੱਗਾ ਕਿ ਜਿਉਂ ਹੀ ਬਿਗਲ ਵਜੇਗਾ ਇਹ ਬਗਾਵਤ ਸਾਰੇ ਪਾਸੇ ਫੈਲ ਜਾਵੇਗੀ ਤੇ ਇਹ ਪੰਜਾਬ ਤੇ ਬੰਗਾਲ ਤੋਂ ਸ਼ੁਰੂ ਹੋਵੇਗੀ।

81 ਵਿਚੋਂ 48 ਨੂੰ ਲਾਹੌਰ ਸਾਜਿਸ਼ ਕੇਸ ਵਿਚ ਦੋਸ਼ੀ ਪਾਇਆ ਗਿਆ। ਇਸ ਵਿਚ ਰਾਸ਼ ਬਿਹਾਰੀ ਬੋਸ ਵੀ ਸ਼ਾਮਲ ਸੀ ਤੇ ਵਿਸ਼ਨੂੰ ਗਣੇਸ਼ ਪਿੰਗਲੇ ਵੀ, ਮਥਰਾ ਸਿੰਘ, ਤੇ ਕਰਤਾਰ ਸਿੰਘ ਸਰਾਭਾ ਵੀ।

ਰਾਸ਼ ਬਿਹਾਰੀ ਦੇ ਨਿਰਦੇਸ਼ਾਂ ਅਨੁਸਾਰ ਪਿੰਗਲੇ ਨੇ ਪਰਾਪੇਗੰਡੇ ਵਾਲੀ ਹਨੇਰੀ ਹੀ ਲੈ ਆਂਦੀ ਸੀ। ਪਿੰਗਲੇ ਦੀ ਅਖੀਰਲੀ ਕਾਰਵਾਈ ਮੇਰਟ ਦੀ ਰੈਜਮੈਂਟ ਬਾਰਵੀਂ ਕਾਵੇਲਰੀ ਸੀ। ਕਰਤਾਰ ਸਿੰਘ ਸਰਾਭਾ ਬਚਕੇ ਲਾਹੌਰ ਪਹੁੰਚ ਗਿਆ ਸੀ ਪਰ  ਬਨਾਰਸ ਤੋਂ ਗਰਿਫਤਾਰ ਕਰ ਲਿਆ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਮੇਰਟ ਦੀ ਛਾਉਣੀ ਵਿਚੋਂ ਹੀ ਗਰਿਫਤਾਰ ਕਰ ਲਿਆ ਗਿਆ। ਮਾਰਚ 23, 1915 ਉਹ ਦਸ ਬੰਬ ਲੈਕੇ ਆਇਆ ਤਾਂ ਕਿ ਲੌਰਡ ਹਾਰਡਿੰਗਜ਼ ਨੂੰ ਦਿਲੀ ਵਿਚ ਉਡਾਇਆ ਜਾ ਸਕੇ। ਇਹ ਕਿਹਾ ਜਾਂਦਾ ਹੈ ਕਿ ਇਨ੍ਹਾ ਬੰਬਾਂ ਨਾਲ ਸਾਰੀ  ਰੈਜਮੈਂਟ ਨੂੰ ਉਡਾਇਆ ਜਾ ਸਕਦਾ ਸੀ। ਪੰਜਾਬ ਦੇ ਗਦਰੀਆਂ ਨੂੰ  ਧੜਾ ਧੜ ਫੜ ਲਿਆ ਗਿਆ। ਦੂਸਰੇ ਸੈਂਟਰਲ ਸੂਬਿਆਂ ਵਿਚ ਵੀ ਪੁਲੀਸ ਦਾ ਕਹਿਰ ਟੁਟ ਪਿਆ। ਰਾਸ਼ ਬਿਹਾਰੀ ਲਾਹੌਰ ਤੋਂ ਮਈ 1915 ਨੂੰ ਬਚਕੇ ਨਿਕਲ ਗਿਆ ਤੇ ਜਾਪਾਨ ਪਹੁੰਚ ਗਿਆ। ਕੁਝ ਦੂਜੇ ਲੀਡਰ ਵੀ ਜਿਨ੍ਹਾਂ ਵਿਚ ਗਿਆਨੀ ਪ੍ਰੀਤਮ ਸਿੰਘ, ਸਵਾਮੀ ਸਤਿਆਨੰਦ ਪੁਰੀ ਤੇ ਕੁਝ ਹੋਰ ਥਾਈਲੈਂਡ ਤੇ ਦੂਜੇ ਹਮਦਰਦ ਮੁਲਕਾਂ ਵਿਚ ਪਹੁੰਚ ਗਏ।

ਵਿਸ਼ਨੂੰ ਗਣੇਸ਼ ਪਿੰਗਲੇ ਕਈ ਹੋਰ ਗਦਰੀਆ ਨਾਲ ਜਿਨ੍ਹਾ ਵਿਚ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ, ਭਾਈ ਪਰਮਾਨੰਦ ਵਰਗੇ ਨਾਮੀ ਗਦਰੀ ਸਨ ਤੇ ਲਾਹੌਰ

ਕਾਨਸਪੀਰੇਸੀ ਦਾ ਮੁਕਦਮਾ ਚਲਿਆ। ਅਪ੍ਰੈਲ, 1915 ਨੂੰ ਸਪੈਸ਼ਲ ਟਰਿਬਿਊਨਲ ਦੀ ਸਥਾਪਨਾ, ਡਿਫੈਂਸ ਔਫ ਇੰਡੀਆ ਐਕਟ ਅਧੀਨ ਕੀਤੀ ਗਈ। ਕਈ ਹੋਰਾਂ ਨਾਲ ਵਿਸ਼ਨੂੰ ਗਣੇਸ਼ ਪਿੰਗਲੇ, ਕਰਤਾਰ ਸਿੰਘ ਸਰਾਭਾ ਨੂੰ ਨਵੰਬਰ 16, 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

## ਕਾਕੋਰੀ ਕਾਨਸਪੀਰੇਸੀ

ਇਸਨੂੰ ਕਾਕੋਰੀ ਟਰੇਨ ਰੌਬਰੀ ਜਾਂ ਕਾਕੋਰੀ ਕੇਸ ਵੀ ਕਿਹਾ ਜਾਂਦਾ ਹੈ। ਇਹ ਰੌਬਰੀ ਕਾਕੋਰੀ ਅਤੇ ਆਲਮਨਗਰ ( ਲਖਨਊ ਦੇ ਨੇੜੇ) ਦੇ ਵਿਚਾਲੇ ਵਾਪਰੀ। ਅਗਸਤ 9, 1925 ਨੂੰ ਹਿੰਦੋਸਤਾਨ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜੀ ਹੋਈ ਘਟਨਾ ਹੈ। ਜਰਮਨ ਮੇਡ ਮਾਉਜ਼ਰ ਸੀ 96 ਸੈਮੀ-ਆਟੋਮੈਟਿਕ ਮਾਉਜ਼ਰ ਪਿਸਟਲਜ਼ ਇਸ ਰੌਬਰੀ ਵਿਚ ਵਰਤੇ ਗਏ ਤੇ ਇਹ ਇਤਿਹਾਸਕ ਕਾਰਵਾਈ 'ਹਿੰਦੋਸਤਾਨ ਰਿਪਬਲਿਕ ਐਸੋਸੀਏਸ਼ਨ ਦੇ ਕਾਰਕੁੰਨਾਂ ਵਲੋਂ ਕੀਤੀ ਗਈ।

ਇਸ ਰੌਬਰੀ ਨੂੰ ਮੁਢਲੇ ਤੌਰ ਤੇ ਰਾਮ ਪ੍ਰਸ਼ਾਦ ਬਿਸਮਿਲ ਤੇ ਅਸ਼ਫਾਕ ਉਲਾ ਖਾਨ ਨੇ ਉਲੀਕਿਆ ਜਿਹੜੇ ਹਿੰਦੋਸਤਾਨ ਰਿਪਬਲਿਕ ਐਸੋਸ਼ੀਏਸ਼ਨ ਦੇ ਲੀਡਰ ਸਨ। ਇਸ ਜਥੇਬੰਦੀ ਦੀਆਂ ਪ੍ਰਚੰਡ ਕਾਰਵਾਈਆਂ ਕਰਕੇ ਇਸਦਾ ਛੋਟਾ ਨਾਮ ਵੀ ਪੈ ਗਿਆ 'ਐਚ.ਆਰ.ਏ'। ਇਹੋ ਜਥੇਬੰਦੀ 1928 ਤੋਂ ਬਾਦ ਹਿੰਦੋਸਤਾਨ ਸੋਸਲਿਸ਼ਟ ਰਿਪਬਲਿਕਨ ਐਸੋਸੀਏਸ਼ਨ 'ਐਚ.ਐਸ.ਆਰ.ਏ' ਬਣ ਗਈ। ਇਸ ਜਥੇਬੰਦੀ ਦਾ ਕੰਮ ਕਰਾਂਤੀਕਾਰੀ ਕਾਰਵਾਈਆਂ ਕਰਕੇ ਬ੍ਰਿਟਿਸ਼ ਸਾਮਰਾਜ ਦਾ ਹਿੰਦੋਸਤਾਨ ਤੋਂ ਖਾਤਮਾ ਕਰਨਾ ਸੀ। ਇਸ ਦਾ ਉਦੇਸ਼ ਅੰਗਰੇਜ਼ ਨੂੰ ਕਢਣ ਲਈ ਹਥਿਆਰਬੰਦ ਘੋਲ ਹੀ ਸਹੀ ਸੀ। ਹਥਿਆਰ ਖਰੀਦਣ ਲਈ ਸੰਸਥਾ ਨੂੰ ਪੈਸੇ ਚਾਹੀਦੇ ਸਨ। ਅਮੀਰ ਭਾਰਤੀ ਅੰਗਰੇਜ਼ ਤੋਂ ਡਰਦੇ ਉਨ੍ਹਾਂ ਦੀ ਮਦਦ ਕਰਨ ਤੋਂ ਕੰਨੀ ਕਤਰਾਉਂਦੇ ਸਨ। ਇਸ ਲਈ ਬਿਸਮਿਲ ਦੇ ਸੁਝਾਅ ਤੇ ਸੰਸਥਾ ਨੇ ਨੌਰਦਰਨ ਰੇਲਵੇ ਦੀ ਇੱਕ ਟਰੇਨ ਲੁਟਣ ਦਾ ਫੈਸਲਾ ਕੀਤਾ। ਇਸ ਮਿਸ਼ਨ ਲਈ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉਲਾ ਖਾਨ, ਰਜਿੰਦਰ ਲਹਿਰੀ, ਚੰਦਰ ਸ਼ੇਖਰ ਅਜ਼ਾਦ, ਸਚਿੰਦਰਾ ਬਖਸ਼ੀ, ਕੇਸ਼ਵ ਚਕਰਵਰਤੀ, ਮੰਨਮਥ ਨਾਥ ਗੁਪਤਾ, ਮੁਰਾਰੀ ਸ਼ਰਮਾ, (ਇਹ ਮੁਰਾਰੀ ਲਾਲ ਗੁਪਤਾ ਦਾ ਜਾਲੀ ਨਾਮ ਸੀ)ਮੁਕੰਦੀ ਲਾਲ ਗੁਪਤਾ ਅਤੇ ਬਨਵਾਰੀ ਲਾਲ ਨੇ ਰਲ ਕੇ ਸਕੀਮ ਬਣਾਈ।

## ਰੌਬਰੀ-

ਅਗਸਤ 9, 1925 ਨੰਬਰ 8 ਡਾਊਨ ਟਰੇਨ ਸ਼ਾਹਜਹਾਨ ਪੁਰ ਤੋਂ ਲਖਨਊ ਜਾ ਰਹੀ ਸੀ। ਕਾਕੋਰੀ ਪਹੁੰਚਦਿਆਂ ਹੀ ਕਰਾਂਤੀਕਾਰੀਆਂ ਵਿਚੋਂ ਇੱਕ ਨੇ ਚੇਨ ਖਿਚ ਦਿੱਤੀ ਤੇ ਗਾਰਡ ਨੂੰ ਕਾਬੂ ਕਰ ਲਿਆ ਗਿਆ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਸ ਵਿਚ ਸਰਕਾਰੀ ਖਜਾਨੇ ਦੇ ਬੈਗ ਜਾ ਰਹੇ ਸਨ ਤੇ ਇਹ ਬੈਗ ਗਾਰਡ ਦੇ ਕੈਬਿਨ ਵਿਚ ਸਨ। ਸਿਰਫ ਇਹ ਬੈਗ ਹੀ ਲੁਟੇ ਗਏ ਤੇ ਲਖਨਊ ਵਲ ਬਚਕੇ ਨਿਕਲ ਗਏ। ਇੱਕ ਵੀ ਇੰਡੀਅਨ ਨੂੰ ਨਹੀ ਲੁਟਿਆ ਗਿਆ। ਇਹ ਵੀ ਪ੍ਰਣ ਸੀ ਕਿ ਪੈਸੇ ਸਿਰਫ ਅੰਗਰੇਜ਼

ਸਰਕਾਰ ਦੇ ਹੀ ਲੁਟਣੇ ਸਨ। ਭਾਰਤੀ ਜਨਤਾ ਨੂੰ ਇਹ ਵੀ ਦਸਣਾ ਜ਼ਰੂਰੀ ਸੀ ਕਿ ਸੰਸਥਾ ਦਾ ਉਦੇਸ਼ ਦੇਸ਼ ਨੂੰ ਸਮਰਪਿਤ ਹੈ ਜਦੋਂ ਕਿ ਸੰਸਥਾ ਨੂੰ ਬਦਨਾਮ ਕਰਨ ਦੀ ਮੁਹਿੰਮ, ਅੰਗਰੇਜ਼ ਸਰਕਾਰ ਨੇ ਚਲਾਈ ਹੋਈ ਸੀ। ਇੱਕ ਹੋਰ ਵੀ ਮਕਸਦ ਸੀ ਕਿ ਇਸਤਰ੍ਹਾਂ ਕਰਕੇ ਅੰਗਰੇਜ਼ ਨੂੰ ਹਲੂਣਾ ਵੀ ਦੇਣਾ ਸੀ ਤੇ ਆਪਣੀ ਦੇਸ਼ ਪ੍ਰਤੀ ਸੁਹਿਰਦਤਾ ਦਾ ਮੁਜ਼ਾਹਰਾ ਵੀ ਕਰਨਾ ਸੀ।

ਘਟਨਾ ਤੋਂ ਬਾਦ ਪੁਲੀਸ ਨੇ ਵਡੀ ਤਦਾਦ ਤੇ ਕਰਾਂਤੀਕਾਰੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਤੇ ਸੰਸਥਾ ਦੇ ਕਈ ਕਰਾਂਤੀਕਾਰੀ ਗਰਿਫਤਾਰ ਕਰ ਲਏ ਗਏ। ਰਾਮ ਪ੍ਰਸ਼ਾਦ ਬਿਸਮਿਲ ਨੂੰ ਸ਼ਾਹਜਹਾਨ ਪੁਰ ਤੋਂ ਸਤੰਬਰ 26, 1925 ਨੂੰ ਫੜ ਲਿਆ ਗਿਆ ਤੇ ਉਸਦੀ ਸਜੀ ਬਾਂਹ ਅਸ਼ਫਾਕ ਉਲਾ ਖਾਨ ਦਸ ਮਹੀਨੇ ਬਾਦ ਦਿਲੀ ਤੋਂ ਗਰਿਫਤਾਰ ਕਰ ਲਿਆ ਗਿਆ। ਦੂਜੇ ਸਾਥੀ ਜਿਨ੍ਹਾ ਵਿਚ ਸਚਿੰਦਰਾ ਨਾਥ ਸਨਿਆਲ, ਰਜਿੰਦਰ ਲਹਿਰੀ ਤੇ ਯੋਗੇਸ਼ ਚੰਦਰ ਚੈਟਰਜੀ ਪਹਿਲਾਂ ਹੀ ਬੰਗਾਲ ਤੋਂ ਗਰਿਫਤਾਰ ਕਰ ਲਏ ਗਏ ਸਨ। ਰਜਿੰਦਰ ਲਹਿਰੀ ਤੇ ਇੱਕ ਬੰਬ ਬਲਾਸਟ ਦਾ ਕੇਸ ਵੀ ਸੀ ਤੇ ਅਸ਼ਫਾਕ ਉਲਾ ਖਾਨ ਤੇ ਸਚਿੰਦਰ ਬਖਸ਼ੀ ਦੀ ਗਰਿਫਤਾਰੀ ਬਾਦ ਵਿਚ ਹੋਈ ਜਦੋਂ ਕਾਕੋਰੀ ਕੇਸ ਦਾ ਫੈਸਲਾ ਵੀ ਹੋ ਗਿਆ ਸੀ। ਉਨ੍ਹਾ ਤੇ ਸਪਲੀਮੈਂਟਰੀ ਕੇਸ ਚਲਾਇਆ ਗਿਆ ਤੇ ਪਹਿਲੇ ਕੇਸ ਵਾਂਗ ਹੀ ਮੁਕਦਮਾ ਚਲਿਆ।

ਪੰਦਰਾਂ ਵਿਅਕਤੀਆਂ ਨੂੰ ਬਰੀ ਕੀਤਾ ਗਿਆ, ਸਬੂਤਾਂ ਦੀ ਘਾਟ ਕਰਕੇ। ਪੰਜ ਕਰਾਂਤੀਕਾਰੀਆਂ ਨੂੰ ਭਗੋੜੇ ਕਰਾਰ ਦਿੱਤਾ ਗਿਆ। ਜਿਨ੍ਹਾਂ ਵਿਚੋਂ ਦੋ ਬਾਦ ਵਿਚ ਗਰਿਫਤਾਰ ਹੋਏ ਜਦੋਂ ਕਿ ਮੁਕਦਮਾ ਖਤਮ ਹੋ ਚੁੱਕਾ ਸੀ। ਬਾਕੀ ਦੇ ਤਿੰਨ ਕਦੇ ਵੀ ਫੜੇ ਨਹੀ ਗਏ। ਸਿਰਫ ਚੰਦਰ ਸ਼ੇਖਰ ਅਜ਼ਾਦ ਜਿਸਨੇ ਸੰਸਥਾ ਨੂੰ ਮੁੜ ਖੜੀ ਕਰਨ ਲਈ ਮੁਹਿੰਮ ਵਿਢ ਲਈ ਸੀ, ਉਹ ਫਰਵਰੀ 27 1931 ਨੂੰ ਅਲਫਰੈਡ ਪਾਰਕ ਅਲਾਹਾਬਾਦ ਵਿਚ ਪੁਲੀਸ ਨਾਲ ਹੋਏ ਮੁਕਾਬਲੇ ਵਿਚ ਸ਼ਹੀਦ ਹੋ ਗਿਆ।

ਮੁਰਾਰੀ ਸ਼ਰਮਾ ਜਿਸਦਾ ਕਿਹਾ ਜਾਂਦਾ ਹੈ ਕਿ ਇਹ ਨਾਮ ਜਾਲ੍ਹੀ ਸੀ, ਉਹ ਦਿਲੀ ਵਿਚ ਗੁਪਤਵਾਸ ਵਿਚ ਰਿਹਾ। ਜਦੋਂ ਕੇਸ ਖਤਮ ਹੋ ਗਿਆ, ਉਹ ਆਪਣੇ ਪਿੰਡ ਮੁਡੀਆ ਪਨਵਾਰ ਜਿਹੜਾ ਸ਼ਾਹਜਹਾਨ ਪੁਰ ਜਿਲ੍ਹੇ ਵਿਚ ਪੈਂਦਾ ਹੈ, ਆ ਗਿਆ। ਬਾਦ ਵਿਚ ਉਸਨੇ ਸ਼ਾਹਜਹਾਨ ਪੁਰ ਵਸੇਬਾ ਕਰ ਲਿਆ ਤੇ ਆਪਣੀ ਸਾਰੀ ਜ਼ਿੰਦਗੀ ਉਥੇ ਹੀ ਰਿਹਾ। ਅਪ੍ਰੈਲ 2 1982 ਨੂੰ ਉਹ ਸਵਰਗਵਾਸ ਹੋਏ।

ਚਾਣਕਿਆ ਨੀਤੀ ਖੇਡਦਿਆਂ ਸੈਸ਼ਨ ਅਦਾਲਤ ਨੇ ਤਿੰਨ ਵਿਅਕਤੀਆਂ ਖਿਲਾਫ ਮੁਕਦਮਾ ਵਾਪਸ ਲੈ ਲਿਆ। ਇਹ ਸਨ ਵੀਰ ਭੱਦਰ ਤਿਵਾੜੀ, ਜਿਓਤੀ ਸ਼ੰਕਰ ਦੀਕਸ਼ਤ ਅਤੇ ਸ਼ਿਵ ਚਰਨ ਲਾਲ ਸ਼ਰਮਾ। ਇਹ ਸ਼ਕ ਕੀਤਾ ਜਾਂਦਾ ਹੈ ਕਿ ਇਨ੍ਹਾ ਨੇ ਸਪੈਸ਼ਲ ਮਜਿਸਟਰੇਟ ਨੂੰ ਕੁਝ ਗੁਪਤ ਸੂਚਨਾਵਾਂ ਦਿੱਤੀਆਂ। ਇੱਕ ਹੋਰ ਦੋਸ਼ੀ ਦਮੋਦਰ ਸਵਾਰੂਪ ਸੇਠ ਨੂੰ ਵੀ ਸਖਤ ਮਰਜ਼ ਕਰਕੇ ਛੱਡ ਦਿੱਤਾ ਗਿਆ। ਜੋ ਵਾਇਦਾ ਮੁਆਫ ਗਵਾਹ ਬਣ ਗਏ।

ਸ਼ਾਹਜਹਾਨ ਪੁਰ ਤੋਂ ਗਰਿਫਤਾਰ ਕੀਤਿਆਂ ਵਿਚੋਂ ਬਨਾਰਸੀ ਲਾਲ ਅਤੇ ਇੰਦੂ ਭੂਸ਼ਨ ਮਿਤਰਾ ਵਾਇਦਾ ਮੁਆਫ ਗਵਾਹ ਬਣ ਗਏ। ਇਨ੍ਹਾਂ ਨੇ ਮੁੱਖ ਦੋਸ਼ੀ ਰਾਮ ਪ੍ਰਸ਼ਾਦ ਬਿਸਮਿਲ ਤੇ ਮੁਕਦਮੇ ਵੇਲੇ ਸਰਕਾਰੀ ਅਦਾਲਤ ਦੀ ਮਦਦ ਕੀਤੀ। ਇਸਤਰ੍ਹਾਂ ਹੀ ਬਨਵਾਰੀ ਲਾਲ ਜੋ ਰਾਏ ਬਰੇਲੀ ਤੋਂ ਸੰਸਥਾ ਦਾ ਮੁੱਖ ਕਾਰਜਕਰਤਾ ਸੀ ਨੇ ਵੀ ਪੁਲੀਸ ਤੇ ਅਦਾਲਤ ਦੀ ਮਦਦ ਕੀਤੀ ਤਾਂ ਕਿ ਬਿਸਮਿਲ ਤੇ ਮਜ਼ਬੂਤ ਕੇਸ ਬਣ ਸਕੇ। ਇਸਦੇ ਬਦਲੇ ਉਸਨੂੰ ਸਧਾਰਨ ਦੋ ਸਾਲ ਦੀ ਕੈਦ ਹੋਈ।

ਅਦਾਲਤ ਨੇ ਸਰਕਾਰੀ ਵਕੀਲ ਦੇ ਤੌਰ ਤੇ ਪੰਡਿਤ ਜਗਤ ਨਰਾਇਣ ਮੁੱਲਾ ਨੂੰ ਲਾਇਆ। ਇਹ ਜਾਣਕੇ ਲਾਇਆ ਗਿਆ ਕਿਉਂਕਿ ਜਗਤ ਨਰਾਇਣ ਰਾਮ ਪ੍ਰਸ਼ਾਦ ਬਿਸਮਿਲ ਨਾਲ ਖਾਰ ਖਾਂਦਾ ਸੀ। ਇਹ  ਕਿੜ 1916 ਤੋਂ ਚਲੀ ਆ ਰਹੀ ਸੀ ਜਦੋਂ ਜਗਤ ਨਰਾਇਣ ਦੀ ਮਰਜ਼ੀ ਦੇ ਉਲਟ ਰਾਮ ਪ੍ਰਸ਼ਾਦ ਬਿਸਮਿਲ ਨੇ ਲੋਕ ਮਾਨਿਆ ਬਾਲ ਗੰਗਾਧਰ ਤਿਲਕ ਦੇ ਹੱਕ ਵਿਚ ਲਖਨਉ ਵਿਖੇ ਵਡੀ ਰੈਲੀ ਦਾ ਇੰਤਜ਼ਾਮ ਕੀਤਾ ਸੀ। ਇਹ ਸਰਕਾਰੀ ਵਕੀਲ ਜੋ ਆਪਣੇ ਪੇਸ਼ੇ ਨਾਲ ਵੀ ਗਦਾਰੀ ਕਰ ਰਿਹਾ ਸੀ ਦੇ ਮੁਕਾਬਲੇ ਰਾਮ ਪ੍ਰਸ਼ਾਦ ਬਿਸਮਿਲ ਨੇ ਆਪਣਾ ਕੇਸ ਖੁਦ ਲੜਿਆ। ਕੇਸ ਦਾ ਜ਼ਿਕਰ ਸਾਰੇ ਭਾਰਤ ਵਿਚ ਹੋ ਰਿਹਾ ਸੀ। ਇੱਕ ਡਿਫੈਂਸ ਕਮੇਟੀ ਵੀ ਬਣਾਈ ਗਈ ਜਿਸਦੇ ਚੇਅਰ ਪਰਸਨ ਗੋਬਿੰਦ ਵਲਭ ਪੰਤ ਸਨ। ਇਸ ਕਮੇਟੀ ਦੇ ਜੋਰਦਾਰ ਵਿਰੋਧ ਦੇ ਬਾਵਜੂਦ ਅਦਾਲਤ ਨੇ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉਲਾ ਖਾਨ, ਰਜਿੰਦਰ ਨਾਥ ਲਹਿਰੀ ਤੇ ਰੋਸ਼ਨ ਸਿੰਘ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ। ਸੋਲਾਂ ਨੂੰ ਉਮਰ ਕੈਦ ਤੋਂ ਲੈਕੇ ਤਿੰਨ ਸਾਲ ਤੱਕ ਸਜਾ ਸੁਣਾਈ। ਵਾਇਦਾ ਮੁਆਫ ਬਨਵਾਰੀ ਲਾਲ ਨੂੰ ਉਸਦੀਆਂ ਸੇਵਾਵਾ ਬਦਲੇ ਸਧਾਰਣ ਦੋ ਸਾਲ ਦੀ ਸਜਾ ਦਿੱਤੀ ਗਈ।

## ਜੇਲ੍ਹ ਵਿਚ ਭੁਖ ਹੜਤਾਲ

ਆਖਰੀ ਫੈਸਲੇ ਤੋਂ ਬਾਦ ਗਰੁਪ ਫੋਟੋਗਰਾਫ ਲਈਆਂ ਗਈਆਂ ਤੇ ਸਾਰੇ ਦੋਸ਼ੀਆਂ ਨੂੰ ਵਖੋ ਵਖਰੀਆਂ ਜੇਲ੍ਹਾਂ ਵਲ ਭੇਜ ਦਿੱਤਾ ਗਿਆ। ਉਨ੍ਹਾ ਨੂੰ ਆਪਣੇ ਕਪੜੇ ਉਤਾਰਕੇ ਜੇਲ੍ਹੀ ਕਪੜੇ ਪਾਉਣ ਲਈ ਕਿਹਾ। ਉਨ੍ਹਾ ਨੇ ਐਸਾ ਕਰਨ ਤੋਂ ਨਾਂਹ ਕਰ ਦਿਤੀ ਤੇ ਭੁਖ ਹੜਤਾਲ ਸ਼ੁਰੂ ਕਰ ਦਿੱਤੀ। ਉਨ੍ਹਾ ਦੀ ਮੰਗ ਬਹੁਤ ਹੀ ਬਾਦਲੀਲ ਸੀ। ਉਨ੍ਹਾ ਦਾ ਕਹਿੰਣਾ ਸੀ ਕਿ ਉਨ੍ਹਾਂ ਜੋ ਕੀਤਾ ਅੰਗਰੇਜ਼ ਨੂੰ ਆਪਣੇ ਦੇਸ਼ ਤੋਂ ਬਾਹਰ ਕਢਣ ਲਈ ਕੀਤਾ। ਇਸ ਤਰ੍ਹਾਂ ਉਹ ਰਾਜਨੀਤਕ ਕੈਦੀ ਹਨ। ਉਨ੍ਹਾ ਨਾਲ ਰਾਜਨੀਤਕ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ।

## ਨੇਤਾ ਜੀ ਸੁਭਾਸ਼ ਚੰਦਰ ਬੋਸ

ਇਹ ਜਾਣਕਾਰੀ ਹੋ ਸਕਦਾ ਹੈ ਕੁਝ ਮੁੱਦਿਆਂ ਤੇ  ਅਸੰਤੁਲਿਨ ਹੋਵੇ। ਸਾਡਾ ਮਕਸਦ ਸਿਰਫ ਸਰੋਤਾਂ ਤੋਂ ਜਾਣਕਾਰੀ ਇੱਕਠੀ ਕਰਕੇ ਨੇਤਾ ਜੀ ਦੀ ਮੰਨੀ ਹੋਈ ਸਖਸ਼ੀਅਤ ਬਾਰੇ ਪਾਠਕਾਂ ਨਾਲ ਇਸ ਬਾਰੇ ਸਾਂਝ ਪੈਦਾ ਕਰਨੀ ਹੈ। ਜੇ ਕੋਈ ਪੱਖ ਅਧੂਰ ਲੱਗੇ ਜਾਂ ਕਿਸੇ ਕੋਲ ਉਸਦੀ ਕੋਈ ਵਖਰੀ ਜਾਣਕਾਰੀ ਹੋਵੇ ਤਾਂ ਉਹ ਕਮੇਂਟ ਕਰਕੇ

ਆਪਣੇ ਵਿਚਾਰ ਸਾਂਝੇ ਕਰ ਸਕਦਾ ਹੈ। ਖਾਸ ਤੌਰ ਤੇ ਨੇਤਾ ਜੀ ਦੇ ਅੰਤ ਬਾਰੇ ਕਈ ਭੁਲੇਖੇ ਹਨ। ਸਾਡਾ ਮਕਸਦ ਕਿਸੇ ਕਿਸਮ ਦੇ ਵਿਚਾਰ ਨਾਲ ਖਲੋਣਾ ਨਹੀ ਹੈ। ਆਪਣੇ ਵਲੋਂ ਸਾਡਾ ਸਰੋਤ ਸਿਰਫ ਇੰਟਰਨੈਟ ਹੀ ਹੈ। ਕੋਈ ਭੁਲ ਚੁੱਕ ਹੋ ਜਾਵੇ ਤਾਂ ਖਿਮਾਂ ਦੇ ਜਾਚਕ ਹਾਂ।

ਨੇਤਾ ਜੀ ਦਾ ਜਨਮ ਜਨਵਰੀ 23, 1897 ਦਾ ਹੈ। ਇਹ ਕਟਕ ਵਿਖੇ ਪੈਦਾ ਹੋਏ ਜਿਹੜਾ ਉੜੀਸਾ (ਬੰਗਾਲ ਪਰੈਜ਼ਡੈਂਸੀ) ਵਿਚ ਪੈਂਦਾ ਹੈ।

ਇਨ੍ਹਾਂ ਦੇ ਦਿਹਾਂਤ ਦਾ ਦਿਨ ਅਗਸਤ 18, 1945 ਮਿੱਥ ਲਿਆ ਗਿਆ ਹੈ। ਸਥਾਨ ਟੈਏਹੋਕੂ ਤਾਇਵਾਨ ਇਹ ਪੱਕਾ ਨਹੀ ਹੈ,ਇਸ ਬਾਰੇ ਕਦੇ ਵੀ ਯਕਮੁਕਤ ਯਕੀਨ ਨਹੀ ਬਝਾ।

ਸੁਭਾਸ਼ ਚੰਦਰ ਬੋਸ ਜੀ ਨੂੰ ਨੇਤਾ ਜੀ ਕਿਹਾ ਜਾਂਦਾ ਸੀ। ਨੇਤਾ ਜੀ ਸ਼ਬਦ ਸਤਿਕਾਰ ਵਜੋਂ ਸਿਰਜ ਲਿਆ ਗਿਆ। ਭਾਰਤੀ ਕਰਾਂਤੀਕਾਰੀ ਸਨ ਜਿਨ੍ਹਾਂ ਨੇ ਅਜ਼ਾਦ ਹਿੰਦ ਫੋਰਸ ਦੀ ਅਗਵਾਈ ਕਰਦਿਆਂ ਦੂਜੀ ਸੰਸਾਰ ਜੰਗ ਵਿਚ ਅਲਾਈਡ ਤਾਕਤਾਂ ਦੇ ਖਿਲਾਫ ਜੰਗ ਲੜੀ। ਇਹ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਮੋਹਰੀ ਲੀਡਰਾਂ ਵਿਚੋਂ ਸਨ।

ਬੰਗਾਲ ਦੇ ਧੰਨਵਾਨ ਤੇ ਮਸ਼ਹੂਰ ਵਕੀਲ ਜਾਨਕੀ ਦਾਸ ਤੇ ਮਾਤਾ ਪ੍ਰਭਾਵਤੀ ਦੇ ਘਰ ਹੋਇਆ। ਕਲਕਤਾ ਦੇ ਪਰੈਜ਼ੀਡੈਂਸੀ ਕਾਲਜ ਤੋਂ ਪੜ੍ਹਾਈ ਕੀਤੀ। ਰਾਸ਼ਟਰੀ ਸਰਗਰਮੀਆਂ ਕਾਰਣ 1916 ਈਸਵੀ ਨੂੰ ਕਾਲਜ ਵਿਚੋਂ ਕਢ ਦਿੱਤਾ ਗਿਆ। ਉਸਤੋਂ ਬਾਦ ਸਟੌਕਿਸ਼ ਚਰਚ ਕਾਲਜ਼ ਤੋਂ 1919 ਵਿਚ ਗਰੈਜੂਏਸ਼ਨ ਕੀਤੀ। ਬਾਦ ਵਿਚ ਮਾਂਬਾਪ ਨੇ ਇਨ੍ਹਾ ਨੂੰ ਇੰਗਲੈਂਡ ਦੀ ਯੁਨੀਵਰਸਿਟੀ ਔਫ ਕੈਂਬਰਜ ਪੜ੍ਹਾਈ ਲਈ ਭੇਜ਼ ਦਿੱਤਾ, ਇਸ ਆਸ ਨਾਲ ਕਿ ਉਹ ਉਥੋਂ ਪੜ੍ਹਕੇ ਤਿਆਰੀ ਕਰਕੇ ਇੰਡੀਅਨ ਸਿਵਲ ਸਰਵਿਸਜ਼ ਵਿਚ ਸ਼ਾਮਲ ਹੋ ਜਾਣਗੇ। 1920 ਵਿਚ ਨੇਤਾ ਜੀ ਨੇ ਸਿਵਿਲ ਸਰਵਿਸ ਦਾ ਇਮਤਿਹਾਨ ਪਾਸ ਕਰ ਲਿਆ, ਪਰ 1921 ਨੂੰ ਭਾਰਤੀ ਰਾਸ਼ਟਰੀ ਨੌਜਵਾਨਾਂ ਵਿਚ ਹੋਈ ਖਲਬਲੀ ਨੂੰ ਸੁਣਦਿਆਂ ਇਨ੍ਹਾਂ ਨੇ ਆਪਣੀ ਉਮੀਦਵਾਰੀ ਤੋਂ ਅਸਤੀਫਾ ਦੇਕੇ ਇੰਡੀਆ ਵੱਲ ਮੂੰਹ ਕਰ ਲਿਆ। ਆਪਣੀ ਸਾਰੀ ਜ਼ਿੰਦਗੀ ਦੌਰਾਨ, ਖਾਸ ਤੌਰ ਤੇ ਆਪਣੇ ਸ਼ੁਰੂਆਤੀ ਦੌਰ ਵਿਚ, ਆਰਥਿਕ ਤੇ ਭਾਵਆਤਮਿਕ ਮਦਦ, ਉਨ੍ਹਾਂ ਦੇ ਵਡੇ ਭਰਾ ਨੇ ਕੀਤੀ। ਵਡਾ ਭਰਾ ਸ਼ਰਤ ਚੰਦਰ ਬੋਸ (1889-1950) ਕਲਕਤੇ ਦਾ ਇੱਕ ਮੰਨਿਆ ਦੰਨਿਆ ਧੰਨਵਾਨ ਵਕੀਲ ਸੀ ਤੇ ਕਾਂਗਰਸ ਪਾਰਟੀ ਦਾ ਰਾਜਨੀਤੀਵਾਨ।

ਭੇਦਭਰੀ ਗੱਲ ਮੁਤਾਬਕ ਉਨ੍ਹਾਂ ਦੀ ਮੌਤ ਅਗਸਤ 18, 1945 ਨੂੰ ਇੱਕ ਹਵਾਈ ਹਾਦਸੇ ਵਿਚ ਹੋਈ। ਇਸਦਾ ਕੋਈ ਸਬੂਤ ਨਹੀ ਹੈ। ਉਸ ਦਿਨ ਨੂੰ ਹੀ ਸਰਕਾਰੀ ਤਸਦੀਕ ਦੁਆਰਾ ਮੌਤ ਦਾ ਦਿਨ ਰਿਕਾਰਡ ਕਰ ਲਿਆ ਗਿਆ। ਸਮੇਂ ਸਮੇ ਕਈ ਕਮੇਟੀਆਂ ਬਣੀਆਂ ਤਾਂ ਕਿ ਛਾਣਬੀਣ ਹੋ ਸਕੇ, ਪਰ ਕਦੇ ਵੀ ਇਸ ਤਸਦੀਕ ਦੇ ਉਲਟ ਕੋਈ ਦੂਸਰੀ ਥਿਉਰੀ ਸਮਾਨੰਤਰ ਨਹੀ ਤੁਰੀ।

ਸੁਭਾਸ਼ ਚੰਦਰ ਬੋਸ ਦੇ ਪੁਰਖਾਂ ਦਾ ਘਰ ਕੋਦਾਲਿਆ ਪਿੰਡ ਵਿਚ ਸੀ ਜਿਸਦਾ ਅੱਜ ਦਾ ਨਾਮ ਸੁਭਾਸ਼ ਗਰਾਮ ਹੈ ਤੇ ਇਹ ਵੈਸਟ ਬੰਗਾਲ ਵਿਚ ਹੈ। ਚੌਦਾਂ ਭੈਣ ਭਰਾਵਾਂ ਵਿਚੋਂ ਇਹ ਨੌਂਵੇਂ ਸਨ। ਐਂਗਲੋ ਸਕੂਲ ਜਿਸਦਾ ਨਾਮ ਸਟੀਵਰਟ ਸਕੂਲ ਸੀ ਵਿਚ ਪਰਾਇਮਰੀ ਪੜ੍ਹਾਈ ਸਤਵੀਂ ਤੱਕ ਕੀਤੀ। ਸਕੂਲ ਹੀ ਸਤਵੀਂ ਤੱਕ ਸੀ ਬਾਦ ਵਿਚ ਰਾਵਨਸ਼ਾਹ ਕਾਲਜੀਏਟ ਸਕੂਲ ਚਲੇ ਗਏ। ਸੰਨ 1911 ਕਲਕਤੇ ਪ੍ਰਾਂਤ ਦੇ ਦਸਵੀਂ ਦੇ ਨਤੀਜੇ ਵਿਚੋਂ ਸੁਭਾਸ਼ਜੀ ਦੂਸਰੇ ਨੰਬਰ ਤੇ ਰਹੇ। ਪਰੈਜ਼ੀਡੈਂਸੀ ਕਾਲਜ਼ ਵਿਚੋਂ ਕਢ ਦਿੱਤੇ ਗਏ, ਇਸਦਾ ਕਾਰਣ ਵੀ ਇਨ੍ਹਾਂ ਦਾ ਰਾਸ਼ਟਰੀ ਸੁਭਾਅ ਸੀ। ਇਲਜ਼ਾਮ ਸੀ ਕਿ ਸੁਭਾਸ਼ ਚੰਦਰ ਬੋਸ ਨੇ ਪਰੋਫੈਸਰ ਓਟਨ ਤੇ ਹਮਲਾ ਕੀਤਾ ਹੈ ਜਦੋਂ ਪਰੋਫੈਸਰ ਨੇ ਭਾਰਤ ਵਿਰੋਧੀ ਇੱਕ ਚਿਠੀ ਲਿਖੀ। ਸਿਵਿਲ ਸਰਵਿਸਜ਼ ਦਾ ਇਮਤਿਹਾਨ ਚੌਥੇ ਨੰਬਰ ਤੇ ਪਾਸ ਕਰਨ ਦੇ ਬਾਵਜੂਦ ਵੀ ਆਪਣੀ ਉਮੀਦਵਾਰੀ ਤਿਆਗ ਦਿੱਤੀ। ਅੰਗਰੇਜ਼ ਗੁਲਾਮੀ ਨੂੰ ਠੋਕਰ ਮਾਰ, ਇਨ੍ਹਾਂ ਕਲਕਤੇ ਆਪਣਾ ਅਖਬਾਰ 'ਸਵਰਾਜ' ਸ਼ੁਰੂ ਕਰ ਲਿਆ ਤੇ ਬੰਗਾਲ ਪ੍ਰਾਂਤ ਕਾਂਗਰਸ ਕਮੇਟੀ ਦੀ ਮਸ਼ਹੂਰੀ ਕਰਨ ਦੀ ਜ਼ਿੰਮੇਵਾਰੀ ਉਟ ਲਈ। ਉਨ੍ਹਾਂ ਦਾ ਗਾਈਡ ਚਿਤਰੰਜਨ ਦਾਸ ਸੀ ਜੋ ਬੰਗਾਲ ਦਾ ਰਾਸ਼ਟਰੀ ਹਮਲਾਵਰ ਬੁਲਾਰਾ ਸੀ।

ਸੰਨ 1923, ਬੋਸ ਜੀ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਚੁਣੇ ਗਏ ਤੇ ਨਾਲ ਦੀ ਨਾਲ ਬੰਗਾਲ ਸਟੇਟ ਕਾਂਗਰਸ ਦੇ ਸੂਬਾ ਸਕਤਰ ਵੀ ਸਨ। ਉਹ ਦੇਸ਼ਬੰਧੂ ਚਿਤਰੰਜਨ ਦਾਸ ਦੁਆਰਾ ਸਥਾਪਿਤ ਅਖਬਾਰ 'ਫਾਰਵਰਡ' ਦੇ ਐਡੀਟਰ ਵੀ ਸਨ। ਸੁਭਾਸ਼ ਜੀ ਕਲਕਤਾ ਮਿਉਨਿਸਪਲ ਕਾਰਪੋਰੇਸ਼ਨ ਲਈ ਸੀ.ਈ.ਉ. ਦੀ ਜ਼ਿੰਮੇਵਾਰੀ ਨਿਭਾਉਂਦੇ ਸੀ ਜਦੋਂ ਚਿਤਰੰਜਨ ਦਾਸ 1924 ਨੂੰ ਕਲਕਤੇ ਦਾ ਮੇਅਰ ਚੁਣਿਆ ਗਿਆ ਸੀ। 1925 ਵਿਚ ਜਦੋਂ ਰਾਸ਼ਟਰੀ ਕਾਰਕੁੰਨਾਂ ਦੀ ਫੜੋ ਫੜੀ ਹੋਈ ਤਾਂ ਸੁਭਾਸ਼ ਜੀ ਵੀ ਗਰਿਫਤਾਰ ਕਰ ਲਏ ਗਏ ਤੇ ਮੰਡਲੀ ਜੇਲ੍ਹ ਭੇਜ਼ ਦਿੱਤੇ ਗਏ ਜਿੱਥੇ ਉਨ੍ਹਾਂ ਨੂੰ ਤਪਦਿਕ ਹੋ ਗਈ।

## ਰਾਸ਼ਟਰੀ ਰਾਜਨੀਤੀ;

1927, ਜਦੋਂ ਉਹ ਜੇਲ੍ਹ ਤੋਂ ਰਿਹਾ ਹੋਕੇ ਆਏ ਤੇ ਉਨ੍ਹਾਂ ਨੂੰ ਕਾਂਗਰਸ ਪਾਰਟੀ ਦਾ ਜਨਰਲ ਸਕਤਰ ਚੁਣ ਲਿਆ ਗਿਆ ਤੇ ਅਜ਼ਾਦੀ ਸੰਗਰਾਮ ਲਈ ਜਵਾਹਰ ਲਾਲ ਨਹਿਰੂ ਨਾਲ ਕੰਮ ਕੀਤਾ। ਬੋਸ ਨੂੰ ਦੁਬਾਰਾ ਗਰਿਫਤਾਰ ਕਰ ਲਿਆ ਗਿਆ ਤੇ ਸਿਵਲ ਨਾ-ਫੁਰਮਾਨੀ ਦੇ ਦੋਸ਼ ਵਿਚ ਜੇਲ੍ਹ ਭੇਜ਼ ਦਿੱਤਾ ਗਿਆ। 1930 ਦੇ ਅੱਧ ਵਿਚ ਉਹ ਯੋਰਪ ਯਾਤਰਾ ਤੇ ਗਏ। ਉਥੇ ਭਾਰਤੀ ਵਿਦਿਆਰਥੀਆਂ, ਯੋਰਪੀਅਨ ਰਾਜੀਨਤੀਵਾਨਾਂ ਸਮੇਤ ਮੁਸੋਲਿਨੀ ਨੂੰ ਮਿਲੇ। ਉਸਨੇ ਪਾਰਟੀ ਸੰਸਥਾ ਦੀ ਬਣਤਰ ਦਾ ਅਧਿਅਨ ਕੀਤਾ ਤੇ ਕਮਿਉਨਿਜ਼ਮ ਤੇ ਅੰਧਰਾਸ਼ਟਰਵਾਦ ਜਿਸਨੂੰ ਇਟਲੀ ਵਿਚ ਮੁਸੋਲਿਨੀ ਚਲਾ ਰਿਹਾ ਸੀ ਦਾ ਡੂੰਘਾ ਅਧਿਅਨ ਕੀਤਾ। 1938 ਵਿਚ ਸੁਭਾਸ਼ ਜੀ ਰਾਸ਼ਟਰੀ ਨੇਤਾ ਬਣਕੇ ਉਭਰੇ। ਲੋਕਾ ਨੇ ਉਨ੍ਹਾਂ ਵਿਚ ਯਕੀਨ ਦਹਾਨੀ ਦਿਖਾਈ ਤੇ ਉਨ੍ਹਾਂ ਲੋਕ ਮੱਤ ਦਾ ਸਤਿਕਾਰ ਕਰਦਿਆਂ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਨ ਲਈ ਨੋਮੀਨੇਸ਼ਨ ਮੰਨਜ਼ੂਰ ਕਰਨ ਲਈ ਆਪਣੀ ਰਜ਼ਾਮੰਦੀ ਦੇ ਦਿੱਤੀ।

ਉਨ੍ਹਾਂ ਸਵਰਾਜ ਦਾ ਨਾਹਰਾ ਬੁਲੰਦ ਕੀਤਾ, ਜਿਸਦਾ ਮਤਲਬ ਆਪਣੀ ਸਰਕਾਰ ਬਨਾਉਣਾ ਸੀ, ਉਨ੍ਹਾਂ ਅਨੁਸਾਰ ਇਸ ਕਾਰਜ ਲਈ ਬ੍ਰਿਟਿਸ਼ ਖਿਲਾਫ ਹਥਿਆਰ ਚੁੱਕਣਾ ਵੀ ਜਾਇਜ਼ ਸੀ। ਇਸਦਾ ਸਿਧਾ ਮਤਲਬ ਸੀ ਕਿ ਉਹ ਮਹਾਤਮਾ ਗਾਂਧੀ ਦੇ 'ਅਹਿੰਸਾ ਪਰਮ ਧਰਮ' ਦੇ ਅਸੂਲ ਤੋਂ ਇਨਕਾਰੀ ਸਨ। ਮਹਾਤਮਾ ਗਾਂਧੀ ਵੀ ਸੁਭਾਸ਼ ਚੰਦਰ ਬੋਸ ਦੇ ਕਾਗਰਸ ਪਾਰਟੀ ਦੇ ਪ੍ਰਧਾਨ ਬਣਨ ਦੇ ਖਿਲਾਫ ਸਨ। ਕਾਂਗਰਸ ਪਾਰਟੀ ਦੋਫਾੜ ਹੁੰਦੀ ਦਿਖਾਈ ਦਿੰਦੀ ਸੀ। ਬੋਸ ਨੇ ਏਕਤਾ ਬਣਾਏ ਰਖਣ ਦੀ ਕੋਸ਼ਿਸ਼ ਕੀਤੀ ਪਰ ਗਾਂਧੀ ਨੇ ਬੋਸ ਨੂੰ ਆਪਣੀ ਵਖਰੀ ਕੈਬਨਿਟ ਬਨਾਉਣ ਦੀ ਸਲਾਹ ਦਿੱਤੀ। ਇਸ ਟਕਰਾ ਨਾਲ ਬੋਸ ਤੇ ਨਹਿਰੂ ਵਿਚ ਵੀ ਠਣ ਗਈ। ਬੋਸ 1939 ਨੂੰ ਕਾਂਗਰਸ ਮੀਟਿੰਗ ਵਿਚ ਹਾਜ਼ਰ ਹੋਣ ਲਈ ਸਟਰੇਚਰ ਤੇ ਪੈਕੇ  ਆਏ। ਉਹ ਦੁਬਾਰਾ ਫੇਰ ਪ੍ਰਧਾਨ ਬਣ ਗਏ ਸਨ ਤੇ ਇਸ ਵਾਰ ਉਨ੍ਹਾ ਨੇ ਗਾਂਧੀ ਦੀ ਸਪੋਰਟ ਵਾਲੇ ਉਮੀਦਵਾਰ ਨੂੰ ਹਰਾਇਆ ਸੀ। ਸੁਭਾਸ਼ ਜੀ ਜਿੱਤ ਤਾਂ ਗਏ ਪਰ ਕਾਂਗਰਸ ਵਰਕਿੰਗ ਕਮੇਟੀ  ਵਿਚਲੇ ਮੈਂਬਰ ਗਾਂਧੀ ਭਗਤ ਸਨ। ਸੁਭਾਸ਼ ਕੁਝ ਕਰ ਹੀ ਨਹੀ ਸਕਦੇ ਸਨ, ਇਸਲਈ ਮਜ਼ਬੂਰਨ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ। ਆਪਣੇ ਅਸੂਲਾਂ ਨਾਲ ਸਮਝੌਤਾ ਨਾ ਕਰਨ ਦੀ ਇਮਾਨਦਾਰੀ ਨੇ ਆਖਰ ਉਨ੍ਹਾਂ ਨੇ ਮੁੱਖ ਧਾਰਾ ਦੀ ਰਾਸ਼ਟਰੀ ਸੋਚ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ।

ਬੋਸ ਨੇ ਦੇਸ਼ ਪ੍ਰਤੀ ਆਪਣੀ ਸੁਹਿਰਦਤਾ ਤਹਿਤ ਜੂਨ 22 ਨੂੰ ਆਪਣੀ ਵਖਰੀ ਹੋਂਦ ਲਈ 'ਫਾਰਵਰਡ ਬਲਾਗ' ਸੰਸਥਾ ਦੀ ਸਥਾਪਨਾ ਕੀਤੀ। ਇਸਦਾ ਮੁੱਖ ਉਦੇਸ਼ ਖੱਬੇ ਪੱਖੀ ਰਾਜਨੀਤੀਵਾਨਾਂ ਨੂੰ ਇੱਕ ਝੰਡੇ ਥੱਲੇ ਇੱਕਠੇ ਕਰਨਾ ਸੀ ਪਰ ਉਨ੍ਹਾਂ ਦੀ ਅਸਲ ਤਾਕਤ ਉਨ੍ਹਾ ਦਾ ਮੌਲਿਕ ਸਟੇਟ ਬੰਗਾਲ ਸੀ। ਮੁਥੂਰਾਮਾ ਲਿੰਗਮ ਥੇਵਰ, ਜਿਸਨੇ ਸੁਭਾਸ਼ ਦੀ ਪ੍ਰਧਾਨਗੀ ਦੌੜ ਵੇਲੇ  ਮਦਦ ਕੀਤੀ ਸੀ ਉਹ ਵੀ ਸਰਕਾਰੀ ਕਾਂਗਰਸ ਲੀਡਰਸ਼ਿਪ ਤੋਂ ਅਕਿਆ, ਕਾਂਗਰਸ ਛਡ ਸੁਭਾਸ਼ ਜੀ ਕੋਲ ਆ ਗਿਆ ਤੇ ਉਹ ਵੀ 'ਫਾਰਵਰਡ ਬਲਾਗ' ਵਿਚ ਸ਼ਾਮਲ ਹੋ ਗਏ। ਸਤੰਬਰ 6, ਨੂੰ ਜਦੋਂ ਬੋਸ ਮਧੁਰਾਏ ਗਏ ਤਾਂ ਥੇਵਰ ਨੇ ਵਿਸ਼ਾਲ ਰੈਲੀ ਦਾ ਪ੍ਰਬੰਧ ਕੀਤਾ।

ਸੁਭਾਸ਼ ਚੰਦਰ ਬੋਸ ਦਾ ਮੱਤ ਸੀ ਕਿ ਬ੍ਰਿਟਿਸ਼ ਦੂਜੀ ਸੰਸਾਰ ਜੰਗ ਵਿਚ ਉਲਝਿਆ ਹੋਇਆ ਹੈ। ਸਾਨੂੰ ਇਹ ਮੌਕੇ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਇਸਦਾ ਕੋਈ ਮਤਲਬ ਨਹੀ ਕਿ ਅਸੀਂ ਬ੍ਰਿਟਿਸ਼ ਦੀ ਇੰਤਜਾਰ ਕਰੀਏ ਕਿ ਕਦੋਂ ਉਹ ਲੜਾਈ ਤੋਂ ਵੇਹਲਾ ਹੋਕੇ ਸਾਡੀ ਅਜ਼ਾਦੀ ਮੰਨਜ਼ੂਰ ਕਰੇ। (ਇਹ ਉਸ ਵਕਤ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਦੇ ਵਡੇ ਧੜੇ ਦਾ ਵਿਚਾਰ ਸੀ।) ਇਸ ਮਾਮਲੇ ਵਿਚ ਉਹ ਇਟਾਲੀਅਨ ਦੇ ਰਾਜਨੀਤੀਵਾਨ ਗੁਸਾਪੇ ਗਰੀਬਾਲਦੀ ਤੇ ਗੁਸਾਪੇ ਮਾਜ਼ੀਨੀ ਦੇ ਬਿਆਨਾਂ ਤੋਂ ਪ੍ਰਭਾਵਿਤ ਸਨ।

ਉਨ੍ਹਾਂ ਦਾ ਉਸ ਵਕਤ ਦਾ ਪੱਤਰ ਵਿਹਾਰ ਇਹ ਦਸਦਾ ਹੈ ਕਿ ਭਾਵੇਂ ਉਹ ਬ੍ਰਿਟਿਸ਼ ਦੀ ਅਧੀਨਤਾ ਨੂੰ ਸਾਫ ਤੌਰ ਤੇ ਦਿਲੋਂ ਪਸੰਦ ਨਹੀ ਕਰਦੇ ਸਨ ਪਰ ਉਹ ਉਨ੍ਹਾਂ ਦੇ ਤਰੀਕੇ ਤੇ ਸਿਸਟਮ ਤਹਿਤ ਜ਼ਿੰਦਗੀ ਪ੍ਰਤੀ ਉਨ੍ਹਾਂ ਦੀ ਪਹੁੰਚ ਤੋਂ ਪ੍ਰਭਾਵਿਤ ਸਨ। ਇੰਗਲੈਂਡ ਵਿਚ ਉਨ੍ਹਾਂ ਨੇ ਕਈ  ਬ੍ਰਿਟਿਸ਼ ਲੀਡਰਾਂ ਨਾਲ ਇਸ ਬਾਰੇ ਵਿਚਾਰ ਵਟਾਂਦਰਾ

ਕੀਤਾ, ਲੇਬਰ ਪਾਰਟੀ ਦੇ ਲੀਡਰ ਤੇ ਹੋਰ ਰਾਜਨੀਤਕ ਵਿਚਾਰਵਾਨਾਂ ਨਾਲ ਉਨ੍ਹਾਂ ਦੀ ਇੱਸ ਮੁੱਦੇ ਤੇ ਗੱਲ ਹੁੰਦੀ ਰਹਿੰਦੀ ਸੀ। ਵਿਚਾਰ ਵਟਾਂਦਰੇ ਵਾਲੇ ਪ੍ਰਮੁਖ ਲੀਡਰ ਸਨ, ਲੌਰਡ ਹੈਲੀਫੈਕਸ, ਜਾਰਜ ਲੈਨਸਬਰੀ, ਕਲੀਮੈਂਟ ਅਤਲੀ, ਆਰਥਰ ਗਰੀਨਵੁਡ, ਹੈਰਲਡ ਲਾਸਕੀ, ਜੇ.ਬੀ. ਐਸ.ਹਾਲਦੀਨ, ਆਈਵਰ ਜੈਨਿੰਗ, ਜੀ.ਡੀ.ਐਚ. ਕੋਲ੍ਹ, ਗਿਲਬਰਟ ਮਰ੍ਹੇ ਤੇ ਸਟੈਫਰਡ ਕਰਿਪਸ। ਉਨ੍ਹਾਂ ਦਾ ਵਿਚਾਰ ਸੀ ਕਿ ਇੰਡੀਆ ਨੂੰ ਸੋਸ਼ਲਿਸਟਾਂ ਦੀ ਹਕੂਮਤ ਦੀ ਲੋੜ ਹੈ। ਜਿਸਤਰ੍ਹਾਂ ਦਾ ਮਾਡਲ ਟਰਕੀ ਦੇ ਕੇਮਾਲ ਐਟਾਟਰਕ ਨੇ ਪੇਸ਼ ਕੀਤਾ ਹੈ। ਘਟੋ ਘਟ ਇਹ ਮਾਡਲ ਦੋ ਦਹਾਕੇ ਤੱਕ ਚਲਣਾ ਚਾਹੀਦਾ ਹੈ। ਬ੍ਰਿਟਿਸ਼ ਹਕੂਮਤ ਨੇ ਬੋਸ ਨੂੰ ਐਟਾਟਰਕ ਨਾਲ ਮਿਲਣ ਦੀ ਇਜਾਜ਼ਤ ਦੇਣ ਤੋ ਨਾਂਹ ਕਰ ਦਿੱਤੀ। ਇਹ ਇਨਕਾਰ ਰਾਜਨੀਤੀ ਤੋਂ ਪ੍ਰੇਰਿਤ ਸੀ। ਇੰਗਲੈਂਡ ਵਿਚ ਆਪਣੇ ਅਸਥਾਈ ਡੇਰੇ ਦੌਰਾਨ ਸਿਰਫ ਲੇਬਰ ਪਾਰਟੀ ਤੇ ਲਿਬਰਲ ਲੀਡਰਾਂ ਨੇ ਬੋਸ ਦੇ ਵਕਤ ਮੰਗਣ ਤੇ ਸਹਿਮਤੀ ਦਿੱਤੀ ਤੇ ਫਿਰ ਮਸਲਿਆਂ ਤੇ ਗੱਲ ਵੀ ਕੀਤੀ। ਕੰਨਜ਼ਰਵੇਟਿਵ ਪਾਰਟੀ ਤੇ ਰੂੜੀਵਾਦੀ ਨੇਤਾਵਾਂ ਨੇ ਸਰਕਾਰੀ ਤੌਰ ਤੇ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਇਨਕਾਰ ਨੂੰ ਵਧੀਆ ਤਰੀਕੇ ਨਾਲ ਪਹੁੰਚਾਇਆ ਗਿਆ। ਉਹ ਜਾਣਦੇ ਸਨ ਕਿ ਸੁਭਾਸ਼ ਚੰਦਰ ਬੋਸ ਇੱਕ ਐਸਾ ਨੇਤਾ ਹੈ ਜੋ ਇੰਗਲੈਂਡ ਦੀ ਬਸਤੀ ਦੁਨੀਆ ਨਾਲ ਸਬੰਧਿਤ ਹੈ। 1930 ਵਿਚ ਕੰਨਜ਼ਰਵੇਟਿਵ ਪਾਰਟੀ ਨੇ ਭਾਰਤ ਲਈ ਡੁਮੀਨੀਅਨ (ਅਮਲਦਾਰੀ ਰਿਆਸਤ) ਸਟੇਟਸ ਦਾ ਵੀ ਵਿਰੋਧ ਕੀਤਾ।

1945 ਤੋਂ 1951 ਤਕ ਇੰਗਲੈਂਡ ਵਿਚ ਲੇਬਰ ਪਾਰਟੀ ਹਕੂਮਤ ਕਰ ਰਹੀ ਸੀ ਤੇ ਐਟਲੀ ਇਸਦਾ ਪ੍ਰਧਾਨ ਮੰਤਰੀ ਸੀ। ਇਹ ਉਹ ਸਮਾਂ ਸੀ ਜਦੋਂ ਭਾਰਤ ਨੂੰ ਅਜ਼ਾਦੀ ਮਿਲੀ। ਦੂਸਰੀ ਜੰਗ ਸ਼ੁਰੂ ਹੋ ਚੁੱਕੀ ਸੀ। ਬੋਸ ਨੇ ਵਡੇ ਪੱਧਰ ਤੇ ਸਿਵਲ ਨਾ-ਫੁਰਮਾਨੀ ਲਹਿਰ ਚਲਾਉਣ ਦੀ ਵਕਾਲਤ ਕੀਤੀ। ਵਾਇਸਰਾਏ ਲੌਰਡ ਲਿਨਲੀਗਰੋ ਨੇ ਇਸ ਜੰਗ ਵਿਚ ਇੰਡੀਆ ਦੀ ਸ਼ਮੂਲੀਅਤ ਦਾ ਵੀ ਐਲਾਨ ਕਰ ਦਿੱਤਾ ਤੇ ਇਹ ਐਲਾਨ ਕਾਂਗਰਸ ਨਾਲ ਸਲਾਹ ਕਰਨ ਤੋਂ ਬਗੈਰ ਹੀ ਕੀਤਾ ਗਿਆ ਸੀ। ਮਹਾਤਮਾ ਗਾਂਧੀ ਨੂੰ ਜੰਗ ਦੀ ਨਾ ਟਲਣ ਵਾਲੀ ਜ਼ਰੂਰਤ ਬਾਰੇ ਜਾਣਕਾਰੀ ਨਹੀ ਦਿੱਤੀ ਗਈ। ਬੋਸ ਨੇ ਇਸਦਾ ਜਬਰਦਸਤ ਵਿਰੋਧ ਕੀਤਾ। ਬਹੁਤਾ ਵਿਰੋਧ ਕਲਕਤਾ ਵਿਚ ਕੀਤਾ ਗਿਆ। ਬ੍ਰਿਟਿਸ਼ ਹਕੂਮਤ ਨੇ ਬੋਸ ਨੂੰ ਜੇਲ੍ਹ ਵਿਚ ਸੁਟ ਦਿੱਤਾ ਪਰ ਬਾਦ ਵਿਚ ਬੋਸ ਵਲੋਂ ਸਤ ਦਿਨ ਦੀ ਭੁਖ -ਹੜਤਾਲ ਰਖਣ ਨਾਲ ਰਿਹਾ ਕਰ ਦਿੱਤਾ। ਬੋਸ ਦਾ ਕਲਕਤੇ ਵਾਲਾ ਘਰ ਦੀ ਜਸੂਸੀ ਹੋਣ ਲੱਗੀ। ਹਕੂਮਤ ਦੀ ਇਸ ਜਸੂਸੀ ਪ੍ਰਕਿਰਿਆ ਨਾਲ ਬੋਸ ਦੇ ਜ਼ਹਿਨ ਵਿਚ ਹੋਰ ਵੀ ਚੰਗੀਆ ਗੱਲਾਂ ਸਮਾਉਂਣ ਲਗੀਆਂ । ਦੋ ਮੁਕਦਮੇ ਅਦਾਲਤ ਵਿਚ ਸਨ। ਸੁਭਾਸ਼ ਚੰਦਰ ਬੋਸ ਨੇ ਮਹਿਸੂਸ ਕੀਤਾ ਕਿ ਜਿਤਨਾ ਚਿਰ ਸੰਸਾਰ ਜੰਗ ਖਤਮ ਨਹੀ ਹੋ ਜਾਂਦੀ, ਉਸਨੂੰ ਇੱਕਲਿਆਂ ਨਹੀ ਛਡਿਆ ਜਾਵੇਗਾ।

## ਬ੍ਰਿਟਿਸ਼ ਹਕੂਮਤ ਦੀ ਚੁੰਗਲ ਵਿਚੋਂ ਨਿਕਲਣਾ;

ਇਸ ਸਾਰੇ ਵਰਤਾਰੇ ਨੇ ਸੁਭਾਸ਼ ਚੰਦਰ ਬੋਸ ਨੂੰ ਐਸੇ ਮਾਹੌਲ ਵਿਚੋਂ ਨਿਕਲਣ ਲਈ ਪ੍ਰੇਰਿਆ ਤੇ ਉਹ ਅਫਗਾਨਿਸਤਾਨ ਤੇ ਸੋਵੀਅਤ ਯੂਨੀਅਨ ਜ਼ਰੀਏ ਜਰਮਨ ਪਹੁੰਚ

ਗਏ। ਆਪਣੇ ਖਿਸਕਣ ਤੋਂ ਕੁਝ ਦਿਨ ਪਹਿਲਾਂ, ਬੋਸ ਜੀ ਨੇ ਆਪਣੇ ਆਪ ਨੂੰ ਇਕਾਂਤਵਾਸ ਕਰ ਲਿਆ। ਇਸੇ ਸਕੀਮ ਤਹਿਤ ਬ੍ਰਿਟਿਸ਼ ਗਾਰਡਾਂ ਨੂੰ ਮਿਲਣਾ ਬੰਦ ਕਰ ਦਿੱਤਾ। ਦਾੜ੍ਹੀ ਵਧਾ ਲਈ। ਖਿਸਕਣ ਵਾਲੇ ਦਿਨ ਪਠਾਣੀ ਕਪੜੇ ਪਾ ਲਏ ਤੇ ਜਨਵਰੀ 19, 1941 ਨੂੰ ਬ੍ਰਿਟਿਸ਼ ਗਾਰਡਾਂ ਨੂੰ ਝਕਾਨੀ ਦੇਕੇ ਆਪਣੇ ਭਤੀਜੇ ਨਾਲ ਨਿਕਲ ਗਏ। ਜਿਸ ਕਾਰ ਵਿਚ ਗਏ ਉਹ ਅੱਜਕਲ ਕਲਕਤੇ ਸੈਲਾਨੀਆਂ ਲਈ ਵੇਖਣ ਲਈ ਹੈ।

ਉਹ ਅਬਵਹਰ ਨਾਲ ਪੇਸ਼ਾਵਰ ਗਏ ਜਿੱਥੇ ਉਹ ਅਕਬਰ ਸ਼ਾਹ, ਮੁਹਮਦ ਸ਼ਾਹ ਤੇ ਭਗਤ ਰਾਮ ਤਲਵਾਰ ਨੂੰ ਮਿਲੇ। ਬੋਸ ਨੂੰ ਅਬਦ ਖਾਨ ਦੇ ਘਰ ਲਿਜਾਇਆ ਗਿਆ ਜਿਹੜਾ ਅਕਬਰ ਸ਼ਾਹ ਦਾ ਭਰੋਸੇ ਦਾ ਦੋਸਤ ਸੀ। ਜਨਵਰੀ 26, 1941 ਨੂੰ ਇੰਡੀਆ ਦੇ ਨੌਰਥ ਵੈਸਟ ਫਰੰਟੀਅਰ ਜਿਹੜਾ ਅਫਗਾਨਿਸਤਾਨ ਦੇ ਨਾਲ ਲਗਦਾ ਹੈ, ਰਾਹੀਂ ਰੂਸ ਪਹੁੰਚ ਗਏ। ਇਸ ਕਾਰਜ ਲਈ ਉਨ੍ਹਾਂ ਦੀ ਮਦਦ ਮੀਆਂ ਅਕਬਰ ਸ਼ਾਹ ਨੇ ਕੀਤੀ ਜਿਹੜਾ ਬਾਦ ਵਿਚ ਨੌਰਥ-ਵੈਸਟ ਫਰੰਟੀਅਰ ਪ੍ਰਾਂਤ ਦਾ ਫਾਰਵਰਡ ਬਲਾਗ ਦਾ ਲੀਡਰ ਬਣਿਆ। ਬੋਸ ਜੀ ਪਸ਼ਤੋ ਨਹੀ ਜਾਣਦੇ ਸਨ ਤੇ ਡਰ ਸੀ ਕਿ ਬ੍ਰਿਟਿਸ਼ ਸਰਕਾਰੀ ਕਰਮਚਾਰੀ ਕਿਤੇ ਪਹਿਚਾਣ ਨਾ ਲੈਣ ਇਸਲਈ ਉਹ ਗੂੰਗੇ ਤੇ ਬਹਿਰੇ ਬਣ ਗਏ। ਦਾੜ੍ਹੀ ਦਾ ਸਟਾਈਲ ਕਬੀਲਿਆਂ ਦੇ ਵਸਨੀਕਾਂ ਵਾਲਾ ਬਣਾ ਲਿਆ। ਬੋਸ ਦਾ ਗਾਈਡ ਭਗਤ ਰਾਮ ਤਲਵਾਰ, ਜਿਸਨੂੰ ਉਹ ਜਾਣਦੇ ਨਹੀ ਸਨ, ਅਸਲ ਵਿਚ ਰੂਸ ਦਾ ਏਜੰਟ ਸੀ।

ਆਗਾ ਖਾਨ ਤੀਸਰੇ ਦੇ ਮਦਦਗਾਰਾਂ ਨੇ ਅਫਗਾਨਿਸਤਾਨ ਦੀ ਸਰਹਦ ਪਾਰ ਕਰਨ ਵਿਚ ਇਨ੍ਹਾਂ ਦੀ ਮਦਦ ਕੀਤੀ। ਸਰਹਦ ਤੋਂ ਪਾਰ ਇਨ੍ਹਾਂ ਨੂੰ ਅਬਵਹਰ ਦਾ ਯੂਨਿਟ ਮਿਲਿਆ ਜਿਨ੍ਹਾਂ ਨੇ ਰੋਡ ਬਨਾਉਣ ਵਾਲੇ ਇੰਨਜਿਨੀਅਰਜ਼ ਦਾ ਡਰਾਮਾ ਕੀਤਾ ਹੋਇਆ ਸੀ। ਇਹ ਟੌਡਟ ਸੰਸਥਾ ਦੇ ਮੈਂਬਰ ਸਨ। ਇਨ੍ਹਾਂ ਨੇ ਕਾਬੁਲ ਜ਼ਰੀਏ ਰੂਸ ਦੀ ਸਰਹਦ ਪਾਰ ਕਰਨ ਵਿਚ ਮਦਦ ਕੀਤੀ। ਇਸਤੋਂ ਬਾਦ ਪਸ਼ਤੂਨ ਇੰਨਸ਼ੋਰੈਂਸ ਏਜੰਟ ਦਾ ਸੁਆਂਗ ਰਚਿਆ। ਬੋਸ ਨੇ ਆਪਣਾ ਹੁਲੀਆ ਬਦਲਿਆ ਤੇ ਇਟਾਲੀਆਨ ਪਾਸਪੋਰਟ ਜੋ ਕਾਉਂਟ ਆਰਲੈਂਡੋ ਮਾਜ਼ੋਤਾ ਦੇ ਨਾਮ ਦਾ ਸੀ। ਮਾਸਕੋ ਤੋਂ ਰੋਮ ਚਲੇ ਗਏ ਤੇ ਉਥੋਂ ਜਰਮਨੀ ਚਲੇ ਗਏ। ਰੂਸ ਕਿਉਂਕਿ ਇੰਗਲੈਂਡ ਦਾ ਰਵਾਇਤੀ ਵਿਰੋਧੀ ਸੀ ਤੇ ਸੁਭਾਸ਼ ਚੰਦਰ ਬੋਸ ਨੂੰ ਆਸ ਸੀ ਕਿ ਉਸਦੀ ਪਲੈਂਨ ਮੁਤਾਬਕ ਰੂਸ ਵਾਲੇ ਮਦਦ ਕਰਨਗੇ ਪਰ ਰੂਸ ਦਾ ਵਿਹਾਰ ਨਿਰਾਸ਼ ਕਰਨ ਵਾਲਾ ਸੀ। ਉਨ੍ਹਾਂ ਨੇ ਜਰਮਨ ਦੇ ਅੰਬੈਸਡਰ ਨੂੰ ਮਿਲਣਾ ਹੀ ਠੀਕ ਸਮਝਿਆ। ਜਰਮਨ ਅੰਮਬੈਸਡਰ ਕਾਉਂਟ ਵੌਨ ਦਰ ਸ਼ੁਲਨਬਰਗ ਨੇ ਸਪੈਸ਼ਲ ਕੋਰੀਅਰ ਜਹਾਜ਼ ਰਾਹੀ ਬੋਸ ਨੂੰ ਬਰਲਿਨ ਪਹੁੰਚਦਾ ਕੀਤਾ। ਇਹ ਅਪ੍ਰੈਲ ਦਾ ਸ਼ੁਰੂ ਸੀ ਤੇ ਬਰਲਿਨ ਉਸਨੂੰ ਵਧੀਆ ਹੁੰਗਾਰਾ ਮਿਲਿਆ। ਫੌਰਨ ਮਨਿਸਟਰੀ ਦੇ ਸਰਕਾਰੀ ਅਫਸਰ ਤੇ ਜੋਚਿਮ ਵੌਂਨ ਰਿਬਨਟਰੌਪ ਨੇ ਬਹੁਤ ਹੀ ਧਿਆਨ ਨਾਲ ਗੱਲ ਸੁਣੀ।

ਜਰਮਨੀ ਵਿਖੇ, ਬੋਸ ਨੇ ਸਪੈਸ਼ਲ ਬਿਉਰੋ ਫਾਰ ਇੰਡੀਆ, ਐਡਮ ਵੋਨ ਟਰੌਟ ਜ਼ੂ ਸੁਲਜ਼ ਦੀ ਨਿਗਰਾਨੀ ਹੇਠ ਸਥਾਪਿਤ ਕਰ ਲਿਆ। ਜਰਮਨ ਸਰਪ੍ਰਸਤੀ ਹੇਠ ਅਜ਼ਾਦ ਹਿੰਦ ਰੇਡੀਓ ਦਾ ਪਰਸਾਰਨ ਸ਼ੁਰੂ ਕਰ ਲਿਆ। ਫਰੀ ਇੰਡੀਆ ਸੈਂਟਰ ਬਰਲਿਨ ਵਿਖੇ ਬਣਾ ਲਿਆ ਗਿਆ, ਤੇ ਇੰਡੀਅਨ ਲਸ਼ਕਰ ਬਣਾ ਲਿਆ ਜਿਸ ਵਿਚ 450 ਜਵਾਨ ਸਨ।

ਇਹ ਉਹ ਸਨ ਜੋ ਭਾਰਤੀ ਜੰਗੀ ਕੈਦੀ ਸਨ ਜਿਹੜੇ ਬ੍ਰਿਟਿਸ਼ ਵਲੋਂ ਲੜਦੇ, ਐਕਸਿਸ ਤਾਕਤਾਂ ਵਲੋਂ ਫੜੇ ਗਏ ਸਨ। ਭਾਰਤੀ ਲਸ਼ਕਰ ਨੂੰ ਪਹਿਲਾਂ ਵਰਮੈਚਟ ਨਾਲ ਨੱਥੀ ਕੀਤਾ ਗਿਆ ਤੇ ਬਾਦ ਵਿਚ ਵੈਫਨ ਐਸ.ਐਸ ਨਾਲ ਤਬਦੀਲ ਕਰ ਦਿੱਤਾ ਗਿਆ। ਇਹਦੇ ਮੈਂਬਰਾਂ ਨੇ ਹਿਟਲਰ ਤੇ ਸੁਭਾਸ਼ ਚੰਦਰ ਬੋਸ ਅੱਗੇ ਆਪਣੀ ਸੁਹਿਰਦਤਾ ਤੇ ਨਮਕ ਹਲਾਲੀ ਦੀ ਕਸਮ ਖਾਧੀ। ਇਹ ਸੌਂਹ ਇਸਤਰ੍ਹਾਂ ਸੀ, 'ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣਕੇ ਇਹ ਕਸਮ ਖਾਂਦਾ ਹਾਂ ਕਿ ਮੈਂ ਜਰਮਨ ਜਮਾਤ ਤੇ ਇਸਦੀ ਪ੍ਰਭੁਸਤਾ, ਅਡੋਲਫ਼ ਹਿਟਲਰ ਜੋ ਜਰਮਨ ਫੌਜ ਦਾ ਕਮਾਂਡਰ ਹੈ, ਤੇ ਇੰਡੀਆ ਵਾਸਤੇ ਲੜ ਰਹੇ ਸੁਭਾਸ਼ ਚੰਦਰ ਬੋਸ ਦਾ ਹਰ ਹੁਕਮ ਮੰਨਾਂਗਾ। " ਇਸ ਸੌਂਹ ਨਾਲ ਇਹ ਗੱਲ ਵੀ ਸਾਫ ਹੋ ਜਾਂਦੀ ਹੈ ਕਿ ਜਰਮਨ ਫੌਜਾਂ ਨਾਲੋਂ ਇੰਡੀਆ ਦਾ ਸੁਭਾਸ਼ ਚੰਦਰ ਬੋਸ ਦਾ ਲਸ਼ਕਰ ਆਪਣੀ ਹਸਤੀ ਬਰਕਰਾਰ ਰਖਦੇ ਹੋਏ ਇੰਡੀਆ ਵਾਸਤੇ ਅਜ਼ਾਦੀ ਦੀ ਲੜਾਈ ਲੜਨ ਲਈ ਤਿਆਰ ਬਰ ਤਿਆਰ ਹੈ। ਇਸ ਤੋਂ ਇਹ ਵੀ ਸਾਫ ਹੁੰਦਾ ਹੈ ਕਿ ਅਜ਼ਾਦ ਹਿੰਦ ਫੌਜ਼ ਇੰਡੀਆ ਦੀ ਬ੍ਰਿਟਿਸ਼ ਫੌਜ਼ ਨਾਲ ਸਾਹਮਣਾ ਕਰਨ ਲਈ ਤਿਆਰ ਹੈ ਤੇ ਇਹ ਰਸ਼ੀਆ ਰਸਤੇ ਨਾਜ਼ੀ ਟਰੁਪਾਂ ਦੀ ਮਦਦ ਨਾਲ ਹੋਣਾ ਹੈ। ਅਜ਼ਾਦ ਹਿੰਦ ਫੌਜ਼ ਦਾ ਇਸਤਰਾਂ ਤਰੀਕੇ ਨਾਲ ਅਗਵਾਈ ਦੇਣ ਨਾਲ ਕਈ ਸੁਆਲ ਖੜੇ ਹੋ ਜਾਂਦੇ ਹਨ। ਬੋਸ ਦਾ ਫੈਸਲਾ, ਇਸਤਰ੍ਹਾਂ ਵੀ ਲਿਆ ਜਾਂਦਾ ਹੈ ਕਿ ਜੇ ਇਹ ਮਿਸ਼ਨ ਕਾਮਯਾਬ ਹੋ ਜਾਂਦਾ ਹੈ ਤਾਂ ਕੀ ਗਰੰਟੀ ਹੈ ਕਿ ਨਾਜ਼ੀ ਫੌਜ਼ਾਂ ਬਾਦ ਵਿਚ ਭਾਰਤ ਵਿਚੋਂ ਅਸਾਨੀ ਨਾਲ ਰੁਖਸਤ ਹੋ ਜਾਂਣਗੀਆਂ। ਇਹ ਵੀ ਹੋ ਸਕਦਾ ਹੈ ਕਿ ਇਸਤਰ੍ਹਾਂ ਦੀ ਜਿੱਤ ਐਕਸਿਜ਼ ਫੌਜਾਂ ਦੀ ਜਿੱਤ ਹੋਵੇਗੀ ਜੋ ਪੂਰੇ ਸੰਸਾਰ ਲਈ ਘਾਤਕ ਹੋ ਸਕਦੀ ਹੈ।

ਤਿੰਨ ਹਜ਼ਾਰ ਜੰਗੀ ਕੈਦੀਆਂ ਨੇ ਅਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਲਈ ਦਸਖ਼ਤ ਕਰ ਦਿੱਤੇ। ਸੁਭਾਸ਼ ਚੰਦਰ ਬੋਸ ਚਿੰਤਾ ਵਿਚ ਸੀ। ਖੱਬੇ ਧੜੇ ਨਾਲ ਸਬੰਧਿਤ ਹੋਣ ਕਰਕੇ ਸੁਭਾਸ਼ ਚੰਦਰ ਬੋਸ ਸਦਮੇ ਨਾਲ ਝੰਬਿਆ ਗਿਆ ਜਦੋਂ ਹਿਟਲਰ ਦੇ ਟੈਂਕ ਸਭ ਕੁਝ ਰੌਂਦਦੇ ਹੋਏ ਸੋਵੀਅਤ ਬਾਰਡਰ ਟਪਣ ਲੱਗੇ। ਮਾਮਲਾ ਹੋਰ ਵੀ ਸੰਗੀਨ ਹੋ ਗਿਆ ਜਦੋਂ ਜਰਮਨ ਫੌਜ਼ ਇਸ ਸਥਿਤੀ ਵਿਚ ਹੀ ਨਹੀ ਰਹੀ ਕਿ ਉਹ ਉਸਦੀ ਮਦਦ ਇੰਡੀਆ ਨੂੰ ਬ੍ਰਿਟਿਸ਼ ਰਾਜ ਤੋਂ ਮੁਕਤ ਕਰਨ ਲਈ ਕਰਦੇ। ਮਈ 1942 ਨੂੰ ਬੋਸ ਹਿਟਲਰ ਨੂੰ ਮਿਲਿਆ ਤੇ ਉਸਦਾ ਸ਼ਕ ਯਕੀਨ ਵਿਚ ਬਦਲ ਗਿਆ ਤੇ ਉਸਨੂੰ ਵਿਸ਼ਵਾਸ਼ ਹੋ ਗਿਆ ਕਿ ਨਾਜ਼ੀ ਲੀਡਰ ਦੀ ਨੀਤੀ ਉਸਨੂੰ ਤੇ ਉਸਦੀ ਅਜ਼ਾਦ ਹਿੰਦ ਫੌਜ਼ ਨੂੰ ਆਪਣੇ ਹਿੱਤਾਂ ਦੇ ਹੱਕ ਵਿਚ ਵਰਤਣ ਲਈ ਹੈ। ਇਹ ਸਾਰਾ ਪ੍ਰਾਪੇਗੰਡਾ ਦਾ ਹਿਸਾ ਵੀ ਸੀ ਤੇ ਮੈਨ ਪਾਵਰ ਨੂੰ ਇਸਤਮਾਲ ਕਰਨ ਦੀ ਚਾਲ ਵੀ। ਇਸਲਈ ਫਰਵਰੀ, 1943 ਨੂੰ ਸੁਭਾਸ਼ ਚੰਦਰ ਬੋਸ ਨੇ ਆਪਣੀ ਅਜ਼ਾਦ ਹਿੰਦ ਫੌਜ਼ ਵੱਲ ਆਪਣੀ ਪਿੱਠ ਕਰ ਲਈ ਤੇ ਚੁਪ ਚਾਪ ਖਾਮੋਸ਼ੀ ਨਾਲ ਪਣਡੁਬੀ ਰਾਹੀਂ ਜਪਾਨ ਚਲੇ ਗਿਆ। ਉਹ ਲੋਕ ਜਿਨ੍ਹਾਂ ਨੇ ਬੋਸ ਦੇ ਕਹਿੰਣ ਤੇ ਅਜ਼ਾਦ ਹਿੰਦ ਫੌਜ਼ ਵਿਚ ਸ਼ਮੂਲੀਅਤ ਕੀਤੀ ਸੀ, ਉਹ ਆਪਣੇ ਆਪ ਨੂੰ ਲੀਡਰ ਰਹਿਤ ਸਮਝਣ ਲੱਗ ਪਏ ਤੇ ਜਰਮਨ ਵਿਚ ਉਹ ਸ਼ਰਮਿੰਦੇ ਹੋ ਰਹੇ ਸਨ।

ਬੋਸ ਨੇ ਬਰਲਿਨ ਵਿਚ ਲਗਭਗ ਤਿੰਨ ਸਾਲ ਗੁਜ਼ਾਰੇ ਸਨ। ਆਪਣੀ ਪਹਿਲੀ ਯਾਤਰਾ 1934 ਦੌਰਾਨ, ਉਹ ਈਮੀਲੀ ਸ਼ੈਕਲ ਨੂੰ ਮਿਲਿਆ ਸੀ ਤੇ ਜੋ ਆਸ਼ਟਰੀਅਨ, ਪਸ਼ੂਆਂ ਦੇ ਡਾਕਟਰ ਦੀ ਧੀ ਸੀ ਨਾਲ 1937 ਵਿਚ ਵਿਆਹ ਕਰਵਾ ਲਿਆ ਸੀ ਤੇ ਉਨ੍ਹਾਂ ਦੀ ਇੱਕ ਬੇਟੀ ਸੀ। ਅਨੀਤਾ ਬੋਸ ਦਾ ਜਨਮ 1942 ਨੂੰ ਹੋਇਆ।

ਜਰਮਨ ਦਾ ਭਰਮ ਭੰਗ ਹੋ ਗਿਆ ਤੇ ਉਸਨੇ ਇੱਕ ਖਾਸ ਮੁਕਾਮ ਤੱਕ ਜਰਮਨ ਪਣਡੁਬੀ ਰਾਹੀਂ ਯਾਤਰਾ ਕੀਤੀ ਤੇ ਫਿਰ ਜਪਾਨ ਦੀ ਸਬਮੈਰੀਨ ਜੇ-29 ਰਾਹੀਂ ਸਾਰੀ ਰਹਿੰਦੀ ਯਾਤਰਾ ਕੀਤੀ ਤੇ ਜਪਾਨ ਦੇ ਸ਼ਾਹੀ ਘਰਾਣੇ ਤਕ ਪਹੁੰਚ ਕੀਤੀ। ਦੂਸਰੀ ਸੰਸਾਰ ਜੰਗ ਵਿਚ ਇਹ ਇਕੋ ਇੱਕ ਸਿਵਲੀਅਨ ਤਬਦੀਲੀ ਯਾਤਰਾ ਸੀ ਜੋ ਦੋ ਦੇਸ਼ਾਂ ਦੀਆਂ ਸਬਮੈਰੀਨ ਦੁਆਰਾ ਕੀਤੀ ਗਈ।

## ਅਜ਼ਾਦ ਹਿੰਦ ਫੌਜ਼ ਦੀ ਲੀਡਰਸ਼ਿਪ ਤੇ ਬਾਦ ਦੀਆਂ ਘਟਨਾਵਾਂ;

ਇੰਡੀਅਨ ਨੈਸ਼ਨਲ ਆਰਮੀ ਦੀ ਸਥਾਪਨਾ ਸਤੰਬਰ 1, 1942 ਨੂੰ ਕੈਪਟਨ ਮੋਹਨ ਸਿੰਘ ਵਲੋਂ ਸਿੰਘਾਪੁਰ ਵਿਖੇ ਕੀਤੀ ਗਈ ਸੀ। ਇਸ ਵਿਚ ਜਪਾਨ ਦੇ ਲੜਾਈ ਦੌਰਾਨ ਜੰਗੀ ਕੈਦੀ ਸ਼ਾਮਲ ਕੀਤੇ ਗਏ ਸਨ। ਇਸਦਾ ਸਬੰਧ ਇੱਕ ਸੋਚ ਨਾਲ ਸੀ ਤੇ ਇੰਡੀਅਨ ਇੰਡੀਪੈਨਡੈਂਸ ਲੀਗ ਸੰਸਥਾ ਇਸਦੀ ਮਦਦ ਕਰ ਰਹੀ ਸੀ। ਇਸ ਸੰਸਥਾ ਦੀ ਅਗਵਾਈ ਦੇਸ਼ ਤਿਆਗਣ ਵਾਲਾ ਰਾਸ਼ਟਰੀ ਨੇਤਾ ਰਾਸ ਬਿਹਾਰੀ ਬੋਸ ਕਰਦਾ ਸੀ। ਦਸੰਬਰ ਵਿਚ ਪਹਿਲੀ ਇੰਡੀਅਨ ਨੈਸ਼ਨਲ ਆਰਮੀ ਨੂੰ ਭੰਗ ਕਰ ਦਿੱਤਾ ਗਿਆ ਸੀ। ਇਸਨੂੰ ਭੰਗ ਕਰਨ ਦਾ ਕਾਰਣ ਹੀਕਾਰੀ ਕੀਕਨ ਤੇ ਮੋਹਨ ਸਿੰਘ ਦੇ ਆਪਸੀ ਮਤਭੇਦ ਸਨ। ਮੋਹਨ ਸਿੰਘ ਦਾ ਵਿਸ਼ਵਾਸ਼ ਬਣ ਗਿਆ ਸੀ ਕਿ ਜਪਾਨੀ ਹਾਈ ਕਮਾਂਡ ਅਜ਼ਾਦ ਹਿੰਦ ਫੌਜ਼ ਦਾ ਇਸਤਮਾਲ ਇੱਕ ਸ਼ਤਰੰਜ ਦੇ ਮੋਹਰੇ ਵਜੋਂ ਕਰ ਰਿਹਾ ਹੈ ਤੇ ਸਿਰਫ ਇਸਦਾ ਮਕਸਦ ਬ੍ਰਿਟਿਸ਼ ਖਿਲਾਫ਼ ਕੂੜ ਪ੍ਰਚਾਰ ਕਰਨਾ ਹੀ ਹੈ। ਮੋਹਨ ਸਿੰਘ ਨੂੰ ਗਰਿਫ਼ਤਾਰ ਕਰ ਲਿਆ ਗਿਆ ਤੇ ਟਰੁਪਾਂ ਨੂੰ ਫਿਰ ਪਰਿਜ਼ਨਰਜ਼ ਔਫ ਵਾਰ ਦੇ ਕੈਂਪਾਂ ਵਿਚ ਭੇਜ਼ ਦਿੱਤਾ ਗਿਆ।

ਇਸਤਰ੍ਹਾਂ ਸੁਭਾਸ਼ ਚੰਦਰ ਬੋਸ ਦੇ, ਚਿਤਰ ਪਟ ਤੇ ਆਉਂਣ ਨਾਲ, ਅਜ਼ਾਦੀ ਦੀ ਲੜਾਈ ਲੜਨ ਲਈ ਇਸ ਤਰ੍ਹਾਂ ਦੀ ਫੌਜ਼ ਦਾ ਗਠਨ ਫਿਰ ਇੱਕ ਸੋਚ ਵਿਚਾਰ ਦਾ ਮੁੱਦਾ ਬਣ ਗਿਆ। ਜੁਲਾਈ 1943 ਨੂੰ ਸਿੰਗਾਪੁਰ ਇੱਕ ਮੀਟਿੰਗ ਦੌਰਾਨ ਰਾਸ ਬਿਹਾਰੀ ਬੋਸ ਨੇ ਇਸ ਸੰਸਥਾ ਨੂੰ ਸੁਰਜੀਤ ਕਰਨ ਖਾਤਰ ਇਸਦੀ ਵਾਗਡੋਰ ਸੁਭਾਸ਼ ਚੰਦਰ ਬੋਸ ਦੇ ਹੱਥ ਦੇ ਦਿੱਤੀ। ਸੁਭਾਸ਼ ਚੰਦਰ ਬੋਸ ਇਸ ਆਰਮੀ ਨੂੰ ਸੰਗਠਨ ਕਰਨ ਦੇ ਯੋਗ ਸੀ ਤੇ ਉਸਨੇ ਬਹੁਤ ਹੀ ਚੰਗੀ ਤਰ੍ਹਾਂ ਇਸਨੂੰ ਮੁੜ ਲੀਹਾਂ ਤੇ ਲਿਆਉਂਣ ਲਈ ਤਨਦੇਹੀ ਨਾਲ ਕੰਮ ਕੀਤਾ। ਸਾਊਥ ਈਸਟ ਇੰਡੀਆ ਦੇ ਦੇਸ਼ ਤਿਆਗਕੇ ਬਾਹਰਲੇ ਮੁਲਕਾਂ ਵਿਚ ਦੇਸ਼ ਲਈ ਕੰਮ ਕਰਨ ਵਾਲੇ ਸੂਰਵੀਰਾਂ ਨੇ ਬੋਸ ਦੀ ਭਰਪੂਰ ਮਦਦ ਕੀਤੀ। ਇਹ ਮਦਦ ਦੋਹਰੇ ਰੂਪ ਵਿਚ ਸੀ। ਜਵਾਨ ਭਰਤੀ ਲਈ ਦਿੱਤੇ ਗਏ ਤੇ ਆਰਥਿਕ ਮਦਦ ਦਿਲ ਖੋਲ੍ਹ ਕੇ ਕੀਤੀ ਗਈ। ਸੁਭਾਸ਼ ਚੰਦਰ ਬੋਸ ਨੇ ਦੇਸ਼ ਦੇ ਹਿੱਤ ਲਈ ਦਿਲਾਂ ਨੂੰ ਛੋਹਣ ਵਾਲਾ ਹੋਕਾ ਦਿੱਤਾ।

ਲਗਭਗ 85000 ਦੀ ਗਿਣਤੀ ਵਿਚ ਉਸਰੀ ਅਜ਼ਾਦ ਹਿੰਦ ਫੌਜ਼ ਨੇ ਨਗਾਰੇ ਤੇ ਚੋਟ ਲਾਉਣ ਵਾਲੀ ਗੂੰਜ਼ ਪੈਦਾ ਕਰ ਦਿੱਤੀ। ਔਰਤਾਂ ਦੀ ਇੱਕ ਰੈਜ਼ਮੈਂਟ ਹੋਂਦ ਵਿਚ ਆਈ ਜਿਸਦਾ ਨਾਮ ਰਾਣੀ ਝਾਂਸੀ ਰੈਜ਼ਮੈਂਟ ਰਖਿਆ ਗਿਆ, ਜਿਸਦੀ ਅਗਵਾਈ ਕੈਪਟਨ ਲਕਸ਼ਮੀ ਸਵਾਮੀਨਾਥਨ ਨੂੰ ਸੌਂਪੀ ਗਈ। ਏਸ਼ੀਆ ਵਿਚ ਇਹ ਆਪਣੇ ਆਪ ਵਿਚ ਪਹਿਲੀ ਤੇ ਵਿਲਖਣ ਰੈਜ਼ਮੈਂਟ ਸੀ। ਜਦੋਂ ਮਿਲਟਰੀ ਨੂੰ ਬੈਰਕਾਂ ਵਿਚ ਵਾਪਸ ਵੀ ਭੇਜ ਦਿੱਤਾ ਗਿਆ ਤਾਂ ਵੀ ਸੁਭਾਸ਼ ਚੰਦਰ ਬੋਸ ਇਸ ਯੋਗ ਸੀ ਕਿ ਅਜ਼ਾਦ ਹਿੰਦ ਫੌਜ ਦੀ ਹੋਂਦ ਨੂੰ ਬਰਕਰਾਰ ਰਖ ਸਕੇ।

ਜੁਲਾਈ 4, 1944 ਨੂੰ ਬਰਮਾ ਵਿਖੇ ਅਜ਼ਾਦ ਹਿੰਦ ਫੌਜ਼ ਦੀ ਰੈਲੀ ਵਿਚ ਬੋਸ ਨੇ ਆਪਣੀ ਪ੍ਰਸਿਧ ਅਖਾਣ ਕਹੀ ਜੋ ਬਾਦ ਵਿਚ ਇੱਕ ਮੁਹਾਵਰਾ ਹੀ ਬਣ ਗਈ, “ ਆਪ ਮੁਝੇ ਖੂਨ ਦੇਂ, ਮੈਂ ਆਪ ਕੋ ਅਜ਼ਾਦੀ ਦੂੰਗਾ। ” ਇਸਤਰ੍ਹਾਂ ਉਸਨੇ ਭਾਰਤੀਆਂ ਨੂੰ ਸੱਦਾ ਦਿੱਤਾ ਕਿ ਭਾਰਤ ਨੂੰ ਬ੍ਰਿਟਿਸ਼ ਤੋਂ ਅਜ਼ਾਦ ਕਰਵਾਉਂਣ ਲਈ ਉਸਦਾ ਸਾਥ ਦੇਣ। ਹਿੰਦੀ ਵਿਚ ਬੋਲੇ ਸੁਭਾਸ਼ ਦੇ ਬੋਲ ਸਾਰੇ ਭਾਰਤ ਵਿਚ ਖੁਸ਼ਬੋ ਵਾਂਗ ਫੈਲ ਗਏ। ਲੋਕਾਂ ਦੇ ਦਿਲਾਂ ਵਿਚ ਨਵੇਂ ਸਿਰਿਉਂ ਆਸ ਦੀ ਕਿਰਨ ਫੁਟ ਪਈ। ਅਜ਼ਾਦ ਹਿੰਦ ਫੌਜ਼ ਦੀ ਕਮਾਂਡ ਇੱਕ ਆਰਜੀ ਸਰਕਾਰ, ਜਿਸਨੂੰ ਅਜ਼ਾਦ ਹਿੰਦ ਸਰਕਾਰ ਕਿਹਾ ਜਾਣ ਲੱਗ ਪਿਆ ਸੀ, ਦੇ ਹੱਥਾਂ ਵਿਚ ਦੇ ਦਿੱਤੀ ਗਈ। ਅਜ਼ਾਦ ਹਿੰਦ ਸਰਕਾਰ ਨੇ ਜਿਸਨੇ ਆਪਣੀ ਕਰੰਸੀ, ਪੋਸਟੇਜ਼ ਸਟੈਂਪਸ, ਅਦਾਲਤ ਤੇ ਸਿਵਲ ਕੋਡ ਸਥਾਪਿਤ ਕਰ ਲਿਆ ਤੇ ਇਸਨੂੰ ਨੌਂ ਐਕਸਿਜ਼ ਦੇਸ਼ਾਂ ਵਲੋਂ ਮਾਨਤਾ ਦੇ ਦਿੱਤੀ ਗਈ; ਇਹ ਮੁਲਕ ਸਨ—ਜਰਮਨੀ, ਜਪਾਨ, ਇਟਲੀ, ਇੰਡੀਪੈਂਨਡੈਂਟ ਸਟੇਟ ਔਫ ਕਰੋਸ਼ੀਆ, ਵੈਂਗ ਜਿੰਗਵੀਅ ਰਿਜ਼ਾਇਮ ਇੰਨ ਨਾਨਜਿੰਗ, ਚੀਨ, ਬਰਮਾ ਦੀ ਆਰਜੀ ਸਰਕਾਰ, ਮੈਨਚੂਕੋ ਤੇ ਜਪਾਨ ਦੇ ਕੰਟਰੌਲ ਹੇਠਲਾ ਫਿਲਪਾਈਨ। ਨਵੀਆਂ ਖੋਜਾਂ ਮੁਤਾਬਕ ਰਸ਼ੀਆ ਨੇ ਵੀ ਇਸ ਆਰਜੀ ਸਰਕਾਰ ਨੂੰ ਮਾਨਤਾ ਦੇ ਦਿੱਤੀ ਸੀ। ਇਨ੍ਹਾਂ ਵਿਚੋਂ ਪੰਜ ਐਕਸਿਜ਼ ਦੇਸ਼ਾਂ ਦੇ ਕੰਟਰੌਲ ਵਿਚ ਸਨ। ਇਸ ਆਰਜੀ ਸਰਕਾਰ ਨੇ ਨਵੰਬਰ 1943 ਨੂੰ ਹੋਈ ਕਥਿਤ ਗਰੇਟਰ ਈਸਟ ਏਸ਼ੀਆ ਕਾਨਫਰੰਸ ਵਿਚ ਸ਼ਿਰਕਤ ਕੀਤੀ।

ਮਨੀ ਪੁਰ ਦਾ ਈਸਟਰਨ ਫਰੰਟੀਅਰ ਅਜ਼ਾਦ ਹਿੰਦ ਫੌਜ਼ ਦਾ ਪਹਿਲਾ ਪੜ੍ਹਾ ਸੀ। ਬਹਾਦਰ ਗਰੁਪ ਪੂਰੀ ਤਰ੍ਹਾਂ ਸ਼ਾਮਲ ਸੀ ਜਦੋਂ ਅਰਾਕਾਨ, ਇੰਫਾਲ ਤੇ ਕੋਹੀਮਾ ਤੇ ਹਮਲੇ ਕੀਤੇ ਗਏ। ਮਾਅ ਤੇ ਔਂਗ ਸੇਨ ਦੀ ਅਗਵਾਈ ਹੇਠ ਬਰਮੀਜ਼ ਨੈਸ਼ਨਲ ਆਰਮੀ ਵੀ ਸ਼ਾਮਲ ਸੀ। 1942, ਜਪਾਨੀਆਂ ਨੇ ਅੰਡੇਮਾਨ ਤੇ ਨਿਕੋਬਾਰ ਤੇ ਵੀ ਕਬਜਾ ਕਰ ਲਿਆ। ਇੱਕ ਸਾਲ ਬਾਦ ਆਰਜੀ ਸਰਕਾਰ ਤੇ ਅਜ਼ਾਦ ਹਿੰਦ ਫੌਜ਼ ਨੇ ਅੰਡੇਮਾਨ ਤੇ ਨਿਕੋਬਾਰ ਆਈਲੈਂਡ ਵਿਚ ਸਥਾਈ ਰੂਪ ਵਿਚ ਸਥਾਪਿਤ ਹੋ ਗਈ। ਲੈਫਟੀਨੈਂਟ ਕਰਨਲ ਏ.ਡੀ. ਲੋਗਾਨਾਥਨ ਨੂੰ ਇਸਦਾ ਗਵਰਨਰ ਜਨਰਲ ਬਣਾ ਦਿੱਤਾ ਗਿਆ। ਆਈਲੈਂਡ ਦਾ ਨਾਮ ਬਦਲ ਦਿੱਤਾ ਗਿਆ;ਸ਼ਹੀਦ ਤੇ ਸਵਰਾਜ਼। ਇਸਦੇ ਬਾਵਜੂਦ ਜਪਾਨੀ ਨੇਵੀ ਦਾ ਪ੍ਰਸ਼ਾਸਨ ਤੇ ਪੂਰਾ ਕੰਟਰੌਲ ਸੀ। ਸੁਭਾਸ਼ ਨੇ ਸਿਰਫ ਇੱਕ ਵਾਰ 1944 ਨੂੰ ਹੀ ਉਥੋਂ ਦੀ ਯਾਤਰਾ ਕੀਤੀ। ਜਦੋਂ ਉਨ੍ਹਾਂ ਨੇ ਧਿਆਨ ਨਾਲ ਸਥਿਤੀ ਦਾ ਜਾਇਜ਼ਾ ਲਿਆ ਤਾਂ ਤੱਤ ਕੁਝ ਹੋਰ ਹੀ ਸਨ। ਸਥਾਨਿਕ ਲੋਕਾਂ ਤੋਂ ਪੜਤਾਲ ਕਰਨ ਤੇ ਪਤਾ ਲਗਾ ਕਿ ਜਪਾਨੀ ਤਾਂ

ਇੰਡੀਅਨ ਇੰਡੀਪੈਂਨਡੈਂਸ ਲੀਗ ਦੇ ਲੀਡਰਾਂ ਨੂੰ ਤਸੀਹੇ ਦੇ ਰਹੇ ਸਨ। ਡਾ.ਦੀਵਾਨ ਸਿੰਘ ਕਾਲ ਕੋਠੜੀ ਦੌਰਾਨ ਦਿੱਤੇ ਤਸੀਹਿਆਂ ਨਾਲ ਦਮ ਤੋੜ ਗਏ। ਟਾਪੂ ਵਾਸੀਆਂ ਨੇ ਬੋਸ ਨੂੰ ਆਪਣੀ ਪ੍ਰਤਿਗਿਆ ਬਾਰੇ ਚੇਤੰਨ ਕਰਨ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਉਹ ਕਾਮਯਾਬ ਨਹੀ ਹੋ ਸਕੇ। ਵਿਵਸਥਾ ਤੇ ਕੋਈ ਕੰਟਰੌਲ ਨਾ ਹੋਣ ਕਰਕੇ ਲੈਫਟੀਨੈਂਟ ਕਰਨਲ ਲੋਗਾਨਾਥਨ ਨੇ ਆਪਣੀ ਪਕੜ ਛੱਡ ਦਿੱਤੀ ਤੇ ਆਰਜੀ ਸਰਕਾਰ ਦੇ ਹੈਡ ਕੁਆਟਰ ਰੰਗੂਨ ਚਲੇ ਗਏ।

ਭਾਰਤ ਦੀ ਮੁੱਖ ਧਾਰਾ ਨੂੰ ਧਿਆਨ ਵਿਚ ਰਖਦਿਆਂ ਤਿਰੰਗਾ ਝੰਡਾ, ਜਿਹੜਾ ਕਾਂਗਰਸ ਦੇ ਝੰਡੇ ਵਰਗਾ ਬਣਾਇਆ ਗਿਆ ਨੂੰ ਪਹਿਲੀ ਵਾਰ ਮਨੀਪੁਰ ਦੇ ਸ਼ਹਿਰ ਮੋਏਰਾਂਗ ਵਿਖੇ ਝੁਲਾਇਆ ਗਿਆ। ਕੋਹੀਮਾ ਤੇ ਇੰਫਾਲ ਨੂੰ ਜਪਾਨੀ ਡਵੀਜ਼ਨਾਂ ਨੇ ਘੇਰੇ ਵਿਚ ਲੈ ਲਿਆ। ਬਰਮੀਜ਼, ਨਹਿਰੂ ਤੇ ਗਾਂਧੀ ਬਰਗੇਡ ਜੋ ਅਜ਼ਾਦ ਹਿੰਦ ਫੌਜ਼ ਨਾਲ ਸਬੰਧਿਤ ਸਨ ਨੇ ਸਯੁੰਕਤ ਰੂਪ ਵਿਚ  ਭਾਰਤ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸਨੂੰ ਉਪਰੇਸ਼ਨ 'ਯੂ ਗੋ' ਵੀ ਕਿਹਾ ਜਾਂਦਾ ਹੈ। ਕਾਮਨ ਵੈਲਥ ਫੋਰਸਾਂ ਨੇ ਇਸਦਾ ਮੁਕਾਬਲਾ ਕੀਤਾ। ਪੁਜੀਸ਼ਨਾਂ ਲੈਕੇ ਤੇ ਪਲਟ ਵਾਰ ਕਰਕੇ ਮੁਕਾਬਲਾ ਕੀਤਾ। ਜਪਾਨੀਆਂ ਦਾ ਪਾਇਆ ਘੇਰਾ ਬੁਰੀ ਤਰ੍ਹਾਂ ਨਸ਼ਟ ਹੋ ਗਿਆ ਤੇ ਇਨ੍ਹਾਂ ਨੂੰ ਬਰਮਾ ਵਲ ਵਾਪਸ ਮੁੜਨਾ ਪਿਆ।

ਜਦੋਂ ਜਪਾਨੀਆ ਵਲੋਂ ਆਰਮੀ ਲਈ  ਦਿੱਤੇ ਫੰਡ ਖਤਮ ਹੋ ਗਏ ਤਾਂ ਬੋਸ ਨੂੰ ਮਜ਼ਬੂਰਨ ਮਲੇਸ਼ੀਆ ਤੇ ਸਿੰਗਾਪੁਰ ਦੀ ਭਾਰਤੀ ਵਸੋਂ ਤੇ ਟੈਕਸ ਲਾਉਣੇ ਪਏ। ਜਦੋਂ ਜਪਾਨੀ ਕੋਹੀਮਾ ਤੇ ਇੰਫਾਲ ਦੇ ਯੁੱਧ ਵਿਚ ਹਾਰ ਗਏ ਤਾਂ ਅਜ਼ਾਦ ਹਿੰਦ ਫੌਜ਼ ਦਾ ਇੰਡੀਆ ਵਿਚ ਆਪਣੇ ਪੈਰ ਜਮਾਉਣ ਦਾ ਸੁਪਨਾ ਹਮੇਸ਼ਾਂ ਲਈ ਟੁਟ ਗਿਆ। ਅਜ਼ਾਦ ਹਿੰਦ ਫੌਜ਼ ਨੂੰ ਜਪਾਨੀਆਂ ਸਮੇਤ ਪਿਛੇ ਹਟਣ ਲਈ ਮਜ਼ਬੂਰ ਹੋਣਾ ਪਿਆ। ਬ੍ਰਿਟਿਸ਼ ਖਿਲਾਫ ਲੜਾਈ ਬਰਮਾ ਵਿਚ ਲੜੀ ਗਈ। ਮੀਕਟਿਲਾ, ਮੰਨਡਾਲੇ, ਪੇਗੂ, ਨਿਆਂਗਿਉ ਤੇ ਮਾਊਂਟ ਪੋਪਾ ਦੇ ਬਾਦ ਰਾਗੂਨ ਵੀ ਹੱਥੋਂ ਨਿਕਲ ਗਿਆ। ਇਸ ਹਾਰ ਤੋਂ ਬਾਦ ਬੋਸ ਦੀ ਸਰਕਾਰ ਦਾ ਰਾਜਨੀਤਕ ਅੰਤ ਹੋ ਗਿਆ। ਅਜ਼ਾਦ ਹਿੰਦ ਫੌਜ਼ ਦੇ ਵਡੇ ਹਿੱਸੇ ਨੇ ਲੈਫਟੀਨੈਂਟ ਲੋਗਾਨਾਥਨ ਦੀ ਅਗਵਾਈ ਵਿਚ ਆਤਮ ਸਮਰਪਣ ਕਰ ਦਿੱਤਾ। ਬਚੇ ਖੁਚੇ ਟਰੁਪ ਬੋਸ ਦੇ ਨਾਲ ਰਹੇ, ਇਹ ਮਲਾਇਆ ਤੇ ਥਾਈਲੈਂਡ ਵਲ ਨਿਕਲ ਗਏ। ਦੂਸਰੀ ਜੰਗ ਦੇ ਅੰਤ ਤੇ ਜਦ ਜਪਾਨ ਨੇ ਹਥਿਆਰ ਸੁਟ ਦਿੱਤੇ ਤਾਂ ਇਸਦੇ ਨਾਲ ਹੀ ਅਜ਼ਾਦ ਹਿੰਦ ਫੌਜ਼ ਦਾ ਵੀ ਆਪਣੇ ਆਪ ਹੀ ਸਮਰਪਣ ਹੋ ਗਿਆ। ਇਹ ਟਰੁਪ ਭਾਰਤ ਮੋੜ ਲਿਆਂਦੇ ਗਏ ਤੇ ਕੁਝ ਤੇ ਦੇਸ਼ ਧਰੋਹ ਦਾ ਮੁੱਕਦਮਾ ਚਲਾਇਆ ਗਿਆ।

ਜੁਲਾਈ 6, 1944 ਨੂੰ ਅਜ਼ਾਦ ਹਿੰਦ ਰੇਡਿਓ ਤੋਂ ਸਿੰਗਾਪੁਰ ਤੋਂ ਸੁਭਾਸ਼ ਦੀ ਸਪੀਚ ਪਰਸਾਰਿਤ ਕੀਤੀ ਗਈ। ਸੁਭਾਸ਼ ਚੰਦਰ ਬੋਸ ਨੇ ਮਹਾਤਮਾ ਗਾਂਧੀ ਨੂੰ ਸੰਬੋਧਿਤ ਕਰਦਿਆਂ 'ਰਾਸ਼ਟਰ ਪਿਤਾ' ਕਿਹਾ ਤੇ ਮਹਾਤਮਾ ਗਾਂਧੀ ਤੋਂ ਅਸ਼ੀਰਵਾਦ ਤੇ ਸ਼ੁਭ ਇੱਛਾਵਾਂ ਦੀ ਮੰਗ ਕੀਤੀ ਤਾਂ ਜੋ ਉਹ ਇਹ ਲੜਾਈ ਲੜ ਸਕੇ। ਇਹ ਪਹਿਲਾ ਮੌਕਾ ਸੀ ਜਦ ਬੋਸ ਨੇ ਮਹਾਤਮਾ ਗਾਂਧੀ ਦਾ ਨਾਮ ਆਪਣੀ ਸਪੀਚ ਵਿਚ ਲਿਆ ਸੀ।

ਸੁਭਾਸ਼ ਚੰਦਰ ਬੋਸ ਦੇ ਕੁਝ ਅਖਾਣ ਤੇ ਨਾਹਰੇ ਸਨ। 'ਤੁਮ ਮੁਝੇ ਖੂਨ ਦੋ, ਮੈਂ ਤੁਝੇ ਅਜ਼ਾਦੀ ਦੂੰਗਾ। 'ਦਿੱਲੀ ਚਲੋ' 'ਜੈ-ਹਿੰਦ' ਜੋ ਬਾਦ ਵਿਚ ਭਾਰਤ ਸਰਕਾਰ ਵਲੋਂ ਤੇ ਭਾਰਤੀ ਫੌਜ਼ ਵਲੋਂ ਮੰਨ ਲਿਆ ਗਿਆ। ਇੱਕ ਹੋਰ ਸਲੋਗਨ 'ਇੱਤਫਾਕ, ਇਤਮਾਦ, ਕੁਰਬਾਨੀ ਸੀ।

## ਅਲੋਪ ਤੇ ਮੌਤ ਦੀ ਖ਼ਬਰ;

ਅਗਸਤ 18, 1945 ਨੂੰ ਟਾਇਹੋਕੂ ਤਾਇਵਾਨ ਵਿਖੇ ਇੱਕ ਹਵਾਈ ਹਾਦਸਾ ਹੋਇਆ। ਇਹ ਟੋਕੀਉ ਰਸਤੇ ਸੰਭਵਤਾ ਰਸ਼ੀਆ ਜਾ ਰਿਹਾ ਸੀ। ਜਪਾਨੀ ਸਾਮਰਾਜ ਦਾ ਇਹ ਆਰਮੀ ਏਅਰ ਫੋਰਸ ਮਿਟਸੂਬਿਸ਼ੀ ਕ-21 ਬੰਬਰ ਜਹਾਜ਼ ਦੇ ਇੰਜਣ ਵਿਚ ਖਰਾਬੀ ਪੈ ਗਈ ਤੇ ਜਦੋਂ ਇਹ ਕਰੈਸ਼ ਹੋਇਆ ਬੋਸ ਬੁਰੀ ਤਰ੍ਹਾਂ ਝੁਲਸ ਗਿਆ, ਚਾਰ ਘੰਟੇ ਬਾਦ ਸਥਾਨਕ ਹਸਪਤਾਲ ਵਿਚ ਉਸਦੀ ਮੌਤ ਹੋ ਗਈ। ਸਰੀਰ ਦਾ ਸੰਸਕਾਰ ਕਰ ਦਿੱਤਾ ਗਿਆ ਤੇ ਟਾਇਹੋਕੂ ਸ਼ਹਿਰ ਵਿਚ ਸਥਿਤ, ਇੱਕ ਬੋਧੀ ਮੈਮੋਰੀਅਲ ਸਰਵਿਸ ਦੇ ਨਿਸ਼ੀ ਹੋਗਾਂਨਜੀ ਮੰਦਰ ਵਿਚ ਅੰਤਿਮ ਰਸਮਾਂ ਕੀਤੀਆਂ ਗਈਆਂ। ਉਸਦੀਆਂ ਅਸਥੀਆਂ ਜਪਾਨ ਲਿਜਾਈਆਂ ਗਈਆਂ ਤੇ ਟੋਕੀਉ ਦੇ ਰੈਨਕੋਜੀ ਮੰਦਿਰ ਵਿਚ ਦਬ ਦਿੱਤੀਆਂ ਗਈਆਂ। ਘਟਨਾਵਾਂ ਦੇ ਇਸ ਸਿਲਸਿਲੇ ਦੇ ਗਵਾਹ ਸਨ, ਕੈਪਟਨ ਯੋਸ਼ੀਦਾ ਟੈਨੇਉਸ਼ੀ ਤੇ ਇੱਕ ਬ੍ਰਿਟਿਸ਼ ਜਸੂਸ ਜਿਸਨੂੰ 'ਏਜੰਟ 1189' ਕਰਕੇ ਜਾਣਿਆ ਜਾਂਦਾ ਸੀ ।

ਉਸਦੇ ਸਰੀਰ ਦੇ ਨਾ ਮਿਲਣ ਕਾਰਣ, ਕਈ ਅਫਵਾਹਾਂ ਦਾ ਬਜ਼ਾਰ ਗਰਮ ਹੋ ਗਿਆ ਸੀ। ਕੋਈ ਉਸਦੇ ਜ਼ਿੰਦਾ ਹੋਣ ਦੀ ਪੁਸ਼ਟੀ ਕਰ ਰਹੇ ਸਨ। ਇੱਕ ਦਾਹਵਾ ਇਹ ਵੀ ਹੈ ਕਿ ਬੋਸ ਦਾ ਬਹੁਤ ਚਿਰ ਬਾਦ ਸਾਇਬੇਰੀਆ ਵਿਚ ਦਿਹਾਂਤ ਹੋਇਆ, ਜੋ ਸੋਵੀਅਤ ਸੰਘ ਦਾ ਹਿੱਸਾ ਸੀ। ਸਮੇਂ ਸਮੇਂ ਭਾਰਤ ਸਰਕਾਰ ਵਲੋਂ ਬਹੁਤ ਸਾਰੀਆਂ ਕਮੇਟੀਆਂ ਬਣਾਈਆਂ ਗਈਆਂ ਤਾਂ ਕਿ ਬੋਸ ਜੀ ਦੇ ਅਖੀਰਲੇ ਵਕਤ ਦਾ ਪਤਾ ਲਗਾਇਆ ਜਾ ਸਕੇ ਤੇ ਮਸਲੇ ਦੀ ਤਹਿ ਤੱਕ ਜਾਇਆ ਜਾ ਸਕੇ।

ਮਈ 1956, ਚਾਰ ਭਾਰਤੀ ਵਿਅਕਤੀਆਂ ਦੀ ਟੀਮ ਜਿਸਨੂੰ ਸ਼ਾਹ ਨਵਾਜ਼ ਕਮੇਟੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਜਪਾਨ ਗਈ। ਇਸ ਕਮੇਟੀ ਦਾ ਮਕਸਦ ਬੋਸ ਦੀ ਕਥਿਤ ਮੌਤ ਦਾ ਪਤਾ ਲਗਾਉਂਣਾ ਸੀ। ਉਹ ਕਿਹੜੇ ਹਾਲਾਤ ਸਨ, ਤੇ ਉਸ ਵਕਤ ਕੀ ਵਾਪਰਿਆ। ਤਾਇਵਾਨ ਨਾਲ ਡਿਪਲੋਮੈਟਿਕ ਸਬੰਧਾਂ ਦੀ ਘਾਟ ਕਾਰਣ ਤਾਇਵਾਨ ਸਰਕਾਰ ਦੀ ਮਦਦ ਨਹੀ ਲਈ ਗਈ।

ਇਸਤੋਂ ਬਾਦ ਜਸਟਿਸ ਮੁਕਰਜੀ ਦੇ ਇੰਨਕੁਆਰੀ ਕਮਿਸ਼ਨ ਦੇ ਅੰਤਰਗਤ ਤਾਇਵਾਨ ਸਰਕਾਰ ਤੱਕ ਵੀ ਪਹੁੰਚ ਕੀਤੀ ਗਈ। ਇਹ ਕਮਿਸ਼ਨ ਨੇ 1999-2005 ਤੱਕ ਬੋਸ ਦੇ ਗਾਇਬ ਹੋ ਜਾਣ ਦੇ ਭੇਤ ਨੂੰ ਜਾਨਣ ਦੀ ਕੋਸ਼ਿਸ਼ ਕੀਤੀ। ਤਾਇਵਾਨ ਸਰਕਾਰ ਵਲੋਂ ਇਹ ਪੁਸ਼ਟੀ ਕੀਤੀ ਗਈ ਕਿ ਬੋਸ ਦੇ ਸਵਾਰ ਹੋਣ ਵਾਲਾ ਕੋਈ ਵੀ ਪਲੇਨ ਟੈਪਈ ਵਿਖੇ ਕਰੈਸ਼ ਨਹੀ ਹੋਇਆ। ਇਸਤਰ੍ਹਾਂ ਇਹ ਗੱਲ ਸਾਹਮਣੇ ਆਈ ਕਿ ਅਗਸਤ 18, 1945 ਨੂੰ ਕੋਈ ਵੀ ਪਲੇਨ ਕਰੈਸ਼ ਨਹੀ ਹੋਇਆ ਜਿਸਤਰ੍ਹਾਂ ਕਿ ਕਿਹਾ ਜਾਂਦਾ ਸੀ।

ਮੁਕਰਜੀ ਕਮਿਸ਼ਨ ਨੇ ਅਮਰੀਕਾ ਦੇ ਸਟੇਟ ਮਹਿਕਮੇ ਵਲੋਂ ਵੀ ਇੱਕ ਰਿਪੋਰਟ ਪ੍ਰਾਪਤ ਕੀਤੀ ਕਿ ਉਸ ਟਾਇਮ ਦੌਰਾਨ ਕੋਈ ਵੀ ਇਹੋ ਜਿਹਾ ਏਅਰ ਕਰੈਸ਼ ਨਹੀ ਹੋਇਆ। ਨਵੰਬਰ 8, 2005, ਮੁਕਰਜੀ ਕਮਿਸ਼ਨ ਵਲੋਂ ਆਪਣੀ ਰਿਪੋਰਟ ਭਾਰਤ ਸਰਕਾਰ ਨੂੰ ਸੌਂਪ ਦਿੱਤੀ ਗਈ। ਮਈ17, 2006 ਨੂੰ ਇਹ ਰਿਪੋਰਟ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ। ਰਿਪੋਰਟ ਦਾ ਤੱਥ ਸਾਰ ਇਹ ਸੀ ਕਿ ਸੁਭਾਸ਼ ਚੰਦਰ ਬੋਸ ਦਾ ਦਿਹਾਂਤ ਪਲੇਨ ਕਰੈਸ਼ ਵਿਚ ਨਹੀ ਹੋਇਆ ਤੇ ਜਿਵੇਂ ਕਿਹਾ ਜਾ ਰਿਹਾ ਸੀ ਕਿ ਰੈਨਕੋਜ਼ੀ ਮੰਦਰ ਵਿਚ ਪਈਆਂ ਅਸਥੀਆਂ ਬੋਸ ਦੀਆਂ ਨਹੀ ਹਨ। ਭਾਰਤ ਸਰਕਾਰ ਵਲੋਂ ਕਮਿਸ਼ਨ ਦੀਆਂ ਲਭਤਾਂ ਨੂੰ ਮਾਨਤਾ ਨਹੀ ਦਿੱਤੀ ਗਈ ਪਰ ਅਸਵਿਕ੍ਰਿਤੀ ਦਾ ਕਾਰਣ ਵੀ ਨਹੀ ਦਸਿਆ ਗਿਆ।

ਬਹੁਤ ਸਾਰੇ ਡਾਕੂਮੈਟ ਐਸੇ ਹਨ ਜੋ ਬੋਸ ਦੇ ਅਲੋਪ ਹੋਣ ਦੇ ਕਾਰਣਾਂ ਨਾਲ ਸਬੰਧਿਤ ਹੋ ਸਕਦੇ ਸਨ ਪਰ ਭਾਰਤ ਸਰਕਾਰ ਨੇ ਇਨ੍ਹਾਂ ਦੀ ਤਹਿ ਨੂੰ ਹੀ ਨਹੀ ਫਰੋਲਿਆ। ਇਨ੍ਹਾਂ ਡਾਕੂਮੈਂਟਸ ਨੂੰ ਪ੍ਰਕਾਸ਼ਿਤ ਵੀ ਨਹੀ ਕੀਤਾ ਗਿਆ ਜਿਸਦਾ ਕਾਰਣ ਸੀ ਕਿ ਇਸਤਰ੍ਹਾਂ ਕਰਨ ਨਾਲ ਕੁਝ ਦੇਸ਼ਾਂ ਨਾਲ ਭਾਰਤ ਦੇ ਸਬੰਧ ਵਿਗੜ ਸਕਦੇ ਸਨ।

ਨੇਤਾ ਜੀ ਦਾ ਗਰੈਂਡ ਭਾਣਜਾ ਸੁਜਾਤਾ ਬੋਸ ਨੇ ਆਪਣੀ ਕਿਤਾਬ 'ਹਿਜ਼ ਮੈਜਸਟੀਜ਼ ਆਪੋਨੈਂਟਸ'ਨੇ ਇਸਦਾ ਜ਼ਿਕਰ ਕੀਤਾ ਹੈ। ਉਸ ਅਨੁਸਾਰ ਟੋਕੀਉ ਦਾ 'ਇੰਡੀਅਨ ਇੰਨਡੀਪੈਂਡਨਸ ਲੀਗ ਦਾ ਸੰਸਥਾਪਕ, ਰਾਮਾ ਮੂਰਤੀ ਨੇ ਬੋਸ ਦੀਆਂ ਕਥਿਤ ਅਸਥੀਆਂ ਦਾ ਕੁਝ ਹਿੱਸਾ ਲੁਕਾ ਲਿਆ ਸੀ ਤੇ ਆਪਣੇ ਘਰ ਵਿਚ ਰਖਿਆ ਸੀ, ਇਸ ਹਿੱਸੇ ਨੂੰ 2006 ਵਿਚ ਹਿੰਦੋਸਤਾਨ ਲਿਆਂਦਾ ਗਿਆ ਤੇ ਇਸਦੀ ਸੂਚਨਾ ਪ੍ਰਧਾਨ ਮੰਤਰੀ ਨੂੰ ਦਿੱਤੀ ਗਈ। ਪ੍ਰਧਾਨ ਮੰਤਰੀ ਦਾ ਦਫ਼ਤਰ ਇਸ ਸੂਚਨਾ ਤੋਂ ਇਨਕਾਰ ਕਰਦਾ ਹੈ। ਰਿਕਾਰਡ ਦੇ ਹਵਾਲੇ ਨਾਲ ਕਿਹਾ ਗਿਆ ਕਿ ਐਸੀ ਕੋਈ ਵੀ ਸੂਚਨਾ ਰਿਕਾਰਡ ਵਿਚ ਉਪਲਬਦ ਨਹੀ ਹੈ।

1992, ਬੋਸ ਨੂੰ ਮਰਨ ਉਪਰੰਤ ਭਾਰਤ ਰਤਨ ਦੇ ਅਵਾਰਡ ਨਾਲ ਸਨਮਾਨਿਆ ਗਿਆ। ਇਹ ਭਾਰਤ ਦਾ ਸਭਤੋਂ ਵਡਾ ਸਨਮਾਨ ਹੈ। ਬਾਦ ਵਿਚ ਇਹ ਅਵਾਰਡ ਵਾਪਸ ਲੈ ਲਿਆ ਗਿਆ। ਸੁਪਰੀਮ ਕੋਰਟ ਦੀਆਂ ਹਿਦਾਇਤਾਂ ਅਨੁਸਾਰ ਜਨਤਾ ਦੇ ਹਿੱਤ ਵਿਚ ਇਹ ਗੱਲ ਨਹੀ ਜਾਂਦੀ ਕਿ ਇਹ ਅਵਾਰਡ ਮਰਨ ਉਪਰੰਤ ਬੋਸ ਨੂੰ ਦਿੱਤਾ ਜਾਵੇ। ਅਵਾਰਡ ਕਮੇਟੀ ਬੋਸ ਦੀ ਮੌਤ ਦਾ ਕੋਈ ਸਬੂਤ ਪੇਸ਼ ਨਹੀਂ ਕਰਦੀ। ਇਸ ਲਈ ਮਰਨ ਉਪਰੰਤ ਦਿੱਤਾ ਅਵਾਰਡ ਆਪਣੇ ਆਪ ਵਿਚ ਜਾਇਜ਼ ਨਹੀ ਹੈ। ਇਸ ਮੁੱਦੇ ਤੇ ਅਗੋਂ ਕੋਈ ਕਾਰਵਾਈ ਨਹੀ ਹੋਈ।

## ਰਹੱਸਮਈ ਜੋਗੀ;

ਇਸ ਹਿੱਸੇ ਦਾ ਕੋਈ ਵੀ ਸਬੂਤ, ਕੋਈ ਹਵਾਲਾ ਤੇ ਕੁਝ ਵੀ ਸ਼ਾਮਲ ਕਰਨਯੋਗ ਨਹੀ ਹੈ। ਇਸਲਈ ਇਸਦੀ ਪੁਸ਼ਟੀ ਨਹੀ ਕੀਤੀ ਜਾ ਸਕਦੀ।

ਦੋ ਵਿਅਕਤੀ ਐਸੇ ਸਨ ਜਿਨ੍ਹਾਂ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਉਹ ਹੀ ਸੁਭਾਸ਼ ਚੰਦਰ ਬੋਸ ਹਨ।

ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ' ਉਤਰੀ ਬੰਗਾਲ ਦਾ ਸ਼ੌਲਮਾਰੀ ਆਸ਼ਰਮ' ਦਾ ਸੰਸਥਾਪਕ, ਨੇਤਾ ਜੀ ਹੀ ਸਨ। ਭਾਵੇਂ ਪਬਲਿਕ ਤੌਰ ਤੇ ਸੰਸਥਾਪਕ ਨੇ ਐਸਾ ਕੋਈ ਵੀ ਬਿਆਨ ਨਹੀ ਦਿੱਤਾ। ਡਾ.ਸੁਰੇਸ਼ ਪਾਧਿਏ ਕੋਲ ਸ਼ੌਲਮਾਰੀ ਆਸ਼ਰਮ ਦੇ ਸ੍ਰੀ ਬਾਬਾ ਨਾਲ ਆਪਣੇ ਸਬੰਧਾਂ ਬਾਰੇ ਦਸਤਾਵੇਜ਼ ਸਨ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਡਾ.ਸੁਰੇਸ਼ ਪਾਧਿਏ ਸ੍ਰੀ ਬਾਬਾ ਨਾਲ 1966 ਤੋਂ 1977 ਉਸਦੇ ਦਿਹਾਂਤ ਤੱਕ ਉਸਦੇ ਸਾਥੀ ਰਹੇ। ਡਾ.ਪਾਧਿਏ ਜਸਟਿਸ ਖੌਸਲਾ ਕਮਿਸ਼ਨ ਸਾਹਮਣੇ 1971 ਵਿਚ ਪੇਸ਼ ਹੋਏ ਪਰ ਐਨ ਆਖਰੀ ਮੌਕੇ ਕੋਈ ਦਾਹਵਾ ਕਰਨ ਤੋਂ ਕੰਨੀ ਕਤਰਾ ਗਏ। ਉਸਨੂੰ ਬੋਸ ਪਰਿਵਾਰ ਦੇ ਵਕੀਲ ਵਲੋਂ, ਐਸਾ ਕਰਨ ਦੀ ਹਿਦਾਇਤ ਕੀਤੀ ਗਈ ਸੀ। ਮਿਸਟਰ ਨਿਹਾਰੇਨਦੂ ਦੱਤ ਮਜ਼ਮੂਦਾਰ ਪਰਿਵਾਰਕ ਵਕੀਲ ਦੀ ਸਲਾਹ ਸੀ ਕਿ ਭਾਰਤ ਸਰਕਾਰ ਵਲੋਂ ਸਥਾਪਿਤ ਕਮਿਸ਼ਨ ਨੂੰ  ਕੁਝ ਦਸਣਾ, ਸੁਭਾਸ਼ ਦੇ ਪਿੱਠ ਵਿਚ ਛੁਰਾ ਮਾਰਨ ਵਾਲੀ ਗੱਲ ਹੈ, ਕਿਉਂਕਿ ਸੱਚ, ਐਸੀ ਹਾਲਤ ਵਿਚ ਕਦੇ ਵੀ ਸਾਹਮਣੇ ਨਹੀ ਆ ਸਕੇਗਾ। ਸੰਨ 2004, ਡਾ.ਪਾਧਿਏ ਨੇ ਮੁਕਰਜੀ ਕਮਿਸ਼ਨ ਨੂੰ ਬੜੀ ਵਿਸਥਾਰਿਤ ਜਾਣਕਾਰੀ ਦਿੱਤੀ ਸੀ। ਡਾ.ਸੁਰੇਸ਼ ਪਾਧਿਏ ਨੇ ਕਮਿਸ਼ਨ ਨੂੰ ਇਹ ਵੀ ਦਸਿਆ ਕਿ ਰੈਂਨਕੋਜ਼ੀ ਮੰਦਰ ਜਪਾਨ ਵਾਲੀਆਂ ਅਸਥੀਆਂ ਸੁਭਾਸ਼ ਚੰਦਰ ਬੋਸ ਦੀਆਂ ਨਹੀ ਹਨ। ਉਸਦੀ ਇਹ ਜਾਣਕਾਰੀ, ਦੋ ਹੋਰ ਸਰੋਤਾਂ ਤੋਂ ਆਈ ਜਾਣਕਾਰੀ ਨਾਲ ਮੇਲ ਖਾਂਦੀ ਸੀ।

ਡਾ.ਸੁਰੇਸ਼ ਪਾਧਿਏ ਅਨੁਸਾਰ ਸੁਭਾਸ਼ ਚੰਦਰ ਬੋਸ ਦਾ  ਦਿਹਾਂਤ ਡੇਹਰਾਦੂਨ ਵਿਖੇ ਜਨਵਰੀ 2, 1977 ਨੂੰ ਹੋਇਆ। ਉਨ੍ਹਾਂ ਦਾ ਸੰਸਕਾਰ ਅਪ੍ਰੈਲ 19, 1977 ਨੂੰ ਰਿਸ਼ੀਕੇਸ਼, ਗੰਗਾ ਦੇ ਕਿਨਾਰੇ ਹੋਇਆ। ਡਾ. ਸੁਰੇਸ਼ ਪਾਧਿਏ, ਉਸਦੇ ਸਾਥੀਆਂ ਤੇ ਪੁਰਾਣੇ ਅਜ਼ਾਦ ਹਿੰਦ ਫੌਜ਼ ਦੇ ਕਾਰਕੁੰਨਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਕਿ ਇਹ ਸੰਸਕਾਰ ਰਾਸ਼ਟਰੀ ਪੱਧਰ ਤੇ ਹੋਵੇ ਪਰ ਉਹ ਅਸਫਲ ਰਹੇ। ਸਰਕਾਰ ਤੇ ਇਸਦਾ ਬੜਾ ਬੋਝ ਸੀ ਤੇ ਇਹ ਇੱਕ ਸਕਿਉਰਟੀ ਦਾ ਮੁੱਦਾ ਵੀ ਸੀ, ਇਸਲਈ  ਸੰਸਕਾਰ ਵਾਲੀ ਥਾਂ ਨੂੰ 135 ਹਥਿਆਰਬੰਦ ਗਾਰਡਾਂ ਨੇ ਘੇਰਿਆ ਹੋਇਆ ਸੀ। ਡਾ.ਪਾਧਿਏ ਨੇ ਆਪਣੀ ਨਿੱਜੀ ਰੋਜ਼ਾਨਾ ਡਾਇਰੀ ਪ੍ਰਕਾਸ਼ਿਤ ਵੀ ਕੀਤੀ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਉਤਰ ਪ੍ਰਦੇਸ਼ ਦੇ ਫੈਜ਼ਾਬਾਦ ਸ਼ਹਿਰ ਵਿਚ ਵਸਣ ਵਾਲਾ'ਗੁੰਮਨਾਮੀ ਬਾਬਾ'ਅਸਲ ਵਿਚ ਸੁਭਾਸ਼ ਚੰਦਰ ਬੋਸ ਹੀ ਸੀ। ਇਸ ਹਿੰਦੂ ਸੰਨਿਆਸੀ ਦਾ ਨਾਮ ਭਗਵਾਨਜੀ ਵੀ ਸੀ ਤੇ ਇਹ ਰਾਮ ਭਵਨ ਨਾਮ ਦੇ ਘਰ ਵਿਚ ਰਹਿੰਦਾ ਸੀ। ਇਹ 1985 ਤੱਕ ਉਥੇ ਰਿਹਾ। ਜਾਣੇ ਪਹਿਚਾਣੇ, ਚਾਰ ਮੌਕੇ ਐਸੇ ਆਏ ਜਦੋਂ  ਗੁੰਮਨਾਮੀ ਬਾਬੇ ਨੇ ਆਪ ਕਿਹਾ ਕਿ ਉਹ ਹੀ ਨੇਤਾ ਜੀ ਸੁਭਾਸ਼ ਚੰਦਰ ਬੋਸ ਹੈ। ਗੁੰਮਨਾਮੀ ਬਾਬਾ ਦੀ ਮੌਤ ਤੋਂ ਬਾਦ ਅਦਾਲਤੀ ਹੁਕਮ ਅਨੁਸਾਰ, ਸੰਨਿਆਸੀ ਨਾਲ ਸਬੰਧਿਤ ਚੀਜ਼ਾਂ ਨੂੰ ਕਬਜੇ ਵਿਚ ਲੈ ਲਿਆ ਗਿਆ। ਬਾਦ ਵਿਚ ਇਹ ਵਸਤਾਂ ਜਸਟਿਸ ਮੁਕਰਜੀ ਦੇ ਇੰਨਕੁਆਰੀ ਕਮਿਸ਼ਨ ਨੂੰ ਸੌਂਪ ਦਿੱਤੀਆਂ ਗਈਆਂ। ਕਮਿਸ਼ਨ ਨੇ ਇਨ੍ਹਾਂ ਵਸਤਾਂ ਦੇ ਅਧਾਰਿਤ ਇਹ ਤੱਤ ਰੱਦ ਕਰ ਦਿੱਤਾ ਕਿ ਉਹ ਸੁਭਾਸ਼ ਚੰਦਰ ਬੋਸ ਸੀ ਕਿਉਂਕਿ ਕੋਈ ਵੀ ਸਬੂਤ ਇਸਨਾਲ ਮੇਲ ਨਹੀ ਖਾਂਦਾ ਸੀ। ਕੋਈ ਹਾਲਾਤ ਅਨੁਸਾਰ ਵੀ ਸਬੂਤ ਨਹੀ ਸੀ (ਸਰਕਮਸਟਾਂਸ਼ੀਅਲ ਐਵੀਡੈਂਸ)

ਕੁਝ ਲੋਕਾਂ ਦਾ ਮੰਨਣਾ ਹੈ ਕਿ ਗੁੰਮਨਾਮੀ ਬਾਬੇ ਦੀ ਮੌਤ ਸਤੰਬਰ 16, 1985 ਨੂੰ ਹੋਈ ਪਰ ਕੁਝ ਇਸ ਗੱਲ ਨੂੰ ਨਹੀ ਮੰਨਦੇ। ਗੁੰਮਨਾਮੀ ਬਾਬੇ ਵਾਲੀ ਕਹਾਣੀ ਉਸਦੀ ਮੌਤ ਤੋਂ ਬਾਦ ਸਾਹਮਣੇ ਆਈ। ਇਹ ਕਿਹਾ ਜਾਂਦਾ ਹੈ ਕਿ ਉਸਦਾ ਸੰਸਕਾਰ ਅੰਨ੍ਹੀ ਬੋਲੀ ਰਾਤ ਨੂੰ ਕੀਤਾ ਗਿਆ ਤੇ ਇਹ ਸਿਰਫ ਮੋਟਰ ਸਾਈਕਲ ਦੀ ਹੈਡ ਲਾਈਟ ਵਿਚ ਹੋਇਆ। ਫੈਜ਼ਾਬਾਦ ਦਾ ਪਿਕਨਿਕ ਸਪਾਟ, ਸਰਜੂ ਦਰਿਆ ਦੇ ਕੰਢੇ, ਉਸਦੇ ਮੂੰਹ ਤੇ ਤੇਜ਼ਾਬ ਪਾਇਆ ਗਿਆ ਤਾਂ ਕਿ ਉਸਦੀ ਪਹਿਚਾਣ ਛੁਪਾਈ ਜਾ ਸਕੇ। ਫੈਜ਼ਾਬਾਦ ਦਾ ਬੰਗਾਲੀ ਭਾਈਚਾਰਾ ਅਜੇ ਵੀ ਉਸਦੀ ਬਰਸੀ ਤੇ ਸਤਿਕਾਰ ਭੇਂਟ ਕਰਦਾ ਹੈ। ਕੁਝ ਵੀ ਹੋਵੇ ਭਗਵਾਨਜੀ ਉਰਫ ਗੁੰਮਨਾਮੀ ਬਾਬਾ ਦੀ ਜ਼ਿੰਦਗੀ ਤੇ ਉਸਦੀਆਂ ਗਤੀਵਿਧੀਆਂ ਅੱਜ ਵੀ ਇੱਕ ਭੇਤ ਹੀ ਹਨ।

## ਸੁਭਾਸ਼ ਚੰਦਰ ਬੋਸ ਦਾ ਆਦਰਸ਼ ਤੇ ਉਸਦਾ ਦਰਸ਼ਨ;

ਸੁਭਾਸ਼ ਚੰਦਰ ਬੋਸ ਭਾਰਤ ਲਈ ਬਿਨ੍ਹਾਂ ਕਿਸੇ ਰੁਕਾਵਟ ਦੇ ਪੂਰਨ ਅਜ਼ਾਦੀ ਦਾ ਹਾਮੀ ਸੀ, ਜਦ ਕਿ ਆਲ ਇੰਡੀਆ ਕਾਂਗਰਸ ਕਮੇਟੀ ਪੜਾ ਵਾਰ ਅਮਲੀ ਇਲਾਕੇ ਦੀ ਪ੍ਰਭੂਤਾ ਦੇ ਹੱਕ ਵਿਚ ਸੀ। ਆਖਰ ਇਤਿਹਾਸਕ ਲਾਹੌਰ ਕਾਂਗਰਸ ਕਨਵੈਂਨਸ਼ਨ ਵਿਚ ਕਾਂਗਰਸ ਨੇ ਪੂਰਨ ਸਵਰਾਜ ਦੇ ਸਿਰਲੇਖੀ ਨਾਹਰੇ ਨੂੰ ਅਪਣਾਇਆ। ਇਸਤੋਂ ਬਾਦ ਗਾਂਧੀ-ਇਰਵਨ ਪੈਕਟ ਤੇ ਅਧਾਰਿਤ ਆਪਣੀ ਨੀਤੀ ਮਗਰੋਂ ਮਹਾਤਮਾ ਗਾਂਧੀ ਜਿੱਥੇ ਵੀ ਗਏ ਉਨ੍ਹਾ ਦਾ ਦਿਲ ਟੁੰਬਵਾਂ ਸੁਆਗਤ ਕੀਤਾ ਗਿਆ। ਇਨ੍ਹਾਂ ਯਾਤਰਾਵਾਂ ਵਿਚ ਸੁਭਾਸ਼ ਚੰਦਰ ਬੋਸ ਵੀ ਗਾਂਧੀ ਦੇ ਨਾਲ ਹੁੰਦੇ ਸਨ। ਬਾਦ ਵਿਚ ਉਹ ਇੱਕ ਜਗ੍ਹਾ ਲਿਖਦੇ ਹਨ ਕਿ ਲੋਕਾਂ ਦਾ ਉਤਸ਼ਾਹ ਹਲੂਣਾ ਦੇਣ ਵਾਲਾ ਸੀ ਤੇ ਲੋਕਾਂ ਨੇ ਉਸ ਵਿਚ ਜਬਰਦਸਤ ਉਤਸ਼ਾਹ ਭਰ ਦਿੱਤਾ। ਸੁਭਾਸ਼ ਜੀ ਅਨੁਸਾਰ ਉਨ੍ਹਾਂ ਦਾ ਅਨੁਮਾਨ ਹੈ ਕਿ ਦੁਨੀਆਂ ਦਾ ਕੋਈ ਵੀ ਹੋਰ ਐਸਾ ਲੀਡਰ ਨਹੀ ਜਿਸਨੇ ਯਾਤਰਾਵਾਂ ਦੌਰਾਨ, ਗਾਂਧੀ ਜਿਤਨੀ ਹਰਮਨ ਪਿਆਰਤਾ ਹਾਸਲ ਕੀਤੀ ਹੋਵੇ। ਇਨ੍ਹਾਂ ਯਾਤਰਾਵਾਂ ਤੋਂ ਬਾਦ ਸੁਭਾਸ਼ ਚੰਦਰ ਬੋਸ ਨੂੰ ਗਰਿਫ਼ਤਾਰ ਕਰ ਲਿਆ ਗਿਆ ਤੇ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਉਹ ਵਾਪਸ ਆਏ ਤੇ ਫਿਰ ਗਰਿਫਤਾਰ ਕਰ ਲਏ ਗਏ।

ਸੁਭਾਸ਼ ਚੰਦਰ ਬੋਸ ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਵਾਰ ਲਗਾਤਾਰ ਪ੍ਰਧਾਨ ਚੁਣੇ ਗਏ ਪਰ ਪ੍ਰਧਾਨਗੀ ਤੋਂ ਅਸਤੀਫਾ ਦੇਣਾ ਪਿਆ ਕਿਉਂਕਿ ਉਨ੍ਹਾਂ ਦੇ ਮਹਾਤਮਾ ਗਾਂਧੀ ਨਾਲ ਵਿਚਾਰ ਨਹੀ ਮਿਲਦੇ ਸਨ। ਇਸਤੋਂ ਬਾਦ ਬੋਸ ਨੇ ਖੁਲ੍ਹੇਆਮ ਕਾਂਗਰਸੀ ਨੀਤੀਆਂ ਦੀ ਮੁਖਾਲਫਤ ਕੀਤੀ। ਬੋਸ ਦਾ ਯਕੀਨ ਸੀ ਕਿ ਮਹਾਤਮਾ ਗਾਂਧੀ ਦਾ ਅਹਿੰਸਾਵਾਦੀ ਕਾਰਿਆ-ਕਰਮ ਕਦੇ ਵੀ ਭਾਰਤ ਨੂੰ ਅਜ਼ਾਦ ਕਰਾਉਣ ਲਈ ਕਾਫੀ ਨਹੀ ਹੈ। ਬੋਸ ਨੇ ਹਿੰਸਕ ਵਿਰੋਧ ਦੀ ਵਕਾਲਤ ਕੀਤੀ। ਉਸਨੇ ਆਪਣੀ ਵਖਰੀ ਰਾਜਨੀਤਕ ਪਾਰਟੀ ਬਣਾ ਲਈ। ਫਾਰਵਰਡ ਬਲਾਗ ਦੇ ਪਲੇਟਫਾਰਮ ਤੋਂ ਪੂਰੀ ਤੇ ਫੌਰੀ ਅਜ਼ਾਦੀ ਦੇ ਆਦਰਸ਼ ਦਾ ਝੰਡਾ ਬੁਲੰਦ ਕਰ ਦਿੱਤਾ। ਸੁਭਾਸ਼ ਚੰਦਰ ਬੋਸ ਨੂੰ ਬ੍ਰਿਟਿਸ਼ ਸਾਮਰਾਜ਼ ਵਲੋਂ ਗਿਆਰਾਂ ਵਾਰ ਜੇਲ੍ਹੀਂ ਡਕਿਆ ਗਿਆ। ਉਸਦਾ ਪ੍ਰਸਿਧ ਨਾਹਰਾ ਸੀ, 'ਆਪ ਮੁਝੇ ਖੂਨ ਦੋ, ਮੈਂ ਆਪ ਕੋ ਅਜ਼ਾਦੀ ਦੂੰਗਾ'। ਦੂਸਰੀ ਸੰਸਾਰ ਜੰਗ ਲੱਗਣ ਨਾਲ ਵੀ ਬੋਸ ਦਾ ਪੈਂਤੜਾ ਨਹੀ ਬਦਲਿਆ।

ਉਸ ਅਨੁਸਾਰ ਸਗੋਂ ਇਹ ਇੱਕ ਮੌਕਾ ਸੀ ਜਿਸਦਾ ਫਾਇਦਾ ਉਠਾਇਆ ਜਾਂਣਾ ਚਾਹੀਦਾ ਸੀ, ਬ੍ਰਿਟਿਸ਼ ਅਸਹਾਏ ਤੇ ਕੰਮਜ਼ੋਰ ਪੈ ਰਿਹਾ ਸੀ। ਸੰਸਾਰ ਜੰਗ ਦੇ ਫੈਲਣ ਕਰਕੇ ਉਸਨੇ ਇੰਡੀਆ ਛਡ ਦਿੱਤਾ। ਪਹਿਲਾਂ ਰੂਸ ਗਏ, ਨਾਜ਼ੀ ਜਰਮਨੀ ਤੇ ਜਪਾਨ ਸਾਮਰਾਜ ਨਾਲ ਗਠ-ਬੰਧਨ ਬਣਾਇਆ, ਇਹ ਦੇਸ਼ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਲੜ ਰਹੇ ਸਨ।

ਸੁਭਾਸ਼ ਚੰਦਰ ਬੋਸ ਦੇ ਨਾਜ਼ੀਆਂ ਨਾਲ ਸਬੰਧ ਤੇ ਹੋਰ ਦੂਸਰੇ ਮਿਲਟਰੀ ਗਠਬੰਧਨ ਨਾਲ ਸਬੰਧਾਂ ਬਾਰੇ ਕਈ ਬਹਿਸਾਂ ਹੋਈਆਂ ਤੇ ਹੁੰਦੀਆਂ ਰਹਿਣਗੀਆਂ। ਇਤਿਹਾਸਕਾਰ ਤੇ ਰਾਜਨੀਤੀ ਸਾਸ਼ਤਰੀ ਇਸਦਾ ਨਿਬੇੜਾ ਕਰਦੇ ਕਈ ਤਰ੍ਹਾਂ ਦੇ ਹਾਇਪੋਥੀਸਸ ਬਣਾਈ ਬੈਠੇ ਹਨ। ਕੁਝ ਸੁਭਾਸ਼ ਚੰਦਰ ਬੋਸ ਨੂੰ ਫਾਸਿਸਟ ਤਾਕਤਾਂ ਨਾਲ ਰਲਣ ਲਈ ਦੋਸ਼ ਵੀ ਦਿੰਦੇ ਹਨ। ਕੁਝ ਹੋਰ ਖਾਸ ਤੌਰ ਤੇ ਭਾਰਤੀ ਬੁਧੀਜੀਵੀ, ਉਸਦੇ ਨਾਲ ਖੜੇ ਦਿਖਾਈ ਦਿੰਦੇ ਹਨ। ਉਨ੍ਹਾਂ ਅਨੁਸਾਰ ਉਹ ਅਸਲੀ ਰਾਜਨੀਤਕ ਸੀ, ਜਿਸਦੀ ਕਹਿੰਣੀ ਤੇ ਕਰਨੀ ਪਾਰਦਰਸ਼ੀ ਸੀ। ਉਸਦੇ ਵਿਚਾਰਾਂ ਨਾਲ ਸਮਾਜਿਕ ਤੇ ਰਾਜਨੀਤਕ ਵਰਤਾਰਿਆਂ ਦੀ ਅਸਲ ਰੂਹ ਜੁੜੀ ਹੋਈ ਹੈ। ਕੁਝ ਵਿਚਾਰਵਾਨਾ ਦਾ ਵਿਚਾਰ ਹੈ ਕਿ ਜੇ ਸੁਭਾਸ਼ ਚੰਦਰ ਬੋਸ ਭਾਰਤ ਦੀ ਅਜ਼ਾਦੀ ਦੀ ਲੜਾਈ ਜਿੱਤ ਜਾਂਦਾ ਤਾਂ ਅੱਜ ਏਸ਼ੀਆ ਮਹਾਂਦੀਪ ਵਿਚ ਭਾਰਤ ਦੀ ਨੁਹਾਰ ਬਿਲਕੁਲ ਹੀ ਵਖਰੀ ਹੋਣੀ ਸੀ।

# ਸੁਭਾਸ਼ ਦਾ ਰਾਜਨੀਤਕ ਦਰਸ਼ਨ;

ਸੁਭਾਸ਼ ਚੰਦਰ ਬੋਸ ਦਾ ਵਿਸ਼ਵਾਸ਼ ਸੀ ਕਿ ਬ੍ਰਿਟਿਸ਼ ਸਾਮਰਾਜ ਖਿਲਾਫ ਸੰਘਰਸ਼ ਦਾ ਵਡਾ ਸਰੋਤ ਭਗਵਤ ਗੀਤਾ ਸੀ। ਸਵਾਮੀ ਵਿਵੇਕਾਨੰਦਕ ਦੀਆਂ ਸਿਖਿਆਵਾਂ, ਜੋ ਗਲੋਬਲ ਭਾਈਚਾਰੇ ਨੂੰ ਵੀ ਅਪਾਣੇ ਕਲਾਵੇ ਵਿਚ ਲੈਂਦੀਆਂ ਹਨ। ਉਸਦੇ ਰਾਸ਼ਟਰੀ ਵਿਚਾਰ ਤੇ ਸਮਾਜਿਕ ਸੇਵਾਵਾਂ  ਤੇ ਸਮਾਜਿਕ ਸੁਧਾਰਾਂ ਦੀ ਕਾਰ ਤੇ ਉਸਤੇ ਵਿਸ਼ਵਾਸ ਨੂੰ, ਸੁਭਾਸ਼ ਚੰਦਰ ਬੋਸ ਨੇ ਆਪਣੀ ਜ਼ਿੰਦਗੀ ਵਿਚ ਰਚਾ ਮਿਚਾ ਲਿਆ ਸੀ। ਵਿਵੇਕਾਨੰਦ ਦਾ ਪ੍ਰਭਾਵ ਉਸਨੇ ਆਪਣੇ ਬਚਪਨ ਤੇ ਚੜ੍ਹਦੀ ਜਵਾਨੀ ਵਿਚ ਹੀ ਮੰਨ ਲਿਆ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਹਿੰਦੂ ਮੱਤ ਦਾ ਰੁਹਾਨੀ ਸੰਸਾਰ, ਉਸਦੇ ਸਮਾਜਿਕ ਤੇ ਰਾਜਨੀਤਕ ਸੰਸਾਰ ਨੂੰ ਹਮੇਸ਼ਾ ਹੀ ਪ੍ਰਭਾਵਿਤ ਕਰਦਾ ਰਿਹਾ। ਇਹ ਵੀ ਸੱਚ ਹੈ ਕਿ ਉਸਦੀ ਜ਼ਿੰਦਗੀ ਵਿਚ ਕਦੇ ਵੀ ਰੂੜੀਵਾਦੀ  ਤੇ ਰਵਾਇਤੀ ਢੰਗਾਂ ਦਾ ਉਲੇਖ ਵਾਲਾ ਪ੍ਰਭਾਵ ਦਿਖਾਈ ਨਹੀ ਦਿੰਦਾ। ਸੁਭਾਸ਼ ਆਪਣੇ ਆਪ ਨੂੰ ਸੋਸ਼ਲਿਸ਼ਟ ਦਸਦਾ ਸੀ ਤੇ ਇਹੋ ਹੀ ਦਿਸਦਾ ਸੀ। ਸਾਰਾ ਸੰਘਰਸ਼ ਹੀ ਇਸੇ ਚੈਨਲ ਵਿਚੋਂ ਲੰਘਿਆ। ਇਤਿਹਾਸਕਾਰ ਲਿਉਨਾਰਡ ਗੌਰਡਨ ਦਾ ਕਹਿੰਣਾ ਹੈ ਕਿ ਸੁਭਾਸ਼ ਦਾ ਅੰਦਰਲਾ ਧਰਮ ਸਦਾ ਹੀ ਉਸਦੇ ਬਾਹਰਲੇ ਕਰਮ ਨੂੰ ਪ੍ਰਭਾਵਿਤ ਕਰਦਾ ਸੀ। ਇਸੇ ਵਿਚੋਂ  ਹੀ ਉਸਦੀ ਸੋਸ਼ਲਿਸਟ ਛਵੀ ਉਜਾਗਰ ਹੁੰਦੀ ਹੈ। ਕੌਮਨਿਸਟ ਵਿਚਾਰਕ ਸਾਂਝ ਵੀ ਇਸੇ ਰਾਹੀਂ ਹੀ ਪ੍ਰਗਟ ਹੁੰਦੀ ਹੈ। 1939 ਤੋਂ ਪਹਿਲਾਂ ਦਾ ਪਤਰ ਵਿਹਾਰ ਪੱਖਪਾਤ ਵਾਲੀ ਪਰੈਕਟਿਸ ਦੀ ਡੂੰਘੀ  ਨਿਖੇਧੀ ਵਾਲੀ ਹੈ। ਇਹ ਨਾਜ਼ੀ ਫਾਸਿਸ਼ਟ ਦੇ ਲੋਕ ਤੰਤਰ ਪ੍ਰਣਾਲੀ ਦੇ ਵਿਰੋਧ ਦੀ ਨਿਖੇਧੀ ਕਰਦੀ ਹੈ।

ਬੋਸ ਨੇ ਲੋਕ ਤੰਤਰ ਪ੍ਰਣਾਲੀ ਵਿਚ ਸਾਫ ਤੇ ਸਪਸ਼ਟ ਵਿਸ਼ਵਾਸ਼ ਪ੍ਰਗਟਾਇਆ ਤੇ ਇਸਨੂੰ ਹੀ ਭਾਰਤ ਲਈ ਉਤਮ ਮੰਨਿਆ। ਬੋਸ ਦੇ ਹੱਕ ਵਿਚ ਵਿਚਾਰ ਪ੍ਰਗਟਾਉਂਣ ਵਾਲੇ ਇਹ ਮੰਨਦੇ ਹਨ ਕਿ ਉਸਦਾ ਅਜ਼ਾਦ ਹਿੰਦ ਫੌਜ ਤੇ ਹਾਕਮਾਨਾ ਕੰਟਰੋਲ ਦਾ ਅਧਾਰ ਰਾਜਨੀਤਕ ਹੱਠਵਾਦ ਸੀ ਤੇ ਬਸਤੀਵਾਦ ਤੋਂ ਉਭਰਨ ਦਾ ਉਪਰਾਲਾ ਸੀ ਨਾ ਕਿ ਇਹ ਲੋਕ ਤੰਤਰ ਪ੍ਰਣਾਲੀ ਦਾ ਵਿਰੋਧ ਸੀ।

ਇਸੇਤਰ੍ਹਾਂ ਜੰਗ ਦੌਰਾਨ ਤੇ ਤੀਹਵੇਂ ਦਹਾਕੇ ਵਿਚ ਬੋਸ ਇਸਤਰ੍ਹਾਂ ਦਿਖਾਈ ਦਿੰਦਾ ਸੀ ਜਿਵੇਂ ਉਹ ਭਾਰਤ ਦੀ ਗਰੀਬੀ ਤੇ ਸਮਾਜਿਕ ਨਾਬਰਾਬਰੀ ਲਈ ਲੋਕ ਤੰਤਰ ਪ੍ਰਣਾਲੀ ਨੂੰ ਕਾਫੀ ਨਹੀ ਸਮਝਦਾ ਸੀ। ਉਹ ਲਿਖਦਾ ਸੀ ਕਿ ਕਿ ਸੋਸ਼ਲਿਸ਼ਟ ਸਟੇਟ ਜਿਵੇਂ ਦਾ ਸੋਵੀਅਤ ਯੂਨੀਅਨ ਹੈ, ਭਾਰਤ ਨੂੰ ਉਪਰ ਉਠਾਉਣ ਲਈ ਉਸਦਾ ਪੁਨਰ ਨਿਰਮਾਣ ਕਰਨ ਲਈ, ਇਸ ਸਿਸਟਮ ਦੀ ਹੀ ਲੋੜ ਹੈ। ਕੁਝ ਸੁਝਾਵਾਂ ਮੁਤਾਬਕ ਬੋਸ ਦੀ ਐਕਸਿਜ਼ ਫੌਜਾਂ ਨਾਲ ਸਾਂਝ ਦਾ ਅਧਾਰ ਸਿਰਫ ਪ੍ਰਯੋਗਵਾਦੀ ਹੀ ਸੀ, ਇਸਤੋਂ ਇਹ ਹੀ ਲਗਦਾ ਹੈ ਕਿ ਬੋਸ ਇੱਕ ਕਟੜ ਰਾਸ਼ਟਰੀ ਸੀ। ਉਹ ਨਾ ਤਾਂ ਨਾਜ਼ੀ ਜਿਹਾ ਸੀ ਤੇ ਨਾ ਹੀ ਫਾਸਸ਼ਿਟ। ਉਹ ਔਰਤਾਂ ਦੇ ਸਵੈਮਾਣ ਦੀ ਗੱਲ ਕਰਨ ਵਾਲਾ, ਧਰਮ-ਨਿਰਪੱਖ ਤੇ ਹੋਰ ਉਧਾਰਵਾਦੀ ਵਿਚਾਰਾਂ ਵਾਲਾ ਸੀ। ਵਿਕਲਪਤਾ ਨਾਲ ਵੇਖਿਆ ਜਾਵੇ ਤਾਂ ਬੋਸ ਸਿਰਫ ਮਸ਼ਹੂਰ ਤੇ ਪਹੁੰਚ ਵਾਲੇ ਤਰੀਕੇ ਹੀ ਵਰਤ ਰਿਹਾ ਸੀ। ਇਹ ਬਸਤੀਵਾਦ ਦੇ ਖਿਲਾਫ ਲੜਨ ਵਾਲੇ ਹੋਰ ਲੀਡਰਾਂ ਵਾਂਗ ਹੀ ਸੀ। ਬੋਸ ਨੇ ਕਦੇ ਵੀ ਨਾਜ਼ੀਆਂ ਨੂੰ ਪਸੰਦ ਨਹੀ ਕੀਤਾ। ਜਦੋਂ ਅਫਗਾਨਿਸਤਾਨ ਵਿਚ ਉਹ ਰੂਸ ਦੀ ਮਦਦ ਲੈਣ ਤੋਂ ਅਸਫ਼ਲ ਹੋ ਗਿਆ ਤਾਂ ਹੀ ਉਸਨੇ ਜਰਮਨ ਤੇ ਇਟਾਲੀਅਨਜ ਤੋਂ ਮਦਦ ਲਈ ਪਹੁੰਚ ਕੀਤੀ ਸੀ। ਇਸ ਬਾਰੇ ਉਸਦੇ ਕਮੈਂਟ ਵਿਚਾਰਨ ਵਾਲੇ ਹਨ ਜਦੋਂ ਉਹ ਕਹਿੰਦਾ ਹੈ ਕਿ ਮੈਂ ਭਾਰਤ ਦੀ ਅਜ਼ਾਦੀ ਦੀ ਖਾਤਰ ਕਿਸੇ ਵੀ ਰਾਖਸ਼ਸ਼ ਨਾਲ ਹੱਥ ਮਿਲਾ ਸਕਦਾ ਹਾਂ।

ਅਗਸਤ 23, 2007, ਜਪਾਨ ਦਾ ਪ੍ਰਧਾਨ ਮੰਤਰੀ ਸ਼ਿਨਜ਼ੋ ਏਬ ਜਦੋਂ ਸੁਭਾਸ਼ ਚੰਦਰ ਬੋਸ ਦੀ ਯਾਦਗਰ ਦੇਖਣ ਕਲਕਤੇ ਜਾਂਦਾ ਹੈ, ਤਾਂ ਏਬ ਬੋਸ ਦੇ ਪਰਿਵਾਰ ਨੂੰ ਕਹਿੰਦਾ ਹੈ ਕਿ ਜਪਾਨੀ ਬੋਸ ਦੀ ਮਜ਼ਬੂਤ ਇੱਛਾ ਸ਼ਕਤੀ ਤੋਂ ਬਹੁਤ ਹੀ ਪ੍ਰਭਾਵਿਤ ਹਨ। ਬੋਸ ਦਾ ਜਪਾਨ ਵਿਚ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਭਾਰਤ ਵਿਚ ਕਈ ਲੋਕਾਂ ਦਾ ਵਿਚਾਰ ਹੈ ਕਿ ਨੇਤਾ ਜੀ ਨੂੰ ਉਹ ਸਨਮਾਨ ਨਹੀ ਮਿਲਿਆ ਜਿਸਦਾ ਉਹ ਹੱਕਦਾਰ ਸੀ।

## ਸੁਭਾਸ਼ ਚੰਦਰ ਬੋਸ ਦਾ ਵਿਰਸਾ;

ਮਾਈਕਲ ਐਡਵਰਡਜ਼ ਆਪਣੀ ਕਿਤਾਬ, 'ਦਾ ਲਾਸਟ ਈਅਰਜ਼ ਔਫ ਬ੍ਰਿਟਿਸ਼ ਇੰਡੀਆ' ਜੋ ਇੱਕ ਪ੍ਰਸਿਧ ਇਤਿਹਾਸਕਾਰ ਹੈ, ਬੋਸ ਬਾਰੇ ਕੁਝ ਲਿਖਦਾ ਹੈ, 'ਬੋਸ, ਭਾਰਤ ਦੀ ਇਕੋ ਇੱਕ ਸਿਰਮੌਰ ਸਖਸ਼ੀਅਤ ਹੈ ਜਿਸਨੇ ਵਖਰਾ ਤੇ ਹਿੰਸਾ ਭਰਿਆ ਰਾਹ ਚੁਣਿਆ ਤੇ ਭਾਰਤ ਵਿਚ ਹੋਰ ਕੋਈ ਵੀ ਉਸ ਜੈਸਾ ਨਹੀ ਹੈ।'

ਜੁਲਾਈ 5, 1943 ਸਿੰਗਾਪੁਰ ਵਿਖੇ ਅਜ਼ਾਦ ਹਿੰਦ ਫੌਜ਼ ਦੀ ਪਰੇਡ ਤੋਂ ਬਾਦ ਉਸਦੇ ਸ਼ਬਦ ਕੁਝ ਇਸਤਰ੍ਹਾਂ ਸਨ;

'ਮੈਂ ਅੱਜ ਦੇ ਦਿਨ ਨੂੰ ਆਪਣੀ ਜ਼ਿੰਦਗੀ ਦਾ ਸਭਤੋਂ ਮਾਣ ਕਰਨ ਵਾਲਾ ਦਿਨ ਮਿੱਥਦਾ ਹਾਂ। ਗੁਲਾਮ ਲੋਕਾਂ ਵਿਚੋਂ ਹੋਣ ਕਰਕੇ, ਇਸਤੋਂ ਵਡਾ ਹੋਰ ਕੋਈ ਵੀ ਮਾਣ ਨਹੀ ਹੋ ਸਕਦਾ, ਇਸਤੋਂ ਵਡਾ ਹੋਰ ਕੋਈ ਵੀ ਸਨਮਾਨ ਨਹੀ ਹੈ ਕਿ ਅਜ਼ਾਦੀ ਦੀ ਲੜਾਈ ਲੜਨ ਵਾਲੀ ਫੌਜ਼ ਵਿਚ ਮੈਂ ਪਹਿਲਾ ਫੌਜੀ ਬਣ ਗਿਆ ਹਾਂ। ਪਰ ਇਸ ਮਾਣ ਨਾਲ ਕੁਝ ਜ਼ਿੰਮੇਵਾਰੀਆਂ ਵੀ ਵਾਬਸਤਾ ਹਨ ਜਿਨ੍ਹਾਂ ਨਾਲ ਮੈਂ ਡੂੰਘੀ ਤਰ੍ਹਾਂ ਜੁੜਿਆ ਹੋਇਆਂ ਹਾਂ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਤੁਹਾਡੇ ਨਾਲ ਹਰ ਹਨੇਰੇ ਤੇ ਹਰ ਸਵੇਰੇ ਨਾਲ ਖੜਾ ਹਾਂ। ਹਰ ਦੁੱਖ, ਹਰ ਸੁੱਖ, ਹਰ ਕਸ਼ਟ ਤੇ ਹਰ ਵਿਸ਼ੇ ਨਾਲ ਖੜਾ ਹਾਂ। ਇਸ ਵਕਤ ਮੈਂ ਤੁਹਾਨੂੰ ਕੁਝ ਵੀ ਨਹੀ ਦੇ ਸਕਦਾ ਸਿਵਾਏ ਭੁੱਖ, ਪਿਆਸ, ਵਿਖੜੇ ਪੈਂਡੇ, ਧੱਕੇ ਨਾਲ ਤੁਰਨਾ ਤੇ ਮੌਤ ਦੇ। ਪਰ ਜੇ ਤੁਸੀਂ ਜ਼ਿੰਦਗੀ ਤੇ ਮੌਤ ਵਿਚ ਮੇਰੇ ਨਾਲ ਤੁਰੋਗੇ ਤਾਂ ਮੈਂ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਮੈਂ ਤੁਹਾਨੂੰ ਜਿੱਤ ਤੇ ਅਜ਼ਾਦੀ ਦੇ ਰਾਹ ਤੇ ਲੈ ਜਾਵਾਂਗਾ। ਇਸ ਗੱਲ ਦਾ ਕੋਈ ਮਤਲਬ ਨਹੀ ਕਿ ਸਾਡੇ ਵਿਚੋਂ ਕੌਣ ਅਜ਼ਾਦ ਭਾਰਤ ਨੂੰ ਵੇਖਣ ਲਈ ਜਿੰਦਾ ਬਚੇਗਾ। ਇਹ ਹੀ ਕਾਫੀ ਹੈ ਕਿ ਭਾਰਤ ਅਜ਼ਾਦ ਹੋ ਜਾਵੇਗਾ ਤੇ ਅਸੀਂ ਭਾਰਤ ਦੀ ਅਜ਼ਾਦੀ ਲਈ ਆਪਣਾ ਸਭ ਕੁਝ ਨਿਸ਼ਾਵਰ ਕਰ ਦੇਵਾਂਗੇ। ਰਬ ਸਾਨੂੰ ਅਸ਼ੀਰਵਾਦ ਦੇਵੇ ਤੇ ਹੋਣ ਵਾਲੀ ਲੜਾਈ ਵਿਚ ਸਾਨੂੰ ਫਤਹਿ ਬਖਸ਼ੇ।

## ਪ੍ਰੀਤੀ ਲਤਾ ਵਾਡੇਕਰ

ਪ੍ਰੀਤੀ ਲਤਾ ਵਾਡੇਕਰ ਦਾ ਜਨਮ ਮਈ 5, 1911 ਨੂੰ ਢੌਲਾਘਾਟ ਪਿੰਡ ਵਿਚ ਹੋਇਆ ਜੋ ਚਿਟਾਗਾਂਗ ਜਿਲ੍ਹੇ ਵਿਚ ਹੈ। ਪਿਤਾ ਦਾ ਨਾਮ ਜਗਬੰਧੂ ਵਾਡੇਕਰ ਸੀ। ਜੋ ਚਿਟਾਗਾਂਗ ਮਿਉਨਿਸਪਲਟੀ ਵਿਚ ਹੈੱਡ ਕਲਰਕ ਸਨ। ਮਾਤਾ ਜੀ ਸਥਾਨਕ ਕਰਾਂਤੀਕਾਰੀਆਂ ਦੇ ਸਰਪ੍ਰਸਤ ਸਨ ਤੇ ਸਵਦੇਸ਼ੀ ਅੰਦੋਲਨ ਦੇ ਮਦਦਗਾਰ। 1927 ਵਿਚ ਪ੍ਰੀਤੀ ਨੇ ਡਾ.ਖਾਸਟੋਗੀਰ ਗਰਲਜ਼ ਕਾਲਜ਼ ਤੋਂ ਫਸਟ ਡਵੀਜ਼ਨ ਵਿਚ ਐਸ.ਐਸ਼.ਸੀ. ਦੀ ਡਿਗਰੀ ਹਾਸਲ ਕੀਤੀ। ਇਸਤੋਂ ਬਾਦ ਉਹ ਢਾਕਾ ਚਲੇ ਗਏ ਤਾਂ ਕਿ ਅਗਲੇਰੀ ਪੜ੍ਹਾਈ ਕੀਤੀ ਜਾਵੇ ਤੇ ਈਡਨ ਕਾਲਜ਼ ਵਿਚ ਦਾਖਲਾ ਲੈ ਲਿਆ। ਪ੍ਰੀਤੀ ਲਤਾ ਨੇ ਢਾਕਾ ਵਿਚ ਕਰਾਂਤੀਕਾਰੀ ਔਰਤਾਂ ਦੇ ਸੰਗਠਨ 'ਦੀਪਾਲੀ ਸੰਗ' ਵਿਚ ਸ਼ਮੂਲੀਅਤ ਕਰ ਲਈ। ਪ੍ਰੀਤੀ ਲਤਾ ਨੇ 1929 ਵਿਚ ਐਚ.ਐਸ.ਸੀ. ਇਮਤਿਹਾਨ ਵਿਚ ਟੌਪ ਰਹਿੰਣ ਵਾਲੀਆਂ ਕੁੜੀਆ ਵਿਚ ਆਪਣਾ ਨਾਮ ਦਰਜ ਕਰਵਾਇਆ। ਆਪਣੀ ਇਸ ਵਿਲਖਣ ਪ੍ਰਾਪਤੀ ਲਈ ਬੋਰਡ ਔਫ ਐਜੂਕੇਸ਼ਨ ਵਲੋਂ ਮਹੀਨੇਵਾਰ ਦਿੱਤਾ ਜਾਣ ਵਾਲਾ ਵਜੀਫਾ ਪ੍ਰਾਪਤ ਕੀਤਾ। ਇਸ ਆਰਥਿਕ ਮਦਦ ਨਾਲ ਪ੍ਰੀਤੀ ਲਤਾ ਨੇ ਕਲਕਤਾ ਵਿਖੇ ਹੋਰ ਉਚ ਵਿਦਿਆ ਲਈ ਉਦਮ ਕੀਤਾ। ਇਹ ਉਹ ਬੰਗਾਲ ਸੀ ਜੋ ਇਕਠਾ ਸੀ ਤੇ ਸਭਿਅਤਾ ਤੇ ਐਜੂਕੇਸ਼ਨ ਦਾ ਕੇਂਦਰ ਸੀ। ਪ੍ਰੀਤੀ ਲਤਾ ਨੇ ਸ਼ਾਨਾਮੱਤੇ ਬੇਥੰਨ ਕਾਲਜ ਵਿਚ ਦਾਖਲਾ ਲਿਆ। ਆਪਣੇ ਕੁਝ ਕਾਲਜ ਦੋਸਤਾਂ ਨਾਲ ਉਸਨੇ ਜਲਦੀ ਹੀ ਸਟੂਡੈਂਟਸ ਦਾ ਫੋਰਮ ਬਣਾ ਲਿਆ ਤੇ ਇਹ ਫੋਰਮ ਕਰਾਂਤੀਕਾਰੀ ਲੀਹਾਂ ਤੇ ਬਣਾਇਆ ਗਿਆ। ਇਸ ਗਰੁਪ ਨੇ ਫੰਡ ਇਕਤਰ ਕੀਤੇ ਤਾਂ ਕਿ

ਚਿਟਾਗਾਂਗ ਵਿਚਲੇ ਕਰਾਂਤੀਕਾਰਾਂ ਦੀ ਮਦਦ ਕੀਤੀ ਜਾ ਸਕੇ ਤੇ ਇੱਕ ਰੀਡਰਸ ਫੋਰਮ ਦੀ ਸਥਾਪਤੀ ਕੀਤੀ ਤਾਂ ਕਿ ਕਾਲਜ਼ ਦੇ ਵਿਦਿਆਰਥੀਆਂ ਵਿਚ ਦੇਸ਼-ਭਗਤੀ ਦੀ ਭਾਵਨਾ ਜਗਾਈ ਜਾਵੇ।

ਪਾਰਟੀ ਦੀ ਹਾਈ ਕਮਾਡ ਦੇ ਨਿਰਦੇਸ਼ਾਂ ਅਧੀਨ ਪ੍ਰੀਤੀ ਲਤਾ ਨੇ ਧਮਾਕੇ ਵਾਲੀ ਸਮਗਰੀ ਕਲਕਤਾ ਦੀਆਂ ਰੂਪੋਸ਼ ਫੈਕਟਰੀਆਂ ਤੋਂ ਪ੍ਰਾਪਤ ਕੀਤੀ ਤੇ ਸਮਗਰੀ ਚਿਟਾਗਾਂਗ ਲੈ ਗਈ। ਬੇਥੰਨ ਕਾਲਜ ਦੀਆਂ ਉਸਦੀਆਂ ਜਾਣੂਆਂ, ਕਲਪਨਾ ਦੱਤਾ, ਸਰੋਜਨੀ ਪਾਲ, ਕੁਮਦੀਨੀ ਰਖਿਤ, ਰੇਣੁਕਾ ਰਾਏ, ਤੇ ਕਮਲਾ ਮੁਕਰਜੀ ਨੇ ਪ੍ਰੀਤੀ ਦੀ ਇਸ ਕਾਰਜ ਵਿਚ ਮਦਦ ਕੀਤੀ। 1930 ਵਿਚ ਪ੍ਰੀਤੀ ਲਤਾ ਨੇ ਬੀ.ਏ. ਔਨਰਜ਼ ਦੀ ਜਗ੍ਹਾ ਬੀ.ਏ. ਪਾਸ ਵਿਚ ਦਾਖਲਾ ਲੈਕੇ ਵਿਲਖਣ ਪੁਜ਼ੀਸ਼ਨ ਹਾਸਲ ਕੀਤੀ। ਚਿਟਾਗਾਂਗ ਵਾਪਸ ਆਕੇ ਅਧਿਆਪਨ ਦਾ ਕੰਮ ਸ਼ੁਰੂ ਕੀਤਾ ਤੇ ਨਵੇਂ ਬਣੇ ਅੰਗਰੇਜੀ ਸਕੂਲ 'ਅਪਰਨਾ ਚਰਨ ਹਾਈ ਸਕੂਲ' ਵਿਚ ਪ੍ਰਿੰਸੀਪਲ ਦੀ ਨੌਕਰੀ ਨਾਲ ਆਪਣਾ ਕੈਰੀਅਰ ਸ਼ੁਰੂ ਕੀਤਾ। ਪ੍ਰੀਤੀ ਲਤਾ ਹੁਣ ਜੁਗੰਤਰ- ਇੱਕ ਭੇਤ ਭਰੇ ਕਰਾਂਤੀਕਾਰੀ ਸੰਸਥਾ ਦੀ ਮੈਂਬਰ ਸੀ।

ਅਪ੍ਰੈਲ 22, 1930 ਨੂੰ ਜਲਾਲਾਬਾਦ ਲੜਾਈ ਵਿਚ ਕਾਮਰੇਡ ਅਰਧੇਂਦੂ ਦਸਤੀਦਾਰ ਦੀ ਮੌਤ ਨੇ ਉਸ ਅੰਦਰ ਜੁਆਲਾ ਦੀ ਚਿੰਗਾਰੀ ਸੁਲਗਾ ਦਿੱਤੀ। ਜੂਨ 13, 1932 ਨੂੰ ਪ੍ਰੀਤੀ ਲਤਾ ਨੇ ਮਾਸਟਰ ਦਾ ਸੁਰੀਆ ਸੇਨ ਨਾਲ ਜੋ ਬੰਗਾਲ ਦਾ ਸੁਪ੍ਰਸਿਧ ਮੰਨਿਆ ਹੋਇਆ ਕਰਾਂਤੀਕਾਰੀ ਸੀ ਨਾਲ ਉਸਦੀ ਰਿਹਾਇਸ਼, ਢੋਲਘਾਟ ਦੇ ਸਵਿਤਰੀ ਦੇਵੀ ਵਿਖੇ, ਗੁਪਤ ਮੁਲਾਕਾਤ ਕੀਤੀ। ਉਸਨੇ ਦਲੀਲ ਦਿੱਤੀ ਕਿ ਬਹੁਤ ਸਾਰੇ ਨੌਜਵਾਨਾਂ ਨੇ ਦੇਸ਼ ਦੀ ਅਜ਼ਾਦੀ ਲਈ, ਆਪਣੀ ਜਾਨ ਦੀ ਆਹੂਤੀ ਦਿੱਤੀ ਹੈ, ਇਸਲਈ ਹੁਣ ਸਮਾਂ ਆ ਗਿਆ ਹੈ ਕਿ ਔਰਤਾਂ ਵੀ ਇਸ ਸਨਮਾਨ ਨੂੰ ਪ੍ਰਾਪਤ ਕਰਨ ਲਈ ਅੱਗੇ ਆਉਂਣ। ਔਰਤਾਂ ਨੂੰ ਵੀ ਹਥਿਆਰਬੰਦ ਘੋਲ ਵਿਚ ਹਿੱਸਾ ਲੈਣ ਲਈ ਬਰਾਬਰ ਦਾ ਹੱਕ ਮਿਲਣਾ ਚਾਹੀਦਾ ਹੈ।

ਚਿਟਾਗਾਂਗ ਦੇ ਯੌਰਪੀਅਨ ਕਲਬ ਤੇ ਹਮਲਾ ਕਰਨ ਦਾ ਕੰਮ ਅਸਲ ਵਿਚ ਗੁਰੀਲੇ ਸ਼ਾਲੇਸ਼ੇਵਰ ਚਕਰਵਰਤੀ ਨੂੰ ਸੌਂਪਿਆ ਗਿਆ ਸੀ ਜੋ ਵਖ ਵਖ ਕਾਰਣਾਂ ਕਰਕੇ ਦੋ ਵਾਰੀ ਅਸਫਲ ਹੋ ਚੁੱਕਾ ਸੀ। ਸਤੰਬਰ, 1932, ਸੁਰੀਆ ਸੇਨ ਸਾਊਥ ਕਟੈਲੀ ਪਿੰਡ ਵਿਚ ਆਇਆ ਤੇ ਉਸਨੇ ਚਿਟਾਗਾਂਗ ਦੀ ਯੋਰਪੀਨ ਕਲਬ ਤੇ ਹਮਲਾ ਕਰਨ ਦੀਆ ਵਿਧੀਆਂ ਬਾਰੇ ਗੱਲ ਛੇੜ ਲਈ। ਹਾਈ ਕਮਾਂਡ ਦੇ ਨਿਰਦੇਸ਼ ਆ ਗਏ ਤੇ ਪ੍ਰੀਤੀ ਲਤਾ ਤੇ ਕਲਪਨਾ ਦੱਤਾ ਨੇ ਮਰਦਾਨਾ ਕਪੜੇ ਪਾ ਲਏ ਤੇ ਸੁਰੀਆ ਸੇਨ ਨਾਲ ਗੁਪਤ ਮੀਟਿੰਗ ਰਖ ਲਈ। ਬਦ ਕਿਸਮਤੀ ਨਾਲ ਕਲਪਨਾ ਦੱਤਾ ਪਹਾੜਤੱਲੀ ਵਿਖੇ ਗਰਿਫਤਾਰ ਹੋ ਗਈ ਪਰ ਪ੍ਰੀਤੀ ਲਤਾ ਖਿਸਕਣ ਵਿਚ ਕਾਮਯਾਬ ਹੋ ਗਈ। ਸੁਰੀਆ ਸੇਨ ਨੇ ਪ੍ਰੀਤੀ ਲਤਾ ਨੂੰ ਦਸਿਆ ਕਿ ਯੋਰਪੀਨ ਕਲਬ ਦੇ ਹਮਲਾ ਕਰਨ ਵਾਲੀ ਟੀਮ ਦੀ ਲੀਡਰ ਚੁਣ ਲਈ ਗਈ ਹੈ। ਇਹ ਹਮਲਾ 23 ਸਤੰਬਰ, 1932 ਨੂੰ ਕਰਨਾ ਸੀ। ਉਸਦੀ ਟੀਮ ਵਿਚ ਹੋਰ ਸਨ, ਸਾਂਤੀ ਚਕਰਵਰਤੀ, ਕਾਲੀ ਡੇ, ਸੁਸ਼ੀਲ ਡੇ, ਪਰਫੁਲ ਦਾਸ ਤੇ ਮਹਿੰਦਰਾ ਚੌਧਰੀ।

ਸਤੰਬਰ 23, 1932 ਰਾਤ ਵੇਲੇ ਨੌ ਵੱਜਕੇ ਪੰਨਤਾਲੀ ਮਿੰਟ ਤੇ ਸੁਰੀਆ ਸੇਨ ਆਪਣੇ ਇੱਕ ਬੌਡੀ ਗਾਰਡ ਨਾਲ ਕਟਾਲੀ ਵਿਖੇ ਆਪਣੇ ਕਾਮਰੇਡ ਨੂੰ ਉਪਰੇਸ਼ਨ ਦੀ ਸਫਲਤਾ ਲਈ ਗੁਡ ਲੱਕ ਕਹਿੰਣ ਆਇਆ। ਰਾਤ ਦਸ ਵਜ਼ੇ ਪ੍ਰਤੀ ਲਤਾ ਤੇ ਉਸਦੇ ਕਾਮਰੇਡਾਂ ਨੇ ਫੌਜੀ ਵਰਦੀਆਂ ਪਹਿਨ ਲਈਆਂ ਆਪਣੇ ਕਮਾਂਡਰ ਦਾ ਅਸ਼ੀਰਵਾਦ ਲਿਆ ਤੇ ਉਪਰੇਸ਼ਨ ਲਈ ਚਲ ਪਏ। ਛੇਤੀ ਹੀ ਉਹ ਯੋਰਪੀਅਨ ਕਲਬ ਪਹੁੰਚ ਗਏ ਤੇ ਕਲਬ ਦੇ ਕੋਲ ਝਾੜੀਆਂ ਵਿਚ ਪੁਜ਼ੀਸ਼ਨਾਂ ਲੈ ਲਈਆਂ। ਉਨ੍ਹਾ ਕੋਲ ਅੰਗਰੇਜ਼ ਫੌਜ ਤੋਂ ਖੋਹੀਆਂ ਰਾਈਫਲਾਂ, ਪਿਸਟਲ ਤੇ ਬੰਬ ਸਨ। ਬ੍ਰਿਟਿਸ਼ ਫੌਜੀ ਅਫਸਰ ਅੰਦਰ ਮੌਜ ਮੇਲਾ ਕਰ ਰਹੇ ਸਨ ਜਦ ਪ੍ਰੀਤੀ ਲਤਾ ਆਪਣੀ ਟੀਮ ਨਾਲ ਹਮਲੇ ਦੀ ਤਿਆਰੀ ਕਰ ਰਹੀ ਸੀ। ਕਲਬ ਦੇ ਗੇਟ ਤੇ ਫੌਜੀ ਗਾਰਡਾਂ ਦਾ ਪਹਿਰਾ ਸੀ। ਜਿਉਂ ਹੀ ਕਲਬ ਦੇ ਰਸੌਈਏ ਵਲੋਂ ਖਾਣੇ ਦਾ ਘੁਗੂ ਵਜਾਇਆ ਗਿਆ। ਪ੍ਰੀਤੀ ਲਤਾ ਤੇ ਉਸਦੀ ਟੀਮ ਨੇ ਹਨੇਰੀ ਵਾਂਗ ਕਲਬ ਤੇ ਹੱਲਾ ਬੋਲ ਦਿੱਤਾ। ਸਭਤੋਂ ਪਹਿਲਾਂ ਗਾਰਡਾਂ ਨੂੰ ਭੁੰਨਿਆ ਗਿਆ ਤੇ ਪ੍ਰੀਤੀ ਨੇ ਉਚੀ ਅਵਾਜ਼ ਵਿਚ ਚਾਰਜ ਕਿਹਾ। ਚਾਰੇ ਪਾਸਿਉਂ ਕਾਮਰੇਡ ਆ ਸ਼ਾਮਲ ਹੋਏ ਤੇ ਕਲਬ ਤੇ ਗੋਲੀਆਂ ਚਲਾਉਂਣੀਆਂ ਸ਼ੁਰੂ ਕਰ ਦਿੱਤੀਆਂ। ਜਿਉਂ ਹੀ ਪ੍ਰੀਤੀ ਲਤਾ ਗੇਟ ਤੇ ਪਹੁੰਚੀ ਉਸਨੇ ਮੇਨ ਗੇਟ ਰਾਹੀਂ ਅੰਦਰ ਬੰਬ ਸੁਟਿਆ। ਅੰਦਰ ਬੈਠੇ ਬ੍ਰਿਟਿਸ਼ ਇਸ ਅਚਾਨਕ ਗੁਰੀਲੇ ਹਮਲੇ ਲਈ ਤਿਆਰ ਨਹੀ ਸਨ। ਸਾਰੇ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜੇ। ਹਫੜਾ ਦਫੜੀ ਮੱਚ ਗਈ। ਇੱਕ ਅੰਗਰੇਜ਼ ਨੇ ਜੇਮਜ਼ ਬਾਂਡ ਵਾਂਗ ਵਿਹਾਰ ਕਰਦਿਆਂ ਘੁੰਮਾ ਕੇ ਆਪਣਾ ਕਟੋਰਾ ਸੁਟਿਆ। ਪ੍ਰੀਤੀ ਲਤਾ ਨੇ ਇਸ ਨੂੰ ਥਾਂ ਹੀ ਫੁੰਡ ਦਿੱਤਾ।

ਜਲਦੀ ਹੀ ਲਾਗੇ ਦੀ ਛਾਉਣੀ ਤੋਂ ਮਿਲਟਰੀ ਦੀ ਪਲਟਣ ਮਦਦ ਵਾਸਤੇ ਆ ਗਈ। ਹਥਿਆਰਾਂ ਨਾਲ ਲੈਸ ਫੌਜ ਦੀ ਟੁਕੜੀ ਨੂੰ ਦੇਖਕੇ ਪ੍ਰੀਤੀ ਲਤਾ ਨੇ ਆਪਣੇ ਕਾਮਰੇਡਾਂ ਨੂੰ ਆਦੇਸ਼ ਦਿੱਤਾ ਕਿ ਪਿੱਛੇ ਹਟ ਜਾਵੋ ਤੇ ਇਥੋਂ ਨਿਕਲਣ ਦੀ ਕਰੋ। ਉਸਦਾ ਹੁਕਮ ਮੰਨਦਿਆਂ ਪਿੱਛੇ ਹਟਣਾ ਸ਼ੁਰੂ ਕੀਤਾ। ਪ੍ਰੀਤੀ ਲਤਾ ਨੇ ਸਾਰੇ ਮੋਰਚਿਆਂ ਦਾ ਚਕਰ ਲਾਕੇ ਵੇਖਿਆ ਕਿ ਉਸਦੇ ਕਾਮਰੇਡ ਠੀਕ ਠਾਕ ਹਨ। ਗੁਰੀਲਿਆਂ ਦਾ ਟੋਲਾ ਜਲਦੀ ਹੀ ਕਲਬ ਕੋਲ ਪੈਂਦੀ ਰੇਲ ਲਾਇਨ ਕੋਲ ਪਹੁੰਚ ਗਿਆ। ਟੋਲੀ ਨੂੰ ਕਵਰ ਕਰਨ ਵਾਲੀ ਟੀਮ ਵੀ ਉਥੇ ਸੀ ਜੋ ਉਨ੍ਹਾਂ ਦੀ ਸੁਰਖਿਆ ਲਈ ਸੀ। ਉਨ੍ਹਾਂ ਨੇ ਪਹਾੜਤਲੀ ਬਜ਼ਾਰ ਵਲ ਜਾਣਾ ਠੀਕ ਸਮਝਿਆ ਕਿਉਂਕਿ ਕਾਟਲੀ ਪਿੰਡ ਬਜ਼ਾਰ ਦੇ ਨੇੜੇ ਸੀ। ਜਦੋਂ ਉਹ ਬਜ਼ਾਰ ਵਲ ਜਾ ਰਹੇ ਸਨ ਤਾਂ ਇਕ ਅੰਗਰੇਜ਼ ਜੋ ਗੰਦੇ ਪਾਣੀ ਦੇ ਗਟਰ ਵਿਚ ਲੁਕਿਆ ਪਿਆ ਸੀ ਨੇ ਪ੍ਰੀਤੀ ਲਤਾ ਤੇ ਗੋਲੀ ਚਲਾ ਦਿੱਤੀ। ਗੋਲੀ ਪ੍ਰੀਤੀ ਲਤਾ ਦੀ ਛਾਤੀ ਵਿਚ ਵੱਜੀ। ਉਹ ਚੌਫਾਲ ਡਿਗ ਪਈ ਤੇ ਪਰਲ ਪਰਲ ਖੂਨ ਦੀਆਂ ਘਰਾਲਾਂ ਵਗਣ ਲੱਗੀਆਂ। ਪ੍ਰੀਤੀ ਲਤਾ ਤੇ ਜਮਾਦਰੂ ਬਗਾਵਤੀ ਸੀ ਤੇ ਉਸਨੇ ਜਖ਼ਮੀ ਹੋਈ ਨੇ ਫੈਸਲਾ ਕੀਤਾ ਕਿ ਉਹ ਅੰਗਰੇਜ਼ ਨੂੰ ਆਤਮ ਸਮਰਪਣ ਨਹੀ ਕਰੇਗੀ। ਉਸਨੇ ਸਾਇਆਨਾਈਡ ਦੀ ਗੋਲੀ ਕਢੀ ਨਿਗਲ ਲਈ ਤੇ ਸ਼ਹਾਦਤ ਦਾ ਜਾਮ ਪੀ ਗਈ।

# ਬੇਗਮ ਰੁਕਈਆ (1880-1932)

ਰੁਕਈਆ ਸਖਾਵਤ ਹੁਸੈਨ ਦਾ ਜਨਮ ਬੰਗਾਲੀ ਮੁਸਲਮ ਅਮੀਰ ਘਰਾਣੇ ਵਿਚ ਹੋਇਆ। ਜਿਲ੍ਹਾ ਰੰਗਪੁਰ ਦੇ ਛੋਟੇ ਜਿਹੇ ਪਿੰਡ ਪੈਰਾਬੰਦ, ਜਿਹੜਾ ਅੱਜਕਲ ਬੰਗਲਾਦੇਸ਼ ਦੇ ਉਤਰ ਵਲ ਹੈ। ਉਦੋਂ ਇਹ ਬੰਗਾਲ ਬ੍ਰਿਟਿਸ਼ ਪਰੈਜ਼ੀਡੈਂਸੀ ਦੀ ਬਸਤੀ ਸੀ। ਉਸਦੇ ਜਨਮ ਤਰੀਕ ਦਾ ਪੱਕਾ ਪਤਾ ਨਹੀ ਪਰ ਉਸਦਾ ਇੱਕ ਭਤੀਜਾ ਇਹ ਤਰੀਕ ਦਸੰਬਰ 9, 1880 ਦਸਦਾ ਹੈ। ਉਸਦੀ ਮਾਤਾ ਰਾਹਤ ਅਨੈਸਾ ਸਬੇਰਾ ਚੌਧਰਾਣੀ ਸੀ। ਮਾਤਾ ਬਾਰੇ ਬਹੁਤਾ ਪਤਾ ਨਹੀ ਲਗਦਾ ਪਰ ਉਹ ਪਰਦਾ ਕਰਨ ਦੀ ਸਖਤੀ ਨਾਲ ਪਾਲਣਾ ਕਰਦੀ ਸੀ। ਇਸਦਾ ਜ਼ਿਕਰ ਰੁਕਈਆ ਆਪਣੇ ਲੇਖਾਂ ਵਿਚ ਕਰਦੀ ਹੈ, ਉਹ ਲੇਖ ਜਿਨ੍ਹਾ ਅਨੁਸਾਰ ਪਰਦੇ ਦੀ ਰਸਮ ਦੇ ਕੁਝ ਭੈੜੇ ਅਸਰ ਕਿਸਤਰ੍ਹਾਂ ਹੁੰਦੇ ਹਨ। ਉਸਦਾ ਅੱਬਾ ਜ਼ਹਿਰੁਦੀਨ ਮੁੰਹਮਦ ਅਬੂ ਅਲੀ ਸਾਬਰ, ਬਹੁਤ ਪੜ੍ਹਿਆ ਲਿਖਿਆ ਅਸਰ ਰਸੂਖ ਵਾਲਾ ਜ਼ਿੰਮੀਦਾਰ ਸੀ ਜਿਸਦੀ ਜਗਰੀਦਾਰੀ ਦੇ ਘੇਰੇ ਵਿਚ ਜ਼ਿੰਦਗੀ ਆਪਣੇ ਸੰਸਕਾਰਾਂ ਨਾਲ ਜੀਵੀ ਜਾਂਦੀ ਸੀ। ਰੁਕਈਆ ਦੇ ਦੋ ਭਰਾ ਸਨ ਅਬੂ ਅਸਦ ਇਬਰਾਹੀਮ ਸਾਬਰ ਅਤੇ ਖਲੀਲੁਰ ਰਹਿਮਾਨ ਅਬੂ ਜੈਗਮ ਸਾਬਰ ਅਤੇ ਦੋ ਭੈਣਾਂ ਕਰੀਮੁਨੀਸਾ ਅਤੇ ਹੁਮੈਰਾ ਸਨ। ਭਰਾਵਾਂ ਦੀ ਮੁੱਢਲੀ ਵਿਦਿਆ ਘਰ ਦੀ ਸੀ ਜਿਵੇਂ ਕਿ ਇਹ ਖਾਨਦਾਨ ਦੀ ਰੀਤ ਸੀ ਬਾਦ ਵਿਚ ਕਲਕਤੇ ਦੇ ਸਭਤੋਂ ਜ਼ਿਆਦਾ ਪ੍ਰਤਿਸ਼ਠਾ ਵਾਲੇ ਅਦਾਰੇ ਸੇਂਟ ਜ਼ਾਇਵੀਅਰ ਕਾਲਜ਼ ਵਿਚ ਉਚ ਵਿਦਿਆ ਲਈ ਦਾਖਲ ਹੋ ਗਏ।

ਰੁਕਈਆ ਤੇ ਉਸਦੀਆਂ ਭੈਣਾਂ ਦੀ ਪੜ੍ਹਾਈ ਲਿਖਾਈ ਰਸਮੀ ਤੌਰ ਤੇ ਘਰ ਹੀ ਹੋਈ ਜੋ ਕਿ ਔਰਤਾਂ ਲਈ ਆਮ ਸੰਸਕਾਰੀ ਸੀ। ਜਿਸਤਰ੍ਹਾਂ ਕਿ ਇਹ ਉਚ ਖਾਨਦਾਨ ਵਾਲੇ ਮੁਸਲਮ ਪਰਿਵਾਰਾਂ ਦੀ ਰੀਤ ਸੀ, ਕੁੜੀਆਂ ਨੂੰ ਸਿਰਫ ਅਰਬੀ ਹੀ ਪੜ੍ਹਾਈ ਜਾਂਦੀ ਸੀ ਤਾਂ ਕਿ ਉਹ ਕੁਰਾਨ ਪੜ੍ਹ ਸਕਣ ਤੇ ਉਰਦੂ ਵੀ ਪੜ੍ਹ ਸਕਦੀਆਂ ਸਨ ਤਾਂ ਕਿ ਔਰਤਾਂ ਸਬੰਧੀ ਮਸ਼ਹੂਰ ਕਿਤਾਬਾਂ ਪੜ੍ਹ ਸਕਣ। ਔਰਤਾਂ ਨੂੰ ਬੰਗਾਲੀ ਤੇ ਅੰਗਰੇਜ਼ੀ ਦੀ ਪੜ੍ਹਾਈ ਤੋਂ ਵਿਰਵੇ ਹੀ ਰਖਿਆ ਜਾਂਦਾ ਕਿਉਂਕਿ ਇਹ ਗੈਰ ਮੁਸਲਮ ਭਾਸ਼ਾ ਸੀ ਤੇ ਔਰਤਾਂ ਨੂੰ ਕੋਈ ਲੋੜ ਨਹੀ, ਇਸਨੂੰ ਸਿਖਣ ਦੀ, ਉਹ ਘਰ ਦੀ ਚਾਰ ਦਿਵਾਰੀ ਵਿਚ ਹੀ ਰਹਿੰਣ। ਰੁਕਈਆ ਦਾ ਵਡਾ ਭਰਾ ਜਿਸਨੇ ਪਛਮ ਦੀ ਪੜ੍ਹਾਈ ਕੀਤੀ ਸੀ ਤੇ ਉਸਦੇ ਪ੍ਰਭਾਵ ਅਨੁਸਾਰ ਹੀ ਉਹ ਔਰਤਾਂ ਦੀ ਸਿਖਿਆ ਦੇ ਹੱਕ ਵਿਚ ਸੀ। ਉਸਨੇ ਭੇਤ ਨਾਲ ਰੁਕਈਆ ਨੂੰ ਅੰਗਰੇਜ਼ੀ ਤੇ ਬੰਗਾਲੀ ਘਰੇ ਹੀ ਪੜਾਉਣੀ ਸ਼ੁਰੂ ਕਰ ਦਿੱਤੀ।

1896 ਈਸਵੀ ਨੂੰ ਇਬਰਾਹੀਮ ਦੇ ਜ਼ਰੀਏ ਰੁਕਈਆ ਦੀ ਸ਼ਾਦੀ ਹੋ ਗਈ ਜਦੋਂ ਉਸਦੀ ਉਮਰ 16 ਸਾਲ ਸੀ। ਉਸਦਾ ਪਤੀ ਸਈਅਦ ਸਖਾਵਤ ਹੁਸੈਨ ਜੋ ਬਿਹਾਰ ਰਿਜ਼ਨ ਵਿਚ ਬੰਗਾਲ ਰੈਜ਼ੀਡੈਂਸੀ ਦਾ ਜਿਲ੍ਹਾ ਮਜਿਸਟਰੇਟ ਸੀ। ਉਸਦੀ ਉਮਰ ਤੀਹ ਤੋਂ ਉਪਰ ਸੀ ਤੇ ਪਹਿਲੀ ਬੀਵੀ ਦਾ ਦੇਹਾਂਤ ਹੋ ਚੁੱਕਾ ਸੀ। ਇਬਰਾਹੀਮ ਉਸਦੇ ਖੁਲੇ ਡੁਲੇ ਸੁਭਾਅ ਤੋਂ ਬਹੁਤ ਪ੍ਰਭਾਵਿਤ ਸੀ ਸਈਅਦ ਸਥਾਨਿਕ ਤੇ ਲੰਡਨ ਦਾ ਪੜ੍ਹਿਆ ਹੋਇਆ ਸੀ। ਉਹ ਦੋਵੇਂ ਭਾਗਲਪੁਰ, ਬਿਹਾਰ ਵਿਚ ਸੈਟਲ ਹੋ ਗਏ। ਔਲਾਦ ਹੋਈ ਪਰ ਬਚੀ ਨਹੀ। ਸਈਅਦ ਦਾ ਵਿਚਾਰ ਸੀ ਕਿ ਔਰਤਾਂ ਦੀ ਪੜ੍ਹਾਈ ਲਿਖਾਈ ਸਮਜਿਕ ਕੁਰੀਤੀਆਂ ਦਾ

ਹੱਲ ਹੈ। ਉਸਨੇ ਰੁਕਈਆ ਨੂੰ ਹੱਲਾਸ਼ੇਰੀ ਦਿੱਤੀ ਤੇ ਰੁਕਈਆ ਆਪ ਵੀ ਔਰਤਾਂ ਦੀ ਪੜ੍ਹਾਈ ਦੇ ਹੱਕ ਵਿਚ ਸੀ। ਦਸ ਹਜ਼ਾਰ ਰੁਪਏ ਖਰਚ ਕੇ ਉਸਨੇ ਔਰਤਾਂ ਲਈ ਸਕੂਲ ਖੋਲ੍ਹ ਲਿਆ। ਵਿਆਹ ਤੋਂ ਗਿਆਰਾਂ ਸਾਲ ਬਾਦ 1909 ਵਿਚ ਸਈਅਦ ਦੀ ਮੌਤ ਹੋ ਗਈ ਤੇ ਰੁਕਈਆ ਨੇ ਉਸਦੀ ਯਾਦ ਵਿਚ ਭਾਗਲਪੁਰ ਸਕੂਲ ਸ਼ੁਰੂ ਕਰ ਲਿਆ। 1910 ਨੂੰ ਪਰਿਵਾਰ ਦੀ ਜਾਇਦਾਦ ਨੂੰ ਲੈਕੇ ਪਤੀ ਦੀ ਪਹਿਲੀ ਬੇਟੀ ਨਾਲ ਝਗੜੇ ਕਾਰਣ ਭਾਗਲਪੁਰ ਵਾਲਾ ਸਕੂਲ ਬੰਦ ਕਰਨਾ ਪਿਆ ਘਰ ਦਾ ਬੂਹਾ ਭੇੜ, ਉਹ ਕਲਕਤੇ ਚਲੇ ਗਈ ਜਿੱਥੇ ਉਸਨੇ ਸੇਖਾਵਤ ਮੈਮੋਰੀਅਲ ਗਰਲਜ਼ ਸਕੂਲ ਖੋਲ੍ਹ ਲਿਆ। ਵਿਦਿਆਰਥੀਆਂ ਦੀ ਗਿਣਤੀ ਜਿਹੜੀ 1911 ਵਿਚ ਅੱਠ ਸੀ 1915 ਨੂੰ ਇਹ ਗਿਣਤੀ 84 ਹੋ ਗਈ। ਇਸ ਸਕੂਲ ਦੀ ਪ੍ਰਤੀਸ਼ਿਠਾ ਬਹੁਤ ਵਧ ਗਈ ਤੇ 1917 ਵਿਚ ਲੇਡੀ ਚੈਮਸਫੋਰਡ ਜੋ ਇੰਡੀਆ ਦੇ ਗਵਰਨਰ ਜਨਰਲ ਅਤੇ ਵਾਇਸਰਾਏ ਦੀ ਪਤਨੀ ਸੀ ਨੇ ਸਕੂਲ ਦਾ ਦੌਰਾ ਕੀਤਾ। ਇਸਤੋਂ ਬਾਦ ਸੁਪ੍ਰਸਿਧ ਲੋਕਾਂ ਨੇ ਇਸ ਸਕੂਲ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। 1930 ਵਿਚ ਇਹ ਲੜਕੀਆਂ ਦਾ ਹਾਈ ਸਕੂਲ ਬਣ ਗਿਆ ਜਿੱਥੇ ਅੰਗਰੇਜ਼ੀ ਤੇ ਬੰਗਾਲੀ ਪੜ੍ਹਾਈ ਜਾਂਦੀ ਸੀ। ਕਲਕਤੇ ਦੇ ਸ਼ਹਿਰੀ ਕੰਮਾ ਵਿਚ ਉਸਦੀ ਦਿਲਚਸਪੀ ਵਧ ਗਈ ਤੇ ਉਸਦਾ ਹਰ ਸੁਝਾਅ ਕਾਬਿਲੇ ਗੌਰ ਹੁੰਦਾ। 1916 ਵਿਚ ਉਸਨੇ ਇੱਕ ਐਸੋਸੀਏਸ਼ਨ ਦਾ ਗਠਨ ਕੀਤਾ ਜਿਸਦਾ ਨਾਮ ਸੀ ਅਨਜੁਮਨ-ਏ-ਖਵਾਤੀਨ-ਏ-ਇਸਲਾਮ (ਬੰਗਾਲੀ ਮੁਸਲਮ ਵੋਮੈਨ ਐਸੋਸੀਏਸ਼ਨ)। 1926 ਵਿਚ ਰੁਕਈਆ ਨੇ ਬੰਗਾਲ ਵੋਮੈਂਨ ਐਜੁਕੇਸ਼ਨ ਕਾਨਫਰੰਸ ਜੋ ਕਲਕਤੇ ਸੰਪਨ ਹੋਈ, ਦੀ ਪ੍ਰਧਾਨਗੀ ਕੀਤੀ। ਬਹਿਸਾਂ ਤੇ ਕਾਨਫਰੰਸਾਂ ਹੋਣ ਲਗੀਆਂ ਜਿਨ੍ਹਾਂ ਦਾ ਮਕਸਦ ਔਰਤਾਂ ਦੇ ਹੱਕ ਤੇ ਉਨ੍ਹਾਂ ਲਈ ਪੜ੍ਹਾਈ ਦੇ ਮੋਕਲੇ ਮੌਕੇ ਪਰਦਾਨ ਕਰਨਾ ਸੀ। ਇਹ ਕੰਮ ਉਸਨੇ ਮਰਦੇ ਦੱਮ ਤਕ ਜਾਰੀ ਰਖਿਆ।

ਦਸੰਬਰ 9 1932 ਨੂੰ ਜਦੋਂ ਇੰਡੀਅਨ ਔਰਤਾਂ ਦੀ ਕਾਨਫਰੰਸ ਦੀ ਪਰਧਾਨਗੀ ਤੋਂ ਫਾਰਗ ਹੋਈ ਹੀ ਸੀ ਕਿ ਮੌਤ ਨੇ ਆ ਘੇਰਿਆ। ਜਨਾਜ਼ੇ ਵਿਚ ਮਰਦ, ਔਰਤਾਂ, ਹਿੰਦੂ ਤੇ ਮੁਸਲਮਾਨ ਸਭ ਨੇ ਸ਼ਿਰਕਤ ਕੀਤੀ। ਉਸਦੀ ਮੌਤ ਦਾ ਅਫਸੋਸ ਦੇਸ਼ ਵਿਆਪੀ ਕੀਤਾ ਗਿਆ। ਇਸ ਸਮੇਂ ਦੌਰਾਨ ਹੀ ਉਹ ਔਰਤਾਂ ਦੇ ਹੱਕਾਂ ਬਾਰੇ ਇੱਕ ਲੇਖ ਲਿਖ ਰਹੀ ਸੀ ਪਰ ਉਹ ਲੇਖ ਅਧੂਰਾ ਹੀ ਰਹਿ ਗਿਆ। ਇਹ ਹੀ ਉਸਦੀ ਕਮਾਈ ਸੀ ਕਿ ਉਸਨੇ ਮੁਸਲਮਾਨ ਔਰਤ ਜੋ ਜਨਮ ਤੇ ਆਪਣੀ ਪਰਵਰਿਸ਼ ਦੌਰਾਨ ਹਰ ਕੰਮ ਪਰਦੇ ਵਿਚ ਕਰਨ ਦੀ ਮਜ਼ਬੂਰੀ ਹੇਠ ਪਿਸ ਰਹੀ ਸੀ, ਲਈ ਅਵਾਜ਼ ਬੁਲੰਦ ਕੀਤੀ। ਉਹ ਵੀ ਪਰਦੇ ਵਿਚ ਜੀਅ ਸਕਦੀ ਸੀ ਪਰ ਉਸਨੂੰ ਆਪਣੀ ਇਹ ਹੋਣੀ ਮੰਨਜੂਰ ਨਹੀ ਸੀ। ਉਸਨੇ ਬੰਗਾਲੀ ਤੇ ਅੰਗਰੇਜ਼ੀ ਵਿਚ ਲਿਖਿਆ ਹੀ ਨਹੀ ਬਲਕਿ ਇੱਕ ਅੰਦੋਲਨ ਖੜਾ ਕਰ ਦਿੱਤਾ। ਇੰਡੀਆ ਵਿਚ ਔਰਤਾਂ ਦੀ ਸਿਖਿਆ ਲੈਣ ਦੇ ਮਾਮਲੇ ਵਿਚ ਰੁਕਈਆ ਬੇਗਮ ਦਾ ਬਹੁਤ ਵਡਾ ਹਥ ਹੈ। ਇਹ ਆਪਣੇ ਦੇਸ਼ ਲਈ ਬਹੁਤ ਵਡਾ ਕੰਮ ਸੀ ਜੋ ਉਸਨੇ ਸਰ ਅੰਜਾਮ ਕੀਤਾ।

## ਇਲਬਰਟ ਬਿੱਲ

ਵਾਇਸਰਾਏ ਰਿਪਨ ਨੇ 1883 ਈਸਵੀ ਨੂੰ ਬ੍ਰਿਟਿਸ਼ ਇੰਡੀਆ ਵਾਸਤੇ ਇੱਕ ਬਿੱਲ ਨੂੰ ਪੇਸ਼ ਕੀਤਾ ਜਿਸਨੂੰ ਇਲਬਰਟ ਬਿਲ ਕਿਹਾ ਗਿਆ। ਇਹ ਬਿੱਲ ਸਥਾਪਿਤ

ਕਾਨੂੰਨ ਨੂੰ ਬਦਲਣ ਦੀ ਪ੍ਰਕਿਰਿਆ ਸੀ। ਉਸ ਵਕਤ ਦੇਸ਼ ਵਿਚ ਜੋ ਕਾਨੂੰਨ ਸੀ ਉਸਨੂੰ ਕਾਫੀ ਨਹੀ ਸਮਝਿਆ ਗਿਆ ਤੇ ਇਸ ਬਿਲ ਅਨੁਸਾਰ ਭਾਰਤੀ ਜੱਜਾਂ ਤੇ ਮਜਿਸਟਰੇਟਾਂ ਨੂੰ ਇਹ ਹੱਕ ਮਿਲ ਜਾਂਦਾ ਸੀ ਕਿ ਉਹ ਬ੍ਰਿਟਿਸ਼ ਸਾਮਰਾਜ਼ ਦੇ ਖਿਲਾਫ਼ ਕਰਿਮੀਨਲਜ਼ ਨੂੰ ਜਿਲ੍ਹਾ ਲੈਵਲ ਤੇ ਨਜਿੱਠ ਸਕਦੇ ਸਨ। ਉਨ੍ਹਾਂ ਦਾ ਅਧਿਕਾਰ ਖੇਤਰ ਵਧਾ ਦਿੱਤਾ ਗਿਆ। ਜਿਹੜਾ ਇਸਤੋਂ ਪਹਿਲਾਂ ਅਸੰਭਵ ਸੀ।

ਇਸ ਬਿੱਲ ਦਾ ਨਾਮ ਕੌਂਸਿਲ ਔਫ ਇੰਡੀਆ ਦੇ ਨਵੇਂ ਬਣੇ ਲੀਗਲ ਐਡਵਾਇਜ਼ਰ ਕੋਰਟਨੇ ਇਲਬਰਟ ਦੇ ਨਾਮ ਤੇ ਰਖਿਆ ਗਿਆ। ਇਸਦੀ ਮੁੱਢਲੀ ਡਰਾਫਟਿੰਗ ਉਸਨੇ ਹੀ ਤਹਿ ਕੀਤੀ ਸੀ ਤੇ ਮਕਸਦ ਸੀ ਦੋ ਅਜਿਹੀਆਂ ਅਲਗ ਅਲਗ ਤਜ਼ਵੀਜ਼ਾਂ ਨੂੰ ਇੱਕ ਬਿਲ ਰਾਹੀਂ ਉਘਾੜਨਾ। ਇਸ ਬਿਲ ਦੀ ਪੇਸ਼ੀ ਵੇਲੇ ਬ੍ਰਿਟੇਨ ਵਿਚ ਇਸਦਾ ਘਣਾ ਵਿਰੋਧ ਹੋਇਆ। ਸੈਟਲਮੈਂਟ ਤੋਂ ਬਾਦ ਇਸਦਾ ਸਖ਼ਤ ਵਿਰੋਧ ਭਾਰਤ ਵਿਚ ਵੀ ਹੋਇਆ। 1884 ਵਿਚ ਲਾਗੂ ਹੋਣ ਤੋਂ ਪਹਿਲਾਂ ਜਾਤੀ ਮੂਲਕ ਤਨਾਵ ਵੀ ਉਤਪੰਨ ਹੋਏ। ਬ੍ਰਿਟਿਸ਼ ਤੇ ਇੰਡੀਅਨਜ਼ ਦਰਮਿਆਨ ਤਨਾਵ ਪੂਰਨ ਸਥਿਤੀ ਕੜਵਾਹਟ ਭਰੀ ਡੂੰਘੀ ਹੋਈ। ਇਸ ਕੜਵਾਹਟ ਦੇ ਕਾਰਣ ਹੀ ਇੱਕ ਸਾਲ ਬਾਦ 1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ ਹੋਇਆ।

## ਵਿਵਾਦ---

ਇਸਦਾ ਭਾਰੀ ਵਿਰੋਧ ਬ੍ਰਿਟਿਸ਼ ਟੀ (ਚਾਹ ਪੱਤੀ) ਤੇ ਨੀਲ ਦੀ ਖੇਤੀ ਬਾੜੀ ਕਰਨ ਵਾਲੇ ਮਾਲਕਾਂ ਦੁਆਰਾ ਹੋਇਆ, ਜਿਨ੍ਹਾਂ ਦੀ ਅਗਵਾਈ ਗਰਿਫਿਥ ਈਵਾਨ ਕਰਦਾ ਸੀ। ਉਨ੍ਹਾਂ ਨੂੰ ਡਰ ਸੀ ਕਿ ਅੰਗਰੇਜ਼ਾਂ ਦੇ ਉਲਟ ਭਾਰਤੀ ਜੱਜ, ਉਨ੍ਹਾਂ ਦਾ ਆਪਣੇ ਮਜ਼ਦੂਰਾਂ ਨਾਲ ਕੀਤੇ ਭੈੜੇ ਵਰਤਾਵ ਨੂੰ ਅੱਖੋਂ ਓਹਲੇ ਨਹੀ ਕਰਨਗੇ। ਇਸਦੇ ਨਾਲ ਹੀ ਇਹ ਅਫਵਾਹ ਵੀ ਫੈਲ ਗਈ ਕਿ ਇੱਕ ਗੋਰੀ ਦਾ ਕਲਕਤਾ ਵਿਖੇ ਕਿਸੇ ਭਾਰਤੀ ਨੇ ਬਲਾਤਕਾਰ ਕਰ ਦਿੱਤਾ ਸੀ। 1857 ਦੇ ਗਦਰ ਦੇ ਸੰਦਰਭ ਵਿਚ ਜਦੋਂ ਇਹ ਇਲਜ਼ਾਮ ਲਗਿਆ ਸੀ ਕਿ ਅੰਗਰੇਜ਼ ਔਰਤਾਂ ਤੇ ਕੁੜੀਆ ਦਾ ਭਾਰਤੀ ਸਿਪਾਹੀਆਂ ਨੇ ਅੰਨੇ ਵਾਹ ਬਲਾਤਕਾਰ ਕੀਤੇ ਹਨ। ਬਹੁਤ ਬਸਤੀਵਾਦ ਅੰਗਰੇਜ਼ਾਂ ਨੇ ਇਸਨੂੰ ਆਪਣੀ ਨਿੱਜੀ ਹੱਤਕ ਸਮਝਕੇ ਬਹੁਤ ਗੁੱਸਾ ਕੀਤਾ ਸੀ ਤੇ ਉਚੀ ਅਵਾਜ਼ ਵਿਚ ਪ੍ਰੈਸ ਦਾ ਸਹਾਰਾ ਲਿਆ ਸੀ। ਐਸੇ ਕੇਸਾਂ ਦੇ ਸ਼ੁਰੂ ਹੋਣ ਨਾਲ ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨੂੰ ਭਾਰਤੀ ਜੱਜਾਂ ਦੇ ਸਾਹਮਣੇ ਪੇਸ਼ ਹੋਣਾ ਪੈਂਦਾ ਸੀ। ਇਹ ਅਫਵਾਹ ਵੀ ਜੰਗਲ ਦੀ ਅੱਗ ਵਾਂਗ ਸਾਰੀ ਦੁਨੀਆ ਵਿਚ ਫੈਲਾ ਦਿੱਤੀ ਗਈ ਕਿ ਭਾਰਤੀ ਜਜਾਂ ਨੇ ਮਜ਼ਬੂਰੀ ਮਾਰੀਆਂ ਔਰਤਾਂ ਨੂੰ ਆਪਣੇ ਹਰਮ ਵਿਚ ਭਰਤੀ ਕਰ ਲਿਆ ਹੈ। ਇਹ ਪਰਾਪੇਗੰਡਾ ਕੀਤਾ ਗਿਆ ਕਿ ਭਾਰਤੀ ਜੱਜਾਂ ਦਾ ਇਤਬਾਰ ਨਹੀ ਕੀਤਾ ਜਾ ਸਕਦਾ। ਇਸ ਗੱਲ ਨਾਲ ਵੀ ਇਲਬਰਟ ਬਿੱਲ ਦੇ ਵਿਰੋਧ ਵਿਚ ਇੱਕ ਭਾਵ-ਭਿੰਨੀ ਦਲੀਲ ਜੁੜ ਗਈ।

ਅੰਗਰੇਜ਼ ਔਰਤਾਂ ਜੋ ਇਸ ਬਿੱਲ ਦਾ ਵਿਰੋਧ ਕਰਦੀਆਂ ਸਨ, ਉਨ੍ਹਾਂ ਦੀ ਦਲੀਲ ਇਸਤਰਾਂ ਹੈ; ਬੰਗਾਲੀ ਔਰਤਾਂ, ਜੋ ਰਵਾਇਤੀ ਤੌਰ ਤੇ ਗਿਆਨ ਹੀਨ ਹਨ ਤੇ ਉਨ੍ਹਾਂ ਦੇ

ਪਤੀ ਉਨ੍ਹਾਂ ਦੀ ਅਵਹੇਲਨਾ ਕਰਦੇ ਹਨ। ਇਸ ਲਈ ਬੰਗਾਲੀ ਬਾਬੂ ਜੋ ਔਰਤਾਂ ਦੇ ਬੁਨਿਆਦੀ ਹੱਕਾਂ ਪ੍ਰਤੀ ਹੀ ਸੁਚੇਤ ਨਹੀ ਹਨ, ਉਨ੍ਹਾਂ ਨੂੰ ਕੋਈ ਹੱਕ ਨਹੀ ਬਣਦਾ ਕਿ ਜੱਜਾਂ ਦੇ ਔਰਤ ਕੇਸਾਂ ਬਾਰੇ ਕੋਈ ਟਿੱਪਣੀ ਕਰਨ। ਬੰਗਾਲੀ ਔਰਤਾਂ ਇਸ ਬਿੱਲ ਦੀ ਸਪੋਰਟ ਕਰਦੀਆਂ ਸਨ। ਉਨ੍ਹਾਂ ਦੀ ਪਲਟ ਵਾਰ ਦਲੀਲ ਸੀ ਕਿ ਉਹ ਅੰਗਰੇਜ਼ ਔਰਤਾਂ ਨਾਲੋਂ ਜ਼ਿਆਦਾ ਪੜ੍ਹੀਆਂ ਲਿਖੀਆਂ ਹਨ, ਜੋ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਸਨ। ਇਸ ਸੰਦਰਭ ਵਿਚ ਉਹ ਯੁਨੀਵਰਸਿਟੀ ਔਫ ਕਲਕਤਾ ਦੇ ਅੰਕੜਿਆਂ ਦਾ ਹਵਾਲਾ ਦਿੰਦੀਆਂ ਹੋਈਆਂ ਅੰਗਰੇਜ਼ ਔਰਤਾਂ ਨੂੰ ਖਾਮੋਸ਼ ਕਰਦੀਆਂ ਪ੍ਰਤੀਤ ਹੁੰਦੀਆ ਹਨ।

## ਵਿਸ਼ਲੇਸ਼ਣ;

ਪਹਿਲਾਂ ਪਹਿਲ ਇਹ ਕਿਉਂਕਿ ਅੰਗਰੇਜ਼ ਔਰਤਾਂ ਦੀ ਬਹੁ-ਗਿਣਤੀ ਵਲੋਂ ਰੱਦ ਕੀਤਾ ਗਿਆ ਵਾਇਸਰਾਏ ਰਿਪਨ(ਜਿਸਨੇ ਇਹ ਬਿੱਲ ਪੇਸ਼ ਕੀਤਾ ਸੀ)ਨੇ ਬਿੱਲ ਵਿਚ ਸੋਧ ਕੀਤੀ। ਇਸ ਸੋਧ ਅਨੁਸਾਰ ਜਿਊਰੀ ਦੇ ਪੰਜਾਹ ਪ੍ਰਤੀਸ਼ਤ ਮੈਂਬਰਾਂ ਦੀ ਸਹਿਮਤੀ ਜ਼ਰੂਰੀ ਕਰਾਰ ਦਿੱਤੀ ਗਈ ਜੇ ਕੋਈ ਭਾਰਤੀ ਜੱਜ ਕਿਸੇ ਯੋਰਪੀਅਨ ਦੇ ਮੁਕਦਮੇ ਨੂੰ ਸੁਣਨ ਵਾਲਾ ਹੋਵੇ। ਬਾਦ ਵਿਚ ਇੱਕ ਸਾਂਝਾ ਫੈਸਲਾ ਕਬੂਲ ਕਰ ਲਿਆ ਗਿਆ। ਇਸ ਅਨੁਸਾਰ ਭਾਰਤੀ ਤੇ ਯੌਰਪੀਅਨ ਮਜਿਸਟਰੇਟ ਤੇ ਸੈਸ਼ਨ ਜੱਜ ਦਾ ਅਧਿਕਾਰ ਖੇਤਰ ਬਰਾਬਰ ਹੋਵੇਗਾ। ਇਹ ਪੱਕ ਕੀਤਾ ਗਿਆ ਕਿ ਹਰ ਕੇਸ ਦਾ ਦੋਸ਼ੀ ਦਾ ਇਹ ਅਧਿਕਾਰ ਹੋਵੇਗਾ ਕਿ ਉਹ ਇਹ ਚੁਣ ਸਕੇ ਕਿ ਜ਼ਿਊਰੀ ਦੇ ਘਟੋ ਘਟ ਅੱਧੇ ਮੈਂਬਰ ਯੋਰਪੀਅਨ ਹੋਣ। ਇਸ ਤਰ੍ਹਾਂ ਇਹ ਬਿਲ ਜਨਵਰੀ25, 1884 ਨੂੰ ਕਰਿਮੀਨਲ ਪਰੋਸੀਜਰ ਕੋਡ ਅਮੈਡਮੈਂਟ ਐਕਟ 1884 ਦੇ ਰੂਪ ਵਚਿ ਪਾਸ ਹੋਕੇ ਹੋਂਦ ਵਿਚ ਆ ਗਿਆ। ਪਹਿਲੀ ਮਈ ਨੂੰ ਲਾਗੂ ਕਰ ਦਿੱਤਾ ਗਿਆ।

## ਸਰਦਾਰ ਅਜੀਤ ਸਿੰਘ

ਬ੍ਰਿਟਿਸ਼ ਰਾਜ ਵੇਲੇ ਸਰਦਾਰ ਅਜੀਤ ਸਿੰਘ ਇੱਕ ਦੇਸ਼ ਭਗਤ ਸੀ। ਬ੍ਰਿਟਿਸ਼ ਹਕੂਮਤ ਦੇ ਖਿਲਾਫ ਸ਼ੁਰੂਆਤੀ ਦੌਰ ਦੌਰਾਨ ਪੰਜਾਬ ਵਿਚ ਨਿਤਰਨ ਵਾਲੇ ਯੋਧਿਆਂ ਵਿਚੋਂ ਸੀ, ਜਿਸਨੇ ਬ੍ਰਿਟਿਸ਼ ਬਸਤੀਵਾਦ ਦੇ ਖਿਲਾਫ ਅਵਾਜ਼ ਉਠਾਈ। ਉਸਨੇ ਰਾਜਨੀਤਕ ਵਿਰੋਧ ਕੀਤਾ ਤੇ ਬਹੁਤਾ ਸਮਾਂ ਜੇਲ੍ਹ ਵਿਚ ਹੀ ਗੁਜ਼ਾਰਿਆ। ਸ਼ਹੀਦੇ ਆਜ਼ਮ ਭਗਤ ਸਿੰਘ ਦੇ ਚਾਚਾ ਜੀ ਸਨ, ਤੇ ਸਰਦਾਰ ਭਗਤ ਸਿੰਘ ਦੇ ਪਰੇਰਣਾ ਸਰੋਤ ਸਨ।

ਸਰਦਾਰ ਅਜੀਤ ਸਿੰਘ ਸੰਧੂ ਦਾ ਜਨਮ ਇੱਕ ਫੌਜੀ ਪਰਿਵਾਰ ਵਿਚ ਹੋਇਆ। ਖਟਕੜ ਕਲਾਂ ਜਿਲ੍ਹਾ ਜਲੰਧਰ ਹੁਣ ('ਨਵਾਂ ਸ਼ਹਿਰ') ਵਿਚ ਜਨਮੇ। ਡੀ.ਏ.ਵੀ ਕਾਲਜ਼ ਲਾਹੌਰ ਤੋਂ ਪੜਾਈ ਕੀਤੀ ਤੇ ਬਾਦ ਵਿਚ ਲਾਅ ਕਾਲਜ ਬਰੇਲੀ ਚਲੇ ਗਏ। ਇਸੇ ਸਮੇ ਦੌਰਾਨ ਉਨ੍ਹਾਂ ਦੀ ਦਿਲਚਸਪੀ ਤੇ ਸ਼ਮੂਲੀਅਤ ਇਸ ਕਦਰ ਵਧ ਗਈ ਕਿ ਕਾਨੂੰਨ ਦੀ ਪੜ੍ਹਾਈ ਵਿਚੇ ਹੀ ਛਡ ਦਿੱਤੀ।

1907, ਭਗਤ ਸਿੰਘ ਦੇ ਜਨਮ ਸਾਲ ਉਨ੍ਹਾਂ ਨੂੰ ਮਨਡਾਲੇ ਜੇਲ੍ਹ ਬਰਮਾ ਵਿਚ ਭੇਜ਼ ਦਿੱਤਾ ਗਿਆ। ਲਾਲਾ ਲਾਜਪਤ ਰਾਏ ਵੀ ਉਨ੍ਹਾ ਦੇ ਨਾਲ ਸਨ। ਰਿਹਾ ਹੋਣ ਉਪਰੰਤ ਉਹ ਈਰਾਨ ਚਲੇ ਗਏ। ਸਰਦਾਰ ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸ਼ਾਦ ਦੀ ਅਗਵਾਈ ਵਿਚ ਕਰਾਂਤੀਕਾਰੀ ਕਾਰਵਾਈਆਂ ਲਈ ਇੱਕ ਗਰੁਪ ਬਣਾਇਆ। ਇਸ ਗਰੁਪ ਨੇ 1909 ਤਕ ਕੰਮ ਕੀਤਾ। ਇਸ ਗਰੁਪ ਵਿਚ ਨਾਮੀ ਗਰਾਮੀ ਰਾਸ਼ਟਰਵਾਦੀ ਜਿਵੇਂ ਰਿਸ਼ੀਕੇਸ਼ ਲਠਾ, ਜਿਆ-ਉਲ-ਹੱਕ, ਠਾਕਰ ਦਾਸ ਸਨ। 1910 ਵਿਚ ਇਨ੍ਹਾਂ ਦੀਆਂ ਕਾਰਵਾਈਆ ਤੇ ਇਨ੍ਹਾਂ ਦਾ ਛਾਪਿਆ ਜਾਂਦਾ ਪਰਚਾ 'ਹਿਆਤ' ਦਾ ਪਤਾ ਬ੍ਰਿਟਿਸ਼ ਇੰਨਟੈਲੀਜੈਂਸ ਨੂੰ ਲੱਗ ਗਿਆ। 1910 ਦੇ ਸ਼ੁਰੂ ਵਿਚ ਇਹ ਸੰਕੇਤ ਆਉਣ ਲੱਗੇ ਕਿ ਜਰਮਨ ਦੀ ਕੋਸ਼ਿਸ਼ ਹੈ ਕਿ ਟਰਕੀ ਤੇ ਪਰਸ਼ੀਆ ਨੂੰ ਇੱਕਠਾ ਕੀਤਾ ਜਾਵੇ ਤੇ ਅਫਗਾਨਿਸਤਾਨ ਵਲ ਕੂਚ ਕੀਤਾ ਜਾਵੇ ਤਾਂ ਕਿ ਭਾਰਤ ਵਿਚਲੇ ਬ੍ਰਿਟਿਸ਼ ਰੂਲ ਨੂੰ ਧਮਕਾਇਆ ਜਾਵੇ। ਇਸਤਰ੍ਹਾਂ 1911 ਵਿਚ ਅਜੀਤ ਸਿੰਘ ਦੀ ਰਵਾਨਗੀ ਨਾਲ ਭਾਰਤੀ ਕਰਾਂਤੀਕਾਰਾਂ ਦੀਆਂ ਕਾਰਵਾਈਆਂ ਦੀ ਉਸ ਖਿਤੇ ਵਿਚ ਖੜੋਤ ਵਿਚ ਆ ਗਈ। ਬ੍ਰਿਟਿਸ਼ ਦੀ ਇੰਨਟੈਲੀਜੈਂਸ ਨੇ ਪਰਸ਼ੀਆ ਵਿਚਲੀਆਂ ਕਾਰਵਾਈਆਂ ਨੂੰ ਆਪਣੇ ਹਿੱਤ ਅਨੁਸਾਰ ਠਲ ਪਾ ਲਈ। ਇਸਤੋਂ ਬਾਦ ਅਜੀਤ ਸਿੰਘ ਰੋਮ, ਜਨੇਵਾ ਤੇ ਰਾਇਓ ਡੀ ਜਨੇਰੀਓ ਦਾ ਸਫ਼ਰ ਕਰਦੇ ਰਹੇ।

1918 ਵਿਚ ਸਰਦਾਰ ਅਜੀਤ ਸਿੰਘ ਦਾ ਗਦਰ ਪਾਰਟੀ, ਸੰਨ ਫਰਾਂਸਿਸਕੋ ਨਾਲ ਸਬੰਧ ਬਣ ਗਿਆ। 1939 ਵਿਚ ਉਹ ਯੋਰਪ ਵਾਪਸ ਆ ਗਏ ਤੇ ਬਾਦ ਵਿਚ ਇਟਲੀ ਵਿਖੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਮਦਦ ਕਰਨ ਲੱਗੇ। ਪੰਡਤ ਜਵਾਹਰ ਲਾਲ ਨਹਿਰੂ ਦੇ ਸੱਦੇ ਤੇ 1946 ਵਾਪਸ ਭਾਰਤ ਆ ਗਏ। ਦਿਲੀ ਕੁਝ ਸਮਾਂ ਗੁਜ਼ਾਰਕੇ ਡਲਹੌਜ਼ੀ ਆ ਗਏ। 15 ਅਗਸਤ1947 ਨੂੰ ਭਾਰਤ ਦੀ ਅਜ਼ਾਦੀ ਦੇ ਦਿਨ ਉਨ੍ਹਾਂ ਆਪਣੇ ਆਖਰੀ ਸ਼ਬਦ ਕਹੇ ਤੇ ਆਖਰੀ ਸਾਹ ਲਿਆ।

## ਅਨੰਤ ਹਰੀ ਮਿਤਰਾ

ਵੈਸਟ ਬੰਗਾਲ ਦੇ ਜਿਲ੍ਹਾ ਨਾਡੀਆ ਦੇ ਪਿੰਡ ਬੇਗਮਪੁਰਾ ਵਿਚ ਅਨੰਤ ਹਰੀ ਮਿਤਰਾ ਦਾ ਜਨਮ 1906 ਦਾ ਹੈ। 1921 ਵਿਚ ਨਾ-ਮਿਲਵਰਤਨ ਅੰਦੋਲਨ ਵਿਚ ਸਰਗਰਮੀ ਨਾਲ ਭਾਗ ਲਿਆ ਪਰ ਬਾਦ ਵਿਚ ਕਰਾਂਤੀਕਾਰੀ ਬਣਕੇ ਬੰਬ ਬਨਾਉਣ ਵਿਚ ਮੁਹਾਰਤ ਹਾਸਲ ਕੀਤੀ ਤੇ ਕਈ ਕੇਸਾਂ ਵਿਚ ਸਰਗਰਮ ਹਿੱਸਾ ਲਿਆ। ਕਰਾਂਤੀਕਾਰੀ ਗਤੀਵਿਧੀਆਂ ਲਈ ਉਨ੍ਹਾਂ ਦੀ ਕਰਮ ਭੂਮੀ ਜ਼ਿਆਦਾ ਤਰ ਕ੍ਰਿਸ਼ਨਾ ਨਗਰ ਰਹੀ। ਧਾਖੀਨੇਸ਼ਵਰ ਬੰਬ ਫੈਕਟਰੀ ਤੋਂ 10 ਨਵੰਬਰ, 1925 ਨੂੰ ਗਰਿਫਤਾਰ ਕਰ ਲਿਆ ਗਿਆ ਤੇ ਅਲੀਪੁਰ ਜੇਲ੍ਹ ਵਿਚ ਡਕ ਦਿੱਤਾ ਗਿਆ। ਅਲੀਪੁਰ ਸੈਂਟਰਲ ਜੇਲ੍ਹ ਵਿਚ ਆਪਣੇ ਕੁਝ ਸਾਥੀਆਂ ਨਾਲ ਰਖਿਆ ਗਿਆ ਜਿਨ੍ਹਾਂ ਵਿਚ ਪ੍ਰਮੋਦ ਰੰਜਨ ਚੌਧਰੀ ਵੀ ਸੀ। ਜੇਲ੍ਹ ਵਿਚ ਹੀ ਉਨ੍ਹਾਂ ਲੋਹੇ ਦੀ ਰਾਡ ਨਾਲ ਪੁਲੀਸ ਦੇ ਡਿਪਟੀ ਕਮਿਸ਼ਨਰ ਭੁਪਿੰਦਰਾ ਚੈਟਰਜ਼ੀ ਦਾ ਕਤਲ ਕਰ ਦਿੱਤਾ। ਇਸ ਕਤਲ ਵਿਚ ਮੁਕਦਮਾ ਚਲਿਆ ਤੇ ਸਾਥੀਆਂ ਸਮੇਤ 28, ਸਤੰਬਰ 1926 ਨੂੰ ਫਾਂਸੀ ਦੇ ਦਿੱਤੀ ਗਈ।

## ਪੰਡਿਤ ਕਿਸ਼ੋਰੀ ਲਾਲ

ਪੰਡਿਤ ਕਿਸ਼ੋਰੀ ਲਾਲ ਬਨਾਮ ਕਿਸ਼ੋਰ ਲਾਲ ਰਤਨ ਦਾ ਜਨਮ ਧਰਮਪੁਰ ਜਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇਹ ਭਗਤ ਸਿੰਘ ਦਾ ਸਹਿਯੋਗੀ ਸੀ ਤੇ ਭਗਵਤੀ ਚਰਨ ਵੋਹਰਾ ਦਾ ਬੰਬ ਬਨਾਉਣ ਲਈ ਮਦਦਗਾਰ ਸੀ। ਇਸਦੀ ਗਰਿਫਤਾਰੀ ਅਪ੍ਰੈਲ 15, 1929 ਸੁਖਦੇਵ ਦੇ ਨਾਲ ਹੋਈ ਤੇ ਇਨ੍ਹਾਂ ਨੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਹੋਈ ਭੁਖ ਹੜਤਾਲ ਵਿਚ ਹਿਸਾ ਲਿਆ। ਇਸਤੋਂ ਬਾਦ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਤੇ ਕਾਲ ਕੋਠੜੀ ਵਿਚ ਭੇਜ਼ ਦਿੱਤਾ ਗਿਆ। ਇਨ੍ਹਾਂ ਦਾ ਦਿਹਾਂਤ ਜਲੰਧਰ ਦੇ ਸਿਵਲ ਹਸਪਤਾਲ ਵਿਚ ਜੁਲਾਈ 11, 1990 ਨੂੰ ਹੋਇਆ।

## ਕੁੰਦਨ ਲਾਲ ਗੁਪਤਾ

ਕੁੰਦਨ ਲਾਲ ਗੁਪਤਾ ਦਾ ਜਨਮ ਫੈਜ਼ਾਬਾਦ (ਯੂ.ਪੀ) 1903 ਨੂੰ ਹੋਇਆ। ਅਗਸਤ 9, 1925- ਕਾਕੋਰੀ ਟਰੇਨ ਰੌਬਰੀ ਪਿੱਛੋਂ ਉਹ ਰੂਪੋਸ਼ ਹੋ ਗਏ। 1930 ਨੂੰ ਲਾਹੌਰ ਕਾਨਸਪੀਰੇਸੀ ਕੇਸ ਵਿਚ ਗਰਿਫਤਾਰ ਹੋ ਗਏ। ਸੈਂਟਰਲ ਜੇਲ੍ਹ ਲਾਹੌਰ ਦੀ ਇਤਿਹਾਸਕ ਭੁਖ ਹੜਤਾਲ ਵਿਚ ਸ਼ਮੂਲੀਅਤ ਕੀਤੀ। ਉਨ੍ਹਾਂ ਨੂੰ ਅੰਡੇਮਾਨ ਜਿਸਨੂੰ ਕਾਲਾ ਪਾਣੀ ਵੀ ਕਿਹਾ ਜਾਂਦਾ ਹੈ ਦੇ ਸੈੱਲ ਵਿਚ ਭੇਜ਼ ਦਿੱਤਾ ਗਿਆ।

## ਅਵਧ ਬਿਹਾਰੀ

ਅਵਧ ਬਿਹਾਰੀ ਦਾ ਜਨਮ ਦਿਲੀ ਵਿਖੇ 1889 ਦਾ ਹੈ। ਉਹ ਸਰਗਰਮ ਰਾਸ਼ਟਰੀ ਕਾਰਜਕਰਤਾ ਤੇ ਅਜ਼ਾਦੀ ਘੁਲਾਟੀਆ ਸੀ। ਬ੍ਰਿਟਿਸ਼ ਸਾਮਰਾਜ ਦੇ ਖਿਲਾਫ਼ ਉਸਦੀਆਂ ਜੁਝਾਰੂ ਕਾਰਵਾਈਆਂ ਦਾ ਮੁੱਖ ਕੇਂਦਰ ਉਤਰ ਪ੍ਰਦੇਸ਼ ਤੇ ਪੰਜਾਬ ਸੀ। ਅਵਧ ਬਿਹਾਰੀ, ਰਾਸ ਬਿਹਾਰੀ ਦਾ ਸੰਗੀ ਸੀ। ਲਾਰਡ ਹਾਰਡਿੰਗਜ਼, ਭਾਰਤ ਦਾ ਉਸ ਵੇਲੇ ਦਾ ਵਾਇਸਰਾਏ ਨੂੰ ਬੰਬ ਨਾਲ ਉਡਾਉਣ ਦੀ ਘਾੜਤ ਘੜੀ ਗਈ। 23 ਦਸੰਬਰ, 1912 ਨੂੰ ਅਵਧ ਬਿਹਾਰੀ, ਅਮੀਰ ਚੰਦ, ਬਾਲ ਮੁਕੰਦ ਤੇ ਬਸੰਤ ਬਿਸ਼ਵਾਸ ਨੇ ਵਾਇਸਰਾਏ ਤੇ ਬੰਬ ਸੁਟ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਭਾਰਤ ਦੇ ਇਤਿਹਾਸ ਵਿਚ ਇਸਨੂੰ ਦਿਲੀ ਕਾਨਸਪੀਰੇਸੀ ਕਿਹਾ ਜਾਂਦਾ ਹੈ। ਇਸ ਕੇਸ ਵਿਚ, ਫਰਵਰੀ 1914 ਨੂੰ ਅਵਧ ਬਿਹਾਰੀ ਗਰਿਫਤਾਰ ਹੋ ਗਿਆ ਅਤੇ ਦੋਸ਼ ਲੱਗਾ ਕਿ ਲਾਰੈਂਸ ਗਾਰਡਨ ਲਾਹੌਰ ਤੇ ਮਈ 17, 1913 ਨੂੰ ਜੋ ਬੰਬ ਧਮਾਕਾ ਹੋਇਆ ਸੀ, ਉਸਦਾ ਇਹ ਦੋਸ਼ੀ ਹੈ। ਸਾਰੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਈ। ਮਈ 11, 1913 ਨੂੰ ਅੰਬਾਲਾ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

## ਅਰੂੜ ਸਿੰਘ

ਅਗਸਤ 27 1890, ਨੂੰ ਪੰਜਾਬ ਦੇ ਸ਼ਹਿਰ ਜਲੰਧਰ ਵਿਚ ਜਨਮੇ ਅਰੂੜ ਸਿੰਘ ਮਿਡਲ ਪਾਸ ਸੀ, ਪਰ ਬੜੇ ਰੌਸ਼ਨ ਦਿਮਾਗ ਸਨ। ਪਸ਼ੂ ਚਿਕਿਤਸਾ ਦੇ ਮਾਹਰ ਸਹਾਇਕ ਹੋਣ ਨਾਤੇ ਉਨ੍ਹਾਂ ਨੂੰ ਡਾਕਟਰ ਵੀ ਕਿਹਾ ਜਾਂਦਾ ਸੀ। ਅਸਲ ਵਿਚ ਉਹ

ਕੰਮਪਾਉਡਰ ਸਨ। 1912 ਨੂੰ ਸਰਕਾਰੀ ਨੌਕਰੀ ਨੂੰ ਲੱਤ ਮਾਰਕੇ ਕਰਾਂਤੀਕਾਰੀਆਂ ਕਾਰਵਾਈਆਂ ਵਿਚ ਹਿੱਸਾ ਲੈਣ ਲਗ ਪਏ। ਬੰਤਾ ਸਿੰਘ ਨੇ ਉਨ੍ਹਾਂ ਦਾ ਮਾਰਗ ਦਰਸ਼ਨ ਕੀਤਾ। ਬ੍ਰਿਟਿਸ਼ ਸਰਕਾਰ ਦਾ ਕੰਮਿਉਨੀਕੇਸ਼ਨ ਸਿਸਿਟਮ ਭੰਗ ਕਰਨ ਲਈ ਉਸਨੇ ਕਈ ਰੇਲਵੇ ਟਰੈਕ ਤੇ ਟੈਲੀਫੋਨ ਲਾਇਨਾਂ ਦੀ ਭੰਨ ਤੋੜ ਕੀਤੀ। ਇੱਕ ਗਦਾਰ ਤੇ ਕਈ ਪੁਲੀਸ ਮੁਲਾਜ਼ਮਾ ਨੂੰ ਵੀ ਮਾਰ ਮੁਕਾਇਆ। ਵਾਇਸਰਾਏ ਲੌਰਡ ਹਾਰਡਿੰਗਜ਼ ਤੇ ਚਾਂਦਨੀ ਚੌਂਕ ਵਿਖੇ ਚਲਾਏ ਬੰਬ ਵਿਸਫੋਟ ਵਿਚ ਵੀ ਉਹ ਸ਼ਾਮਲ ਸਨ। ਉਸ ਘਟਨਾ ਤੋਂ ਬਾਦ ਅਠਾਰਾਂ ਮਹੀਨੇ ਬਾਦ ਤੱਕ ਰੂਪੋਸ਼ ਰਹੇ। 2 ਨਵੰਬਰ, 1916 ਨੂੰ ਪੁਲੀਸ ਨੇ ਗਰਿਫਤਾਰ ਕਰ ਲਿਆ। ਮੁਕਦਮਾ ਚਲਿਆ ਤੇ ਫਾਂਸੀ ਦੀ ਸਜਾ ਹੋਈ। 5 ਜਨਵਰੀ, 1917 ਨੂੰ ਫਾਂਸੀ ਦੇ ਦਿੱਤੀ ਗਈ।

## ਸ਼ਹੀਦ ਅਸ਼ਫਾਕ-ਉਲਾ ਖਾਨ

ਅਸ਼ਫਾਕ-ਉਲਾ ਖਾਨ ਦਾ ਜਨਮ ਅਕਤੂਬਰ 22, 1900 ਨੂੰ ਸ਼ਹਨਾਜ਼ਪੁਰ, ਉਤਰ ਪ੍ਰਦੇਸ਼ ਵਿਚ ਹੋਇਆ। ਉਹ ਇਕ ਉਰਦੂ ਕਵੀ ਸੀ ਤੇ ਉਸਨੇ ਆਪਣੀਆਂ ਸਾਰੀਆਂ ਕਵਿਤਾਵਾਂ ਆਪਣੇ ਤਖਲਸੀ ਨਾਮ 'ਵਾਰਸੀ' ਅਤੇ 'ਹਸਰਤ' ਦੇ ਨਾਮ ਥੱਲੇ ਲਿਖੀਆਂ। ਅਸ਼ਫਾਕ ਉਰਦੂ ਕਵੀ ਰਾਮ ਪ੍ਰਸਾਦ ਬਿਸਮਿਲ ਤੋਂ ਬਹੁਤ ਪ੍ਰਭਾਵਿਤ ਸੀ। 1922 ਨੂੰ, ਨਾ-ਮਿਲਵਰਤਨ ਅੰਦੋਲਨ ਵੇਲੇ ਬਿਸਮਿਲ ਤੇ ਅਸ਼ਫਾਕ ਦਾ ਮੇਲ ਹੋਇਆ ਤੇ ਉਸੇ ਸਾਲ ਚੌਰੀ ਚੌਰਾ ਘਟਨਾ ਤੋਂ ਬਾਦ, ਉਸਨੇ ਕਰਾਂਤੀਕਾਰੀਆਂ ਨਾਲ ਸ਼ਾਮਲ ਹੋਣ ਦਾ ਫੈਸਲਾ ਕੀਤਾ ਕਿਉਂਕਿ ਮਹਾਤਮਾ ਗਾਂਧੀ ਨੇ ਅੰਦੋਲਨ ਵਾਪਸ ਲੈ ਲਿਆ ਸੀ। ਕਰਾਂਤੀਕਾਰੀਆਂ ਨੇ ਮਹਿਸੂਸ ਕੀਤਾ ਕਿ ਨਾ-ਮਿਲਵਰਤਨ ਦੇ ਨਰਮ ਬੋਲਾਂ ਨਾਲ ਭਾਰਤ ਦੀ ਅਜ਼ਾਦੀ ਸੰਭਵ ਨਹੀ। ਇਸ ਲਈ ਉਨ੍ਹਾਂ ਨੇ ਅਜ਼ਾਦੀ ਦੀ ਲੜਾਈ ਦਾ ਰੁਖ ਬਦਲਣ ਲਈ ਬੰਬਾਂ, ਗੰਨਾਂ ਤੇ ਹੋਰ ਹਥਿਆਰਾਂ ਨਾਲ ਹਥਿਆਰਬੰਦ ਘੋਲ ਕਰਨ ਦਾ ਫੈਸਲਾ ਕੀਤਾ ਤਾਂ ਕਿ ਭਾਰਤ ਵਿਚ ਰਹਿ ਰਹੇ ਅੰਗਰੇਜ਼ਾਂ ਵਿਚ ਡਰ ਪੈਦਾ ਕੀਤਾ ਜਾ ਸਕੇ। ਇੱਕ ਦਿਨ ਬਿਸਮਿਲ ਨੇ ਵੇਖਿਆ ਕਿ ਲਖਨਊ ਦੇ ਜੰਕਸ਼ਨ ਦਾ ਸੁਪਰਟੈਨਡੈਂਟ ਨੇ ਵਡੀ ਰਕਮ ਟਰੇਨ ਵਿਚ ਲਦੀ ਹੈ ਤੇ ਬਿਸਮਿਲ ਨੇ ਫੈਸਲਾ ਕੀਤਾ ਕਿ ਇਸਨੂੰ ਲੁਟਿਆ ਜਾਵੇ ਤੇ ਉਸਨੇ ਐਸਾ ਹੀ ਕੀਤਾ। ਅਗਸਤ 9, 1925 ਨੂੰ ਬਿਸਮਿਲ ਤੋਂ ਪਰੇਰਨਾ ਲੈਂਦਿਆਂ, ਅਸ਼ਫਾਕ ਖਾਨ ਤੇ ਅੱਠ ਹੋਰ ਕਰਾਂਤੀਕਾਰੀਆਂ ਨੇ 8-ਡਾਉਨ ਸਹਾਰਨਪੁਰ-ਲਖਨਊ ਯਾਤਰੀ ਟਰੇਨ ਲੁਟ ਲਈ। ਵਾਇਸਰਾਏ ਨੇ ਸਕਾਟਲੈਂਡ ਦੀ ਪੁਲੀਸ ਨੂੰ ਤਫਤੀਸ਼ ਲਈ ਲਾਇਆ ਤੇ ਸਤੰਬਰ 26, 1925 ਨੂੰ ਰਾਮ ਪ੍ਰਸਾਦ ਬਿਸਮਿਲ ਤੇ ਕੁਝ ਹੋਰ ਨੂੰ ਸ਼ਾਹਜਹਾਨ ਪੁਰ ਤੋਂ ਗਰਿਫਤਾਰ ਕਰ ਲਿਆ ਪਰ ਅਸ਼ਫਾਕ ਉਲਾ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਅਸ਼ਫਾਕ ਬਨਾਰਸ ਚਲੇ ਗਿਆ ਫਿਰ ਉਥੋਂ ਬਿਹਾਰ ਚਲੇ ਗਿਆ ਜਿੱਥੇ ਉਸਨੇ ਇੱਕ ਇੰਨਜਿੰਨੀਅਰਿੰਗ ਕੰਪਨੀ ਵਿਚ ਨੌਕਰੀ ਕਰ ਲਈ। ਇਸ ਤਰਾਂ ਦਸ ਮਹੀਨੇ ਗੁਜ਼ਾਰ ਦਿੱਤੇ ਤੇ ਫਿਰ ਦਿਲੀ ਚਲੇ ਗਿਆ ਪਰ ਦਿਲੀ ਇੱਕ ਪਠਾਨ ਦੋਸਤ ਕੋਲੋਂ ਮਦਦ ਮੰਗੀ ਜਿਸਨੇ ਅਸ਼ਫਾਕ ਨਾਲ ਗਦਾਰੀ ਕੀਤੀ ਤੇ ਪੁਲੀਸ ਨੂੰ ਸੂਚਨਾ ਦੇ ਦਿੱਤੀ। ਪੁਲੀਸ ਨੇ ਅਸ਼ਫਾਕ ਨੂੰ ਗਰਿਫਤਾਰ ਕਰ ਲਿਆ। ਬਾਦ ਵਿਚ ਉਸਨੂੰ ਫਰੀਦਾਬਾਦ ਜੇਲ੍ਹ ਵਿਚ ਭੇਜ਼ ਦਿੱਤਾ ਗਿਆ,

ਬਿਸਮਿਲ ਤੇ ਦੋ ਹੋਰਾਂ ਨਾਲ ਮੁਕਦਮਾ ਚਲਾ ਕੇ ਫਾਂਸੀ ਦੀ ਸਜਾ ਸੁਣਾ ਦਿੱਤੀ ਗਈ। ਇਹ ਕੇਸ ਹੀ ਮਸ਼ਹੂਰ ਕਾਕੋਰੀ ਟਰੇਨ ਰੌਬਰੀ ਦੇ ਨਾਮ ਨਾਲ ਮਸ਼ਹੂਰ ਹੋਇਆ। ਦਸੰਬਰ 19 ਦਿਨ ਸੋਮਵਾਰ 1927 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਫਾਂਸੀ ਤੋਂ ਪਹਿਲਾਂ ਉਸਦੇ ਆਖਰੀ ਸ਼ਬਦ ਸਨ, "ਮੇਰੇ ਹੱਥ ਕਿਸ ਵਿਅਕਤੀ ਦੇ ਖੂਨ ਨਾਲ ਨਹੀ ਰੰਗੇ ਹੋਏ। ਮੇਰੇ ਤੇ ਚਲਿਆ ਮੁਕਦਮਾ ਝੂਠਾ ਹੈ। ਰੱਬ ਹੀ ਬੇਹਤਰ ਜਾਣਦਾ ਹੈ। "

## ਸ਼ਹੀਦ ਹਰੀ ਗੋਪਾਲ ਬਲ

ਸ਼ਹੀਦ ਹਰੀ ਗੋਪਾਲ ਬਲ ਦਾ ਜਨਮ ਪਿੰਡ ਕਾਨੂੰਗੋਪਾਰਾ (ਹੁਣ ਬੰਗਲਾ ਦੇਸ਼) ਵਿਚ ਹੋਇਆ। ਉਨ੍ਹਾਂ ਨੇ 18 ਅਪ੍ਰੈਲ, 1930 ਨੂੰ ਚਿਟਾਗਾਂਗ ਅਸਲਾਖਾਨਾ ਲੁਟਣ ਵਾਲੇ ਗਰੁਪ ਵਿਚ ਹਿੱਸਾ ਲਿਆ। ਬਾਦ ਵਿਚ ਉਹ ਭਜਣ ਵਿਚ ਕਾਮਯਾਬ ਹੋ ਗਏ ਪਰ ਚਾਰ ਦਿਨ ਬਾਦ ਹੀ ਉਹ ਚਿਟਾਗਾਂਗ ਦੇ ਲਾਗੇ ਜਲਾਲਾਬਾਦ ਹਿੱਲ ਤੇ ਬ੍ਰਿਟਿਸ਼ ਪੁਲੀਸ ਨਾਲ ਹੋਏ ਮੁਕਾਬਲੇ ਵਿਚ ਜਖ਼ਮੀ ਹੋ ਗਏ ਅਤੇ 22 ਅਪ੍ਰੈਲ 1930 ਨੂੰ ਹੀ ਜਖ਼ਮਾਂ ਦੀ ਤਾਬ ਨਾ ਝਲਦੇ ਹੋਏ ਸ਼ਹੀਦੀ ਪਾ ਗਏ।

## ਵਿਨਾਇਕ ਨਰਾਇਣ ਦੇਸ਼ ਪਾਂਡੇ

ਵਿਨਾਇਕ ਨਰਾਇਣ ਦੇਸ਼ ਪਾਂਡੇ ਇੱਕੀ ਸਾਲ ਦੇ ਸਨ ਜਦੋਂ ਉਨ੍ਹਾਂ ਨੂੰ ਜੈਕਸਨ ਕਤਲ ਵਿਚ ਆਪਣੇ ਦੋ ਸਾਥੀਆਂ, ਅਨੰਤ ਲਕਸ਼ਮਣ ਤੇ ਕ੍ਰਿਸ਼ਨਾ ਨਰਾਇਣ ਨਾਲ ਫਾਂਸੀ ਦੇ ਦਿੱਤੀ ਗਈ।

## ਸਰਲਾ ਦੇਵੀ

ਬੰਗਾਲ ਦੇ ਰਾਹ ਦਸੇਰਿਆਂ ਵਿਚ ਸ਼ੁਮਾਰ ਸਰਲਾ ਦੇਵੀ ਨੇ ਬ੍ਰਿਟਿਸ਼ ਸਾਮਰਾਜ ਦੀਆਂ ਜੰਜ਼ੀਰਾਂ ਤੋਂ ਅਜ਼ਾਦੀ ਲਈ ਬਹੁਤ ਕੰਮ ਕੀਤਾ। ਉਸਨੇ 'ਅਨੁਸ਼ੀਲਾਨ ਸਮਿਤੀ ਸੰਸਥਾ' ਬਨਾਉਣ ਵਿਚ ਬੁਨਿਆਦੀ ਕੰਮ ਕੀਤਾ। 1900-1910 ਤਕ ਦਾ ਸਮਾਂ ਹੈ ਜਦੋਂ ਉਸਨੇ ਲੋਕਾਂ ਨੂੰ ਜਾਗਰਿਤ ਕਰਨ ਵਾਲੀ ਟੀਮ ਨਾਲ ਮੋਢਾ ਨਾਲ ਮੋਢਾ ਮਿਲਾਕੇ ਦਿਨ ਰਾਤ ਕੰਮ ਕੀਤਾ। ਬਾਲ ਗੰਗਾਧਰ ਤਿਲਕ, ਸ੍ਰੀ ਅਰਿਵੰਦ ਗੋਸ਼, ਸਿਸਟਰ ਨਿਭੇਦਿਤਾ, ਪੀਟਰ ਕਰੋਪੋਟਕਿਨ ਤੇ ਕਾਕੂਜ਼ੋ ਨਾਲ ਮਿਲਕੇ ਲੋਕਾਂ ਨੂੰ ਜਾਗਰਿਤ ਤੇ ਲਾਮਬੰਦ ਕੀਤਾ।

ਸਰਲਾ ਦੇਵੀ ਦਾ ਜਨਮ 1872 ਈਸਵੀ ਨੂੰ ਕਲਕਤੇ ਦੇ ਮਸ਼ਹੂਰ ਬੁਧੀਜੀਵੀ ਪਰਿਵਾਰ ਵਿਚ ਹੋਇਆ। ਉਸਦਾ ਪਿਤਾ ਜਾਨਕੀ ਨਾਥ ਘੋਸ਼ ਪਹਿਲੀਆਂ ਵਿਚ ਕਾਂਗਰਸ ਦਾ ਸਕੱਤਰ ਰਿਹਾ ਸੀ। ਉਸਦੀ ਮਾਤਾ ਸਵਰਨਾ ਕੁਮਾਰੀ ਦੇਵੀ ਪਹਿਲੀ ਕਾਮਯਾਬ ਬੰਗਾਲੀ ਨਾਵਲਿਸਟ ਔਰਤ ਸੀ। ਸਵਰਨਾ ਕੁਮਾਰੀ ਦੇਵੀ ਮਹਾਂ ਰਿਸ਼ੀ ਦੇਵਿੰਦਰ ਨਾਥ ਟੈਗੋਰ ਦੀ ਧੀ ਸੀ ਤੇ ਸੰਸਾਰ ਪ੍ਰਸਿਧ ਰਬਿੰਦਰ ਨਾਥ ਟੈਗੋਰ ਦੀ ਵਡੀ ਭੈਣ ਸੀ। 1886 ਨੂੰ ਉਸਨੇ ਆਪਣਾ ਯੂਨੀਵਰਸਿਟੀ ਦਾ ਐਂਨਟਰਸ ਇਮਤਿਹਾਨ ਪਾਸ ਕਰ ਲਿਆ। 1890 ਵਿਚ ਅੰਗਰੇਜ਼ੀ ਸਾਹਿਤ ਵਿਚ ਕਲਕਤਾ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕਰ ਲਈ ਤੇ ਇਸ ਇਮਤਿਹਾਨ ਵਿਚੋਂ ਉਸਨੇ ਪਦਮਾਵਤੀ ਗੋਲਡ ਮੈਡਲ ਪ੍ਰਾਪਤ ਕੀਤਾ। ਉਨ੍ਹਾਂ ਸਮਿਆਂ

ਦੌਰਾਨ ਗਰੈਜੁਏਸ਼ਨ ਕਰਨ ਵਾਲੀਆਂ ਚੰਦ ਔਰਤਾਂ ਵਿਚੋਂ ਇੱਕ ਸੀ। ਤੇ ਸੰਭਵਤਾ ਭਾਰਤ ਦੀ ਅਜ਼ਾਦੀ ਦੀ ਲੜਾਦੀ ਦੇ ਅੰਦੋਲਨ ਵਿਚ ਪਹਿਲੀ ਰਾਜਨੀਤਕ ਨੇਤਾ ਸੀ। ਮਹਾਤਮਾ ਗਾਂਧੀ ਸਰਲਾ ਦੇਵੀ ਨੂੰ ਬਹੁਤ ਪਸੰਦ ਕਰਦੇ ਸਨ।

1905 ਵਿਚ ਪੰਡਿਤ ਰਾਮਭੁਜ ਦੱਤ ਚੌਧਰੀ ਨਾਲ ਜੋ ਇੱਕ ਪਤਰਕਾਰ, ਆਰੀਆ ਸਮਾਜੀ, ਕਾਗਰਸੀ ਕਾਰਕੁੰਨ ਸੀ ਨਾਲ ਸ਼ਾਦੀ ਕਰ ਲਈ।

ਗਿਆਨਵਾਨ ਸਰਲਾ ਦੇਵੀ ਦੀ ਉਮਰ 29 ਸਾਲ ਸੀ ਜਦੋਂ ਉਸਦੀ ਗਾਂਧੀ ਨਾਲ ਪਹਿਲੀ ਮੁਲਾਕਾਤ ਹੋਈ ਜਦੋਂ 1901 ਵਿਚ ਕਾਂਗਰਸ ਪਾਰਟੀ ਦੇ ਸੰਮੇਲਨ ਵਿਚ ਆਰਕੈਸਟਰਾ ਵਜਾ ਰਹੀ ਸੀ।

ਚੌਧਰੀ, ਸਰਲਾ ਦੇਵੀ ਦੇ ਪਤੀ ਜੇਲ੍ਹ ਵਿਚ ਸਨ ਜਦੋਂ ਉਹ ਰਿਹਾ ਹੋਏ ਤੇ ਮਹਾਤਮਾ ਗਾਂਧੀ ਨੇ ਉਸਨੂੰ ਚਿੱਠੀ ਲਿਖਕੇ ਸਰਲਾ ਦੇਵੀ ਤੇ ਉਸਦੀ ਤਾਰੀਫ ਕੀਤੀ।

## ਸ਼ਾਮ ਸਿੰਘ ਅਟਾਰੀ

ਇੰਡੋ-ਪਾਕ ਦੇ ਬਾਰਡਰ ਤੇ ਅਟਾਰੀ ਦਾ ਪਿੰਡ ਜੋ ਸ਼ਾਮ ਸਿੰਘ ਅਟਾਰੀ ਦੇ ਨਾਮ ਨਾਲ ਮਸ਼ਹੂਰ ਹੈ। ਇਨ੍ਹਾ ਦਾ ਜਨਮ1790 ਵਿਚ ਹੋਇਆ। ਸਿਖਿਆ ਪਖੋਂ ਇਹ ਪਰਸ਼ੀਅਨ ਤੇ ਗੁਰਮਖੀ ਦੇ ਮਾਹਰ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤੇ ਇਨ੍ਹਾ ਦੀ ਬਹਾਦਰੀ ਦੇ ਕਿੱਸੇ ਸੁਣਕੇ ਇਨ੍ਹਾਂ ਨੂੰ ਪੰਜ ਹਜ਼ਾਰ ਘੋੜ-ਸਵਾਰਾਂ ਦਾ ਜਥੇਦਾਰ ਥਾਪ ਦਿੱਤਾ। ਇਹ ਕਸ਼ਮੀਰ ਵਿਚਲੇ ਡੋਗਰਾ ਰਾਜ ਵਿਰੁਧ ਲੜੇ, ਜੋ ਪੰਜਾਬ ਰਾਜ ਲਈ ਰੁਕਾਵਟ ਬਣ ਰਹੇ ਸਨ ਤੇ ਕੁਝ ਹੱਦ ਤੱਕ ਕਾਮਯਾਬ ਵੀ ਹੋਏ। ਪਹਿਲੀ ਐਂਗਲੋ-ਸਿੱਖ ਵਾਰ ਵੇਲੇ ਪੰਜਾਬ ਆਰਮੀ ਦੇ ਜਨਰਲ ਸਨ ਤੇ ਅੰਗਰੇਜਾਂ ਵਿਰੁਧ ਜੂਝੇ। 10 ਫਰਵਰੀ, 1846 ਨੂੰ ਜਦੋਂ ਪਤਾ ਲੱਗਾ ਕਿ ਸਭਰਾਉਂ ਯੁੱਧ ਵਿਚ ਸਿਖ ਆਰਮੀ ਲਗਭਗ ਹਾਰ ਰਹੀ ਹੈ ਤਾਂ ਇਨ੍ਹਾ ਨੇ ਸਿੱਖ ਆਰਮੀ ਵਿਚ ਸ਼ਾਮਲ ਹੋਣ ਲਈ ਮੁਹਾਰਾਂ ਮੋੜ ਦਿੱਤੀਆਂ। ਉਨ੍ਹਾਂ ਦਾ ਰਾਸ਼ਟਰ ਵਾਦ ਬਹੁਤਾ ਚਿਰ ਰਹਿ ਨਹੀ ਸਕਿਆ ਕਿਉਂਕਿ ਉਹ ਮੈਦਾਨੇ-ਜੰਗ ਵਿਚ ਬੁਰੀ ਤਰ੍ਹਾਂ ਜਖ਼ਮੀ ਹੋ ਚੁੱਕੇ ਸਨ। ਜਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦ ਹੋ ਗਏ। 12 ਫਰਵਰੀ, 1846 ਨੂੰ ਉਨ੍ਹਾ ਦੇ ਪਿੰਡ ਦੇ ਬਾਹਰ ਉਨ੍ਹਾ ਦਾ ਅੰਤਿਮ-ਸੰਸਕਾਰ ਕਰ ਦਿੱਤਾ ਗਿਆ।

## ਹੇਮੂ ਕਲਾਨੀ

ਹੇਮੂ ਕਲਾਨੀ ਦਾ ਜਨਮ 11 ਮਾਰਚ, 1924 ਦਾ ਹੈ। ਉਹ ਪਾਕਿਸਤਾਨ ਦੇ ਸੂਬੇ ਸਿੰਧ ਵਿਚ ਪੈਦਾ ਹੋਏ। ਮੈਟਰਿਕ ਕਰਨ ਤੋਂ ਬਾਦ ਉਹ ਭਾਰਤ ਦੀ ਅਜ਼ਾਦੀ ਦੇ ਅੰਦੋਲਨ ਵਿਚ ਸ਼ਾਮਲ ਹੋ ਗਏ। ਸਿੰਧ ਸੂਬੇ ਵਿਚ 'ਸਵਰਾਜ ਸੈਨਾ' ਦੇ ਮੈਂਬਰ ਬਣ ਗਏ। ਇਹ ਸੰਸਥਾ ਡਾਕਟਰ ਮੰਗਾ ਰਾਮ ਵਲੋਂ ਬਣਾਈ ਗਈ ਸੀ ਤੇ ਉਨ੍ਹਾਂ ਦਾ ਉਦੇਸ਼ ਸੀ ਕਿ ਨੌਜਵਾਨਾਂ ਨੂੰ ਜਥੇਬੰਦ ਕਰਕੇ ਭਾਰਤ ਦੀ ਅਜ਼ਾਦੀ ਦੇ ਅੰਦੋਲਨ ਵਿਚ ਸ਼ਾਮਲ ਕੀਤਾ ਜਾਵੇ। ਹੇਮੂ ਕਲਾਨੀ ਨੇ ਭਾਰਤ ਛੋੜੋ ਅੰਦੋਲਨ ਵਿਚ ਹਿੱਸਾ ਲਿਆ ਤੇ ਅਜ਼ਾਦੀ ਦੇ ਸਲੋਗਨ

ਪੈਂਫਲਿਟਾਂ ਦੇ ਛਾਪਕੇ ਉਨ੍ਹਾ ਨੂੰ ਵੰਡਣ ਦਾ ਕੰਮ ਸੰਭਾਲਿਆ। 23 ਅਕਤੂਬਰ ਨੂੰ ਉਨ੍ਹਾਂ ਤੇ ਉਸਦੇ ਸਾਥੀਆਂ ਨੇ ਰੇਲ ਪਟੜੀ ਦੀਆਂ ਫਿਸ਼ ਪਲੇਟਾਂ ਉਖਾੜਕੇ ਬ੍ਰਿਟਿਸ਼ ਮਿਲਟਰੀ ਦੀ ਗੱਡੀ ਉਲਟਾਉਣ ਦੀ ਕੋਸ਼ਿਸ਼ ਕੀਤੀ ਪਰ ਮੌਕੇ ਤੇ ਹੀ ਫੜੇ ਗਏ। ਮੁਕਦਮਾ ਚਲਿਆ ਤੇ ਉਮਰ ਕੈਦ ਹੋਈ ਪਰ ਬਾਦ ਵਿਚ ਮਿਲਟਰੀ ਅਦਾਲਤ ਵਲੋਂ ਫਾਂਸੀ ਦੀ ਸਜਾ ਸੁਣਾ ਦਿੱਤੀ ਗਈ। 21 ਜਨਵਰੀ 1943 ਨੂੰ ਸੁਕਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ।

## ਕ੍ਰਿਸ਼ਨਾ ਗੁਪਾਲ ਕਾਰਵੇ

ਕ੍ਰਿਸ਼ਨਾ ਗੁਪਾਲ ਕਾਰਵੇ ਦਾ ਜਨਮ ਨਾਸਿਕ ਵਿਖੇ 1887 ਨੂੰ ਹੋਇਆ। ਉਹ ਹਿੰਦੂ ਫਿਲਾਸਫੀ ਦਾ ਬਹੁਤ ਵਡਾ ਵਿਦਵਾਨ ਸੀ ਤੇ ਅਭਿਨਵ ਭਾਰਤ ਸੁਸਾਇਟੀ ਦਾ ਮੈਂਬਰ ਸੀ ਜੋ ਨਾਸਿਕ ਵਿਚ ਕਾਰਵਾਈ ਕਰਦੀ ਸੀ। ਬੰਬ ਬਨਾਉਣ ਦਾ ਮਾਹਰ ਨੇ ਆਪਣੇ ਦੋ ਸਾਥੀਆ ਨੂੰ ਵੀ ਸਿਖਲਾਈ ਦਿੱਤੀ, ਉਦੇਸ਼ ਸੀ ਭਾਰਤ ਵਿਚੋਂ ਬ੍ਰਿਟਿਸ਼ ਰਾਜ ਦਾ ਖਾਤਮਾ। ਜੈਕਸਨ ਦੇ ਕਤਲ ਵਿਚ ਉਸਨੂੰ ਵੀ ਅਨੰਤ ਲਕਸ਼ਮਣ ਕਾਨਹਰੇ ਤੇ ਵਿਨਾਇਕ ਨਰਾਇਣ ਦੇਸ਼ਪਾਂਡੇ ਨਾਲ ਦੋਸ਼ੀ ਬਣਾਇਆ ਗਿਆ। ਤਿੰਨਾਂ ਨੂੰ ਬੰਬੇ ਹਾਈ ਕੋਰਟ ਵਲੋਂ ਅਪ੍ਰੈਲ 19, 1910 ਨੂੰ ਫਾਂਸੀ ਦੇ ਦਿੱਤੀ ਗਈ।

## ਗਦਰੀ ਰਾਮ ਰੱਖਾ

ਗਦਰੀ ਰਾਮ ਰੱਖਾ ਦਾ ਜਨਮ ਹੁਸ਼ਿਆਰਪੁਰ ਦਾ ਹੈ। ਗਦਰ ਪਾਰਟੀ ਦਾ ਪ੍ਰਸਿਧ ਮੈਂਬਰ ਸੀ ਤੇ ਸੋਹਣ ਲਾਲ ਪਾਠਕ ਨਾਲ ਰੂਹ ਦੀ ਸਾਂਝ ਸੀ। ਬਰਮਾ, ਸਿੰਗਾਪੁਰ ਤੇ ਮਲਾਇਆ ਵਿਚ ਬਗਾਵਤ ਨੂੰ ਪ੍ਰਚੰਡ ਕਰਨ ਲਈ ਕੰਮ ਕੀਤਾ ਤਾਂ ਕਿ ਭਾਰਤੀ ਫੌਜੀ ਜੋ ਇਨ੍ਹਾ ਦੇਸ਼ਾਂ ਵਿਚ ਬ੍ਰਿਟਿਸ਼ ਸਾਮਰਾਜ ਦੀ ਸੈਨਾ ਵਿਚ ਤੈਨਾਤ ਸਨ ਨੂੰ ਝੰਜੋੜਿਆ ਜਾਵੇ ਤੇ ਬਗਾਵਤ ਲਈ ਤਿਆਰ ਕੀਤਾ ਜਾਵੇ। ਇਹੋ ਹੀ ਸਹੀ ਤਰੀਕਾ ਸੀ ਬ੍ਰਿਟਿਸ਼ ਕਲੋਨੀਆ ਨੂੰ ਅਜ਼ਾਦੀ ਦਿਵਾਉਣ ਦਾ। ਬਰਮਾ ਵਿਚ ਗਰਿਫਤਾਰ ਹੋ ਗਏ ਤੇ ਉਮਰ ਕੈਦ ਦੀ ਸਜਾ ਹੋ ਗਈ ਤੇ ਚੱਕੀ ਸੈੱਲ ਵਿਚ ਸੁਟ ਦਿੱਤੇ ਗਏ। ਬ੍ਰਿਟਿਸ਼ ਜੁਲਮ ਦੇ ਸ਼ਿਕਾਰ ਬਣੇ, ਹੱਦੋਂ ਵਧ ਤਸ਼ਦਦ ਨੂੰ ਝਲਦੇ ਹੋਏ ਸੀਅ ਨਹੀ ਕੀਤੀ ਪਰ ਕਦੋਂ ਤਕ ਇਹ ਸਰੀਰ ਸਾਥ ਦਿੰਦਾ। ਤਸ਼ਦਦ ਦੀ ਅੱਤ ਨੇ ਜਾਨ ਲੈ ਲਈ। ਜੇਲ੍ਹ ਵਿਚ ਕੀਤੀ ਭੁਖ ਹੜਤਾਲ ਵਿਚ ਸਰਗਰਮੀ ਨਾਲ ਹਿੱਸਾ ਲੈਂਦਿਆਂ ਆਪਣੀ ਸ਼ਹਾਦਤ ਨੂੰ ਹੋਰ ਕੋਲ ਲੈ ਆਂਦਾ।

## ਦੁਰਗਾ ਮਾਲਾ

ਦੁਰਗਾ ਮਾਲਾ ਦਾ ਜਨਮ 1913 ਨੂੰ ਢੋਈਵਾਲਾ ਜੋ ਹੁਣ ਉਤਰਾਂਚਲ ਪ੍ਰਦੇਸ਼ ਵਿਚ ਹੈ, ਵਿਖੇ ਹੋਇਆ। ਉਹ ਆਪਣੀ ਜਾਨ ਨਿਛਾਵਰ ਕਰਨ ਵਾਲਾ ਪਹਿਲਾ ਗੋਰਖਾ ਸੀ। 1931 ਵਿਚ ਦੁਰਗਾ ਮਾਲਾ 'ਗੋਰਖਾ ਰਾਇਫ਼ਲਜ਼' ਵਿਚ ਭਰਤੀ ਹੋ ਗਿਆ। ਉਮਰ ਮਸੀ ਅਠਾਰਾਂ ਸਾਲ ਸੀ। 1942 ਵਿਚ ਉਸਨੇ ਇੰਡੀਅਨ ਨੈਸ਼ਨਲ ਆਰਮੀ ਨੂੰ ਅਪਣਾ ਲਿਆ। ਆਪਣੀ ਲਗਨ ਤੇ ਮੁਹਾਰਤ ਨਾਲ, ਉਹ ਬਹੁਤ ਜਲਦੀ ਹੀ ਮੇਜਰ ਬਣ ਗਿਆ ਤੇ ਇੰਡੀਅਨ ਨੈਸ਼ਨਲ ਆਰਮੀ ਦੀ ਇੰਨਟੈਲੀਜੈਂਸ ਬਰਾਂਚ ਵਿਚ ਕੰਮ ਕਰਨ ਲੱਗਾ। ਦੁਸ਼ਮਣ

ਦੀਆਂ ਖੁਫੀਆ ਸੁਚਨਾਵਾਂ ਪ੍ਰਾਪਤ ਕਰਨ ਲਈ ਉਹ ਜੋਖ਼ਮ ਭਰੇ ਕੰਮ ਕਰਦਾ। ਬਦਕਿਸਮਤੀ ਨਾਲ 27 ਮਾਰਚ, 1944 ਨੂੰ ਕੋਹਿਮਾ(ਨਾਗਾਲੈਂਡ) ਵਿਚ ਫੜਿਆ ਗਿਆ। ਮੁਕਦਮਾ ਚਲਿਆ ਤੇ ਦਿਲੀ ਸੈਂਟਰਲ ਜੇਲ੍ਹ ਵਿਚ ਫਾਂਸੀ ਦਾ ਰੱਸਾ ਚੁੰਮ ਲਿਆ। ਆਪਣੀ ਮੌਤ ਤੋਂ ਪਹਿਲਾਂ ਆਪਣੀ ਪਤਨੀ ਸ਼ਾਰਦਾ ਦੇਵੀ ਨੂੰ ਕਿਹਾ, "ਮੇਰੀ ਕੁਰਬਾਨੀ ਅਜਾਂਈ ਨਹੀ ਜਾਵੇਗੀ। ਭਾਰਤ ਇੱਕ ਦਿਨ ਜ਼ਰੂਰ ਅਜ਼ਾਦ ਹੋਵੇਗਾ। ਇਹ ਸਿਰਫ ਥੋੜੇ ਸਮੇ ਦੀ ਗੱਲ ਹੈ ਤੇ ਫਿਰ ਤੇਰੇ ਨਾਲ ਕਰੋੜਾਂ ਹਿੰਦੋਸਤਾਨੀ ਹੋਣਗੇ।

## ਦਿਨੇਸ਼ ਚੰਦਰ ਗੁਪਤਾ

ਦਿਨੇਸ਼ ਚੰਦਰ ਗੁਪਤਾ ਦਾ ਜਨਮ 6 ਦਸੰਬਰ, 1911 ਨੂੰ ਜੋਸ਼ਲੋਂਗ ਵਿਖੇ ਹੋਇਆ ਜੋ ਹੁਣ ਬੰਗਲਾ ਦੇਸ਼ ਵਿਚ ਹੈ। ਜਦੋਂ ਉਹ ਢਾਕਾ ਕਾਲਜ਼ ਵਿਚ ਵਿਦਿਆਰਥੀ ਸੀ ਤਾਂ ਉਨ੍ਹਾਂ ਦਾ ਮੇਲ ਸੁਭਾਸ਼ ਚੰਦਰ ਬੋਸ ਨਾਲ ਹੋ ਗਿਆ ਤੇ 1926 ਵਿਚ ਬੰਗਾਲ ਵਲੰਟੀਅਰਜ਼ ਵਿਚ ਸ਼ਾਮਲ ਹੋ ਗਏ। ਬਾਦ ਵਿਚ ਇਹ ਗਰੁਪ ਕਰਾਂਤੀਕਾਰੀਆਂ ਦਾ ਸਰਗਰਮ ਗਰੁਪ ਬਣ ਗਿਆ ਜੋ ਬ੍ਰਿਟਸ਼ ਖਿਲਾਫ ਲੜੇ। ਇਸ ਗਰੁਪ ਨੇ ਕਰਨਲ ਐਨ.ਐਸ ਸਿੰਮਪਸਨ ਨੂੰ ਮਾਰਨ ਦੀ ਸਕੀਮ ਬਣਾਈ। ਸਿੰਮਪਸਨ ਜੇਲ੍ਹਾਂ ਦਾ ਇੰਨਸਪੈਕਟਰ ਜਨਰਲ ਸੀ ਤੇ ਜੇਲ੍ਹ ਵਿਚ ਭਾਰਤੀ ਕੈਦੀਆਂ ਨੂੰ ਤਸੀਹੇ ਦੇਣ ਲਈ ਮਸ਼ਹੂਰ ਸੀ। ਗੁਪਤਾ ਤੇ ਇਸਦੇ ਦੋ ਸਾਥੀ ਬਿਨਾਏ ਬੋਸ ਤੇ ਬਾਦਲ ਗੁਪਤਾ ਨੇ ਕਲਕਤਾ ਦੇ ਡਲਹੌਜ਼ੀ ਹਾਊਸ ਵਿਚ 8 ਦਸੰਬਰ, 1930 ਨੂੰ ਪਾਰ ਬੁਲਾ ਦਿਤਾ। ਬ੍ਰਿਟਿਸ਼ ਗਾਰਡ ਨੇ ਵੀ ਗੋਲੀ ਚਲਾਈ, ਬਹਾਦਰੀ ਨਾਲ ਲੜਦਿਆਂ ਜਦੋਂ ਪੇਸ਼ ਨਾ ਗਈ ਤੇ ਆਤਮ ਹਤਿਆ ਦੀ ਕੋਸ਼ਿਸ਼ ਕੀਤੀ ਪਰ ਕਾਮਾਯਾਬ ਨਹੀ ਹੋਏ ਤੇ ਬੁਰੀ ਤਰ੍ਹਾ ਜਖਮੀ ਹੋ ਗਏ। ਬਾਦ ਵਿਚ ਫੜੇ ਗਏ, ਸਖਤ ਤਸੀਹੇ ਦਿਤੇ। ਮੁਕਦਮੇ ਵਿਚ ਫਾਂਸੀ ਦੀ ਸਜਾ ਹੋਈ। 7 ਜੁਲਾਈ1931 ਨੂੰ ਅਲੀਪੁਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਦੋਂ ਉਨ੍ਹਾਂ ਦੀ ਉਮਰ 19 ਸਾਲ ਸੀ।

## ਬਖਸ਼ੀਸ਼ ਸਿੰਘ

ਬਖਸ਼ੀਸ਼ ਸਿੰਘ ਦਾ ਜਨਮ ਅਮ੍ਰਿਤਸਰ ਦਾ ਹੈ। ਉਹ ਗਦਰ ਪਾਰਟੀ ਦੇ ਉਘੇ ਮੈਂਬਰ ਤੇ ਮਹਾਨ ਕਰਾਂਤੀਕਾਰੀ ਸਨ। ਲਾਹੌਰ ਬੰਬ ਕੌਨਸਪੀਰੇਸੀ ਵਿਚ ਉਨ੍ਹਾਂ ਦਾ ਹਥ ਸੀ। ਬਾਦ ਵਿਚ ਉਹ ਗਰਿਫ਼ਤਾਰ ਹੋ ਗਏ ਤੇ 16 ਨਵੰਬਰ, 1915 ਨੂੰ ਫਾਂਸੀ ਤੇ ਲਟਕਾ ਦਿੱਤੇ ਗਏ।

## ਬਸੰਤਾ ਕੁਮਾਰ ਬਿਸਵਾਸ਼

ਬਸੰਤਾ ਕੁਮਾਰ ਬਿਸਵਾਸ਼ ਦਾ ਜਨਮ 6 ਫਰਵਰੀ, 1895 ਨੂੰ ਪੋਰਾਗਾਸ਼ਾ ਵੈਸਟ ਬੰਗਾਲ ਵਿਚ ਹੋਇਆ। ਉਹ ਯੁਗਾਂਤਰ ਗਰੁਪ ਦਾ ਉਘਾ ਕਰਾਂਤੀਕਾਰੀ ਸੀ। ਆਪਣੇ ਤਿੰਨ ਸਾਥੀਆਂ ਨਾਲ ਚਾਂਦਨੀ ਚੌਂਕ ਦਿਲੀ ਵਿਖੇ ਲੌਰਡ ਹੋਰਡਿੰਗਜ਼ ਤੇ ਬੰਬ ਸੁਟਿਆ। ਉਹ ਔਰਤ ਦੇ ਭੇਸ ਵਿਚ ਸੀ। 26 ਫਰਵਰੀ 1914 ਨੂੰ ਗਰਿਫਤਾਰ ਕਰ ਲਏ ਗਏ। 11 ਮਈ 1915 ਨੂੰ ਅੰਬਾਲਾ ਸੈਂਟਰਲ ਜੇਲ ਵਿਚ ਆਪਣੇ ਸਾਥੀਆਂ ਸਮੇਤ ਫਾਂਸੀ ਤੇ ਲਟਕਾ ਦਿੱਤੇ

ਗਏ। ਉਨ੍ਹਾਂ ਦਾ ਸ਼ੁਮਾਰ ਸਭ ਤੋਂ ਛੋਟੇ ਉਮਰ ਦੇ ਸ਼ਹੀਦਾਂ ਵਿਚ ਕੀਤਾ ਜਾਂਦਾ ਹੈ ਜੋ ਵੀਹ ਸਾਲ ਦੀ ਉਮਰ ਵਿਚ ਸ਼ਹੀਦੀ ਜਾਮ ਪੀ ਗਏ।

## ਪ੍ਰਮੋਦ ਰੰਜਨ ਚੌਧਰੀ

ਪ੍ਰਮੋਦ ਰੰਜਨ ਚੌਧਰੀ ਦਾ ਜਨਮ ਈਸ਼ਨ ਚੰਦਰਾ ਚੌਧਰੀ ਦੇ ਘਰ, ਕਲੇਸ਼ਰ, ਜਿਲ੍ਹਾ ਚਿਟਾਗਾਂਗ ਜੋ ਹੁਣ ਬੰਗਲਾ ਦੇਸ਼ ਵਿਚ ਹੈ ਸੰਨ 1904 ਵਿਚ ਹੋਇਆ। ਸੰਨ 1920, ਸੋਲਾਂ ਸਾਲ ਦੀ ਉਮਰ, ਵਿਦਿਆਰਥੀ ਜੀਵਨ, ਪ੍ਰਮੋਦ ਰੰਜਨ ਚੌਧਰੀ ਨੇ 'ਅਨੁਸ਼ੀਲਨ ਸਮਿਤੀ' ਜੋ ਇੱਕ ਕਰਾਂਤੀਕਾਰੀ ਜਥੇਬੰਦੀ ਸੀ, ਵਿਚ ਸਰਗਰਮ ਕੰਮ ਕਰਨਾ ਸ਼ੁਰੂ ਕਰ ਦਿੱਤਾ। ਨਾ-ਮਿਲਵਰਤਨ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ। ਅਨੰਤ ਹਰੀ ਮਿਸ਼ਰਾ ਨਾਲ ਮਿਲਕੇ ਪੁਲੀਸ ਦੇ ਡਿਪਟੀ ਕਮਿਸ਼ਨਰ ਮਿਸਟਰ ਭੁਪਿੰਦਰਾ ਨਾਥ ਚੈਟਰਜੀ ਦਾ ਲੋਹੇ ਦੀ ਰਾਡ ਨਾਲ ਕਤਲ ਕਰ ਦਿੱਤਾ। ਦਕਸ਼ੀਨਸਵਰ ਬੰਬ ਕੇਸ ਵਿਚ ਚੌਧਰੀ ਪ੍ਰਮੋਦ ਰੰਜਨ ਨੂੰ ਅਲੀਪੁਰ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ। ਬਾਦ ਵਿਚ ਮੁਕਦਮਾ ਚਲਿਆ ਤੇ 28 ਸਤੰਬਰ, 1926 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

## ਬਿਜੇ ਕੁਮਾਰ ਸਿਨ੍ਹਾ

ਬਿਜੇ ਕੁਮਾਰ ਸਿਨ੍ਹਾ ਦਾ ਜਨਮ ਕਾਨਪੁਰ ਵਿਚ ਜਨਵਰੀ 17, 1909 ਨੂੰ ਹੋਇਆ। ਜਦੋਂ ਉਹ ਕਰਾਇਸਟ ਚਰਚ ਕਾਲਜ ਵਿਚ ਪੜ੍ਹਾਈ ਕਰ ਰਹੇ ਸਨ, ਉਨ੍ਹਾਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਐਸੋਸੀਏਸ਼ਨ ਪਾਰਟੀ ਵਿਚ ਸ਼ਮੂਲੀਅਤ ਕਰ ਲਈ। ਦੋ ਦੋਸਤ ਵੀ ਨਾਲ ਸਨ ਅਜੇ ਘੋਸ਼ ਅਤੇ ਬਟਕੇਸ਼ਵਰ ਦੱਤ। ਲਾਹੌਰ ਸਾਜਿਸ਼ ਕੇਸ ਵਿਚ ਦੋਸ਼ੀ ਠਹਿਰਾਏ ਗਏ। ਦਿਲੀ ਸਾਜਿਸ਼ ਕੇਸ ਵੀ ਸ਼ਾਮਲ ਕਰ ਲਿਆ ਗਿਆ। ਉਨ੍ਹਾਂ ਦਾ ਭਰਾ ਰਾਜ ਕੁਮਾਰ ਸਿਨ੍ਹਾ ਵੀ ਕਾਕੋਰੀ ਟਰੇਨ ਰੌਬਰੀ ਵਿਚ ਸ਼ਾਮਲ ਸੀ ਤੇ ਜੋ ਦੋ ਸਾਲ ਰੂਪੋਸ਼ ਰਿਹਾ। ਲਾਹੌਰ ਜੇਲ੍ਹ ਵਿਚ ਭੁਖ ਹੜਤਾਲ ਵਿਚ ਸ਼ਾਮਲ ਹੋਏ। ਬਾਦ ਵਿਚ ਉਮਰ ਕੈਦ ਦੀ ਸਜਾ ਹੋਈ ਤੇ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਉਥੋਂ ਉਨ੍ਹਾ ਨੂੰ ਹੋਮ ਜਿਲ੍ਹੇ ਵਿਚ ਭੇਜ਼ ਦਿੱਤਾ ਗਿਆ। 1945 ਵਿਚ ਰਿਹਾ ਹੋਏ।

## ਮਨਮਥ ਨਾਥ ਗੁਪਤਾ

ਮਨਮਥ ਨਾਥ ਗੁਪਤਾ ਦਾ ਜਨਮ 1908 ਦਾ ਹੈ। ਤੇਰਾਂ ਸਾਲ ਦੀ ਉਮਰ ਵਿਚ ਇੰਡੀਅਨ ਫਰੀਡਮ ਮੂਵਮੈਂਟ ਵਿਚ ਸ਼ਾਮਲ ਹੋ ਗਏ ਤੇ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਵਿਚ ਹੋਈ ਸ਼ਮੂਲੀਅਤ ਨਾਲ ਕਰਾਂਤੀਕਾਰੀ ਗਰੁਪ ਨਾਲ ਕੰਮ ਕਰਦੇ ਬ੍ਰਿਟਿਸ਼ ਖਿਲਾਫ ਕੰਮ ਕੀਤਾ। ਉਨ੍ਹਾਂ ਨੇ ਕਾਂਗਰਸ ਵਿਚ ਸ਼ਾਮਲ ਹੋਕੇ ਕੰਮ ਕਰਨ ਦੀ ਕੋਸਿਸ਼ ਕੀਤੀ ਪਰ ਚੌੜੀ ਚੌੜਾ ਕੇਸ ਤੋਂ ਬਾਦ ਕਾਂਗਰਸ ਛੱਡ ਦਿੱਤੀ। ਅਗਸਤ 9, 1925 ਨੂੰ, ਸਾਥੀਆਂ ਨਾਲ ਮਿਲਕੇ ਕਾਕੋਰੀ ਟਰੇਨ ਮਿਸ਼ਨ ਵਿਚ ਹਿੱਸਾ ਲਿਆ। ਕੁਝ ਸਾਥੀਆਂ ਨੂੰ ਫਾਂਸੀ ਦੀ ਸਜਾ ਹੋਈ ਪਰ ਇਨ੍ਹਾ ਨੂੰ ਘਟ ਉਮਰ ਕਰਕੇ ਉਮਰ ਕੈਦ ਦੀ ਸਜ਼ਾ ਹੋਈ।

ਦੇਸ਼ ਦੀ ਅਜ਼ਾਦੀ 1947 ਨੂੰ ਰਿਹਾ ਹੋਏ। ਇਨ੍ਹਾ ਦਾ ਦਿਹਾਂਤ ਅਕਤੂਬਰ 2000 ਨੂੰ ਹੋਇਆ।

## ਭਾਈ ਬਾਲ ਮੁਕੰਦ

ਭਾਈ ਬਾਲ ਮੁਕੰਦ ਦਾ ਜਨਮ 1889 ਨੂੰ ਖਰੀਲਾ, ਪੰਜਾਬ ਵਿਚ ਹੋਇਆ। ਦੇਸ਼ ਭਗਤੀ ਦਾ ਜਜ਼ਬਾ ਕਾਲਜ ਵਿਚ ਵਿਦਿਆਰਥੀ ਵਜੋਂ ਵਿਚਰਦਿਆਂ ਹੋਇਆ। ਉਹ ਸਰਗਰਮ ਕਰਾਂਤੀਕਾਰੀ ਸਨ ਤੇ ਬ੍ਰਿਟਿਸ਼ ਸਾਮਰਾਜ ਵਿਰੁਧ ਕੰਮ ਕੀਤਾ। ਉਹ ਕਰਾਂਤੀਕਾਰੀ ਸਾਹਿਤ ਤਿਆਰ ਕਰਦੇ ਤੇ ਵੰਡਦੇ ਜਿਸ ਨੂੰ 'ਰਿਵੋਲਟ ਅਗੇਨਸ਼ਟ ਰੂਲਰਜ਼' ਕਿਹਾ ਜਾਦਾ ਸੀ। ਦਿਲੀ ਸਾਜਿਸ਼ ਕੇਸ ਵਿਚ ਉਨ੍ਹਾਂ ਦੀ ਸ਼ਮੂਲੀਅਤ ਸੀ ਜਿਸ ਵਿਚ ਲੌਰਡ ਹਰਡਿੰਗ ਨੂੰ ਨਿਸ਼ਾਨਾ ਬਣਾਕੇ ਚਾਂਦਨੀ ਚੌਂਕ ਦਿਲੀ ਵਿਚ, 23 ਦਸੰਬਰ 1912 ਨੂੰ ਬੰਬ ਸੁਟਿਆ ਗਿਆ ਸੀ। ਮਈ 17, 1913 ਨੂੰ ਲਾਰੰਸ ਗਾਰਡਨ ਲਾਹੌਰ ਵਿਚ ਚਲਾਏ ਬੰਬ ਵਿਚ ਵੀ ਉਹ ਦੋਸ਼ੀ ਸਨ। ਬਾਲਮੁਕੰਦ ਨੂੰ ਜੋਧਪੁਰ ਵਿਖੇ ਗਰਿਫਤਾਰ ਕਰ ਲਿਆ ਗਿਆ ਜਦੋਂ ਉਹ ਜੋਧਪੁਰ ਦੇ ਮਹਾਰਾਜੇ ਦੇ ਪੁੱਤਰ ਨੂੰ ਟਿਊਸ਼ਨ ਪੜਾਉਣ ਦਾ ਆਪਨਾ ਕੰਮ ਕਰ ਰਹੇ ਸਨ। 5 ਅਕਤੂਬਰ ਨੂੰ  ਫਾਂਸੀ ਦੀ ਸਜਾ ਹੋਈ ਤੇ 11 ਮਈ 1915 ਨੂੰ ਫਾਂਸੀ ਦੇ ਦਿੱਤੀ ਗਈ।

## ਭਾਈ ਮਹਾਰਾਜ ਸਿੰਘ

ਭਾਈ ਮਹਾਰਾਜ ਸਿੰਘ ਦਾ ਜਨਮ ਲੁਧਿਆਣਾ ਜਿਲ੍ਹੇ ਦਾ ਹੈ। ਪਹਿਲਾ ਨਾਮ ਨਿਹਾਲ ਸਿੰਘ ਸੀ। ਉਹ ਬਹੁਤ ਹੀ ਧੀਰਜ਼ ਵਾਲੇ ਸਨ ਪਰ ਐਂਗਲੋ-ਸਿੱਖ ਯੁੱਧ ਪਿਛੋਂ ਉਨ੍ਹਾ ਦੇ ਵਿਚਾਰ ਵਿਦਰੋਹੀ ਹੋ ਗਏ ਤੇ ਕਰਾਂਤੀਕਾਰੀ ਕਾਰਵਾਈਆ ਵਿਚ ਜੁੱਟ ਗਏ। । ਪਰਿਮਾ ਸਾਜ਼ਿਸ਼ ਕੇਸ ਵਿਚ ਉਨ੍ਹਾਂ ਦੇ ਨਾਮ ਉਭਰਿਆ। ਇਸ ਕੇਸ ਵਿਚ ਹੈਨਰੀ ਲਾਰੈਂਸ ਤੇ ਕੁਝ ਦੂਸਰੇ ਅੰਗਰੇਜ਼ ਅਫਸਰ ਲਾਹੌਰ ਦਰਬਾਰ ਵਿਚ ਮਾਰੇ ਗਏ ਸਨ। ਉਹ ਰੂਪੋਸ਼ ਹੋ ਗਏ ਪਰ ਚਲਾਕ ਅੰਗਰੇਜ਼ ਨੇ  ਇਨ੍ਹਾਂ ਦੀ ਗਰਿਫਤਾਰੀ ਲਈ ਇਨਾਮ ਘੋਸ਼ਿਤ ਕਰ ਦਿੱਤਾ। ਦੀਵਾਨ ਮੂਲ ਚੰਦ ਨੇ ਬ੍ਰਿਟਿਸ਼ ਸਾਮਰਾਜ ਖਿਲਾਫ 1848 ਵਿਚ ਵਿਦਰੋਹ ਕਰ ਦਿੱਤਾ। ਇਹ ਸੂਚਨਾ ਮਿਲਦਿਆ ਹੀ ਭਾਈ ਮਹਾਰਾਜ ਸਿੰਘ ਨੇ ਆਪਣੀਆਂ ਕਾਰਵਾਈਆ ਵਿਚ ਤਿੱਖਾਪਨ ਲੈ ਆਂਦਾ। 1849 ਵਿਚ ਉਹ ਆਪਣੇ ਗੁਪਤ ਹੈੱਡ ਕੁਆਟਰ ਜੋ ਜੰਮੂ ਵਿਚ ਸੀ ਮੁੜ ਆਏ। ਉਸੇ ਸਾਲ ਉਹ ਸਿਖ ਰਜਮੈਂਟ ਦੀ ਮਦਦ ਕਰਨ ਹੁਸ਼ਿਆਰਪੁਰ ਆ ਗਏ। 28 ਦਸੰਬਰ, 1849 ਨੂੰ ਆਦਮਪੁਰ ਤੋਂ ਉਨ੍ਹਾ ਨੂੰ ਗਰਿਫਤਾਰ ਕਰ ਲਿਆ ਗਿਆ। ਗਰਿਫ਼ਤਾਰ ਕਰਨ ਤੋਂ ਬਾਦ ਕਾਲ ਕੋਠੜੀ ਵਿਚ ਸੁਟ ਦਿੱਤਾ ਗਿਆ। ਕਾਲ ਕੋਠੜੀ ਦੀ ਲੰਬੀ ਨਜ਼ਰਬੰਦੀ ਨਾਲ 5 ਜੁਲਾਈ, 1856 ਵਿਚ ਉਹ ਪ੍ਰਲੋਕ ਸੁਧਾਰ ਗਏ।

## ਸ਼ਹੀਦੇ-ਆਜ਼ਮ ਭਗਤ ਸਿੰਘ

ਭਗਤ ਸਿੰਘ ਤੇ ਕਰਾਂਤੀਕਾਰੀ ਅੰਦੋਲਨ

ਲਿਖਤ ਨਿਰਾਜਾ ਰਾਉ ( Niraja Rao)

ਅਨੁਵਾਦ ਤੇ ਪੇਸ਼ਕਸ਼-ਕੁਲਜੀਤ ਮਾਨ

ਭਗਤ ਸਿੰਘ ਭਾਰਤ ਦੀ ਬਸਤੀਵਾਦ ਦੇ ਵਿਰੋਧ ਵਿਚ ਉਸਰੇ ਅੰਦੋਲਨ ਦਾ ਇੱਕ ਸਿਰਮੌਰ ਕਰਾਂਤੀਕਾਰੀ ਸ਼ਹੀਦ ਹੈ। ਉਹ ਉਸ ਨੌਜਵਾਨ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਸੀ ਜੋ ਗਾਂਧੀਵਾਦੀ ਰਾਜਨੀਤੀ ਤੋਂ ਅਸੰਤੁਸ਼ਟ ਸਨ ਤੇ ਇਨਕਲਾਬੀ ਵਿਕਲਪ ਦੀ ਪੈਰਵੀ ਕਰਨ ਵਿਚ ਯਕੀਨ ਰਖਦੇ ਸਨ। ਭਗਤ ਸਿੰਘ ਨੇ ਯੋਰਪੀਅਨ ਕਰਾਂਤੀਕਾਰੀ ਅੰਦੋਲਨਾਂ ਦੀ ਘੋਖ ਕੀਤੀ ਤੇ ਸਾਮਵਾਦ ਦੇ ਖਿਲਾਫ ਸਥਾਪਤ ਕਦਰਾਂ ਕੀਮਤਾਂ ਦੀ ਤੋੜ ਭੰਨ ਵੱਲ, ਪੂਰੀ ਤਨਦੇਹੀ ਨਾਲ ਝੁਕ ਗਿਆ। ਉਹ ਪੂਰੀ ਤਰ੍ਹਾਂ ਨਾਸਤਿਕ, ਸਮਾਜਵਾਦੀ ਤੇ ਕਾਮਰੇਡ ਬਣ ਗਿਆ। ਉਸਨੇ ਮਹਿਸੂਸ ਕੀਤਾ ਕਿ ਬ੍ਰਿਟਿਸ਼ ਰਾਜ ਦਾ ਤਖਤਾ ਪਲਟਣ ਲਈ ਸੋਸ਼ਲਿਸ਼ਟ ਵਿਚਾਰਧਾਰਾ ਹੀ ਠੀਕ ਰਾਹ ਹੈ, ਜਿਸ ਨਾਲ ਭਾਰਤੀ ਸਮਾਜ ਦੀ ਪੁਨਰ ਉਸਾਰੀ ਕੀਤੀ ਜਾ ਸਕਦੀ ਹੈ ਤੇ ਰਾਜ ਸਤਾ ਕਾਮਿਆਂ ਦੇ ਹੱਥ ਹੋਣੀ ਚਾਹੀਦੀ ਹੈ। ਭਗਤ ਸਿੰਘ ਤੇ ਬਟਕੇਸ਼ਵਰ ਦੱਤ ਨੇ ਜੂਨ 6, 1929 ਨੂੰ ਐਸੰਬਲੀ-ਬੰਬ ਕੇਸ ਦੇ ਮੁੱਕਦਮੇ ਦੌਰਾਨ ਆਪਣਾ ਬਿਆਨ ਦਿੱਤਾ। ਇਹ ਬਿਆਨ ਉਨ੍ਹਾਂ ਦੇ ਕਰਾਂਤੀਕਾਰੀ ਵਿਚਾਰਾਂ ਦੀ ਪ੍ਰੜਤਾ ਕਰਨ ਵਾਲਾ ਸੀ।

"ਇਨਕਲਾਬ ਦਾ ਮਤਲਬ ਸਾਡੇ ਲਈ ਇਹ ਹੈ ਕਿ ਵਰਤਮਾਨ ਕਾਇਦੇ ਕਾਨੂੰਨ, ਜਿਹੜੇ ਬੇਇਨਸਾਫੀ ਤੇ ਅਧਾਰਿਤ ਹਨ, ਜ਼ਰੂਰ ਬਚਲਣੇ ਚਾਹੀਦੇ ਹਨ। ਉਤਪਾਦਕ ਤੇ ਮਜ਼ਦੂਰ ਭਾਵੇਂ ਸਾਡੇ ਸਮਾਜ ਦਾ ਸਭਤੋਂ ਜ਼ਰੂਰੀ ਅੰਗ ਹਨ ਪਰ ਇਸਦੀ ਬਣਤਰ ਇਸਤਰ੍ਹਾਂ ਹੈ ਕਿ ਉਤਪਾਦਕ, ਮਜ਼ਦੂਰ ਦਾ ਸੋਸ਼ਣ ਕਰ ਰਿਹਾ ਹੈ ਤੇ ਉਸਦੇ ਮੌਲਿਕ ਅਧਿਕਾਰਾਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਕਿਸਾਨ ਜੋ ਸਾਰਿਆਂ ਲਈ ਫਸਲ ਬੀਜਦਾ ਹੈ, ਉਹ ਆਪ ਪਰਿਵਾਰ ਸਮੇਤ ਭੁੱਖਾ ਮਰ ਰਿਹਾ ਹੈ। ਕਪੜਾ ਬੁਨਣ ਵਾਲੇ ਸਾਰੀ ਦੁਨੀਆ ਨੂੰ ਕਪੜਾ ਬੁਣਕੇ ਦਿੰਦੇ ਹਨ, ਉਨ੍ਹਾ ਕੋਲ ਆਪਣੇ ਤੇ ਆਪਣੇ ਬੱਚਿਆਂ ਦੇ ਤਨ ਢਕਣ ਲਈ ਕਪੜਾ ਨਹੀ ਹੈ। ਰਾਜ ਮਿਸਤਰੀ, ਸਨਿਆਰੇ, ਤੇ ਲਕੜ ਦੇ ਕਾਰੀਗਰ ਜਿਨ੍ਹਾ ਨੇ ਅੱਖਾਂ ਚੁੰਧਿਆ ਦੇਣ ਵਾਲੇ ਮਹਿਲ ਬਣਾ ਦਿੱਤੇ ਪਰ ਉਹ ਝੌਂਪੜੀਆਂ ਵਿਚ ਪਤਿਤਾਂ ਵਾਂਗ ਰਹਿੰਦੇ ਹਨ। ਪੂੰਜੀਪਤੀ, ਸੋਸ਼ਣ ਕਰਨ ਵਾਲੇ ਸਮਾਜ ਨੂੰ ਘੁਣ ਵਾਂਗ ਲੱਗੇ ਕੀੜੇ ਹਨ ਤੇ ਉਹ ਆਪਣੀ ਮੌਜ਼ ਮਸਤੀ ਵਿਚ ਲੱਖਾਂ ਰੁਪਏ ਫਜ਼ੂਲ ਫੂਕ ਦਿੰਦੇ ਹਨ। "

ਉਨ੍ਹਾਂ ਨੇ ਦਲੀਲ ਦਿੱਤੀ ਕਿ ਵਡੀ ਤਬਦੀਲੀ ਦੀ ਲੋੜ ਹੈ ਤੇ ਇਹ ਉਨ੍ਹਾਂ ਦਾ ਫਰਜ਼ ਹੈ ਜੋ ਸਮਾਜ ਦਾ ਸੋਸ਼ਲਿਸ਼ਟ ਵਿਚਾਰਧਾਰਾ ਅਨੁਸਾਰ ਪੁਨਰ ਨਿਰਮਾਣ ਕਰਨਾ ਚਾਹੁੰਦੇ ਹਨ। ਇਸ ਉਦੇਸ਼ ਲਈ ਕਿਰਤੀ-ਸਮਾਜ ਦੇ ਹੱਥ, ਦੇਸ਼ ਦੀ ਵਾਗਡੋਰ ਹੋਣੀ ਬਹੁਤ ਜ਼ਰੂਰੀ ਹੈ। (ed, Shiv Verma, Selected Writings of Shaheed Bhagat Singh, New Delhi, 1986, pp, 74-75)

ਭਗਤ ਸਿੰਘ ਤੇ ਉਸਦੇ ਕਾਮਰੇਡ ਸਾਥੀਆਂ ਨੇ ਆਪਣਾ ਕਮਿਊਨਿਜ਼ਮ ਬਾਰੇ ਨਜ਼ਰੀਆ, ਆਪਣੀਆਂ ਕਾਰਵਾਈਆਂ ਤੇ ਨਾਹਰਿਆਂ ਨਾਲ ਵੀ ਦ੍ਰਿਸ਼ਟੀਗੋਚਰ ਕੀਤਾ। ਇਸ ਸੰਦਰਭ ਵਿਚ ਜਨਵਰੀ 21, 1930 ਨੂੰ ਲਾਹੌਰ ਸਾਜਿਸ਼ ਕੇਸ ਵਿਚ ਉਨ੍ਹਾਂ ਦੀ ਪੈਰਵੀ ਇਸਦੀ ਪੁਸ਼ਟੀ ਕਰਦੀ ਹੈ। ਦੋਸ਼ੀ ਅਦਾਲਤ ਵਿਚ ਲਾਲ ਸਕਾਰਫ ਪਹਿਣਕੇ ਆਏ, ਜਿਉਂ

ਹੀ ਮਜਿਸਟਰੇਟ ਨੇ ਆਪਣੀ ਕੁਰਸੀ ਸੰਭਾਲੀ, ਉਨ੍ਹਾਂ ਨੇ ਉਚੀ ਅਵਾਜ਼ ਵਿਚ ਨਾਹਰਿਆਂ ਨਾਲ ਅਦਾਲਤ ਦੀਆਂ ਕੰਧਾਂ ਗੂੰਜਣ ਲਾ ਦਿੱਤੀਆਂ। ਨਾਹਰੇ ਸਨ, 'ਇਨਕਲਾਬ ਜਿੰਦਾਬਾਦ' 'ਕਮਿਊਨਿਸਟ ਪਾਰਟੀ ਜ਼ਿੰਦਾਬਾਦ' ਲੋਕ ਲਹਿਰ ਜ਼ਿੰਦਾਬਾਦ' 'ਲੈਨਿਨ ਅਮਰ ਰਹੇ' 'ਸਾਮਵਾਦ ਮੁਰਦਾਬਾਦ'। ਬਾਦ ਵਿਚ ਭਗਤ ਸਿੰਘ ਨੇ ਅਦਾਲਤ ਵਿਚ ਕੀਤੀ ਟੈਲੀਗਰਾਮ ਦੀ ਇਬਾਰਤ ਪੜ੍ਹੀ ਤੇ ਮਜਿਸਟਰੇਟ ਨੂੰ ਕਿਹਾ ਕਿ ਇਸਨੂੰ ਤੀਸਰੀ ਦੁਨੀਆਂ ਤੱਕ ਪਹੁੰਚਾਇਆ ਜਾਵੇ:-

"ਲੈਨਿਨ ਦੇ ਜਨਮ-ਦਿਨ ਤੇ ਅਸੀਂ ਉਨ੍ਹਾਂ ਸਾਰਿਆਂ ਨੂੰ ਸ਼ੁਭ ਇਛਾਵਾਂ ਭੇਜਦੇ ਹਾਂ ਜੋ ਮਹਾਨ ਲੈਨਿਨ ਦੀ ਸੋਚ ਨੂੰ ਪਰਨਾਏ ਹੋਏ ਹਨ ਤੇ ਉਸਦੇ ਵਿਚਾਰ ਨੂੰ ਅੱਗੇ ਲਿਜਾਣ ਲਈ ਕੁਝ ਵੀ ਕਰ ਰਹੇ ਹਨ। ਅਸੀਂ ਰਸ਼ੀਆ ਦੇ ਮਹਾਨ ਤਜ਼ਰਬਿਆਂ ਦੀ ਸਫਲਤਾ ਲਈ ਦੁਆ ਕਰਦੇ ਹਾਂ। ਅਸੀਂ ਦੁਨੀਆ ਭਰ ਦੇ ਕਿਰਤੀ ਅੰਦੋਲਨ ਦੀ ਅਵਾਜ਼ ਵਿਚ ਆਪਣੀ ਅਵਾਜ਼ ਸ਼ਾਮਲ ਕਰਦੇ ਹਾਂ। ਕਿਰਤੀ ਸਮਾਜ ਜਿੱਤੇਗਾ। ਸਾਮਵਾਦ ਹਾਰੇਗਾ। ਸਾਮਵਾਦ ਮੁਰਦਾਬਾਦ'।

ਇਸਦਾ ਅਸਲ ਅੰਗਰੇਜ਼ੀ ਵਰਸ਼ਨ ਇਸਤਰ੍ਹਾਂ ਹੈ:-

'On Lenin Day we send hearty greetings to all who are doing something for carrying forward the ideas of the great Lenin, we wish success to the great experiment Russia is carrying out. We join our voice to that of the International working class movement. The proletariat will win. Capitalism will be defeated. Death to Imperialism'. (Ibid. , p. 82)

ਭਗਤ ਸਿੰਘ ਵਿਅਕਤੀਗਤ ਅਤਵਾਦ ਦਾ ਆਲੋਚਕ ਸੀ ਜੋ ਉਸ ਵਕਤ ਕਰਾਂਤੀਕਾਰੀ ਨੌਜਵਾਨ ਦੇ ਰੋਹ ਦਾ ਛਣਿਕ ਵਰਤਾਰਾ ਬਣ ਗਿਆ ਸੀ। ਉਸਨੇ ਮਹਿਸੂਸ ਕੀਤਾ ਕਿ ਇਸਤਰ੍ਹਾਂ ਕੁਝ ਵੀ ਹਾਸਲ ਨਹੀ ਹੋ ਸਕਦਾ। ਸਗੋਂ ਲੋੜ ਹੈ ਕਮਿਊਨਿਸਟ ਝੰਡੇ ਥੱਲੇ ਸਮੂਹ ਨੂੰ ਲਾਮਬੰਦ ਕਰਕੇ ਸਾਮਵਾਦ ਨੂੰ ਕਰਾਰੀ ਟੱਕਰ ਦੇਕੇ ਚਿੱਤ ਕੀਤਾ ਜਾਵੇ। ਆਪਣੀਆਂ ਆਖਰੀ ਲਿਖਤਾਂ ਵਿਚ ਉਸਨੇ ਦਲੀਲ ਸਹਿਤ ਜ਼ਿਕਰ ਕੀਤਾ ਹੈ ਕਿ ਪਾਰਟੀ ਨੂੰ ਕਿਸਾਨ ਤੇ ਕਿਰਤੀਆਂ ਨੂੰ ਲਾਮਬੰਦ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਛੋਟੇ ਉਦਯੋਗਾਂ ਵਿਚਲੇ ਕਿਰਤੀਆਂ ਦੀਆਂ ਯੂਨੀਅਨਾਂ ਬਣਾਕੇ ਉਨ੍ਹਾ ਨੂੰ ਲਾਮਬੰਦ ਕਰਨ ਲਈ ਸਿਖਿਆ ਦੇਣੀ, ਸਭਤੋਂ ਵਧੀਆ ਤਰੀਕਾ ਹੈ ਤਾਂ ਕਿ ਰਾਜਨੀਤਕ ਤਾਕਤ ਦੀ ਆਖਰੀ ਜੰਗ ਜਿੱਤੀ ਜਾ ਸਕੇ। ਇਸ ਕੰਮ ਤੋਂ ਇਲਾਵਾ ਕਮਿਊਨਿਸਟ ਪਾਰਟੀ ਆਪਣਾ ਇੱਕ ਮਿਲਟਰੀ ਵਿੰਗ ਵੀ ਸਥਾਪਿਤ ਕਰੇ। ਉਹ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ, "ਮੈਂ ਕੋਈ ਅੱਤਵਾਦੀ ਨਹੀ ਹਾਂ ਤੇ ਨਾ ਹੀ ਕਦੇ ਸੀ, ਹੋ ਸਕਦਾ ਹੈ ਕਿ ਆਪਣੇ ਕਰਾਂਤੀਕਾਰੀ ਕਾਲ ਦੇ ਸ਼ੁਰੂਆਤੀ ਦੌਰ ਵਿਚ ਕੁਝ ਤਤਾ ਹੋਵਾਂ, ਹੁਣ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਨ੍ਹਾ ਅਤਵਾਦੀ ਤਰੀਕਿਆਂ ਨਾਲ ਅਸੀਂ ਕੁਝ ਵੀ ਪ੍ਰਾਪਤ ਨਹੀ ਕਰ ਸਕਦੇ। ਕੋਈ ਵੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਐਸੋਸ਼ੀਏਸ਼ਨ ਦੇ ਇਤਿਹਾਸ ਤੋਂ ਇਸਦੀ ਸੌਖੀ

ਤਰ੍ਹਾ ਪੁਸ਼ਟੀ ਕਰ ਸਕਦਾ ਹੈ। ਸਾਡੀਆਂ ਸਾਰੀਆਂ ਕਾਰਵਾਈਆਂ ਇੱਕ ਨਿਸ਼ਾਨੇ ਵਲ ਹੀ ਸੇਧਿਤ ਹਨ। ਉਦਾਹਰਣ ਦੇ ਤੌਰ ਤੇ, ਅਸੀਂ ਆਪਣੇ ਆਪ ਨੂੰ ਇਸ ਵਡੇ ਅੰਦੋਲਨ ਦੇ ਮਿਲਟਰੀ ਵਿੰਗ ਨਾਲ ਹੀ ਜੋੜ ਕੇ ਵੇਖਦੇ ਹਾਂ। ਜੇ ਕੋਈ ਮੈਨੂੰ ਗਲਤ ਸਮਝਦਾ ਹੈ, ਉਸਨੂੰ ਆਪਣੇ ਵਿਚਾਰ ਬਦਲ ਲੈਣੇ ਚਾਹੀਦੇ ਹਨ। ਮੈਂ ਇਹ ਨਹੀ ਕਹਿੰਦਾ ਕਿ ਬੰਬ ਤੇ ਪਿਸਤੌਲ ਕਿਸੇ ਕੰਮ ਦੇ ਨਹੀ ਸਗੋਂ ਮੈਂ ਇਸਦੇ ਉਲਟ ਇਹ ਕਹਿੰਦਾ ਹਾਂ ਕਿ ਸਿਰਫ ਬੰਬ ਚਲਾਉਣੇ ਵਿਅਰਥ ਹੀ ਨਹੀ ਸਗੋਂ ਕਈ ਵਾਰ ਨੁਕਸਾਨ ਵੀ ਕਰਦੇ ਹਨ। ਪਾਰਟੀ ਦਾ ਮਿਲਟਰੀ ਵਿੰਗ ਹਮੇਸ਼ਾਂ ਹਥਿਆਰਾਂ ਨਾਲ ਲੈਸ ਹੋਕੇ ਤਿਆਰ ਰਹਿੰਣਾ ਚਾਹੀਦਾ ਹੈ ਤਾਂ ਕਿ ਕਿਸੇ ਵੀ ਸੰਕਟ ਵੇਲੇ ਇਸਨੂੰ ਹੁਕਮ ਦਿੱਤਾ ਜਾ ਸਕੇ। ਇਸਨੂੰ ਪਾਰਟੀ ਦੀ ਰਾਜਨੀਤਕ ਪਹੁੰਚ ਦੀ ਪਿੱਠ ਤੇ ਰਹਿੰਣਾ ਚਾਹੀਦਾ ਹੈ। ਇਸਨੂੰ ਕਿਸੇ ਵੀ ਹਾਲਤ ਵਿਚ ਅਜ਼ਾਦਾਨਾ ਤੌਰ ਤੇ ਕੰਮ ਨਹੀ ਕਰਨਾ ਚਾਹੀਦਾ। ”

## ਭਗਤ ਸਿੰਘ: ਜੀਵਨ ਸਬੰਧੀ ਜਾਣਕਾਰੀ

ਸਤੰਬਰ 28, 1907 ਭਾਗਾਂਵਾਲਾ ਦੇ ਤੌਰ ਤੇ ਜਨਮ ਹੋਇਆ। (ਇਤਿਹਾਸ ਦੀਆਂ ਕਈ ਕਿਤਾਬਾਂ ਵਿਚ ਭਗਤ ਸਿੰਘ ਦੇ ਜਨਮ ਦੀ ਤਰੀਕ 26 ਤੇ 27 ਸਤੰਬਰ ਹੈ। ਇੰਨਕਲਾਬੀ ਨੌਜਵਾਨ ਸਭਾ ਦੇ ਸੀਤਾ ਰਾਮ ਬਾਂਸਲ ਨਾਲ ਸੰਪਰਕ ਕਰਨ ਤੇ ਉਨ੍ਹਾਂ ਨੇ ਸਤੰਬਰ 28, ਦੀ ਤਸਦੀਕ ਕੀਤੀ ਹੈ) ਭਾਗਾਂਵਾਲਾ ਪਰਿਵਾਰ ਵਲੋਂ ਇਸ ਲਈ ਕਿਹਾ ਜਾਂਦਾ ਸੀ ਕਿ ਉਸੇ ਦਿਨ ਚਾਚਾ ਅਜੀਤ ਸਿੰਘ ਜੀ ਰਿਹਾ ਹੋਏ ਸਨ। ਖਾਂਦੇ ਪੀਂਦੇ ਸੰਧੂ ਜੱਟ ਪਰਿਵਾਰ ਵਿਚ ਪਰਵਰਿਸ਼ ਹੋਈ। ਪਰਿਵਾਰ, ਪੰਜਾਬ ਦੇ ਜਿਲ੍ਹਾਂ ਨਵਾ ਸ਼ਹਿਰ ਦੇ ਕਸਬੇ ਖਟਕੜ ਕਲਾ ਨਾਲ ਸਬੰਧਿਤ ਸੀ। ਭਗਤ ਸਿੰਘ ਉਸ ਪੀੜ੍ਹੀ ਨਾਲ ਸਬੰਧਿਤ ਸਨ ਜਿਨ੍ਹਾਂ ਨੇ ਭਾਰਤ ਦੇ ਰਾਸ਼ਟਰੀ ਅੰਦੋਲਨ ਵਿਚ ਦੋ ਵਿਚਾਧਾਰਾਵਾਂ ਵਿਚੋਂ ਇੱਕ ਨੂੰ ਚੁਣਨਾ ਸੀ। ਇੱਕ ਸੀ 'ਖਾੜਕੂ ਧਿਰ ਤੇ ਦੂਸਰੀ ਮਹਾਤਮਾ ਗਾਂਧੀ ਦੇ ਪ੍ਰਭਾਵ ਵਾਲੀ ਅਹਿੰਸਾਵਾਦੀ ਸੋਚ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ, ਪੰਜਾਬ ਦੇ ਬਹੁਤ ਸਾਰੇ ਲੀਡਰ ਲੋਕ ਚੇਤਨਾ ਲਈ ਕੰਮ ਕਰਦੇ ਸਨ। ਉਨ੍ਹਾਂ ਵਿਚੋਂ ਦੋ ਸਨ, ਸਰਦਾਰ ਅਜੀਤ ਸਿੰਘ ਤੇ ਸਰਦਾਰ ਕਿਸ਼ਨ ਸਿੰਘ। ਸਰਦਾਰ ਕਿਸ਼ਨ ਸਿੰਘ, ਭਗਤ ਸਿੰਘ ਦੇ ਪਿਤਾ ਸਨ ਤੇ ਸਰਦਾਰ ਅਜੀਤ ਸਿੰਘ ਚਾਚਾ ਜੀ ਸਨ। ਭਾਵੇਂ ਦੋਵੇਂ ਭਰਾ ਮਿਡਲ ਕਲਾਸ ਨਾਲ ਸਬੰਧਿਤ ਸਨ ਪਰ ਇਨ੍ਹਾ ਦੀ ਵਿਰੋਧਤਾ ਰਾਸ਼ਟਰੀ ਨੈਸ਼ਨਲ ਕਾਂਗਰਸ ਦੀ ਸਿਖਰ ਦੀ ਹਾਈ ਕਮਾਂਡ ਨਾਲ ਸੀ ਤੇ ਖਾਸ ਤੌਰ ਤੇ ਲਾਲਾ ਲਾਜਪਤ ਰਾਏ ਨਾਲ। ਦੋਵੇਂ ਭਰਾ ਲਗਾਤਾਰ ਗਰਮ ਵਿਚਾਰਾਂ ਵਾਲੇ ਸਨ ਤੇ ਹਮੇਸ਼ਾਂ ਲੋਕਾਂ ਨੂੰ ਬ੍ਰਿਟਿਸ਼ ਖਿਲਾਫ ਲਾਮਬੰਦ ਕਰਨ ਦੇ ਆਹਰ ਵਿਚ ਰਹਿੰਦੇ, ਜਦੋਂ ਵੀ ਕੋਈ ਮੌਕਾ ਮਿਲਦਾ, ਇਹ ਲੋਕਾਂ ਨਾਲ ਖੜਦੇ।

ਇਸ ਬਾਰੇ ਇੱਕ ਆਰਟੀਕਲ ਹੈ ਜਿਸਨੂੰ 'ਐਮਰਜੈਂਸ ਔਫ ਦੀ ਪੰਜਾਬ ਇੰਨ ਦੀ ਫਰੀਡਮ ਮੂਵਮੈਂਟ',

*('Emergence of the Punjab in the freedom movement', )*

ਭਗਤ ਸਿੰਘ ਅਨੁਸਾਰ, ਉਨ੍ਹਾਂ ਦੀ (ਪਿਤਾ ਤੇ ਚਾਚਾ ਜੀ)ਪ੍ਰੇਰਨਾ ਦਾ ਸਰੋਤ ਖਾੜਕੂ ਲੀਡਰ ਬਾਲ ਗੰਗਾਧਰ ਤਿਲਕ ਸੀ। 1906 ਨੂੰ ਕਲਕਤੇ ਵਿਚ ਹੋਏ ਕਾਂਗਰਸ ਅਜਲਾਸ ਦੌਰਾਨ ਬਾਲ ਗੰਗਾਧਰ ਤਿਲਕ ਨੇ ਉਨ੍ਹਾਂ ਦਾ ਜੋਸ਼ ਤੇ ਉਤਸ਼ਾਹ ਵੇਖਿਆ। ਲੋਕਮਾਨਿਆ ਗੰਗਾਧਰ ਤਿਲਕ ਨੇ ਉਨ੍ਹਾਂ ਨੂੰ ਅਲਵਿਦਾ ਕਹਿੰਣ ਲਗਿਆਂ ਪੰਜਾਬ ਦੇ ਅੰਦੋਲਨ ਨੂੰ ਪਕੇਰਾ ਕਰਨ ਦੀ ਜ਼ਿੰਮੇਵਾਰੀ ਦਿੱਤੀ। ਲਾਹੌਰ ਵਾਪਸ ਆਕੇ, ਦੋਵਾਂ ਭਰਾਵਾਂ ਨੇ ਮਾਸਕ ਅਖਬਾਰ 'ਭਾਰਤ ਮਾਤਾ' ਸ਼ੁਰੂ ਕਰ ਲਿਆ ਤੇ ਇਸ ਅਖਬਾਰ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਭਗਤ ਸਿੰਘ ਅਨੁਸਾਰ, ਉਨ੍ਹਾ ਕੋਲ ਕੋਈ ਪੈਸਾ ਧੇਲਾ ਨਹੀ ਸੀ ਤੇ ਨਾ ਹੀ ਅਮੀਰ ਤਬਕੇ ਨਾਲ ਕੋਈ ਰਾਬਤਾ, ਇਸਲਈ ਇਹ ਕੰਮ ਵੀ ਉਨ੍ਹਾ ਨੇ ਆਪ ਹੀ ਕਰਨਾ ਸੀ। ਇਸਲਈ ਉਨ੍ਹਾ ਨੇ ਇੱਕ ਪੈਟਰਨ ਬਣਾ ਲਿਆ। ਉਹ ਘੰਟੀ ਮਾਰਕੇ ਲੋਕਾਂ ਦਾ ਧਿਆਨ ਖਿਚਦੇ ਤੇ ਸਾਰੀ ਇੱਕਠੀ ਹੋਈ ਜਨਤਾ ਨੂੰ ਭਾਸ਼ਨ ਕਰਕੇ ਦਸਦੇ ਕਿ ਕਿਵੇਂ ਵਿਦੇਸ਼ੀ ਤਾਕਤਾਂ ਨੇ ਭਾਰਤ ਦੀ ਇੰਡਸਟਰੀ ਤੇ ਆਰਥਿਕਤਾ ਤਬਾਹ ਕੀਤੀ ਹੈ। ਇਸ ਇੱਕਠ ਵਿਚ ਹੀ ਉਹ ਐਲਾਨ ਕਰ ਦਿੰਦੇ ਕਿ ਹਫਤੇ ਦੇ ਵਿਚ ਹੀ ਇੱਕ ਬਹੁਤ ਜ਼ਰੂਰੀ ਮੀਟਿੰਗ, 'ਭਾਰਤ ਮਾਤਾ ਦੇ ਦਫਤਰ' ਵਿਚ ਕੀਤੀ ਜਾ ਰਹੀ ਹੈ। ਲਗਾਤਾਰ ਦੋ ਐਤਵਾਰ ਇਸਤਰ੍ਹਾ ਦੀ ਮੀਟਿੰਗ ਕਰਨ ਤੋਂ ਬਾਦ ਫੈਸਲਾ ਲਿਆ ਗਿਆ ਹਰ ਐਤਵਾਰ ਨੂੰ 'ਭਾਰਤ ਮਾਤਾ' ਦੇ ਦਫਤਰ ਵਿਚ ਮੀਟਿੰਗ ਹੋਇਆ ਕਰੇਗੀ। ਬਹੁਤ ਸਾਰੇ ਲੋਕਾਂ ਨੇ ਇਸ ਗਰੁਪ ਨੂੰ ਅਪਣਾ ਲਿਆ ਜਿਨ੍ਹਾ ਵਿਚ ਲਾਲਾ ਲਾਲਚੰਦ 'ਫਲਕ'ਵੀ ਸ਼ਾਮਲ ਸੀ ਜੋ ਪੰਜਾਬ ਦਾ ਰਾਸ਼ਟਰੀ ਪੱਧਰ ਦਾ ਕਵੀ ਸੀ। ਲਾਲਾ ਪਿੰਡੀਦਾਸ, ਡਾਇਸ਼ਵਰੀ ਪ੍ਰਸ਼ਾਦ ਤੇ ਸੂਫੀ ਅੰਬਾ ਪ੍ਰਸ਼ਾਦ ਵੀ ਸ਼ਾਮਲ ਹੋ ਗਏ। ਸਰਦਾਰ ਅਜੀਤ ਸਿੰਘ ਤੇ ਮਹੰਤ ਨੰਦ ਕਿਸ਼ੋਰ, ਕਰਮਵਾਰ ਪ੍ਰਧਾਨ ਤੇ ਸਕਤਰ ਚੁਣ ਲਏ ਗਏ ਤੇ ਹੁਣ ਇਸ ਗਰੁਪ ਦਾ ਨਾਮ 'ਭਾਰਤ ਮਾਤਾ ਸੁਸਾਇਟੀ'ਸੀ।

1887 ਵਿਚ ਪੰਜਾਬ ਸਰਕਾਰ ਨੇ ਝਨਾਬ ਕਲੋਨੀ ਬਣਾਈ। ਇਸ ਕਾਰਜ ਲਈ ਝਨਾਬ ਦਰਿਆ ਨੂੰ ਨਹਿਰੀ ਸਿਸਟਮ ਵਿਚ ਤਬਦੀਲ ਕੀਤਾ ਜਿਸ ਨਾਲ ਖਾਲੀ ਜ਼ਮੀਨ ਨੂੰ ਵਾਹੀਯੋਗ ਬਣਾਏ ਜਾਣ ਦਾ ਉਪਰਾਲਾ ਕੀਤਾ। ਇਹ ਕਲੋਨੀ ਸਾਰੇ ਪੰਜਾਬ ਲਈ ਇੱਕ ਮਾਡਲ ਬਣ ਗਈ। ਇਸਦੀ ਦੇਖਰੇਖ ਪਿਤਰੀ ਪ੍ਰਸ਼ਾਸਨ (ਜਗੀਰਦਾਰੀ) ਵਲੋਂ ਕੀਤੀ ਗਈ। ਅਮੀਰ ਕਿਸਾਨ ਤਬਕਾ ਜਿਹੜਾ ਪੰਜਾਬ ਦੀ ਜਗਰੀਦਾਰੀ ਦਾ ਹਿੱਸਾ ਸੀ, ਨੂੰ ਇਸਦਾ ਸੰਸਥਾਪਕ ਬਣਾਏ ਜਾਣਾ ਤਹਿ ਸੀ। ਇਸਤਰ੍ਹਾਂ ਇਹ ਕਰਕੇ ਇਹ ਦਸਿਆ ਜਾਣਾ ਸੀ ਕਿ ਕਿਵੇਂ ਸਰਕਾਰ ਨਾਲ ਮਿਲਕੇ ਵਧੀਆ ਵਾਤਾਵਰਣ, ਸਫਾਈ ਸਬੰਧਿਤ ਆਲਾ ਦੁਆਲਾ, ਵਧੀਆ ਆਰਥਿਕ ਨੀਤੀਆਂ ਨਾਲ, ਲੋਕਾਂ ਦਾ ਜੀਵਨ ਪਧਰ ਉਚਾ ਕੀਤਾ ਜਾ ਸਕਦਾ ਹੈ।

ਅਕਤੂਬਰ 1906, ਸਰਕਾਰ ਨੇ 'ਪੰਜਾਬ ਕੋਲੋਨਾਇਜ਼ੇਸਨ ਔਫ ਲੈਂਡ ਬਿੱਲ, ਲੋਕਲ ਲੈਜਿਸਲੇਟਵ ਕੌਂਸਿਲ ਵਿਚ ਪੇਸ਼ ਕੀਤਾ। ਇਸ ਬਿੱਲ ਦਾ ਸਰਕਾਰੀ ਉਦੇਸ਼ ਸਾਫ਼ ਸਫਾਈ ਸਬੰਧਿਤ ਹਾਲਤਾਂ ਨੂੰ ਬੇਹਤਰ ਕਰਨਾ, ਦਰਖਤ ਲਗਾਉਂਣੇ ਤੇ ਝਨਾਬ ਕਲੋਨੀ ਦੀ ਉਸਾਰੀ ਕਰਨੀ ਸੀ। ਬਿੱਲ ਵਿਚ ਦਰਜ਼ ਜੇ ਕੋਈ ਮੱਦ ਤੋੜੀ ਗਈ ਤਾਂ ਜੁਰਮਾਨਾ ਉਸੇ ਤਰ੍ਹਾਂ ਹੀ ਉਗਰਾਇਆ ਜਾਵੇਗਾ ਜਿਵੇਂ ਮਾਲੀਆ ਉਗਰਾਇਆ ਜਾਂਦਾ ਹੈ। ਬਿੱਲ ਦੀ

ਇੱਕਤੀਵੀਂ ਧਾਰਾ ਅਨੁਸਾਰ ਕਲੋਨੀ ਵਿਚ ਅਦਾਲਤੀ ਦਖਲ ਨਹੀ ਦਿੱਤਾ ਜਾ ਸਕੇਗਾ। ਨਵੰਬਰ ਵਿਚ, ਸਰਕਾਰ ਨੇ ਨਹਿਰੀ ਪਾਣੀ ਦਾ ਰੇਟ ਵਧਾਉਣ ਦਾ ਐਲਾਨ ਕਰ ਦਿੱਤਾ। ਇਹ ਵਾਧਾ ਬਹੁਤ ਜ਼ਿਆਦਾ ਸੀ। ਬਾਰੀ ਦੁਆਬ ਨਹਿਰੀ ਏਰੀਆ ਅੰਮ੍ਰਿਤਸਰ, ਗੁਰਦਾਸਪੁਰ ਤੇ ਲਾਹੌਰ ਵਿਚੋਂ ਲੰਘਦਾ ਸੀ। ਇੱਥੇ ਰੇਟ ਘਟਾ ਦਿੱਤੇ ਗਏ ਸਨ ਕਿਉਂਕਿ ਸਰਕਾਰ ਨੂੰ ਆਸ ਸੀ ਕਿ ਮਾਲੀਏ ਵਿਚ ਨਰਮਾਈ, ਜੱਟ ਸਿੱਖ ਪਰਿਵਾਰਾਂ ਦੀ ਵਫਾਦਾਰੀ ਅੰਗਰੇਜ਼ ਸਰਕਾਰ ਨਾਲ ਜੁੜ ਜਾਵੇਗੀ ਜਿਨ੍ਹਾਂ ਨੂੰ ਭਾਰਤੀ ਫੌਜ਼ ਵਿਚ ਭਰਤੀ ਕਰਨ ਦੀ ਸੌਖ ਰਹੇਗੀ।

ਛੋਟੀ ਕਿਰਸਾਨੀ ਪਹਿਲਾਂ ਹੀ ਕਲੋਨੀ ਦੇ ਪਰਬੰਧਕੀ ਦੁਰਵਿਵਹਾਰ ਨਾਲ ਸਤੇ ਪਏ ਸਨ। ਉਨ੍ਹਾ ਨੇ ਇਸ ਵਾਧੇ ਦਾ ਤਕੜਾ ਵਿਰੋਧ ਕੀਤਾ ਤੇ ਬਿੱਲ ਦੇ ਜਾਇਜ਼ ਹੋਣ ਤੇ ਹੀ ਸੁਆਲ ਖੜਾ ਕਰ ਦਿੱਤਾ। ਵਢੀ-ਖੋਰੀ ਤੇ ਭਰਿਸ਼ਟਾਚਾਰ ਨੇ ਸਾਰੀ ਕਲੋਨੀ ਨੂੰ ਉਤੇਜਿਤ ਕਰ ਦਿੱਤਾ। ਜਗੀਰਦਾਰੀ ਦੀ ਦਖਲ ਅੰਦਾਜ਼ੀ ਨਾਲ ਸਾਰਾ ਸਿਸਟਮ ਹੀ ਵਿਰੋਧ ਵਿਚ ਉਠ ਖੜਾ ਹੋਇਆ। ਸੰਨ 1903 ਨੂੰ ਸਿਫਾਜ਼-ਉਦ ਦੀਨ ਅਹਿਮਦ, ਜੋ ਰਿਟਾਇਡ ਪੋਸਟਲ ਆਫਸਰ ਸੀ ਨੇ 'ਜਿੰਮੀਦਾਰ' ਨਾਮ ਦਾ ਅਖਬਾਰ ਸ਼ੁਰੂ ਕਰ ਦਿੱਤਾ। ਜਿਸ ਵਿਚ ਕਲੋਨੀ ਵਾਸੀਆਂ ਦੀ ਤਰਸ ਵਾਲੀ ਹਾਲਤ ਦਾ ਜ਼ਿਕਰ ਹੁੰਦਾ। ਹੁਣ ਸਿਰਫ ਕੁਝ ਸਮੇਂ ਦੀ ਹੀ ਗੱਲ ਸੀ ਜਦੋਂ ਇਸ ਮਸਲੇ ਨੇ ਰਾਜਨੀਤਕ ਵਿਰੋਧ ਦੀ ਰੂਪ ਰੇਖਾ ਤਿਆਰ ਕਰ ਦੇਣੀ ਸੀ।

ਭਗਤ ਸਿੰਘ ਦਾ ਦਾਦਾ, ਸਰਦਾਰ ਅਰਜਨ ਸਿੰਘ ਕੈਨਾਲ ਏਰੀਏ ਵਿਚ ਲਾਇਲਪੁਰ ਤੋਂ ਆਕੇ ਬੰਗੇ ਵਸ ਗਏ। ਇਸਲਈ ਇਹ ਕੋਈ ਹੈਰਾਨ ਕਰਨ ਵਾਲੀ ਗੱਲ ਨਹੀ ਹੈ ਕਿ ਸਰਦਾਰ ਅਜੀਤ ਸਿੰਘ ਸਪਸ਼ਟ ਤੌਰ ਤੇ ਇਤਨੀ ਸਾਫ ਦਿਲੀ ਨਾਲ ਇਸ ਸਮਸਿਆ ਨੂੰ ਸਮਝਦਾ ਸੀ। ਉਸਨੇ ਕਲੋਨੀ ਵਾਸੀਆਂ ਦੀ ਸਮਸਿਆ ਦੇ ਸੰਦਰਭ ਵਿਚ ਅਵਾਜ਼ ਉਠਾਈ ਤੇ ਇਸ ਬਿੱਲ ਦਾ ਵਿਰੋਧ ਕੀਤਾ।

1907, ਮਾਰਚ 22 ਤੇ 23, ਜ਼ਿਮੀਦਾਰਾਂ ਨੇ ਬਿੱਲ ਦੇ ਵਿਰੋਧ ਵਿਚ ਇੱਕ ਪਬਲਿਕ ਮਿਟਿੰਗ ਰੱਖੀ। ਭਾਵੇਂ ਇਹ ਮੀਟਿੰਗ ਅਮੀਰ ਲੋਟੂਆਂ ਦੀ ਸੀ ਪਰ ਅਜੀਤ ਸਿੰਘ ਨੇ 'ਭਾਰਤ ਮਾਤਾ ਸੁਸਾਇਟੀ'ਵਲੋਂ ਇਸ ਵਿਚ, ਬ੍ਰਿਟਿਸ਼ ਸਾਮਰਾਜ ਦੇ ਵਿਰੋਧ ਵਿਚ ਆਪਣੇ ਡੈਲੀਗੇਟ ਭੇਜੇ। ਭਾਰਤ ਮਾਤਾ ਅਖਬਾਰ ਵਲੋਂ ਲਾਲਾ ਲਾਜਪਤ ਰਾਏ ਨੂੰ ਸਪੀਚ ਦੇਣ ਲਈ ਕਿਹਾ ਗਿਆ। ਭਗਤ ਸਿੰਘ ਨੇ ਪੰਜਾਬ ਵਿਚਲੇ ਰਾਸ਼ਟਰੀ ਅੰਦੋਲਨ ਬਾਰੇ, ਆਪਣੇ ਇੱਕ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਉਸ ਬਿਲ ਬਾਰੇ ਲਾਜਪਤ ਰਾਏ ਤੇ ਅਜੀਤ ਸਿੰਘ ਦੇ ਬਹੁਤ ਹੀ ਵਖਰੇ ਤੇ ਵਿਰੋਧ ਵਾਲੇ ਵਿਚਾਰ ਸਨ।

ਲਾਇਲਪੁਰ ਜਾਣ ਤੋਂ ਪਹਿਲਾਂ ਲਾਲਾ ਲਾਜਪਤ ਰਾਏ ਨੇ ਸਰਦਾਰ ਅਜੀਤ ਸਿੰਘ ਨੂੰ ਸੰਦੇਸ਼ ਭੇਜਿਆ ਕਿ ਸਾਨੂੰ ਸਰਕਾਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਜੋ ਉਸਨੇ ਬਿੱਲ ਦੀ ਪਿਛਲੀ ਧਾਰਾ ਬਦਲ ਦਿੱਤੀ ਹੈ ਤੇ ਕਿਹਾ ਹੁਣ ਕਾਨੂੰਨ ਨੂੰ ਦੁਬਾਰਾ ਲਾਗੂ ਕਰ ਦੇਣਾ ਚਾਹੀਦਾ ਹੈ। ਇਸਦੇ ਜੁਆਬ ਵਿਚ ਜੋ ਉਤਰ ਸਰਦਾਰ ਅਜੀਤ ਸਿੰਘ ਨੇ ਭੇਜਿਆ ਉਹ ਇਸਤਰ੍ਹਾਂ ਸੀ ਕਿ ਅਸੀਂ ਲੋਕਾਂ ਨੂੰ ਤਿਆਰ ਕਰ ਰਹੇ ਹਾਂ ਕਿ ਮਾਲੀਆ ਨਾ ਦੇਣ ਲਈ

ਇੱਕ ਜਬਰਦਸਤ ਅੰਦੋਲਨ ਚਲਾਇਆ ਜਾਵੇ। ਸਰਕਾਰ ਦਾ ਧੰਨਵਾਦ ਤੇ ਅਸੀ ਕਿਸੇ ਵੀ ਕੀਂਮਤ ਤੇ ਨਹੀ ਕਰ ਸਕਦੇ।

ਭਗਤ ਸਿੰਘ ਨੇ ਇਸ ਰੈਲੀ ਨੂੰ ਕੁਝ ਇਸਤਰ੍ਹਾਂ ਦਰਸਾਇਆ ਸੀ, 'ਲਾਲਾ ਜੀ ਦਾ ਸੁਆਗਤ ਬਹੁਤ ਵਡੀ ਰੈਲੀ ਵਲੋਂ ਕੀਤਾ ਗਿਆ ਤੇ ਉਹ ਪੰਡਾਲ ਵਿਚ ਦੋ ਘੰਟੇ ਦੇਰ ਨਾਲ ਪਹੁੰਚੇ। ਇਸੇ ਦੌਰਾਨ ਸਰਦਾਰ ਅਜੀਤ ਸਿੰਘ ਨੇ ਸਪੀਚ ਕੀਤੀ। ਉਹ ਬਹੁਤ ਵਧੀਆ ਬੁਲਾਰੇ ਸਨ। ਉਨ੍ਹਾਂ ਦੀ ਅਣਥੱਕ ਕਿਸਮ ਦੀ ਸਪੀਚ ਨੇ ਸੁਣਨ ਵਾਲਿਆਂ ਵਿਚ ਜੋਸ਼ ਤੇ ਆਸ਼ਾਵਾਦੀ ਸੋਚ ਭਰ ਦਿੱਤੀ ਤੇ ਸਪੀਚ ਦੇ ਖਾਤਮੇ ਤੱਕ ਬਹੁਤ ਸਾਰੇ ਲੋਕ ਉਨ੍ਹਾਂ ਦੇ ਬੋਲਾਂ ਦੇ ਧਾਰਣੀ ਬਣ ਚੁੱਕੇ ਸਨ। ਹੁਣ ਜਦੋਂ ਲਾਲਾ ਜੀ ਪੰਡਾਲ ਵਿਚ ਪਹੁੰਚੇ। ਸਮੁੱਚਾ ਪੰਡਾਲ ਹੀ 'ਭਾਰਤ ਮਾਤਾ ਸੁਸਾਇਟੀ' ਦੇ ਨਾਲ ਸੀ। ਲਾਲਾ ਜੀ ਪੰਜਾਬ ਦੇ ਬੇਹਤਰੀਨ ਬੁਲਾਰੇ ਸਨ ਪਰ ਉਨ੍ਹਾ ਦੀ ਇਸ ਸਮੇਂ ਆਪਣੀ ਤਰਜ਼, ਨਿਡਰਤਾ, ਤੇ ਦ੍ਰਿੜਤਾ ਦੇ ਲਛਣ ਕੁਝ ਹੋਰ ਹੀ ਸਨ ਜੋ ਉਨ੍ਹਾਂ ਦੀ ਸ਼ੈਲੀ ਨਾਲ ਮੇਲ ਨਹੀ ਖਾ ਰਹੇ ਸਨ। ਹਰ ਬੋਲੀ ਲਾਈਨ ਬਾਦ ਉਨ੍ਹਾਂ ਦੀ ਜੈ-ਜੈਕਾਰ ਹੋ ਰਹੀ ਸੀ। ਮੀਟਿੰਗ ਤੋਂ ਬਾਦ ਬਹੁਤ ਸਾਰੇ ਲੋਕਾਂ ਨੇ ਆਪਣੀ ਜ਼ਿਦਗੀ ਦਾ ਸਮਰਪਣ ਭਾਰਤ-ਮਾਤਾ ਲਈ ਦ੍ਰਿੜਤਾ ਨਾਲ ਦੁਹਰਾਇਆ। ਮੀਟਿੰਗ ਵਿਚ ਲਾਲਾ ਜੀ ਨੇ ਉਦਾਰਵਾਦੀ ਨੀਤੀ ਦਾ ਪ੍ਰਦਰਸ਼ਨ ਕੀਤਾ ਸੀ। ਆਮਤੌਰ ਤੇ ਉਨ੍ਹਾਂ ਦੀ ਸਪੀਚ ਤੇ ਉਸ ਵਿਚਲੇ ਵਰਤੇ ਜੁਮਲੇ, ਅਖਾਣਾਂ ਲੋਕਾਂ ਵਿਚ ਅੰਤਾਂ ਦਾ ਜੋਸ਼ ਭਰ ਦਿੰਦੀਆਂ ਸਨ ਤੇ ਅੰਗਰੇਜ਼ ਇਸਨੂੰ ਬਗਾਵਤ ਦੀ ਸੰਗਿਆ ਦਿੰਦੇ ਸਨ। ਇਸਤੋਂ ਬਾਦ ਲਾਲਾ ਜੀ ਨੇ ਰਿਆਸਤਾਂ ਵਿਚ ਸਪੀਚਾਂ ਦੇਣ ਦਾ ਪਰੋਗਰਾਮ ਜੋ ਪਹਿਲੋਂ ਹੀ ਤਹਿ ਸੀ, ਆਪਣੇ ਤਹਿ ਕੀਤੇ ਪਰੋਗਰਾਮ ਤੇ ਚਲੇ ਗਏ ਤੇ ਸਰਦਾਰ ਅਜੀਤ ਸਿੰਘ ਨੇ ਅੰਮ੍ਰਿਤਸਰ ਤੇ ਲਾਹੌਰ ਵਿਚਲੇ ਕਿਸਾਨਾ ਨੂੰ ਜਥੇਬੰਦ ਕਰਨਾ ਆਰੰਭ ਕਰ ਦਿੱਤਾ। ਅਜੀਤ ਸਿੰਘ ਦੀ ਅਗਵਾਈ ਵਿਚ ਇਲਾਕਾਵਾਸੀਆਂ ਨੇ ਮਤਾ ਪਾਸ ਕਰ ਦਿੱਤਾ ਕਿ ਉਹ ਬ੍ਰਿਟਿਸ਼ ਵਸਤਾਂ ਦਾ ਬਾਈਕਾਟ ਕਰਨਗੇ ਤੇ ਇੱਕ ਸੰਘਰਸ਼ ਸ਼ੁਰੂ ਕਰ ਦਿੱਤਾ ਜਿਸ ਅਨੁਸਾਰ ਕੋਈ ਵੀ ਪਾਣੀ ਦੇ ਨਵੇਂ ਰੇਟਾ ਦਾ ਭੁਗਤਾਨ ਨਹੀ ਕਰੇਗਾ। ਜਿਹੜਾ ਇਸ ਸੰਘਰਸ਼ ਵਿਚਲੇ ਲਏ ਫੈਸਲੇ ਦਾ ਉਲੰਘਣ ਕਰੇਗਾ ਉਸਦਾ ਸਮਾਜਿਕ ਤੋੜ ਵਿਛੋੜਾ ਕੀਤਾ ਜਾਵੇਗਾ ਤੇ ਪੰਜ ਸੌ ਰੁਪਏ ਜੁਰਮਾਨਾ ਵਸੂਲਿਆ ਜਾਵੇਗਾ। ਪੰਜਾਬ ਦਾ ਲੈਫਟੀਨੈਂਟ ਗਵਰਨਰ ਡੈਂਨਜ਼ਲ ਇਬਟਸਨ ਨੇ ਇਸਨੂੰ ਪੰਜਾਬ ਵਿਚਲੀ ਬਗਾਵਤ ਸਮਝਿਆ ਤੇ ਇਸਦੇ ਦੋ ਕਾਰਣ ਉਸਦੀ ਸਮਝ ਵਿਚ ਆਏ। ਪਹਿਲਾ ਸੀ ਕਿ ਅਜੀਤ ਸਿੰਘ ਫੌਜੀਆਂ ਦੀ ਪਲਟਨਾਂ ਤੇ ਵਿਦਿਆਰਥੀਆਂ ਵਿਚ ਅਸ਼ਾਤੀ ਫੈਲਾ ਰਿਹਾ ਹੈ। ਇਹ ਅਸ਼ਾਤੀ ਟੋਢੀਆਂ ਨੂੰ ਵੀ ਤੰਗ ਕਰ ਰਹੀ ਸੀ। ਉਸਨੇ ਭਾਰਤ ਸਰਕਾਰ ਨੂੰ ਲਿਖਿਆ ਕਿ ਉਸਨੂੰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਦੇਸ਼-ਨਿਕਾਲਾ ਦੇਣ ਦੀ ਆਗਿਆ ਦਿੱਤੀ ਜਾਵੇ ਤਾਂ ਕਿ ਬਾਕੀਆਂ ਨੂੰ ਵੀ ਐਸੀ ਬਗਾਵਤ ਲਈ ਚੋਖੀ ਸਜਾ ਦਿੱਤੀ ਜਾਵੇ ਤਾਂ ਕਿ ਅੱਗੇ ਵਾਸਤੇ ਉਨ੍ਹਾਂ ਨੂੰ ਕੰਨ ਹੋ ਜਾਣ।

ਅਜੀਤ ਸਿੰਘ ਨੂੰ ਮੰਡਾਲੇ ਦੇਸ਼-ਨਿਕਾਲਾ ਦੇ ਦਿੱਤਾ ਗਿਆ ਤੇ ਉਸਦਾ ਭਰਾ ਕਿਸ਼ਨ ਸਿੰਘ ਜਿਹੜਾ ਅਜੀਤ ਸਿੰਘ ਤੋਂ ਘਟ ਮਸ਼ਹੂਰ ਸੀ ਪਰ ਸੰਘਰਸ਼ ਦਾ ਹੀ ਹਿੱਸਾ ਸੀ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

1907, ਬਿੱਲ ਦੀ ਨਜ਼ਰਸਾਨੀ ਕੀਤੀ ਗਈ। ਅਜੀਤ ਸਿੰਘ ਤੇ ਕਿਸ਼ਨ ਸਿੰਘ ਨੂੰ ਰਿਹਾ ਕਰ ਦਿੱਤਾ ਗਿਆ। ਇਸੇ ਹੀ ਸਾਲ ਸਤੰਬਰ ਵਿਚ ਭਗਤ ਸਿੰਘ ਦਾ ਜਨਮ ਹੁੰਦਾ ਹੈ। ਰਿਹਾਈ ਦੀ ਖੁਸ਼ੀ ਵਿਚ ਦਾਦੀ ਨੇ ਬੱਚੇ ਦਾ ਨਾਮ ਭਾਗਾਂਵਾਲਾ ਰੱਖ ਦਿੱਤਾ। ਭਗਤ ਸਿੰਘ ਨੇ ਆਪਣੀ ਮੁਢਲੀ ਪੜ੍ਹਾਈ ਬੰਗੇ ਵਿਖੇ ਡਿਸਟ੍ਰਿਕਟ ਬੋਰਡ ਸਕੂਲ ਵਿਚ ਸ਼ੁਰੂ ਕੀਤੀ। 1916-1917, ਉਨ੍ਹਾਂ ਦੇ ਪਿਤਾ ਲਾਹੌਰ ਚਲੇ ਗਏ ਤਾਂ ਕਿ ਕਾਂਗੜਾ ਵਿਖੇ ਆਏ ਭੁਚਾਲ ਦੇ ਪੀੜਤਾਂ ਦੇ ਕੰਮ ਦੀ ਦੇਖ ਰੇਖ ਕੀਤੀ ਜਾਵੇ। ਹੁਣ ਭਗਤ ਸਿੰਘ ਵੀ ਲਾਹੌਰ ਚਲੇ ਗਏ ਤੇ ਲਾਹੌਰ ਦੇ ਡ਼ੀ ਏ਼ ਵ਼ੀ ਸਕੂਲ ਵਿਚ ਪੜ੍ਹਨ ਲੱਗ ਪਏ। ਆਪਣੇ ਇਨ੍ਹਾਂ ਦਿਨਾਂ ਬਾਰੇ ਭਗਤ ਸਿੰਘ ਲਿਖਦੇ ਹਨ, 'ਇਹ ਉਹ ਦਿਨ ਸਨ ਜਦ ਉਹ ਆਪਣੇ ਪਿਤਾ ਦੀਆਂ ਸਿਖਿਆਵਾਂ ਤੋਂ ਪ੍ਰੇਰਨਾ ਲੈਕੇ ਅਜ਼ਾਦੀ ਦੇ ਵਿਚਾਰ ਵੱਲ ਪ੍ਰੇਰਿਤ ਹੋਏ।

ਬਾਰਾਂ ਸਾਲ ਦੀ ਉਮਰ ਵਿਚ ਭਗਤ ਸਿੰਘ ਨੇ ਆਪਣੀ ਪਹਿਲੀ ਚਿੱਠੀ ਆਪਣੇ ਦਾਦਾ ਜੀ ਨੂੰ ਲਿਖੀ ਕਿ ਉਸਨੇ ਆਪਣੇ ਸਕੂਲ ਦੇ ਇਮਤਿਹਾਨ ਪਾਸ ਕਰ ਲਏ ਹਨ ਤੇ ਉਨ੍ਹਾਂ ਨੂੰ ਇੱਸ ਪੱਖ ਤੋਂ ਚਿੰਤਾ ਨਹੀ ਕਰਨੀ ਚਾਹੀਦੀ। ਦੋ ਸਾਲ ਬਾਦ ਫਿਰ ਆਪਣੇ ਦਾਦਾ ਜੀ ਨੂੰ ਚਿੱਠੀ ਲਿਖੀ ਕਿ ਰੇਲਵੇ ਕਰਮਚਾਰੀ ਹੜਤਾਲ ਕਰਨ ਦਾ ਪਰੋਗਰਾਮ ਬਣਾ ਰਹੇ ਹਨ। ਆਸ ਹੈ ਕਿ ਅਗਲੇ ਹਫਤੇ ਉਹ ਹੜਤਾਲ ਕਰ ਦੇਣਗੇ। ਇਸ ਚਿੱਠੀ ਤੇ ਨਵੰਬਰ 12, 1921 ਦੀ ਤਰੀਕ ਹੈ ਤੇ ਇਹ ਦਸਦੀ ਹੈ ਕਿ ਉਹ ਮਹਾਤਮਾ ਗਾਂਧੀ ਦੇ ਨਾ-ਮਿਲਵਰਤਨ ਅੰਦੋਲਨ ਬਾਰੇ ਕਿਤਨੇ ਚੇਤੰਨ ਸਨ। ਦੋਵੇਂ ਚਿੱਠੀਆਂ ਉਰਦੂ ਮੁਹਾਰਤੀ ਸਨ। ਵਾ□

1923, ਭਗਤ ਸਿੰਘ ਨੇ ਨੈਸ਼ਨਲ ਕਾਲਜ਼ ਲਾਹੌਰ ਵਿਚ ਦਾਖਲਾ ਲੈ ਲਿਆ। ਇਹ ਕਾਲਜ਼ ਲਾਲਾ ਲਾਜਪਤ ਰਾਏ ਤੇ ਭਾਈ ਪਰਮਾਨੰਦ ਵਲੋਂ, ਪੰਜਾਬ ਕੌਮੀ ਵਿਦਿਆ ਪੀਠ ਦੇ ਸਦਾਚਾਰ ਹੇਠ, ਸ਼ੁਰੂ ਕੀਤਾ ਤੇ ਚਲਾਇਆ ਜਾ ਰਿਹਾ ਸੀ। ਕਾਲਜ਼ ਦੀ ਸਾਰੀ ਪ੍ਰਣਾਲੀ ਐਸੀ ਸੀ ਕਿ ਇਹ ਸਰਕਾਰੀ ਕਾਲਜ਼ ਦੇ ਵਿਕਲਪ ਵਜੋਂ ਕੌਮੀ ਹਿੱਤ ਵਿਚ ਸਿਖਿਆ ਦੇਵੇ। ਇਸ ਵਿਚ ਸਥਾਨਕ ਤੇ ਭਾਰਤੀ ਸਭਿਅਤਾ ਦੇ ਅਨੁਸਾਰੀ ਵਿਦਿਅਕ ਢਾਂਚਾ ਸੀ। ਇਸ ਵਿਦਿਅਕ ਅਦਾਰੇ ਪਿਛੇ ਜੋ ਦਰਸ਼ਨ ਕੰਮ ਕਰ ਰਿਹਾ ਸੀ, ਉਹ ਇਹੋ ਸੀ ਕਿ ਨਵੀਂ ਪੀੜ੍ਹੀ ਆਪਣੇ ਨਵ-ਭਾਰਤ ਦਾ ਨਿਰਮਾਣ ਭਾਰਤੀ ਕੀਮਤਾਂ ਅਨੁਸਾਰ ਕਰ ਸਕੇ।

ਭਗਤ ਸਿੰਘ ਦਾ ਅਕੈਡਮਿਕ ਰਿਕਾਰਡ ਬਹੁਤ ਵਧੀਆ ਸੀ। ਕਾਲਜ਼ ਦੇ ਪ੍ਰਿੰਸੀਪਲ ਛਬੀਲ ਦਾਸ ਨੇ ਉਸਦੀ ਨਿੱਜੀ ਜਾਣ-ਪਛਾਣ ਵਿਚ ਲਿਖਿਆ ਸੀ, 'ਹੱਥ ਵਿਚ ਕੋਈ ਕਿਤਾਬ ਨਹੀ, ਇਹ ਅਧਿਆਪਕ ਤੇ ਨਿਰਭਰ ਹੈ ਕਿ ਉਸਨੇ ਲਾਇਬਰੇਰੀ ਵਿਚੋਂ ਕਿਹੜੀ ਕਿਤਾਬ ਸਿਲੈਕਟ ਕਰਨੀ ਹੈ ਤੇ ਕਿਤਾਬ ਦਾ ਕਿਹੜਾ ਹਿੱਸਾ ਆਪਣੇ ਵਿਦਿਆਰਥੀਆਂ ਨੂੰ ਦੇਣਾ ਹੈ। ਸਾਡੇ ਨੈਸ਼ਨਲ ਕਾਲਜ਼ ਵਿਚ, ਅਸੀਂ ਮਾਜ਼ਿਨੀ ਤੇ ਗਾਰੀਬਾਲਦੀ(ਅਡਡਨਿ ਅਨਦ ਘਅਰਬਿਅਲਦਿ) ਬਾਰੇ ਗੱਲ ਕਰਦੇ। ਅਸੀਂ ਆਇਰਲੈਂਡ ਬਾਰੇ ਗੱਲ ਕਰਦੇ, ਤੇ 'ਦੀ ਵਲੇਰਾ ਦੀ ਸਿਨ ਫੈਂਨ ਮੂਵਮੈਂਟ' ਬਾਰੇ ਗੱਲ ਕਰਦੇ। ਅਸੀਂ ਰਸ਼ੀਅਨ ਮੂਵਮੈਂਟ ਬਾਰੇ

ਗੱਲ ਕਰਦੇ। ਇਤਿਹਾਸ ਦਾ ਪ੍ਰੋਫਸਰ ਚੰਦਰਾ ਵਿਦਿਆ ਲੰਕਾਰ 'ਰਸ਼ੀਅਨ ਨਾਰੋਡਨਿਕ 'ਬਾਰੇ ਆਪ ਤੇ ਵਿਦਿਆਰਥੀ ਬਹਿਸ ਕਰਦੇ।

ਭਗਤ ਸਿੰਘ ਕਾਲਜ਼ ਦੀ ਡਰਾਮਾਟਿਕ ਸੁਸਾਇਟੀ ਦਾ ਵੀ ਮੈਂਬਰ ਸੀ ਤੇ ਇੰਞ ਲਗਦਾ ਸੀ ਕਿ ਸਾਥੀ ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਉਹ ਬਹੁਤ ਹੀ ਹਰਮਨ ਪਿਆਰਾ ਸੀ। ਇਹ ਮਸ਼ਹੂਰੀ ਸਿਰਫ ਆਪਣੇ ਕਾਲਜ਼ ਤੱਕ ਹੀ ਮਹਿਦੂਦ ਨਹੀ ਰਹੀ ਸਗੋਂ ਦੂਜੇ ਕਾਲਜ਼ਾਂ ਵਿਚ ਵੀ ਪਛਾਣੀ ਜਾਣ ਲੱਗੀ। ਉਸਦਾ ਖਾਸ ਤੌਰ ਤੇ ਜੋ ਪ੍ਰਭਾਵ ਪਾਉਣ ਵਾਲਾ ਸੀ, ਉਹ ਸੀ ਉਸਦਾ ਤਕੜਾ ਜੁੱਸਾ ਤੇ ਅਗਵਾਈ ਦੇਣ ਵਰਗੀ ਅਵਾਜ਼। ਉਸਦੀਆਂ ਜੀਵਨੀਆਂ ਲਿਖਣ ਵਾਲਿਆਂ ਵਿਚੋਂ ਇੱਕ ਐਸ਼ਆਰ਼ ਬਖਸ਼ੀ ਲਿਖਦਾ ਹੈ ਕਿ ਭਗਤ ਸਿੰਘ- ਉਰਦੂ, ਹਿੰਦੀ, ਗੁਰਮੁਖੀ, ਅੰਗਰੇਜੀ ਤੇ ਸੰਸਕ੍ਰਿਤ ਬੋਲਣ ਵਿਚ ਮਾਅਰਕੇ ਦੀ ਮੁਹਾਰਤ ਰਖਦਾ ਸੀ। ਆਪਣੇ ਇੱਕ ਪੈਂਫਲਿਟ, 'ਮੈਂ ਨਾਸਤਕ ਕਿਉਂ ਹਾਂ' ਆਪਣੇ ਕਾਲਜ਼ ਦਿਨਾਂ ਬਾਰੇ ਲਿਖਦਾ ਹੈ ਕਿ ਮੇਰੇ ਕੁਝ ਪ੍ਰੋਫੈਸਰ ਇਸਨੂੰ ਪਸੰਦ ਕਰਦੇ ਸਨ ਤੇ ਕੁਝ ਨਹੀ। ਮੈਂ ਨਾਂ ਤਾਂ ਬਚਪਨ ਵਿਚ ਉਦਮੀ ਤੇ ਉਤਸੁਕ ਸੀ ਤੇ ਨਾਂ ਹੀ ਮੈਨੂੰ ਕਦੇ ਇਹੋ ਜਿਹੇ ਧਾਰਮਿਕ ਮਾਮਲਿਆਂ ਵਿਚ ਉਲਝਣ ਦਾ ਮੌਕਾ ਮਿਲਿਆ। ਮੈਂ ਤੇ ਸੁਭਾਅ ਦਾ ਬੜਾ ਸ਼ਰਮੀਲਾ ਸੀ ਜਿਸਦੀਆਂ ਆਪਣੀਆਂ ਹੀ ਨਿਰਾਸ਼ਾਵਾਦੀ ਭਵਿਖੀ ਯੋਜਨਾਵਾਂ ਸਨ।

ਸੋਲ੍ਹਾਂ ਸਾਲ ਦੀ ਉਮਰ ਵਿਚ, ਭਗਤ ਸਿੰਘ ਪੂਰੀ ਤਨਦੇਹੀ ਨਾਲ ਦੇਸ਼ ਦੀ ਅਜ਼ਾਦੀ ਨੂੰ ਸਮਰਪਿਤ ਹੋ ਗਿਆ ਸੀ। ਆਪਣੇ ਇਸ ਵਿਚਾਰ ਦੀ ਪੁਸ਼ਟੀ, ਉਨ੍ਹਾਂ ਦਾ ਵਿਆਹ ਤੋਂ ਇਨਕਾਰ ਕਰਨਾ ਸੀ। ਵਿਆਹ ਲਈ ਘਰਦਿਆਂ ਵਲੋਂ ਦਬਾਅ ਪਾਇਆ ਗਿਆ। ਭਗਤ ਸਿੰਘ ਦੀ ਦਲੀਲ ਕਾਰਗਰ ਸਾਬਤ ਨਾ ਹੋਈ ਤਾਂ ਉਨ੍ਹਾਂ ਨੇ ਆਪਣਾ ਘਰ ਛਡ ਦਿੱਤਾ ਤੇ ਕਾਨਪੁਰ ਚਲੇ ਗਏ। ਜੈ ਚੰਦਰਾ ਵਿਦਿਆ ਲੰਕਰ ਨੇ ਗਣੇਸ਼ ਸ਼ੰਕਰ ਵਿਦਆਰਥੀ ਨਾਲ ਮਿਲਾ ਦਿੱਤਾ। ਆਪਣੇ ਪਿਤਾ ਲਈ ਇੱਕ ਨੋਟ ਲਿਖਕੇ ਛਡ ਗਏ, 'ਮੇਰੀ ਜ਼ਿੰਦਗੀ ਇੱਕ ਉਤਮ ਵਿਚਾਰ ਨੂੰ ਸਮਰਪਿਤ ਹੈ ਤੇ ਇਹ ਹੈ ਦੇਸ਼ ਦੀ ਅਜ਼ਾਦੀ। ਇਸਲਈ ਦੁਨਿਆਵੀ ਲਾਲਸਾਵਾਂ ਮੈਨੂੰ ਭਰਮਾ ਨਹੀ ਸਕਦੀਆਂ। ਜੇ ਤੁਹਾਨੂੰ ਯਾਦ ਹੋਵੇ, ਜਦੋਂ ਮੈਂ ਛੋਟਾ ਸੀ ਬਾਪੂ ਜੀ ਨੇ (ਦਾਦਾ ਜੀ ਅਰਜਨ ਸਿੰਘ) ਨੇ ਪੱਗ ਬੰਨ੍ਹਣ ਦੀ ਰਸਮ ਵੇਲੇ ਕਿਹਾ ਸੀ ਕਿ ਮੈਂ ਆਪਣੇ ਦੇਸ਼ ਦੀ ਸੇਵਾ ਵਾਸਤੇ, ਸਮਰਪਿਤ ਹੋਣ ਨੂੰ ਪਹਿਲ ਦੇਵਾਂ। ਇਸਲਈ ਮੈਂ ਆਪਣੀ ਦੇਸ਼ ਸੇਵਾ ਲਈ ਕੀਤੀ ਦ੍ਰਿੜ ਨਿਸ਼ਠਾ ਨੂੰ ਪ੍ਰਵਾਨ ਚੜ੍ਹਾਉਣ ਦਾ ਇੰਤਜਾਰ ਕਰਾਂਗਾ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਮੈਨੂੰ ਮੁਆਫ ਕਰ ਦੇਵੋਗੇ। 'ਜਦੋਂ ਦੋਸਤਾਂ ਨੇ ਪੁੱਛਿਆ ਕਿ ਉਸਨੇ ਵਿਆਹ ਲਈ ਮਨ੍ਹਾਂ ਕਿਉਂ ਕਰ ਦਿੱਤਾ ਹੈ ਤਾਂ ਭਗਤ ਸਿੰਘ ਨੇ ਆਪਣੇ ਕਾਲਜ਼ ਦੇ ਸਾਥੀ ਜੈਦੇਵ ਗੁਪਤਾ ਨੂੰ ਕਿਹਾ ਕਿ ਉਸਨੇ ਐਸਾ ਰਸਤਾ ਅਖਤਿਆਰ ਕੀਤਾ ਹੈ ਜਿਹੜਾ ਬਹੁਤ ਸਾਰੀਆਂ ਸੰਭਾਵਨਾਵਾਂ ਨਾਲ ਭਰਿਆ ਹੋਇਆ ਹੈ। ਮੇਰੇ ਦੋ ਅੰਕਲ ਇਸ ਰਸਤੇ ਤੁਰੇ ਤੇ ਪਿੱਛੇ ਦੋ ਵਿਧਵਾਵਾਂ ਛੱਡ ਗਏ। ਕੀ ਉਸਨੂੰ ਇੱਕ ਹੋਰ ਵਿਧਵਾ ਛਡਣੀ ਚਾਹਦੀ ਹੈ?

ਪ੍ਰਿੰਸੀਪਲ ਛਬੀਲ ਦਾਸ ਨੇ ਇੱਕ ਸੁਆਲ ਖੜਾ ਕੀਤਾ ਕਿ ਵਿਆਹ ਕਦੋਂ ਕੀਤਾ ਜਾਵੇ। ਭਗਤ ਸਿੰਘ ਦਾ ਇਸ ਬਾਰੇ ਆਪਣਾ ਹੀ ਮੱਤ ਸੀ। ਛਬੀਲ ਦਾਸ ਨੇ ਆਪਣੇ

ਵਿਦਿਆਰਥੀਆਂ ਨਾਲ ਜਾਤੀ ਰਿਸ਼ਤਾ ਬਣਾਇਆ ਹੋਇਆ ਸੀ। ਉਸਦੇ ਕਹਿੰਣ ਅਨੁਸਾਰ ਭਗਤ ਸਿੰਘ ਨੇ ਕਿਹਾ ਕਿ ਮੈਨੂੰ ਵਿਆਹ ਨਹੀ ਕਰਨਾ ਚਾਹੀਦਾ। ਮੈਂ ਕਿਹਾ ਕਿ ਜੇ ਮੈਂ ਵਿਆਹ ਕਰ ਲੈਂਦਾ ਹਾਂ ਤੇ ਮੇਰਾ ਸਾਥੀ ਬਹੁਤ ਚੰਗਾ ਸਾਬਤ ਹੁੰਦਾ ਹੈ ਜੋ ਮੇਰੀਆਂ ਕਾਰਵਾਈਆਂ ਨੂੰ ਸਗੋਂ ਹੱਲਾਸ਼ੇਰੀ ਦਿੰਦਾ ਹੈ, ਤਾਂ ਤੇਰਾ ਇਸ ਬਾਰੇ ਕੀ ਖਿਆਲ ਹੈ? ਉਸੇ ਸਾਹੇ ਮੈਂ ਉਸਨੂੰ ਤਿੰਨ ਉਦਾਹਰਣਾਂ ਵੀ ਦਿੱਤੀਆਂ-ਮਿਸਜ਼ ਸੁਨ ਯੈਟ ਸਿਨ, ਲੈਨਿਨ ਦੀ ਪਤਨੀ ਤੇ ਕਾਰਲ ਮਾਰਕਸ ਦੀ ਸਾਥਣ। ਇਸਤੇ ਭਗਤ ਸਿੰਘ ਬੋਲਿਆ, "ਗੁਰੂ ਜੀ ਦਲੀਲਾਂ ਵਿਚ ਤੁਹਾਨੂੰ ਕੌਣ ਜਿੱਤ ਸਕਦਾ ਹੈ। " ਤੇ ਉਹ ਇਸ ਮੁੱਦੇ ਤੇ ਪਾਸਾ ਵਟ ਗਿਆ।

1923-24, ਭਗਤ ਸਿੰਘ ਨੇ ਕਾਨਪੁਰ ਵਿਚ ਗਣੇਸ਼ ਸ਼ੰਕਰ ਵਿਦਿਆਰਥੀ ਨਾਲ ਕੰਮ ਕੀਤਾ। ਵਿਦਿਆਰਥੀ ਹਫਤਾਵਾਰੀ ਰਾਸ਼ਟਰੀ ਅਖਬਾਰ 'ਪ੍ਰਤਾਪ'ਕਢਦਾ ਸੀ। ਇੱਥੇ ਭਗਤ ਸਿੰਘ 'ਬਲਵੰਤ' ਨਾਮ ਥੱਲੇ ਕੰਮ ਕਰਦਾ ਸੀ। ਇੱਥੇ ਹੀ ਉਸਦੀ ਮੁਲਾਕਾਤ ਬਟਕੇਸ਼ਵਰ ਦੱਤ, ਸ਼ਿਵ ਵੀਨਾ, ਬੀ ਕੇ ਸਿਨ੍ਹਾ ਨਾਲ ਹੋਈ। ਇਨ੍ਹਾਂ ਨਾਲ ਉਸਦੀ ਗੂੜ੍ਹੀ ਦੋਸਤੀ ਹੋ ਗਈ। ਅਜੇ ਘੋਸ਼ ਜਿਸਦੀ ਉਮਰ ਉਦੋਂ ਪੰਦਰਾਂ ਸਾਲ ਸੀ ਉਹ ਆਪਣੀ ਭਗਤ ਸਿੰਘ ਨਾਲ ਹੋਈ ਪਹਿਲੀ ਮੀਟਿੰਗ ਬਾਰੇ ਲਿਖਦਾ ਹੈ, ਮੇਰਾ ਖਿਆਲ ਹੈ ਕਿ ਇਹ 1923 ਦੇ ਕਿਸੇ ਸਮੇਂ ਦੀ ਗੱਲ ਹੈ ਜਦੋਂ ਮੈਂ ਭਗਤ ਸਿੰਘ ਨੂੰ ਮਿਲਿਆ। ਮੇਰੀ ਇਹ ਮੁਲਾਕਾਤ ਕਾਨਪੁਰ ਵਿਚ ਬੀ ਕੇ ਦੱਤ ਦੁਆਰਾ ਹੋਈ ਸੀ। ਲੰਬਾ ਤੇ ਪਤਲਾ, ਲੀਚੜ ਜਿਹੇ ਕਪੜੇ ਪਹਿਨੀ, ਬਹੁਤ ਚੁਪਚਾਪ, ਉਹ ਪੇਂਡੂ ਜਿਹਾ ਜਿਸ ਕੋਲ ਚੁਸਤੀ ਫੁਰਤੀ ਨਹੀ ਲਗਦੀ ਸੀ ਤੇ ਨਾ ਹੀ ਆਤਮ-ਵਿਸ਼ਵਾਸ਼। ਮੈਂ ਉਹਦੇ ਬਾਰੇ ਵਧੀਆ ਸੋਚ ਹੀ ਨਹੀ ਸਕਦਾ ਸੀ। ਆਪਣੇ ਇਨ੍ਹਾਂ ਹਿਸਾਬਾਂ ਬਾਰੇ ਮੈਂ ਬਟਕੇਸ਼ਵਰ ਦੱਤ ਨੂੰ ਵੀ ਦਸ ਦਿੱਤਾ ਸੀ। ਇਹ ਪਹਿਲਾ ਮੌਕਾ ਸੀ ਜਦ ਭਗਤ ਸਿੰਘ ਨੇ ਪੰਜਾਬ ਵਿਚਲਾ ਆਪਣਾ ਘਰ ਛਡਿਆ ਸੀ ਤੇ ਨਵੇਂ ਸ਼ਹਿਰ ਤੇ ਨਵੇਂ ਲੋਕਾਂ ਵਿਚ ਆਇਆ ਸੀ।

ਗਣੇਸ਼ ਸ਼ੰਕਰ ਵਿਦਿਆਰਥੀ ਨੇ ਅਲੀਗੜ ਲਾਗੇ ਇੱਕ ਨੈਸ਼ਨਲ ਸਕੂਲ ਦੇ ਹੈੱਡਮਾਸਟਰ ਦੀ ਨੌਕਰੀ ਦਾ ਬੰਦੋਬਸਤ ਭਗਤ ਸਿੰਘ ਲਈ ਕੀਤਾ। ਇਸਨੂੰ ਆਖਰਕਾਰ ਉਸਨੇ ਸਹਿਮਤੀ ਦੇ ਦਿੱਤੀ।

1924 ਦਾ ਸਾਲ ਭਗਤ ਸਿੰਘ ਦੀ ਜ਼ਿੰਦਗੀ ਦਾ ਸ਼ਾਇਦ ਸਭਤੋਂ ਮਹਤਵਪੂਰਨ ਸਾਲ ਸੀ। ਕਾਨਪੁਰ ਵਿਖੇ ਉਹ ਹਿੰਦੋਸਤਾਨ ਰਿਪਬਲਕਿਨ ਐਸੋਸੀਏਸ਼ਨ ਦਾ ਮੈਂਬਰ ਬਣ ਗਿਆ। ਜਿਹੜੀ ਇੱਕ ਸਾਲ ਪਹਿਲਾਂ ਸਚਿੰਦਰਨਾਥ ਸਨਿਆਲ ਨੇ ਕਾਇਮ ਕੀਤੀ ਸੀ। ਇਸਦਾ ਮੁੱਖ ਸੰਸਥਾਪਕ ਚੰਦਰ ਸ਼ੇਖਰ ਅਜ਼ਾਦ ਸੀ ਤੇ ਭਗਤ ਸਿੰਘ ਉਸਦੇ ਬਹੁਤ ਨੇੜੇ ਹੋ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਭਗਤ ਸਿੰਘ ਨੇ ਬੰਬ-ਰਾਜਨੀਤੀ ਤੇ ਉਸਦੇ ਦਰਸ਼ਨ ਨੂੰ ਗੰਭੀਰਤਾ ਨਾਲ ਲਿਆ। ਹਥਿਆਰਬੰਦ ਘੋਲ ਹੀ ਇਕੋ ਇੱਕ ਰਸਤਾ ਸੀ ਜੋ ਬ੍ਰਿਟਿਸ਼ ਸਾਮਰਾਜ ਖਿਲਾਫ ਕਾਰਗਰ ਸੀ ਕਿਉਂਕਿ ਉਹ ਇਹੀ ਭਾਸ਼ਾ ਸਮਝਦਾ ਸੀ। ਭਗਤ ਸਿੰਘ ਨੇ ਪਿੰਡੋ ਪਿੰਡ ਜਾਕੇ ਲੋਕਾਂ ਦੀ ਭਰਤੀ ਸ਼ੁਰੂ ਕੀਤੀ ਤੇ ਸੰਗਠਿਤ ਰਿਆਸਤਾਂ ਦੇ ਪਿੰਡਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ। ਐਸੀਆਂ ਕਾਰਵਾਈਆਂ ਨੇ ਪੁਲੀਸ ਦਾ ਧਿਆਨ

ਵੀ ਖਿਚਿਆ ਪਰ ਹੁਣ ਬਚਕੇ ਛੁਪ ਜਾਣਾ ਅਸਾਨ ਹੋ ਗਿਆ ਸੀ। ਲੋਕਾਂ ਦਾ ਸਾਥ ਐਸਾ ਬਚਾਵ ਸੌਖਾ ਕਰ ਦਿੰਦਾ ਹੈ।

1925, ਭਗਤ ਸਿੰਘ ਵਾਪਸ ਲਾਹੌਰ ਆ ਗਿਆ ਤੇ ਅਗਲੇ ਸਾਲ ਦੌਰਾਨ ਹੀ ਉਸਨੇ ਤੇ ਉਸਦੇ ਸਾਥੀਆਂ ਨੇ ਖਾੜਕੂ ਜਥੇਬੰਦੀ, 'ਨੌਜਵਾਨ ਭਾਰਤ ਸਭਾ'ਬਣਾ ਲਈ। ਅਪ੍ਰੈਲ, 1926 ਨੂੰ ਭਗਤ ਸਿੰਘ ਦੇ ਸੋਹਣ ਸਿੰਘ ਜੋਸ਼ ਨਾਲ ਸਬੰਧ ਬਣ ਗਏ ਤੇ ਉਸਦੇ ਜ਼ਰੀਏ 'ਵਰਕਰਜ਼ ਐਂਡ, ਪੀਜ਼ੰਡ ਪਾਰਟੀ, _'ਕਿਰਤੀ ਤੇ ਕਿਸਾਨ' ਪਾਰਟੀ ਨਾਲ ਜੁੜ ਗਏ। ਇਹ ਪਾਰਟੀ ਮਾਸਕ ਮੈਗਜ਼ੀਨ 'ਕਿਰਤੀ'ਕਢਦੇ ਸਨ। ਜੋਸ਼ ਨਾਲ ਕੰਮ ਕਰਦਿਆਂ ਭਗਤ ਸਿੰਘ ਕਿਰਤੀ ਦੇ ਐਡੀਟੋਰੀਅਲ ਬੋਰਡ ਵਿਚ ਸ਼ਾਮਲ ਹੋ ਗਏ। ਕਾਕੋਰੀ ਕੇਸ ਦੇ ਦੋਸ਼ੀਆਂ ਵਿਚ ਸ਼ਾਮਲ ਕਰਕੇ ਪੁਲੀਸ ਨੇ ਪਹਿਲੀ ਵਾਰ ਗਰਿਫਤਾਰ ਕੀਤਾ। ਦੋਸ਼ ਸੀ ਇੱਕ ਗਲਤ ਨਾਮ 'ਵਿਦਰੋਹੀ' ਥੱਲੇ ਆਰਟੀਕਲ ਲਿਖਣ ਦਾ। ਲਾਹੌਰ ਵਿਚ ਦੁਸਿਹਰੇ ਦੇ ਤਿਉਹਾਰ ਮੌਕੇ ਬੰਬ ਵਿਸਫੋਟ ਦਾ ਕੇਸ ਵੀ ਭਗਤ ਸਿੰਘ ਸਿਰ ਮੜ੍ਹ ਦਿੱਤਾ ਗਿਆ। ਜਲਦੀ ਹੀ ਚੰਗੇ ਵਿਹਾਰ ਕਰਕੇ ਸੱਠ ਹਜ਼ਾਰ ਦੀ ਜਮਾਨਤ ਲੈਕੇ ਛੱਡ ਦਿੱਤਾ ਗਿਆ।

1928, ਭਗਤ ਸਿੰਘ ਤੇ ਚੰਦਰ ਸ਼ੇਖਰ ਅਜ਼ਾਦ ਹੀ ਕਾਕੋਰੀ ਕੇਸ ਵਿਚ ਭਗੌੜੇ ਸਨ ਬਾਕੀ ਸਾਥੀ ਸੀਖਾਂ ਪਿੱਛੇ ਡੱਕ ਦਿੱਤੇ ਗਏ ਸਨ। ਉਹ ਹਿੰਦੋਸਤਾਨ ਰਿਪਬਲਕਿਨ ਐਸਸ਼ੀਏਸ਼ਨ ਦੇ ਆਗੂ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਸਨ। ਅਜੇ ਘੋਸ਼ ਯਾਦ ਕਰਕੇ ਕਹਿੰਦਾ ਹੈ, "ਮੈਂਨੂੰ ਹੈਰਾਨੀ ਹੋਈ ਜਦੋਂ ਇੱਕ ਨੌਜਵਾਨ ਮੇਰੇ ਕਮਰੇ ਵਿਚ ਆਇਆ। ਇਹ ਭਗਤ ਸਿੰਘ ਸੀ ਪਰ ਇਹ ਉਹ ਭਗਤ ਸਿੰਘ ਨਹੀ ਸੀ ਜਿਸਨੂੰ ਮੈਂ ਪਹਿਲੇ ਮਿਲਿਆ ਸੀ। ਲੰਮ ਸਲੰਮਾ, ਸੱਜ ਧੱਜ ਵਾਲਾ ਪੂਰਾ ਗਠਿਆ ਹੋਇਆ, ਚੁਸਤ ਚੇਹਰਾ ਤੇ ਲਿਸ਼ਕਦੀਆਂ ਅੱਖਾਂ ਵਾਲਾ ਭਗਤ ਸਿੰਘ। ਉਹ ਬਿਲਕੁਲ ਹੀ ਬਦਲ ਚੁੱਕਾ ਸੀ। ਤੇ ਜਦੋਂ ਉਹ ਗੱਲਾਂ ਕਰਦਾ ਸੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਸਿਰਫ ਸਾਲਾਂ ਵਿਚ ਹੀ ਵਡਾ ਨਹੀ ਹੋਇਆ ਸੀ ਸਗੋਂ ਉਸਦੀ ਉਸਤਤ ਕਰਨ ਵਾਲੀ ਸਿਆਣੀ ਸ਼ੈਲੀ ਵੀ ਸੀ। ਗੱਲਾਂ ਕਰਦਾ ਉਹ ਤੁਹਾਡੇ ਤੇ ਉਤਸ਼ਾਹੀ ਪ੍ਰਭਾਵ ਵੀ ਛਡਦਾ ਸੀ। ਉਹ ਸਿਰਫ਼ ਬੇਹਤਰੀਂਨ ਬੁਲਾਰਾ ਹੀ ਨਹੀ ਸੀ, ਉਹ ਬੋਲਦਾ ਵੀ ਇਤਨੀ ਤਾਕਤ, ਤੀਬਰਤਾ ਤੇ ਜੋਸ਼ ਨਾਲ ਸੀ ਕਿ ਸੁਨਣ ਵਾਲਾ ਉਸਦੇ ਪ੍ਰਭਾਵ ਵਿਚ ਆ ਜਾਂਦਾ ਸੀ। ਅਸੀਂ ਸਾਰੀ ਰਾਤ ਗੱਲਾਂ ਕੀਤੀਆਂ ਤੇ ਰਾਤ ਨੂੰ ਸੈਰ ਲਈ ਗਏ। ਮੈਂ ਮਹਿਸੂਸ ਕੀਤਾ ਕਿ ਸਾਡੀ ਪਾਰਟੀ ਵਿਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਸਾਨੂੰ ਪਤਾ ਸੀ ਕਿ ਅਸੀਂ ਕੀ ਚਾਹੁੰਦੇ ਹਾਂ ਤੇ ਅਸੀ ਜਾਣਦੇ ਹਾਂ ਕਿ ਅਸੀਂ ਉਹ ਕਿਵੇਂ ਪ੍ਰਾਪਤ ਕਰਨਾ ਹੈ।

## ਵਿਚਾਰਧਾਰਾ: ਕਰਾਂਤੀਕਾਰੀ ਅੱਤਵਾਦੀ ਰਿਵਾਜ਼;-

1927-1928 ਸਾਲਾਂ ਦੌਰਾਨ ਭਗਤ ਸਿੰਘ ਨੇ ਭਾਰਤ ਦਾ, ਕਰਾਂਤੀਕਾਰੀ ਅੰਦੋਲਨ ਦਾ ਇਤਿਹਾਸ ਘੋਖਿਆ। ਇਤਿਹਾਸਕ ਪਰਿਪੇਖ ਸਬੰਧਿਤ ਲੇਖ ਲਿਖੇ, ਇਹ ਲੇਖ ਬਹੁਤੇ ਕਿਰਤੀ ਮੈਗਜ਼ੀਨ ਲਈ ਲਿਖੇ ਗਏ। ਇਸ ਵਿਚ ਬੱਬਰ ਅਕਾਲੀ ਅੰਦੋਲਨ, ਕਾਕੋਰੀ ਕੇਸ, ਦਿੱਲੀ ਬੰਬ ਕੇਸ, ਵਿਅਕਤੀਗਤ ਕਰਾਂਤੀਕਾਰੀਆਂ ਬਾਰੇ ਲੇਖ ਸਨ। ਲੇਖਾਂ

ਵਿਚ ਨੌਜਵਾਨ ਪੀੜ੍ਹੀ ਨੂੰ ਵੰਗਾਰ ਸੀ ਕਿ ਉਹ ਅੱਗੇ ਆਉਣ ਤੇ ਕਰਾਂਤੀਕਾਰੀ ਅੰਦੋਲਨ ਵਿਚ ਸ਼ਾਮਲ ਹੋਣ ਤਾਂ ਕਿ ਇੱਕ ਵਿਕਲਪ ਉਸਾਰਿਆ ਜਾਵੇ। ਇਹ ਵਿਕਲਪ ਮੁੱਖ ਧਾਰਾ ਕਾਂਗਰਸ ਤੇ ਖਾਸ ਤੌਰ ਤੇ ਲਾਲਾ ਲਾਜਪਤ ਰਾਏ ਦੀ ਸੋਚ ਨੂੰ ਵੰਗਾਰਨ ਵਾਂਗ ਹੋਵੇ।

ਬਬਰ ਅਕਾਲੀ ਅੰਦੋਲਨ ਬਾਰੇ ਲਿਖਿਆ ਪਹਿਲਾ ਆਰਟੀਕਲ ਪ੍ਰਤਾਪ ਅਖਬਾਰ ਵਿਚ, ਮਾਰਚ 15, 1926 ਨੂੰ ਛਪਿਆ। ਬਬਰ ਅਕਾਲੀ ਅੰਦੋਲਨ, ਸਿੱਖਾਂ ਵਲੋਂ ਅੰਗਰੇਜ਼ ਹਕੂਮਤ ਖਿਲਾਫ ਚਲਾਇਆ ਗਿਆ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਯਤਨ ਸੀ। ਜਿਸ ਅਨੁਸਾਰ ਉਨ੍ਹਾਂ ਨੇ ਆਪਣੇ ਗੁਰਦੁਆਰੇ ਵੀ ਭ੍ਰਸ਼ਟ ਮਹੰਤਾਂ ਤੋਂ ਅਜ਼ਾਦ ਕਰਵਾਉਣੇ ਸਨ। ਇਹ ਖਿੱਤੇ ਵਿਚ ਹੀ ਰਹਿ ਗਿਆ ਤੇ ਇਸਦੇ ਮੈਂਬਰ ਬਹੁਤੇ ਪੇਂਡੂ ਸਨ। ਬਹੁਤੇ ਆਗੂ ਫੌਜੀ ਸਨ ਜਿਨ੍ਹਾਂ ਨੇ ਫੌਜ ਵਿਚੋਂ ਬਗਾਵਤ ਕਰ ਦਿੱਤੀ ਸੀ। ਇਨ੍ਹਾਂ ਦੀ ਮਨਸ਼ਾ ਨਾ-ਮਿਲਵਰਤਨ ਲਹਿਰ ਨੂੰ ਤਿੱਖਾ ਕਰਨਾ ਵੀ ਸੀ। ਇਨ੍ਹਾਂ ਨੇ ਕਈ ਢੌਡੀ ਕਿਸਮ ਦੇ ਲੋਕਾਂ ਦੀ ਇੱਕ ਫਰਿਸ਼ਟ ਵੀ ਬਣਾਈ ਸੀ ਜਿਨ੍ਹਾਂ ਨੂੰ ਮਾਰਕੇ ਉਨ੍ਹਾ ਦਾ ਸਫਾਇਆ ਕਰਨਾ ਸੀ। ਇਹ 140 ਸਿੱਖਾਂ ਦਾ ਮਹੰਤ ਨਰੈਣ ਦਾਸ ਵਲੋਂ ਕੀਤੇ ਘਾਣ ਦਾ ਬਦਲਾ ਵੀ ਸੀ। ਇਹ ਘਾਣ ਨਰੈਣ ਦਾਸ ਵਲੋਂ ਨਨਕਾਣਾ ਸਾਹਬ ਵਿਖੇ 21 ਫਰਵਰੀ  ਨੂੰ ਕੀਤਾ ਗਿਆ ਸੀ। ਬਬਰ ਅਕਾਲੀ ਕਿਸੇ ਨੂੰ ਵੀ ਮਾਰਨ ਵਿਚ ਸਫ਼ਲ ਨਹੀ ਹੋਏ। ਪਰ ਉਨ੍ਹਾਂ ਦੀ ਕੋਸ਼ਿਸ਼ ਨੇ ਉਨ੍ਹਾਂ ਨੂੰ ਜੇਲ੍ਹ ਪਹੁੰਚਾ ਦਿੱਤਾ। ਇਸਨੂੰ '1921 ਦਾ ਅਕਾਲੀ ਕਾਨਸਪੀਰੇਸੀ ਕੇਸ' ਵੀ ਕਿਹਾ ਜਾਂਦਾ ਹੈ। ਭਗਤ ਸਿੰਘ ਤੇ ਇਸ ਅੰਦੋਲਨ ਦਾ ਬਹੁਤ ਪ੍ਰਭਾਵ ਸੀ। ਅਸਲ ਵਿਚ ਨਨਕਾਣਾ ਸਾਹਿਬ ਦੇ ਘਾਣ ਪਿੱਛੋਂ ਹੀ ਭਗਤ ਸਿੰਘ ਨੇ ਇਸ ਬਾਰੇ ਹੋਰ ਜਾਨਣ ਦੀ ਖਾਹਸ਼ ਪਾਲ ਲਈ ਸੀ। ਇਸ ਆਰਟੀਕਲ ਵਿਚ ਭਗਤ ਸਿੰਘ ਨੇ ਬਹੁਤ ਧਿਆਨ ਨਾਲ ਮੋਰਚੇ ਵਿਚ ਹਿੱਸਾ ਲੈਣ ਵਾਲੇ ਇਨਸਾਨ ਦੀ ਮੰਨ ਦੀ ਜਾਨਣ ਦੀ ਘੋਖ ਕੀਤੀ। ਜੋ ਸਭਤੋਂ ਵਧ ਪ੍ਰਭਾਵਿਤ ਕਰਨ ਵਾਲਾ ਸੀ ਕਿ ਇਹ ਯੋਧੇ ਮੌਤ ਨੂੰ ਗਲ ਲਾਉਣ ਨੂੰ ਤਿਆਰ ਸਨ। ਛੇ ਆਗੂਆਂ ਨੂੰ ਮੌਤ ਦੀ ਸਜ਼ਾ ਹੋਈ ਤੇ ਫਰਵਰੀ 27, 1926 ਨੂੰ ਫਾਹੇ ਟੰਗ ਦਿੱਤੇ ਗਏ। ਭਗਤ ਸਿੰਘ ਆਰਟੀਕਲ ਪੜ੍ਹਨ ਵਾਲਿਆਂ ਨੂੰ ਆਪਣੀ ਸ਼ਬਦਾਵਲੀ ਨਾਲ ਹਲੂਣਦਾ ਹੈ। ਉਨ੍ਹਾਂ ਕਿਸਤਰ੍ਹਾਂ ਆਪਣੇ ਪਰਿਵਾਰਾਂ ਦੀ  ਪ੍ਰਵਾਹ ਨਾ ਕਰਦੇ ਹੋਏ ਆਪਣੀਆਂ ਜਾਨਾਂ, ਦੇਸ਼ ਦੀ ਖਾਤਰ ਕੁਰਬਾਨ ਕਰ ਦਿੱਤੀਆਂ। ਕਿਤਨਾ ਪਵਿਤਰ ਜਜ਼ਬਾ ਹੈ ਦੇਸ਼ ਕੌਮ ਲਈ ਮਰ ਮਿਟਣ ਦਾ। ਆਪਣੇ ਆਪ ਨੂੰ ਕੁਰਬਾਨ ਕਰ ਦੇਣ ਦੀ ਹੱਦ ਹੈ ਇਹ। ਨਿਡਰਤਾ ਤੇ ਹੌਸਲੇ ਦੀ ਕੋਈ ਸੀਮਾ ਨਹੀ ਹੁੰਦੀ। ਆਪਣੇ ਆਦਰਸ਼ਾਂ ਲਈ ਮਰ ਮਿਟਣਾ ਹੀ ਆਖਰੀ ਹੱਦ ਹੈ।

ਅਗਲਾ ਆਰਟੀਕਲ ਮਈ, 1927 ਦਾ ਲਿਖਿਆ ਹੈ। ਇਹ ਕਿਰਤੀ ਵਿਚ 'ਵਿਦਰੋਹੀ' ਦੇ ਨਾਮ ਥੱਲੇ ਲਿਖਿਆ। ਅਗਸਤ 9, 1925 ਨੂੰ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉਲ ਹੁਸੈਨ ਤੇ ਹਿੰਦੋਸਤਾਨ ਰਿਪਬਲਕਿਨ ਐਸੋਸ਼ੀਏਸ਼ਨ ਦੇ ਮੈਂਬਰਾਂ ਨੇ ਕਾਕੋਰੀ ਵਿਖੇ ਸਰਕਾਰੀ ਖਜਾਨੇ ਵਾਲੀ ਗੱਡੀ ਰੋਕਕੇ ਲੁਟ ਲਈ। ਅਪ੍ਰੈਲ 6, 1927 ਨੂੰ ਦੋਸ਼ੀਆਂ ਨੂੰ ਮੌਤ ਦੀ ਸਜਾ ਦਿੱਤੀ ਗਈ। ਇਹ ਆਰਟੀਕਲ ਦਿਲਚਸਪ ਹੈ ਕਿਉਂਕਿ ਇਸ ਵਿਚ ਸਪਸ਼ਟ ਤੌਰ ਤੇ ਕਾਮਰੇਡੀ ਦਰਸ਼ਨ ਦਾ ਝਲਕਾਰਾ ਹੈ। ਦੋਸ਼ੀ ਸਾਰੇ ਇੱਕ ਦੂਜੇ ਪ੍ਰਤੀ ਸੁਨੇਹੀ ਹਨ ਤੇ ਖੁਸ਼ੀ ਨਾਲ ਆਪਣਾ ਹੁਲਾਸ, ਮੌਤ ਦੀ ਸਜਾ ਸੁਣਕੇ ਇੱਕ ਦੂਜੇ ਨਾਲ

ਸਾਂਝਾ ਕਰਦੇ ਹਨ। ਜਿਨ੍ਹਾਂ ਨੂੰ ਦੋਸ਼ੀਆ ਨਾਲ ਕੋਈ ਹਮਦਰਦੀ ਨਹੀ, ਆਰਟੀਕਲ ਦੇ ਅੰਤ ਵਿਚ ਉਨ੍ਹਾਂ ਲਈ ਇੱਕ ਕਮੈਂਟ ਹੈ, " ਅਸੀਂ ਸ਼ਰਮਾਉਂਦੇ ਹਾਂ ਤੇ ਸੋਚਦੇ ਹਾਂ ਕਿ ਅਸੀ ਆਪਣੇ ਕੰਮ ਕਰੀ ਜਾ ਰਹੇ ਹਾਂ। ਸਾਡੇ ਵਿਚ ਉਹ ਅੱਗ ਹੀ ਨਹੀ ਹੈ, ਇਸਲਈ ਸਾਨੂੰ ਕੋਈ ਤਕਲੀਫ ਨਹੀ ਹੈ। ਅਸੀਂ ਜਿੰਦਾ ਲਾਸ਼ਾਂ ਬਣ ਗਏ ਹਾਂ। ਅੱਜ ਉਹ ਭੁਖ-ਹੜਤਾਲ ਤੇ ਬੈਠੇ ਹਨ ਤੇ ਦੁੱਖ ਝਲ ਰਹੇ ਹਨ ਤੇ ਅਸੀਂ ਚੁਪਚਾਪ ਤਮਾਸ਼ਾ ਦੇਖ ਰਹੇ ਹਾਂ। ਪਰਮਾਤਮਾ ਉਨ੍ਹਾਂ ਨੂੰ ਸ਼ਕਤੀ ਤੇ ਹੌਂਸਲਾ ਦੇਵੇ। ਇਸ ਵਕਤ ਆਪਣੇ ਆਖਰੀ ਦਿਨਾਂ ਵਿਚ ਉਨ੍ਹਾਂ ਨੂੰ ਇਸਦੀ ਜ਼ਰੂਰਤ ਹੈ। "

ਫਰਵਰੀ 1928, ਭਗਤ ਸਿੰਘ ਆਪਣੇ ਗਲਤ ਨਾਮ ਵਿਦਰੋਹੀ ਥੱਲੇ ਕਈ ਮਸ਼ਹੂਰ ਪੰਜਾਬੀ ਕਰਾਤੀਕਾਰੀਆਂ ਦਾ ਰੇਖਾ-ਚਿਤਰ ਉਲੀਕਦਾ ਹੈ। ਉਹ ਇਨਸਾਨ ਜਿਸਨੂੰ ਆਪਣਾ ਆਦਰਸ਼, ਇਸ਼ਟ, ਦੋਸਤ ਤੇ ਭਰਾ ਸਮਝਦਾ ਹੈ, ਕਰਤਾਰ ਸਿੰਘ ਸਰਾਭਾ ਦਾ ਜਨਮ 1896 ਨੂੰ ਲੁਧਿਆਣਾ ਵਿਖੇ ਹੋਇਆ। ਕਾਲਜ਼ ਦੀ ਪੜ੍ਹਾਈ ਪੂਰੀ ਕਰਕੇ, ਸਰਾਭਾ 1912 ਨੂੰ ਅਮਰੀਕਾ ਚਲੇ ਗਿਆ। ਜਿੱਥੇ ਜਾਕੇ ਭਾਰਤੀਆਂ ਨਾਲ ਹੁੰਦੇ ਨਸਲੀ ਵਿਤਕਰੇ ਨਾਲ ਉਸਦਾ ਹਿਰਦਾ ਵਲੂੰਧਰਿਆ ਗਿਆ । ਉਸਨੇ ਸੈਨ-ਫਰੈਂਸਸਿਕੋ ਵਿਚ ਭਾਰਤੀ ਕਾਮਿਆਂ ਦੀ ਸੰਸਥਾ ਬਣਾ ਲਈ। ਉਹ ਸਾਰੇ ਆਪਣੀ ਜਾਨ ਤੇ ਮਾਲ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਕਰਨ ਨੂੰ ਤਿਆਰ ਹੋ ਗਏ। 1913 ਨੂੰ 'ਗਦਰ' ਅਖਬਾਰ ਦੀ ਸਥਾਪਨਾ ਕੀਤੀ ਗਈ ਤੇ ਸਰਾਭਾ ਉਸਦੇ ਐਡੀਟੋਰੀਅਲ ਬੋਰਡ ਵਿਚ ਸੀ। ਭਗਤ ਸਿੰਘ ਖਾਸ ਤੌਰ ਤੇ ਕਰਤਾਰ ਸਿੰਘ ਸਰਾਭੇ ਵਲੋਂ ਗਾਏ ਜਾਂਦੇ ਗਾਣੇ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਜਿਸਦਾ ਭਾਵ ਸੀ-ਜਿੰਦ ਵਾਰਨੀ ਦੇਸ਼ ਤੋਂ ਬੜਾ ਔਖੀ, ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ। 'ਦੇਸ਼ ਲਈ ਕੁਰਬਾਨ ਹੋਣ ਦੇ ਰਾਹ ਬਹੁਤ ਰੁਕਾਵਟਾਂ ਹਨ। ਸਰਾਭਾ 1914 ਨੂੰ ਦੇਸ਼ ਵਾਪਸ ਆ ਗਿਆ। ਸਾਲ ਦੇ ਵਿਚ ਵਿਚ ਹੀ ਉਸਨੇ ਦੇਸ਼ ਵਾਸੀ ਕਰਾਂਤੀਕਾਰੀਆਂ ਨਾਲ ਸਬੰਧ ਬਣਾ ਲਿਆ। ਫਰਵਰੀ, 1915 ਸਰਾਭਾ ਤੇ ਰਾਸ ਬਿਹਾਰੀ ਬੋਸ ਨੇ ਫੌਜ਼ ਵਿਚ ਚੰਗਿਆੜੀ ਮਗਾਉਣ ਦੀ ਕੋਸ਼ਿਸ਼ ਕੀਤੀ ਤੇ ਭਾਰਤੀ ਫੌਜੀਆਂ ਨਾਲ ਰਾਬਤਾ ਕਾਇਮ ਕਰਕੇ ਬਗਾਵਤ ਕਰਨ ਦੀ ਸਕੀਮ ਬਣਾਈ। ਇਹ ਕਾਮਯਾਬ ਨਹੀ ਹੋਈ ਕਿਉਂਕਿ ਉਨ੍ਹਾਂ ਦੇ ਗਰੁਪ ਦਾ ਹੀ ਇੱਕ ਮੈਂਬਰ ਗਦਾਰੀ ਕਰ ਗਿਆ ਤੇ ਕਰਤਾਰ ਸਿੰਘ ਸਰਾਭੇ ਨੂੰ ਗਰਿਫਤਾਰ ਕਰ ਲਿਆ ਗਿਆ ਤੇ ਮੌਤ ਦੀ ਸਜ਼ਾ ਹੋ ਗਈ। ਨਵੰਬਰ 16, 1915 ਨੂੰ ਸਰਾਭੇ ਨੂੰ ਫਾਂਸੀ ਦੇ ਦਿੱਤੀ ਗਈ।

ਭਗਤ ਸਿੰਘ ਨੇ ਕਰਤਾਰ ਸਿੰਘ ਦਾ ਇਹ ਸੰਖੇਪ ਰੇਖਾ-ਚਿਤਰ ਬਣਾਉਂਦਿਆਂ ਜਨਤਾ ਲਈ ਸੁਆਲ ਖੜਾ ਕੀਤਾ। 'ਕਰਤਾਰ ਸਿੰਘ ਦੀ ਕੁਰਬਾਨੀ ਦਾ ਉਦੇਸ਼ ਕੀ ਸੀ? ਕਰਤਾਰ ਸਿੰਘ ਕਿਉਂ ਸ਼ਹੀਦ ਹੋਇਆ' ਇਸਦਾ ਜੁਆਬ ਬਹੁਤ ਸਾਫ ਹੈ। ਉਹ ਦੇਸ਼ ਲਈ ਸ਼ਹੀਦ ਹੋਇਆ ਤੇ ਉਹ ਦੇਸ਼ ਲਈ ਲੜਦਿਆਂ ਸ਼ਹੀਦ ਹੋਣ ਤੋਂ ਵਧ ਹੋਰ ਕੁਝ ਨਹੀ ਚਾਹੁੰਦਾ ਸੀ।

ਮਈ 1928 ਨੂੰ ਕਿਰਤੀ ਅਖਬਾਰ ਨੇ ਬੰਬੇ ਦੇ ਅਖਬਾਰ ਸ਼ਰਧਾਨੰਦ ਵਿਚ ਛਪਿਆ ਆਰਟੀਕਲ ਦੁਬਾਰਾ ਛਾਪਿਆ। ਆਰਟੀਕਲ ਦਾ ਅਨੁਵਾਨ ਸੀ ਅੱਤਵਾਦ ਦਾ

ਸੱਚਾ ਅਰਥ। ਕਿਉਂਕਿ ਭਗਤ ਸਿੰਘ ਕਿਰਤੀ ਅਖਬਾਰ ਦੇ ਐਡੀਟੋਰੀਅਲ ਬੋਰਡ ਦਾ ਮੈਂਬਰ ਸੀ ਇਸਲਈ ਇਹ ਦਿਲਚਸਪੀ ਵਾਲੀ ਗੱਲ ਸੀ ਕਿ ਭਗਤ ਸਿੰਘ ਤੇ ਉਸਦੇ ਕਾਮਰੇਡ ਸਾਥੀ, ਅਤਵਾਦ ਸਬੰਧਿਤ ਸ਼ੁਰੂ ਕੀਤੀ ਬਹਿਸ ਬਾਰੇ, ਕੀ ਵਿਚਾਰ ਰਖਦੇ ਹਨ?ਆਰਟੀਕਲ ਦੇ ਨਿਚੋੜ ਵਿਚਲੇ ਤੱਤ ਮੰਗ ਕਰਦੇ ਸਨ ਕਿ ਅਤਵਾਦ ਦਰਸ਼ਨ ਨੂੰ ਸਹੀ ਸੰਦਰਭ ਵਿਚ ਸਮਝਿਆ ਜਾਵੇ ਤੇ ਜੋ ਅਜੋਕੀ ਵਿਨਾਸ਼ਕਾਰੀ ਨੀਤੀ ਦਾ ਭਰਮਜਾਲ ਹੈ, ਜਿਸਦਾ ਅਧਾਰ ਧੱਕੇਸ਼ਾਹੀ ਵਾਲਾ ਤੇ ਹਥਿਆਰਾ ਦੀ ਗਲਤ ਵਰਤੋਂ ਹੋ ਰਹੀ ਹੈ, ਉਸਨੂੰ ਦਰੁਸਤੀ ਨਾਲ ਜੁਆਬ ਦਿੱਤਾ ਜਾਵੇ। ਭਗਤ ਸਿੰਘ ਦੇ ਆਰਟੀਕਲ ਦਾ ਸਾਰ-ਅੰਸ਼ ਕੁਝ ਇਸਤਰ੍ਹਾਂ ਹੈ-

'ਕੁਝ ਸ਼ਰਾਰਤੀ ਅਨਸਰਾਂ ਨੇ ਕੋਸ਼ਿਸ਼ ਕੀਤੀ ਹੈ ਕਿ ਅਹਿੰਸਾ ਦੇ ਵਿਰੋਧ ਵਿਚ ਅਤਵਾਦ ਉਸਾਰਿਆ ਜਾਵੇ ਤੇ ਇਸਨੇ ਬਹੁਤ ਸਾਰੀਆਂ ਗਲਤਫਿਹਮੀਆਂ ਪੈਦਾ ਕਰ ਦਿੱਤੀਆਂ ਹਨ। ਬਹਾਦਰੀ, ਹੌਂਸਲਾ, ਤੇ ਜਾਨ ਨਿਸ਼ਾਵਰ ਕਰਨ ਦੀ ਭਾਵਨਾ ਦਾ ਸੰਕਲਪ ਇਸ ਗੱਲ ਵਿਚ ਹੈ ਕਿ ਹਥਿਆਰਾਂ ਦਾ ਇਸਤਮਾਲ, ਉਦਾਰਤਾ ਤੇ ਫਰਜਾਂ ਦੀ ਪਾਲਣਾ, ਕਿਵੇਂ ਕਰਨੀ ਚਾਹੀਦੀ ਹੈ। ਹਥਿਆਰਾਂ ਤੇ ਨਿਰਭਰ ਹੋਣਾ ਹੁਣ ਕੋਈ ਮਹਤਵਪੂਰਨ ਗੁਣ ਨਹੀ ਸਮਝਣਾ ਚਾਹੀਦਾ। ਫਿਰ ਇਸਦਾ ਮੁਕਾਬਲਾ ਵੈਸਟ ਨਾਲ ਕੀਤਾ ਜਾਂਦਾ ਹੈ। ਹਰ ਦੇਸ਼ ਇਸ ਕੋਸ਼ਿਸ਼ ਵਿਚ ਹੈ ਕਿ ਕਿਵੇਂ ਵਧ ਤੋਂ ਵਧ ਹਥਿਆਰ ਇੱਕਠੇ ਕੀਤੇ ਜਾਣ। ਦੂਜੇ ਪਾਸੇ, ਇੰਡੀਆ ਵਿਚ, ਹਥਿਆਰ ਚੁੱਕਣਾ ਪਾਪ ਸਮਝਿਆ ਜਾਂਦਾ ਹੈ। ਇਹ ਆਰਟੀਕਲ ਆਪਣੇ ਪਾਠਕਾਂ ਨੂੰ ਪੁੱਛਦਾ ਹੈ ਕਿ ਉਹ ਹਿੰਸਾ ਨੂੰ ਜ਼ੁਰਮ ਦੇ ਬਰਾਬਰ ਨਾ ਸਮਝਣ। ਜਦੋਂ ਇੱਕ ਦੇਸ਼-ਭਗਤ ਆਪਣੇ ਦੇਸ਼ ਦੀ ਰਖਿਆ ਲਈ ਹਥਿਆਰ ਚੁੱਕਦਾ ਹੈ, ਜਦੋਂ ਉਹ ਸੋਸ਼ਣ ਤੇ ਧੱਕੇਸ਼ਾਹੀ ਦੇ ਖਿਲਾਫ ਹਥਿਆਰ ਚੁੱਕਦਾ ਹੈ ਜਾਂ ਜਦੋਂ ਬੇਇਨਸਾਫੀ ਦੇ ਖਿਲਾਫ ਹਥਿਆਰ ਚੁੱਕਦਾ ਹੈ ਤੇ ਫਾਂਸੀ ਦੇ ਤਖਤੇ ਤੇ ਪਹੁੰਚ ਜਾਂਦਾ ਹੈ। ਉਹ ਹਿੰਸਾ ਕਰਦੇ ਹਨ ਪਰ ਉਹ ਅਤਵਾਦ ਨਹੀ ਫੈਲਾਉਂਦੇ। ਜੁਰਮ ਤੇ ਅਤਵਾਦ ਵਿਚ ਫਰਕ ਹੈ, ਭਾਵੇਂ ਦੋਵੇਂ ਹੀ ਹਿੰਸਾ ਤੇ ਉਤਾਰੂ ਹਨ, ਪਰ ਇਹ ਦੇਖਣਾ ਪੈਂਦਾ ਹੈ ਕਿ ਹਥਿਆਰ ਚੁੱਕਣ ਵੇਲੇ ਉਨ੍ਹਾਂ ਦੀ ਭਾਵਨਾ ਕੀ ਹੈ।

1930, ਭਗਤ ਸਿੰਘ ਨੇ ਆਰਟੀਕਲ ਲਿਖਿਆ ਜਿਹੜਾ ਅੱਜਕਲ ਬਹੁਤ ਮਸ਼ਹੂਰ ਹੈ, 'ਕੀ ਮੈਂ ਨਾਸਤਿਕ ਹਾਂ?' ਇਹ ਪੈਂਫ਼ਲਿਟ ਬਹੁਤ ਮਹਤਤਾ ਵਾਲਾ ਹੈ ਕਿਉਂਕਿ ਇਸ ਵਿਚ ਭਗਤ ਸਿੰਘ ਦੀ ਸਵੈ-ਜੀਵਨੀ ਦੇ ਅੰਸ਼ ਮੌਜੂਦ ਹਨ। ਇਹ ਬਿਰਤਾਂਤਕ ਸੁਰ ਵਾਲਾ ਹੈ। 'ਜਦੋਂ ਮੈਂ ਹਿੰਦੋਸਤਾਨ ਰਿਪਬਲਕਿਨ ਐਸੋਸੀਏਸ਼ਨ ਵਿਚ ਸ਼ਾਮਲ ਹੋਇਆ ਤੇ ਪਹਿਲਾ ਆਗੂ ਜੋ ਮੈਨੂੰ ਮਿਲਿਆ ਉਹ ਰੱਬ ਦੀ ਹੋਂਦ ਬਾਰੇ ਸਪਸ਼ਟ ਹੀ ਨਹੀ ਸੀ। ਭਾਵੇਂ ਉਹ ਕਿਸੇ ਵੀ ਧਿਰ ਦਾ ਪੱਕਾ ਵਿਸ਼ਵਾਸੀ ਨਹੀ ਸੀ। ਦੂਜਾ ਆਗੂ ਸਚਿੰਦਰ ਨਾਥ ਸਨਿਆਲ ਪੱਕਾ ਸ਼ਰਧਾਲੂ ਸੀ। ਮੈ ਸਿਰਫ ਇਤਨਾ ਕਹਿੰਣਾ ਚਾਹੁੰਦਾ ਹਾਂ ਕਿ ਕਰਾਂਤੀਕਾਰੀ ਪਾਰਟੀ ਦੀ ਤਹਿਰੀਕ ਵਿਚ ਆਸਤਕ, ਨਾਸਤਿਕ ਦਾ ਕੋਈ ਵੀ ਪੱਕਾ ਸਿਧਾਂਤ ਨਹੀ ਸੀ। ਕਾਕੋਰੀ ਕੇਸ ਦੇ ਚਾਰੇ ਦੋਸ਼ੀ ਆਪੋ ਆਪਣੇ ਇਸ਼ਟਾਂ ਨੂੰ ਧਿਆਕੇ ਹੀ ਫਾਂਸੀ ਦੇ ਤਖਤੇ ਵਲ ਗਏ ਸਨ।

ਭਗਤ ਸਿੰਘ ਕਰਾਂਤੀਕਾਰੀ ਅਤਵਾਦ ਦੇ ਰਿਵਾਜ਼ ਨਾਲ ਭਲੀਭਾਂਤ ਜਾਣੂ ਸੀ, ਜਿਹੜਾ ਬ੍ਰਿਟਿਸ਼ ਸਾਮਰਾਜ ਖਿਲਾਫ ਵਿਰੋਧ ਕਰਨ ਦਾ ਇੱਕ ਕਾਰਗਰ ਤਰੀਕਾ ਸੀ। ਖਾਸ ਤੌਰ ਤੇ ਪੰਜਾਬ ਵਿਚ। ਆਪਣੇ ਪੂਰਵਜ਼ਾਂ ਦੇ ਇਸ ਰਿਵਾਜ਼ ਤੋਂ ਆਪਣੇ ਆਪ ਨੂੰ ਦੂਰ ਰਖਦਾ ਹੈ। ਇਸਦੇ ਦੋ ਪ੍ਰਮੁਖ ਕਾਰਣ ਸਨ। ਪਹਿਲਾ, ਕਰਾਂਤੀਕਾਰੀ ਆਗੂ ਅਜੇ ਤੱਕ ਨਾਸਤਿਕ-ਆਸਤਿਕ ਦੀ ਦਲੀਲ ਬਾਜ਼ੀ ਤੋਂ ਉਭਰੇ ਨਹੀ ਸਨ ਤੇ ਸਾਰਵਜਨਿਕ ਤੌਰ ਤੇ ਇਸਦਾ ਕੋਈ ਸਪਸ਼ਟ ਉਤਰ ਦੇਣ ਦੇ ਕਾਬਲ ਵੀ ਨਹੀ ਸਨ। ਦੂਜਾ ਕਾਰਣ ਅਜ਼ਾਦੀ ਤੋਂ ਬਾਦ ਦੀ ਸੁਸਾਇਟੀ ਕਿਹੋ ਜੇਹੀ ਹੋਵੇਗੀ, ਇਸ ਬਾਰੇ ਵੀ ਕੋਈ ਆਦਰਸ਼ਕ ਪਹੁੰਚ ਨਹੀ ਉਸਾਰੀ ਗਈ ਸੀ। ਤਤ ਭੜਤ ਉਦੇਸ਼ ਸਿਰਫ ਇਤਨਾ ਹੀ ਸੀ ਕਿ ਕਿਵੇਂ ਬ੍ਰਿਟਿਸ਼ ਸਾਮਰਾਜ ਨੂੰ ਤਹਿਸ ਨਹਿਸ ਕਰਨਾ ਹੈ ਤੇ ਇਸਦਾ ਰਾਜਨੀਤਕ ਵਿਕਲਪ ਕੀ ਹੋਵੇਗਾ, ਇਸਦਾ ਕੋਈ ਵੀ ਵਿਚਾਰ ਨਹੀ ਸੀ। ਭਗਤ ਸਿੰਘ ਲਈ ਫੈਸਲਾਕੁੰਨ ਘੜੀ 1926 ਤੋਂ ਬਾਦ ਆਈ। ਜਦੋਂ ਹਿੰਦੋਸਤਾਨ ਰਿਪਬਲਕਿਨ ਐਸੋਸੀਏਸ਼ਨ ਦੀ ਅਗਵਾਈ ਉਸਦੇ ਮੋਢਿਆਂ ਤੇ ਆ ਪਈ। ਉਸਨੇ ਬਿਨ੍ਹਾਂ ਵਕਤ ਗੁਆਇਆਂ ਰਾਜਨੀਤਕ ਵਿਚਾਰਧਾਰਾ ਨੂੰ ਉਸਾਰਨ ਲਗਿਆਂ ਮਾਰਕਸ ਨੀਤੀ ਨੂੰ ਅਪਣਾ ਲਿਆ। ਆਪਣੇ ਬਜ਼ੁਰਗਾਂ ਦਾ ਹਿੰਸਾ ਦਾ ਰੋਮਾਂਚਕਾਰੀ ਵਿਚਾਰ ਤਿਆਗ ਦਿੱਤਾ। ਇਸਦੀ ਜਗ੍ਹਾ ਘੋਖੀ ਹੋਈ ਵਿਚਾਰਧਾਰਾ ਦਾ ਆਰੰਭ ਕੀਤਾ। ਰੋਮਾਂਚਕਾਰੀ ਤੇ ਅੰਧ-ਵਿਸ਼ਵਾਸ ਦੀ ਹਿੰਸਾ ਤੋਂ ਕਿਨਾਰਾ ਕਰ ਲਿਆ। ਸਾਡੀਆਂ ਜੜ੍ਹਾਂ ਵਰਤਮਾਨ ਵਿਚ ਹਨ।

1926 ਤੋਂ ਭਗਤ ਸਿੰਘ ਨੇ ਦੁਨੀਆਂ ਭਰ ਦੀਆਂ ਕਲਾਸਿਕ, ਅੰਦੋਲਨ, ਦਰਸ਼ਨ, ਨੀਤੀਆਂ ਤੇ ਅਜੋਕੇ ਹਾਲਾਤ ਨਾਲ ਮੇਲ ਖਾਂਦੀਆਂ ਕਿਤਾਬਾਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ ਤਾਂ ਕਿ ਵਿਰੋਧ ਵਿਚ ਹੋਈ ਆਲੋਚਨਾ ਦਾ ਜੁਆਬ ਦਿੱਤਾ ਜਾਵੇ ਤੇ ਆਪਣੀਆਂ ਦਲੀਲਾਂ ਨੂੰ ਤਿੱਖਾ ਕੀਤਾ ਜਾਵੇ। ਸਭਤੋਂ ਜ਼ਰੂਰੀ ਸੀ ਕਿ ਆਪਣੀਆਂ ਨੀਤੀਆਂ ਨੂੰ ਜਿਨ੍ਹਾਂ ਕਰਕੇ ਉਹ ਸੰਘਰਸ਼ ਕਰ ਰਹੇ ਸਨ, ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ। ਇਹ ਇਸ ਕਰਕੇ ਵੀ ਸੀ ਕਿ 1926 ਵਿਚ ਭਖਦੇ ਮਸਲੇ ਵਾਲਾ ਕੋਈ ਅੰਦੋਲਨ ਨਹੀ ਸੀ, ਇਸ ਲਈ ਇਤਿਹਾਸ ਪੜ੍ਹਨ ਲਈ ਵਕਤ ਦੀ ਪਾਬੰਧੀ ਨਹੀ ਸੀ। ਭਗਤ ਸਿੰਘ ਦਾ ਕਹਿੰਣਾ ਹੈ, 'ਮੈਂ ਅਰਾਜਕਤਾ ਵਾਦੀ ਲੀਡਰ ਬਾਕੂਨਿਨ, ਕਾਰਲ ਮਾਰਕਸ ਤੇ ਬਹੁਤ ਸਾਰਾ ਲੈਨਿਨ, ਟਰੌਸਕੀ ਤੇ ਕੁਝ ਹੋਰਾਂ ਨੂੰ ਜੋ ਆਪੋ ਆਪਣੇ ਦੇਸ਼ਾਂ ਵਿਚ ਕਰਾਂਤੀ ਲਿਆਉਣ ਵਿਚ ਕਾਮਯਾਬ ਹੋਏ, ਨੂੰ ਪੜ੍ਹਿਆ।

## ਅਰਾਜਕਤਾਵਾਦ

ਮਈ ਤੋਂ ਸਤੰਬਰ, 1928 ਨੂੰ ਕਿਰਤੀ ਮੈਗਜ਼ੀਨ ਨੇ ਭਗਤ ਸਿੰਘ ਦੇ ਲਗਾਤਾਰ ਅਰਾਜਕਤਾਵਾਦ ਬਾਰੇ ਆਰਟੀਕਲ ਛਾਪੇ। 'ਲੋਕ ਅਰਾਜਕਤਾਵਾਦ ਸ਼ਬਦ ਤੋਂ ਹੀ ਭੈਭੀਤ ਹਨ'। ਭਗਤ ਸਿੰਘ ਨੇ ਕਿਹਾ, 'ਅਰਾਜਕਤਾ ਸ਼ਬਦ ਦਾ ਬਹੁਤ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ, ਇੱਥੋਂ ਤੱਕ ਕਿ ਭਾਰਤ ਵਿਚਲੇ ਕਰਾਂਤੀਕਾਰੀਆਂ ਨੂੰ ਅਰਾਜਕਤਾ ਨਾਲ ਜੋੜ ਕੇ ਉਨ੍ਹਾਂ ਦੀ ਹਰਮੰਨ ਪਿਆਰਤਾ ਤੇ ਸੁਆਲੀਆ ਚਿਨ੍ਹ ਲਗਾਇਆ ਜਾ ਰਿਹਾ ਹੈ। ਅਰਾਜਕਤਾ ਦੇ ਸ਼ਬਦ ਨੂੰ ਪਰਿਭਾਸ਼ਿਤ ਕਰਨ ਲਈ ਕਿਹਾ ਜਾ ਸਕਦਾ ਹੈ ਐਸਾ ਸ਼ਾਸ਼ਨ

ਜਿੱਥੇ ਕੋਈ ਕਾਇਦੇ ਕਾਨੂੰਨ ਦੀ ਵਿਵਸਥਾ ਨਾ ਹੋਵੇ'। 'ਮੇਰਾ ਖਿਆਲ ਹੈ ਕਿ ਭਾਰਤ ਵਿਚ ਸਾਰਵਜਨਿਕ ਭਾਈਚਾਰੇ ਦੀ ਵਿਚਾਰ-ਸ਼ੈਲੀ ਦਾ ਹੋਣਾ ਜਿਵੇਂ ਸੰਸਕ੍ਰਿਤ ਵਿਚ ਵਾਸੁਦੇਵ ਕੁਟੁਮਬਕਮ ਕਿਹਾ ਜਾਂਦਾ ਹੈ, ਦਾ ਮਤਲਬ ਵੀ ਇਹੋ ਹੈ। ਪਹਿਲਾ ਇਨਸਾਨ ਜਿਸਨੇ ਅਰਾਜਕਤਾ ਥਿਉਰੀ ਦਾ ਮਸੌਦਾ ਹੋਂਦ ਵਿਚ ਲਿਆ ਕੇ ਉਸਦਾ ਪ੍ਰਚਾਰ ਕੀਤਾ ਉਸਦਾ ਨਾਮ ਪਰੌਧੌਨ (ਫਰੁਦਹੋਨ) ਸੀ। ਇਸਲਈ ਉਸਨੂੰ ਹੀ ਅਰਾਜਕਤਾਵਾਦ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਸ ਤੋਂ ਬਾਦ ਰਸ਼ੀਅਨ ਬਾਕੂਨਿਨ ਨੇ ਇਸ ਸਿਧਾਂਤ ਤੇ ਬਹੁਤ ਕੰਮ ਕੀਤਾ ਤੇ ਇਸਦਾ ਫੈਲਾਵ ਕੀਤਾ। ਉਸਤੋਂ ਬਾਦ ਇਹੋ ਕੰਮ ਪਰਿੰਸ ਕਰੋਪੋਟਕਿਨ (ਫਰਨਿਚਣ ਖਰੋਪੋਟਕਨਿ) ਨੇ ਜਾਰੀ ਰਖਿਆ।

ਬਾਦ ਵਿਚ ਇਹ ਆਰਟੀਕਲ ਇਸ ਗੱਲ ਦਾ ਵਿਸਥਾਰ ਕਰਦਾ ਹੈ ਕਿ ਭਗਤ ਸਿੰਘ ਅਰਾਜਕਤਾਵਾਦ ਵੱਲ ਕਿਉਂ ਇਤਨਾ ਖਿਚਿਆ ਗਿਆ। 'ਅਰਾਜਕਤਾਵਾਦ ਦਾ ਅਸਲ ਉਦੇਸ਼ ਅਜ਼ਾਦੀ ਦੀ ਸੰਪੂਰਨਤਾ ਨਾਲ ਪੂਰਾ ਹੁੰਦਾ ਹੈ, ਜਿਸ ਅਨੁਸਾਰ ਕੋਈ ਵੀ ਰੱਬ ਜਾਂ ਧਰਮ ਨਾਲ ਗੜੁਚ ਨਹੀ ਹੁੰਦਾ ਤੇ ਨਾ ਹੀ ਕੋਈ ਧੰਨ ਜਾਂ ਦੂਸਰੀਆਂ ਦੁਨਿਆਵੀ ਵਸਤਾਂ ਬਾਰੇ ਪਾਗਲਪਨ ਦੀ ਹੱਦ ਤੱਕ ਜਾਂਦਾ ਹੈ। ਉਥੇ ਲੋਕਾਂ ਨੂੰ ਕੰਟਰੋਲ ਕਰਨ ਵਾਲੀ ਸੰਗਲੀ ਨਹੀ ਹੋਵੇਗੀ। ਇਸਦਾ ਮਤਲਬ ਹੈ ਕਿ ਉਹ ਧਾਰਮਿਕ ਸਥਾਨ, ਰੱਬ ਤੇ ਧਰਮ, ਸਟੇਟ ਤੇ ਨਿੱਜੀ ਜਾਇਦਾਦ ਦੀ ਅਣਹੋਂਦ ਲਈ ਕੰਮ ਕਰੇਗਾ। ਇਸ ਵਿਚ ਅਰਾਜਕਤਾ ਦਾ ਸੰਖੇਪ ਇਤਿਹਾਸ, ਅਰਾਜਕਤਾ ਦੇ ਅੰਦੋਲਨ ਦਰਜ਼ ਹਨ। ਇਸ ਆਰਟੀਕਲ ਵਿਚ ਐਸੰਬਲੀ ਵਿਚ ਸੁਟੇ ਬੰਬ ਦਾ ਵੀ ਜ਼ਿਕਰ ਹੈ। ਬਾਦ ਵਿਚ ਗਰਿਫਤਾਰ ਹੋਣ ਤੋਂ ਬਾਦ, ਉਸਨੇ ਬਹਾਦਰੀ ਨਾਲ ਤੇ ਸਪਸ਼ਟਤਾ ਨਾਲ ਕਿਹਾ, 'ਬੋਲ੍ਹੇ ਕੰਨਾਂ ਨੂੰ ਸੁਨਾਉਣ ਲਈ ਇੱਕ ਉਚੀ ਅਵਾਜ਼ ਦੀ ਲੋੜ ਸੀ। '

ਭਾਵੇਂ ਕਰਾਂਤੀਕਾਰੀਆਂ ਤੇ ਅਰਾਜਕਤਾਵਾਦੀਆਂ ਦੇ ਕੰਮ ਕਰਨ ਦੇ ਅੰਦਾਜ਼ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ ਪਰ ਭਗਤ ਸਿੰਘ ਨੇ ਭਾਰਤ ਦੇ ਕਰਾਂਤੀਕਾਰੀ ਅੰਦੋਲਨ ਵਿਚ ਬਹੁਤ ਗੁਣਾਤਮਿਕ ਤਬਦੀਲੀਆਂ ਲਿਆਂਦੀਆਂ। ਮਾਰਕਸਿਜ਼ਮ ਦਾ ਸਮਰਥਨ ਕਰਦਿਆਂ ਉਨ੍ਹਾ ਕਿਹਾ ਕਿ ਕਰਾਂਤੀਕਾਰੀ ਨਾਂ ਤਾਂ ਸਟੇਟ ਤੋਂ ਇਨਕਾਰ ਕਰਦਾ ਹੈ ਤੇ ਨਾਂ ਸਟੇਟ ਨੂੰ ਮਿਟਾਉਣ ਲਈ ਲੜਦਾ ਹੈ। ਸਟੇਟ ਦਾ ਮਾਡਲ ਮਾਰਕਸਿਜ਼ਮ ਦੇ ਅਨੁਸਾਰ ਦੇਖਿਆ ਜਾਣਾ ਚਾਹੀਦਾ ਹੈ। ਭਗਤ ਸਿੰਘ ਆਪਣੇ ਪਿੱਛੇ ਜੇਲ੍ਹ ਵਿਚ ਜਿਹੜੀ ਡਾਇਰੀ ਛੱਡ ਗਏ, ਉਸ ਵਿਚ ਐਂਜਲਜ਼ ਦੀਆਂ ਕਲਾਸਿਕ ਟੂਕਾਂ ਹਨ, ਜਿਨ੍ਹਾਂ ਵਿਚ ਪਰਿਵਾਰ ਦਾ ਉਤਪੰਨ ਹੋਣਾ, ਨਿੱਜੀ ਜਾਇਦਾਦ ਤੇ ਸਟੇਟ ਬਾਰੇ ਸੰਖੇਪ ਵਿਚਾਰ ਹਨ। ਮਾਰਕਸ ਤੇ ਐਂਜਲਜ਼ ਦੀਆਂ ਲਿਖਤਾਂ ਘੋਖਣ ਤੋਂ ਬਾਦ ਸਪਸ਼ਟ ਰੂਪ ਵਿਚ ਸੁਸਾਇਟੀ ਦੀਆਂ ਸਟੇਜਾਂ ਬਾਰੇ ਜਾਣਕਾਰੀ ਦੀ ਸਹੀ ਸੂਝ ਮਿਲ ਜਾਂਦੀ ਹੈ। ਪਰਿਵਾਰਾ ਦੇ ਆਪਸੀ ਰਿਸ਼ਤੇ ਤੇ ਮਾਰਕਸ ਦੀ ਸਟੇਟ ਬਾਰੇ ਥਿਊਰੀ ਬਾਰੇ ਸਮਝ ਨਾਲ ਇੱਕ ਐਸੀ ਸੰਸਥਾ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਭੂਤਕਾਲ ਤੋਂ ਸ਼ੁਰੂ ਹੋਈ ਚਿਰ-ਸਥਾਈ ਸਮਾਜਿਕ ਰਚਨਾ ਦਾ ਪਸਾਰ ਸਿਰਜਦੀ ਹੈ ਤੇ ਜੋ ਅੱਗੇ ਚਲਕੇ ਨਵੇਂ ਪ੍ਰਤੀਮਾਨ ਸਥਾਪਤ ਕਰਦੀ ਹੈ। ਇਸਤੋਂ ਅੱਗੇ ਸ਼ੁਰੂ

ਹੁੰਦਾ ਹੈ ਉਹ ਪਸਾਰ ਜਿਸ ਵਿਚ ਕਬਜੇ ਦਾ ਅਧਿਕਾਰ ਤੇ ਕਬਜੇ ਤੋਂ ਬਿਨ੍ਹਾਂ ਸੁਸਾਇਟੀ ਵਿਚ ਸੋਸ਼ਣ ਦਾ ਵਰਤਾਰਾ ਹੋਂਦ ਵਿਚ ਆਉਂਦਾ ਹੈ।

## ਮਾਰਕਸਿਜ਼ਮ

ਭਗਤ ਸਿੰਘ ਕਾਨਪੁਰ ਆਉਣ ਤੋਂ ਬਾਦ ਕਰਾਂਤੀਕਾਰੀ ਬਣਿਆ ਤੇ ਇਹ ਇਤਫਾਕ ਨਹੀ ਸੀ ਕਿ ਕਾਨਪੁਰ ਇੱਕ ਇੰਡਸਟਰੀਅਲ ਸ਼ਹਿਰ ਸੀ। ਕਾਨਪੁਰ ਨੂੰ ਅੰਗਰੇਜ਼ ਨੇ ਕਪੜੇ ਤੇ ਚਮੜੇ ਨੂੰ ਬਨਾਉਣ ਦਾ ਧੁਰਾ ਬਣਾਇਆ ਹੋਇਆ ਸੀ, ਖਾਸ ਤੌਰ ਤੇ ਆਪਣੀ ਫੌਜ਼ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ। ਇੱਥੇ ਬਹੁਤ ਵਡੀ ਗਿਣਤੀ ਵਿਚ ਸ਼ਹਿਰੀ ਕਿਰਤੀ ਜਮਾਤ ਦਾ ਰੈਣ ਬਸੇਰਾ ਹੈ। 1926 ਨੂੰ ਭਗਤ ਸਿੰਘ ਦਾ ਸੋਹਣ ਸਿੰਘ ਜੋਸ਼ ਨਾਲ ਵੀ ਮੇਲ ਹੁੰਦਾ ਹੈ ਜੋ ਕਿਰਤੀ ਤੇ ਕਿਰਸਾਨੀ ਲਈ ਕੰਮ ਕਰਦੇ ਸਨ। ਇਹ ਭਗਤ ਸਿੰਘ ਦੀ ਜ਼ਿੰਦਗੀ ਦਾ ਅਹਿਮ ਮੋੜ ਸੀ।

1926 ਤੋਂ ਬਾਦ ਭਗਤ ਸਿੰਘ ਨੇ ਕਰਾਂਤੀਕਾਰੀ ਇਤਿਹਾਸਕ ਅੰਦੋਲਨ ਦਾ ਅਧਿਅਨ ਕੀਤਾ ਜਿਸ ਵਿਚ ਭਾਰਤ ਤੇ ਦੁਨੀਆਂ ਦਾ ਇਤਿਹਾਸ ਸ਼ਾਮਲ ਸੀ। ਇਸ ਨਾਲ ਸਾਮਰਾਜ ਨਾਲ ਟਕਰਾਉਣ ਲਈ ਵਡੇ ਪਧਰ ਤੇ ਲੋਕਾਂ ਲਈ ਤੇ ਲੋਕਾਂ ਦਾ, ਅੰਦੋਲਨ ਉਸਾਰਨ ਦੀ ਲੋੜ ਸੀ। ਇਸਦਾ ਝਲਕਾਰਾ ਉਨ੍ਹਾਂ ਦੀ ਲੈਨਿਨ ਵਲੋਂ ਲਿਖੀ ਕੁਟੇਸ਼ਨ ਨਾਲ ਵੀ ਮਿਲਦਾ ਹੈ। ਸਾਮਰਾਜ, ਪੂੰਜੀਵਾਦ ਦੀ ਸਿਖਰ ਹੈ। ਆਪਣੀ ਜੇਲ੍ਹ ਡਾਇਰੀ ਵਿਚ ਕਰਾਂਤੀ ਬਾਰੇ ਟਰੌਟਸਕੀ ਦੇ ਵਿਚਾਰ ਵੀ ਮਿਲਦੇ ਹਨ। ਕੌਮਨਿਸਟ ਮੈਨੀਫੈਸਟੋ ਵਿਚੋਂ ਭਗਤ ਸਿੰਘ ਨੇ ਇੱਕ ਪਹਿਰਾ ਲਭਿਆ ਜੋ ਇਸਤਰ੍ਹਾਂ ਹੈ:-

'ਕਾਮਾ ਜਮਾਤ ਵਲੋਂ ਕੀਤੀ ਜਾ ਰਹੀ ਕਰਾਂਤੀ ਦਾ ਪਹਿਲਾ ਕਦਮ ਇਹ ਹੈ ਕਿ ਉਹ ਸੰਯੁਕਤ ਹੋਕੇ ਹੁਕਮਰਾਨ ਪਾਰਟੀ ਦੇ ਮੇਚ ਦੇ ਹੋ ਜਾਣ। ਡੈਮੋਕਰੇਸੀ ਦੀ ਲੜਾਈ ਜਿਤਣ ਲਈ, ਆਪਣੀ ਲੜਾਈ ਕਦਮ ਦਰ ਕਦਮ ਕਰਨ। ਅਮੀਰ ਜਮਾਤ ਦੀ ਸਾਰੀ ਪੂੰਜੀ, ਉਤਪਾਦਨ ਦੇ ਸਾਰੇ ਕਲ ਪੁਰਜੇ, ਜਿਹੜੇ ਸਟੇਟ ਕੋਲ ਹਨ ਆਪਣੇ ਹੱਥਾਂ ਵਿਚ ਕਰ ਲੈਣ। ਕਾਮਾ ਜਮਾਤ ਵੀ ਰੂਲਿੰਗ ਕਲਾਸ ਜਿਤਨੀ ਹੀ ਜਥੇਬੰਦ ਹੋ ਜਾਵੇ। ਇਸਤੋਂ ਬਾਦ ਤਾਕਤ ਨੂੰ ਵਧਾਉਣ ਵਾਲੇ ਸਾਰੇ ਵਸੀਲਿਆਂ ਵਿਚ ਜਿਤਨਾ ਵੀ ਸੰਭਵ ਹੋਵੇ ਵਾਧਾ ਕਰਨ। ਇਸਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਾਮਰਾਜ ਵਿਰੁਧ ਲੜਾਈ, ਕਿਸੇ ਵੀ ਦੇਸ਼ ਵਿਚ ਉਤਨੀ ਦੇਰ ਕਾਮਯਾਬ ਨਹੀ ਹੋ ਸਕਦੀ ਜਿਤਨੀ ਦੇਰ ਪੂੰਜੀਵਾਦ ਵਿਚ ਲੋਕਾਈ ਨੂੰ ਦਬਾਉਣ ਦੀ ਤਾਕਤ ਕਾਇਮ ਰਹੇ।

ਜਮਾਤੀ ਪਾੜੇ ਦੀ ਹੋਂਦ ਕਿਸੇ ਵੀ ਸੁਸਾਇਟੀ ਨੂੰ ਹਿੰਸਾ ਵੱਲ ਧੱਕ ਸਕਦੀ ਹੈ। ਸਮਾਜਿਕ ਬਣਤਰ ਨੂੰ ਤਬਦੀਲ ਕਰਨ ਲਈ ਹਿੰਸਾ ਜ਼ਰੂਰੀ ਵੀ ਹੋ ਜਾਂਦੀ ਹੈ। ਇਹ ਉਹ ਹਿੰਸਾ ਹੈ ਜੋ ਪੁਨਰ ਨਿਰਮਾਣ ਲਈ ਤਬਾਹੀ ਕਰਦੀ ਹੈ।

ਭਾਰਤ ਦੀ ਕਮਿਉਨਿਸਟ ਪਾਰਟੀ ਦਾ ਨਿਰਮਾਣ 1925-26 ਵਿਚ ਹੋਇਆ। ਬਣਦਿਆਂ ਸਾਰ ਹੀ ਉਸਨੂੰ ਗੁਪਤਵਾਸ ਹੋਣਾ ਪਿਆ। ਅਗਲੇ ਛੇ ਸਾਲ ਜਦੋਂ ਤੱਕ ਭਗਤ ਸਿੰਘ ਨੂੰ ਫਾਂਸੀ ਹੋਈ, ਇਤਿਹਾਸ ਦਾ ਇਹ ਵਡਾ ਸੁਆਲ ਬਣਿਆ ਰਹੇਗਾ ਕਿ ਭਗਤ

ਸਿੰਘ ਨੇ ਵੀ ਆਪਣੇ ਸਾਥੀਆਂ ਵਾਂਗ ਕਮਿਉਨਿਸਟ ਪਾਰਟੀ  ਵਿਚ ਸ਼ਮੂਲੀਅਤ ਕਰ ਲਈ ਸੀ ਕਿ ਨਹੀ।

## ਭਾਰਤੀ ਕਾਂਗਰਸ ਤੇ ਅਹਿੰਸਾ:-

ਪੰਜਾਬ ਵਿਚ ਸਭਤੋਂ ਜ਼ਿਆਦਾ ਮਸ਼ਹੂਰ ਕਾਂਗਰਸੀ ਲਾਲਾ ਲਾਜਪਤ ਰਾਏ ਸੀ। ਉਹ ਕਾਂਗਰਸ ਵਿਚਲੀ ਗਰਮ ਖਿਆਲੀ ਤਿਕੜੀ ਲਾਲ-ਬਾਲ-ਪਾਲ ਦਾ ਹਿੱਸਾ ਸਨ। ਸਾਲਾਂ ਦੇ ਸਾਲ ਗੁਜ਼ਰ ਗਏ ਤੇ ਲਾਲਾ ਜੀ ਚਾਲਬਾਜ਼ ਰਾਜਨੀਤਕ ਬਣ ਗਏ ਜੋ ਰਾਜਨੀਤਕ ਜੀਵਨ ਛਡਣਾ ਚਾਹੁੰਦੇ ਸਨ ਤੇ ਰਿਟਾਇਰ ਹੋ ਜਾਣਾ ਚਾਹੁੰਦੇ ਸਨ। ਨਵੰਬਰ, 1927 ਕਿਰਤੀ ਦੇ ਐਡੀਟੋਰੀਅਲ ਵਿਚ ਲਾਲਾ ਜੀ ਨੂੰ ਇੱਕ ਖੁਲੀ ਚਿੱਠੀ ਲਿਖੀ ਗਈ, ਜਿਸ ਵਿਚ ਲਿਖਿਆ:-

ਜੋ ਭਦਰ ਪੁਰਸ਼ ਲਾਲਾ ਜੀ ਦੇ ਰਾਜਨੀਤਕ ਜੀਵਨ ਬਾਰੇ ਜਾਣਕਾਰੀ ਰਖਦੇ ਹਨ, ਉਹ ਜਾਣਦੇ ਹਨ ਕਿ ਉਹ ਸਿਰਫ ਲੀਡਰੀ ਵਿਚ ਹੀ ਦਿਲਚਸਪੀ ਰਖਦਾ ਹੈ ਤੇ ਬਿਨ੍ਹਾਂ ਕੁਝ ਕੀਤਿਆਂ ਸਿਰਫ ਗੱਲਾਂ ਮਾਰਨ ਵਿਚ ਹੀ ਯਕੀਨ ਰਖਦਾ ਹੈ। ਲਾਲਾ ਜੀ ਦਾ ਹੁਣ ਦਾ ਵਿਵਹਾਰ ਦਸਦਾ ਹੈ ਕਿ ਉਸਦਾ ਰਾਜਨੀਤੀ ਤੋਂ ਵਿਸ਼ਵਾਸ਼ ਹੀ ਉਠ ਗਿਆ ਹੈ। ‘ ਇੱਕ ਹੋਰ ਆਰਟੀਕਲ ਜੋ ਅਗਸਤ 1928 ਨੂੰ ਲਿਖਿਆ ਗਿਆ, ਉਸ ਵਿਚ ਲਾਲਾ ਜੀ ਨੂੰ ਪੁੱਛਿਆ ਗਿਆ ਕਿ ਕੀ ਉਹ ਅੰਗਰੇਜ਼ ਨਾਲ ਇਸ ਲਈ ਲੜ ਰਹੇ ਹਨ ਕਿ ਦੇਸ਼ ਭਾਰਤੀ ਪੂੰਜੀਪਤੀਆਂ ਦੇ ਹਵਾਲੇ ਕਰ ਦਿੱਤਾ ਜਾਵੇ? ‘ਕੀ ਸਾਨੂੰ ਇੰਤਜਾਰ ਕਰਨਾ ਚਾਹੀਦਾ ਹੈ ਕਿ ਕਦੋਂ ਹਜ਼ਾਰਾਂ ਲੋਕ ਬਰਬਾਦ ਜਾਂ ਮਾਰੇ ਜਾਣ, ਇਨ੍ਹਾਂ ਪੂੰਜੀਪਤੀਆਂ ਨੂੰ ਬਾਹਰ ਕਢਣ ਲਈ?ਇਹ ਮਹਾਂ ਮੂਰਖਤਾ ਹੈ।' ਇਸੇ ਆਰਟੀਕਲ ਵਿਚ ਲਾਲਾ ਲਾਜਪਤ ਰਾਏ ਦਾ ਰਾਜਨੀਤਕ ਗ੍ਰਹਿਣ ਦੇਖਿਆ ਜਾ ਸਕਦਾ ਹੈ। ‘ਲਾਲਾ ਜੀ ਤੇ ਉਨ੍ਹਾਂ ਵਰਗੇ ਦੂਸਰੇ ਆਗੂ ਜੋ ਪੂੰਜੀਵਾਦ ਦੀ ਹਮਾਇਤ ਕਰਦੇ ਹਨ ਹੌਲੀ ਹੌਲੀ ਖਤਮ ਹੋ ਜਾਣਗੇ ਜਿਵੇਂ ਪਹਿਲਾਂ ਕੁਝ ਹੋਏ ਹਨ ਸੁਰਿੰਦਰ ਨਾਥ ਬੈਂਨਰਜੀ, ਸਪਰੂ ਤੇ ਚਿੰਤਾਮਨੀ ਵਰਗੇ। ਅਖੀਰ ਤੇ ਸੰਘਰਸ਼ਸ਼ੀਲ ਕਾਮੇ ਹੀ ਜਿੱਤ ਹਾਸਲ ਕਰਨਗੇ। “ਸੋਸਲਿਜ਼ਮ ਅਮਰ ਰਹੇ। ਕਰਾਂਤੀ ਅਮਰ ਰਹੇ। "

1921-22  ਮਹਾਤਮਾ ਗਾਂਧੀ ਕਾਂਗਰਸ ਦਾ ਆਦਰਸ਼ ਬਣ ਗਏ ਤੇ ਉਨ੍ਹਾ ਦੀ ਅਗਵਾਈ ਵਿਚ ਪਹਿਲਾ ਨਾ-ਮਿਲਵਰਤਨ ਅੰਦੋਲਨ ਸ਼ੁਰੂ ਹੋਇਆ। ਜਦੋਂ ਮਹਾਤਮਾ ਗਾਂਧੀ ਨੇ ਅਚਾਨਕ ਅੰਦੋਲਨ ਖਤਮ ਕਰ ਦਿੱਤਾ ਤਾਂ ਕਰਾਂਤੀਕਾਰੀਆਂ ਲਈ ਮਹਾਤਮਾ ਗਾਂਧੀ ਦਾ ਅਹਿੰਸਾਵਾਦੀ ਭਰਮਜਾਲ ਟੁਟ ਗਿਆ। 1924-25 ਦੌਰਾਨ ਗਾਂਧੀ  ਹਿੰਸਾ ਦੇ ਪ੍ਰਸੰਗ ਵਿਚ ਬਹਿਸ ਵਾਲੀ ਨੀਤੀ ਤੇ ਆ ਗਏ। ਗਾਂਧੀ ਦੀਆਂ ਦਲੀਲਾਂ ਦਾ ਵੇਗ ਇਹ ਸੀ ਕਿ ਹਿੰਸਾ ਨਾਲ ਕੁਝ ਵੀ ਹਾਸਲ ਨਹੀ ਕੀਤਾ ਜਾ ਸਕਦਾ। ਇਹ ਸਰਕਾਰ ਤੇ ਖਰਚੇ ਦਾ ਬੋਝ ਪਾਉਂਦੀ ਹੈ। ਇਸਨੂੰ ਤਾਕਤ ਨਾਲ ਦਬਾਉਣਾ ਪੈਂਦਾ ਹੈ। ਇਹ ਪਾਗਲਾਂ ਵਾਲਾ ਦਬਾਵ ਹੈ, ਮਾੜੀ ਭਾਵਨਾ ਹੈ ਜੋ ਸਭ ਤੋਂ ਪਹਿਲਾਂ ਸ਼ੁਰੂ ਹੁੰਦੀ ਹੈ। ਅਸਲ ਵਿਚ ਇਹ ਉਦੋਂ ਆਪਣੀ ਚਰਮ ਸੀਮਾ ਤੇ ਪਹੁੰਚਿਆ ਜਦੋਂ ਵਾਇਸਰਾਏ ਲੌਰਡ ਇਰਵਿਨ ਤੇ ਕਰਾਂਤੀਕਾਰੀਆਂ ਵਲੋਂ

ਇੱਕ ਨਾਕਾਮ ਹਮਲਾ ਕੀਤਾ ਗਿਆ, ਜਿਸ ਵਿਚ ਵਾਇਸਰਾਏ ਵਾਲ ਵਾਲ ਬਚਿਆ। ਮਹਾਤਮਾ ਗਾਂਧੀ ਨੇ ਇਸ ਬਾਰੇ ਇੱਕ ਆਰਟੀਕਲ ਲਿਖਿਆ, 'ਕਲਟ ਔਫ ਦੀ ਬੰਬ'ਜਿਸ ਵਿਚ ਉਸਨੇ ਵਾਇਸਰਾਏ ਦੀ ਜਾਨ ਬਚਾਉਣ ਲਈ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਤੇ ਇਸ ਹਮਲੇ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ।

1925 ਨੂੰ ਸਚਿੰਦਰ ਨਾਥ ਨੇ ਮਹਾਤਮਾ ਗਾਂਧੀ ਨੂੰ ਇੱਕ ਖੁਲੀ ਚਿਠੀ ਲਿਖੀ ਜਿਸ ਵਿਚ ਉਨ੍ਹਾਂ ਲਿਖਿਆ ;-

ਅਹਿੰਸਾ ਵਾਲਾ ਨਾ-ਮਿਲਵਰਤਨ ਅੰਦੋਲਨ ਅਸਫਲ ਰਿਹਾ ਇਸਦਾ ਕਾਰਣ ਇਹ ਨਹੀ ਕਿ ਕਦੇ ਕਦੇ ਦਬਾਈਆਂ ਹੋਈਆ ਭਾਵਨਾਵਾਂ, ਇਧਰ ਉਧਰ ਭੜਕ ਪਈਆ ਬਲਕਿ ਇਸ ਕਰਕੇ ਅਸਫਲ ਰਿਹਾ ਕਿਉਂਕਿ ਅੰਦੋਲਨ ਕੋਲ ਆਦਰਸ਼ਕ ਤੇ ਯੋਗ ਅਗਵਾਈ ਨਹੀ ਸੀ। ਜਿਹੜਾ ਆਦਰਸ਼ਕ ਮਾਰਗ ਤੁਸੀਂ ਚੁਣਿਆ ਹੈ ਇਹ ਭਾਰਤੀ ਰੀਤੀ ਰਿਵਾਜ਼ ਦਾ ਨਹੀ ਹੈ। ਇਹ ਨਕਲ ਕਰਨ ਵਾਲੇ ਸੁਆਦ ਵਰਗਾ ਹੈ। ਤੁਹਾਡੀ ਅਹਿੰਸਾ ਦਾ ਦਰਸ਼ਨ ਇੱਕ ਮਾਯੂਸੀ ਤੋਂ ਉਪਜਿਆ ਦਰਸ਼ਨ ਹੈ।'

ਦਸੰਬਰ 1929 ਕਰਾਂਤੀਕਾਰੀ ਅੰਦੋਲਨ ਦੀ ਚੜ੍ਹਤ ਦਾ ਸਮਾ ਸੀ। ਭਗਵਤੀ ਚਰਨ ਤੇ ਚੰਦਰ ਸ਼ੇਖਰ ਅਜ਼ਾਦ ਨੇ ਦਿੱਲੀ ਬੰਬ ਕੇਸ ਨੂੰ ਸਹੀ ਠਹਿਰਾਉਂਦਿਆ ਆਰਟੀਕਲ ਲਿਖੇ। ਗਾਂਧੀ ਨੇ ਆਲੋਚਨਾ ਕਰਦਿਆਂ ਕਿਹਾ ਕਿ ਕਰਾਂਤੀਕਾਰੀ ਵਿਸ਼ਵਾਸ਼ ਕਰਦੇ ਹਨ ਕਿ ਅਜ਼ਾਦੀ ਕਰਾਂਤੀ ਨਾਲ ਆਵੇਗੀ। ਇਹ ਕਰਾਂਤੀ ਸਿਰਫ ਇਹੋ ਨਹੀ ਦਰਸਾ ਰਹੀ ਕਿ ਇੱਕ ਵਿਦੇਸ਼ੀ ਸਰਕਾਰ ਤੇ ਉਸਦੇ ਮਦਦਗਾਰ ਤੇ ਦੂਜੇ ਪਾਸੇ ਲੋਕ ਹਨ, ਬਲਕਿ ਇਹ ਵੀ ਹੋ ਰਿਹਾ ਹੈ ਕਿ ਸਮਾਜਿਕ ਢਾਂਚੇ ਦਾ ਸਵਰੂਪ ਨਵੇਂ ਰੂਪ ਵਿਚ ਸਾਹਮਣੇ ਆਵੇਗਾ। ਇਸੇ ਗੱਲ ਨੂੰ ਦੂਜੇ ਪਹਿਲੂ ਨਾਲ ਵੇਖਿਆਂ ਇਹ ਵੀ ਹੈ ਕਿ ਜਮਾਤੀ ਸਮਾਜ ਦੇ ਸੰਘਰਸ਼ ਵਿਚ ਪੂੰਜੀਪਤੀ ਗੋਡਿਆਂ ਭਰਨੇ ਹੋਣਗੇ। ਕਾਮਾ ਜਮਾਤ ਨੂੰ ਅਧਿਕਾਰ ਮਿਲਣਗੇ। ਲੱਖਾਂ ਲੋਕ ਜੋ ਭੁੱਖੇ ਮਰ ਰਹੇ ਹਨ। ਵਿਦੇਸ਼ੀ ਤੇ ਸਥਾਨਕ ਪੂੰਜੀਪਤੀ ਦੋਵੇਂ ਉਨ੍ਹਾਂ ਦਾ ਸੋਸ਼ਣ ਕਰ ਰਹੇ ਹਨ। 1931, ਭਗਤ ਸਿੰਘ ਨੇ ਪਾਰਟੀ ਨੂੰ ਇੱਕ ਨੋਟ ਲਿਖਿਆ ਜਿਸ ਅਨੁਸਾਰ ਕਾਂਗਰਸ ਵਿਚ ਗਾਂਧੀਇਜ਼ਮ ਦਾ ਆਦਰਸ਼ ਭਾਰੂ ਹੋ ਰਿਹਾ ਹੈ, ਜਿਸ ਅਨੁਸਾਰ ਕਾਂਗਰਸ ਬ੍ਰਿਟਿਸ਼ ਖਿਲਾਫ ਕੋਈ ਕਾਰਵਾਈ ਨਹੀ ਕਰ ਰਹੀ ਬਲਕਿ ਉਹ ਚਾਹੁੰਦੇ ਹਨ ਕਿ ਉਹ ਵੀ ਸਰਕਾਰੀ ਤਾਕਤ ਦਾ ਹਿੱਸਾ ਬਣਨ। ਕਾਂਗਰਸ ਧੁਰਾ ਬਣਨ ਦੀ ਕੋਸ਼ਿਸ਼ ਵਿਚ ਹੈ ਤੇ ਹਮੇਸ਼ਾਂ ਤੋਂ ਐਸਾ ਹੀ ਹੈ। ਅਸਲੀਅਤ ਵਲ ਵੇਖਕੇ ਨਿਰਾਸ਼ਾ ਹੁੰਦੀ ਹੈ। ਉਹ ਆਗੂ ਜੋ ਇਸਨੂੰ ਚਲਾ ਰਹੇ ਹਨ ਉਨ੍ਹਾ ਦੀ ਦਿਲਚਸਪੀ ਕਾਗਰਸ ਪਾਰਟੀ ਨਾਲ ਹੀ ਹੈ। ਜੇ ਕਰਾਂਤੀਕਾਰੀ ਖੂਨ ਨੇ ਜ਼ਿੰਦਗੀ ਦੇ ਨਵੇ ਆਯਾਮ ਸਥਾਪਤ ਨਹੀ ਕੀਤੇ ਤਾਂ ਪਿੱਛੇ ਪੈ ਜਾਵਾਂਗੇ।

ਦਿਲਚਸਪੀ ਵਾਲੀ ਗੱਲ ਸੀ ਕਿ ਗਾਂਧੀ ਨੇ ਅਹਿੰਸਾ ਪਰਮ ਧਰਮ ਵਾਂਗ ਅਪਣਾਇਆ ਹੋਇਆ ਸੀ ਪਰ ਨਵੇਂ ਨੌਜਵਾਨ ਆਗੂ ਕਰਾਂਤੀਕਾਰੀਆਂ ਦੇ ਇਤਨੇ ਆਲੋਚਕ ਨਹੀ ਸਨ। ਸੁਭਾਸ਼ ਚੰਦਰ ਬੋਸ ਤੇ ਜਵਾਹਰ ਲਾਲ ਨਹਿਰੂ ਕਾਂਗਰਸ ਦੇ ਦੋ ਪਹਿਲੀ ਕਤਾਰ ਦੇ ਆਗੂ ਸਨ ਜੋ ਕਰਾਂਤੀਕਾਰੀਆਂ ਦੀ ਮਦਦ ਕਰਦੇ ਸਨ। ਚੰਦਰ ਸ਼ੇਖਰ

ਅਜ਼ਾਦ ਤੇ ਪਾਰਟੀ ਨੂੰ ਮੋਤੀ ਲਾਲ ਨਹਿਰੂ, ਪਰਸ਼ੋਤਮ ਦਾਸ ਟੰਡਨ ਤੇ ਸ਼ਿਵ ਪ੍ਰਸ਼ਾਦ ਗੁਪਤਾ ਤੋਂ ਗੁਪਤ ਧੰਨ ਮਿਲਦਾ ਸੀ। ਇਥੋਂ ਤੱਕ ਕਿ ਮੌਲਾਨਾ ਸ਼ੌਕਤ ਅਲੀ ਤੇ ਕ੍ਰਿਸ਼ਨਾ ਕਾਂਤ ਮਾਲਵੀਆ ਸਨਿਆਲ ਨੂੰ ਰਿਵਾਲਵਰ ਸਪਲਾਈ ਕਰਦਾ ਸੀ। ਕਈ ਕਾਗਰਸੀ ਮੈਂਬਰਾਂ ਨੇ ਮਹਾਤਮਾ ਗਾਂਧੀ ਦਾ ਅਹਿੰਸਾ ਦੇ ਵਿਚਾਰ ਨੂੰ ਵਿਸਾਰ ਦਿੱਤਾ। ਉਹ ਇਸ ਵਿਚਾਰ ਦੀ ਆਦਰਸ਼ਕ ਪਹੁੰਚ ਤੋਂ ਮੁੱਖ ਮੋੜ ਗਏ ਤੇ ਉਹ ਕਰਾਂਤੀਕਾਰੀਆ ਦੀ ਧੰਨ ਪੱਖੋਂ ਤੇ ਹੋਰ ਸਾਧਨਾ ਨਾਲ ਮਦਦ ਕਰਦੇ। ਮਹਾਤਮਾ ਗਾਂਧੀ ਨੂੰ ਵੀ ਆਪਣੀ ਅਗਵਾਈ ਬਾਰੇ ਚਿੰਤਾ ਹੋਣ ਲੱਗੀ। ਜਦੋਂ ਕਈ ਕਾਂਗਰਸੀ ਨੇਤਾਵਾਂ ਨੇ ਮਹਾਤਮਾ ਗਾਂਧੀ ਨੂੰ ਕਿਹਾ ਕਿ ਕੁਝ ਕਰਾਂਤੀਕਾਰੀਆਂ ਦੀ ਰਿਹਾਈ ਲਈ ਸਰਕਾਰ ਨਾਲ ਗੱਲ ਕੀਤੀ ਜਾਵੇ ਤਾਂ ਉਨ੍ਹਾ ਸਾਫ ਇਨਕਾਰ ਕਰ ਦਿੱਤਾ।

## ਸੰਗਠਨ ਤੇ ਰਣਨੀਤੀ

ਸਭ ਤੋਂ ਪਹਿਲਾਂ ਭਗਤ ਸਿੰਘ ਨੇ 1924 ਵਿਚ ਹਿੰਦੋਸਤਾਨ ਰਿਪਬਲਕਿਨ ਐਸੋਸ਼ੀਏਸ਼ਨ ਵਿਚ ਸ਼ਮੂਲੀਅਤ ਕੀਤੀ। ਸਰਗਰਮ ਮੈਂਬਰ ਦੀ ਹੈਸੀਅਤ ਵਿਚ ਉਨ੍ਹਾਂ ਨੇ ਰਾਜਨੀਤੀ ਨਾਲ ਸਬੰਧਿਤ ਦੋ ਗੱਲਾਂ ਸਿਖੀਆਂ। ਪਹਿਲੀ—ਆਪਣੇ ਹਮ-ਖਿਆਲੀ ਕਾਮਰੇਡਾਂ ਨਾਲ ਮਜ਼ਬੂਤ ਰਿਸ਼ਤਾ ਕਾਇਮ ਕਰਨਾ ਤਾਂ ਕਿ ਭਾਵੇਂ ਸੰਸਥਾ ਛੋਟੀ ਹੀ ਕਿਉਂ ਨਾ ਹੋਵੇ ਪਾਰਟੀ ਸਹਿਜਤਾ ਨਾਲ ਕੰਮ ਕਰ ਸਕੇ। ਦੂਜੀ—ਅਖਬਾਰ ਦੀ ਜ਼ਰੂਰਤ, ਨੋਟ ਤੇ ਪੈਂਫਲਿਟਾਂ ਦੇ ਬਾਵਜੂਦ ਅਖਬਾਰ ਕਿਸੇ ਵੀ ਸੰਸਥਾ ਲਈ ਬਹੁਤ ਜ਼ਰੂਰੀ ਹੈ, ਤਾਂ ਕਿ ਆਪਣੇ ਵਿਚਾਰਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ।

ਇਸਤੋਂ ਬਾਦ ਭਗਤ ਸਿੰਘ ਨੇ ਸੋਹਣ ਸਿੰਘ ਜੋਸ਼ ਨਾਲ ' ਕਿਰਤੀ ਤੇ ਕਿਸਾਨ ਪਾਰਟੀ' ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੂੰ ਜਲਦੀ ਹੀ ਅਹਿਸਾਸ ਹੋਇਆ ਕਿ ਪੰਜਾਬ ਵਿਚ ਲੋਕਾਂ ਨੂੰ ਨਾਲ ਜੋੜਨ ਲਈ ਕਰਾਂਤੀਕਾਰੀ ਪਾਰਟੀ ਦੀ ਬਹੁਤ ਲੋੜ ਹੈ। ਅਜੇ ਘੋਸ਼ ਨੇ ਭਗਤ ਸਿੰਘ ਬਾਰੇ ਲਿਖਿਆ ਹੈ, 'ਭਗਤ ਸਿੰਘ ਪੰਜਾਬ ਵਿਚ ਸਰਗਰਮ ਹੈ ਤੇ ਉਸਨੇ ਤੇ ਉਸਦੇ ਸਾਥੀਆਂ ਨੇ 'ਭਾਰਤ ਨੌਜਵਾਨ ਸਭਾ'ਕਾਇਮ ਕਰ ਲਈ ਹੈ। ਇਸ ਤੱਥ ਦਾ ਕੋਈ ਸਬੂਤ ਰਿਕਾਰਡ ਤੇ ਮੌਜੂਦ ਨਹੀ ਹੈ ਕਿ ਭਾਰਤ ਨੌਜਵਾਨ ਸਭਾ ਵਿਚਲੇ ਭਗਤ ਸਿੰਘ ਦੇ ਸਾਥੀ ਕੋਣ ਸਨ ਤੇ ਉਸਨੇ ਇਸਦੀ ਸਥਾਪਨਾ ਕਿਸਤਰ੍ਹਾਂ ਕੀਤੀ ਸੀ। ਮੇਰਟ ਕਾਨਸਪੀਰੇਸੀ ਕੇਸ ਦੇ ਮੁਕਦਮੇ ਦੌਰਾਨ, ਸੋਹਣ ਸਿੰਘ ਜੋਸ਼ ਨੇ ਆਪਣੇ ਬਿਆਨ ਵਿਚ ਕਿਹਾ ਸੀ, 'ਮੈਂ ਉਨ੍ਹਾਂ ਵਿਚੋਂ ਇੱਕ ਸੀ ਜਿਨ੍ਹਾਂ ਨੇ ਸੰਸਥਾ ਖੜੀ ਕਰਨ ਵਿਚ ਸਰਗਰਮ ਤੇ ਮੁੱਢਲਾ ਕੰਮ ਕੀਤਾ। ਮੈਂ ਕਈ ਜਗ੍ਹਾ ਗਿਆ ਤੇ ਜਾਕੇ ਲੋਕਾਂ ਨੂੰ ਜਗਾਉਣ ਹਿੱਤ ਭਾਸ਼ਣ ਦਿੱਤੇ ਤਾਂ ਕਿ ਭਾਰਤ ਨੌਜਵਾਨ ਸਭਾ ਦੀ ਸਥਾਨਕ ਇਕਾਈ ਕਾਇਮ ਕੀਤੀ ਜਾ ਸਕੇ। ਉਸਨੇ ਸਭਾ ਦਾ ਉਲੇਖ ਕਰਦਿਆ ਕਿਹਾ ਕਿ ਸਭਾ ਇੱਕ ਤਰ੍ਹਾਂ ਨਾਲ ਕਾਂਗਰਸ ਦੇ ਛੋਟੇ ਪੂੰਜਪਤੀਆਂ ਦੇ ਖਿਲਾਫ ਇੱਕ ਬਗਾਵਤ ਵਾਂਗ ਸੀ। ਉਸਨੇ ਜੋਰਦਾਰ ਸ਼ਬਦਾਂ ਵਿਚ ਕਿਹਾ ਕਿ ਇਹ ਕੋਈ ਕਮਿਉਨਿਸਟ ਪਾਰਟੀ ਨਹੀ ਸੀ, ਸਗੋਂ ਇਹ ਸੰਸਥਾ ਮੱਧ-ਵਰਗੀ ਜਮਾਤ ਦੀ ਸੀ ਜੋ ਬ੍ਰਿਟਿਸ਼ ਸਾਮਰਾਜ ਦੁਆਰਾ ਪੀਸੀ ਜਾ ਰਹੀ ਸੀ। ਜੋ ਆਪਣੇ ਆਪ ਨੂੰ

ਆਰਥਿਕ ਤੇ ਰਾਜਨੀਤਕ ਤੌਰ ਤੇ ਸਾਮਰਾਜੀ ਨਿਜ਼ਾਮ ਦੇ ਜੂਲੇ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ।

ਇਸੇ ਹੀ ਮੇਰਟ ਸਾਜਿਸ਼ ਕੇਸ ਵਿਚ ਅਬਦੁਲ ਮਜ਼ੀਦ ਦਾ ਬਿਆਨ ਕੁਝ ਇਸਤਰ੍ਹਾਂ ਸੀ, 'ਨੌਜਵਾਨ ਭਾਰਤ ਸਭਾ' ਦਾ ਨਿਰਮਾਣ 1926 ਦੌਰਾਨ ਹੋਇਆ, ਪਰ 1928 ਤੱਕ ਇਹ 'ਬਹਿਸ ਵਾਲੀ ਸੁਸਾਇਟੀ' ਹੀ ਬਣੀ ਰਹੀ। ਇਸਦੀ ਪਹਿਲੀ ਕਾਨਫਰੰਸ 12, 13, 14, ਅਪ੍ਰੈਲ 1928 ਨੂੰ ਹੋਈ।'

1928 ਵਿਚ ਭਗਤ ਸਿੰਘ ਦੇ ਮੋਢਿਆਂ ਤੇ ਹਿੰਦੋਸਤਾਨ ਰਿਪਬਲਕਿਨ ਐਸੋਸੀਏਸ਼ਨ ਦੀ ਜ਼ਿੰਮੇਵਾਰੀ ਵੀ ਸੀ। ਇੱਥੇ ਉਸਦਾ ਸਾਥੀ ਚੰਦਰ ਸ਼ੇਖਰ ਅਜ਼ਾਦ ਸੀ, ਬਾਕੀ ਆਗੂਆਂ ਨੂੰ ਫਾਂਸੀ ਦੀ ਸਜ਼ਾ ਜਾਂ ਉਮਰ ਕੈਦ ਹੋ ਗਈ ਸੀ। ਸਭਤੋਂ ਪਹਿਲਾ ਕੰਮ ਉਸਨੇ ਇਸ ਸੰਸਥਾ ਦਾ ਨਾਮ ਬਦਲ ਦਿੱਤਾ। ਨਵਾਂ ਨਾਮ ਸੀ 'ਹਿੰਦੋਸਤਾਨ ਸੋਸ਼ਲਸਿਟ ਰਿਪਬਲਕਿਨ ਐਸੋਸ਼ੀਏਸ਼ਨ'। ਪਾਰਟੀ ਦੀ ਨਵੀ ਦਿੱਖ ਨੂੰ ਸੈਂਟਰਲ ਕਮੇਟੀ, ਪ੍ਰਾਤਾਂ ਤੇ ਜਿਲ੍ਹਾ ਕਮੇਟੀਆਂ ਨੇ ਮਾਨਤਾ ਦੇ ਦਿੱਤੀ। ਸਾਰੇ ਫੈਸਲੇ ਇਨ੍ਹਾਂ ਕਮੇਟੀਆਂ ਵਿਚ ਹੀ ਲਏ ਜਾਂਦੇ ਸਨ। ਇਹ ਫੈਸਲੇ ਸਾਰੇ ਮੈਂਬਰਾਂ ਤੇ ਲਾਗੂ ਹੁੰਦੇ ਸਨ।

1930, ਚੰਦਰ ਸ਼ੇਖਰ ਅਜ਼ਾਦ ਪੁਲੀਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਸਾਰੀ ਐਸੋਸ਼ੀਏਸ਼ਨ ਢੇਰ ਹੋ ਗਈ। ਸੰਸਥਾ ਦੇ ਕੁਝ ਮੈਂਬਰ ਸਰਕਾਰੀ ਮੁਖਬਰ ਬਣ ਗਏ। ਜਾਤੀ ਰੰਜਸ਼ਾਂ, ਇੱਕ ਦੂਜੇ ਤੇ ਇਲਜ਼ਾਮ ਬਾਜ਼ੀ ਨੇ ਸਾਰਾ ਮਾਹੌਲ ਗੰਧਲਾ ਕਰ ਦਿੱਤਾ। ਪੁਲੀਸ ਦੇ ਸੂਹੀਏ ਤੇ ਮਾੜੇ ਤੱਤਾਂ ਨੇ ਨਿੱਜੀ ਮੁਫਾਦਾਂ ਲਈ ਹਾਲਾਤ ਦਾ ਫਾਇਦਾ ਉਠਾਉਣਾ ਸ਼ੁਰੂ ਕਰ ਦਿੱਤਾ। ਸੰਸਥਾ ਦੇ ਅੰਦਰ ਕੋਈ ਵੀ ਐਸੀ ਹਾਲਾਤ ਦਾ ਮੁਕਾਬਲਾ ਕਰਨ ਵਾਲਾ ਨਹੀ ਸੀ। ਇਸਤਰ੍ਹਾਂ ਉਹ ਸੰਸਥਾ ਜਿਹੜੀ ਭਗਤ ਸਿੰਘ ਤੇ ਚੰਦਰ ਸ਼ੇਖਰ ਅਜ਼ਾਦ ਨੇ ਆਪਣੀ ਸਾਲਾਂ ਦੀ ਨਿਰ-ਸੁਆਰਥ ਮੇਹਨਤ ਨਾਲ ਤੇ ਆਪਣੇ ਖੂਨ ਪਸੀਨੇ ਨਾਲ ਉਸਾਰੀ ਸੀ ਵਿਅਰਥ ਹੋਕੇ ਰਹਿ ਗਈ।

'ਕਿਰਤੀ ਤੇ ਕਿਸਾਨ ਪਾਰਟੀ' ਤੇ 'ਨੌਜਵਾਨ ਭਾਰਤ ਸਭਾ' ਦੇ ਆਪਸੀ ਤਾਲਮੇਲ ਨਾਲ ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਐਸੋਸੀਏਸ਼ਨ ਦੀ ਡਿਗਦੀ ਸ਼ਾਖ ਨੂੰ 'ਨੌਜਵਾਨ ਭਾਰਤ ਸਭਾ' ਦੇ ਰੂਪ ਵਿਚ ਪੁਨਰ ਗਠਨ ਕਰ ਲਿਆ।

## ਨੌਜਵਾਨ ਭਾਰਤ ਸਭਾ:-

ਨੌਜਵਾਨ ਭਾਰਤ ਸਭਾ ਸਭ ਮਰਦਾਂ ਤੇ ਔਰਤਾਂ ਲਈ ਖੁਲੀ ਸੀ ਜਿਸਦੀ ਉਮਰ 18-35 ਸਾਲ ਦੇ ਦਰਮਿਆਨ ਹੋਵੇ। ਜੋ ਵੀ ਇਸਦੇ ਉਦੇਸ਼ ਤੇ ਨਿਸ਼ਾਨੇ ਨਾਲ ਸਹਿਮਤ ਹੋਵੇ। ਇਸ ਦੀ ਸਥਾਪਤੀ ਸਾਰੇ ਭਾਰਤ ਵਿਚ ਹੋ ਗਈ। ਅਜ਼ਾਦ ਤੇ ਰਿਪਬਲਿਕ ਸੰਸਥਾ ਸਾਰੇ ਭਾਰਤ ਦੇ ਕਾਮਿਆਂ ਤੇ ਕਿਸਾਨਾਂ ਲਈ ਸਾਂਝੇ ਤੌਰ ਤੇ ਕਾਰਜਸ਼ੀਲ ਸੀ। ਬੇਹਤਰ ਕਾਰਜਸ਼ੈਲੀ ਲਈ ਸੰਸਥਾ ਦਾ ਵਿਭਾਜਨ ਇਸਤਰ੍ਹਾਂ ਕੀਤਾ ਗਿਆ;-

'ਨੌਜਵਾਨ ਭਾਰਤ ਸਭਾ ਕਾਨਫਰੰਸ, ਨੌਜਵਾਨ ਭਾਰਤ ਸਭਾ, ਪੰਜਾਬ: ਅੱਗੇ ਜਿਲ੍ਹਿਆ ਤੇ ਅਧਾਰਿਤ, ਤਹਿਸੀਲ ਤੇ ਪੁਲੀਸ ਸਟੇਸ਼ਨ ਤੇ ਅਧਾਰਿਤ ਤੇ ਨੌਜਵਾਨ ਭਾਰਤ

ਸਭਾ ਦੀ ਰਿਸੈਪਸ਼ਨ ਕਮੇਟੀ। ਸੈਂਟਰਲ ਕਮੇਟੀ ਦਾ ਗਠਨ ਕੀਤਾ ਗਿਆ। ਇੱਕ ਸਾਲ ਦੇ ਅੰਦਰ ਹੀ ਸਾਰੇ ਪੰਜਾਬ ਦੇ ਵਖੋ ਵਖਰੇ ਖਿਤਿਆਂ ਵਿਚ ਇਸਦਾ ਪਸਾਰ ਹੋ ਗਿਆ ਤੇ ਪੇਸ਼ਾਵਰ ਵਿਚ ਵੀ ਇਸਦਾ ਗਠਨ ਕੀਤਾ ਗਿਆ।

ਸੰਸਥਾ ਦੀ ਸੰਸਥਾਈ ਯੋਗਤਾ ਉਸਦੇ ਲੀਡਰ ਤੇ ਨਿਰਭਰ ਕਰਦੀ ਹੈ ਤੇ ਇੱਥੇ ਪਾਰਟੀ ਦੀ ਰਣਨੀਤੀ ਦਾ ਵਡਾ ਹੱਥ ਹੁੰਦਾ ਹੈ। ਫੰਡ, ਹਥਿਆਰ ਤੇ ਭਰਤੀ ਨੂੰ ਕਿਵੇਂ ਨਿਭਾਉਣਾ ਹੈ। ਪਹਿਲੀ ਕਾਰਜਸ਼ੈਲੀ ਤੇ ਹਿੰਸਾ ਦੀ ਸੀ ਤਾਂ ਕਿ ਸਮਾਜਿਕ ਤੇ ਰਾਜਨੀਤਕ ਮਾਹੌਲ ਨੂੰ ਬਦਲਿਆ ਜਾਵੇ। ਇਸਲਈ ਸਾਰੀ ਬੁਣਤਰ ਸੰਘਣੀ ਕਰਕੇ ਹੀ ਯੂਨਿਟ ਖੜਾ ਕੀਤਾ ਜਾ ਸਕਦਾ ਹੈ ਜੋ ਆਗੂਆਂ ਦੇ ਫੈਸਲੇ ਦੇ ਪਾਬੰਧ ਹੋਣ ਤੇ ਮਾੜੇ ਅਨਸਰ ਤੋਂ ਕਿਵੇਂ ਬਚਿਆ ਜਾਵੇ। ਭਗਤ ਸਿੰਘ, ਸੁਖਦੇਵ, ਰਾਜਗੁਰੂ, ਭਗਵਤ ਚਰਨ ਵੋਹਰਾ, ਕੇਦਾਰ ਨਾਥ ਸਹਿਗਲ ਤੇ ਚੰਦਰ ਸ਼ੇਖਰ ਅਜ਼ਾਦ ਨੇ ਮਿਲਕੇ ਲੀਡਰਸ਼ਿਪ ਨੂੰ ਇੱਕ ਮਜ਼ਬੂਤ ਰੂਪ ਵਿਚ ਉਸਾਰ ਲਿਆ ਸੀ।

ਅਕਤੂਬਰ, 1928 --ਭਾਰਤ ਦੀ ਬ੍ਰਿਟਿਸ਼ ਸਰਕਾਰ ਨੇ ਸਾਈਮਨ ਕਮਿਸ਼ਨ ਨਿਯੁਕਤ ਕੀਤਾ। ਕਮਿਸ਼ਨ ਦਾ ਉਦੇਸ਼, ਐਸੀਆਂ ਸੰਭਾਵਨਾਵਾਂ ਦਾ ਪਤਾ ਕਰਨਾ ਸੀ ਕਿ ਭਾਰਤ ਨੂੰ ਆਪਣੇ ਤੌਰ ਤੇ ਰਾਜ ਕਰਨ ਦੀ ਕਿਤਨੀ ਕੁ ਛੂਟ ਦਿੱਤੀ ਜਾਵੇ। ਇਸ ਕਮਿਸ਼ਨ ਵਿਚ ਕੋਈ ਵੀ ਭਾਰਤੀ ਪ੍ਰਤੀਨਿਧੀ ਨਹੀ ਸੀ। ਇਸ ਨਾਲ ਭਾਰਤੀਆ ਵਿਚ ਰੋਹ ਜਾਗ ਪਿਆ। ਇਹ ਰੋਹ ਹੀ ਲਾਹੌਰ ਦੀ ਪੁਲੀਸ ਵਲੋਂ ਹੋਏ ਹਮਲੇ ਦਾ ਕਾਰਣ ਬਣਿਆ ਜੋ ਮਸ਼ਹੂਰ ਹੋਇਆ। ਇਸ ਵਿਰੋਧ ਰੈਲੀ ਦੀ ਅਗਵਾਈ ਲਾਲਾ ਲਾਜਪਤ ਰਾਏ ਨੇ ਕੀਤੀ, ਜੋ ਕਮਿਸ਼ਨ ਨੂੰ ਵਾਪਸ ਇੰਗਲੈਂਡ ਜਾਣ ਲਈ ਕਹਿ ਰਹੇ ਸਨ। ਨਾਹਰਾ ਸੀ, 'ਸਾਈਮਨ ਕਮਿਸ਼ਨ ਗੋ ਬੈਕ'। ਪੁਲੀਸ ਨੇ ਭੀੜ ਤੇ ਲਾਠੀਚਾਰਜ ਕਰ ਦਿੱਤਾ ਤੇ ਲਾਲਾ ਲਾਜਪਤ ਰਾਏ ਪੁਲੀਸ ਦੀਆਂ ਲਾਠੀਆਂ ਨਾਲ ਘਾਇਲ ਹੋ ਗਏ ਤੇ ਬਾਦ ਵਿਚ ਜਖਮਾਂ ਦੀ ਤਾਬ ਨਾ ਝਲਦੇ ਹੋਏ ਉਨ੍ਹਾਂ ਦਾ ਦਿਹਾਂਤ ਹੋ ਗਿਆ।

ਕਰਾਂਤੀਕਾਰੀ ਯੋਧੇ ਭਾਵੇਂ ਲਾਲਾ ਲਾਜਪਤ ਰਾਏ ਤੇ ਉਸਦੀ ਰਾਜਨੀਤੀ ਦੇ ਕਟੜ ਆਲੋਚਕ ਸਨ ਪਰ ਉਨ੍ਹਾਂ ਨੇ ਇਸਦਾ ਬਦਲਾ ਲੈਣ ਦੀ ਪ੍ਰਤਿਗਿਆ ਕੀਤੀ। ਅਸਿਸਟੈਂਟ ਸੁਪਰਡੈਂਟ ਔਫ ਪੁਲੀਸ ਜ਼ੇ ਪ੍ਰੀ ਸਾਂਡਰਸ, ਜਿਸ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਸਨੇ ਆਪ ਲਾਠੀ ਨਾਲ ਲਾਲਾ ਜੀ ਤੇ ਵਾਰ ਕੀਤਾ ਸੀ। ਭਗਤ ਸਿੰਘ, ਸੁਖਦੇਵ, ਰਾਜਗੁਰੂ ਤੇ ਚੰਦਰ ਸ਼ੇਖਰ ਅਜ਼ਾਦ ਨੇ ਉਸਦਾ ਕਤਲ ਕਰ ਦਿੱਤਾ ਤੇ ਰੂਪੋਸ਼ ਹੋ ਗਏ। ਲਾਹੌਰ ਵਿਚ ਅਗਲੇ ਦਿਨ ਕੰਧਾਂ ਤੇ ਇੱਕ ਪਬਲਿਕ ਨੋਟਿਸ ਲਗਾ ਦਿੱਤਾ ਗਿਆ। ਇਸਦੀ ਜ਼ਿੰਮੇਵਾਰੀ ਇੰਡੀਅਨ ਸੋਸ਼ਲਿਸਟ ਡੈਮੋਕਰੇਟਿਕ ਆਰਮੀ ਵਲੋਂ ਲਈ ਗਈ। ਇਸ ਨੋਟਿਸ ਵਿਚ ਦਰਜ਼ ਸੀ, 'ਸਾਨੂੰ ਅਫਸੋਸ ਹੈ ਕਿ ਅਸੀਂ ਇੱਕ ਇਨਸਾਨ ਦਾ ਕਤਲ ਕੀਤਾ ਹੈ ਪਰ ਇਹ ਆਦਮੀ ਬੇਇਨਸਾਫੀ ਵਾਲੇ ਤੇ ਜੁਲਮ ਢਾਉਣ ਵਾਲੇ ਦਾ ਹਿੱਸਾ ਸੀ, ਇਸ ਸਿਸਟਮ ਨੂੰ ਤਬਾਹ ਕਰਨਾ ਬਹੁਤ ਜ਼ਰੂਰੀ ਹੈ। ਕਈ ਵਾਰ ਕਰਾਂਤੀ ਲਈ ਖੂਨ ਵਹਾਉਣਾ ਲਾਜ਼ਮੀ ਹੋ ਜਾਂਦਾ ਹੈ। ਕਰਾਂਤੀ ਦੌਰਾਨ ਮੁਕਾਬਲਾ ਕਰਨਾ ਜ਼ਰੂਰੀ ਹੈ ਜਿੱਥੇ ਇੱਕ ਇਨਸਾਨ ਵਲੋਂ ਦੂਜੇ ਇਨਸਾਨ ਦਾ ਸੋਸ਼ਣ ਹੋ ਰਿਹਾ ਹੋਵੇ। ਇਨਕਲਾਬ ਜ਼ਿੰਦਾਬਾਦ।

ਇਸਤਰ੍ਹਾਂ ਦੀਆਂ ਕਾਰਵਾਈਆਂ ਲਈ ਆਗੂਆਂ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਜਿਤਨਾ ਵੀ ਹੋ ਸਕੇ ਇਸਦਾ ਪ੍ਰਚਾਰ ਕਰਨ। ਉਸ ਸਮੇ ਦੌਰਾਨ ਰੇਡੀਓ, ਟੈਲੀਵੀਜ਼ਨ ਤੇ ਨਹੀ ਸਨ। ਅਖਬਾਰਾਂ ਤੇ ਟੇਕ ਰੱਖੀ ਜਾਂਦੀ ਸੀ। ਇਹ ਹੀ ਮੁੱਖ ਵਸੀਲਾ ਸੀ। ਬੋਲ਼ਿਆਂ ਨੂੰ ਸੁਨਾਉਣ ਲਈ ਕੁਝ ਤੇ ਕਰਨਾ ਹੀ ਪੈਂਦਾ ਹੈ।

ਸਭਤੋਂ ਵਧੀਆ ਜ਼ਰੀਆ ਪੈਫਲਿਟਾਂ ਦੁਆਰਾ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸੀ। ਪਰ ਇਸਦੇ ਵੀ ਜਾਨਣ ਵਾਲੇ ਥੋੜੇ ਹੁੰਦੇ ਸਨ। ਐਸੇ ਸੀਮਤ ਸਾਧਨਾ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਲਈ ਸਮਾ ਚਾਹੀਦਾ ਸੀ ਤੇ ਸਮਾ ਹੀ ਮੁੱਖ ਸੀ। ਇਸਤੋਂ ਪਹਿਲਾਂ ਕਿ ਸਰਕਾਰ ਕੁਝ ਕਰੇ। ਸਮੇ ਦੇ ਰਹਿੰਦਿਆਂ ਕੁਝ ਕਰ ਗੁਜ਼ਰਨਾ ਤੇ ਉਸਦਾ ਉਦੇਸ਼ ਲੋਕਾਂ ਤੱਕ ਪਹੁੰਚਾਉਣਾ ਨਿਹਾਇਤ ਜ਼ਰੂਰੀ ਸੀ। ਇੱਕ ਵਧੀਆ ਰਸਤਾ ਵੀ ਸੀ। ਉਹ ਸੀ ਆਪਣੇ ਆਪ ਨੂੰ ਗਰਿਫਤਾਰ ਕਰਵਾ ਲਵੋ ਤੇ ਮੁਕਦਮੇ ਦੌਰਾਨ ਆਪਣੀ ਗੱਲ ਖੁਲਕੇ ਕਰੋ। ਇਹ ਇੱਕ ਅੱਤ ਹੌਂਸਲੇ ਵਾਲਾ ਕੰਮ ਸੀ। ਇਸਦਾ ਇੱਕ ਹੋਰ ਵੀ ਫਾਇਦਾ ਸੀ ਕਿ ਇੱਕ ਵਾਰ ਅੰਦਰ ਹੋ ਜਾਵੋ ਤਾਂ ਸਥਾਨਕ ਪੁਲੀਸ ਕਰਮੀਆ ਵਿਚ ਵੀ ਚੇਤਨਾ ਦਾ ਪ੍ਰਵਾਹ ਚਲਾਇਆ ਜਾ ਸਕਦਾ ਸੀ। ਜਦੋਂ ਭਗਤ ਸਿੰਘ ਪਹਿਲੀ ਵਾਰ ਦੁਸਿਹਰਾ ਬੰਬ ਕੇਸ ਵਿਚ ਗਰਿਫਤਾਰ ਹੋਇਆ ਸੀ। ਉਸਦੀ ਫੋਟੋ ਲਈ ਗਈ ਸੀ। ਉਸ ਫੋਟੋਗਰਾਫ ਨਾਲ ਭਗਤ ਸਿੰਘ ਦੀ ਬਹੁਤ ਸ਼ੌਹਰਤ ਹੋਈ ਸੀ। ਭਗਤ ਸਿੰਘ ਮੰਜੇ ਤੇ ਬੈਠਾ ਹੈ, ਲੱਤ ਤੇ ਲੱਤ ਧਰ ਕੇ, ਹਥਕੜੀ ਲੱਗੀ ਹੋਈ, ਚੇਹਰਾ ਟੇਢਾ ਕੀਤਾ ਹੋਇਆ, ਮੂੰਹ ਤੇ ਮੁਸਕਰਾਹਟ।

ਬਸਤੀਵਾਦ ਦੇ ਤਸੀਹੇ, ਜੇਲ੍ਹ ਵਿਚ ਕੈਦ ਹੋਏ ਕੈਦੀ ਦੇ ਹੱਕਾਂ ਦਾ ਘਾਣ ਸੀ। ਖਾਸ ਤੌਰ ਤੇ ਰਾਜਨੀਤਕ ਕੈਦੀਆਂ ਲਈ। ਇਸਤਰ੍ਹਾਂ ਦਾ ਹੀ ਇੱਕ ਹੋਰ ਮੌਕਾ ਉਪਲਬਦ ਹੋਇਆ, ਬ੍ਰਿਟਿਸ਼ ਸਾਮਰਾਜ ਨਾਲ ਟਕਰਾਉਂਣ ਦਾ। ਪਰੈਸ ਦੇ ਵਿਕਾਸ ਤੇ ਪੁਖਤਗੀ ਤਹਿਤ, ਐਸਾ ਕੋਈ ਵੀ ਖਿਚਾਅ ਵਾਲਾ ਵਰਤਾਰਾ ਪਬਲਿਕ ਨੂੰ ਰਿਪੋਰਟ ਕਰਨਾ ਪਰੈਸ ਲਈ ਜ਼ਰੂਰੀ ਵੀ ਸੀ ਤੇ ਵਧੀਆ ਮੌਕਾ ਵੀ।

ਆਖਰਕਾਰ, ਅਖੀਰਲੀ ਕੁਰਬਾਨੀ ਦਾ ਵਕਤ ਆ ਗਿਆ। ਮੌਤ ਆਪਣੇ ਆਪ ਵਿਚ ਇੱਕ ਤਾਕਤਵਰ ਚਿਨ੍ਹ ਹੈ ਤੇ ਇਹ ਆਸ ਕੀਤੀ ਜਾਂਦੀ ਹੈ ਕਿ ਸ਼ਹਾਦਤ ਨਾਲ ਨੌਜਵਾਨ ਤਬਕੇ ਨੂੰ ਪ੍ਰੇਰਨਾ ਮਿਲਦੀ ਹੈ ਤੇ ਉਹ ਵਿਦਰੋਹੀ ਸੁਰ ਨਾਲ ਕਰਾਂਤੀਕਾਰੀਆ ਨਾਲ ਜੁੜ ਜਾਂਦਾ ਹੈ ਤੇ ਮੁੱਖਧਾਰਾ ਦੇ ਰਾਸ਼ਟਰੀ ਅੰਦੋਲਨ ਨਾਲੋਂ ਕਰਾਂਤੀ ਵਾਲੇ ਰਾਹ ਨੂੰ ਪਹਿਲ ਦਿੰਦਾ ਹੈ।

ਮਾਰਚ 1928, ਸਰਕਾਰ ਨੇ ਐਸੰਬਲੀ ਵਿਚ ਪਬਲਿਕ ਸੇਫਟੀ ਬਿੱਲ ਪੇਸ਼ ਕੀਤਾ। ਭਾਰਤੀ ਪ੍ਰਤੀਨਿਧਾਂ ਨੇ ਇਸਨੂੰ ਨਾਮਨਜ਼ੂਰ ਕਰ ਦਿੱਤਾ। 1929 ਨੂੰ ਵਾਇਸਰਾਏ ਨੇ ਇੱਕ ਆਰਡੀਨੈਸ ਦੀ ਸ਼ਕਲ ਵਿਚ ਪਾਸ ਕਰਵਾਉਣ ਦਾ ਯਤਨ ਕੀਤਾ। ਨੌਜਵਾਨ ਭਾਰਤ ਸਭਾ ਨੇ ਮਤਾ ਪਾਸ ਕਰਕੇ ਇਸਦਾ ਤੇ 'ਟਰੇਡ ਡਿਸਪਿਉਟ ਬਿੱਲ' ਦਾ ਵਿਰੋਧ ਕਰਨ ਦਾ ਫੈਸਲਾ ਲੈ ਲਿਆ। ਇਹ ਫੈਸਲਾ ਹੋਇਆ ਕਿ ਸਿੱਧਾ ਦਖਲ ਦਿੱਤਾ ਜਾਵੇ। ਅਪ੍ਰੈਲ 8, 1929 ਨੂੰ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਨੇ ਐਸੰਬਲੀ ਹਾਲ ਵਿਚ ਇੱਕ ਛੋਟਾ ਬੰਬ

ਸੁਟਕੇ ਧਮਾਕਾ ਕਰ ਦਿੱਤਾ ਤੇ ਵਿਜ਼ਿਟਰ ਗੈਲਰੀ ਵਿਚ ਹੀ ਖਲੋ ਕੇ ਇੰਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਰਹੇ ਜਿਤਨਾ ਚਿਰ ਉਨ੍ਹਾਂ ਨੂੰ ਗਰਿਫਤਾਰ ਨਹੀ ਕਰ ਲਿਆ ਗਿਆ। ਮਈ 7, ਨੂੰ ਭਗਤ ਸਿੰਘ ਦਾ ਮੁਕਦਮਾ ਸ਼ੁਰੂ ਹੋਇਆ ਤੇ ਉਨ੍ਹਾਂ ਨੇ ਜੂਨ 6 ਨੂੰ ਆਪਣਾ ਬਿਆਨ ਦਿੱਤਾ।

ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਐਸੋਸੀਏਸ਼ਨ ਦੀ ਪ੍ਰਤੀਨਿਧਤਾ ਕਰਦੇ ਐਲਾਨ ਕੀਤਾ, 'ਅਸੀਂ ਐਸੰਬਲੀ ਹਾਲ ਵਿਚ ਬੰਬ ਸੁਟਕੇ ਆਪਣਾ ਵਿਰੋਧ ਪ੍ਰਗਟ ਕੀਤਾ ਹੈ। ਅਸੀ ਉਨ੍ਹਾਂ ਤਰਫੋਂ ਹਾਂ ਜਿਨ੍ਹਾਂ ਕੋਲ ਹੋਰ ਕੋਈ ਜ਼ਰੀਆ ਨਹੀ ਹੈ ਕਿ ਉਹ ਆਪਣੇ ਦਿਲ ਦਾ ਦਰਦ ਦੱਸ ਸਕਣ। ਸਾਡਾ ਇੱਕੋ ਹੀ ਮਕਸਦ ਸੀ ਕਿ ਬੋਲ੍ਹੇ ਕੰਨਾ ਤੱਕ ਆਪਣੀ ਅਵਾਜ਼ ਪਹੁੰਚਾ ਸਕੀਏ ਤੇ ਬੇਪਰਵਾਹ ਹੁਕਮਰਾਨ ਨੂੰ ਚੇਤਾਵਨੀ ਦੇ ਸਕੀਏ। ਮਨੁੱਖਤਾ ਦੇ ਸ਼ਾਤ ਸਮੁੰਦਰ ਵਿਚ ਜਵਾਲਾਮੁਖੀ ਉਬਲ ਰਿਹਾ ਹੈ, ਇਹ ਕਿਸੇ ਵੇਲੇ ਵੀ ਖੌਲ ਸਕਦਾ ਹੈ।

ਜੂਨ 12, ਭਗਤ ਸਿੰਘ ਨੂੰ ਐਸੰਬਲੀ ਹਾਲ ਵਿਚ ਬੰਬ ਚਲਾਉਣ ਲਈ ਸਜ਼ਾ ਸੁਣਾਈ ਗਈ। ਜੂਨ 15, ਉਨ੍ਹਾਂ ਜੇਲ੍ਹ ਸੁਧਾਰ ਲਈ ਭੁਖ ਹੜਤਾਲ ਕੀਤੀ। ਜੁਲਾਈ 10, 1929 ਨੂੰ ਲਾਹੌਰ ਸ਼ਾਜਿਸ਼ ਕੇਸ ਦਾ ਮੁਕਦਮਾ ਸ਼ੁਰੂ ਹੋਇਆ ਤੇ ਅਕਤੂਬਰ 7, 1930 ਨੂੰ ਫਾਂਸੀ ਦੀ ਸਜ਼ਾ ਨਾਲ ਖਤਮ ਹੋਇਆ। ਮਾਰਚ 23, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ ਗਿਆ।

## ਸਾਰਅੰਸ਼:-

ਭਾਰਤ ਵਿਚਲਾ ਕਰਾਂਤੀਕਾਰੀ ਅੰਦੋਲਨ, ਸੰਸਥਾ ਤੇ ਪਾਰਟੀ ਪੱਖੋਂ ਛੋਟਾ ਸੀ। ਜਿਤਨਾ ਵਡਾ ਗਰੁਪ ਬਣਿਆ ਉਤਨਾ ਹੀ ਘਟ ਕੰਮ ਹੋਇਆ। ਇਸਦਾ ਮਤਲਬ ਇਹ ਨਹੀ ਕਿ ਇਸ ਅੰਦੋਲਨ ਦੀ ਘਾਲਣਾ ਘਟ ਸੀ ਜਾਂ ਨਤੀਜੇ ਘਟ ਨਿਕਲੇ। ਇਸਨੇ ਲੋਕ ਮੰਨਾ ਤੇ, ਕਾਂਗਰਸ ਤੇ ਸਰਕਾਰ ਤੇ ਬਹੁਤ ਪ੍ਰਭਾਵਸ਼ਾਲੀ ਪ੍ਰਭਾਵ ਪਾਇਆ।

ਜੇ ਭਗਤ ਸਿੰਘ ਦਾ ਅੰਦੋਲਨ ਵਿਚ ਪਾਏ ਹਿੱਸੇ ਦਾ ਮੁਲਅੰਕਣ ਕਰਨਾ ਹੋਵੇ, ਤਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਭਗਤ ਸਿੰਘ ਇੱਕ ਨੌਜਵਾਨ ਸੀ ਜਿਸਨੇ ਆਪਣੀ ਪੜ੍ਹੰਨ ਤੇ ਘੋਖਣ ਦੀ ਤਰਜੀਹੀ ਦਿਲਚਸਪੀ ਨਾਲ, ਇਤਿਹਾਸ ਦੇ ਡੂੰਘੇ ਅਧਿਅਨ ਨਾਲ ਕਰਾਂਤੀਕਾਰੀਆਂ ਨੂੰ ਲਗਨ ਤੇ ਰਵਾਇਤ ਦਿੱਤੀ। ਜਿਸਦਾ ਸੰਦੇਸ਼ ਬ੍ਰਿਟਿਸ਼ ਦੇ ਰਾਜ ਖਾਤਮੇ ਤੋਂ ਬਾਦ ਵੀ ਬਰਕਰਾਰ ਹੈ। ਦ੍ਰਿਸ਼ਟੀ ਵਿਚ ਸਪਸ਼ਟਤਾ ਤੇ ਆਪਣੇ ਉਦੇਸ਼ ਨਾਲ ਲਗਨ ਵਰਗੇ ਬਹੁਪੱਖੀ ਗੁਣ ਭਗਤ ਸਿੰਘ ਦੀ ਸੁਚਾਰੂ ਅਗਵਾਈ ਵਿਚ ਜਾਕੇ ਸ਼ਰਧਾ ਪੈਦਾ ਕਰਦੇ ਹਨ। ਇੱਕ ਸਤਿਕਾਰ ਉਪਜਿਆ ਜਾਂਦਾ ਹੈ। ਇਹ ਸਤਿਕਾਰ ਉਸਨੂੰ ਰਾਸ਼ਟਰੀ ਅੰਦੋਲਨ ਦੇ ਉਨ੍ਹਾਂ ਲੀਡਰਾਂ ਨਾਲੋਂ ਨਿਖੇੜਦਾ ਹੈ ਜੋ ਉਸਦੀ ਹਿੰਸਾ ਦੀ ਉਦਾਰਨੀਤੀ ਦੇ ਵਿਰੋਧੀ ਸਨ। ਉਹ ਇਕੋ ਇੱਕ ਨੇਤਾ ਸੀ ਜੋ ਨੌਜਵਾਨ ਪੀੜ੍ਹੀ ਨੂੰ ਗਾਂਧੀ ਦਾ ਵਿਕਲਪ ਨਜ਼ਰ ਆਉਂਦਾ ਸੀ।

ਅਪ੍ਰੈਲ 11, 1929 ਨੂੰ ਭਗਤ ਸਿੰਘ ਨੇ ਸੁਖਦੇਵ ਨੂੰ ਇੱਕ ਚਿੱਠੀ ਲਿਖੀ, 'ਮੈਂ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਇੱਕਠਾ ਕਰਕੇ ਆਸ ਤੇ ਸ਼ਕ ਵਿਚ ਡੋਬ ਦਿੱਤਾ ਹੈ, ਜਿਸਨੇ ਜ਼ਿੰਦਗੀ ਨੂੰ ਕੁਝ ਅਰਥਪੂਰਨ ਬਣਾ ਦਿੱਤਾ ਹੈ। ਪਰ ਜਦੋਂ ਸਮਾਂ ਆਇਆ, ਮੈ ਸਭ ਕੁਝ ਕੁਰਬਾਨ ਕਰ ਦੇਵਾਂਗਾ। ਸਹੀ ਅਰਥਾਂ ਵਿਚ ਇਹੋ ਹੀ ਕੁਰਬਾਨੀ ਹੈ। ਤੂੰ ਬਹੁਤ ਜਲਦੀ ਇਸਨੂੰ ਸਮਝ ਜਾਵੇਂਗਾ'।

**References**

Bhagat Singh 'Emergence of the Punjab in the Freedom Movement', written in Urdu. Published in the 1931 weekly Bandematram. Reprinted in Jagmohan Singh and Chaman Lal eds. 'Bhagat Singh Aur Unke Sathion Ke Dastavez', Ludhiana, 1987.

N. Gerald Barrier; 'The Punjab Disturbances of 1907: The Response of the British Government in India to Agrarian Unrest', in David Hardiman ed, 'Peasant Resistance and the Raj', New Delhi, 1992.

Ibid.

Ibid. Approximately 30, 000 Sikhs (23% of the Army) and 18, 000 Punjab Muslims (13% of the Army) were in the Army, p. 245.

Bhagat Singh, op. cit.

N. Gerald Barrier, op. cit.

Bhagat Singh, 'Why I Am an Atheist', 5th-6th October, 1930.

Lala Lajpat Rai, 'The Problem of the Education in India', New York, 1920.

S. R. Bakshi, 'Bhagat Singh and His Ideology', New Delhi, 1981.

Ibid.

Ibid.

Ajoy Ghosh, 'Bhagat Singh and His Comrades', Bombay, 1945.

Jagmohan Singh and Chaman Lal eds. , op. cit.

Kamlesh Mohan, 'Militant Nationalism in the Punjab

1919-35', New Delhi, 1985.

'Holi ke Din Rakt Ke Chinte: Babbar Akali Phansi Par', Ek Punjabi Yuvak in Jagmohan Singh and Chaman Lal eds. , op. cit.

'Kakori Ke Viron Se Parichay', Vidrohi, Ibid.

Ibid.

Suneet Chopra, 'Bhagat Singh's Prison Notebook', Student Struggle, Vol. V, No. 7, March, 1985.

Published in Young India, Ahmedabad, 1925.

Jagmohan Singh and Chaman Lal eds. , op. cit.

S. K. Mittal and Irfan Habib, 'The Congress and the Revolutionaries in the 1920s', Social Scientist, Vol. 10, No. 6, June, 1982.

Ajoy Ghosh, op. cit.

Kamlesh Mohan, op. cit. Kamlesh Mohan seems to believe that the Naujawan Bharat Sabha was organised by the collective efforts of Bhagat Singh, Sukhdev, Bhagwati Charan and Comrade Ramkishen, p. 80.

G. Adhikari ed. , 'Documents of the History of the Communist Party of India', Vol. IIIC, 1928, New Delhi, 1982.

Ibid.

Ajoy Ghosh, op. cit.

Jagmohan Singh and Chaman Lal eds. , op. cit.

The text of Statement of Bhagat Singh and B. K. Dutt in the Assembly Bomb Case appeared in G. S. Deol, 'Shaheed-e-Azam, Bhagat Singh'. Patiala,

# ਸ਼ਹੀਦ ਰਾਜਗੁਰੂ

ਸ਼ਿਵ ਰਾਮ ਹਰੀ ਰਾਜਗੁਰੂ ਦਾ ਜਨਮ ਇੱਕ ਮਿਡਲ-ਕਲਾਸ ਹਿੰਦੂ ਬਰਾਹਮਣ ਪਰਿਵਾਰ ਵਿਚ ਸੰਨ 1906 ਨੂੰ ਹੋਇਆ। ਜਨਮ ਸਥਾਨ ਖੇਦ ਜਿਲ੍ਹਾ ਪੂਨਾ ਵਿਖੇ ਹੈ। ਬਹੁਤ ਛੋਟੀ ਉਮਰ ਵਿਚ ਹੀ ਉਹ ਵਾਰਾਨਸੀ ਆ ਗਏ, ਜਿੱਥੇ ਉਨ੍ਹਾ ਨੇ ਸੰਸਕ੍ਰਿਤ ਸਿੱਖੀ ਤੇ ਬਹੁਤ ਸਾਰੇ ਹਿੰਦੂ ਧਾਰਮਿਕ ਗਰੰਥਾਂ ਦਾ ਅਧਿਅਨ ਕੀਤਾ। ਉਨ੍ਹਾਂ ਦੀ ਯਾਦਦਾਸ਼ਤ

ਬਹੁਤ ਹੀ ਕਮਾਲ ਦੀ ਸੀ। ਲਘੂ ਸਿਧਾਂਤ ਤੇ ਹੋਰ ਧਾਰਮਿਕ ਉਚਾਰਣ ਉਨ੍ਹਾਂ ਨੂੰ ਮੂੰਹ ਜ਼ਬਾਨੀ ਯਾਦ ਸਨ। ਕਸਰਤ ਕਰਨ ਦੇ ਸ਼ੌਕੀਨ ਸਨ ਤੇ ਬਹੁਤ ਸਾਰੇ ਸਥਾਨਿਕ ਖਾੜਿਆਂ ਦੇ ਮੈਂਬਰ ਸਨ। ਉਹ ਸ਼ਿਵਾ ਜੀ ਦੇ ਬਹੁਤ ਪਰਸੰਸਕ ਸਨ ਤੇ ਉਨ੍ਹਾਂ ਦੀ ਯੁੱਧ ਨੀਤੀ ਦੇ ਧਾਰਨੀ ਸਨ।

ਵਾਰਨਸੀ ਰਹਿੰਦਿਆਂ ਹੀ ਉਨ੍ਹਾਂ ਦਾ ਮੇਲ ਕਰਾਂਤੀਕਾਰੀਆਂ ਨਾਲ ਹੋਇਆ। ਰਾਜਗੁਰੂ ਉਨਾਂ ਦੇ ਅੰਦੋਲਨ ਵਿਚ ਸ਼ਾਮਲ ਹੋ ਗਏ ਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਐਸੋਸੀਏਸ਼ਨ ਦੀ ਮੈਂਬਰੀ ਹਾਸਲ ਕਰਕੇ, ਸੰਸਥਾ ਦੇ ਸਰਗਰਮ ਮੈਬਰ ਬਣ ਗਏ। ਪਾਰਟੀ ਦੇ ਅੰਦਰ ਓਨ੍ਹਾਂ ਨੂੰ 'ਰਘੂਨਾਥ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਰਾਜਗੁਰੂ ਨਿਡਰ ਤੇ ਬਹੁਤ ਹੀ ਹੌਂਸਲੇ ਵਾਲਾ ਸੀ। ਉਸਦੀ ਸ਼ਰਧਾ ਤੇ ਪੂਜਾ ਦਾ ਇਕੋ ਇੱਕ ਉਦੇਸ਼ ਆਪਣੀ ਮਾਤ-ਭੂਮੀ ਦੀ ਅਜ਼ਾਦੀ ਸੀ। ਭਾਰਤ-ਮਾਤਾ ਦੀ ਅਜ਼ਾਦੀ ਲਈ ਕੋਈ ਵੀ ਕੁਰਬਾਨੀ ਵਡੀ ਨਹੀ, ਇਹੋ ਹੀ ਉਸਦਾ ਮੰਨਣਾ ਸੀ। ਉਸਦਾ ਕਾਰਜ ਖੇਤਰ ਉਤਰ ਪ੍ਰਦੇਸ਼ ਤੇ ਪੰਜਾਬ ਸੀ ਤੇ ਉਹ ਚੰਦਰ ਸ਼ੇਖਰ ਅਜ਼ਾਦ, ਸਰਦਾਰ ਭਗਤ ਸਿੰਘ ਤੇ ਜਤਿਨ ਦਾਸ ਦੇ ਬਹੁਤ ਨੇੜੇ ਦਾ ਸਾਥੀ ਸੀ। ਕਾਨਪੁਰ, ਆਗਰਾ ਤੇ ਲਾਹੌਰ ਦੇ ਹੈੱਡ ਕੁਆਟਰਜ਼ ਨਾਲ ਜੁੜਿਆ ਹੋਇਆ ਸੀ। ਰਾਜਗੁਰੂ ਪੱਕਾ ਨਿਸ਼ਾਨਚੀ ਵੀ ਸੀ ਤੇ ਉਸਨੂੰ ਪਾਰਟੀ ਦਾ ਗੰਨਮੈਂਨ ਕਿਹਾ ਜਾਂਦਾ ਸੀ। ਬਹੁਤ ਸਾਰੀਆਂ ਕਰਾਂਤੀਕਾਰੀ ਗਤੀਵਿਧੀਆਂ ਵਿਚ ਹਿੱਸਾ ਲਿਆ, ਜਿਨ੍ਹਾਂ ਵਿਚ ਸਾਂਡਰਸ ਦੇ ਕਤਲ ਵਾਲੀ ਜ਼ਿਆਦਾ ਮਹਤਵ ਵਾਲੀ ਹੈ। ਅਕਤੂਬਰ 28, 1928 ਨੂੰ ਹੋਏ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਗੰਭੀਰ ਜਖਮੀ ਹੋ ਗਏ, ਜਦੋਂ ਉਹ ਸਾਈਮਨ ਕਮਿਸ਼ਨ ਦਾ ਵਿਰੋਧ ਕਰ ਰਹੀ ਰੈਲੀ ਦੀ ਅਗਵਾਈ ਕਰ ਰਹੇ ਸਨ। ਬਾਦ ਵਿਚ ਗੰਭੀਰ ਜਖਮਾਂ ਕਾਰਣ ਨਵੰਬਰ 17, 1928 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ।

ਕਰਾਂਤੀਕਾਰੀਆਂ ਨੇ ਇਸ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਪਲੈਨ ਮੁਤਾਬਕ ਪੁਲੀਸ ਸੁਪਰਡੈਂਟ ਸਕੌਟ ਤੇ ਡਿਪਟੀ ਸੁਪਰਡੈਂਟ ਔਫ ਪੁਲੀਸ ਸਾਂਡਰਸ ਨੂੰ ਕਤਲ ਕਰਨਾ ਸੀ ਜੋ ਇਸ ਲਾਠੀਚਾਰਜ ਲਈ ਜ਼ਿੰਮੇਵਾਰ ਸਨ। ਚੰਦਰ ਸ਼ੇਖਰ ਅਜ਼ਾਦ, ਸ਼ਿਵ ਰਾਮ ਰਾਜਗੁਰੂ, ਭਗਤ ਸਿੰਘ ਤੇ ਜੈ ਗੋਪਾਲ ਦੀ ਟੀਮ ਨੇ ਇਹ ਜ਼ਿੰਮੇਵਾਰੀ ਲੈ ਲਈ। ਦਸੰਬਰ 17, 1928 ਨੂੰ ਜਦੋਂ ਸਾਂਡਰਸ ਆਪਣੇ ਦਫਤਰ ਤੋਂ ਬਾਹਰ ਆਇਆ ਤੇ ਆਪਣਾ ਮੋਟਰ-ਸਾਇਕਲ ਸਟਾਰਟ ਕੀਤਾ ਤਾਂ ਉਸਨੂੰ ਪੁਲੀਸ ਹੈੱਡ-ਕੁਆਟਰ ਲਾਹੌਰ ਦੇ ਸਾਹਮਣੇ ਰਾਜਗੁਰੂ ਨੇ ਗੋਲੀ ਦਾ ਨਿਸ਼ਾਨਾ ਬਣਾ ਕੇ ਢੇਰ ਕਰ ਦਿੱਤਾ। ਚੰਦਰ ਸ਼ੇਖਰ ਅਜ਼ਾਦ ਨੇ ਹੈੱਡ ਕਾਨਸਟੇਬਲ ਚੰਨਣ ਸਿੰਘ ਜੋ ਉਥੇ ਮੌਜੂਦ ਸੀ ਨਾ ਚਾਹੁੰਦਿਆਂ ਹੋਇਆ ਵੀ ਗੋਲੀ ਮਾਰ ਦਿੱਤੀ। ਅਸਲ ਵਿਚ ਚੰਨਣ ਸਿੰਘ ਨੇ ਆਪਣੀ ਡਿਊਟੀ ਤਹਿਤ ਉਨ੍ਹਾਂ ਦਾ ਪਿੱਛਾ ਕਰਨਾ ਚਾਹਿਆ। ਬਾਰ ਬਾਰ ਮਨ੍ਹਾਂ ਕਰਨ ਤੇ ਵੀ ਜਦ ਉਹ ਨਾ ਹਟਿਆ ਤੇ ਮਜ਼ਬੂਰਨ ਗੋਲੀ ਮਾਰਨੀ ਪਈ। ਸਾਰੇ ਸਾਥੀ ਡ਼ੀ ਏ਼ ਵ਼ੀ ਕਾਲਜ਼ ਦੇ ਕੰਮਪਾਉਂਡ ਵਿਚੋਂ ਹੁੰਦੇ ਹੋਏ ਬਚਕੇ ਨਿਕਲ ਗਏ। ਉਸੇ ਰਾਤ ਲਾਹੌਰ ਦੀਆਂ ਕੰਧਾਂ ਤੇ ਪੋਸਟਰ ਚਿਪਕਾ ਦਿੱਤੇ ਗਏ। ਸਾਂਡਰਸ ਨੂੰ ਮਾਰ ਦਿੱਤਾ ਹੈ, ਲਾਲਾ ਜੀ ਦਾ ਬਦਲਾ ਲੈ ਲਿਆ ਹੈ।

ਦਸੰਬਰ 20, ਨੂੰ ਭੇਸ ਬਦਲਕੇ ਲਖਨਊ ਚਲੇ ਗਏ। ਭਗਤ ਸਿੰਘ ਸਾਹਬ ਬਣ ਗਿਆ ਤੇ ਕਰਾਂਤੀਕਾਰੀ ਭਗਵਤੀ ਚਰਣ ਦੀ ਪਤਨੀ ਤੇ ਉਸਦੇ ਬੇਟੇ ਨੂੰ ਨਾਲ ਲਿਆ ਤੇ ਰਾਜਗੁਰੂ ਨੇ ਭਗਤ ਸਿੰਘ ਦੇ ਨੌਕਰ ਦਾ ਭੇਸ ਧਾਰ ਲਿਆ। ਲਖਨਊ ਪਹੁੰਚਕੇ ਰਾਜਗੁਰੂ ਨੇ ਭਗਤ ਸਿੰਘ ਨੂੰ ਛਡ ਦਿੱਤਾ ਤੇ ਰੂਪੋਸ਼ ਹੋ ਗਿਆ। ਬਾਦ ਵਿਚ ਭਗਤ ਸਿੰਘ ਐਸੰਬਲੀ ਬੰਬ-ਕੇਸ ਵਿਚ ਗਰਿਫਤਾਰ ਹੋ ਗਿਆ ਤੇ ਹੋਰ ਬਹੁਤ ਸਾਰੇ ਕਰਾਂਤੀਕਾਰੀ ਵੀ, ਕੁਝ ਮੁਖਬਰਾਂ ਦੀ ਗਦਾਰੀ ਕਰਕੇ ਗਰਿਫਤਾਰ ਹੋ ਗਏ। ਕੁਝ ਮੈਬਰ ਮੁਖਬਰ ਬਣ ਗਏ ਸਨ ਜਿਨ੍ਹਾਂ ਵਿਚ ਜੈ ਗੁਪਾਲ, ਫਨਿੰਦਰ ਨਾਥ ਤੇ ਹੰਸਰਾਜ ਵੋਹਰਾ ਸਨ। ਰਾਜਗੁਰੂ ਨੂੰ ਸਤੰਬਰ 30, 1929 ਨੂੰ ਪੂਨਾ ਤੋਂ ਗਰਿਫਤਾਰ ਕਰ ਲਿਆ ਗਿਆ। ਸੁੱਤੇ ਪਏ ਰਾਜਗੁਰੂ ਕੋਲੋਂ ਪੁਲੀਸ ਨੂੰ ਰਿਵਾਲਵਰ ਤੇ ਚੌਦਾਂ ਰੌਂਦ, ਮਿਲੇ।

ਸਰਕਾਰ ਨੇ ਸੋਲਾਂ ਦੋਸ਼ੀਆਂ ਖਿਲਾਫ ਮੁੱਕਦਮਾ ਸ਼ੁਰੂ ਕੀਤਾ। ਰਾਜਗੁਰੂ ਉਨ੍ਹਾਂ ਵਿਚੋਂ ਇੱਕ ਸੀ। ਇਸਨੂੰ ਲਾਹੌਰ ਕਾਨਸਪੀਰੇਸੀ ਕੇਸ ਕਰਕੇ ਜਾਣਿਆਂ ਜਾਂਦਾ ਹੈ। ਇਸ ਮੁੱਕਦਮੇ ਦਾ ਫੈਸਲਾ ਅਕਤੂਬਰ 7, 1930 ਨੂੰ ਦਿੱਤਾ ਗਿਆ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਬਾਕੀ ਦੇ ਦੋਸ਼ੀਆਂ ਨੂੰ ਵਖੋ ਵਖ ਸਜ਼ਾਵਾਂ ਦਿੱਤੀਆਂ ਗਈਆਂ। ਸਾਰੇ ਦੇਸ਼ ਵਿਚ ਹਲਚਲ ਮੱਚ ਗਈ। ਸਾਰੇ ਅਖਬਾਰ ਹੀ ਇਸ ਖਬਰ ਨਾਲ ਭਰੇ ਗਏ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਭਾਰਤੀ ਲੋਕਾਂ ਵਿਚ ਅਜ਼ਾਦੀ ਦੇ ਪ੍ਰਵਾਨੇ ਬਣ ਗਏ। ਮੀਟਿੰਗਾਂ, ਰੈਲੀਆਂ, ਇੱਕਤਰਤਾਵਾਂ ਹੋਈਆਂ। ਮਹਾਤਮਾ ਗਾਂਧੀ ਤੇ ਹੋਰ ਵਡੇ ਨੇਤਾਵਾਂ ਨੂੰ ਪਹੁੰਚ ਕੀਤੀ ਗਈ। ਸਾਰੇ ਰਾਹ ਬੰਦ ਸਨ। ਅੰਗਰੇਜ਼ ਸਰਕਾਰ ਕਰਾਂਤੀਕਾਰੀਆਂ ਦੀ ਅਵਾਜ਼ ਨੂੰ ਦਬਾਉਣਾ ਚਾਹੁੰਦੀ ਸੀ। ਫਾਂਸੀ ਦੇਣ ਦੇ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਧਾਰੀ ਹੋਈ ਸੀ। ਇਸਤਰ੍ਹਾਂ ਮਾਰਚ 23, 1931 ਨੂੰ ਫਾਂਸੀ ਦੇ ਦਿੱਤੀ ਗਈ। ਰਾਜਗੁਰੂ ਦੀ ਉਮਰ ਉਦੋਂ ਤੇਈ ਸਾਲ ਦੀ ਸੀ।

ਤਿੰਨ ਨੌਜਵਾਨ ਕਰਾਂਤੀਕਾਰੀਆ ਦੀ ਸ਼ਹਾਦਤ, ਇੱਕ ਵਡੀ ਰਾਸ਼ਟਰੀ ਘਟਨਾ ਸੀ। ਸਾਰੇ ਦੇਸ਼ ਵਿਚ ਰੋਸ ਦੀ ਲਹਿਰ ਦੌੜ ਗਈ। 1931 ਨੂੰ ਕਰਾਚੀ ਵਿਚ ਹੋਇਆ ਆਲ ਇੰਡੀਆ ਕਾਂਗਰਸ ਕਮੇਟੀ ਦਾ ਸੈਸ਼ਨ ਨੇ ਮੌਨ ਰਖਕੇ ਸੋਗ ਮਨਾਇਆ ਤੇ ਇੱਕ ਮੱਤਾ ਪਾਸ ਕੀਤਾ, ਜੋ ਇਸ ਪ੍ਰਕਾਰ ਸੀ-

'ਅਸੀਂ ਰਿਕਾਰਡ ਤੇ ਲਿਆ ਕੇ ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀ ਰਾਜਗੁਰੂ ਤੇ ਸੁਖਦੇਵ ਦੀ ਬਹਾਦਰੀ ਤੇ ਕੁਰਬਾਨੀ ਦੀ ਪ੍ਰਸੰਸਾ ਕਰਦੇ ਹਾਂ ਤੇ ਉਨ੍ਹਾਂ ਦੀ ਜੀਵਨ ਅਹੂਤੀ ਲਈ ਉਨ੍ਹਾਂ ਦੇ ਦੁਖੀ ਪਰਿਵਾਰਾਂ ਨਾਲ ਅਫਸੋਸ ਵਿਅਕਤ ਕਰਦੇ ਹਾਂ। ਕਾਂਗਰਸ ਦਾ ਇਹ ਮੱਤ ਹੈ ਕਿ ਤਿੰਨ ਸ਼ਹੀਦਾਂ ਨੇ ਆਪ ਮੁਹਾਰਾ ਫੈਸਲਾ ਲਿਆ ਹੈ ਜੋ ਦੇਸ਼ ਦੀ ਬਦਲ ਰਹੀ ਮਾਨਿਸਕਤਾ ਦੀ ਸਾਂਝੀ ਮੰਗ ਸੀ।'

## ਸ਼ਹੀਦ ਸੁਖਦੇਵ ਥਾਪਰ

ਲਿਖਤ ਪਰਦੀਪ ਸ਼ਰਮਾ (ਪ੍ਰਿੰਸੀਪਲ)

ਗੌਰਮਿੰਟ ਹਾਈ ਸਕੂਲ ਜਵਦੀ

ਅਨੁਵਾਦ ਤੇ ਪੇਸ਼ਕਸ਼-ਕੁਲਜੀਤ ਮਾਨ

ਭਾਰਤੀ ਰਾਜਨੀਤੀ ਵਿਚ ਇਨਕਲਾਬੀ ਅੰਦੋਲਨ ਤੀਹ ਕੁ ਸਾਲ ਪੂਰਾ ਸਰਗਰਮ ਰਿਹਾ, ਇਹ ਸਮਾਂ ਸੀ 1905-1935 ਤਕ। ਇਨ੍ਹਾਂ ਤਿੰਨ ਦਹਾਕਿਆਂ ਦੌਰਾਨ ਬਹੁਤ ਸਾਰੇ ਇਨਕਲਾਬੀਆਂ ਨੇ ਫਾਂਸੀ ਦੇ ਰੱਸੇ ਚੁੰਮੇ ਤੇ ਅਨੇਕਾਂ ਸਰੀਰਕ ਤਸੀਹੇ ਝੱਲੇ। ਸ਼ਹੀਦੇ-ਆਜ਼ਮ ਸੁਖਦੇਵ ਥਾਪਰ ਵੀ ਉਨ੍ਹਾ ਵਿਚੋਂ ਇੱਕ ਸੀ। ਮਾਤਾ ਰਲੀ ਦੇਵੀ ਦੀ ਕੁਖੋਂ ਮਈ 15, 1907 ਨੂੰ ਨੌਘੇਰਾ ਜਿਲ੍ਹਾਂ ਲੁਧਿਆਣਾ ਵਿਖੇ ਸੁਖਦੇਵ ਦਾ ਜਨਮ ਹੋਇਆ ਤੇ ਉਸਦੇ ਪਿਤਾ ਰਾਮ ਲਾਲ ਥਾਪਰ, ਬਚਪਨ  ਵਿਚ ਸੁਖਦੇਵ ਦਾ ਪੰਘੂੜਾ ਝੁਲਾਉਂਦੇ ਰਹੇ। ਪਿਤਾ ਜੀ ਰਾਮ ਲਾਲ ਥਾਪਰ ਦਾ ਦਿਹਾਂਤ ਹੋ ਗਿਆ ਜਦੋਂ ਸੁਖਦੇਵ ਅਜੇ ਬਚਪਨ ਦੀਆਂ ਬਰੂਹਾਂ ਤੇ ਹੀ ਸੀ। ਇਸਤੋਂ ਬਾਦ ਬਚਪਨ ਤੋਂ ਲੈਕੇ ਜੁਆਨੀ ਤਕ ਸੁਖਦੇਵ ਨੂੰ ਬਹੁਤ ਸਾਰੀਆਂ ਤਕਲੀਫਾਂ ਤੇ ਸਖਤ ਜ਼ਿੰਦਗੀ ਦਾ ਸਾਹਮਣਾ ਕਰਨ ਤੇ ਮਜ਼ਬੂਰ ਹੋਣਾ ਪਿਆ। ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਅੰਕਲ ਅਚੇਤ ਰਾਮ ਥਾਪਰ ਨੇ ਕੀਤਾ। ਬਾਦ ਵਿਚ ਬ੍ਰਿਟਿਸ਼ ਸਰਕਾਰ ਨੇ ਅੰਕਲ ਅਚੇਤ ਰਾਮ ਥਾਪਰ ਨੂੰ ਮਾਰਸ਼ਲ ਲਾਅ  ਥੱਲੇ ਗਰਿਫਤਾਰ ਕਰ ਲਿਆ। ਇਸ ਗਰਿਫਤਾਰੀ ਦਾ ਸੁਖਦੇਵ ਥਾਪਰ ਦੀ ਮਾਨਸਿਕਤਾ ਤੇ ਗਹਿਰਾ ਅਸਰ ਹੋਇਆ। ਇਸੇ ਸਮੇਂ ਦੌਰਾਨ ਸੁਖਦੇਵ ਥਾਪਰ ਨੇ ਫੈਸਲਾ ਕੀਤਾ ਕਿ ਉਹ ਪੰਜਾਬ ਦੇ ਇਨਕਲਾਬੀ ਅੰਦੋਲਨ ਵਿਚ ਸ਼ਾਮਲ ਹੋਵੇਗਾ। ਇਸਤਰ੍ਹਾਂ ਸੁਖਦੇਵ ਥਾਪਰ ਦਾ ਸਬੰਧ ਭਗਤ ਸਿੰਘ ਨਾਲ ਹੋਇਆ।

ਭਗਤ ਸਿੰਘ ਨੇ ਨੈਸ਼ਨਲ ਕਾਲਜ਼ ਲਾਹੌਰ ਦੇ ਸਮੇਂ ਤੋਂ 'ਹੀ ਨੌਜਵਾਨ ਭਾਰਤ ਸਭਾ' ਦਾ ਨਿਰਮਾਣ ਕਰ ਲਿਆ ਸੀ। ਸੁਖਦੇਵ ਥਾਪਰ ਇਸਦਾ ਸਰਗਰਮ ਮੈਂਬਰ ਬਣ ਗਿਆ। ਸੁਖਦੇਵ ਨੇ ਆਪਣੇ ਸਾਥੀਆਂ ਨਾਲ ਰਲਕੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਕਿਨ ਆਰਮੀ ਵਿਚ ਸ਼ਮੂਲੀਅਤ ਕਰ ਲਈ ਜਿਸਦਾ ਸੰਸਥਾਪਕ ਸੁਚਿੰਦਰ ਨਾਥ ਸਨਿਆਲ ਸੀ। ਸੁਖਦੇਵ ਥਾਪਰ ਨੂੰ, ਭਾਰਤੀ ਨੌਜਵਾਨ ਪੀੜ੍ਹੀ ਅੰਦਰ ਚੇਤਨਾ ਜਗਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਉਸਨੇ ਨਾ ਕੇਵਲ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ ਸਗੋਂ ਉਸਦੀ ਸੁਹਿਰਦਤਾ ਤੇ ਕਰੜੀ ਮੇਹਨਤ ਦਾ ਵੀ ਮਾਣਯੋਗ ਜ਼ਿਕਰ ਹੋਣ ਲੱਗਾ।

ਸਾਈਮਨ ਕਮਿਸ਼ਨ ਇੰਡੀਆ ਆਇਆ। ਕਮਿਸ਼ਨ ਨੇ ਇਹ ਦੇਖਣਾ ਸੀ ਕਿ ਭਾਰਤ  ਨੂੰ  ਕਿਸ ਹੱਦ ਤੱਕ ਅਜ਼ਾਦੀ ਦਿੱਤੀ ਜਾਵੇ। ਕਮਿਸ਼ਨ ਵਿਚ ਕੋਈ ਵੀ ਭਾਰਤੀ ਮੂਲ ਦਾ ਪ੍ਰਤੀਨਿਧੀ ਨਹੀ ਸੀ। ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਕਮਿਸ਼ਨ ਦੇ ਵਿਰੋਧ ਵਿਚ ਰੈਲੀ ਦਾ ਆਯੋਜਨ ਕੀਤਾ ਗਿਆ। ਲੋਕਾਂ ਵਿਚ ਭਾਰੀ ਰੋਸ ਸੀ। ਰੈਲੀ ਦੇ ਵਿਰੋਧ ਨੂੰ ਰੋਕਣ ਲਈ ਪੁਲੀਸ ਵਲੋਂ ਲਾਠੀਚਾਰਜ ਕੀਤਾ ਗਿਆ। ਲਾਲਾ ਜੀ ਪੁਲੀਸ ਦੀਆਂ ਲਾਠੀਆਂ ਨਾਲ ਘਾਇਲ ਹੋ ਗਏ। ਬਾਦ ਵਿਚ ਜਖਮਾਂ ਦੀ ਤਾਬ ਨਾ ਝਲਦੇ ਹੋਏ ਲਾਲਾ ਜੀ ਦਾ ਦਿਹਾਂਤ ਹੋ ਗਿਆ। ਸੁਖਦੇਵ ਥਾਪਰ ਤੇ ਸਾਥੀਆ ਨੇ ਪ੍ਰਤਿਗਿਆ ਕੀਤੀ ਕਿ ਲਾਲਾ ਜੀ  ਦੀ ਮੌਤ ਦਾ ਬਦਲਾ ਲਿਆ ਜਾਵੇਗਾ। ਭਾਰਤ ਮਾਤਾ ਦੇ ਤਿੰਨ ਮਹਾਨ ਸਪੂਤਾਂ ਨੇ ਆਪਣੇ ਬੋਲ ਭੁਗਾਏ ਤੇ ਸਾਂਡਰਸ ਦਾ ਕਤਲ ਕਰ ਦਿੱਤਾ। ਦਿਨ ਦਿਹਾੜੇ ਇਸ ਕਤਲ ਨਾਲ ਸਰਕਾਰ ਦੀਆਂ ਝੂਲਾਂ ਹਿੱਲ ਗਈਆਂ। ਸਰਕਾਰ ਨੇ ਲਾਹੌਰ ਨੂੰ ਗੜਬੜ ਵਾਲਾ ਇਲਾਕਾ ਘੋਸ਼ਿਤ

ਕਰ ਦਿੱਤਾ। ਸੁਖਦੇਵ, ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਤੇ ਰਾਜ ਗੁਰੂ ਰੂਪੋਸ਼ ਹੋ ਗਏ। ਉਨ੍ਹਾਂ ਨੂੰ ਕੋਈ ਚਿੰਤਾ ਨਹੀ ਸੀ। ਸੁਖਦੇਵ ਥਾਪਰ ਉਸੇ ਤਰ੍ਹਾਂ ਭਾਰਤ ਮਾਤਾ ਸੁਸਾਇਟੀ ਵਲੋਂ ਛਾਪਿਆ, ਇਨਕਲਾਬੀ ਸਾਹਿਤ ਵੰਡਦਾ ਰਿਹਾ।

ਦਸੰਬਰ 10, 1928 ਲਾਹੌਰ ਦੇ ਮੋਜ਼ਾਨਾ ਹਾਉਸ ਵਿਚ ਮੀਟਿੰਗ ਰੱਖੀ ਗਈ। ਮੀਟਿੰਗ ਵਿਚ ਸੁਖਦੇਵ ਦੀ ਡਿਉਟੀ ਲੱਗੀ ਕਿ ਉਹ ਪੁਲੀਸ ਸੁਪਰਡੈਂਟ ਸਕਾਟ ਤੇ ਨਜ਼ਰ ਰੱਖੇ। ਇਸਦੇ ਇਲਾਵਾ ਹੋਰ ਅਹਿਮ ਮੁੱਦਾ ਬੰਬ ਤਕਨੀਕ ਦਾ ਸੀ। ਜਤਿੰਦਰ ਨਾਥ ਦਾਸ ਜੋ ਇੱਕ ਸਾਂਇਸ ਦਾ ਵਿਦਿਆਰਥੀ ਸੀ ਨੇ ਬੰਬ ਬਨਾਉਣ ਦੀ ਤਕਨੀਕ ਹਾਸਲ ਕਰ ਲਈ ਸੀ। ਹੁਣ ਤੱਕ ਭਗਤ ਸਿੰਘ ਦੀ ਸੁਪਰੀਮ ਕਮਾਂਡ ਥੱਲੇ ਬੰਬ 'ਹਿੰਗ ਕੀ ਮੰਡੀ ਆਗਰਾ' ਵਿਖੇ ਤਿਆਰ ਕੀਤੇ ਜਾਂਦੇ ਸਨ ਤੇ ਫਿਰ ਉਨ੍ਹਾਂ ਦਾ ਨਿਰੀਖਣ ਝਾਂਸੀ ਦੇ ਜੰਗਲਾਂ ਵਿਚ ਕੀਤਾ ਜਾਂਦਾ ਸੀ। ਕਸ਼ਮੀਰ ਬਿਲਡਿੰਗ ਜੋ ਲਾਹੌਰ ਦੀ ਮੈਕਲੋਡ ਰੋਡ ਤੇ ਸਥਿਤ ਸੀ, ਜਿਸਨੂੰ ਭਗਵਤੀ ਚਰਨ ਨੇ ਮਾਰਚ, 1929 ਨੂੰ ਕਿਰਾਏ ਤੇ ਲਿਆ ਸੀ, ਉਥੇ ਕੁਝ ਕਮਰੇ ਖਾਲੀ ਸਨ। ਉਥੇ ਵੀ ਸੁਖਦੇਵ ਥਾਪਰ ਦੀ ਨਿਗਰਾਨੀ ਹੇਠ ਬੰਬ ਬਣਾਏ ਜਾਂਦੇ ਸਨ। ਅਚਾਨਕ ਉਥੇ ਪੁਲੀਸ ਦਾ ਛਾਪਾ ਪੈ ਗਿਆ ਅਤੇ ਸੁਖਦੇਵ ਥਾਪਰ ਨੂੰ ਗਰਿਫਤਾਰ ਕਰ ਲਿਆ ਗਿਆ। ਸੁਖਦੇਵ ਕੋਲ ਉਸ ਵਕਤ ਲੋਡਡ ਰਿਵਾਲਵਰ ਵੀ ਸੀ। ਕਿਸ਼ੋਰੀ ਲਾਲ ਤੇ ਜੈ ਗੋਪਾਲ ਵੀ ਉਥੇ ਹੀ ਸਨ। ਜੇਲ੍ਹ ਵਿਚ ਲੰਮਾ ਸਮਾਂ ਰਹਿੰਣ ਪਿੱਛੋਂ ਅਕਤੂਬਰ 7, 1930 ਨੂੰ ਸਪੈਸ਼ਲ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ। ਜਿਸਤਰ੍ਹਾਂ ਕਿ ਪਹਿਲੇ ਹੀ ਪਤਾ ਸੀ, ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਥਾਪਰ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਮਾਰਚ23, 1931 ਨੂੰ ਭਾਰਤ ਦੇ ਤਿੰਨ ਮਹਾਨ ਸਪੂਤਾਂ ਨੂੰ ਫਾਂਸੀ ਦੇ ਦਿੱਤੀ ਗਈ।

ਮਾਰਚ 23, 1931 ਦੀ ਸ਼ਾਮ ਚਾਰ ਕੁ ਵਜੇ ਦਾ ਸਮਾਂ, ਸਾਰੇ ਰਾਜਨੀਤਕ ਕੈਦੀਆ ਨੂੰ ਜੇਲ੍ਹ ਕੋਠੜੀਆਂ ਵਿਚ ਡਕ ਦਿੱਤਾ ਗਿਆ। ਫਾਂਸੀ ਲਗਣ ਤੋਂ ਦੋ ਘੰਟੇ ਪਹਿਲਾਂ ਪਰੇਮ ਨਾਥ ਮਹਿਤਾ ਨੂੰ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨਾਲ ਮਿਲਣ ਦੀ ਆਗਿਆ ਦਿੱਤੀ ਗਈ। ਆਪਣੇ ਫਾਂਸੀ ਦੇ ਤਖਤੇ ਵੱਲ ਤੁਰਦਿਆਂ, ਤਿੰਨਾਂ ਨੇ ਅਕਾਸ਼ ਕੰਬਾਉ ਨਾਹਰੇ ਲਾਏ, 'ਇਨਕਲਾਬ ਜ਼ਿੰਦਾਬਾਦ' 'ਸਾਮਰਾਜ ਮੁਰਦਾਬਾਦ'। ਉਹ ਗਾਂਉਦੇ ਹੋਏ ਜਾ ਰਹੇ ਸਨ। ਰਾਮ ਪ੍ਰਸ਼ਾਦ ਬਿਸਮਿਲ ਦਾ ਮਸ਼ਹੂਰ ਦੇਸ਼ ਭਗਤੀ ਦਾ ਗੀਤ ਉਨ੍ਹਾਂ ਦੇ ਮੁੱਖ ਤੇ ਸੀ, "ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ' ਤੇ 'ਮੇਰਾ ਰੰਗ ਦੇ ਬਸੰਤੀ ਚੋਲਾ ਮਾਏ, ਰੰਗ ਦੇ ਬਸੰਤੀ ਚੋਲਾ'। ਫਾਂਸੀ ਦੇ ਤਖਤੇ ਤੇ ਪਹੁੰਚਕੇ ਉਨ੍ਹਾਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਤੇ ਮਾਰਚ 23, 1931 ਸ਼ਾਮ ਦੇ ਸੱਤ ਵੱਜਕੇ ਪੰਦਰਾਂ ਮਿੰਟ ਤੇ ਤਖਤਾ ਖਿਚ ਦਿੱਤਾ ਗਿਆ। ਡਾਕਟਰ ਨੇ ਮੁਆਇਨਾ ਕਰਕੇ ਮ੍ਰਿਤਕ ਘੋਸ਼ਿਤ ਕਰ ਦਿੱਤਾ। ਫਿਰੋਜ਼ਪੁਰ ਹੁਸੈਨੀਵਾਲਾ ਸਤਲੁਜ ਦੇ ਕੰਢੇ ਸੰਸਕਾਰ ਕਰ ਦਿੱਤਾ ਗਿਆ।

ਅਜ਼ਾਦੀ ਤੋਂ ਬਾਦ, ਸੁਖਦੇਵ ਥਾਪਰ ਮੈਮੋਰੀਅਲ ਟਰਸਟ ਕਾਇਮ ਕੀਤਾ ਗਿਆ। ਇਸ ਟਰਸਟ ਦੀ ਸਥਾਪਨਾ ਅਸ਼ੋਕ ਥਾਪਰ ਵਲੋਂ ਕੀਤੀ ਗਈ। ਸੁਖਦੇਵ ਥਾਪਰ

ਦਾ ਜਨਮ ਸਥਾਨ ਸਾਡੇ ਤਿੰਨ ਲੱਖ ਰੁਪਏ ਖਰਚਕੇ ਖਾਲੀ ਕਰਵਾਇਆ ਗਿਆ। ਪਿਛੋਂ ਟਰਸਟ ਵਲੋਂ ਸੁਖਦੇਵ ਥਾਪਰ ਦੇ ਜਨਮ ਸਥਾਨ ਦੀ ਨਵੇਂ ਸਿਰਿਉਂ ਦਿੱਖ ਸਵਾਰੀ ਗਈ।

ਸੁਖਦੇਵ ਦਾ ਬੁਤ, ਲਗਾਇਆ ਗਿਆ। ਉਸਦੇ ਜਨਮ ਦਿਨ ਨੂੰ ਸ਼ਹੀਦ ਦਾ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ। ਟਰਸਟੀ ਉਸਦੀ ਯਾਦ ਵਿਚ ਮੈਡੀਕਲ ਕੈਂਪ ਲਗਾਉਦੇ ਹਨ। ਲੋੜਵੰਦਾਂ ਨੂੰ ਮੁਫਤ ਰਾਸ਼ਨ ਤੇ ਦਵਾਈਆ ਦਿੱਤੀਆਂ ਜਾਂਦੀਆਂ ਹਨ। ਟਰਸਟੀ ਖੋਜ਼ ਵਿਦਿਆਰਥੀਆਂ ਨੂੰ ਆਪਣੇ ਖਰਚੇ ਤੇ ਕਿਤਾਬਾਂ ਤੇ ਹੋਰ ਜ਼ਰੂਰਤ ਦੀਆਂ ਵਸਤਾਂ ਦਿੰਦੇ ਹਨ। ਸੁਖਦੇਵ ਥਾਪਰ ਦੇਸ਼ ਦਾ ਮਹਾਨ ਸਪੂਤ ਸੀ।

## ਦੇਸ਼ ਭਗਤ ਯਾਦਗਾਰ ਹਾਲ

ਦੇਸ਼ ਭਗਤ ਯਾਦਗਾਰ ਹਾਲ ਨੇ ਇੱਕ ਲਾਇਬਰੇਰੀ ਉਸਾਰੀ ਹੋਈ ਹੈ ਜਿਸ ਵਿਚ ਪੰਜਾਬ, ਇੰਡੀਆ ਤੇ ਦੁਨੀਆਂ ਭਰ ਵਿਚ ਪਸਰਿਆ ਕਰਾਂਤੀਕਾਰੀ ਅੰਦੋਲਨ ਦੇ ਸੰਦਰਭ ਵਿਚ ਰਚਿਆ ਹੋਇਆ ਸਾਹਿਤ ਸਾਂਭਿਆ ਹੋਇਆ ਹੈ। ਗਦਰ ਅੰਦੋਲਨ ਨਾਲ ਸਬੰਧਿਤ ਹੱਥ ਲਿਖਤ ਮਸੋਦੇ ਇਸ ਲਾਇਬਰੇਰੀ ਵਿਚ ਉਪਲਬਦ ਹਨ। 1950 ਤੇ 1960 ਦੇ ਦਹਾਕਿਆਂ ਵਿਚ ਇਹ ਯਾਦਗਾਰੀ ਇਮਾਰਤ ਕਈ ਪੁਰਾਣੇ ਗਦਰੀਆਂ ਦੀ ਰਿਹਾਇਸ਼-ਗਾਹ ਰਹੀ ਹੋਣ ਕਰਕੇ ਬਹੁਤ ਕਿਸਮ ਦੇ ਦਸਤਾਵੇਜ਼ ਇਸ ਲਾਇਬਰੇਰੀ ਵਿਚ ਸਮਾ ਗਏ। ਇਸ ਖਾਸ ਇੱਕਤਰ ਹੋਏ ਭੰਡਾਰ ਵਿਚ ਕਈ ਹੱਥ ਲਿਖਤਾਂ ਅਤੇ ਰਿਕਾਰਡ ਕੀਤੀਆਂ ਹੋਈਆਂ ਗਦਰ ਕਾਰਜ ਕਰਤਿਆਂ ਨਾਲ ਮੁਲਾਕਾਤਾਂ ਸ਼ਾਮਲ ਹਨ। ਗਦਰ ਪਾਰਟੀ ਨਾਲ ਸਬੰਧਿਤ ਇਨ੍ਹਾਂ ਹੱਥ ਲਿਖਤਾਂ ਦੀ ਕੁਝ ਅੰਸ਼ਕ ਸੂਚੀ, ਜੋਸ਼ੀ ਜੀ ਦੀ ਪੁਸਤਕ ਮਾਲਾ ਸਬੰਧੀ ਬਣਾਈ ਸੂਚੀ ਵਿਚ ਦਰਜ਼ ਹੈ। ਇਹ ਪੁਰਾਣੇ ਸਾਂਭੇ ਹੋਏ ਦਸਤਾਵੇਜ਼ ਦੇਸ਼ ਭਗਤ ਯਾਦਗਾਰ ਲਾਇਬਰੇਰੀ ਦਾ ਹਿੱਸਾ ਹਨ। ਕਿਰਤੀ ਲਹਿਰ, ਦੇਸ਼ ਭਗਤ ਯਾਦਾਂ, ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਮੇ ਸਮੇ ਹੋਈਆਂ ਕਾਰਵਾਈਆ ਜਿਨ੍ਹਾਂ ਵਿਚ ਗਦਰ ਦੀਆਂ ਗੂੰਜਾਂ ਦੀਆਂ ਪ੍ਰਤਿਲਿਪੀਆਂ ਵੀ ਸ਼ਾਮਲ ਹਨ।

## ਜਤਿਨ ਮੁਖਰਜੀ

ਜਤਿੰਦਰ ਨਾਥ ਮੁਖਰਜੀ, ਜਤਿਨ ਮੁਖਰਜੀ, ਬਾਘਾ ਜਤਿਨ

ਬੰਗਾਲੀ ਕਰਾਂਤੀਕਾਰੀਆਂ ਵਿਚ ਜਤਿਨ ਮੁਖਰਜੀ ਦਾ ਨਾਮ ਸੁਨਿਹਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਇਨ੍ਹਾ ਨੂੰ ਬਾਘਾ ਜਤਿਨ ਤੇ ਜਤਿੰਦਰ ਨਾਥ ਮੁਖਰਜੀ ਵੀ ਕਿਹਾ ਜਾਂਦਾ ਸੀ। ਯੁਗੰਤਰ ਪਾਰਟੀ ਦੇ ਮੁੱਖ ਸੰਸਥਾਪਕ ਮੰਨੇ ਜਾਂਦੇ ਹਨ, ਭਾਵੇਂ ਇਹ ਪਾਰਟੀ ਪਹਿਲਾਂ ਵੀ ਹੋਂਦ ਵਿਚ ਸੀ, ਪਰ ਜਿਸਤਰ੍ਹਾਂ ਦਾ ਵਿਸਥਾਰ ਯੁਗੰਤਰ ਪਾਰਟੀ ਦਾ, ਜਤਿਨ ਮੁਖਰਜੀ ਨੇ ਕੀਤਾ, ਉਹ ਜਾਨਣ ਲਈ ਹੀ ਕੁਝ ਤਤ ਪੇਸ਼ ਹਨ, ਤੁਹਾਡੀ ਜਾਣਕਾਰੀ ਲਈ।

ਬੰਗਾਲ ਦਾ ਕਰਾਂਤੀਕਾਰੀ, ਫਿਲਾਸਫ਼ਰ, ਅੰਗਰੇਜਾਂ ਦੀ ਨੀਂਦ ਹਰਾਮ ਕਰਨ ਵਾਲੇ ਦਾ ਜਨਮ ਦਸੰਬਰ 7, 1879 ਨੂੰ ਹੋਇਆ। ਬੰਗਾਲ ਦੇ ਕਰਾਂਤੀਕਾਰੀਆਂ ਦਾ ਧੁਰਾ

ਯੁਗਾਂਤਰ ਪਾਰਟੀ ਸੀ। ਜਤਿਨ ਮੁਖਰਜੀ ਇਸ ਪਾਰਟੀ ਦਾ ਮੁੱਖ ਨੇਤਾ ਸੀ। ਪਹਿਲੀ ਸੰਸਾਰ ਜੰਗ ਤੋਂ ਠੀਕ ਪਹਿਲਾਂ ਜਤਿਨ ਮੁਖਰਜੀ ਜਰਮਨ ਦੇ ਕਰਾਉਨ ਪਰਿੰਸ ਨੂੰ ਕਲਕਤਾ ਵਿਖੇ ਮਿਲਿਆ ਸੀ। ਉਸ ਮੁਲਾਕਾਤ ਵਿਚ ਜਤਿਨ ਨੇ ਜਰਮਨ ਤੋਂ ਹਥਿਆਰ ਪ੍ਰਾਪਤ ਕਰਨ ਦਾ ਵਾਇਦਾ ਲਿਆ ਸੀ। ਇਨ੍ਹਾਂ ਦਾ ਦੂਸਰਾ ਮੁੱਖ ਕੰਮ ਭਾਰਤੀ ਫੌਜੀਆਂ ਵਿਚ ਬਗਾਵਤ ਕਰਨ ਦੀ ਚੇਤਨਾ ਪੈਦਾ ਕਰਨਾ ਹੋ ਨਿਬੜਿਆ।

ਸੰਨ 1925 ਨੂੰ ਗਾਂਧੀ ਨੇ ਕਲਕਤਾ ਦੇ ਪੁਲੀਸ ਕਰਨਲ ਟੇਗਾਰਟ ਨੂੰ ਜਤਿਨ ਬਾਰੇ ਕਿਹਾ ਸੀ ਕਿ ਬਾਘਾ ਜਤਿਨ ਇੱਕ ਰੂਹਾਨੀ ਇਨਸਾਨ ਹੈ। ਟੇਗਾਰਟ ਨੇ ਇੱਕ ਵਾਰ ਆਪਣੇ ਸਾਥੀ ਅਫਸਰਾਂ ਨੂੰ ਕਿਹਾ ਸੀ ਕਿ ਜੇ ਜਤਿਨ ਅੰਗਰੇਜ਼ ਹੁੰਦਾ ਤਾਂ ਅੰਗਰੇਜ਼ ਖਲਕਤ ਨੇ ਉਸਦਾ ਬੁੱਤ ਟਰਾਫਾਲਗਰ ਸਕੁਏਰ ਵਿਖੇ  ਲਗਾ ਦੇਣਾ ਸੀ। ਟੇਗਾਰਟ ਨੇ ਜੇ.ਈ. ਫਰਾਂਸਿਸ ਨੂੰ ਉਸਦੇ ਭਾਰਤ ਸਥਿਤ ਦਫਤਰ ਵਿਚ ਇੱਕ ਨੋਟ ਲਿਖ ਕੇ ਕਿਹਾ ਸੀ ਕਿ ਬੰਗਾਲੀ ਕਰਾਂਤੀਕਾਰੀ ਭਾਰਤ ਦੇ ਸਭਤੋਂ ਜ਼ਿਆਦਾ ਸੁਆਰਥਹੀਣ ਰਾਜਨੀਤਕ ਕਾਮੇ ਹਨ।

ਅੱਜਕਲ ਦੇ ਵੈਸਟ ਬੰਗਾਲ ਦੇ ਨਾਦੀਆ ਜਿਲ੍ਹੇ ਦੀ ਸਬ-ਡਵੀਜ਼ਨ ਦੇ ਪਿੰਡ ਕਾਇਆ ਗ੍ਰਾਮ ਵਿਚ ਜਨਮੇ ਜਤਿਨ ਮੁਖਰਜੀ ਦੇ ਪਿਤਾ ਦਾ ਨਾਮ, ਉਮੇਸ਼ ਚੰਦਰਾ ਮੁਖਰਜੀ ਤੇ ਮਾਤਾ ਦਾ ਨਾਮ ਸ਼ਰਤ ਸ਼ਸ਼ੀ ਮੁਖਰਜੀ ਸੀ। ਪਾਲਣ ਪੋਸ਼ਣ ਪਿਤਾ ਪੁਰਖੀ ਪਿੰਡ ਵਿਚ ਹੀ ਹੋਇਆ। ਜਤਿਨ ਦੀ ਉਮਰ ਮਸੀਂ ਪੰਜ ਸਾਲ ਹੀ ਸੀ ਜਦੋਂ ਪਿਤਾ ਦਾ ਦਿਹਾਂਤ ਹੋ ਗਿਆ। ਘਰ ਵਿਚ ਬਰਾਹਮਣ ਰੀਤ ਰਿਵਾਜ਼, ਸਿਖਿਆ ਤੇ ਪਰੰਮਪਰਾਵਾਂ ਸਨ। ਪਿਤਾ ਜੀ ਨੂੰ ਘੋੜਿਆਂ ਦਾ ਸ਼ੌਂਕ ਸੀ ਤੇ ਉਹ ਆਪਣੇ ਅਸੂਲਾਂ ਕਰਕੇ ਜਾਣੇ ਜਾਂਦੇ ਸਨ। ਮਾਤਾ ਸ਼੍ਰੀ ਸ਼ਰਤ ਸ਼ਸ਼ੀ ਕਾਇਆ ਗ੍ਰਾਮ ਹੀ  ਆਪਣੇ ਪਤੀ ਦੀ ਭੈਣ, ਵਿਨੋਦੀ ਬਾਲਾ  ਨਾਲ ਰਹਿੰਦੇ ਸਨ। ਸ਼ਰਤ ਸ਼ਸ਼ੀ ਜਮਾਂਦਰੂ  ਕਵਿਤਰੀ ਕਰਕੇ ਜਾਣੀ ਜਾਂਦੀ  ਸੀ। ਬਹੁਤ ਸੰਵੇਦਨਾ ਨਾਲ ਤੇ ਖਾਸ ਅਸੂਲਾਂ ਨਾਲ ਬੱਚਿਆਂ ਦੀ ਪਰਵਰਿਸ਼ ਲਈ ਇੱਕ ਖਾਸ ਕਿਸਮ ਦੀ ਪ੍ਰਣਾਲੀ ਅਪਨਾਈ ਜਾਂਦੀ ਸੀ। ਪ੍ਰਗਤੀਵਾਦੀ ਸੋਚ ਲਈ ਮਹਾਨ ਆਗੂਆਂ ਦੇ ਵਿਚਾਰਾਂ ਦਾ ਬੱਚਿਆਂ ਵਿਚ ਪ੍ਰਵਾਜ਼ ਕੀਤਾ ਜਾਂਦਾ ਸੀ। ਵਿਨੋਦੀ ਬਾਲਾ ਆਪਣੇ ਸਮੇਂ ਦੀਆਂ ਰਾਜਨੀਤਕ ਤੇ ਸਮਾਜਿਕ ਕਦਰਾਂ ਦੀ ਜਾਣੂ ਸੀ। ਉਸਦਾ ਭਰਾ ਬਸੰਤ ਕੁਮਾਰ ਚੈਟਰਜੀ ਕਾਨੂੰਨ ਦੀ ਪੜ੍ਹਾਈ ਪੜਾਉਂਦਾ ਵੀ ਸੀ ਤੇ ਵਕਾਲਤ ਵੀ ਕਰਦਾ ਸੀ ਤੇ ਉਹ ਆਪਣੇ ਸਾਇਲਾਂ ਵਿਚ ਕਵੀ ਰਬਿੰਦਰ ਨਾਥ ਟੈਗੋਰ ਨੂੰ ਵੀ ਗਿਣਦਾ ਸੀ। ਜਿਉਂ ਜਿਉਂ  ਜਤਿਨ ਵੱਡਾ ਹੁੰਦਾ ਗਿਆ, ਉਸਦੇ ਤਕੜੇ ਜੁੱਸੇ ਤੇ ਸਰੀਰਕ ਬਹਾਦਰੀ ਦੇ ਚਰਚੇ ਹੋਣ ਲੱਗੇ। ਸੁਭਾਅ ਤੋਂ ਹਸਮੁੱਖ ਤੇ ਉਦਾਰ-ਚਿਤ ਸੀ। ਸਾਂਗ ਲਾਉਣਾ ਤੇ ਨਾਟਕਾਂ ਵਿਚ ਹਿੱਸਾ ਲੈਣ ਦਾ ਸ਼ੌਂਕ ਬਚਪਨ ਤੋਂ ਹੀ ਸੀ। ਮਿਥਿਹਾਸਕ  ਸਰਵ-ਗੁਣ ਚਰਿਤਰ ਜਿਵੇਂ ਭਗਤ ਪ੍ਰਹਿਲਾਦ, ਧਰੁਵ, ਹਨੂੰਮਾਨ, ਰਾਜਾ ਹਰੀਸ਼ ਚੰਦਰ ਤੇ ਅਧਾਰਿਤ ਡਰਾਮਿਆਂ ਵਿਚ ਹਿੱਸਾ ਲੈਣਾ ਨਿੱਤ  ਦਾ ਕੰਮ ਬਣ ਗਿਆ। ਉਹ ਆਪਣੇ ਖੇਡ ਸਾਥੀਆਂ ਨੂੰ ਵੀ  ਪ੍ਰੇਰਿਤ ਕਰਦਾ ਤੇ ਨਾਲ ਦੀ ਨਾਲ  ਸਮੇਂ ਮੁਤਾਬਕ ਰਾਸ਼ਟਰੀ ਸਮਸਿਆਵਾਂ ਨੂੰ  ਸਮਝ ਕੇ ਪ੍ਰਚਾਰ ਕਰਨ ਦਾ ਬੀੜਾ ਵੀ ਉਠਾ ਲਿਆ।

# ਕਲਕਤੇ ਦਾ ਵਿਦਿਆਰਥੀ-ਕਾਲ

1895 ਵਿਚ ਮੁੱਢਲੀ ਵਿਦਿਆ ਤੋਂ ਬਾਦ ਕਲਕਤਾ ਸੈਂਟਰਲ ਕਾਲਜ( ਹੁਣ ਖੁਦੀ ਰਾਮ ਬੋਸ) ਵਿਚ ਦਾਖਲਾ ਲੈ ਲਿਆ। ਫਾਈਨ ਆਰਟ ਦੇ ਵਿਸ਼ਿਆਂ ਦੇ ਨਾਲ ਨਾਲ ਸਟੈਨੋ ਟਾਇਪਿੰਗ ਵੀ ਸਿਖਣੀ ਸ਼ੁਰੂ ਕਰ ਦਿੱਤੀ। ਛੇਤੀ ਹੀ ਸੁਆਮੀ ਵਿਵੇਕਾ ਨੰਦ ਕੋਲ ਜਾਣਾ ਸ਼ੁਰੂ ਕਰ ਦਿੱਤਾ। ਸੁਆਮੀ ਵਿਵੇਕਾ ਨੰਦ ਦੇ ਵਿਚਾਰ ਤੇ ਉਨ੍ਹਾਂ ਦੀ ਦ੍ਰਿਸ਼ਟੀ, ਜਿਥੇ ਅਜ਼ਾਦ ਭਾਰਤ ਦੀ ਤਵਕੋ ਕਰਦੀ ਸੀ ਉਥੇ ਮਨੁੱਖਤਾ ਦੀ ਰੂਹਾਨੀ ਚੜ੍ਹਤ ਲਈ ਵੀ ਕਾਰਜਸ਼ੀਲ ਸੀ। ਸੁਆਮੀ ਵਿਵੇਕਾ ਨੰਦ ਦੀਆਂ ਸਿਖਿਆਵਾਂ ਦਾ ਜਤਿਨ ਮੁਖਰਜੀ ਤੇ ਬਹੁਤ ਅਸਰ ਹੋਇਆ। ਗੁਰੂ ਜੀ ਨੇ ਕਾਮ ਸ਼ਕਤੀ ਤੇ ਕਾਬੂ ਪਾਕੇ ਉਸਨੂੰ ਜਿਤਣ ਦਾ ਵੱਲ ਸਿਖਾਇਆ ਤੇ ਇਹ ਵੱਲ ਨਵੀ ਪੀੜ੍ਹੀ ਦੀ ਚੇਤਨਾ ਨੂੰ ਹਲੂਣਾ ਦੇਣ ਤੋਂ ਪਹਿਲਾਂ ਦਾ ਸਬਕ ਸੀ। 'ਮਜ਼ਬੂਤ ਇਰਾਦਿਆਂ ਲਈ ਤਕੜੇ ਜੁੱਸੇ ਦਾ ਹੋਣਾ ਲਾਜ਼ਮੀ ਹੈ'। ਆਪਣੇ ਹਮਵਤਨਾਂ ਲਈ  ਚੇਤਨਾ ਦਾ ਪ੍ਰਵਾਹ ਬਹੁਤ ਜ਼ਰੂਰੀ ਹੈ। ਸਮਾਜ ਦਾ ਨਿਰਮਾਣ ਇਨ੍ਹਾਂ ਲੀਹਾਂ ਤੇ ਹੀ ਕਰਨਾ ਬਣਦਾ ਹੈ ਜਦੋਂ ਦੇਸ਼ ਨੂੰ ਵਿਦੇਸ਼ੀ ਗੁਲਾਮੀ ਦੇ ਜੂਲ੍ਹੇ ਵਿਚੋਂ ਕਢਣਾ ਹੋਵੇ। ਗੁਰੂ ਸਵਾਮੀ ਵਿਵੇਕਾ ਨੰਦ ਦੀਆਂ ਮੁਢਲੀਆਂ ਸਿਖਿਆਵਾਂ ਤੋਂ ਬਾਦ ਜਤਿਨ ਮੁਖਰਜੀ ਨੇ ਸਿਸਟਰ ਨਵਿਦਤਾ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਜੋ ਸਵਾਮੀ ਜੀ ਦੀ ਆਇਰਸ਼ ਸ਼ਰਧਾਲੂ ਸੀ।

ਜੇ. ਈ.ਆਰਮ ਸਟਰੌਂਗ ਜੋ ਪੁਲੀਸ ਦਾ ਸੁਪਰਡੈਂਟ ਸੀ ਦੇ ਅਨੁਸਾਰ ' ਜਤਿਨ ਨੇ ਕਰਾਂਤੀ ਵਿਚ ਵਡੀ ਭੂਮਿਕਾ ਸਿਰਫ ਆਪਣੀ ਅਗਵਾਈ ਨਾਲ ਹੀ ਨਹੀ ਨਿਭਾਈ ਸਗੋਂ ਆਪਣੇ ਬ੍ਰਾਹਮਚਾਰੀ ਹੋਣ ਦੀ ਛਵੀ ਦਾ ਵੀ ਭਰਪੂਰ ਅਸਰ ਪਾਇਆ ਜੋ ਕਰਾਂਤੀ ਉਦੇਸ਼ ਲਈ ਬਹੁਤ ਜ਼ਰੂਰੀ ਸੀ। ਆਪਣੇ ਉਦੇਸ਼ ਲਈ ਮਰ ਮਿਟਣ ਦਾ ਭਖਦਾ ਉਤਸ਼ਾਹ ਜਤਿਨ ਦੀ ਰਗ ਰਗ ਵਿਚ ਸਮਾਇਆ ਹੋਇਆ ਸੀ'। ਸਵਾਮੀ ਵਿਵੇਕਾ ਨੰਦ ਜੀ ਨੇ ਜਤਿਨ ਨੂੰ ਅਮਬੂ ਗੁਹਾ ਦੇ ਅਖਾੜੇ ਵਿਚ ਭੇਜਿਆ ਜਿੱਥੇ ਜਤਿਨ ਨੇ ਭਲਵਾਨੀ ਦੇ ਨਾਲ ਨਾਲ ਹੋਰ ਸਰੀਰਕ ਕਲਾਵਾਂ ਵੀ ਸਿਖੀਆਂ। ਇੱਥੇ ਹੀ ਜਤਿਨ ਦਾ ਮੇਲ ਸਚਿਨ ਬੈਨਰਜੀ ਨਾਲ ਹੋਇਆ ਜੋ ਯੋਗਿੰਦਰਾ  ਵਿਦਿਆ ਭੂਸ਼ਨ ਦਾ ਪੁੱਤਰ ਸੀ।

ਕਈ ਸਰੋਤਾਂ ਤੋਂ ਇਹ ਗੱਲ ਪਤਾ ਲਗਦੀ ਹੈ ਕਿ ਸੰਨ1900 ਨੂੰ ਸਥਾਪਿਤ ਹੋਈ ਅਨੁਸ਼ੀਲਨ ਸੰਮਤੀ ਦੇ ਜਤਿਨ ਮੁੱਢਲੇ ਸੰਸਥਾਪਕ ਸਨ। ਇਸ ਸੰਮਤੀ ਨੇ ਆਪਣੀਆਂ ਸ਼ਾਖਾਵਾਂ ਬਣਾਈਆਂ। ਜਿਨ੍ਹਾਂ ਦਾ ਮੁੱਖ ਉਦੇਸ਼ ਸਰਕਾਰ ਦੇ ਸਰਕਾਰੀ ਅਫਸਰ ਤੇ ਸਰਕਾਰ ਦੇ ਹਮਦਰਦਾਂ ਦਾ ਖਾਤਮਾ ਕਰਨਾ ਤੇ ਉਨ੍ਹਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨਾ ਸੀ।

1905 ਵਿਚ ਪਰਿੰਸ ਔਫ ਵੇਲਜ਼ ਦੀ ਕਲਕਤਾ ਆਉਣ ਦੇ ਜਸ਼ਨਾਂ ਦੀ ਤਿਆਰੀ ਹੋ ਰਹੀ ਸੀ। ਜਤਿਨ ਨੇ ਇੰਗਲੈਂਡ ਦੇ ਭਵਿਖੀ ਰਾਜੇ ਦਾ ਧਿਆਨ ਖਿਚਣ ਦੀ ਸਫਲ ਕੋਸ਼ਿਸ਼ ਕੀਤੀ। ਪਰਿੰਸ ਦੀ ਕੋਚ ਦੇ ਕੋਲ ਹੀ ਕੁਝ ਅੰਗਰੇਜ਼ ਫੌਜੀਆਂ ਦੇ ਭੈੜੇ ਵਿਵਹਾਰ ਨਾਲ ਕੁਝ ਸਥਾਨਿਕ ਔਰਤਾਂ ਨੂੰ  ਔਖਿਆਈ ਹੋ ਰਹੀ ਸੀ। ਜਤਿਨ ਨੇ ਜਾਣ ਬੁਝ ਕੇ ਅੰਗਰੇਜ਼ ਫੌਜੀਆਂ ਨਾਲ ਗਲਬਾਤ ਸ਼ੁਰੂ ਕੀਤੀ ਤੇ ਗਰਮ ਮਾਹੌਲ ਦੇ ਨਤੀਜੇ ਵਜੋਂ

ਜਤਿਨ ਨੇ ਇੱਕ ਜੋਰਦਾਰ ਚਾਂਟਾ ਮਾਰਕੇ ਮਾਹੌਲ ਨੂੰ ਇਤਨਾ ਅਸ਼ਾਤ ਕਰ ਦਿੱਤਾ ਕਿ ਪਰਿੰਸ ਨੂੰ ਇੰਗਲੈਂਡ ਵਾਪਸ ਜਾਕੇ ਇਸਦਾ ਨੋਟਿਸ ਲੈਣਾ ਪਿਆ ਤੇ ਇੱਕ ਤਤਕਾਲੀ ਇੰਚਾਰਜ ਮੋਰਲੇ ਨੂੰ ਇੱਕ ਲੰਬੀ ਵਾਰਤਾਲਾਪ ਦਾ ਸਾਹਮਣਾ ਕਰਨਾ ਪਿਆ।

## ਗੁਪਤ ਸੁਸਾਇਟੀ ਦਾ ਸੰਸਥਾਪਕ

ਜਤਿਨ ਨੇ ਬਰਿੰਦਰ ਘੋਸ਼ ਨਾਲ ਮਿਲਕੇ ਦਿਉਗੜ ਵਿਖੇ ਬੰਬ ਫੈਕਟਰੀ ਬਣਾਈ। ਪਹਿਲਾਂ ਇਹ ਕਲਕਤਾ ਵਿਖੇ ਮਾਨਿਕਤਲਾ ਬਣਾਈ ਜਾਣੀ ਸੀ ਜਿਸਨੂੰ ਜਤਿਨ ਨੇ ਮਨਜ਼ੂਰੀ ਨਹੀ ਦਿੱਤੀ। ਜਤਿਨ ਵਕਤ ਤੇ ਲੋੜ ਤੋਂ ਪਹਿਲੇ ਕਿਸੇ ਵੀ ਹਿੰਸਤਾਮਕ ਕਾਰਵਾਈ ਦੇ ਹੱਕ ਵਿਚ ਨਹੀਂ ਸੀ। ਬਾਰਿਨ ਜੋ ਕਲਕਤੇ ਦੇ ਮਾਨਿਕਤਲਾ ਵਿਖੇ ਹੀ ਬੰਬ ਫੈਕਟਰੀ ਬਨਾਉਣਾ ਚਾਹੁੰਦਾ ਸੀ, ਸੁਭਾਅ ਦਾ ਤਤਾ ਤੇ ਅਖੜ ਹੋਣ ਕਰਕੇ ਆਪਣੇ ਵਿਅਕਤੀਤਵ ਨੂੰ ਪਹਿਲ ਦੇਣ ਵਾਲਾ ਸੀ, ਉਸ ਨੇ ਆਪਣੇ ਮਨਸੂਬੇ ਜਾਰੀ ਰੱਖੇ। ਉਸਦੇ ਮਨਸੂਬੇ ਆਮ ਅਤਵਾਦ ਦਾ ਡਰ ਪੈਦਾ ਕਰਨ ਵਾਲੇ ਸਨ। ਸਰਕਾਰੀ ਤੇ ਟੋਢੀਆਂ ਨੂੰ ਮਾਰਨਾ ਤੇ ਉਨ੍ਹਾਂ ਦਾ ਮਲੀਆਮੇਟ ਕਰਨਾ ਬਾਰਿਨ ਦਾ ਮੁੱਖ ਨਿਸ਼ਾਨਾ ਸੀ ਜਿਸ ਨਾਲ ਤਤਕਾਲੀ ਹਲਚਲ ਦੇ ਨਾਲ ਨਾਲ ਸਰਕਾਰੀ ਮਸ਼ੀਨਰੀ ਨੂੰ ਖੁਲਾ ਸੱਦਾ ਦੇਣਾ ਸੀ ਜਿਸ ਨਾਲ ਖੜੋਤ ਆਉਣ ਦਾ ਡਰ ਸੀ ਤੇ ਜਤਿਨ ਇਸ ਗੱਲ ਨਾਲ ਬਿਲਕੁਲ ਹੀ ਸਹਿਮਤ ਨਹੀ ਸੀ। ਜਤਿਨ ਨੇ  ਸਥਾਨਿਕ ਖੁਲੇ ਤੇ ਡਸਿਪਲਿਨ ਵਿਹੂਣੇ ਤੱਤਾਂ ਨੂੰ ਨੱਥ ਪਾਉਣ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਤੇ ਸਾਰੇ ਕਰਾਂਤੀਕਾਰੀਆਂ ਨੂੰ ਇੱਕ ਸੂਤਰ ਵਿਚ ਬੰਨਣ ਦਾ ਕੰਮ ਆਰੰਭਿਆ। ਉਸਨੇ ਐਸੇ ਵਲੰਟੀਅਰਾਂ ਦੀ ਟੀਮ ਤਿਆਰ ਕੀਤੀ ਜੋ ਪੈਰਾ ਮੈਡੀਕਲ ਨਾਲ ਸਬੰਧਿਤ ਰਾਹਤ ਕਾਰਜਾਂ ਲਈ ਕੰਮ ਕਰਨ ਤੇ ਮਿਲਟਰੀ ਵਰਗੇ ਡਸਿਪਲਿਨ ਵਿਚ ਵਿਚਰਣ ਲਈ ਪਾਬੰਧ ਹੋਣ। ਜੋ ਕੁਦਰਤੀ ਆਫਤਾਂ ਦੌਰਾਨ ਲੋਕ ਭਲਾਈ ਦੇ ਕਾਰਜਾਂ ਵਿਚ ਸਹਾਈ ਹੋਣ। ਮਾਂਹਮਾਰੀ, ਹੜ੍ਹਾਂ ਜਾਂ ਧਾਰਮਿਕ ਸੰਮੇਲਨਾ ਵਿਚ ਲੋਕ ਸੇਵਾ ਕਰ ਸਕਣ। ਵਡੇ ਵਡੇ ਮੇਲੇ;-ਕੁੰਭ ਦਾ ਮੇਲਾ, ਰਾਮਨੌਮੀ, ਗਣੇਸ਼ ਪੂਜਾ ਵਿਚ ਲੋਕਾਂ ਵਿਚ ਵਿਚਰਣ। ਸਰਕਾਰ ਵਲੋਂ ਜਤਿਨ ਤੇ ਸ਼ਕ ਕੀਤਾ ਜਾ ਰਿਹਾ ਸੀ ਕਿ ਐਸੇ ਵਡੇ ਇੱਕਠਾਂ ਵਿਚ, ਜਤਿਨ ਧਾਰਮਿਕ, ਸਥਾਨਿਕ, ਰਾਜਨੀਤਕ  ਲੀਡਰਾਂ ਨਾਲ ਤਾਲਮੇਲ ਕਰਕੇ ਨਵੇਂ ਕਰਾਂਤੀਕਾਰਾਂ ਦੀ ਭਰਤੀ ਕਰ ਰਿਹਾ ਹੈ। ਇਹ ਸਰਕਾਰ ਦਾ ਸ਼ਕ ਹੀ ਨਹੀ ਸਗੋਂ ਇਹ ਜਤਿਨ ਦਾ ਯਕੀਨ ਤੇ ਵਡੇ ਯੁਧ ਲਈ ਤਿਆਰੀ ਦਾ ਆਰੰਭਿਕ ਕਾਰਜ ਖੇਤਰ ਸੀ।

ਜਤਿਨ ਦੇ ਕੰਮ ਕਰਨ ਦੇ ਤਰੀਕੇ ਦੀ ਪ੍ਰਸੰਸਾ ਹੋਣ ਲੱਗੀ ਤੇ ਸਾਥੀਆਂ ਵਲੋਂ ਸਮੂਹਿਕ ਫੈਸਲੇ ਤਹਿਤ, ਸੰਨ 1907 ਵਿਚ  ਜਤਿਨ ਨੂੰ ਖਾਸ ਪ੍ਰਯੋਜਨ ਅਧੀਨ ਤਿੰਨ ਸਾਲ ਲਈ ਦਾਰਜੀਲਿੰਗ ਭੇਜਿਆ ਗਿਆ। ਆਰੰਭਿਕ ਦੌਰ ਵਿਚ ਹੀ ਜਤਿਨ ਦੀ ਇਹ ਭਲ ਬਣ ਗਈ ਸੀ ਕਿ ਉਹ ਬਹੁਤ ਜਲਦੀ ਹੀ ਸਥਾਨਿਕ ਲੋਕਾਂ ਦਾ ਧਿਆਨ ਆਪਣੇ ਵਲ ਖਿਚ ਲੈਂਦਾ ਹੈ ਤੇ ਉਨ੍ਹਾਂ ਤੇ ਜਤਿਨ ਦਾ ਜਾਦੂ, ਸਿਰ ਚੜ੍ਹ ਬੋਲਦਾ ਹੈ। ਦਾਰਜਲਿੰਗ ਵਿਖੇ ਵੀ ਜਤਿਨ ਜਿਸ ਮਿਸ਼ਨ ਨਾਲ ਆਇਆ ਸੀ, ਉਸਨੇ ਬਹੁਤ ਜਲਦੀ ਯੋਰਪੀਅਨਜ਼ ਨਾਲ ਆਪਣੇ ਗਹਿਰੇ ਸਬੰਧ ਬਣਾ ਲਏ। ਸੰਨ 1908 ਦੌਰਾਨ ਦਾਰਜਲਿੰਗ ਵਿਚ ਪੁੰਗਰੇ ਗੈਂਗਾਂ

ਵਿਚੋਂ ਇੱਕ ਦਾ ਜਤਿਨ ਲੀਡਰ ਸੀ, ਜਿਸਦਾ ਉਦੇਸ਼ ਦਾਰਜਲਿੰਗ ਵਿਖੇ ਅਫਰਾ ਤਫਰੀ ਫੈਲਾਉਂਣਾ ਸੀ। ਜਤਿਨ ਨੇ ਆਪਣੇ ਸਾਥੀਆਂ ਨਾਲ ਅਨੁਸ਼ੀਲਨ ਸਮਿਤੀ ਦੀ ਬਰਾਂਚ ਸ਼ੁਰੂ ਕਰ ਲਈ ਜਿਸਨੂੰ ਬੰਧਾਭ ਸਮਿਤੀ ਕਿਹਾ ਜਾਂਦਾ ਸੀ। ਅਪ੍ਰੈਲ, 1908 ਜਤਿਨ ਇੱਕ ਲੜਾਈ ਵਿਚ ਸ਼ਾਮਲ ਸੀ ਜੋ ਅੰਗਰੇਜ਼ ਮਿਲਟਰੀ ਅਫਸਰਾਂ ਦੇ ਗਰੁਪ ਨਾਲ ਹੋਈ। ਅਫਸਰਾਂ ਦੇ ਗਰੁਪ ਦਾ ਨੇਤਾ ਕੈਪਟਨ ਮਰਫੀ ਤੇ ਲੈਫਟੈਂਨ ਸੋਮਰਵਿਲ ਸੀ। ਇਸ ਨਾਲ ਕਾਨੂੰਨੀ ਪ੍ਰਕਿਰਿਆ ਸ਼ੁਰੂ ਹੋ ਗਈ, ਜਿਸਦਾ ਪ੍ਰਚਾਰ ਪਰੈਸ ਵਲੋਂ ਜੋਰ ਸ਼ੋਰ ਨਾਲ ਕੀਤਾ ਗਿਆ। ਖਬਰਾਂ ਵਿਚ ਲੋਕਾਂ ਨੂੰ ਆਨੰਦਿਤ ਕਰਨ ਵਾਲੀ ਗੱਲ ਹੋ ਰਹੀ ਸੀ ਕਿ ਕਿਵੇਂ ਇੱਕ ਇੱਕਲੇ ਭਾਰਤੀ ਨੇ ਅੰਗਰੇਜ਼ ਫੌਜੀਆਂ ਨਾਲ ਲੜਾਈ ਦਾ ਪੰਗਾ ਲਿਆ ਤੇ ਉਨ੍ਹਾਂ ਦੇ ਥੱਪੜ ਜੜ੍ਹੇ। ਵੀਲਰ ਨੇ ਅੰਗਰੇਜ਼ ਅਫਸਰਾਂ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਕੇਸ ਵਾਪਸ ਲੈ ਲੈਣ। ਮਜਿਸਟੇਰਟ ਨੇ ਵੀ  ਵਾਰਨਿੰਗ ਦਿੱਤੀ ਕਿ ਅੱਗੇ ਵਾਸਤੇ ਆਪਣਾ ਵਿਹਾਰ ਠੀਕ ਰੱਖੋ। ਜਤਿਨ ਨੇ ਅਦਾਲਤ ਨੂੰ ਕਿਹਾ ਕਿ ਉਸਨੂੰ ਕੋਈ ਅਫਸੋਸ ਨਹੀ ਹੈ ਤੇ ਉਹ ਅੱਗੇ ਵਾਸਤੇ ਵੀ ਐਸਾ ਕੋਈ ਵਾਇਦਾ ਨਹੀ ਕਰ ਸਕਦਾ। ਉਹ ਆਪਣੀ ਆਤਮ ਰੱਖਿਆ ਲਈ ਤੇ ਦੇਸ਼ ਵਾਸੀਆਂ ਦੇ ਹੱਕਾਂ ਲਈ ਜਦੋਂ ਵੀ ਲੋੜ ਪਈ ਇਸਤਰ੍ਹਾਂ ਹੀ ਕਰੇਗਾ ਤੇ ਪੂਰੀ ਸ਼ਕਤੀ ਨਾਲ ਲੜੇਗਾ। ਇੱਕ ਦਿਨ ਵਧੀਆ ਮੂਡ ਵਿਚ ਵੀਲਰ ਨੇ ਜਤਿਨ ਨੂੰ ਪੁੱਛਿਆ, "ਤੂੰ ਇੱਕਲਾ ਕਿਤਨੇ ਬੰਦਿਆਂ ਨਾਲ ਲੜ ਸਕਦੈਂ?" ਜਤਿਨ ਦਾ ਉਤਰ ਸੀ, "ਇਮਾਨਦਾ ਬੰਦਾ ਤਾਂ ਇੱਕ ਵੀ ਨਹੀ ਪਰ ਜੇ ਬੇਈਮਾਨ ਹੋਣ ਤਾਂ ਇਤਨਿਆਂ ਨਾਲ ਕਿ ਤੁਸੀਂ ਕਲਪਨਾ ਵੀ ਨਹੀ ਕਰ ਸਕਦੇ। "

ਸੰਨ 1908, ਤੀਹ ਤੋਂ ਉਪਰ ਕਰਾਂਤੀਕਾਰੀਆਂ ਖਿਲਾਫ 'ਅਲੀਪੁਰ ਬੰਬ ਕੇਸ' ਦਾ ਮੁਕਦਮਾ ਚਲਿਆ ਜੋ ਮੁਜਫਰਪੁਰ ਦੀ ਘਟਨਾ ਸੀ। ਇਨ੍ਹਾਂ ਕਰਾਂਤੀਕਾਰੀਆਂ ਵਿਚ ਜਤਿਨ ਸ਼ਾਮਲ ਨਹੀ ਸੀ। ਇਸਲਈ ਇਸ ਮੁੱਕਦਮੇ ਦੌਰਾਨ ਜਤਿਨ ਨੇ ਸੀਕਰਟ ਸੁਸਾਇਟੀ ਦੀ ਵਾਗਡੋਰ ਸੰਭਾਲ ਲਈ ਜਿਸਨੂੰ ਯੁਗੰਤਰ ਪਾਰਟੀ ਕਿਹਾ ਜਾਂਦਾ ਸੀ। ਇਸ ਲੀਡਰਸ਼ਿਪ ਦੌਰਾਨ ਜਤਿਨ ਨੇ ਇਸ ਪਾਰਟੀ ਦੇ ਲਿੰਕ ਕਲਕਤੇ ਦੀ ਸੈਂਟਰਲ ਜਥੇਬੰਦੀ ਨਾਲ ਜੋੜ  ਦਿੱਤੇ ਤੇ ਪੂਰੇ ਬੰਗਾਲ, ਬਿਹਾਰ, ਉੜੀਸਾ ਤੇ ਯੂ.ਪੀ ਦੇ ਕਈ ਹਿੱਸਿਆਂ ਵਿਚ ਇਸਦੀਆਂ ਬਰਾਚਾਂ ਦੇ ਤਾਰ ਜੋੜ ਦਿੱਤੇ। ਜਸਟਿਸ ਸ਼ਾਰਦਾ ਚਰਨ ਮਿੱਤਰਾ ਰਾਹੀਂ ਜਤਿਨ ਨੇ ਸੁੰਦਰਬਨ ਵਿਖੇ, ਸਰ ਡੈਨੀਅਲ ਹਮਿਲਟਨ ਦੀ ਜ਼ਮੀਨ ਲੀਜ਼ ਤੇ ਲੈ ਲਈ। ਇਹ ਉਨ੍ਹਾਂ ਕਰਾਂਤੀਕਾਰੀਆ ਦੀ ਲੁਕਣ ਗਾਹ ਬਣ ਗਈ ਜੋ ਗਰਿਫਤਾਰੀ ਤੋਂ ਬਚਦੇ ਸਨ। ਇੱਥੇ ਹੀ ਰਾਤ ਨੂੰ ਬਾਲਗਾਂ ਨੂੰ ਪੜਾਇਆ ਜਾਂਦਾ।

ਸਾਰੀਆਂ ਯੁਗੰਤਰ ਪਾਰਟੀ ਦੀਆਂ ਬਰਾਚਾਂ ਰਾਹੀਂ, ਹੋਮਿਉਪੈਥੀ ਦੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ। ਵਰਕਸ਼ਾਪਾਂ ਚਾਲੂ ਕੀਤੀਆਂ ਗਈਆਂ ਜਿੱਥੇ ਸਮਾਲ ਸਕੇਲ ਕਾਟੇਜ਼ ਇੰਡਸਟਰੀ ਦੀ ਸਿਖਲਾਈ ਦਿੱਤੀ ਜਾਂਦੀ, ਖੇਤੀਬਾੜੀ ਦੀ ਬੇਹਤਰੀ ਲਈ ਤਜ਼ਰਬੇ ਕੀਤੇ ਜਾਂਦੇ।

# ਜਤਿਨ ਮੁਖਰਜੀ ਦਾ ਉਤਸ਼ਾਹ

1905, ਬੰਗਾਲ ਦੇ ਵਿਭਾਜਨ ਦੇ ਸਿਲਸਿਲੇ ਵਿਚ ਹੋਈਆਂ ਐਜੀਟੇਸ਼ਨਾਂ ਨੂੰ ਸਖਤੀ ਨਾਲ ਦਬਾਅ ਦਿੱਤਾ ਗਿਆ ਸੀ। ਇਸ ਕੁਚਲਣ ਵਾਲੀ ਨੀਤੀ ਦਾ ਵਿਰੋਧ ਕਰਦਿਆਂ ਕਰਾਂਤੀਕਾਰੀਆਂ ਨੇ ਰੋਹ ਭਰੇ ਮੁਜਾਹਰੇ ਕੀਤੇ। 'ਅਲੀਪੁਰ ਕੇਸ' ਮੁਕਦਮੇ ਰਾਹੀਂ, ਕਰਾਂਤੀਕਾਰੀਆਂ ਦੇ ਜਥੇਬੰਦ ਹੋਣ ਵਿਚ ਵਡੀ ਰੁਕਾਵਟ ਖੜੀ ਕੀਤੀ ਗਈ। ਐਸ ਮੌਕੇ ਜਤਿਨ ਨੇ ਕਰਾਂਤੀਕਾਰੀਆਂ ਦਾ ਹੌਂਸਲਾ ਬੁਲੰਦ ਕਰਨ ਲਈ, ਹੈਰਾਨ ਕਰਨ ਵਾਲੇ ਤੇ ਸਰਕਾਰ ਨੂੰ ਵਖਤ ਪਾਉਂਣ ਵਾਲੇ ਕਾਰਨਾਮੇ ਕੀਤੇ। ਕਲਕਤੇ ਵਿਚ ਇਹ ਕਾਰਨਾਮੇ ਆਪਣੇ ਆਪ ਨੂੰ ਕੁਰਬਾਨ ਕਰਨ ਵਾਲੇ ਸਨ। ਲੋਕਾਂ ਦਾ ਅੰਦੋਲਨ ਵਿਚ ਰੁਝਾਨ ਤੇ ਚੇਤਨਾ ਪੈਦਾ ਕਰਨ ਲਈ ਇਹ ਸਮਾਂ ਬਹੁਤ ਹੀ ਨਾਜ਼ੁਕ ਸੀ ਜਿਸਨੂੰ ਜਤਿਨ ਮੁਖਰਜੀ ਨੇ ਕਰੋ ਜਾਂ ਮਰੋ ਦੀ ਨੀਤੀ ਤਹਿਤ ਬਤੀਤ ਕੀਤਾ। ਇਨ੍ਹਾਂ ਕਾਰਨਾਮਿਆਂ ਨੇ ਜਤਿਨ ਨੂੰ ਬਗਾਵਤ ਕਰਨ ਦੇ ਰੌਅ ਵਿਚ ਖੜਾ ਕਰਕੇ ਅਖਬਾਰੀ ਸੁਰਖੀਆਂ ਵਿਚ ਲੈ ਆਂਦਾ। ਜਦੋਂ ਕਿ ਇਨ੍ਹਾਂ ਕਾਰਵਾਈਆਂ ਲਈ ਉਨ੍ਹਾਂ ਖਿਲਾਫ ਕੋਈ ਵੀ ਸਬੂਤ ਨਹੀ ਸੀ। ਜਤਿਨ ਦੇ ਮਾਮਲੇ ਵਿਚ ਗੋਪਨੀਅਤਾ ਦੀ ਇਹ ਸਿਖਰ ਸੀ। ਉਸਦੇ ਲਾਗੇ ਦੇ ਸਾਥੀ ਪੂਰੇ ਸੁਹਿਰਦ ਸਨ। ਉਹ ਮਰ ਸਕਦੇ ਸਨ ਪਰ ਭੇਤ ਦੇਣਾ ਉਨ੍ਹਾਂ ਦੇ ਸ਼ਬਦ ਕੋਸ਼ ਵਿਚ ਹੀ ਨਹੀ ਸੀ। ਡਰ ਨਾਮ ਦੀ ਚੀਜ਼ ਖਲੜੀ ਵਿਚ ਮੌਜੂਦ ਹੀ ਨਹੀ ਸੀ। ਇਹ ਬਿਲਕੁਲ ਇਸਤਰ੍ਹਾਂ ਸੀ ਜਿਵੇਂ ਫਰਾਂਸ ਦਾ ਬੋਨੋਟ ਅਰਾਜਕਤਾਵਾਦੀ ਗੈਂਗ ਦੁਨੀਆਂ ਵਿਚ ਮਸ਼ਹੂਰ ਸੀ।

ਜਤਿਨ ਨੇ ਪਹਿਲੀ ਵਾਰ ਇੰਡੀਆ ਵਿਚ ਬੈਂਕ ਲੁਟਣ ਲਈ ਟੈਕਸੀ ਕੈਬ ਦੀ ਵਰਤੋਂ ਦੀ ਖੋਜ਼ ਕੀਤੀ। ਕਰਾਂਤੀਕਾਰੀ ਗਤੀਵਿਧੀਆਂ ਵਿਚ ਇਹ ਇੱਕ ਨਵਾਂ ਤਰੀਕਾ ਹੋਂਦ ਵਿਚ ਲਿਆਂਦਾ। ਬਹੁਤ ਸਾਰੀਆਂ ਕਾਰਵਾਈਆਂ ਨੂੰ ਸਰ ਅੰਜ਼ਾਮ ਦਿੱਤਾ। ਕੁਝ ਉਦਾਹਰਣਾਂ ਹਨ;- ਸੰਨ 1908 ਵਿਚ ਜੂਨ 2 ਤੇ ਨਵੰਬਰ 29 ਦੀ ਕਾਰਵਾਈ। ਬੰਗਾਲ ਦੇ ਲੈਫਟੀਨੈਂਟ ਗਵਰਨਰ ਨੂੰ ਮਾਰਨ ਦੀ ਕੋਸ਼ਿਸ਼ ਨਵੰਬਰ 7 ਨੂੰ ਕੀਤੀ ਗਈ। 1909, ਫਰਵਰੀ 27, ਅਪ੍ਰੈਲ 23, ਅਗਸਤ 16, ਸਤੰਬਰ 24 ਤੇ ਅਕਤੂਬਰ 28 ਦੀ ਕਾਰਵਾਈ। ਸਰਕਾਰੀ ਵਕੀਲ ਅਸ਼ੁਤੋਸ਼ ਬਿਸਵਾਸ ਦਾ ਕਤਲ ਫਰਵਰੀ 10, 1909 ਨੂੰ ਕੀਤਾ ਗਿਆ। ਸੈਮਸੂਲ ਆਲਮ, ਡਿਪਟੀ ਸੁਪਰਡੈਂਟ ਔਫ ਪੁਲੀਸ ਦਾ ਕਤਲ, ਜਨਵਰੀ 24, 1910 ਨੂੰ ਕੀਤਾ ਗਿਆ। ਇਨ੍ਹਾਂ ਦੋਵੇਂ ਅਫਸਰਾਂ ਨੇ ਨਿਸਚਾ ਕੀਤਾ ਸੀ ਕਿ ਉਹ ਸਾਰੇ ਦਹਿਸ਼ਤਵਾਦੀ ਕਾਰਵਾਈਆਂ ਦੇ ਦੋਸ਼ੀਆਂ ਨੂੰ ਖਤਮ ਕਰਨਗੇ। ਪੁਲੀਸ ਨੇ ਬਾਦ ਵਿਚ ਬਿਰੇਨ ਦੱਤਾ ਗੁਪਤਾ ਨੂੰ ਗਰਿਫਤਾਰ ਕਰ ਲਿਆ, ਤੇ ਉਸਨੇ ਸਾਰੀਆਂ ਕਾਰਵਾਈਆਂ ਦੇ ਪਿੱਛੇ ਜਤਿਨ ਦਾ ਹੱਥ ਹੋਣ ਦਾ ਖੁਲਾਸਾ ਕਰ ਦਿੱਤਾ।

ਜਨਵਰੀ 25, 1910, ਬਿਰੇਨ ਦੱਤਾ ਗੁਪਤਾ ਦਾ ਵੀ ਕਤਲ ਹੋ ਗਿਆ। ਕਿਸਨੇ ਕੀਤਾ, ਕਿਵੇਂ ਕੀਤਾ ਇਸ ਗੱਲ ਨਾਲ ਸਾਰਾ ਪ੍ਰਸ਼ਾਸ਼ਨ ਹਿੱਲ ਗਿਆ। ਵਾਇਸਰਾਏ ਮਿਨਟੋ ਨੇ ਖੁਲੇਆਮ ਐਲਾਨ ਕੀਤਾ, "ਕੋਈ ਰੂਹ ਇੰਡੀਆ ਪੈਦਾ ਹੋ ਗਈ ਹੈ, ਇਹ ਰੂਹ ਦੇਸ਼ ਵਿਚ ਅਰਾਜਕਤਾ ਤੇ ਵਿਧਾਹੀਣਤਾ ਫੈਲਾ ਰਹੀ ਹੈ ਜੋ ਨਾ ਕੇਵਲ ਬ੍ਰਿਟਿਸ਼ ਸਰਕਾਰ ਦਾ

ਤਖਤਾ ਪਲਟਾਉਣਾ ਚਾਹੁੰਦੀ ਹੈ ਬਲਕਿ ਭਾਰਤ ਸਰਕਾਰ ਦੇ ਅਫਸਰਾਂ ਨੂੰ ਵੀ ਖਤਮ ਕਰਨਾ ਚਾਹੁੰਦੀ ਹੈ।

ਜਨਵਰੀ 27, 1910 ਨੂੰ ਜਤਿਨ ਇੱਕ ਕਤਲ ਦੇ ਸਿਲਸਿਲੇ ਵਿਚ ਗਰਿਫ਼ਤਾਰ ਕਰ ਲਿਆ ਗਿਆ। ਸਬੂਤਾਂ ਦੀ ਅਣਹੋਂਦ ਕਰਕੇ ਰਿਹਾ ਕਰ ਦਿੱਤਾ ਗਿਆ ਪਰ ਫਿਰ ਗਰਿਫ਼ਤਾਰ ਕਰ ਲਿਆ ਗਿਆ। ਇਸ ਵਾਰ ਇਹ ਗਰਿਫ਼ਤਾਰੀ 'ਹਾਵੜਾ ਸਿਬਪੁਰ ਕੰਨਸਪਰੇਸੀ ਕੇਸ' ਵਿਚ ਹੋਈ। ਜਤਿਨ ਨਾਲ ਛਿਆਲੀ ਹੋਰ ਵੀ ਗਰਿਫ਼ਤਾਰ ਹੋਏ। ਇਹ ਕੇਸ ਬਾਦ ਵਿਚ 'ਹਾਵੜਾ ਗੈਂਗ ਕੇਸ' ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਮੇਜਰ ਚਾਰਜ ਸੀ ਕਿ ਜਤਿਨ ਮੁਖਰਜੀ ਤੇ ਉਸਦੀ ਪਾਰਟੀ ਬ੍ਰਿਟਿਸ਼-ਰਾਜ ਦੇ ਖਿਲਾਫ ਜੰਗ ਦਾ ਐਲਾਨ ਕਰਦੀ ਹੈ ਤੇ ਇਸ ਮਕਸਦ ਲਈ ਭਾਰਤ ਸਰਕਾਰ ਦੀ ਫੌਜੀ ਜਵਾਨਾਂ ਨੂੰ ਭੜਕਾ ਰਹੀ ਹੈ, ਖਾਸ ਤੌਰ ਤੇ ਦਸਵੀਂ ਜੱਟ ਰੈਜਮੈਂਟ ਨੂੰ । ਇਹ ਰੈਜ਼ਮੈਂਟ ਫੋਰਟ ਵਿਲੀਅਮ ਵਿਖੇ ਤਾਇਨਾਤ ਸੀ ਤੇ ਕੁਝ ਫੌਜੀ ਭਾਰਤੀ ਛਾਉਣੀਆਂ ਦੇ ਹਨ। ਜਦੋਂ ਜਤਿਨ ਨੂੰ ਹਾਵੜਾ ਜੇਲ੍ਹ ਵਿਚ ਰਖਿਆ ਗਿਆ, ਮੁਕਦਮੇ ਦੀ ਇੰਤਜਾਰ ਹੋ ਰਹੀ ਸੀ, ਜਤਿਨ ਨੇ ਜੇਲ੍ਹ ਵਿਚ ਹੀ ਕੁਝ ਕੈਦੀਆਂ ਨਾਲ ਤੇ ਪੁਰਾਣੇ ਸਾਥੀਆਂ ਨਾਲ ਸਬੰਧ ਪੈਦਾ ਕਰ ਲਏ। ਇਹ ਮੁੱਖ ਕਰਾਂਤੀਕਾਰੀ ਬੰਗਾਲ ਦੇ ਹੀ ਸਨ ਜੋ ਬੰਗਾਲ ਦੇ ਵੱਖ ਵੱਖ ਹਿੱਸਿਆਂ ਵਿਚ ਕਾਰਜ਼ਸ਼ੀਲ ਸਨ। ਜਤਿਨ ਦੇ ਵਿਦੇਸ਼ਾਂ ਵਿਚ ਪੈਦਾ ਕੀਤੇ ਸਬੰਧਾਂ ਨੇ ਜਤਿਨ ਤੱਕ ਇਹ ਸੂਚਨਾ ਪਹੁੰਚਾ ਦਿੱਤੀ ਕਿ ਬਹੁਤ ਜਲਦੀ ਫਰਾਂਸ, ਇੰਗਲੈਂਡ ਖਿਲਾਫ ਜੰਗ ਦਾ ਐਲਾਨ ਕਰਨ ਵਾਲਾ ਹੈ। ਜਤਿਨ ਇਸ ਜੰਗ ਦੇ ਹੋਣ ਨਾਲ ਮਿਲਣ ਵਾਲੇ ਮੌਕੇ ਤੇ ਬਹੁਤ ਭਰੋਸਾ ਕਰਦਾ ਸੀ ਤਾਂ ਕਿ ਫਰਾਂਸ ਤੋਂ ਹਥਿਆਰ ਪ੍ਰਾਪਤ ਕਰਕੇ, ਭਾਰਤੀ ਫੌਜੀਆਂ ਦੀ ਮਦਦ ਨਾਲ ਬ੍ਰਿਟਿਸ਼ ਸਰਕਾਰ ਖਿਲਾਫ ਵਡਾ ਧਾਵਾ ਬੋਲਿਆ ਜਾਵੇ।

## ਹਾਵੜਾ-ਸਿਬਪੁਰ ਕੰਨਸਪੀਰੇਸੀ ਕੇਸ:-

ਮੁਕਦਮਾ ਫੇਲ੍ਹ ਹੋ ਗਿਆ, ਸਰਕਾਰ ਕੋਲ ਪੁਖਤਾ ਸਬੂਤ ਹੀ ਨਹੀ ਸਨ। ਕਰਾਂਤੀਕਾਰੀਆਂ ਨੇ ਜਤਿਨ ਦੀ ਪਾਲਿਸੀ ਦਾ ਧੰਨਵਾਦ ਕੀਤਾ ਤੇ ਸ਼ੁਕਰ ਕੀਤਾ। ਜਤਿਨ ਨੇ ਕੁਝ ਇਹੋ ਜਿਹੇ ਗੈਂਗ ਬਣਾਏ ਹੋਏ ਸਨ ਜੋ ਸੰਯੁਕਤ ਜਥੇਬੰਦੀ ਨਾਲ ਸਬੰਧਿਤ ਨਹੀ ਸਨ। ਇਹ ਸਥਾਨਿਕ ਜਿਹੇ ਨਿੱਕੇ ਮੋਟੇ ਗੁਨਾਹ ਕਰਨ ਵਾਲੇ ਸਨ। ਇਹ ਇੱਕ ਤੋਂ ਜ਼ਿਆਦਾ ਵਾਰ ਵਾਚਿਆ ਗਿਆ ਕਿ ਬਿਖੇੜਾ ਖੜਾ ਕਰਨ ਵਾਲਾ ਗੈਂਗ ਇੱਕ ਆਮ ਜਿਹਾ ਗੁੰਡਾ ਗੈਂਗ ਹੈ ਜਿਸਦੇ ਸਲਾਹਕਾਰ ਤੇ ਕਈ ਹਨ ਪਰ ਇਸਦੇ ਲੀਡਰ ਛੋਟੇ ਛੋਟੇ ਟੁੱਚੇ ਹਨ। ਰਿਕਾਰਡ ਤੇ ਜੋ ਤਤ ਮੌਜੂਦ ਹਨ, ਉਨ੍ਹਾਂ ਅਨੁਸਾਰ ਇਸ ਛੁਟ ਮੁਟ ਗੈਂਗ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। 1. ਗੁਰੂ ਕਿਸਮ ਦੇ, 2. ਅਸਰ ਰਸੂਖ ਵਾਲੇ ਹਿਤੈਸ਼ੀ, 3. ਲੀਡਰ, 4. ਮੈਂਬਰ।

ਇਸ ਬਾਰੇ ਜੇ. ਸੀ. ਨਿਕਸਨ ਦੀ ਰਿਪੋਰਟ ਇਸਤਰ੍ਹਾਂ ਹੈ;-

ਭਾਵੇਂ ਇਹ ਸਪਸ਼ਟ ਹੈ ਕਿ ਇਹ ਛੋਟੇ ਨਾਮ ਤੇ ਛੋਟੇ ਗੈਂਗ ਤੇ ਉਨ੍ਹਾਂ ਦੇ ਵਖਰੇ ਮੈਂਬਰ ਵਖੋ ਵਖ ਪਾਰਟੀਆਂ ਨੂੰ ਦਿੱਤੇ ਗਏ ਹਨ ਜੋ ਵਖੋ ਵਖਰੇ ਜ਼ੁਰਮਾਂ ਨਾਲ ਸਬੰਧਿਤ

ਹਨ, ਪਰ ਇਹ ਬਿਲਕੁਲ ਸਾਫ ਹੈ ਕਿ ਇਨ੍ਹਾਂ ਦਾ ਸਬੰਧ ਕਿਤੇ ਨਾ ਕਿਤੇ ਵਡਿਆਂ ਨਾਲ ਜੁੜਦਾ ਹੈ ਜੋ ਇਨ੍ਹਾਂ ਵਖੋ ਵਖਰੇ ਗੈਂਗਾਂ ਵਿਚੋਂ ਮੈਂਬਰ ਲੈਕੇ ਕੋਈ ਵਡਾ ਕੰਮ ਕਰਦੇ ਹਨ ਤੇ ਇਹ ਸੰਮਤੀਆਂ ਇਸੇ ਕੰਮ ਲਈ ਬਹੁਤ ਗਿਣਤੀ ਵਿਚ ਬਣਾਈਆਂ ਗਈਆਂ ਹਨ। ਇਹ ਹੋ ਸਕਦਾ ਹੈ ਕਿ ਕਦੇ ਕਿਸੇ ਮੌਕੇ ਇਹ ਸਾਰੇ ਇੱਕਠੇ ਹੋਕੇ ਕੋਈ ਅਰਾਜਕਤਾ ਵਾਲਾ ਕੰਮ ਵੀ ਕਰਦੇ ਹੋਣ। ਤੇ ਇਹ ਵੀ ਅੰਦੇਸ਼ਾ ਹੈ ਕਿ ਇਹ ਸਾਰਾ ਕੁਝ ਸੋਚਿਆ ਸਮਝਿਆ ਅਡੰਬਰ ਹੈ, ਅਸਲ ਵਿਚ ਇਹ ਸਾਰੇ ਇੱਕ ਹੀ ਤਾਣੇ ਬਾਣੇ ਦਾ ਹਿੱਸਾ ਹਨ। ਬਹੁਤ ਸਾਰੇ ਨਿਰੀਖਕਾਂ ਦਾ ਮੰਨਣਾ ਹੈ ਕਿ ਇਸ ਸਾਰੇ ਪਿੱਛੇ ਜਤਿਨ ਮੁਖਰਜੀ ਹੀ ਹੈ। ਨਵੇਂ ਆਏ ਵਾਇਸਰਾਏ ਲੌਰਡ ਹਾਰਡਿੰਗਜ਼ ਨੇ ਇਸ ਬਾਰੇ ਸਪਸ਼ਟ ਤੌਰ ਤੇ ਸੈਕਟਰੀ ਔਫ ਸਟੇਟ ਅਰਲ ਕਰਿਊ ਨੂੰ ਲਿਖਿਆ ਕਿ ਜਿੱਥੋਂ ਤੱਕ ਮੁਕਦਮੇ ਦਾ ਸਬੰਧ ਹੈ ਕਿ ਪਸਾਰਾ ਭਾਵੇਂ ਕਿਤਨਾ ਵੀ ਹੋਵੇ, ਉਦਾਹਰਣ ਦੇ ਤੌਰ ਤੇ ਹਾਵੜਾ ਗੈਂਗ ਕੇਸ ਵਿਚ ਸੰਤਾਲੀ ਲੋਕਾਂ ਤੇ ਮੁਕਦਮਾ ਚਲਿਆ ਪਰ ਅਸਲ ਵਿਚ ਦੋਸ਼ੀ ਸਿਰਫ ਇੱਕ ਹੀ ਹੈ ਤੇ ਉਹ ਹੈ ਜਤਿਨ ਮੁਖਰਜੀ। ਜੇ ਅਸੀਂ ਸਾਰੇ ਤਤਾਂ ਨੂੰ ਇੱਕਠਾ ਕਰਕੇ ਸਿਰਫ ਇੱਕਲੇ ਜਤਿਨ ਮੁਖਰਜੀ ਤੇ ਹੀ ਫੋਕਸ ਕਰਦੇ, ਬਜਾਏ ਸੰਤਾਲੀ ਦੋਸ਼ੀਆਂ ਨੂੰ ਤਾਂ ਨਤੀਜਾ ਕੁਝ ਹੋਰ ਹੀ ਹੁੰਦਾ। ਇਹ ਕਿਹਾ ਜਾ ਸਕਦਾ ਸੀ ਕਿ ਇੱਕਲੇ ਜਤਿਨ ਨੇ ਬਾਕੀ ਛਿਆਲੀ ਨੌਜਵਾਨਾਂ ਨੂੰ ਗੁੰਮਰਾਹ ਕੀਤਾ। ਮਈ 28, 1911 ਨੂੰ ਹਾਰਡਿੰਗ ਨੇ ਕਬੂਲ ਕੀਤਾ ਕਿ ਦਸਵੀਂ ਜੱਟ ਰੈਜਮੈਂਟ ਕੇਸ ਹਾਵੜਾ ਗੈਂਗ ਕੇਸ ਦਾ ਕਿਸੇ ਨਾ ਕਿਸੇ ਰੂਪ ਵਿਚ ਹਿੱਸਾ ਸੀ। ਜਦੋਂ ਮੁਕਦਮਾ ਹੀ ਫੇਲ੍ਹ ਹੋ ਗਿਆ ਤਾਂ ਕਹਿ ਸਕਦੇ ਹਾਂ ਕਿਤੇ ਨਾ ਕਿਤੇ ਇਹ ਮਹਿਸੂਸ ਹੋ ਰਿਹਾ ਹੈ ਕਿ ਬੰਗਾਲ ਤੇ ਉਤਰੀ ਬੰਗਾਲ ਵਿਚ ਸਿਧਾਂਤਕ ਤੌਰ ਤੇ ਕੋਈ ਸਰਕਾਰ ਹੀ ਨਹੀ ਹੈ।

## ਨਵੀਂ ਦ੍ਰਿਸ਼ਟੀ

ਫਰਵਰੀ 1911 ਨੂੰ ਜਤਿਨ ਬਰੀ ਹੋ ਗਿਆ ਤੇ ਰਿਹਾ ਕਰ ਦਿੱਤਾ ਗਿਆ। ਇੱਕਦਮ ਜਤਿਨ ਨੇ ਅਤਵਾਦ ਨੂੰ ਥੋੜੇ ਸਮੇ ਲਈ ਤਿਲਾਂਜਲੀ ਦੇ ਦਿੱਤੀ। ਉਸਦੇ ਇਸ ਫੈਸਲੇ ਨਾਲ ਚਾਰੇ ਪਾਸੇ ਠੰਡ ਵਰਤ ਗਈ। ਇਸਤੋਂ ਇਹ ਵੀ ਸਿਧ ਹੁੰਦਾ ਹੈ ਕਿ ਜਤਿਨ ਦੀ ਜਥੇਬੰਦੀ ਤੇ ਕਿਤਨੀ ਮਜ਼ਬੂਤ ਪਕੜ ਸੀ। ਕਲਕਤੇ ਵਿਖੇ ਜਰਮਨ ਦਾ ਕਰਾਊਨ ਪਰਿੰਸ ਯਾਤਰਾ ਤੇ ਆਇਆ। ਜਤਿਨ ਪਰਿੰਸ ਨੂੰ ਮਿਲਿਆ ਤੇ ਉਸ ਕੋਲੋਂ ਵਾਇਦਾ ਲੈ ਲਿਆ ਕਿ ਜਰਮਨ ਉਨ੍ਹਾਂ ਨੂੰ ਹਥਿਆਰ ਤੇ ਗੋਲੀ ਸਿੱਕਾ ਸਪਲਾਈ ਕਰਨਗੇ। ਇਸਤੋਂ ਬਾਦ ਉਸਨੇ ਕਲਕਤਾ ਛਡਣ ਦਾ ਫੈਸਲਾ ਕੀਤਾ ਤੇ ਇਹਦੇ ਵਿਚ ਕਾਮਯਾਬ ਵੀ ਹੋਇਆ। ਉਸਨੇ ਜੈਸਰ-ਝਨਿਆਦ ਰੇਲਵੇ ਲਾਇਨ ਬਨਾਉਣ ਦਾ ਠੇਕਾ ਲੈ ਲਿਆ। ਇਸ ਨਾਲ ਉਸਨੂੰ ਇਧਰ ਉਧਰ ਜਾਣ ਦਾ ਵਧੀਆ ਬਹਾਨਾ ਮਿਲ ਗਿਆ। ਉਸਨੇ ਕਦੇ ਘੋੜੇ ਤੇ ਕਦੇ ਸਾਇਕਲ ਤੇ ਸਵਾਰ ਹੋਕੇ ਨਾ ਕੇਵਲ ਬੰਗਾਲ ਦੀਆਂ ਬਲਕਿ ਦੂਸਰੇ ਸਟੇਟਾਂ ਦੀਆਂ ਯੂਨਿਟਾ ਨੂੰ ਜਥੇਬੰਦ ਕਰਨ ਦਾ ਉਪਰਾਲ ਕਰਨਾ ਸ਼ੁਰੂ ਕਰ ਦਿੱਤਾ। ਜਤਿਨ ਨੇ ਆਪਣੇ ਪਰਿਵਾਰ ਨਾਲ ਤੀਰਥ ਯਾਤਰਾ ਦਾ ਪਰੋਗਰਾਮ ਬਣਾਇਆ ਤੇ ਹਰਦੁਆਰ ਵਿਖੇ ਆਪਣੇ ਗੁਰੂ, ਭੋਲਾਨੰਦਾ ਗਿਰੀ ਨਾਲ ਮੁਲਾਕਾਤ ਕੀਤੀ। ਜਤਿਨ ਬਾਦ ਵਿਚ ਵਰਿੰਦਾਬਨ ਗਿਆ ਤੇ

ਸਵਾਮੀ ਨਿਰਲੰਮਬਾ ਨਾਲ ਮੁਲਾਕਾਤ ਕੀਤੀ ਜੋ ਸਨਿਆਸ ਲੈਣ ਤੋਂ ਪਹਿਲਾਂ ਇੱਕ ਮਸ਼ਹੂਰ ਕਰਾਂਤੀਕਾਰੀ ਜਤਿੰਦਰ ਨਾਥ ਬੈਂਨਰਜੀ ਸੀ। ਜੋ ਹੁਣ ਵੀ ਨੋਰਥ ਇੰਡੀਆ ਵਿਚ ਸ੍ਰੀ ਅਰਬਿੰਦੋ ਦੇ ਸਿਧਾਤਾਂ ਦਾ ਪ੍ਰਚਾਰ ਕਰਦਾ ਸੀ।

ਸਵਾਮੀ ਨਿਰਲੰਮਬਾ ਨੇ ਜਤਿਨ ਨੂੰ ਆਪਣੀ ਉਸਾਰੀਆਂ ਯੁਨਿਟਾਂ ਤੇ ਉਨ੍ਹਾਂ ਦੇ ਸਬੰਧਾਂ ਦਾ ਅਤਾ ਪਤਾ ਦਿੱਤਾ। ਇਹ ਸਬੰਧ ਉਤਰ ਪ੍ਰਦੇਸ਼ ਤੇ ਪੰਜਾਬ ਤੱਕ ਫੈਲੇ ਹੋਏ ਸਨ। ਇਨ੍ਹਾਂ ਇਲਾਕਿਆਂ ਦੀਆਂ ਕਰਾਂਤੀਕਾਰੀ ਗਤੀਵਿਧੀਆਂ ਨੂੰ ਰਾਸ ਬਿਹਾਰੀ ਬੋਸ ਤੇ ਉਸਦਾ ਸਾਥੀ ਲਾਲਾ ਹਰਦਿਆਲ ਚਲਾਉਂਦੇ ਸਨ। ਆਪਣੀ ਤੀਰਥ ਯਾਤਰਾ ਤੋਂ ਮੁੜਕੇ ਯੁਗੰਤਰ ਪਾਰਟੀ ਨੂੰ  ਮੁੜ ਨਵੀਆਂ ਲੀਹਾਂ ਤੇ ਸੁਰਜੀਤ ਕਰਨ ਦਾ ਹੀਲਾ ਸ਼ੁਰੂ ਕਰ ਦਿੱਤਾ। 1913, ਦਮੋਦਰ ਹੜ੍ਹਾਂ ਦੌਰਾਨ, ਖਾਸ ਤੌਰ ਤੇ ਜਿਲ੍ਹਾ ਬਰਦਵਾਨ ਤੇ ਮਿਦਨਾਪੁਰ ਵਿਖੇ ਰਲੀਫ ਕੰਮ ਸ਼ੁਰੂ ਕਰ ਦਿੱਤਾ। ਇਸ ਨਾਲ ਵਖੋ ਵਖਰੇ ਗਰੁਪਾਂ ਨੇ ਇਸ ਕੰਮ ਵਿਚ ਜਤਿਨ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਜਤਿਨ ਨੇ ਕਦੇ ਵੀ ਆਪਣੇ ਆਪ ਨੂੰ ਲੀਡਰ ਨਹੀ ਕਿਹਾ ਪਰ ਸਾਰੇ ਜਿਲ੍ਹਿਆਂ ਦੇ ਪਾਰਟੀ ਲੀਡਰਾਂ ਨੇ ਉਸਦੀ ਅਗਵਾਈ ਸਵੀਕਾਰੀ ਹੋਈ ਸੀ।

ਜਤਿਨ ਦੇ ਹੜ੍ਹ ਮਾਰੇ ਇਲਾਕਿਆਂ ਵਿਚ ਰਲੀਫ ਕੰਮਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ, ਰਾਸ ਬਿਹਾਰੀ ਬੋਸ ਵੀ ਬਨਾਰਸ ਛਡ ਜਤਿਨ ਦਾ ਹੱਥ ਵੰਡਾਉਣ ਆ ਗਿਆ। ਜਤਿਨ ਦੇ ਸਹਿਯੋਗ ਨਾਲ  ਬੋਸ ਦੀ ਕਰਾਂਤੀਕਾਰੀ ਲਗਨ ਨੂੰ ਇੱਕ ਨਵੀਂ ਦਿਸ਼ਾ ਮਿਲ ਗਈ। ਉਸਨੂੰ ਇੱਕ ਅਸਲੀ ਲੀਡਰ ਮਿਲ ਗਿਆ ਸੀ। 1913 ਦੇ ਸਾਲ-ਅੰਤ ਦੌਰਾਨ, ਬੋਸ ਜਤਿਨ ਨੂੰ ਮਿਲਿਆ ਤੇ ਭਾਰਤ ਪਧਰ ਤੇ 1857 ਦੀ ਪਧਰ ਦਾ ਹਥਿਆਰ ਬੰਦ ਘੋਲ ਦੀਆਂ ਸੰਭਾਵਨਾਵਾਂ ਦਾ ਮਾਮਲਾ ਵਿਚਾਰਿਆ। ਜਤਿਨ ਦੀਆਂ ਭਖਦੀਆਂ ਉਤਸ਼ਾਹੀ ਗੱਲਾਂ ਤੇ ਉਸਦੇ ਵਿਅਕਤੀਤਵ ਨੇ ਬੋਸ ਤੇ ਬਹੁਤ ਅਸਰ ਕੀਤਾ। ਬੋਸ ਨੇ ਨਵੇਂ ਸਿਰਿਉਂ ਕਲਕਤੇ ਦੇ ਫੋਰਟ ਵਿਲੀਅਮ ਤੇ ਤਾਇਨਾਤ ਭਾਰਤੀ ਅਫਸਰਾਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਵਿਖਰੀਆਂ ਹੋਈਆਂ ਤਾਕਤਾਂ ਨੂੰ ਨਵੇਂ ਸਿਰਿਉਂ ਵਿਉਂਤਣ ਲਈ ਬੋਸ ਬਨਾਰਸ ਮੁੜ ਆਇਆ। ਇਸਤੋਂ ਪਹਿਲਾਂ ਭਾਰਤੀ ਫੌਜੀਆਂ ਵਿਚ ਮੁਢਲੀ ਕਾਰਵਾਈ ਦੀ ਰੂਹ ਫੂਕੀ ਜਾ ਚੁੱਕੀ ਸੀ।

ਵਿਦੇਸ਼ਾਂ ਵਿਚ ਖਾਸ ਕਰਕੇ ਯੋਰਪ ਤੇ ਅਮਰੀਕਾ, ਖਿਲਰੇ ਹੋਏ ਭਾਰਤੀ ਕਰਾਂਤੀਕਾਰੀਆਂ ਨੂੰ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਵੀ ਆਰੰਭ ਹੋ ਗਈਆਂ। ਜਤਿਨ ਦਾ ਪ੍ਰਭਾਵ ਅੰਤਰ-ਰਾਸ਼ਟਰੀ ਸੀ। ਬੰਗਾਲੀ ਬੈਸਟ ਸੈਲਰ ਲੇਖਕ, ਧੰਨ ਗੋਪਾਲ ਮੁਕਰਜੀ ਨਿਉ ਯੋਰਕ ਵਿਚ ਰਹਿੰਦਾ ਸੀ। ਉਸਨੇ ਕੁਝ ਇੰਝ ਲਿਖਿਆ  'ਅਸੀਂ ਸਰਕਾਰ ਦੇ ਮਦਦਗਾਰ ਸਾਂ। ਪਰ ਸਰਕਾਰ ਨੇ ਪੁਲੀਸ ਨੂੰ ਬਹੁਤ ਤਾਕਤਾਂ ਦੇ ਦਿੱਤੀਆਂ ਤੇ ਪੁਲੀਸ ਨੇ ਸਾਡੇ ਖਿਲਾਫ ਜਹਾਦ ਹੀ ਵਿੱਢ ਦਿੱਤਾ। ਉਹ ਸਾਨੂੰ ਅਰਾਜਕਤਾਵਾਦੀ ਸਿਧ ਕਰਕੇ ਦੁਨੀਆਂ ਦੀਆਂ ਨਜ਼ਰਾਂ ਵਿਚ ਸਦਾ ਲਈ ਗਿਰਾਉਣਾ ਚਾਹੁੰਦੇ ਸਨ। ਸਾਨੂੰ ਵਿਰੋਧ ਕਰਨ ਲਈ ਮਜ਼ਬੂਰ ਹੋਣਾ ਪਿਆ। ਮੇਰਾ ਇੱਕ ਕਜ਼ਨ ਹੈ ਜਤਿਨ—ਜਿਸਨੇ ਇੱਕ ਵਾਰ ਇੱਕਲੇ ਨੇ ਹੀ ਚੀਤੇ ਨੂੰ ਆਪਣੇ ਡੈਗਰ ਨਾਲ ਮਾਰ ਦਿੱਤਾ ਸੀ। ਉਸਨੂੰ ਬਾਘਾ ਜਤਿਨ ਵੀ ਕਿਹਾ

ਜਾਂਦਾ ਹੈ। ਉਹ ਬਹੁਤ ਜਿੰਦਾ ਦਿਲ ਇਨਸਾਨ ਹੈ। ਜ਼ੁਲਮ ਤੇ ਬਰਦਾਸ਼ਤ ਹੀ ਨਹੀ ਕਰ ਸਕਦਾ। ਉਹ ਸਾਡਾ ਲੀਡਰ ਹੈ। ਉਹ ਲਗਾਤਾਰ ਰੱਬ ਨੂੰ ਦਸ ਦਿਨ ਤੱਕ ਧਿਆ ਸਕਦਾ ਹੈ। ਸਰਕਾਰ ਨੇ ਉਹਦੇ ਵਾਸਤੇ ਪਰਲੋ ਹੀ ਲੈ ਆਂਦੀ ਹੈ ਜਦੋਂ ਸਰਕਾਰ ਨੂੰ ਪਤਾ ਲੱਗਾ ਕਿ ਜਤਿਨ ਸਾਡਾ ਸਿਰਤਾਜ ਹੈ'।

1907 ਤੋਂ ਹੀ ਜਤਿਨ ਦਾ ਦੂਤ, ਤਾਰਕ ਨਾਥ ਦਾਸ ਜਥੇਬੰਦੀ ਦਾ ਕੰਮ ਕਰ ਰਿਹਾ ਸੀ ਤੇ ਉਸਦੇ ਸਾਥੀ ਸਨ ਗੁਰਨ ਦਿੱਤ ਕੁਮਾਰ ਤੇ ਸੁਰਿੰਦਰ ਮੋਹਨ ਬੋਸ। ਉਹ ਭਾਰਤੀ ਪ੍ਰਵਾਸੀਆਂ ਲਈ ਰਾਤ ਦਾ ਸਕੂਲ ਚਲਾਉਂਦੇ ਸਨ। ਇਨ੍ਹਾਂ ਪ੍ਰਵਾਸੀਆਂ ਵਿਚ ਬਹੁਤ ਸਿੱਖ ਤੇ ਹਿੰਦੂ ਸਨ। ਇਹ ਜ਼ਿਆਦਾ ਤਰ ਵੈਨਕੂਵਰ ਤੇ ਸੈਨ ਫਰਾਂਸਿਸਕੋ ਰਹਿੰਦੇ ਸਨ। ਕੁਝ ਸ਼ਿਆਟਲ ਤੇ ਪੋਰਟਲੈਂਡ ਵੀ ਰਹਿੰਦੇ ਸਨ। ਇਨ੍ਹਾਂ ਨੂੰ ਸਧਾਰਣ ਅੰਗਰੇਜੀ ਪੜ੍ਹਨੀ ਤੇ ਲਿਖਣੀ ਸਿਖਾਈ ਜਾਂਦੀ ਸੀ। ਇਸਦੇ ਨਾਲ ਨਾਲ ਉਨ੍ਹਾਂ ਨੂੰ ਅਮਰੀਕਾ ਰਹਿੰਦਿਆਂ ਉਨ੍ਹਾਂ ਦੇ ਹੱਕਾਂ ਬਾਰੇ ਵੀ ਦਸਿਆ ਜਾਂਦਾ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਭਾਰਤ ਪ੍ਰਤੀ ਆਪਣੀ ਜ਼ਿੰਮੇਵਾਰੀ ਤੇ ਫਰਜ਼ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਸੀ। ਦੋ ਰਸਾਲੇ ਵੀ ਕਢੇ ਜਾਂਦੇ ਸਨ;- ਫਰੀ ਹਿੰਦੋਸਤਾਨ, ਇਹ ਅੰਗਰੇਜੀ ਵਿਚ ਨਿਕਲਦਾ ਸੀ ਤੇ ਇਸਨੂੰ ਸਥਾਨਕ ਏਰੀਸ਼ ਕਰਾਂਤੀਕਾਰੀਆਂ ਵਲੋਂ ਸਪੌਨਸਰ ਕੀਤਾ ਜਾਂਦਾ ਸੀ। ਦੂਜਾ ਰਸਾਲਾ ਸੀ 'ਸਵਦੇਸ਼ ਸੇਵਕ' ਇਹ ਪੰਜਾਬੀ ਵਿਚ ਨਿਕਲਦਾ ਸੀ। ਇਹ ਰਸਾਲੇ ਦਿਨੋ ਦਿਨ ਮਸ਼ਹੂਰ ਹੋ ਰਹੇ ਸਨ। ਇਨ੍ਹਾ ਦਾ ਕਲਕਤਾ ਤੇ ਲੰਡਨ ਨਾਲ ਲਗਾਤਾਰ ਸੰਪਰਕ ਬਣਿਆ ਹੋਇਆ ਸੀ। ਜਿਥੋਂ ਇਸਦਾ ਪ੍ਰਬੰਧ ਸ਼ਿਆਮਜੀ ਕ੍ਰਿਸ਼ਨਾ ਵਰਮਾ ਕਰਦਾ ਸੀ। ਤਾਰਕਨਾਥ ਦਾਸ ਲਗਾਤਾਰ ਸਾਰੀ ਦੁਨੀਆਂ ਵਿਚ ਵਸੀਆਂ ਮੁੱਖ ਹਸਤੀਆਂ ਨੂੰ ਲਿਖਕੇ ਸੂਚਿਤ ਕਰਦਾ ਰਹਿੰਦਾ ਸੀ। ਇਨ੍ਹਾਂ ਮੁੱਖ ਹਸਤੀਆਂ ਵਿਚ ਲਿਉ ਟਾਲਸਟਾਏ ਤੇ ਐਮੋਂ ਦੀ ਵਲੇਰਾ ਵੀ ਸ਼ਾਮਲ ਸਨ।

ਮਈ, 1913 ਜਤਿਨ ਲਹਿਰੀ ਜੋ ਜਤਿਨ ਮੁਖਰਜੀ ਦਾ ਅਮਰੀਕਾ ਵਿਚ ਦੂਤ ਸੀ, ਦੇ ਕਹਿੰਣ ਤੇ ਲਾਲਾ ਹਰਦਿਆਲ ਨੇ ਆਪਣੀ ਯੁਨੀਵਰਸਿਟੀ ਔਫ ਬਰਕਲੇ ਦੀ ਨੌਕਰੀ ਛਡ ਦਿੱਤੀ। ਲਾਲਾ ਹਰਦਿਆਲ ਦਾ ਇੱਕ ਟੂਰ ਬਣਾਇਆ ਗਿਆ ਤਾਂ ਕਿ ਉਹ ਭਾਰਤੀ ਪ੍ਰਵਾਸੀਆਂ ਦੇ ਮੁੱਖ ਸੈਂਟਰਾਂ ਤੇ ਲੈਕਚਰ ਦੇਣ ਦਾ ਕੰਮ ਆਰੰਭ ਸਕੇ। ਆਪਣੀ ਦੇਸ਼ ਭਗਤੀ ਦੀ ਭਾਵਨਾ ਤਹਿਤ, ਲਾਲਾ ਹਰਦਿਆਲ ਨੇ ਖੁਲੇਆਮ ਭਾਰਤ ਦੇ ਬ੍ਰਿਟਿਸ਼ ਰੂਲ ਖਿਲਾਫ ਬਗਾਵਤ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਸੈਨ ਫਰਾਂਸਿਸਕੋ ਦੇ ਭਾਰਤੀ ਖਾੜਕੂਆਂ ਨੇ ਇਸਦਾ ਭਰਪੂਰ ਸਵਾਗਤ ਕੀਤਾ। ਨਵੰਬਰ 1913 ਨੂੰ ਲਾਲਾ ਹਰਦਿਆਲ ਨੇ 'ਗਦਰ' ਨਾਮ ਦਾ ਰਸਾਲਾ ਕਢਣਾ ਸ਼ੁਰੂ ਕਰ ਦਿੱਤਾ। ਸ੍ਰੀ ਅਰਬਿੰਦੋ ਨੂੰ ਸਮਰਪਿਤ ਯੁਗੰਤਰ ਆਸ਼ਰਮ ਸਥਾਪਿਤ ਕਰ ਲਿਆ। ਸਿੱਖ ਭਾਈਚਾਰਾ ਵੀ ਇਸਤਰ੍ਹਾਂ ਅੰਦੋਲਨ ਵਿਚ ਸ਼ਾਮਲ ਹੋ ਗਿਆ।

## ਪਹਿਲੀ ਸੰਸਾਰ ਜੰਗ

ਸਤੰਬਰ 1914 ਨੂੰ ਪਹਿਲੀ ਸੰਸਾਰ ਜੰਗ ਫੁਟ ਪਈ। ਅੰਤਰ-ਰਾਸ਼ਟਰੀ ਪਰੋ-ਇੰਡੀਆ ਕਮੇਟੀ ਜਿਉਰਿਗ ਵਿਖੇ ਹੋਂਦ ਵਿਚ ਆਈ। ਬਹੁਤ ਛੇਤੀ ਹੀ ਇਸਨੂੰ ਵਡੀ

ਬੌਡੀ, 'ਬਰਲਿਨ ਕਮੇਟੀ' ਜਾਂ 'ਇੰਡੀਅਨ ਇੰਡੀਪੈਂਨਡੈਂਸ ਪਾਰਟੀ ਵਿਚ ਵਲੀਨ ਕਰ ਦਿੱਤਾ ਗਿਆ। ਇਸਦੀ ਅਗਵਾਈ ਵਰਿੰਦਰ ਨਾਥ ਚਟੋਪਾਧਿਆ ਨੇ ਕੀਤੀ। ਜਰਮਨ ਸਰਕਾਰ ਨੇ ਇਸਨੂੰ ਮਾਨਤਾ ਦਿੰਦਿਆਂ ਇਸਦੀ ਮਦਦ ਕਰਨ ਦਾ ਐਲਾਨ ਕਰ ਦਿੱਤਾ। ਇਸਦੇ ਮੈਬਰ ਵਿਦੇਸ਼ਾਂ ਵਿਚ ਵਸਦੇ ਪ੍ਰਸਿਧ ਕਰਾਂਤੀਕਾਰੀ ਸਨ, ਜਿਨ੍ਹਾਂ ਵਿਚ ਗਦਰ ਪਾਰਟੀ ਦੇ ਨੇਤਾ ਸ਼ਾਮਲ ਸਨ। ਗਦਰ ਪਾਰਟੀ ਦੇ ਯੋਧਿਆਂ ਨੇ ਭਾਰਤ ਵਲ ਮੁਹਾਰਾਂ ਘਤ ਦਿੱਤੀਆਂ। ਉਨ੍ਹਾਂ ਦਾ ਉਦੇਸ਼ ਸੰਸਾਰ ਜੰਗ ਦੌਰਾਨ ਭਾਰਤ ਵਿਚ ਹੋਣ ਵਾਲੀ ਵਡੀ ਕਰਾਂਤੀ ਵਿਚ ਸ਼ਾਮਲ ਹੋਣਾ ਸੀ। ਇਹ ਸ਼ਮੂਲੀਅਤ ਜਰਮਨ ਸਰਕਾਰ ਵਲੋਂ ਮੁਹਈਆ ਕੀਤੇ ਹਥਿਆਰਾਂ, ਗੋਲੀ ਸਿੱਕਾ ਤੇ ਫੰਡਾਂ ਨਾਲ ਹੋਣੀ ਸੀ। ਜਿਸ ਬਾਰੇ ਜਰਮਨ ਸਰਕਾਰ ਨੇ ਵਾਇਦਾ ਕੀਤਾ ਸੀ। ਇਹ ਸਲਾਹ ਬਰਲਨ ਰਾਜਦੂਤ ਬਰਨਸਟੌਰਫ ਨੇ ਵਸ਼ਿੰਗਟਨ ਵਿਖੇ ਦਿੱਤੀ ਸੀ। ਉਸ ਵਕਤ ਉਸ ਨਾਲ ਉਸਦਾ ਮਿਲਟਰੀ ਅਟੈਚੀ ਵੌਨ ਪੇਪਨ ਵੀ ਸੀ। ਹਥਿਆਰਾਂ ਦੇ ਸਾਜੋ ਸਮਾਨ ਦੀ ਕੰਨਸਾਈਨਮੈਂਟ ਕੈਲੋਫੋਰਨੀਆਂ ਤੋਂ ਬੰਗਾਲ ਦੀ ਖਾੜੀ ਵਿਚ ਜਾਣੀ ਸੀ।

ਇਹ ਕੋਸ਼ਿਸ਼ਾਂ ਸਿਧੀਆਂ ਯੁਗੰਤਰ ਆਸ਼ਰਮ ਨਾਲ ਜੁੜੀਆਂ ਹੋਈਆਂ ਸਨ ਤੇ ਇਸਦੀ ਅਗਵਾਈ ਜਤਿਨ ਕਰ ਰਿਹਾ ਸੀ। ਇਸ ਯੋਜਨਾ ਦਾ ਮਕਸਦ ਹਥਿਆਰਬੰਦ ਘੋਲ ਰਾਹੀਂ ਅੰਗਰੇਜ਼ ਸ਼ਾਹੀ ਦਾ ਖਾਤਮਾ ਕਰਨਾ ਸੀ। ਰਾਸ ਬਿਹਾਰੀ ਬੋਸ ਨੇ ਇਸ ਯੋਜਨਾ ਨੂੰ ਉਤਰ ਪ੍ਰਦੇਸ਼ ਤੇ ਪੰਜਾਬ ਵਿਚ ਸਿਰੇ ਚੜਾਉਂਣਾ ਸੀ। ਅੰਤਰ-ਰਾਸ਼ਟਰੀ ਪੱਧਰ ਦੀ ਇਹ ਸੰਯੁਕਤ ਕਾਰਵਾਈ ਜਤਿਨ ਦੀ ਪਲੈਂਨ ਤੇ ਫੋਕਸ ਸੀ। ਇਸ ਨੂੰ ਜਤਿਨ ਦੀ 'ਜਰਮਨ ਪਲਾਟ'ਦੇ ਰੂਪ ਵਿਚ ਜਾਣਿਆਂ ਜਾਂਦਾ ਸੀ। ਦੂਜੇ ਨਾਮ ਵੀ ਸਨ ਜਿਵੇਂ;- 'ਇੰਡੋ-ਜਰਮਨ ਕੰਨਸਪੀਰੇਸੀ' ਤੇ 'ਜ਼ਿਮਰਮੈਨ ਪਲੈਨ'। ਯੁਗੰਤਰ ਪਾਰਟੀ ਨੇ ਫੰਡ ਇੱਕਠੇ ਕਰਨ ਲਈ ਹਥਿਆਰਾਂ ਨਾਲ ਡਾਕੇ ਮਾਰਨ ਦਾ ਕੰਮ ਆਰੰਭ ਦਿੱਤਾ ਸੀ। ਜਿਸਨੂੰ 'ਟੈਕਸੀਕੈਬ ਡਕੈਤੀ' ਕਿਹਾ ਜਾਂਦਾ ਸੀ।

ਚਾਰਲਸ ਟੈਗਰਟ ਆਪਣੀ 'ਰਿਪੋਰਟ ਨੰਬਰ 'ਵੀ' ਵਿਚ ਇਸ ਵਰਤਾਰੇ ਦੀ ਸੰਸਥਾ ਨੂੰ ਇੱਕ ਹੰਢਿਆ ਹੋਇਆ ਵਰਤਾਰਾ ਕਹਿੰਦਾ ਹੈ, ਜਿਸਨੇ ਕੁਝ ਹੱਦ ਤੱਕ ਸਫਲਤਾ ਪ੍ਰਾਪਤ ਕਰ ਲਈ ਸੀ। ਕਰਾਂਤੀਕਾਰੀਆਂ ਤੇ ਸਿੱਖ ਫੌਜੀ ਜਿਹੜੇ ਉਸ ਵਕਤ ਦਕਸ਼ਨਸ਼ੀਵਰ ਵਿਖੇ ਤਾਇਨਾਤ ਸਨ ਦੇ ਆਪਸ ਵਿਚ ਤਾਰ ਜੁੜ ਚੁੱਕੇ ਸਨ। ਜਤਿਨ ਮੁਖਰਜੀ ਤੇ ਸਤਿਅੰਦਰ ਸੇਨ, ਇਨ੍ਹਾਂ ਸਿਖ ਫੌਜੀਆਂ ਨਾਲ ਮੁਲਾਕਾਤ ਕਰਦੇ ਵੇਖੇ ਗਏ। ਸਤਿਅੰਦਰ ਸੇਨ ਪਿੰਗਲੇ ਨਾਲ ਇੰਡੀਆ ਆਇਆ ਸੀ। ਉਨ੍ਹਾਂ ਦਾ ਮਿਸ਼ਨ ਫੌਜੀਆਂ ਅੰਦਰ ਚੇਤਨਾ ਭਰਕੇ ਉਨ੍ਹਾਂ ਨੂੰ ਕਰਾਂਤੀ ਲਈ ਤਿਆਰ ਕਰਨਾ ਸੀ। ਪਿੰਗਲੇ ਬੰਬਾਂ ਨਾਲ ਪੰਜਾਬ ਵਿਚ ਗਰਿਫਤਾਰ ਹੋ ਗਿਆ ਤੇ ਫਾਂਸੀ ਤੇ ਲਟਕਾ ਦਿੱਤਾ ਗਿਆ। ਜਦੋਂ ਕਿ ਸਤਿਅਨ ਨੂੰ ਜੇਲ੍ਹ ਵਿਚ ਡਕ ਦਿੱਤਾ ਗਿਆ। ਜਤਿਨ ਦੀਆਂ ਲਿਖਤੀ ਹਦਾਇਤਾਂ ਅਨੁਸਾਰ ਪਿੰਗਲੇ ਤੇ ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਸ ਨੂੰ ਮਿਲੇ।

ਪੁਲੀਸ ਦੀਆਂ ਤੇਜ਼ ਗਤੀਵਿਧੀਆਂ ਨੂੰ ਦੇਖਦੇ ਹੋਏ ਯਗੁੰਤਰ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੇ ਸੁਝਾ ਦਿੱਤਾ ਕਿ ਜਤਿਨ ਨੂੰ ਕਿਸੇ ਲੁਕਵੀਂ ਥਾਂ ਤੇ ਚਲੇ ਜਾਣਾ ਚਾਹੀਦਾ ਹੈ।

ਉੜੀਸਾ  ਦੇ ਬਾਲਾਸੋਰ ਕੰਢੇ ਨੂੰ ਢੁਕਵਾਂ ਸਥਾਨ ਸਮਝਿਆ ਗਿਆ। ਇਹ ਉਸ ਜਗ੍ਹਾ ਦੇ ਵੀ ਨਜ਼ਦੀਕ ਸੀ ਜਿੱਥੇ ਜਰਮਨ ਦੇ ਹਥਿਆਰ ਪਹੁੰਚਣੇ ਸਨ। ਜਤਿਨ ਨੂੰ ਸੂਚਨਾਵਾਂ ਦੇਣ ਲਈ ਢੁਕਵੇਂ ਪ੍ਰਬੰਧਾਂ ਤਹਿਤ ਇੱਕ ਬਿਜ਼ਨਿਸ ਹਾਉਸ ਨੂੰ ਚੁਣਿਆ ਗਿਆ ਜਿਸਦਾ ਨਾਮ 'ਯੁਨੀਵਰਸਲ ਇੰਮਪੋਰੀਅਮ'ਰਖਿਆ ਗਿਆ। ਕਾਗਜ਼ਾਂ ਵਿਚ ਇਹ ਕਲਕਤਾ ਵਿਖੇ 'ਹੈਰੀ ਐਂਡ ਸੰਨਜ਼' ਦੀ ਬਰਾਂਚ ਸੀ। ਇੱਥੇ ਹੀ ਪ੍ਰਦੇਸ਼ ਬੈਠੇ ਕਰਾਂਤੀਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਜਾਣਾ ਸੀ।

ਉੜੀਸਾ ਪਹੁੰਚ, ਅਪ੍ਰੈਲ 1915 ਨੂੰ ਜਤਿਨ ਨੇ ਆਪਣੇ ਸਾਥੀ ਨਰੈਨ ਭਟਾਚਾਰੀਆ ਨੂੰ ਬਟਾਵੀਆ ਭੇਜਿਆ ਤਾਂ ਕਿ ਜਰਮਨ ਅਥਾਰਟੀ ਨਾਲ ਫਾਇਨਲ ਗੱਲ ਕੀਤੀ ਜਾ ਸਕੇ। ਫੰਡ ਤੇ ਹਥਿਆਰਾਂ ਦੀ ਸਪਲਾਈ ਲਈ  ਕੰਮ ਨੂੰ  ਸਿਰੇ ਲਾਇਆ ਜਾ ਸਕੇ। ਨਰੇਨ ਜਰਮਨ ਕੌਂਸਲ ਥਿਉਡੋਰ ਨੂੰ ਮਿਲਿਆ। ਜਿਸਨੇ ਯਕੀਨ ਦਵਾਇਆ ਕਿ  ਹਥਿਆਰਾਂ ਤੇ ਗੋਲੀ ਸਿੱਕੇ ਦਾ ਸ਼ਿਪ ਪਹਿਲਾਂ ਹੀ ਰਵਾਨਾ ਹੋ ਚੁੱਕਾ ਹੈ।

## ਚੈੱਕ ਰਿਪਬਲਿਕ ਦੇ ਕਰਾਂਤੀਕਾਰੀ

ਸਾਰੇ ਪਲੌਂਟ ਦਾ ਭੇਦ ਖੁਲ ਗਿਆ ਤੇ ਇਹ ਕਾਰਾ ਚੈੱਕ ਰਿਪਬਲਿਕ ਦੇ ਕਰਾਂਤੀਕਾਰੀਆਂ ਵਲੋਂ ਕੀਤਾ ਗਿਆ, ਜਿਨ੍ਹਾਂ ਦਾ ਸਬੰਧ ਆਪਣੇ ਅਮਰੀਕਾ ਵਿਚਲੇ ਸਾਥੀਆਂ ਨਾਲ ਸੀ। ਅਮੈਨੂਅਲ ਵਿਕਟਰ ਵੋਸਕਾ ਨੇ ਚੈੱਕ ਰਿਪਬਲਿਕ ਦੇ ਘਟ ਗਿਣਤੀ ਦੇ ਚੈੱਕ ਦੇਸ਼ ਭਗਤਾਂ ਦੀ ਸੰਸਥਾ ਬਣਾਈ ਸੀ। ਇਹ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦੀ ਗੱਲ ਹੈ। ਉਹ ਅਮਰੀਕਾ ਵਿਚਲੇ ਗਰੁਪਾਂ ਦੀ ਪੂਰੀ ਖਬਰ ਰਖਦੇ ਸਨ। ਉਹ ਜਰਮਨ ਤੇ ਆਸਟੀਰਅਨ ਡਿਪਲੋਮੈਟਸ ਦੇ ਅਮਰੀਕਾ ਵਿਰੁਧ ਹੋਏ ਛੜਯੰਤਰ ਦੀ ਜਾਸੂਸੀ ਕਰਦੇ ਸਨ। ਰੋਜ਼ ਹੈਡਵਿਕ ਜੋ ਅਮਰੀਕਾ ਦਾ ਪਬਲਿਸ਼ਰ ਸੀ ਤੇ ਚੈੱਕ ਰਿਪਬਲਿਕ ਦਾ ਬਸ਼ਿੰਦਾ ਸੀ ਨੇ ਆਪਣੀ ਕਿਤਾਬ ਵਿਚ ਇਹ ਗੱਲ ਤਸਲੀਮ ਕੀਤੀ ਹੈ। ਕਿਤਾਬ ਦਾ ਨਾਮ ਹੈ 'ਸਪਾਈ ਐਂਡ ਕਾਉਂਟਰ ਸਪਾਈ' ਇਸ ਕਿਤਾਬ ਵਿਚ ਉਸਦਾ ਕਹਿੰਣਾ ਹੈ ਕਿ ਜੇ ਵਿਕਟਰ ਵੋਸਕਾ ਇਸ ਮੌਕੇ ਦਾ ਇਤਿਹਾਸ ਨਾ ਬਦਲ ਦਿੰਦਾ  ਤਾਂ ਭਾਰਤ ਦਾ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਜਗ੍ਹਾ ਬਾਘਾ ਜਤਿਨ ਹੁੰਦਾ। ਬਾਘਾ ਜਤਿਨ ਇੰਡੀਆ ਨੂੰ ਅਜ਼ਾਦ ਵੇਖਣਾ ਚਾਹੁੰਦਾ ਸੀ ਤੇ ਇਸੇ ਕਰਕੇ ਉਸਨੇ ਜਰਮਨ ਨਾਲ ਸਾਂਝ ਪਾਈ ਸੀ ਤਾਂ ਕਿ ਉਨ੍ਹਾਂ ਕੋਲੋਂ ਹਥਿਆਰ ਤੇ ਹੋਰ ਮਦਦ ਲਈ ਜਾ ਸਕੇ। ਵੋਸਕਾ ਨੂੰ ਇਸਦੀ ਖਬਰ ਆਪਣੇ ਸਰੋਤਾਂ ਤੋਂ ਮਿਲ ਗਈ ਸੀ। ਉਹ ਪਰੋ-ਅਮਰੀਕਨ, ਪਰੋ-ਬ੍ਰਿਟਿਸ਼ ਤੇ ਐਂਟੀ-ਜਰਮਨ ਸੀ, ਇਸਲਈ ਉਸਨੇ ਇਸਦੀ ਸੂਹ ਟੀ.ਜੀ.ਮਾਸਾਰੈਕ ਨੂੰ ਦੇ ਦਿੱਤੀ। ਮਾਸਾਰੈਕ ਨੇ ਫੁਰਤੀ ਤੋਂ ਕੰਮ ਲਿਆ ਤੇ ਸਾਰੇ ਪ੍ਰਬੰਧ ਨੂੰ ਇਸ ਬਾਰੇ  ਸੂਚਿਤ ਕਰ ਦਿੱਤਾ। ਅਮਰੀਕਾ ਤੋਂ ਇਹ ਖਬਰ ਬ੍ਰਿਟਿਸ਼ ਨੂੰ ਮਿਲ ਗਈ। ਮਾਸਾਰੈਕ ਨੇ  ਆਪਣੀ ਕਿਤਾਬ ਮੇਕਿੰਗ ਔਫ ਏ ਸਟੇਟ ਦੇ ਅੰਗਰੇਜ਼ੀ ਵਰਸ਼ਨ ਵਿਚ ਇਹ ਸਾਰਾ ਕੁਝ ਸ਼ਾਮਲ ਕੀਤਾ ਹੈ।

## ਬਾਘਾ ਜਤਿਨ ਦੀ ਮੌਤ:-

ਜਿਉਂ ਹੀ ਅਮਰੀਕਾ ਤੋਂ ਖਬਰ ਬ੍ਰਿਟਿਸ਼ ਅਧਿਕਾਰੀਆਂ ਨੂੰ ਮਿਲੀ, ਉਨ੍ਹਾਂ ਨੇ ਆਪਣੀ ਪੁਲੀਸ ਨੂੰ ਚੌਕਸ ਕਰ ਦਿੱਤਾ। ਖਾਸ ਤੌਰ ਤੇ ਗੰਗਾ ਦੇ ਡੈਲਟਾ ਇਲਾਕੇ ਵਿਚ। ਨੋਆਖਾਲੀ-ਚਿਟਾਗਾਂਗ ਦੇ ਉੜੀਸਾ ਵੱਲ ਪੈਂਦੇ, ਸਮੁੰਦਰ ਦੇ ਸਾਰੇ ਈਸਟਰਨ ਕੋਸਟ ਸੀਲ ਕਰ ਦਿੱਤੇ ਗਏ। ਹੈਰੀ ਐਂਡ ਸੰਨਜ਼ ਤੇ ਛਾਪਾ ਮਾਰਿਆ ਗਿਆ ਤੇ ਉਸਦੀ ਤਲਾਸ਼ੀ ਲਈ ਗਈ। ਪੁਲੀਸ ਨੂੰ ਉਥੋਂ ਕਾਪਟੀਪਾਡਾ ਪਿੰਡ ਦਾ ਸੁਰਾਖ ਮਿਲ ਗਿਆ। ਜਤਿਨ, ਮਨੋਰੰਜਨ ਸੇਨ ਗੁਪਤਾ ਤੇ ਚਿੱਟਾਪਿਰਿਆ ਰਾਏ ਚੌਧਰੀ ਉਥੇ ਹੀ ਰਹਿੰਦੇ ਸੀ। ਪੁਲੀਸ ਦੇ ਇੰਟੈਲੀਜੈਂਸ ਡਿਪਾਰਟਮੈਂਟ ਬਾਲਾਸੋਰ ਨੂੰ ਖਬਰ ਭੇਜ਼ ਦਿੱਤੀ ਗਈ।

ਜਤਿਨ ਨੂੰ ਵੀ ਖਬਰ ਮਿਲ ਗਈ ਸੀ ਤੇ ਉਸਨੂੰ ਬੇਨਤੀ ਕੀਤੀ ਗਈ ਕਿ ਉਹ ਜਲਦੀ ਤੋਂ ਜਲਦੀ ਇੱਥੋਂ ਨਿਕਲ ਜਾਵੇ। ਪਰ ਉਸਨੇ ਜ਼ਿਦ ਕੀਤੀ ਕਿ ਉਹ ਨਰਿਨ ਤੇ ਜਤਿਸ਼ ਨੂੰ ਵੀ ਨਾਲ ਲੈਕੇ ਜਾਵੇਗਾ, ਇਸ ਨਾਲ ਕੁਝ ਘੰਟਿਆਂ ਦੀ ਦੇਰ ਹੋ ਗਈ। ਇਤਨੇ ਚਿਰ ਨੂੰ ਵਡੀ ਪੁਲੀਸ ਫੋਰਸ, ਜਿਸਦੀ ਅਗਵਾਈ ਉਪਰਲੇ ਤਪਕੇ ਦੇ ਯੋਰਪੀਅਨ ਅਫਸਰਾਂ ਦੀ ਫੌਜ, ਕਲਕਤਾ ਤੇ ਬਾਲਾਸੋਰ ਤੋਂ ਆ ਪਹੁੰਚੀ ਸੀ। ਚੰਦਬਾਲੀ ਤੋਂ ਫੌਜ ਦੀ ਟੁਕੜੀ ਵੀ ਪਹੁੰਚ ਗਈ। ਜਤਿਨ ਤੇ ਉਸਦੇ ਸਾਥੀ ਜੰਗਲਾਂ ਵਿਚੋਂ ਪੈਦਲ ਹੀ ਮਿਉਰਭੰਜ ਦੀਆਂ ਪਹਾੜੀਆਂ ਰਾਹੀਂ ਅੱਗੇ ਵਧਦੇ ਹੋਏ ਦੋ ਦਿਨਾਂ ਬਾਦ ਬਾਲਾਸੋਰ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ।

ਪੁਲੀਸ ਨੇ ਚਾਰੇ ਪਾਸੇ ਡੌਂਡੀ ਫੇਰ ਦਿੱਤੀ ਤੇ ਵਡਾ ਇਨਾਮ ਘੋਸ਼ਿਤ ਕਰ ਦਿੱਤਾ ਕਿ ਪੰਜ ਖਤਰਨਾਕ ਲੁਟੇਰੇ ਭੱਜ ਰਹੇ ਹਨ। ਇਸ ਲਈ ਸਥਾਨਿਕ ਪੇਂਡੂ ਵੀ ਸਤਰਕ ਹੋ ਗਏ। ਕਦੇ ਕਦੇ ਮੁਠ-ਭੇੜ ਵਿਚ ਹਿੱਸਾ ਲੈਣ ਵਾਲੇ ਵੀਰ ਕਰਾਂਤੀਕਾਰੀ ਅੱਜ ਜੰਗਲਾਂ ਵਿਚਦੀ ਦਲਦਲੀ ਜ਼ਮੀਨ ਤੇ ਮੀਹ ਵਿਚ ਭੱਜ ਰਹੇ ਸਨ। ਅਖੀਰ ਪੁਜੀਸ਼ਨਾਂ ਲੈਣੀਆਂ ਪਈਆਂ। ਸਤੰਬਰ 9, 1915 ਨੂੰ ਡੰਗ ਸਾਰਨ ਲਈ ਉਨ੍ਹਾ ਨੂੰ ਇੱਕ ਛੋਟੀ ਖਾਈ ਵਿਚ ਮੋਰਚਾ ਮਲਣਾ ਪਿਆ। ਇਹ ਬਾਲਾਸੋਰ, ਚਸ਼ਖੰਡ ਦੀ ਪਹਾੜੀ ਉਤਰਾਈ ਸੀ। ਚਿਟਾਪਰਿਆ ਤੇ ਉਸਦੇ ਸਾਥੀਆਂ ਨੇ ਜਤਿਨ ਨੂੰ ਕਿਹਾ ਕਿ ਉਹ ਨਿਕਲ ਜਾਏ ਤੇ ਕਿਸੇ ਲੁਕਵੀਂ ਥਾਂ ਤੇ ਪਹੁੰਚ ਜਾਏ ਤੱਕ ਤਕ ਉਹ ਪਿੱਛਾ ਸੰਭਾਲਦੇ ਹਨ ਪਰ ਜਤਿਨ ਨੇ ਉਨ੍ਹਾਂ ਦਾ ਸਾਥ ਛਡਣ ਤੋਂ ਇਨਕਾਰ ਕਰ ਦਿੱਤਾ।

ਆਖਰ ਸਰਕਾਰ ਵੀ ਪਹੁੰਚ ਗਈ। ਚਲ ਪਿਆ ਘਮਸਾਨ ਦਾ ਯੁੱਧ। ਪੰਜ ਕਰਾਂਤੀਕਾਰੀ ਜਿਨ੍ਹਾਂ ਕੋਲ ਸਿਰਫ ਮਾਉਜ਼ਰ ਪਿਸਟਲ ਹੀ ਸਨ, ਤੇ ਦੂਜੇ ਪਾਸੇ ਪੁਲੀਸ, ਫੌਜ਼ ਤੇ ਵਡੀ ਟਿੱਡੀ ਦਲ ਵਾਲੀ ਗਿਣਤੀ। ਜਿਨ੍ਹਾਂ ਕੋਲ ਮਾਡਰਨ ਹਥਿਆਰ ਸਨ ਤੇ ਲੱਤਾਂ ਫਿਰ ਵੀ ਕੰਬ ਰਹੀਆਂ ਸਨ। ਅੱਗੇ ਇੱਕ ਵਾਰ ਬਾਘ ਨੇ ਵੀ ਗਲਤੀ ਕੀਤੀ ਸੀ ਤੇ ਜਤਿਨ ਕੋਲੋਂ ਬੂਥਾ ਭੰਨਾ ਬੈਠਾ ਸੀ। ਇਹ ਜੰਗ ਪਚਤਰ ਮਿੰਟ ਚਲੀ। ਸਰਕਾਰ ਵਾਲੇ ਪਾਸਿਉਂ ਮਰਨ ਵਾਲਿਆਂ ਦੀ ਗਿਣਤੀ ਹੀ ਕੋਈ ਨਹੀ ਸੀ। ਸਰਕਾਰ ਅੰਨ੍ਹੇ ਵਾਹ ਆਪਣੇ ਫੌਜੀ ਜਤਿਨ ਕੋਲੋਂ ਮਰਵਾ ਰਹੀ ਸੀ। ਕਰਾਂਤੀਕਾਰੀਆਂ ਵਿਚੋਂ ਚਿਟਾਪਰਿਆ ਰਾਏ ਚੌਧਰੀ

ਸ਼ਹਾਦਤ ਪਾ ਗਿਆ ਸੀ। ਜਤਿਨ ਤੇ ਜਤਿਸ਼ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਸਨ। ਮਨੋਰੰਜਨ ਸੇਨ ਗੁਪਤਾ ਤੇ ਨਿਰੇਨ, ਗੋਲੀ ਸਿੱਕਾ ਮੁਕਣ ਤੇ ਗਰਿਫਤਾਰ ਕਰ ਲਏ ਗਏ। ਬਾਘਾ ਜਤਿਨ ਸਤੰਬਰ 10, 1915 ਬਾਲਾਸੋਰ ਦੇ ਹਸਪਤਾਲ ਵਿਚ ਸ਼ਹੀਦ ਹੋ ਗਏ।

ਜਿਸਤਰ੍ਹਾਂ ਰੋਜ਼ ਹੈਡਵਿਕ ਨੇ ਆਪਣੇ ਆਰਟੀਕਲ ਵਿਚ ਦਰਜ਼ ਕੀਤਾ ਹੈ, 'ਇੰਡੀਆ ਨੂੰ ਜਤਿਨ ਦੇ ਜਾਣ ਤੋਂ ਬਾਦ ਹੁਣ ਤੀਹ ਸਾਲ ਇੰਤਜਾਰ ਕਰਨਾ ਪਵੇਗਾ ਆਪਣੀ ਅਜ਼ਾਦੀ ਲਈ। " ਮਹਾਤਮਾ ਗਾਂਧੀ ਨੇ ਜੂਨ 25, 1925 ਨੂੰ ਚਾਰਲਸ ਟੈਗਰਟ ਨਾਲ ਗਲਬਾਤ ਦੌਰਾਨ ਕਿਹਾ ਸੀ, "ਜਤਿਨ ਮੁਖਰਜੀ ਇੱਕ ਰਬੀ ਇਨਸਾਨ ਸੀ"। ਪਰ ਮਹਾਤਮਾ ਗਾਂਧੀ ਨੂੰ ਇਹ ਨਹੀ ਪਤਾ ਕਿ ਚਾਰਲਸ ਟੈਗਰਟ ਨੇ ਆਪਣੇ ਸਾਥੀਆਂ ਨੂੰ ਜਤਿਨ ਬਾਰੇ ਕੀ ਕਿਹਾ ਸੀ। ਜੇ ਜਤਿਨ ਬ੍ਰਿਟਿਸ਼ ਹੁੰਦਾ ਤਾਂ ਉਸਦਾ ਬੁੱਤ ਨੈਲਸਨ ਦੇ ਨਾਲ ਟਰਾਫਾਲਗਰ ਸੁਕੈਅਰ ਵਿਚ ਲਗਾਇਆ ਜਾਂਦਾ।

## ਜਤਿਨ ਮੁਕਰਜੀ ਦਾ ਵਿਰਸਾ:-

ਸੁਆਮੀ ਵਿਵੇਕਾ ਨੰਦ ਤੇ ਪਰੇਰਨਾ ਲੈਕੇ ਜਤਿਨ ਨੇ ਆਪਣੇ ਆਦਰਸ਼ ਬਹੁਤ ਹੀ ਸਧਾਰਣ ਸ਼ਬਦਾਂ ਵਿਚ ਬਿਆਨ ਕੀਤੇ। ' ਅਮਰਾ ਮੋਰਬੋ, ਜਗਤ ਜਗਬੇ' ਅਸੀ ਦੇਸ਼ ਨੂੰ ਜਗਾਉਣ ਲਈ ਮਰਾਂਗੇ। ਇਸ ਧਾਰਣਾ ਨੂੰ ਪੱਕਾ ਕਰਦੀ ਹੈ ਉਹ ਸ਼ਰਧਾਂਜਲੀ ਜੋ ਜਤਿਨ ਨੂੰ ਚਾਰਲਸ ਟੈਗਰਟ ਨੇ ਦਿੱਤੀ। ਬੰਗਾਲ ਦਾ ਇੰਟੀਜੈਂਸ਼ ਪੁਲੀਸ ਕਮਿਸ਼ਨਰ ਸੀ ਚਾਰਲਸ ਟੈਗਰਟ, "ਉਸ ਵੇਲੇ। ਮੈ ਇੱਕ ਸਿਪਾਹੀ ਸਾਂ ਤੇ ਮੈਨੂੰ ਆਪਣੀ ਡਿਊਟੀ ਕਰਨੀ ਪੈਣੀ ਸੀ, ਪਰ ਮੈਂ ਜਤਿਨ ਦਾ ਪ੍ਰਸੰਸਕ ਹਾਂ। ਉਹ ਖੁਲੀ ਲੜਾਈ ਵਿਚ ਸ਼ਹੀਦ ਹੋਇਆ।" ਆਪਣੀ ਜ਼ਿੰਦਗੀ ਦੇ ਬਾਦ ਦੇ ਸਾਲਾਂ ਦੌਰਾਨ ਚਾਰਲਸ ਟੈਗਰਟ ਮੰਨਦਾ ਹੈ, "ਉਨ੍ਹਾਂ ਦੀ ਕੰਮ ਕਰਨ ਦੀ ਸ਼ਕਤੀ ਅਥਾਹ ਸੀ। ਜੇ ਚੈੱਕ ਰੀਪਬਲਿਕ ਦਾ ਖਬਰਚੀ ਨਾ ਹੁੰਦਾ ਤੇ ਹਥਿਆਰ ਜਤਿਨ ਤਕ ਪਹੁੰਚ ਜਾਂਦੇ ਤੇ ਉਹ ਆਪਣੀ ਫੌਜ ਖੜੀ ਕਰ ਲੈਂਦਾ ਤਾਂ ਬ੍ਰਿਟਿਸ਼ ਅਵਸ਼ ਹੀ ਯੁਧ ਹਾਰ ਜਾਂਦੇ।

ਜਤਿਨ ਦੀ ਮੌਤ ਦੀ ਸੂਚਨਾ ਮਿਲਣ ਤੇ ਐਮ. ਐਨ.ਰੋਏ ਲਿਖਦਾ ਹੈ, "ਮੈ ਕਦੇ ਵੀ ਨਹੀ ਭੁਲ ਸਕਦਾ ਕਿ ਉਹ ਇਕੋ ਇੱਕ ਇਨਸਾਨ ਸੀ ਮੇਰੀ ਜ਼ਿੰਦਗੀ ਵਿਚ ਜਿਸਤੇ ਮੈਂ ਅੱਖਾਂ ਬੰਦ ਕਰਕੇ ਭਰੋਸਾ ਕੀਤਾ। ਹੁਣ ਇੱਕ ਸਾਲ ਬਾਦ ਮੈਂ ਸੋਚਦਾ ਹਾਂ ਕਿ ਕਿਉਂ ਮੈਂ ਉਸਦੀ ਪ੍ਰਸੰਸਾ ਕਰਦਾ ਹਾਂ, ਕਿਉਂਕਿ ਉਹ ਹਰ ਇੱਕ ਦਾ ਮਾਨਵੀਕਰਣ ਕਰ ਦਿੰਦਾ ਸੀ ਜਿਸਦਾ ਉਸਨੂੰ ਖੁਦ ਵੀ ਇਲਮ ਨਹੀ ਹੁੰਦਾ ਸੀ। ਇਨਸਾਨੀਅਤ ਦਾ ਨਮੂਨਾ ਸੀ। ਕਾਸ਼ ਮੈਂ ਵੀ ਉਹਦੇ ਲਈ ਕੰਮ ਕਰਦਾ ਤੇ ਸਮਾਜਿਕ ਨਿਆ ਪ੍ਰਣਾਲੀ ਲਈ ਕੰਮ ਕਰ ਰਿਹਾ ਹੁੰਦਾ।

## ਗਦਰੀ ਰਾਮ ਰੱਖਾ

ਗਦਰੀ ਰਾਮ ਰੱਖਾ ਦਾ ਜਨਮ ਹੁਸ਼ਿਆਰਪੁਰ ਦਾ ਹੈ। ਗਦਰ ਪਾਰਟੀ ਦਾ ਪ੍ਰਸਿਧ ਮੈਂਬਰ ਸੀ ਤੇ ਸੋਹਣ ਲਾਲ ਪਾਠਕ ਨਾਲ ਰੂਹ ਦੀ ਸਾਂਝ ਸੀ। ਬਰਮਾ, ਸਿੰਗਾਪੁਰ

ਤੇ ਮਲਾਇਆ ਵਿਚ ਬਗਾਵਤ ਨੂੰ ਪ੍ਰਚੰਡ ਕਰਨ ਲਈ ਕੰਮ ਕੀਤਾ ਤਾਂ ਕਿ ਭਾਰਤੀ ਫੌਜੀ ਜੋ ਇਨ੍ਹਾ ਦੇਸ਼ਾਂ ਵਿਚ ਬ੍ਰਿਟਿਸ਼ ਸਾਮਰਾਜ ਦੀ ਸੈਨਾ ਵਿਚ ਤੈਨਾਤ ਸਨ ਨੂੰ ਝੰਜੋੜਿਆ ਜਾਵੇ ਤੇ ਬਗਾਵਤ ਲਈ ਤਿਆਰ ਕੀਤਾ ਜਾਵੇ। ਇਹੋ ਹੀ ਸਹੀ ਤਰੀਕਾ ਸੀ ਬ੍ਰਿਟਿਸ਼ ਕਲੋਨੀਆਂ ਨੂੰ ਅਜ਼ਾਦੀ ਦਿਵਾਉਣ ਦਾ। ਬਰਮਾ ਵਿਚ ਗਰਿਫਤਾਰ ਹੋ ਗਏ ਤੇ ਉਮਰ ਕੈਦ ਦੀ ਸਜਾ ਹੋ ਗਈ ਤੇ ਚੱਕੀ ਸੈੱਲ ਵਿਚ ਸੁਟ ਦਿੱਤੇ ਗਏ। ਬ੍ਰਿਟਿਸ਼ ਜੁਲਮ ਦੇ ਸ਼ਿਕਾਰ ਬਣੇ ਇਸ ਹੱਦੋਂ ਵਧ ਤਸ਼ਦਦ ਨੂੰ ਝਲਦੇ ਹੋਏ ਸੀ ਨਹੀ ਕੀਤੀ ਪਰ ਕਦੋਂ ਤਕ ਇਹ ਸਰੀਰ ਸਾਥ ਦਿੰਦਾ। ਤਸ਼ਦਦ ਦੀ ਅੱਤ ਨੇ ਜਾਨ ਲੈ ਲਈ। ਜੇਲ੍ਹ ਵਿਚ ਕੀਤੀ ਭੁਖ ਹੜਤਾਲ ਵਿਚ ਸਰਗਰਮੀ ਨਾਲ ਹਿੱਸਾ ਲੈਂਦਿਆਂ ਆਪਣੀ ਸ਼ਹਾਦਤ ਨੂੰ ਹੋਰ ਕੋਲ ਲੈ ਆਂਦਾ।

## ਬੇਲਾ ਸਿੰਘ

ਜਿੱਥੇ ਗਦਰੀ, ਸ਼ਹੀਦਾਂ ਤੇ ਯੋਧਿਆਂ ਦੀਆਂ ਅਣਗਿਣਤ ਕਥਾ ਕਹਾਣੀਆ ਹਨ, ਉਥੇ ਕਈ ਵਾਰ ਕੌਮਾਂ ਵਿਚ ਗਦਾਰ ਵੀ ਪੈਦਾ ਹੁੰਦੇ ਹਨ ਜੋ ਆਪਣੇ ਨਿੱਜੀ ਫਾਇਦਿਆਂ ਲਈ ਸਾਰੀ ਕੌਮ ਦਾ ਨੁਕਸਾਨ ਕਰਦੇ ਹਨ, ਬੇਲਾ ਸਿੰਘ ਵੀ ਉਨ੍ਹਾਂ ਵਿਚੋਂ ਇੱਕ ਸੀ।

ਵੈਨਕੂਵਰ ਇੰਮੀਗਰੇਸ਼ਨ ਮਹਿਕਮੇ ਦਾ ਆਪਣਾ ਇੱਕ ਮੁਖਬਰ ਨੈੱਟਵਰਕ ਸੀ। ਬੇਲਾ ਸਿੰਘ ਵੀ ਉਨ੍ਹਾਂ ਵਿਚੋਂ ਇੱਕ ਮੁੱਖਬਰ ਸੀ। ਜਿਸ ਪਿਤਾ ਦੇ ਨਾਮ ਨੂੰ ਲਾਜ ਲਾਈ ਉਸਦਾ ਨਾਮ ਸੁੰਦਰ ਸਿੰਘ ਤੇ ਜਿਸ ਪਿੰਡ ਲਈ ਸ਼ਰਮਿੰਦਗੀ ਦਾ ਕਾਰਣ ਬਣਿਆ ਉਹ ਪਿੰਡ ਸੀ ਜਿਆਂ, ਹੁਸ਼ਿਆਰਪੁਰ ਜਿਲ੍ਹੇ ਨਾਲ ਸਬੰਧਿਤ ਇਹ ਪਿੰਡ ਬਾਸੀ ਕਲਾਂ ਦੇ ਨਜ਼ਦੀਕ ਹੈ। ਵੈਨਕੂਵਰ, ਆਪਣੀ ਦੂਜੀ ਫੇਰੀ ਦੌਰਾਨ, ਉਸਨੇ ਇੰਮੀਗਰੇਸ਼ਨ ਏਜੰਟ ਮੈਲਕੌਲਮ ਤੇ ਇੰਨਸਪੈਕਟਰ ਹੌਪਕਿਨਸਨ ਨਾਲ ਕੰਮ ਕੀਤਾ। ਆਪਣੇ ਇਸ ਕਾਰੇ ਵਿਚ ਉਹ ਪੱਚੀ ਤੀਹ ਹਮਵਤਨੀ ਸਾਥੀਆਂ ਦਾ ਲੀਡਰ ਸੀ ਜੋ ਕਰਾਂਤੀਕਾਰੀਆਂ ਦਾ ਵਿਰੋਧ ਕਰਦੇ ਸਨ। ਖਾਲਸਾ ਦਿਵਾਨ ਸੁਸਾਇਟੀ ਗੁਰਦੁਆਰਾ ਵਿਖੇ, ਸਤੰਬਰ 5, 1914 ਨੂੰ ਉਸਨੇ ਗੋਲੀ ਚਲਾ ਕੇ ਭਾਗ ਸਿੰਘ ਤੇ ਬਤਨ ਸਿੰਘ ਦਾ ਕਤਲ ਕਰ ਦਿੱਤਾ ਤੇ ਪੰਜ ਹੋਰ ਜਖਮੀ ਹੋ ਗਏ। ਇਸ ਨਾਲ ਉਹ ਅਖਬਾਰਾਂ ਦੀਆਂ ਸੁਰਖੀਆਂ ਵਿਚ ਆਇਆ। ਭਾਰਤੀਆਂ ਦੇ ਭਾਰੀ ਵਿਰੋਧ ਕਾਰਣ ਉਸਤੇ ਦੋ ਵਾਰੀ ਮੁਕਦਮਾ ਚਲਿਆ ਪਰ ਪਹਿਲੀ ਵਾਰ, ਜਿਉਰੀ ਦਾ ਸਰਬ ਸੰਮਤੀ ਨਾਲ ਫੈਸਲਾ ਨਾ ਹੋ ਸਕਿਆ ਤੇ ਦੂਸਰੀ ਵਾਰ ਉਸਨੂੰ ਬਰੀ ਕਰ ਦਿੱਤਾ ਗਿਆ, ਇਹ ਦਲੀਲ ਮੰਨਕੇ ਕਿ ਉਸਨੇ ਆਤਮ-ਰਖਿਆ ਲਈ ਗੋਲੀ ਚਲਾਈ ਹੈ।

ਮਾਰਚ, 1915 ਨੂੰ ਕਰਾਂਤੀਕਾਰੀ ਪਾਰਟੀ ਵਲੋਂ ਉਸ ਨਾਲ ਮੁਠਭੇੜ ਹੋਈ ਤੇ ਗੋਲੀ ਉਸਦੇ ਕੋਟ ਨੂੰ ਖਹਿਕੇ ਨਿਕਲ ਗਈ ਤੇ ਇਹ ਬਚ ਗਿਆ। ਉਸੇ ਸਾਲ ਅਪ੍ਰੈਲ ਵਿਚ ਇਸਦੀ ਕਿਸਮਤ ਚੰਗੀ ਸੀ ਕਿ ਇਹ ਘਰ ਨਹੀ ਸੀ ਜਦੋਂ ਕਿਸੇ ਨੇ ਇਸਦੇ ਘਰ ਨੂੰ ਡਾਇਨਾਮਾਈਟ ਨਾਲ ਉਡਾ ਦਿੱਤਾ। ਇਸਦੇ ਕੁਝ ਦਿਨ ਬਾਦ ਜਦੋਂ ਕੁਝ ਵਿਰੋਧੀਆਂ ਨਾਲ ਇਸਦਾ ਸਾਹਮਣਾ ਹੋਇਆ ਤੇ ਇਸਨੇ ਉਨ੍ਹਾਂ ਤੇ ਹਮਲਾ ਕਰ ਦਿੱਤਾ। ਪੁਲੀਸ ਨੇ ਇਸਨੂੰ ਅਸਾਲਟ ਚਾਰਜ ਕਰ ਲਿਆ। ਇਸਨੂੰ ਬਾਰਾਂ ਮਹੀਨੇ ਦੀ ਸਜ਼ਾ ਹੋ ਗਈ ਤੇ ਇਹ ਬਰਨਬੀ ਜੇਲ੍ਹ ਵਿਚ ਕੈਦ ਹੋ ਗਿਆ। 1916 ਨੂੰ ਇਹ ਇੰਡੀਆ ਵਾਪਸ ਚਲੇ ਗਿਆ।

ਹੁਸ਼ਿਆਰਪੁਰ ਦੇ ਇੰਨਸਪੈਕਟਰ ਇਬਰਾਹਿਮ-ਉਲ-ਹੱਕ ਨੇ ਇਸ ਕੋਲੋਂ ਪੁੱਛ ਪੜਤਾਲ ਕੀਤੀ ਤੇ ਇਸਨੇ ਉਸ ਦੌਰਾਨ ਇਬਰਾਹੀਮ ਨੂੰ ਵੈਨਕੂਵਰ ਦੀ ਕਰਾਂਤੀਕਾਰੀ ਪਾਰਟੀ ਬਾਰੇ ਬਹੁਤ ਸਾਰੀ ਜਾਣਕਾਰੀ ਦਿੱਤੀ। ਮਈ 1934, --ਆਪਣੇ ਪਿੰਡ ਜਿਆਨ ਦੇ ਬਾਹਰ ਕਤਲ ਕਰ ਦਿੱਤਾ ਗਿਆ।

ਉਹ ਸਿੱਖ ਰੈਜਮੈਂਟ ਵਿਚ ਪੰਜ ਸਾਲ ਸਿਗਨਲਰ ਦੇ ਤੌਰ ਤੇ ਫੌਜੀ ਨੌਕਰੀ ਵਿਚ ਰਿਹਾ। 1906 ਵਿਚ ਜਦੋਂ ਉਹ ਕੈਨੇਡਾ ਆਇਆ ਫਰਾਟੇਦਾਰ ਅੰਗਰੇਜੀ ਬੋਲਦਾ ਸੀ। ਇੱਕ ਲੰਬੀ ਗੈਰ ਹਾਜ਼ਰੀ ਤੋਂ ਬਾਦ ਉਹ ਹਾਂਗਕਾਂਗ ਰਸਤੇ ਜੂਨ, 1913 ਨੂੰ ਫਿਰ ਕੈਨੇਡਾ ਮੁੜ ਆਇਆ। ਐਮਪਰੈਸ ਔਫ ਰਸ਼ੀਆ ਦਾ ਇਹ ਉਹੋ ਸ਼ਿਪ ਸੀ ਜਿਸ ਵਿਚ ਗਦਰ ਸੰਗਰਾਮੀ ਭਗਵਾਨ ਸਿੰਘ ਵੀ ਸਫਰ ਕਰ ਰਿਹਾ ਸੀ। ਪੰਜ ਮਹੀਨੇ ਬਾਦ ਭਗਵਾਨ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ। ਉਸਦੇ ਸਾਥੀਆਂ ਨੂੰ ਪੱਕਾ ਯਕੀਨ ਸੀ ਕਿ ਬੇਲਾ ਸਿੰਘ ਨੇ ਹੀ ਮੁਖਬਰੀ ਕੀਤੀ ਸੀ ਤੇ ਭਗਵਾਨ ਸਿੰਘ ਨੂੰ ਡਿਪੋਰਟ ਕਰਵਾਇਆ ਸੀ। ਭਗਵਾਨ ਸਿੰਘ ਨੇ ਜਿਹੜੇ ਪੇਪਰ ਬਣਵਾਏ ਸਨ, ਉਹ ਨੱਥਾ ਸਿੰਘ ਦੇ ਨਾਮ ਦੇ ਸਨ। ਤੇ ਨੱਥਾ ਸਿੰਘ, ਬੇਲਾ ਸਿੰਘ ਦਾ ਰਿਸ਼ਤੇਦਾਰ ਸੀ।

ਇਸ ਕਾਰੇ ਤੋਂ ਬਾਦ ਸਾਰੇ ਵੈਨਕੂਵਰ ਵਿਚ ਇਹ ਗੱਲ ਫੈਲ ਗਈ ਕਿ ਬੇਲਾ ਸਿੰਘ ਇੰਮੀਗਰੇਸ਼ਨ ਮਹਿਕਮੇ ਦਾ ਮੁੱਖਬਰ ਹੈ। ਦਸੰਬਰ 11, 1914, ਪਰੋਵਿੰਸ ਦੇ ਇੱਕ ਆਰਟੀਕਲ ਮੁਤਾਬਕ ਉਸਨੂੰ ਇੱਕ ਇੰਮੀਗਰੇਸ਼ਨ ਔਫੀਸ਼ਲ ਦਰਸਾਇਆ ਗਿਆ ਸੀ ਜਿਸ ਅਨੁਸਾਰ ਬੇਲਾ ਸਿੰਘ 'ਵੈਨਕੂਵਰ ਦੇ ਈਸਟ ਇੰਡੀਅਨਜ਼ ਵਿਚੋਂ ਸਭਤੋਂ ਜ਼ਿਆਦਾ ਚੁਸਤ ਕਪੜੇ ਪਾਕੇ, ਅਦਾਲਤ ਵਿਚ ਪੇਸ਼ ਹੋਣ ਵੇਲੇ ਇਸਤਰੀ ਕੀਤਾ ਸੂਟ, ਚਿੱਟੀ ਪੱਗ ਸਜਾਕੇ ਤੇ ਫੈਸ਼ਨ ਵਾਲੇ ਭੂਰੇ ਬੂਟ ਪਾਕੇ ਆਉਂਦਾ ਸੀ।

ਜਦੋਂ ਇੰਨਸਪੈਕਟਰ ਹੌਪਕਿਨਸਨ ਦੇ ਕਤਲ ਸਬੰਧੀ ਬੇਲਾ ਸਿੰਘ ਨੂੰ ਗਵਾਹੀ ਲਈ ਸਦਿਆ ਗਿਆ ਤਾਂ ਉਸਨੇ ਅਦਾਲਤ ਨੂੰ ਆਪਣੇ ਕੰਮ ਬਾਰੇ ਕੁਝ ਇੰਞ ਦਸਿਆ, "ਮੇਰਾ ਇੰਮੀਗਰੇਸ਼ਨ ਔਫਿਸ ਵਿਚਲੇ ਕੰਮਾਂ ਵਿਚੋਂ ਇੱਕ ਕੰਮ ਇਹ ਵੀ ਹੈ ਕਿ 'ਗਦਰ' ਰਸਾਲੇ ਦੀ ਅੰਗਰੇਜ਼ੀ ਵਿਚ ਟਰਾਂਸਲੇਸ਼ਨ ਕਰਦਾ ਹਾਂ। ਇਹ ਕੰਮ ਉਹ ਹੌਪਕਿਨਸਨ ਲਈ ਕਰਦਾ ਸੀ। ਇਹ ਟਰਾਂਸਲੇਸ਼ਨ ਉਟਵਾ ਤੇ ਇੰਗਲੈਂਡ ਭੇਜੀ ਜਾਂਦੀ ਸੀ। " ਜਦੋਂ ਸਰਕਾਰੀ ਵਕੀਲ ਨੇ ਇਹ ਪੁੱਛਿਆ, " ਇੰਮੀਗਰੇਸ਼ਨ ਔਫਿਸ ਵਿਚ ਤੇਰੀ ਡਿਊਟੀ ਕੀ ਹੈ?" ਬੇਲਾ ਸਿੰਘ ਦਾ ਜੁਆਬ ਸੀ ਕਿ ਮੈਂ ਸੀਕਰਟ ਸਰਵਿਸ ਮੈਨ ਹਾਂ। ਸਰਕਾਰੀ ਵਕੀਲ ਨੇ ਫਿਰ ਪੁੱਛਿਆ, " ਆਪਣੀ ਸੀਕਰਟ ਸਰਵਿਸ ਦੀ ਵਿਆਖਿਆ ਕਰ। " ਬੇਲਾ ਸਿੰਘ ਨੇ ਸਵਿਕਾਰ ਕੀਤਾ ਕਿ ਇਸ ਵਿਚ ਦੋਵੇਂ ਸ਼ਾਮਲ ਹਨ, ਜਾਸੂਸੀ ਤੇ ਮੁਖਬਰੀ।

ਜਦੋਂ ਬੇਲਾ ਸਿੰਘ ਨੇ ਗੁਰਦੁਆਰੇ ਗੋਲੀ ਚਲਾਈ, ਉਸ ਕੇਸ ਵਿਚ ਬੇਲਾ ਸਿੰਘ ਨੇ ਕਿਹਾ, " ਉਹ ਤੀਹਵੀਂ ਪੰਜਾਬੀ ਰੈਜਮੈਂਟ ਦਾ ਫੌਜੀ ਹੈ ਤੇ ਉਹ ਸਿਗਨਲਰ ਸੀ ਤੇ ਹੁਣ ਵੀ ਰਿਜ਼ਰਵ ਫੌਜੀ ਹੈ। ਉਹ 1906 ਤੋਂ ਬ੍ਰਿਟਿਸ਼ ਕੋਲੰਬੀਆ ਵਿਚ ਰਹਿ ਰਿਹਾ ਹੈ ਤੇ ਨਵੰਬਰ, 1913 ਤੋਂ ਇੰਮੀਗਰੇਸ਼ਨ ਡਿਪਾਰਟਮੈਂਟ ਨਾਲ ਸਪੈਸ਼ਲ ਡਿਊਟੀ ਤੇ ਹੈ। ਇਹ ਝਗੜਾ ਉਦੋਂ ਤੋਂ ਸ਼ੁਰੂ ਹੈ ਜਦੋਂ ਦਾ ਭਗਵਾਨ ਸਿੰਘ ਮਹਿਕਮੇ ਵਲੋਂ ਡਿਪੋਰਟ ਹੋਇਆ ਹੈ

ਤੇ ਉਸਨੂੰ ਲਗਾਤਾਰ ਕਤਲ ਕਰਨ ਲਈ ਧਮਕਾਇਆ ਜਾ ਰਿਹਾ ਹੈ। ਉਹ ਹਰ ਹਫਤੇ ਗੁਰਦੁਆਰੇ ਜਾਂਦਾ ਸੀ ਪਰ ਸੰਗਤ ਉਹਦੇ ਵਿਰੁਧ ਗੱਲਾਂ ਕਰਨ ਲੱਗ ਪਈ ਇਸ ਲਈ ਉਸਨੇ ਗੁਰਦੁਆਰੇ ਜਾਣਾ ਬੰਦ ਕਰ ਦਿੱਤਾ। ਇਸੇ ਮੁਕਦਮੇ ਦੌਰਾਨ ਡਾ. ਰਘੁਨਾਥ ਸਿੰਘ ਨੇ ਆਪਣੀ ਗਵਾਹੀ ਦਿੱਤੀ ਕਿ ਗੁਰਦਿਤ ਸਿੰਘ ਨੇ ਵੈਨਕੂਵਰ ਵਿਖੇ ਗਰਮੀਆਂ ਵਿਚ, ਕਾਮਾਗਾਟਾਮਾਰੂ ਦੇ ਡੌਕ ਤੇ ਇੱਕ ਚਿੱਠੀ ਪੜ੍ਹੀ ਸੀ ਕਿ ਬੇਲਾ ਸਿੰਘ ਨੂੰ ਕਾਮਾਗਾਟਾਮਾਰੂ ਸ਼ਿਪ ਦੇ ਅੰਦਰ ਨਹੀ ਵੜ੍ਹਨ ਦਿੱਤਾ ਜਾਵੇਗਾ ਤੇ ਜੇ ਉਸਨੇ ਕੋਸ਼ਿਸ਼ ਕੀਤੀ ਤਾਂ ਉਸਨੂੰ ਜਾਂ ਤੇ ਵਾਪਸ ਨਹੀ ਜਾਣ ਦਿੱਤਾ ਜਾਵੇਗਾ ਤਾਂ ਜਾਂ ਚੁੱਕਕੇ ਬਾਹਰ ਸੁਟ ਦਿੱਤਾ ਜਾਵੇਗਾ।

ਬੇਲਾ ਸਿੰਘ ਦਾ ਰੋਲ ਤੇ ਉਸਦੇ ਅੰਤ ਬਾਰੇ ਹੋਰ ਵੀ ਕਈ ਕਹਾਣੀਆਂ ਹਨ। ਇੱਕ ਪਾਸੇ ਦੀ ਕਹਾਣੀ ਉਸਦਾ ਸਬੰਧ 1914 ਦੀਆਂ ਗਰਮੀਆ ਨਾਲ ਜੋੜਕੇ ਵੇਖਦੀ ਹੈ। ਇਸ ਅਨੁਸਾਰ ਸਟੀਫਨ ਈ ਰੇਮਰ ਕਰੋਸ਼ੀਆ ਦਾ ਜਰਮਨੀ ਭਾਸ਼ਾ ਬੋਲਣ ਵਾਲਾ ਸੀ। ਰੇਮਰ ਵੈਨਕੂਵਰ ਦੀ ਇੰਮੀਗਰੇਸ਼ਨ ਏਜੰਸੀ ਲਈ ਤਰਜ਼ਮੇ ਦਾ ਕੰਮ ਕਰਦਾ ਸੀ। ਇਗੋਨ ਅਲਰਿਚ ਨਾਲ ਗੱਲ ਕਰਦਿਆਂ ਰੇਮਰ ਨੂੰ ਪਤਾ ਲੱਗਾ ਕਿ ਅਲਰਿਚ ਨੂੰ ਕਾਮਾਗਾਟਾਮਾਰੂ ਬਾਰੇ ਅਗਾਂਉ ਜਾਣਕਾਰੀ ਸੀ। ਇਸ ਜਾਣਕਾਰੀ ਅਨੁਸਾਰ ਕਾਮਾਗਾਟਾਮਾਰੂ, ਅਸਲ ਵਿਚ ਜਰਮਨ ਦੀ ਸੋਚੀ ਸਮਝੀ ਸਕੀਮ ਸੀ ਜਿਸ ਅਨੁਸਾਰ ਅਸ਼ਾਤ ਲੋਕਾਂ ਨੂੰ ਕਲਕਤਾ ਤੋਂ ਇੱਕਠਾ ਕਰਕੇ ਵੈਨਕੂਵਰ ਵਾੜਿਆ ਜਾਵੇ। ਮੈਲਕੌਮ ਰੀਡ ਨੇ ਰੇਮਰ ਨੂੰ ਹਦਾਇਤਾਂ ਦਿੱਤੀਆਂ ਕਿ ਉਹ ਬੇਲਾ ਸਿੰਘ ਨਾਲ ਮਿਲਕੇ ਕੰਮ ਕਰੇ ਤੇ ਇਗੋਨ ਅਲਰਿਚ ਤੇ ਕੜੀ ਨਜ਼ਰ ਰੱਖੀ ਜਾਵੇ। ਤਾਂ ਕਿ ਉਸਦੀਆਂ ਸਥਾਨਿਕ ਭਾਰਤੀਆਂ ਨਾਲ ਸਬੰਧਾਂ ਦਾ ਪਤਾ ਲਾਇਆ ਜਾ ਸਕੇ। ਇਸਤੋਂ ਛੇਤੀ ਬਾਦ ਹੀ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਜਿਉਂ ਹੀ ਜੰਗ ਸ਼ੁਰੂ ਹੋਈ ਅਲਰਿਚ ਨੂੰ ਦੇਸ਼ ਵਿਚੋਂ ਕਢ ਦਿੱਤਾ ਗਿਆ।

ਜਸਵੰਤ ਸਿੰਘ ਜਿਨ੍ਹਾਂ ਨੇ ਗਦਰੀ ਬਾਬਾ ਗੁਰਦਿਤ ਸਿੰਘ ਦੀ ਜੀਵਨ ਕਥਾ ਲਿਖੀ, ਇੱਕ ਜਗ੍ਹਾ ਲਿਖਦੇ ਹਨ ਕਿ ਬੇਲਾ ਸਿੰਘ ਜਦੋਂ ਵਾਪਸ ਮੁੜਕੇ ਇੰਡਿਆ ਗਿਆ ਤਾਂ ਪੰਜਾਬ ਸਰਕਾਰ ਨੇ ਮਿੰਟੁਗਮਰੀ ਜਿਲ੍ਹੇ ਵਿਚ ਉਸਨੂੰ ਚਾਰ ਮੁੱਰਬੇ ਜ਼ਮੀਨ ਇਨਾਮ ਵਜੋਂ ਦਿੱਤੇ। ਉਸ ਵੇਲੇ ਦੇ ਦੇਸ਼ ਭਗਤ ਯੋਧੇ ਇਸਨੂੰ ਧੌਣ ਦੀ ਪੀੜ ਸਮਝਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਹ ਮੁਖਬਰ ਹੈ ਤੇ ਗਦਾਰ ਹੈ। 1920 ਦੇ ਬਬਰ ਅਕਾਲੀ ਅੰਦੋਲਨ ਵੇਲੇ ਉਸਨੇ ਸਰਕਾਰੀ ਬੰਗਲੇ ਵਿਚ ਪਨਾਹ ਲਈ ਹੋਈ ਸੀ। ਜੂਨ 1933 ਨੂੰ ਜਦੋਂ ਉਹ ਹੁਸ਼ਿਆਰਪੁਰ ਤੋਂ ਆਪਣੇ ਪਿੰਡ ਜਿਆਨ ਆ ਰਿਹਾ ਸੀ, ਬਬਰਾਂ ਨੇ ਘੇਰ ਲਿਆ ਤੇ ਸਰਦਾਰ ਹਰੀ ਸਿੰਘ ਦੇ ਹੱਥੋਂ ਮਾਰਿਆ ਗਿਆ।

http:22komagatamarujourney[ca2node24485Sources: Jaswant Singh[ Baba Gurdit Singh: Komagata Maru (Jallundhur: New Book Company, 1965); Library and Archives Canada, Immigration Files, 1913-15, RG 76; Vancouver Daily Province, 1, 4, 10 Sept[, 1914; Vancouver Sun, 6 and 18 Nov[, 1914; Vancouver News Advertiser, 6

and 8 Sept[ and 10 Nov[, 1914 and 14 April 1915

## ਚਿਟਾਗਾਂਗ ਹਥਿਆਰਬੰਦ ਛਾਪਾ...

ਭਾਰਤੀ ਅਜ਼ਾਦੀ ਦੀ ਕਰਾਂਤੀਕਾਰੀ ਲੜਾਈ

ਇਹ ਜਾਣਕਾਰੀ

ਸ਼ਿਬਮ ਵਰਕਸ ਤੋਂ ਲਈ ਗਈ ਹੈ ਤੇ ਪੰਜਾਬੀ ਪਾਠਕਾਂ ਲਈ ਅਨੁਵਾਦਿਤ ਕੀਤੀ ਗਈ ਹੈ।

ਸਬੰਧਿਤ ਤਸਵੀਰਾਂ ਦੀ ਐਲਬਮ ਫੇਸਬੁੱਕ ਦੇ ਰੌਜ਼ਨਾਮਚਾ ਗਰੁਪ ਵਿਚ ਉਪਲਬਦ ਹੈ।

## ਪਰਦੇ ਦੇ ਪਿਛੇ

ਸਤਿਅ ਸੇਨ ਉਰਫ ਮਾਸਟਰ ਦਾ ਇਸ ਛਾਪੇ ਦੇ ਕਾਰਜ਼ ਦਾ ਦਿਮਾਗ ਸੀ। ਉਹ ਅਰਬਿੰਦੋ ਘੋਸ਼ ਤੇ ਬਾਘਾ ਜਤਿਨ ਦੇ ਕਰਾਂਤੀਕਾਰੀ ਗਰੁਪ ਦਾ ਸਰਗਰਮ ਮੈਂਬਰ ਸੀ। ਅਰਬਿੰਦੋ ਘੋਸ਼ ਦਾ ਭਰਾ ਤੇ ਮਰਾਠੀ ਹੀਰੋ ਸੁਖਰਾਮ ਗਣੇਸ਼ ਵੀ ਐਸੀ ਸਖਸ਼ੀਅਤ ਸੀ ਜਿਸਦਾ ਪ੍ਰਭਾਵ ਸੁਰਿਅ ਸੇਨ ਤੇ ਸੀ। ਅਪ੍ਰੈਲ 30, 1908 ਨੂੰ ਖੁਦੀ ਰਾਮ ਬੋਸ ਅਤੇ ਪ੍ਰਫੁਲ ਚੱਕੀ ਨੇ ਬੰਬ ਸੁਟ ਕੇ ਮਿਸਟਰ ਕਿੰਗਜ਼ਫੋਰਡ ਦੇ ਤੂੰਬੇ ਉਡਾ ਦਿੱਤੇ ਸਨ। ਇਸ ਵਾਰਦਾਤ ਨੇ ਵੀ ਸੁਰਿਅ ਸੇਨ ਨੂੰ ਕਰਾਂਤੀਕਾਰੀ ਨੈੱਟਵਰਕ ਵਿਚ ਸ਼ਾਮਲ ਹੋਣ ਲਈ ਹਲਾਸ਼ੇਰੀ ਦਿੱਤੀ। ਤਿੰਨ ਬੰਗਾਲੀ ਕਰਾਂਤੀਕਾਰੀ ਗੁੱਟ, ਅਨੁਸ਼ੀਲਨ ਸੰਮਤੀ, ਜੁਗਾਂਤਰ ਅਤੇ ਸਾਂਝੀਬਾਣੀ ਸਭਾ ਨੇ ਚਿਟਾਗਾਂਗ ਵਿਚ ਵੀ ਤਰਥਲੀ ਮਚਾਈ ਹੋਈ ਸੀ। ਸੁਰਿਅ ਸੇਨ ਲਈ ਇਨ੍ਹਾ ਗੁਟਾਂ ਦੁਆਰਾ ਭਾਰਤ ਦੀ ਅਜਾਦੀ ਲਈ ਕੁਝ ਕਰਨ ਦੀ ਆਪਣੀ ਇੱਛਾ ਨੂੰ ਪੂਰਾ ਕਰਨ ਦਾ ਇੱਕ ਵਧੀਆ ਜ਼ਰੀਆ ਬਣ ਗਿਆ। ਦੇਸ਼ਬੰਧੂ ਚਿਤਰਜ਼ਨ ਦਾਸ ਤੇ ਬਾਘਾ ਜਤਿਨ ਦੀ ਸ਼ਹੀਦੀ ਨੇ ਸੁਰਿਅ ਸੇਨ ਲਈ ਕੁਝ ਕਰਨ ਦੀ ਜੁਆਲਾ ਭਰ ਦਿੱਤੀ।

## ਦੂਸਰੇ ਸਾਥੀ

ਅਨੰਤ ਸਿੰਘ, ਅੰਬਿਕਾ ਚਕਰਵਰਤੀ, ਲੋਕਨਾਥ ਬੱਲ ਅਤੇ ਨਿਰਮਲ ਸੇਨ।

ਸੁਰਿਅ ਸੇਨ ਇਸ ਛਾਪੇ ਦੀ ਰੂਪ ਰੇਖਾ ਦਾ ਅਸਲ ਦਿਮਾਗ ਸੀ। ਇਸ ਪਰੋਜੈਕਟ ਲਈ ਉਸਦੇ ਸਾਥੀ ਸਨ—ਨਿਰਮਲ ਸੇਨ, ਅਨੰਤ ਸਿੰਘ, ਅੰਬਿਕਾ ਚਕਰਵਰਤੀ, ਗਣੇਸ਼ ਘੋਸ਼, ਲੋਕਨਾਥ ਬੱਲ, ਤਾਰਾਕੇਸ਼ਵਰ ਦਸਤੀਦਾਰ ਅਤੇ ਲਾਲਮੋਹਨ ਸੇਨ। ਉਨ੍ਹਾਂ ਨੇ 55 ਚੜ੍ਹਦੀ ਉਮਰ ਦੇ ਨੌਜਵਾਨ ਨਾਲ ਰਲਾਏ ਤੇ ਇਸ ਇਤਿਹਾਸਕ ਛਾਪੇ ਨੂੰ ਅੰਜਾਮ ਤੱਕ ਪਹੁੰਚਾਇਆ।

## ਪਲੈਨ

ਅਪ੍ਰੈਲ 18, 1930 ਨੂੰ ਚਿਟਾਗਾਂਗ ਹਥਿਆਰਬੰਦ ਛਾਪਾ, ਪੰਜ ਵਖੋ ਵਖਰੇ ਥਾਵਾਂ ਤੇ ਇੱਕੋ ਰਾਤ ਵਿਚ ਕੀਤੇ ਜਾਣ ਵਾਲੇ ਹਮਲੇ ਸਨ। ਇਹ ਸਨ, ---ਪੁਲੀਸ ਹੈੱਡ ਕੁਆਟਰ, ਪੁਲੀਸ ਅਸਲਾਖਾਨਾ, ਯੋਰਪੀਅਨ ਕਲਬ, ਟੈਲੀਗਰਾਫ ਅਤੇ ਟੈਲੀਫੋਨ ਆਫਿਸ ਤੇ ਰੇਲਵੇ ਟਰੈਕ। ਪਲੈਨ ਦੇ ਮੁਤਾਬਕ, ਨਿਰਮਲ ਸੇਨ ਤੇ ਲੋਕਨਾਥ ਬੱਲ ਦੀ ਜਿੰਮੇਵਾਰੀ ਪੁਲੀਸ ਹੈੱਡ ਕੁਆਟਰ ਉਡਾਉਣ ਦੀ ਸੀ। ਅਨੰਤ ਸੇਨ ਤੇ ਗਣੇਸ਼ ਘੋਸ਼ ਦਾ ਕੰਮ ਪੁਲੀਸ ਅਸਲਾਖਾਨਾ ਤਬਾਹ ਕਰਨਾ ਸੀ। ਟੈਲੀਗਰਾਫ ਤੇ ਟੈਲੀਫੋਨ ਔਫਿਸ ਨੂੰ ਤਬਾਹ ਕਰਨ ਦੀ ਜਿੰਮੇਵਾਰੀ ਅੰਬਿਕਾ ਚਕਰਵਰਤੀ ਦੀ ਕਮਾਨ ਥੱਲੇ ਸੀ। ਨਰੇਸ਼ ਰਾਏ ਯੋਰਪੀਅਨ ਕਲਬ ਤੇ ਹਮਲਾ ਕਰਨ ਦਾ ਇੰਚਾਰਜ ਸੀ। ਦੂਸਰੇ ਦੋ ਗਰੁਪਾਂ ਨੇ ਰੇਲਵੇ ਟਰੈਕ ਨੂੰ ਤਬਾਹ ਕਰਨਾ ਸੀ। ਇਹ ਰੇਲਵੇ ਟਰੈਕ ਧੂਮ ਤੇ ਲੰਗਲ ਘਾਟ ਦੇ ਵਿਚਾਲੇ ਸੀ।

## ਮੈਦਾਨੇ-ਜੰਗ

ਸਾਰੀ ਪਲੈਨ ਵਧੀਆ ਚਲ ਰਹੀ ਸੀ। ਟੈਲੀਗਰਾਫ਼ ਤੇ ਟੈਲੀਫੋਨ ਔਫਿਸ, ਰਾਤ ਦੇ ਨੌ ਵੱਜ ਕੇ ਪਚਵੰਜਾ ਮਿੰਟ ਤੇ ਕਰਾਂਤੀਕਾਰੀਆਂ ਵਲੋਂ ਤਬਾਹ ਕਰ ਦਿੱਤਾ ਗਿਆ, ਤੇ ਕੋਈ ਵੀ ਮਾਰਿਆ ਨਹੀ ਗਿਆ। ਸਭ ਕੁਝ ਹਥੌੜਿਆਂ ਨਾਲ ਹੀ ਤੋੜ ਦਿੱਤਾ ਗਿਆ। ਰੇਲਵੇ ਟਰੈਕ ਨੂੰ ਵੀ ਨੌਜਵਾਨ ਕਰਾਂਤੀਕਾਰੀਆਂ ਵਲੋਂ ਤਬਾਹ ਕਰ ਦਿੱਤਾ ਗਿਆ।

ਬਦਕਿਸਮਤੀ ਨਾਲ ਯੋਰਪੀਅਨ ਕਲਬ ਤੇ ਕੀਤਾ ਹਮਲਾ ਬੁਰੀ ਤਰ੍ਹਾਂ ਅਸਫਲ ਹੋ ਗਿਆ। ਕਰਾਂਤੀਕਾਰੀਆਂ ਨੂੰ ਆਸ ਸੀ ਕਿ ਸਾਰੇ ਅੰਗਰੇਜ਼ ਉਸ ਵੇਲੇ ਯੋਰਪੀਅਨ ਵਿਚ ਮੌਜ ਮਸਤੀ ਕਰ ਰਹੇ ਹੋਣਗੇ ਪਰ  ਕਿਉਂਕਿ ਉਸ ਦਿਨ ਗੁਡ ਫਰਾਈਡੇ ਸੀ, ਕੋਈ ਵੀ ਅੰਗਰੇਜ਼ ਗੋਰਾ ਉਥੇ ਹਾਜ਼ਰ ਨਹੀ ਸੀ। ਅਸਲਾਖਾਨਾ ਤੇ ਹਮਲਾ ਕਰਨ ਦੇ ਕਮਾਂਡਰ ਅਨੰਤ ਸਿੰਘ ਅਤੇ ਗਣੇਸ਼ ਘੋਸ਼ ਸਨ। ਸਾਥੀਆਂ ਸਮੇਤ ਇਹ ਅਸਲੇਖਾਨੇ ਵਿਚ ਦਾਖਲ ਹੋ ਗਏ ਤੇ ਹਥਿਆਰ ਜਿਤਨੇ ਵੀ ਚੁੱਕੇ ਜਾ ਸਕਦੇ ਸਨ ਚੁੱਕ ਲਏ ਪਰ ਕੋਈ ਵੀ ਕਾਰਤੂਸ ਤੇ ਹੋਰ ਗੋਲੀ ਸਿੱਕਾ ਨਹੀ ਸੀ। ਇਸ ਲਈ ਇਹ ਵੀ ਕੋਈ ਵਧੀਆ ਸੌਦਾ ਨਹੀ ਰਿਹਾ। ਉਨ੍ਹਾਂ ਨੇ ਸਾਰੇ ਹਥਿਆਰ ਇੱਕਠੇ ਕਰਕੇ ਅੱਗ ਲਗਾ ਦਿੱਤੀ। ਬ੍ਰਿਟਿਸ਼ ਝੰਡਾ ਲਾਹਕੇ ਭਾਰਤੀ ਝੰਡਾ ਲਹਿਰਾ ਦਿੱਤਾ ਤੇ  'ਵੰਦੇ ਮਾਤਰਮ' ਦੇ ਨਾਹਰੇ ਲਗਾਏ।

ਬਾਦ ਵਿਚ ਸੂਰਿਅ ਸੇਨ ਦੇ ਹੁਕਮ  ਮੁਤਾਬਕ ਸਾਰੇ ਨੌਜਵਾਨ ਕਰਾਂਤੀਕਾਰੀਆਂ ਨੇ ਬ੍ਰਿਟਿਸ਼ ਪੁਲੀਸ ਦਾ ਮੁਕਾਬਲਾ ਕਰਨ ਲਈ ਮੋਰਚੇਬੰਦੀ ਕਰ ਲਈ।

ਕਰਾਂਤੀਕਾਰੀ ਫਕੀਰ ਸੇਨ, ਦਿਪਤੀ ਮੇਦਾ ਚੌਧਰੀ ਅਤੇ ਅਮਰਿੰਦਰ ਨੰਦੀ ਨੂੰ ਚਿਟਾਗਾਂਗ ਸ਼ਹਿਰ ਵਿਚ ਭੇਜਿਆ ਗਿਆ ਤਾਂ ਕਿ ਤਤਕਾਲੀਨ ਹਾਲਤ ਦਾ ਜਾਇਜਾ ਲਿਆ ਜਾ ਸਕੇ। ਅਨੰਤ ਸਿੰਘ ਤੇ ਗਣੇਸ਼ ਘੋਸ਼ ਨੇ ਹਿੰਮਗਸ਼ੂ ਜੋ ਬੁਰੀ ਤਰ੍ਹਾਂ ਝੁਲਸ ਗਿਆ ਸੀ ਨੂੰ ਇਲਾਜ਼ ਲਈ ਚਿਟਾਗਾਂਗ ਪਹੁੰਚਾਇਆ। ਉਨ੍ਹਾਂ ਦੀ ਵਾਪਸੀ ਦੋ ਘੰਟੇ ਬਾਦ ਹੋਈ ਜਿਸ ਨਾਲ ਦੂਸਰੇ ਚਿੰਤਾ ਵਿਚ ਪੈਕੇ ਉਸ ਜਗ੍ਹਾ ਤੋਂ ਚਲੇ ਗਏ। ਉਹ ਸਭਤੋਂ ਨਜ਼ਦੀਕ ਪੈਂਦੇ

ਜਲਾਲਾਬਾਗ ਹਿਲਜ਼ ਚਲੇ ਗਏ। ਬਾਦ ਵਿਚ ਅਨੰਤ ਸਿੰਘ ਦਾ ਗਰੁਪ ਵੀ ਉਥੇ ਪਹੁੰਚ ਗਿਆ। ਇਤਿਹਾਸਕ ਤੱਤ ਦਸਦੇ ਹਨ ਕਿ ਇਹ ਦੋ ਘੰਟੇ ਵੀ ਛਾਪੇ ਦੀ ਅਸਫਲਤਾ ਦਾ ਵਡਾ ਕਾਰਣ ਸੀ।

ਅਪ੍ਰੈਲ 22, 1930 ਦੀ ਸ਼ਾਮ ਬ੍ਰਿਟਿਸ਼ ਪੁਲੀਸ ਵੀ ਜਲਾਲਾਬਾਦ ਨੇੜੇ ਪਹੁੰਚ ਗਈ। ਸੁਰਿਅ ਸੇਨ ਬਿਲਕੁਲ ਨਹੀ ਘਬਰਾਇਆ ਕਿਉਂਕਿ ਉਹ ਸਮਝਦਾ ਸੀ ਕਿ ਉਨ੍ਹਾਂ ਕੋਲ ਬ੍ਰਿਟਿਸ਼ ਪੁਲੀਸ ਨਾਲੋਂ ਜਿਆਦਾ ਹਥਿਆਰ ਹਨ, ਪਰ ਉਸਦੀ ਸੋਚ ਗਲਤ ਸਾਬਤ ਹੋਈ। ਉਨ੍ਹਾਂ ਕੋਲ ਲੈਵਿਸ ਗਨਜ਼ ਤੇ ਖਤਰਨਾਕ ਵਿਕਰ ਮਸ਼ੀਨ ਗਨਜ਼ ਸਨ। ਪਹਿਲੀ ਗੋਲਾਬਾਰੀ ਵਿਚ ਕਈ ਪੁਲੀਸ ਕਰਮੀ ਮਾਰੇ ਗਏ ਤੇ ਕਰਾਂਤੀਕਾਰੀ ਝਾੜੀਆਂ ਪਿੱਛੇ ਜਾ ਲੁਕੇ।

ਬਾਦ ਵਿਚ ਬ੍ਰਿਟਿਸ਼ ਪੁਲੀਸ ਨੇ ਲੈਵਿਸ ਗਨਜ਼ ਨਾਲ ਫਾਇਰ ਖੋਲ ਦਿੱਤਾ ਤੇ ਸਭਤੋਂ ਪਹਿਲਾਂ ਟਿਗਰਾ ਉਰਫ ਹਰੀ ਗੋਪਾਲ ਬੱਲ ਸ਼ਹੀਦ ਹੋ ਗਿਆ ਇਸਦੇ ਕੁਝ ਹੀ ਮਿੰਟ ਬਾਦ ਇੱਕ ਟੀਨ ਏਜ਼ਰ ਕਰਾਂਤੀਕਾਰੀ ਜੋ ਲੋਕਨਾਥ ਬੱਲ ਦਾ ਭਰਾ ਸੀ ਮੌਕੇ ਤੇ ਹੀ ਸ਼ਹੀਦ ਹੋ ਗਿਆ। ਇਹ ਚਿਟਾਗਾਂਗ ਛਾਪੇ ਦੇ ਪਹਿਲੇ ਸ਼ਹੀਦ ਬਣੇ। ਇਸਤੋਂ ਬਾਦ ਦਸ ਹੋਰ ਟੀਨ ਏਜ਼ਰ ਸ਼ਹੀਦ ਹੋ ਗਏ। ਮਤੀ ਕਾਨੂੰਨਗੋ, ਨਰੇਸ਼ ਰਾਏ, ਤਰਿਪੁਰਾ ਸੇਨ, ਬਿਦੂ ਭੂਸ਼ਨ ਭਟਾਚਾਰੀਆ, ਸੈਸਨਕਾ ਦੱਤ, ਨਿਰਮਲ ਲਾਲਾ, ਪਰਾਭਾਸ਼ ਬੱਲ, ਜਤਿੰਦਰ ਦਾਸ ਗੁਪਤਾ, ਮਧੂਸੂਦਨ ਦੱਤ, ਤੇ ਪੁਲੀਨ ਬਿਕਾਸ਼ ਘੋਸ਼ ਸ਼ਹੀਦ ਹੋ ਗਏ। ਅਰਿਧਿਦੂ ਦਸਤੀਦਾਰ ਦੀ ਸ਼ਹੀਦੀ ਹਸਪਤਾਲ ਵਿਚ ਹੋਈ। ਇਸ ਸਾਰੇ ਨੁਕਸਾਨ ਨਾਲ ਸਾਰੀ ਟੀਮ ਨਿਰਾਸ਼ ਹੋ ਗਈ ਤੇ ਉਨ੍ਹਾਂ ਨੂੰ ਹਿਲਜ਼ ਨੂੰ ਛਡਣ ਲਈ ਮਜ਼ਬੂਰ ਹੋਣਾ ਪਿਆ। ਉਹ ਸਾਰੇ ਗਰੁਪਾਂ ਵਿਚ ਖਿਲਰ ਗਏ। ਅੰਬਿਕਾ ਚਕਰਵਰਤੀ ਨੂੰ ਸ਼ਹੀਦ ਹੋਈ ਸਮਝ ਕੇ ਛਡ ਗਏ ਅਸਲ ਵਿਚ ਉਹ ਜਖਮੀ ਸੀ। ਬਾਦ ਵਿਚ ਅੰਬਿਕਾ ਆਪਣੇ ਬਚਾਵ ਲਈ ਭਜਣ ਵਿਚ ਕਾਮਯਾਬ ਰਹੀ।

ਅਜੇ ਵੀ ਛੇ ਅਲੜ ਨੌਜਵਾਨ ਕਰਾਂਤੀਕਾਰੀਆਂ ਦਾ ਜੱਥਾ ਜਲਾਲਾਬਾਦ ਹਿਲਜ਼ ਵਿਚ ਦਨਦਨਾਉਂਦਾ ਫਿਰਦਾ ਸੀ।

ਮਈ 6—ਦੇਬ ਪ੍ਰਸ਼ਾਦ ਗੁਪਤਾ, ਮਨੋਰੰਜ਼ਨ ਸੇਨ, ਰਜਤ ਸੇਨ, ਸਵਦੇਸ਼ ਰਾਏ, ਫਨਿੰਦਰ ਨਾਥ ਨੰਦੀ ਤੇ ਸੁਬੋਧ ਚੌਧਰੀ ਪਹਾੜੀਆਂ ਵਿਚੋਂ ਬਾਹਰ ਆਏ ਤੇ ਉਨ੍ਹਾਂ ਨੇ ਯੋਰਪੀਅਨ ਕੁਆਟਰਾਂ ਤੇ ਹੱਲਾ ਬੋਲ ਦਿੱਤਾ। ਬਦਕਿਸਮਤੀ ਨਾਲ ਪਲੈਨ ਨੇ ਪਲਟ ਵਾਰ ਕੀਤਾ ਤੇ ਉਨ੍ਹਾਂ ਵਿਚੋਂ ਚਾਰ ਥਾਂ ਤੇ ਹੀ ਸ਼ਹੀਦ ਹੋ ਗਏ। ਪੁਲੀਸ ਨੇ ਬਾਕੀ ਦੋ ਸੁਬੋਧ ਤੇ ਫਨਿੰਦਰ ਨੂੰ ਗਰਿਫਤਾਰ ਕਰ ਲਿਆ। ਇਤਿਹਾਸਕਾਰਾਂ ਦੇ ਕੁਝ ਸੂਤਰ ਇਹ ਵੀ ਦਸਦੇ ਹਨ ਕਿ ਉਨ੍ਹਾਂ ਚਾਰਾਂ ਨੇ ਆਪੋ ਵਿਚ ਹੀ ਗੋਲੀ ਚਲਾਕੇ ਆਤਮ ਹਤਿਆ ਕੀਤੀ ਤੇ ਉਹ ਬ੍ਰਿਟਿਸ਼ ਗੋਲੀ ਦਾ ਸ਼ਿਕਾਰ ਨਹੀ ਹੋਏ।

## ਦੋ ਜੰਗਜੂ ਔਰਤਾਂ

ਇਸ ਇਤਿਹਾਸਕ ਯੁੱਧ ਵਿਚ ਦੋ ਔਰਤਾਂ ਵੀ ਸ਼ਾਮਲ ਸਨ। ਕਲਪਨਾ ਦੱਤ ਤੇ ਪ੍ਰੀਤੀਬਾਲਾ ਵਾਡੇਕਰ। ਉਹ ਹਮੇਸ਼ਾਂ ਹੀ ਟੀਮ ਦੀਆਂ ਹਿੱਸਾ ਸਨ ਪਰ ਮਾਸਟਰ ਪਲੈਨ ਤੋਂ ਐਨ ਪਹਿਲਾਂ ਉਨ੍ਹਾਂ ਨੂੰ ਕਲਕਤੇ ਜਾਣ ਲਈ ਚਿਟਾਗਾਂਗ ਛਡਣਾ ਪਿਆ।

ਉਨ੍ਹਾਂ ਦੇ ਮਾਬਾਪ ਦਾ ਹੁਕਮ ਸੀ ਜਿਸਦੀ ਪਾਲਣਾ ਵੀ ਜ਼ਰੂਰੀ ਸੀ। ਜਾਣ ਤੋਂ ਪਹਿਲਾਂ ਕਲਪਨਾ ਦੱਤ ਜੋ ਬੰਬ ਬਨਾਉਣ ਵਿਚ ਮਾਹਰ ਸੀ ਨੇ ਪਲੈਨ ਵਾਸਤੇ ਵਡੀ ਮਾਤਰਾ ਵਿਚ ਬੰਬ ਬਣਾਏ ਤੇ ਆਪਣੇ ਸਾਰੇ ਗਹਿਣੇ ਟੀਮ ਦੇ ਹਵਾਲੇ ਕਰ ਦਿੱਤੇ ਤਾਂ ਕਿ ਆਰਥਿਕ ਮਦਦ ਹੋ ਸਕੇ। ਪ੍ਰੀਤੀਬਾਲਾ ਨੇ ਵੀ ਐਸਾ ਹੀ ਕੀਤਾ ਜੋ ਵੀ ਆਪਣੇ ਕੋਲ ਸੀ ਸਭ ਟੀਮ ਦੇ ਹਵਾਲੇ ਕਰ ਦਿੱਤਾ। ਜਲਾਲਾਬਾਗ ਕੇਸ ਤੋਂ ਬਾਦ ਇਨ੍ਹਾ ਦੋਵੇਂ ਬਹਾਦਰ ਔਰਤਾਂ ਨੇ ਫਿਰ ਜਥੇਬੰਦ ਹੋਈ ਟੀਮ ਵਿਚ ਸਤੰਬਰ, 1931 ਨੂੰ ਸ਼ਮੂਲੀਅਤ ਕੀਤੀ। ਸੂਰਿਅ ਸੇਨ ਨੇ ਇਨ੍ਹਾਂ ਨੂੰ ਵਿਸ਼ਵਾਸ਼ ਵਿਚ ਲੈਕੇ ਪਹਾੜਤਲੀ ਯੋਰਪੀਅਨ ਕਲਬ ਤੇ ਹਮਲਾ ਕਰਨ ਦੀ ਯੋਜਨਾ ਤਿਆਰ ਕਰ ਲਈ। ਬਦਕਿਸਮਤੀ ਨਾਲ ਕਲਪਨਾ ਦੱਤ ਇਸ ਐਕਸ਼ਨ ਤੋਂ ਹਫ਼ਤਾ ਪਹਿਲਾਂ ਗਰਿਫਤਾਰ ਕਰ ਲਈ ਗਈ। ਇਸਤੋਂ ਬਾਦ ਪ੍ਰੀਤੀਬਾਲਾ ਨੇ ਇਸ ਮਿਸ਼ਨ ਦੀ ਕਮਾਂਡ ਸੰਭਾਲੀ। ਇਸ ਵਾਰ ਫਿਰ ਟੀਮ ਵਿਚ ਅਲੜ੍ਹ ਨੌਜਵਾਨ ਸਨ। ਇਸ ਐਕਸ਼ਨ ਵਿਚ ਸਫਲਤਾ ਮਿਲੀ ਪਰ ਪ੍ਰੀਤੀਬਾਲਾ ਪੁਲੀਸ ਦੇ ਘੇਰੇ ਵਿਚ ਆ ਗਈ। ਉਸਨੇ ਗਰਿਫਤਾਰੀ ਤੋਂ ਬਚਣ ਲਈ ਸਾਇਆਨਾਈਡ ਖਾਕੇ ਆਤਮ ਹਤਿਆ ਕਰ ਲਈ ਪਰ ਪੁਲੀਸ ਦੇ ਹੱਥ ਨਹੀ ਆਈ। ਕਲਪਨਾ ਦੀ ਰਿਹਾਈ ਹੋ ਗਈ ਪਰ ਫਿਰ ਪੁਲੀਸ ਦੇ ਜਾਲ ਵਿਚ ਫਸ ਗਈ ਕਿਉਂਕਿ ਉਹ ਸੂਰਿਅ ਸੇਨ ਦੇ ਨਾਲ ਸੀ ਜਦੋਂ ਉਹ ਕਿਸੇ ਲੁਕਣਗਾਹ ਵਿਚ ਸਨ। ਇਹ ਕਿਸੇ ਭਾਰਤੀ ਗਦਾਰ ਨੇਤਰਾ ਸੇਨ ਦਾ ਕੰਮ ਸੀ। ਇੱਥੇ ਕਲਪਨਾ ਦੱਤ ਨੇ ਸਤ ਬ੍ਰਿਟਿਸ਼ ਫੌਜੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਉਦੋਂ ਉਸਦੀ ਉਮਰ 16 ਸਾਲ ਦੀ ਸੀ। ਇਹ ਘਟਨਾ ਫਰਵਰੀ16, 1933 ਦੀ ਹੈ। ਸੂਰਿਅ ਸੇਨ ਨੂੰ ਗਰਿਫਤਾਰ ਕਰ ਲਿਆ ਗਿਆ।

ਇਸ ਚਿਟਾਗਾਂਗ ਹਥਿਆਰਬੰਦ ਲੜਾਈ ਦੌਰਾਨ ਕੋਈ ਵੀ ਲੰਬੇ ਸਮੇਂ ਤਕ ਬਚ ਨਹੀ ਸਕਿਆ। ਹਰ ਕੋਈ ਗਰਿਫਤਾਰ ਹੋਇਆ। ਮੈਬਰਾਂ ਦੀ ਕੁਲ ਗਿਣਤੀ ਬਾਰੇ ਅਜੇ ਵੀ ਪੱਕਾ ਪਤਾ ਨਹੀ ਲੱਗ ਸਕਿਆ। ਕਈ ਸੂਤਰ ਇਸਦੀ ਗਿਣਤੀ 62, 64, 65, 66ਤੇ ਕੁਝ 68 ਦਸਦੇ ਹਨ।

## ਬਟਕੇਸ਼ਵਰ ਦੱਤ

ਭਾਰਤੀ ਕਰਾਂਤੀਕਾਰੀ, ਸਵਤੰਤਰਤਾ ਸੈਨਾਨੀ ਬਟਕੇਸ਼ਵਰ ਦੀਆਂ ਗਤੀਵਿਧੀਆ ਦਾ ਕਾਲ ਵੀਹਵੀਂ ਸਦੀ ਦਾ ਸ਼ੁਰੂਆਤੀ ਦੌਰ ਹੈ। ਬੀ.ਕੇ. ਦੱਤ ਦੇ ਨਾਮ ਨਾਲ ਬੰਬ ਚਲਾਉਣ ਵਾਲਾ ਜੁੜ ਗਿਆ। ਉਸਨੇ ਕਈ ਬੰਬ ਵਿਸਫੋਟ ਕੀਤੇ। ਭਗਤ ਸਿੰਘ ਨਾਲ ਮਿਲਕੇ ਉਨ੍ਹਾਂ ਨੇ ਸੈਂਟਰਲ ਅਸੈਂਬਲੀ ਦਿਲੀ ਵਿਚ ਅਪ੍ਰੈਲ 8, 1929 ਨੂੰ ਬੰਬ ਵਿਸਫੋਟ ਕੀਤਾ। ਉਨ੍ਹਾ ਨੇ ਆਪ ਗਰਿਫਤਾਰੀ ਦਿੱਤੀ। ਕੇਸ ਚਲਿਆ ਤੇ ਉਮਰ ਕੈਦ ਦੀ ਸਜ਼ਾ ਹੋਈ।

ਜੇਲ੍ਹ ਵਿਚ ਭਾਰਤੀ ਰਾਜਨੀਤਕ ਕੈਦੀਆਂ ਨਾਲ ਪਸ਼ੂਆ ਵਾਲਾ ਵਰਤਾਵ ਹੁੰਦਾ ਸੀ। ਇਨ੍ਹਾਂ ਦੋਵਾਂ ਨੇ ਜੇਲ੍ਹ ਵਿਚ ਇਤਿਹਾਸਕ ਭੁਖ ਹੜਤਾਲ ਕਰਵਾਈ। ਸਿਸਟਮ ਬਦਲਣ ਦੀ ਕੋਸ਼ਿਸ਼ ਵਿਚ ਕਾਮਯਾਬ ਵੀ ਹੋਏ ਤੇ ਕੁਝ ਅਧਿਕਾਰਾਂ ਦੀ ਜਾਮਨੀ ਦੀ ਤਸਦੀਕ ਕਰਵਾਈ। ਬੀ ਕੇ ਦੱਤ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸ਼ੀਏਸ਼ਨ ਦਾ ਵੀ ਮੈਂਬਰ ਸੀ।

ਬਟਕੇਸ਼ਵਰ ਦੱਤ ਨੂੰ ਬੀ.ਕੇ.ਦੱਤ, ਬਟੂ ਤੇ ਮੋਹਨ ਵੀ ਕਹਿੰਦੇ ਸਨ। ਗੋਸ਼ਥਾ ਬਿਹਾਰੀ ਦੱਤ ਦੇ ਪੁੱਤਰ ਦਾ ਜਨਮ ਨਵੰਬਰ 18, 1910 ਨੂੰ ਹੋਇਆ। ਬਰਦਵਾਨ ਜਿਲ੍ਹੇ ਦੇ ਪਿੰਡ ਔਰੀ ਵਿਚ ਜਨਮੇ ਬੀ.ਕੇ.ਦੱਤ ਨੂੰ ਕਈ ਵਾਰ ਪੰਜਾਬੀ ਵੀ ਸਮਝ ਲਿਆ ਜਾਂਦਾ ਹੈ। ਭਗਤ ਸਿੰਘ ਦਾ ਸਾਥੀ ਹੋਣ ਕਰਕੇ, ਪਰ ਇਹ ਸੂਰਮੇ  ਸਾਰੇ ਦੇਸ਼ ਦੇ ਸਨ। ਇੱਕ ਸੋਚ ਨਾਲ ਪਰੁੰਦੇ ਇਹ ਕੁਝ ਵੀ ਬਣ ਸਕਦੇ ਹਨ। ਬੰਗਾਲੀ ਵੀ ਬਿਹਾਰੀ ਵੀ ਤੇ ਪੰਜਾਬੀ ਵੀ। ਅਸਲ ਵਿਚ ਆਪਣੇ ਸੂਬੇ ਦਾ ਸਮਝਣ ਵਾਲੇ ਭੋਲੇ ਭਾਲੇ ਲੋਕ ਹੀ ਇਨ੍ਹਾਂ ਨੂੰ ਸਮਝ ਸਕਦੇ ਹਨ। ਸੂਬਿਆਂ ਦੇ ਠੇਕੇਦਾਰ ਤੇ ਇੱਕੋ ਜਿਹੇ ਹੀ ਹੁੰਦੇ ਹਨ। ਜਿਨ੍ਹਾਂ ਦਾ ਬਾਹਵਾਂ ਲੰਮੀਆ ਕਰਕੇ ਇਹ ਦਸਣ ਵਿਚ ਹੀ ਦੁਕਾਨਦਾਰੀ ਹੈ ਕਿ ਦੱਤ ਸਾਡਾ ਬੰਗਾਲੀ ਸੀ ਦੱਤ ਸਾਡਾ ਪੰਜਾਬੀ ਸੀ। ਬਿਹਾਰ ਵਿਚੋਂ ਟਰੇਨ ਰਾਹੀਂ ਲੰਘਿਆ ਦੱਤ ਸਾਡਾ ਬਿਹਾਰੀ ਭਰਾ ਸੀ। ਬੀ.ਕੇ.ਦੱਤ ਖੰਡਾ ਤੇ ਮਾਉਸੂ ਜਿਹੜੇ ਬਰਦਵਾਨ ਜਿਲੇ ਵਿਚ ਪੈਂਦੇ ਹਨ ਵੀ ਰਿਹਾ ਹੈ, ਇਹ ਬੰਗਾਲ ਵਿਚ ਹੈ। ਉਸਨੇ  ਪੀ.ਪੀ. ਐਨ ਹਾਈ ਸਕੂਲ ਕਾਨਪੁਰ ਤੋਂ ਗਰੈਜੂਏਸ਼ਨ ਕੀਤੀ। ਸਵਤੰਤਰਤਾ ਸੰਗਰਾਮੀ ਦੱਤ ਦੇ ਚੰਦਰ ਸ਼ੇਖਰ ਅਜ਼ਾਦ ਤੇ  ਭਗਤ ਸਿੰਘ ਨਾਲ ਗੂੜ੍ਹੇ ਸਬੰਧ ਸਨ। ਉਹ ਭਗਤ ਸਿੰਘ ਨੂੰ ਕਾਨਪੁਰ ਵਿਖੇ 1924 ਨੂੰ ਪਹਿਲੀ ਵਾਰ ਮਿਲਿਆ। ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਕਾਨਪੁਰ  ਵਿਚ ਵਿਚਰਦਿਆਂ ਉਸਨੇ ਬੰਬ ਬਨਾਉਣ ਦੀ ਪੂਰੀ ਸਿਖਲਾਈ ਲਈ ਹੋਈ ਸੀ।

## ਐਸੰਬਲੀ ਵਿਚ ਬੰਬ—

ਡੀਫੈਂਸ ਔਫ ਇੰਡੀਆ ਐਕਟ 1915

ਇਸ ਐਕਟ ਨੂੰ  ਡਿਫੈਂਸ ਔਫ ਇੰਡੀਆ ਰੈਗੂਲੇਸ਼ਨਜ਼ ਐਕਟ ਵੀ ਕਿਹਾ ਜਾਂਦਾ ਹੈ। 1915 ਨੂੰ ਭਾਰਤ ਦੇ ਗਵਰਨਰ ਜਨਰਲ ਨੂੰ ਸੁਤੇ ਪਏ ਨੂੰ ਸੁਪਨੇ ਵਿਚ ਕਰਾਤੀਕਾਰੀਆਂ ਦੇ ਡਰ ਨੇ ਡਰਾਇਆ ਤੇ ਉਸਨੇ ਸਵੇਰੇ ਉਠਕੇ ਪਹਿਲਾ ਕੰਮ ਹੀ ਇਹ ਕੀਤਾ, ਚਾਹ ਵੀ ਬਾਦ ਵਿਚ ਪੀਤੀ। ਪਹਿਲੀ ਸੰਸਾਰ ਜੰਗ ਦੌਰਾਨ ਕਰਾਂਤੀਕਾਰੀਆਂ ਤੇ ਗਦਰੀਆਂ ਦੀਆਂ ਸਰਗਰਮੀਆਂ ਨੇ ਅੰਗਰੇਜ਼ ਦੀ ਨੀਂਦ ਹਰਾਮ ਕੀਤੀ ਹੋਈ ਸੀ। ਪਹਿਲੀ ਸੰਸਾਰ ਜੰਗ ਦੌਰਾਨ ਇਹ ਬਿਲ ਰੋਲਟ ਐਕਟ ਦੇ ਫਰੇਮ ਵਰਗਾ ਸੀ। ਇਹ ਸਰਕਾਰ ਤੇ ਪੁਲੀਸ ਨੂੰ ਐਮਰਜੈਂਸੀ ਵੇਲੇ ਅਥਾਹ ਅਧਿਕਾਰ ਦਿੰਦਾ ਸੀ ਕਿ ਐਸੇ ਮੌਕੇ ਕਰਾਤੀਕਾਰੀ ਕਾਰਵਾਈਆਂ ਨੂੰ ਰੋਕਣ ਲਈ ਉਨ੍ਹਾਂ ਦੇ ਕੀਤੇ ਕੰਮ ਡਿਊਟੀ ਸਮਝੇ ਜਾਣਗੇ ਤੇ ਅਪੀਲ, ਦਲੀਲ ਦੀ ਕੋਈ ਗੁੰਜਾਇਸ਼ ਨਹੀ ਹੋਵੇਗੀ।

ਲਾਅ, ਡਿਫੈਂਸ ਔਫ ਇੰਡੀਆ(ਕਰਿਮੀਨਲ ਲਾਅ ਅਮੈਂਡਮੈਂਟ) ਐਕਟ, 1915 ( ਨੰਬਰ 4) ਬ੍ਰਿਟਿਸ਼ ਡਿਫੈਂਸ ਔਫ ਦੀ ਰੀਅਲਮ ਐਕਟ ਜਿਹੜਾ ਮਾਰਚ 18, 1915 ਨੂੰ

ਪਾਸ ਹੋਇਆ ਸੀ। ਇਹ ਦੋਵੇ ਇੱਕੋ ਹੀ ਤਾਸੀਰ ਦੇ ਸਨ। ਦੋਵਾਂ ਬਿਛੂਆਂ ਦਾ ਡੰਗ ਇੱਕੋ ਜਿਹਾ ਸੀ। ਇਹ ਪਹਿਲਾ ਐਕਟ ਅਸਥਾਈ ਕਾਰਜ ਪ੍ਰਣਾਲੀ ਨੂੰ ਇਹ ਅਧਿਕਾਰ ਦਿੰਦੀ ਸੀ ਕਿ ਪਹਿਲੀ ਸੰਸਾਰ ਜੰਗ ਤੇ ਉਸਦੇ ਪਿੱਛੋਂ ਛੇ ਮਹੀਨੇ ਤੱਕ ਹੀ ਲਾਗੂ ਰਹੇਗਾ ਤੇ ਉਸ ਤੋਂ ਪਿੱਛੋ ਇਸਨੂੰ ਆਪਣੇ ਆਪ ਹੀ ਖਤਮ ਸਮਝਿਆ ਜਾਵੇ। ਇਸ ਐਕਟ ਨੇ ਗਵਰਨਰ ਜਨਰਲ ਦੀ ਕੌਂਸਿਲ ਨੂੰ ਨਿਯਮ ਬਨਾਉਣ ਦਾ ਅਧਿਕਾਰ ਦਿੱਤਾ ਸੀ। ਇਹ ਇੰਝ ਸੀ...

ਪਬਲਿਕ ਦੀ ਰਾਖੀ ਲਈ ਤੇ ਬ੍ਰਿਟਿਸ਼ ਦੀ ਰਖਿਆ ਪ੍ਰਾਣਾਲੀ ਲਈ, ਇਹ ਐਕਟ ਸਰਕਾਰ ਦੇ ਅਫਸਰ ਸਾਹਿਬਾਨ ਨੂੰ ਅਥਾਹ ਤਾਕਤ ਬਖਸ਼ਦਾ ਸੀ।

ਇਸਦੀਆਂ ਮੱਦਾਂ ਵਿਚ ਨਿਯਮ ਭੰਗ ਕਰਨ ਵਾਲੇ ਸਜਾ ਦੇ ਭਾਗੀ ਹੋਣਗੇ ਤੇ ਇਸਦੀ ਸਜ਼ਾ ਜੁਰਮਾਨਾ ਜਾਂ ਕੈਦ ਵੀ ਹੋ ਸਕਦੀ ਹੈ। ਕੈਦ ਤੇ ਜੁਰਮਾਨਾ ਦੋਵੇਂ ਵੀ ਹੋ ਸਕਦੇ ਸਨ। ਸਜਾ ਦੀ ਹੱਦ ਸੱਤ ਸਾਲ ਸੀ। ਜੇ ਰਾਜੇ ਦੇ ਅਧਿਕਾਰ ਖੇਤਰ ਖਿਲਾਫ ਜਾ ਦੇਸ਼ ਵਿਰੁਧ ਜੰਗ ਕਰਨੀ ਦੇ ਕੇਸ ਵਿਚ ਫਾਂਸੀ ਵੀ ਹੋ ਸਕਦੀ ਸੀ।

ਗਵਰਨਰ ਜਨਰਲ ਇੰਨ ਕੌਂਸਿਲ ਦੇ ਖਾਸ ਅਧਿਕਾਰ ਰਾਹੀਂ, ਗਵਰਨਰ ਜਨਰਲ ਦੇ ਨੋਟੀਫੇਕਸ਼ਨ ਨਾਲ ਕਿਸੇ ਵੀ ਪ੍ਰਾਂਤ ਨੂੰ ਇਹ ਅਧਿਕਾਰ ਮਿਲ ਜਾਂਦਾ ਸੀ ਕਿ ਉਹ ਇਸ ਐਕਟ ਦੀਆਂ ਧਾਰਾਵਾਂ ਨੂੰ ਲਾਗੂ ਕਰ ਲਵੇ। ਇਸ ਐਕਟ ਦੇ ਘੇਰੇ ਵਿਚ ਪੰਜਾਬ ਤੇ ਬੰਗਾਲ ਸ਼ਾਮਲ ਕਰ ਲਏ ਗਏ ਸਨ। ਇਸ ਰਾਹੀ ਸਪੈਸ਼ਲ ਅਦਾਲਤਾਂ ਦੀ ਸਥਾਪਨਾ ਕੀਤੀ ਗਈ ਤੇ ਤਿੰਨ ਕਮਿਸ਼ਨਰ ਖਾਸ ਅਧਿਕਾਰਾਂ ਨਾਲ ਨਿਯੁਕਤ ਕੀਤੇ ਗਏ। ਉਨ੍ਹਾਂ ਕੁਝ ਖਾਸ ਦੋਸ਼ਾਂ ਨੂੰ ਪਰਖਣਾ ਸੀ ਤੇ ਕਿਸੇ ਨੂੰ ਵੀ ਉਨ੍ਹਾ ਦੇ ਫੈਸਲੇ ਵਿਰੁਧ ਅਪੀਲ ਕਰਨ ਦਾ ਹੱਕ ਨਹੀ ਸੀ। ਤਾਕਤ ਕਰਾਂਤੀਕਾਰੀਆਂ ਤੇ ਸਵਤੰਤਰਤਾ ਸੈਨਾਨੀਆ ਦੇ ਖਿਲਾਫ ਵਰਤੀ ਜਾਂਣੀ ਸੀ।

ਇਹ ਦੋਵੇਂ ਬਿਲ ਇੱਕ ਵੋਟ ਦੇ ਫਰਕ ਨਾਲ ਹਾਰ ਗਏ। ਇਸਤਰ੍ਹਾਂ ਇਨ੍ਹਾਂ ਨੂੰ ਇੱਕ ਆਰਡੀਨੈਂਸ ਨਾਲ ਜੋੜ ਦਿੱਤਾ ਗਿਆ ਤੇ ਦਲੀਲ ਇਹ ਦਿੱਤੀ ਗਈ ਕਿ ਇਹ ਪਬਲਿਕ ਦੇ ਭਲੇ ਲਈ ਹਨ। ਇਸ ਆਰਡੀਨੈਂਸ ਦਾ ਵਿਰੋਧ ਕਰਨ ਦਾ ਫੈਸਲਾ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਵਲੋਂ ਕੀਤਾ ਗਿਆ। ਰੋਸ ਕਰਨ ਦਾ ਢੰਗ ਵੀ ਸੋਚ ਲਿਆ ਗਿਆ ਕਿ ਐਸੰਬਲੀ ਵਿਚ ਬੰਬ ਚਲਾ ਕੇ ਬੋਲ੍ਹੇ ਕੰਨਾ ਤੱਕ ਆਪਣੀ ਅਵਾਜ਼ ਪਹੁੰਚਾਈ ਜਾਏ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮੀਡੀਏ ਦਾ ਧਿਆਨ ਖਿਚਿਆ ਜਾਵੇ। ਚੰਦਰ ਸ਼ੇਖਰ ਅਜ਼ਾਦ ਜੋ ਕਰਾਂਤੀਕਾਰੀ ਅੰਦੋਲਨ ਦਾ ਨੇਤਾ ਸੀ, ਇਸ ਬੰਬ ਵਿਸਫੋਟ ਵਾਲੀ ਕਾਰਵਾਈ ਦੇ ਹੱਕ ਵਿਚ ਨਹੀ ਸੀ। ਬਾਕੀ ਸਾਰੇ ਸਾਥੀਆਂ ਨੇ ਚੰਦਰ ਸ਼ੇਖਰ ਅਜ਼ਾਦ ਨੂੰ ਮਨਾਇਆ ਕਿ ਭਗਤ ਸਿੰਘ ਦੀ ਇਹ ਪਲੈਨ ਮੰਨ ਲਈ ਜਾਵੇ। ਅਜ਼ਾਦ ਮੰਨ ਗਿਆ ਤੇ ਉਸਨੇ ਭਗਤ ਸਿੰਘ ਦੇ ਨਾਲ ਬਟਕੇਸ਼ਵਰ ਦੱਤ ਨੂੰ ਇਸ ਪਲੈਨ ਲਈ ਚੁਣਿਆ ਜਿਸ ਅਨੁਸਾਰ ਐਸੰਬਲੀ ਵਿਚ ਬੰਬ ਸੁਟਣਾ ਸੀ। ਪਹਿਲੀ ਪਲੈਂਨ ਮੁਤਾਬਕ ਬੀ.ਕੇ. ਦੱਤ ਤੇ ਸੁਖਦੇਵ ਨੇ ਇਹ ਕੰਮ ਕਰਨਾ ਸੀ ਤੇ ਭਗਤ ਸਿੰਘ ਰੂਸ ਜਾ ਰਿਹਾ ਸੀ ਪਰ ਬਾਦ ਵਿਚ ਇਹ ਪਲੈਨ ਬਦਲ ਦਿੱਤੀ ਗਈ। ਅਪ੍ਰੈਲ 8, 1929 ਨੂੰ ਦੋਵੇਂ ਵਿਜ਼ਿਟਰ ਗੈਲਰੀ ਵਲੋਂ ਆਏ। ਇਨ੍ਹਾਂ ਨੇ ਦੋ ਬੰਬ ਸੁਟੇ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਉਂਣੇ

ਸ਼ੁਰੂ ਕਰ ਦਿੱਤੇ। ਪੈਂਫਲਿਟ ਵੀ ਲਹਿਰਾਏ ਤੇ ਪੈਂਫਲਿਟਾਂ ਦੀ ਬਰਸਾਤ ਕਰ ਦਿੱਤੀ। ਪੈਂਫਲਿਟ ਵਿਚ ਦਰਜ਼ ਸੀ ਕਿ ਉਹ ਇਨ੍ਹਾਂ ਦੋਵੇਂ ਬਿਲਾਂ ਦਾ ਵਿਰੋਧ ਕਰਦੇ ਹਨ ਤੇ ਲਾਲਾ ਲਾਜਪੱਤ ਰਾਏ ਦੀ ਮੌਤ ਦਾ ਅੰਗਰੇਜ਼ ਨੂੰ ਦੋਸ਼ ਦਿੰਦੇ ਹੋਏ ਅਫਸੋਸ ਕਰਦੇ ਹਨ। ਕੁਝ ਮਾਮੂਲੀ ਝਰੀਟਾਂ ਤੋਂ ਇਲਾਵਾ ਬੰਬਾਂ ਨਾਲ ਕੋਈ ਨੁਕਸਾਨ ਨਹੀ ਹੋਇਆ। ਭਗਤ ਸਿੰਘ ਤੇ ਬੀ.ਕੇ. ਦੱਤ ਦਾ ਕਹਿੰਣਾ ਸੀ ਕਿ ਇਹ ਉਨ੍ਹਾਂ ਜਾਣਕੇ ਕੀਤਾ ਹੈ। ਅਸੀਂ ਬੰਬ ਵਿਸਫੋਟ ਆਪਣਾ ਵਿਰੋਧ  ਦਰਜ਼ ਕਰਨ ਲਈ ਹੀ ਕੀਤਾ, ਤਾਂ ਕਿ ਬੋਲੇ ਕੰਨਾਂ ਤੱਕ ਆਪਣੀ ਅਵਾਜ਼ ਪਹੁੰਚਾਈ ਜਾਵੇ। ਭਜਣ ਦੀ ਕੋਈ ਕੋਸ਼ਿਸ਼ ਨਹੀ ਹੋਈ ਤੇ ਇਸ ਲਈ ਗਰਿਫਤਾਰੀ ਦਿੱਤੀ। ਮਕਸਦ ਸੀ ਕਿ ਮੁਕਦਮੇ ਦੌਰਾਨ ਆਪਣੀ ਅਜ਼ਾਦੀ ਦੀ ਗੱਲ ਕੀਤੀ ਜਾਵੇ।

## ਟਰਬਿਊਨ ਦੀ ਇਸ ਘਟਨਾ ਬਾਰੇ ਰਿਪੋਰਟ—

ਜਦੋਂ ਮਿਸਟਰ ਪਟੇਲ ਇਨ੍ਹਾਂ ਦੋਵੇਂ ਬਿਲਾਂ ਤੇ ਆਪਣੀ ਰੂਲਿੰਗ ਦੇਣ ਲਈ ਖੜੇ ਹੋਏ ਤਾਂ ਜਾਰਜ ਸ਼ਸਟਰ (ਘਏਰਗਏ ਂਚਹੁਸਟਏਰ) ਦੀ ਸੀਟ ਕੋਲੋਂ ਗੈਲਰੀ ਤੋਂ ਦੋ ਬੰਬ ਐਸੰਬਲੀ ਵਿਚ ਸੁਟੇ ਗਏ। ਸਾਰਾ ਹਾਊਸ ਵਿਚ  ਇਸ ਕਾਰੇ ਨਾਲ ਖਲਬਲੀ ਮੱਚ ਗਈ। ਜਾਰਜ ਸਸ਼ਟਰ ਤੇ ਬੀ.ਦਲਾਲ ਨੂੰ ਮਾਮੂਲੀ ਸੱਟ ਲੱਗੀ ਤੇ ਕੁਝ ਹੋਰ ਲੋਕਾਂ ਨੂੰ ਵੀ ਝਰੀਟਾਂ ਆਈਆਂ। ਭਗਤ ਸਿੰਘ ਤੇ ਦੱਤ ਨੂੰ ਬ੍ਰਿਟਿਸ਼ ਨੇ ਗਰਿਫਤਾਰ ਕਰ ਲਿਆ। ਦਸ ਮਿੰਟ ਬਾਦ ਐਸੰਬਲੀ ਦੁਬਾਰਾ ਜੁੜੀ। ਚੈਂਬਰ ਸਾਰਾ ਧੂੰਏਂ ਨਾਲ ਭਰ ਚੁੱਕਾ ਸੀ। ਮਿਸਟਰ ਪਟੇਲ ਨੇ ਹਾਊਸ ਨੂੰ ਵੀਰਵਾਰ ਤੱਕ ਮੁਲਤਵੀ ਕਰ ਦਿੱਤਾ। ਇੱਕ ਲਾਲ ਰੰਗ ਦਾ ਪੈਂਫਲਿਟ, ਜਿਸਤੇ 'ਹਿੰਦੋਸਤਾਨ ਸੋਸ਼ਲਿਸ਼ਟ ਰੀਪਬਲਿਕਨ ਆਰਮੀ' ਲਿਖਿਆ ਹੋਇਆ ਸੀ ਤੇ ਇਸ ਉਤੇ ਬਲਰਾਜ, ਔਨਰੇਬਲ ਚੀਫ ਵਜੋਂ ਸਾਈਨ ਕੀਤੇ ਹੋਏ ਸਨ, ਸੁਟਿਆ ਗਿਆ ਸੀ। ਪੁਲੀਸ ਨੇ ਕੌਂਸਿਲ ਹਾਊਸ ਨੂੰ ਜਿੰਦਰਾ ਮਾਰ ਦਿੱਤਾ ਤੇ ਵਿਜ਼ਿਟਰ ਨੂੰ ਹਿਲਣ ਜੁਲਣ ਤੋਂ ਮਨ੍ਹਾਂ ਕਰ ਦਿੱਤਾ। ਜਦੋਂ ਬੰਬ ਸੁਟਿਆ ਗਿਆ ਉਦੋਂ ਜੇ.ਸਿੰਮਸਨ ਵੀ ਗੈਲਰੀ ਵਿਚ ਮੌਜੂਦ ਸੀ। ਸਰ। ਜੀ. ਸਸ਼ਟਰ, ਸਰ ਬੀ.ਦਲਾਲ, ਮਿਸਟਰ ਰਘਵਿੰਦਰਾ ਰਾਉ, ਤੇ ਮਿਸਟਰ ਸ਼ੰਕਰ ਰਾਉ ਮਾਮੂਲੀ ਆਏ ਜ਼ਖਮੀਆ ਵਿਚ ਸ਼ਾਮਲ ਸਨ।

## ਐਸੰਬਲੀ ਬੰਬ ਕੇਸ ਟਰਾਇਲ

ਦੋਵਾਂ ਤੇ ਕਤਲ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਗਿਆ। ਬ੍ਰਿਟਿਸ਼ ਜੱਜ ਪੀ.ਬੀ. ਪੂਲ ਨੂੰ ਨਿਯੁਕਤ ਕੀਤਾ ਗਿਆ ਤੇ ਸਰਕਾਰੀ ਵਕੀਲ ਸੀ ਰਾਏ ਬਹਾਦੁਰ ਸੂਰਿਆ ਨਰਾਇਣ, ਮੁਕਦਮਾ ਮਈ 7, 1929ਨੂੰ ਸ਼ੁਰੂ ਹੋਇਆ। ਸ਼ਕਾਂ ਦੀ ਤਸਦੀਕ ਲਈ, ਮੁਕਦਮੇ ਦੌਰਾਨ ਗਵਾਹੀਆਂ ਪੇਸ਼ ਕੀਤੀਆਂ ਗਈਆਂ। ਇਕ ਵਡੀ ਉਲਝਣ, ਇੱਕ ਆਟੋਮੈਟਿਕ ਪਿਸਟਲ ਦੀ ਸੀ, ਜਿਸ ਬਾਰੇ ਕਿਹਾ ਗਿਆ ਕਿ ਇਹ ਭਗਤ ਸਿੰਘ ਕੋਲੋਂ ਗਰਿਫਤਾਰੀ ਵੇਲੇ ਬਰਾਮਦ ਹੋਇਆ ਸੀ। ਇੱਕ ਗਵਾਹ ਨੇ ਕਿਹਾ ਕਿ ਇਸ ਪਿਸਟਲ ਨਾਲ ਭਗਤ ਸਿੰਘ ਨੇ ਦੋ ਤਿੰਨ ਫਾਇਰ ਕੀਤੇ ਤੇ ਫਿਰ ਪਿਸਟਲ ਜਾਮ ਹੋ ਗਿਆ। ਕੁਝ ਪੁਲੀਸ ਵਾਲਿਆਂ ਦਾ ਕਹਿੰਣਾ ਸੀ ਕਿ ਜਦੋਂ ਉਹ ਆਏ ਤਾਂ ਭਗਤ ਸਿੰਘ ਨੇ ਉਹ ਪਿਸਟਲ ਉਨ੍ਹਾਂ ਵਲ ਸੇਧਿਤ ਕੀਤਾ ਸੀ। ਸਾਰਜੈਂਟ ਟੈਰੀ, ਜਿਸਨੇ ਦੋਵਾਂ ਦਾ ਵਿਰੋਧ ਕੀਤਾ ਸੀ ਤੇ

ਗਰਿਫਤਾਰ ਕੀਤਾ ਸੀ ਕਿ ਭਗਤ ਸਿੰਘ ਪਿਸਟਲ ਨਾਲ ਖੇਡ ਰਿਹਾ ਸੀ। ਇੰਡੀਆ ਲਾਅ ਜਰਨਲ ਅਨੁਸਾਰ, ਇਹ ਇੱਕ ਗਲਤ ਗੱਲ ਸੀ ਕਿਉਂਕਿ ਭਗਤ ਸਿੰਘ ਨੇ ਇਹ ਪਿਸਟਲ ਆਪ ਹੀ ਪੁਲੀਸ ਹਵਾਲੇ ਕਰ ਦਿੱਤਾ ਸੀ। ਕੂਨਰ ਅਨੁਸਾਰ, ਭਗਤ ਸਿੰਘ ਨੇ ਇੱਕ ਬਹੁਤ ਵਡੀ ਗਲਤੀ ਕੀਤੀ ਸੀ। ਉਹ ਕਿਉਂ ਉਸ ਦਿਨ ਪਿਸਟਲ ਨਾਲ ਲੈਕੇ ਆਇਆ। ਜਦ ਕਿ ਇਹ ਸਾਫ਼ ਸੀ ਕਿ ਉਨ੍ਹਾਂ ਦਾ ਮਕਸਦ ਕਿਸੇ ਨੂੰ ਸਰੀਰਕ ਨੁਕਸਾਨ ਪਹੁੰਚਾਉਣਾ ਨਹੀ ਸੀ ਤੇ ਪੁਲੀਸ ਨੂੰ ਆਪ ਆਪਣੀ ਮਰਜ਼ੀ ਨਾਲ ਹੀ ਸਮਰਪਣ ਕੀਤਾ ਸੀ। ਪਿਸਟਲ ਦੇ ਖਾਲੀ ਸ਼ੈਲ ਵੀ ਉਥੋਂ ਮਿਲ ਗਏ। ਮੁੱਢਲੀ ਚਾਰਜਸ਼ੀਟ ਤੋਂ ਬਾਦ ਦੋਵਾਂ ਨੂੰ ਸੈਸ਼ਨ ਜੱਜ ਦੀ ਅਦਾਲਤ ਵਿਚ ਭੇਜ਼ ਦਿੱਤਾ ਗਿਆ ਕਿਉਂਕਿ ਇਹ ਕੇਸ ਦੀ ਜੁਰਿਸਡਿਕਸਨ ਸੈਸ਼ਨ ਅਦਾਲਤ ਹੇਠ ਹੀ ਆਉਂਦੀ ਹੈ। ਜੱਜ ਅੰਗਰੇਜ਼ ਸੀ ਜਿਸਦਾ ਨਾਮ ਸੀ ਲਿਨਾਰਡ ਮਿਡਲਟਨ ਜਿਸਨੇ ਇਹ ਕਿਹਾ ਕਿ ਇਸ ਵਿਚ ਕੋਈ ਸ਼ਕ ਨਹੀ ਕਿ ਦੋਵਾਂ ਨੇ ਜਾਣਕੇ, ਪੂਰੇ ਹੋਸ਼ੋ ਹਵਾਸ ਵਿਚ ਇਹ ਬੰਬ ਸੁਟਿਆ ਹੈ ਤੇ ਬੰਬ ਦੇ ਟੁਕੜੇ ਲਕੜ ਦੇ ਫਰਸ਼ ਵਿਚ ਡੇੜ ਇੰਚ ਡੂੰਘੇ ਧੱਸ ਗਏ। ਦੱਤ ਦੇ ਕੇਸ ਦੀ ਪੈਰਵੀ ਆਸਿਫ ਅਲੀ ਨੇ ਕੀਤੀ ਜਦਕਿ ਭਗਤ ਸਿੰਘ ਨੇ ਆਪਣੀ ਪੈਰਵੀ ਖੁਦ ਕੀਤੀ। ਉਨ੍ਹਾਂ ਦੀ ਅਪੀਲ ਖਾਰਜ ਕਰ ਦਿੱਤੀ ਗਈ ਤੇ ਚੋਦਾਂ ਸਾਲ ਦੀ ਉਮਰ ਕੈਦ ਸੁਣਾ ਦਿੱਤੀ ਗਈ।

ਰਿਹਾ ਹੋਣ ਤੋਂ ਬਾਦ ਜੇਲ੍ਹ ਦੀਆਂ ਦੁਸ਼ਵਾਰੀਆਂ ਨਾਲ ਬਟਕੇਸ਼ਵਰ ਦੱਤ ਨੂੰ ਤਪਦਿਕ (ਟੀ.ਬੀ) ਹੋ ਗਈ। ਉਸਨੇ ਮਰਜ਼ ਦੇ ਬਾਵਜੂਦ ਮਹਾਤਮਾ ਗਾਂਧੀ ਦੇ ਭਾਰਤ ਛੋੜੋ ਅੰਦੋਲਨ ਵਿਚ ਹਿੱਸਾ ਲਿਆ। ਗਰਿਫਤਾਰ ਕਰ ਲਿਆ ਗਿਆ ਤੇ ਫਿਰ ਚਾਰ ਸਾਲ ਦੀ ਸਜ਼ਾ ਹੋ ਗਈ। ਜਦ ਦੇਸ਼ ਨੂੰ ਅਜ਼ਾਦੀ ਮਿਲੀ, ਦੱਤ ਨੇ ਨਵੰਬਰ 1947 ਨੂੰ ਅੰਜਲੀ ਨਾਲ ਵਿਆਹ ਕਰਵਾ ਲਿਆ। ਇਹ ਕਿਹਾ ਜਾਂਦਾ ਹੈ ਕਿ ਅਜ਼ਾਦ ਭਾਰਤ ਤੇ ਇਸਦੇ ਲੀਡਰਾਂ ਨੇ ਦੱਤ ਨੂੰ ਕੋਈ ਮਾਨਤਾ ਨਹੀ ਦਿੱਤੀ ਤੇ ਉਸਨੇ ਆਪਣੀ ਰਹਿੰਦੀ ਜ਼ਿੰਦਗੀ ਪੀਨੂਰੀ, ਰਾਜਨੀਤੀ ਤੋਂ ਦੂਰ ਰਹਿਕੇ ਬਿਤਾਈ। ਇਹ ਇੱਕ ਭੁਲਿਆ ਵਿਸਰਿਆ ਹੀਰੋ ਸੀ। ਬਟਕੇਸ਼ਵਰ ਵਧੇਰੇ ਆਪਣੇ ਕਾਮਰੇਡ ਸਾਥੀਆਂ ਨਾਲ ਹੀ ਰਿਹਾ ਤੇ ਜੁਲਾਈ 20, 1965 ਨੂੰ ਲੰਬਾ ਸਮਾਂ ਬਿਮਾਰ ਰਹਿੱਣ ਮਗਰੋਂ ਇਸ ਹੀਰੋ ਦਾ ਦਿਹਾਂਤ ਹੋਇਆ। ਇਸਦਾ ਅੰਤਿਮ ਸੰਸਕਾਰ ਹੁਸੈਨੀਵਾਲਾ, ਜਿਲ੍ਹਾਂ ਫਿਰੋਜ਼ਪੁਰ ਵਿਚ ਹੋਇਆ। ਇਹ ਉਹ ਜਗ੍ਹਾ ਹੈ ਜਿੱਥੇ ਇਸਦੇ ਸਾਥੀਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸੰਸਕਾਰ ਕੀਤਾ ਗਿਆ ਸੀ। ਇਨ੍ਹਾਂ ਦੀ ਇੱਕ ਲੜਕੀ ਮਿਸਜ਼ ਭਾਰਤੀ ਬਗਚੀ, ਪਟਨਾ ਰਹਿ ਰਹੀ ਹੈ ਤੇ ਉਸਦਾ ਘਰ ਜਨਕਪੁਰ ਏਰੀਆ ਵਿਚ ਹੈ। ਇਨ੍ਹਾ ਦੇ ਨਾਮ ਤੇ ਦਿਲੀ ਵਿਚ ਇੱਕ ਬਸਤੀ ਦਾ ਨਾਮ ਰਖਿਆ ਬੀ.ਕੇ.ਕਾਲੋਨੀ ਜੋ ਸਫਦਰ ਜੰਗ ਏਅਰਪੋਰਟ ਦੇ ਦੂਜੇ ਪਾਸੇ ਹੈ।

## ਕਿਤਾਬ—

ਪ੍ਰਸਿਧ ਲੇਖਕ ਅਨਿਲ ਵਰਮਾ ਨੇ ਇਨ੍ਹਾਂ ਬਾਰੇ ਇੱਕ ਕਿਤਾਬ ਲਿਖੀ ਹੈ। ‘ਬਟਕੇਸ਼ਵਰ ਦੱਤ; ਭਗਤ ਸਿੰਘ ਕਾ ਸਹਿਯੋਗੀ‘। ਇਸਦੀ ਰਲੀਜ਼ ਉਨ੍ਹਾ ਦੇ ਜਨਮ ਦਿਨ ਤੇ ਕੀਤੀ ਗਈ। ਭਾਰਤ ਸਰਕਾਰ ਦੇ ਅਦਾਰੇ ਇੰਡੀਆ ਦਾ ਪਬਲੀਕੇਸ਼ਨ, ਨੈਸ਼ਨਲ ਬੁਕ

ਟਰਸਟ ਵਲੋਂ ਛਾਪੀ ਗਈ। ਇਹ ਪਹਿਲੀ ਕਿਤਾਬ ਹੈ ਜੋ ਕਿਸੇ ਵੀ ਭਾਰਤੀ ਭਾਸ਼ਾ ਵਿਚ ਪਹਿਲੀ ਵਾਰ ਛਾਪੀ ਗਈ।

ਸੱਚੇ ਸ਼ਹੀਦ ਨੂੰ ਗੁੰਮਨਾਮੀ ਜ਼ਿੰਦਗੀ ਬਿਤਾਉਣੀ ਪਈ। ਉਨ੍ਹਾਂ ਦੀ ਕੁਰਬਾਨੀ ਬਹੁਤ ਵਡੀ ਹੈ ਤੇ ਮਾਨਤਾ ਹੈ ਹੀ ਨਹੀ। 113 ਦਿਨ ਦੀ ਭਗਤ ਸਿੰਘ ਨਾਲ ਭੁਖ ਹੜਤਾਲ ਤੇ ਤਸ਼ਦਦ ਨਾਲ ਤਪਦਿਕ ਦੀ ਬਿਮਾਰ ਅਵਸਥਾ। ਇਨ੍ਹਾ ਦੀ ਭਾਵਨਾ ਬਾਰੇ ਆਉ ਵੇਖਦੇ ਹਾਂ ਕੁਝ ਹੋਰ। ਭਗਤ ਸਿੰਘ ਦੀ ਸੈਂਟਰਲ ਜੇਲ੍ਹ ਤੋਂ ਲਿਖੀ

## ਦਤ ਦੇ ਨਾਮ ਚਿੱਠੀ---

ਇਹ ਚਿੱਠੀ ਇਕ ਨਸੀਹਤ ਦੀ ਤਰ੍ਹਾਂ ਉਨ੍ਹਾਂ ਅਜ਼ਾਦੀ ਘੁਲਾਟੀਆਂ ਨੂੰ ਹੈ ਜਿਨ੍ਹਾਂ ਨੂੰ ਫਾਂਸੀ ਨਸੀਬ ਨਹੀ ਹੋਈ। ਸ਼ਹੀਦ ਭਗਤ ਸਿੰਘ ਦਾ ਕਰਾਂਤੀਕਾਰੀ ਦਾ ਖਾਕਾ ਦੇਸ਼ ਵਿਚ ਇਨਕਲਾਬ ਲਿਆਉਂਣਾ ਹੈ ਤੇ ਦਲੀਲ ਦਿੰਦੇ ਹਨ ਕਿ ਇਹ ਭਾਰ ਹੁਣ ਤੁਹਾਡੇ ਮੋਢਿਆਂ ਤੇ ਆ ਪਿਆ ਹੈ।

ਸੈਂਟਰਲ ਜੇਲ੍ਹ ਲਾਹੌਰ

ਨਵੰਬਰ, 1930

ਪਿਆਰੇ ਭਰਾ ਜਜਮੈਂਟ ਆ ਗਈ ਹੈ। ਮੈਨੂੰ ਮੌਤ ਦੀ ਸਜ਼ਾ ਮਿਲੀ ਹੈ। ਇਨ੍ਹਾਂ ਕੋਠੜੀਆਂ ਵਿਚ, ਮੇਰੇ ਨਾਲ, ਬਹੁਤ ਸਾਰੇ ਹੋਰ ਕੈਦੀ ਹਨ ਜੋ ਫਾਂਸੀ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਲੋਕਾਂ ਲਈ ਸਿਰਫ ਇਕੋ ਅਰਦਾਸ ਹੈ ਕਿ ਕਿਸੇ ਤਰ੍ਹਾਂ ਵੀ ਇਹ ਫੰਦੇ ਤੋਂ ਬਚ ਜਾਣ। ਸ਼ਾਇਦ ਇਨ੍ਹਾਂ ਵਿਚੋਂ ਸਿਰਫ ਮੈਂ ਹੀ ਇੱਕ ਖੁਸ਼ਕਿਸਮਤ ਹਾਂ ਜੋ ਤੀਬਰਤਾ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹੈ ਕਿ ਆਪਣੇ ਆਦਰਸ਼ਾਂ ਲਈ ਇਸ ਰੱਸੇ ਨੂੰ ਚੁੰਮਕੇ ਗਲ ਵਿਚ ਪਾਵਾਂ। ਮੈਂ ਖੁਸ਼ੀ ਖੁਸ਼ੀ ਫਾਂਸੀ ਦੇ ਤਖਤੇ ਤੇ ਚੜ੍ਹ ਜਾਵਾਂਗਾ ਤਾਂ ਕਿ ਦੁਨੀਆ ਨੂੰ ਦਸਿਆ ਜਾ ਸਕੇ ਕਿ ਕਰਾਂਤੀਕਾਰੀ ਕਿਸਤਰ੍ਹਾਂ ਆਪਣੇ ਦੇਸ਼ ਦੀ ਖਾਤਰ ਬਹਾਦਰੀ ਨਾਲ ਹੱਸ ਹੱਸ ਫਾਂਸੀ ਚੜ੍ਹਦੇ ਹਨ।

ਮੈਨੂੰ ਮੌਤ ਮਿਲੀ ਪਰ ਤੈਨੂੰ ਜ਼ਿੰਦਗੀ ਨੂੰ ਚਲਾਉਣ ਦੀ ਸਜ਼ਾ ਮਿਲੀ। ਤੂੰ ਜੀਵੇਂਗਾ ਤੇ ਜੀਂਦੇ ਜੀਅ ਤੈਨੂੰ ਦੁਨੀਆ ਨੂੰ ਦਸਣਾ ਪੈਣਾ ਹੈ ਕਿ ਕਰਾਂਤੀਕਾਰੀ ਆਪਣੇ ਆਦਰਸ਼ਾਂ ਲਈ ਸਿਰਫ ਮਰ ਹੀ ਨਹੀ ਸਕਦੇ ਬਲਕਿ ਹਰ ਬਿਪਤਾ ਦਾ ਸਾਹਮਣਾ ਕਰ ਸਕਦੇ ਹਨ। ਮੌਤ ਸਿਰਫ ਜ਼ਿੰਦਗੀ ਦੀਆਂ ਮੁਸ਼ਕਲਾਤਾਂ ਤੋਂ ਭਜਣ ਦਾ ਨਾਮ ਹੀ ਨਹੀ ਹੈ। ਉਹ ਕਰਾਂਤੀਕਾਰੀ ਜਿਹੜੇ ਇਤਫਾਕਨ ਫਾਂਸੀ ਦੇ ਫੰਦੇ ਤੋਂ ਬੱਚ ਜਾਂਦੇ ਹਨ ਉਹ ਦੁਨੀਆ ਨੂੰ ਦਸਣ ਕਿ ਸਿਰਫ ਆਪਣੇ ਆਦਰਸ਼ਾ ਨਾਲ ਫਾਂਸੀ ਹੀ ਨਹੀ ਕਬੂਲਦੇ ਬਲਕਿ ਜ਼ਿੰਦਗੀ ਦੀਆਂ ਕਰੂਰ ਹਕੀਕਤਾਂ ਨਾਲ ਦਸਤ ਪੰਜਾ ਹੁੰਦੇ, ਕਾਲ ਕੋਠੜੀਆਂ ਦੀ ਦਹਿਸ਼ਤ ਸਹਿੰਦੇ ਹੋਏ ਵੀ ਵਿਚਰਦੇ ਹਨ।

ਜੈ ਹਿੰਦ

# ਭਾਰਤ ਦੇ ਹੋਮ ਮਨਿਸਟਰ ਨੂੰ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਵਲੋਂ ਲਿਖੀ ਚਿਠੀ—

ਅਸੀਂ, ਭਗਤ ਸਿੰਘ ਤੇ ਬੀ.ਕੇ. ਐਸੰਬਲੀ ਬੰਬ ਕੇਸ ਹੇਠ 19 ਅਪ੍ਰੈਲ, 1929 ਨੂੰ ਉਮਰ ਕੈਦ ਦੀ ਸਜਾ ਪਾਉਣ ਵਾਲੇ ਹਾਂ। ਜਦੋਂ ਤੋਂ ਅਸੀਂ ਦਿਲੀ ਜੇਲ੍ਹ ਵਿਚ ਅੰਡਰ ਟਰਾਇਲ ਸੀ ਤੋਂ ਲੈਕੇ ਕਾਨੂੰਨੀ ਇਕਰਾਰ ਨਾਮੇ ਅਨੁਸਾਰ ਉਸ ਜੇਲ੍ਹ ਤੋਂ ਲੈਕੇ ਮੀਆਂ ਵਾਲੀ ਜੇਲ੍ਹ ਤੇ ਲਾਹੌਰ ਸੈਂਟਰਲ ਜੇਲ੍ਹ ਤੱਕ ਤਰਤੀਬ ਵਾਰ ਚੰਗੇ ਵਿਵਹਾਰ ਦੇ ਹੱਕਦਾਰ ਹਾਂ। ਅਸੀਂ ਉਚ ਅਫਸਰਾਂ ਨੂੰ ਚੰਗੀ ਖੁਰਾਕ ਤੇ ਕੁਝ ਹੋਰ ਸਹੂਲਤਾਂ ਲਈ ਲਿਖ ਚੁੱਕੇ ਹਾਂ ਤੇ ਹੁਣ ਜੇਲ੍ਹ ਦੇ ਖਾਣੇ ਨੂੰ ਖਾਣ ਤੋਂ ਇਨਕਾਰ ਕਰਦੇ ਹਾਂ। ਸਾਡੀਆਂ ਮੰਗਾਂ ਇਸ ਪ੍ਰਕਾਰ ਹਨ;

- ਅਸੀਂ ਰਾਜਸ਼ੀ ਕੈਦੀ ਹਾਂ, ਸਾਨੂੰ ਚੰਗੀ ਖੁਰਾਕ ਦੇਣੀ ਚਾਹੀਦੀ ਹੈ ਤੇ ਸਾਡੇ ਖਾਣੇ ਦਾ ਸਟੈਂਡਰਡ ਉਹੋ ਹੋਣਾ ਚਾਹੀਦਾ ਹੈ ਜੋ ਯੋਰਪੀਅਨ ਕੈਦੀ ਦਾ ਹੁੰਦਾ ਹੈ। ( ਇਹ ਇਸਤਰ੍ਹਾਂ ਨਹੀ ਹੈ ਕਿ ਅਸੀਂ ਉਹੋ ਖਾਣਾ ਮੰਗਦੇ ਹਾਂ ਬਲਕਿ ਅਸੀਂ ਉਸ ਪਧਰ ਦਾ ਸਟੈਂਡਰਡ ਚਾਹੁੰਦੇ ਹਾਂ। )
- ਸਾਨੂੰ ਸਖਤ ਤੇ ਘਟੀਆ ਮਜ਼ਦੂਰੀ ਲਈ ਮਜ਼ਬੂਰ ਨਾ ਕੀਤਾ ਜਾਵੇ।
- ਸਾਰੀਆਂ ਕਿਤਾਬਾਂ, ਉਹ ਨਹੀ ਜੋ ਤੁਹਾਡੀ ਪਸੰਦ ਹਨ ਬਲਕਿ ਉਹ ਜੋ ਅਸੀਂ ਕਹਿੰਦੇ ਹਾਂ। ਇਸਤੋਂ ਇਲਾਵਾ ਲਿਖਣ ਲਈ ਸਮਾਨ ਵੀ ਮੁਹਈਆ ਕਰਵਾਇਆ ਜਾਵੇ ਤੇ ਬਿਨ੍ਹਾ ਕਿਸੇ ਰੁਕਾਵਟ ਦੇ।
- ਘਟੋ ਘਟ ਇੱਕ ਵਧੀਆ ਪੱਧਰ ਦਾ ਅਖਬਾਰ ਹਰ ਰਾਜਨੀਤਕ ਕੈਦੀ ਨੂੰ ਮਿਲਣਾ ਚਾਹੀਦਾ ਹੈ।
- ਹਰ ਜੇਲ੍ਹ ਵਿਚ ਰਾਜਨੀਤਕ ਕੈਦੀਆਂ ਦਾ ਆਪਣਾ ਵਖਰਾ ਸਪੈਸ਼ਲ ਵਾਰਡ ਹੋਣਾ ਚਾਹੀਦਾ ਹੈ ਤੇ ਉਸ ਵਿਚ ਲੋੜੀਂਦੀ ਹਰ ਸਹੂਲਤ ਹੋਣੀ ਚਾਹੀਦੀ ਹੈ ਜਿਵੇਂ ਯੋਰਪੀਅਨ ਨੂੰ ਮਿਲਦੀ ਹੈ ਅਤੇ ਇੱਕ ਜੇਲ੍ਹ ਦੇ ਸਾਰੇ ਰਾਜਨੀਤਕ ਕੈਦੀਆਂ ਨੂੰ ਵਾਰਡ ਵਿਚ ਇੱਕਠਿਆਂ ਰਖਿਆ ਜਾਵੇ।
- ਸੋਚਾਲਿਆ ਦੀਆਂ ਸਹੂਲਤਾਂ ਦਿੱਤੀਆਂ ਜਾਣ।
- ਚੰਗੇ ਕਪੜੇ ਦਿੱਤੇ ਜਾਣ।

ਇਸਤੋਂ ਇਲਾਵਾ, ਉਹ ਸਾਡੇ ਨਾਲ ਬਹੁਤ ਹੀ ਭੈੜਾ ਵਰਤਾਵ ਕਰਦੇ ਹਨ ਜਦੋਂ ਜਬਰਦਸਤੀ ਖਾਣਾ ਖਵਾਉਂਣ ਦੀ ਕੋਸ਼ਿਸ਼ ਕਰਦੇ ਹਨ। ਭਗਤ ਸਿੰਘ ਜੂਨ 10, 1929 ਨੂੰ 15 ਮਿੰਟ ਤੱਕ ਇਨ੍ਹਾਂ ਦੀ ਜਬਰਦਸਤੀ ਨਾਲ ਬੇਹੋਸ਼ ਰਿਹਾ। ਇਹ ਜਬਰਦਸਤੀ ਖਵਾਉਣ ਦਾ ਚਲਣ, ਬਿਨ੍ਹਾਂ ਕਿਸੇ ਦੇਰੀ ਦੇ ਖਤਮ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਪੰਡਤ ਜਗਤ ਨਰਾਇਣ  ਤੇ ਕੇ.ਬੀ.ਹਾਫੀਜ਼ ਹਿਦਾਇਤ ਹੁਸੈਨ ਦੀ ਅਗਵਾਈ ਵਿਚ ਜੇਲ੍ਹ ਕਮੇਟੀ ਯੂ.ਪੀ ਨੇ ਜੋ ਸਿਫਾਰਸਾਂ ਕੀਤੀਆਂ ਹਨ, ਜਿਸ ਤਹਿਤ 'ਬੈਟਰ ਕਲਾਸ ਪਰਿਜ਼ਨਰ'ਦਾ ਮੁੱਦਾ ਹੈ। ਉਨ੍ਹਾ ਸਿਫਾਰਸਾਂ ਨੂੰ ਰੈਫਰ ਕਰਨ ਦੀ ਆਗਿਆ ਦਿੱਤੀ ਜਾਵੇ। ਅਸੀਂ ਸਨਿਮਰ ਬੇਨਤੀ ਕਰਦੇ ਹਾਂ ਕਿ ਆਪਣੀ ਪਹਿਲੀ ਫੁਰਸਤ ਵਿਚ ਹੀ ਸਾਡੀਆਂ ਮੰਗਾ ਵੱਲ ਧਿਆਨ ਦਿੱਤਾ ਜਾਵੇ।

## ਅਨੰਤ ਲਕਸ਼ਮਣ ਕਾਨਹਰੇ

ਅਨੰਤ ਲਕਸ਼ਮਣ ਕਾਨਹਰੇ ਦਾ ਜਨਮ ਨਾਸਿਕ ਵਿਖੇ 1891 ਨੂੰ ਹੋਇਆ। ਔਰੰਗਾਬਾਦ ਪੜ੍ਹਾਈ ਕਰਦਿਆਂ ਇੱਕ ਸੀਕਰੇਟ ਗਰੁਪ ਦੇ ਮੈਂਬਰ ਬਣੇ ਜਿਸਦੀਆਂ ਕਾਰਵਾਈਆਂ ਮਹਾਂਰਾਸ਼ਟਰ ਧਰਾਤਲ ਤੇ ਸਨ। ਇਹ ਬ੍ਰਿਟਿਸ਼ ਵਿਰੁਧ ਕੰਮ ਕਰਦੇ ਸਨ। ਵਿਨਾਇਕ ਦਮੋਦਰ ਸਵਰਕਾਰ, ਬਾਬੂ ਰਾਓ ਸਵਰਕਾਰ, ਕ੍ਰਿਸ਼ਨਾ ਗੁਪਾਲ ਕਾਰਵੇ ਤੇ ਵਿਨਾਇਕ ਨਰਾਇਣ ਦੇਸ਼ਪਾਂਡੇ ਵਰਗੇ ਕਰਾਂਤੀਕਾਰੀ ਇਸ ਗਰੁਪ ਵਿਚ ਕੰਮ ਕਰਦੇ ਸਨ। ਇੱਕ ਬ੍ਰਿਟਿਸ਼ ਅਫਸਰ ਜਿਸਦਾ ਨਾਮ ਜੈਕਸਨ ਸੀ ਇਨ੍ਹਾਂ ਕਾਰਵਾਈਆਂ ਤੇ ਭਾਰਤੀਆਂ ਦਾ ਦੋਸਤ ਬਣਕੇ ਨਜ਼ਰ ਰੱਖ ਰਿਹਾ ਸੀ। ਜੈਕਸਨ ਰਾਹੀਂ ਹੀ ਬਾਬੂ ਰਾਓ ਸਵਰਕਾਰ ਗਰਿਫਤਾਰ ਹੋਇਆ ਤੇ ਉਸਤੇ ਮੁਕਦਮਾ ਚਲਿਆ। ਸਾਰੇ ਗਰੁਪ ਮੈਂਬਰਾਂ ਨੇ ਫੈਸਲਾ ਕੀਤਾ ਕਿ ਜੈਕਸਨ ਨੂੰ ਖਤਮ ਕੀਤਾ ਜਾਵੇ। ਅਨੰਤ ਲਕਸ਼ਮਣ ਨੇ ਇਹ ਜ਼ਿੰਮੇਵਾਰੀ ਲਈ ਕਿ ਉਹ ਜੈਕਸਨ ਨੂੰ ਮਾਰ ਕੇ ਆਤਮ ਹਤਿਆ ਕਰ ਲਵੇਗਾ ਤਾਂ ਕਿ ਫੜੇ ਜਾਣ ਦੀ ਸੂਰਤ ਵਿਚ ਆਪਣੇ ਸਾਥੀਆਂ  ਨੂੰ ਬਚਾ ਸਕੇ। ਜੇ ਅਨੰਤ ਆਪਣੇ ਮਿਸ਼ਨ ਵਿਚ ਕਾਮਯਾਬ ਨਹੀ ਹੁੰਦਾ ਤਾਂ ਵਿਨਾਇਕ ਤੇ ਕਾਰਵੇ ਦੋਵੇਂ ਜੈਕਸਨ ਨੂੰ ਮਾਰਨ ਲਈ ਤਿਆਰ ਸਨ। ਦਸੰਬਰ 21, 1909 ਜੈਕਸਨ ਨੂੰ  ਅਨੰਤ ਨੇ ਗੋਲੀ ਮਾਰਕੇ ਮਾਰ ਦਿੱਤਾ ਪਰ ਉਹ ਆਤਮ ਹਤਿਆ ਕਰਨ ਵਿਚ ਕਾਮਯਾਬ ਨਹੀ ਹੋਇਆ ਕਿਉਂਕਿ ਮੌਕੇ ਤੇ ਫੜ ਲਿਆ ਗਿਆ। ਉਦੋਂ ਅਨੰਤ ਦੀ ਉਮਰ ਅਠਾਰਾਂ ਸਾਲ ਸੀ ਜਦੋਂ ਉਸਨੂੰ ਕਾਰਵੇ ਤੇ ਦੇਸ਼ਪਾਂਡੇ ਨਾਲ ਅਪ੍ਰੈਲ 19, 1910 ਨੂੰ ਫਾਂਸੀ ਦੇ ਦਿੱਤੀ ਗਈ। ਇਹ ਵੀ ਅਫਸੋਸ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਸਰੀਰ ਨੂੰ ਪੁਲੀਸ ਅਫਸਰਾਂ ਵਲੋਂ ਹੀ ਅਗਨ ਭੇਟਾ ਕੀਤਾ ਗਿਆ ਤੇ ਸਰੀਰ ਵਾਰਸਾਂ ਨੂੰ ਨਹੀ ਦਿੱਤੇ ਗਏ। ਅਸਥੀਆਂ ਦਾ ਜਲ ਪ੍ਰਵਾਹ ਵੀ ਵਾਰਸਾਂ ਦੇ ਹਵਾਲੇ ਨਾਲ ਨਹੀ ਹੋਇਆ। ਅਨੰਤ ਲਕਸ਼ਮਣ ਦੇ ਬੋਲ, "ਲੋਕਾਂ ਦੇ ਕਚਿਹਰੀ ਵਿਚ ਕਹਿੰਦਾ ਹਾਂ ਕਿ ਐਸੇ ਵਿਅਕਤੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਜਿਹੜੇ ਸਮਝਦੇ ਹਨ ਕਿ ਭਾਰਤੀ ਕਿਸੇ ਕੰਮ ਦੇ ਨਹੀ। ਐਸੀ ਹੀ ਸਜ਼ਾ ਜਿਵੇਂ ਜੈਕਸਨ ਨੂੰ ਦਿੱਤੀ ਹੈ।

## ਬੀਨਾ ਦਾਸ ਭੌਮਿਕ

ਆਰਟ ਗਰਾਜੂਏਟ, ਬੀਨਾ ਕਲਕਤਾ ਛਤਰੀ ਸੰਘ ਨਾਲ ਸਬੰਧਿਤ ਸੀ। ਕਰਾਂਤੀਕਾਰੀ ਔਰਤਾਂ ਦੀ ਮਧਮ ਜਥੇਬੰਦੀ ਸੀ। ਸੰਨ1932, ਕਲਕਤਾ ਯੂਨੀਵਰਸਿਟੀ ਦਾ ਸਾਲਾਨਾ ਸਮਾਰੋਹ ਚਲ ਰਿਹਾ ਸੀ ਜਦ ਬੰਗਾਲ ਦੇ ਗਵਰਨਰ ਸਟੈਨਲੇ ਜੈਕਸਨ ਤੇ ਕਾਤਲਿਨਾ ਹਮਲਾ ਕੀਤਾ ਪਰ ਸਫ਼ਲ ਨਹੀ ਹੋਇਆ, ਇਸਲਈ ਨੌਂ ਸਾਲ ਦੀ ਸਜ਼ਾ ਹੋਈ।

1938 ਵਿਚ ਰਿਹਾ ਹੋਕੇ, ਬੀਨਾ ਨੇ ਕਾਂਗਰਸ ਪਾਰਟੀ ਵਿਚ ਦਾਖਲਾ ਲੈ ਲਿਆ ਤੇ ਸਾਉਥ ਕਲਕਤਾ ਕਾਂਗਰਸ ਕਮੇਟੀ ਦੀ ਸਕਤਰ ਚੁਣ ਲਈ ਗਈ। ਬਾਦ ਵਿਚ ਬੀਨਾ ਵੈਸਟ ਬੰਗਲਾ ਰਾਜ ਸਭਾ ਦੀ ਮੈਂਬਰ ਵੀ ਬਣੀ। ਬੀਨਾ ਨੇ ਕਾਲਜ਼ ਟੀਚਰ ਜਿਉਤਿਸ ਚੰਦਰਾ ਭੌਮਿਕ ਜੋ ਉਸਦਾ ਸਾਥੀ ਸੀ ਨਾਲ ਵਿਆਹ ਕਰਵਾਇਆ।

## ਕਮਲ ਨਾਥ ਤਿਵਾੜੀ

ਕਮਲ ਨਾਥ ਤਿਵਾੜੀ ਦਾ ਜਨਮ ਤਕਰੀਬਨ 1907 ਨੂੰ ਸਾਰਿਆ, ਬਿਹਾਰ ਵਿਚ ਹੋਇਆ। ਜਦੋਂ ਉਹ ਸਕੂਲ ਵਿਚ ਪੜ੍ਹਦੇ ਸਨ, ਕਰਾਂਤੀਕਾਰੀ ਕਾਰਵਾਈਆਂ ਕਰਕੇ ਉਨ੍ਹਾ ਨੂੰ ਸਕੂਲ ਵਿਚੋਂ ਕਢ ਦਿੱਤਾ ਗਿਆ। ਬਾਦ ਵਿਚ ਉਹ ਕਲਕਤਾ ਚਲੇ ਗਏ ਤੇ ਭਗਤ ਸਿੰਘ ਨੇ ਉਨ੍ਹਾ ਦੇ ਸਹਿਯੋਗੀਆਂ ਦੇ ਸੰਪਰਕ ਵਿਚ ਆਏ। ਇਨ੍ਹਾਂ ਨੇ ਸਾਥੀਆਂ ਨੂੰ ਬੰਬ ਬਨਾਉਣ ਲਈ ਕੈਮੀਕਲ ਪ੍ਰਾਪਤ ਕਰਕੇ ਦਿੱਤਾ ਤਾਂ ਕਿ ਕਾਰਵਾਈਆਂ ਕੀਤੀਆਂ ਜਾ ਸਕਣ। ਜਦੋਂ ਫਿਨਦਰਾ ਨਾਥ ਘੋਸ਼ ਸਰਕਾਰ ਦਾ ਮੁਖਬਰ ਬਣ ਗਿਆ, ਉਸਨੇ ਕਰਾਂਤੀਕਾਰੀ ਤਿਵਾੜੀ ਦੀ ਨਿਸ਼ਾਨਦੇਹੀ ਕੀਤੀ। ਮਈ 28, 1929 ਨੂੰ ਬੇਤੀਆ ਵਿਖੇ ਗਰਿਫਤਾਰ ਕਰ ਲਿਆ ਗਿਆ। ਲਾਹੌਰ ਭੁਖ ਹੜਤਾਲ ਵਿਚ ਹਿੱਸਾ ਲਿਆ। ਬਾਦ ਵਿਚ ਉਮਰ ਕੈਦ ਦੀ ਸਜ਼ਾ ਹੋਈ ਤੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਭੇਜ਼ ਦਿੱਤਾ।

ਪ੍ਰੇਮ ਦੱਤ ਵੀ ਭਗਤ ਸਿੰਘ ਦੇ ਗਰੁਪ ਦਾ ਸਾਥੀ ਸੀ। ਉਸਨੇ ਇੱਕ ਇਹੋ ਜਿਹਾ ਵਿਲਖਣ ਕੰਮ ਕੀਤਾ ਜਿਸ ਕਰਕੇ ਉਸਨੂੰ ਹਮੇਸ਼ਾਂ ਯਾਦ ਰਖਿਆ ਜਾਵੇਗਾ। ਜੈ ਗੋਪਾਲ ਭਗਤ ਸਿੰਘ ਦਾ ਸਾਥੀ ਸੀ ਪਰ ਬਾਦ ਵਿਚ ਉਹ ਪੁਲੀਸ ਦਾ ਮੁਖਬਰ ਬਣ ਗਿਆ ਸੀ। ਭਰੀ ਅਦਾਲਤ ਵਿਚ ਪ੍ਰੇਮ ਦੱਤ ਨੇ ਜੈ ਗੋਪਾਲ ਦੇ ਆਪਣੀ ਜੁੱਤੀ ਲਾਹ ਕੇ ਮਾਰੀ ਸੀ ਜਿਸ ਨਾਲ ਉਹ ਜਖਮੀ ਹੋ ਗਿਆ ਸੀ। ਅਦਾਲਤ ਦੀ ਤੌਹੀਨ ਦੇ ਕੇਸ ਵਿਚ ਉਸਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਗਈ।

## ਕੁਲਜੀਤ ਮਾਨ

ਕਹਾਣੀ ਸੰਗ੍ਰਹਿ--ਪੁੱਤਰਦਾਨ, ਵਿਚਲੀ ਉਂਗਲ

ਨਾਵਲ--ਕਿਟੀ ਮਾਰਸ਼ਲ

ਫੇਸਬੁੱਕ ਗਰੁਪਸ--ਰੋਜ਼ਨਾਮਚਾ-ਗਦਰ ਲਹਿਰ ਨੂੰ ਸਮਰਪਿਤ

ਕਹਾਣੀ ਵਿਚਾਰ ਮੰਚ- ਪੰਜਾਬੀ ਕਹਾਣੀ ਨੂੰ ਸਮਰਪਿਤ

ਪੰਜਾਬੀ ਮਹਿਫ਼ਲ ਹਾਇਕੂ ਗਰੁਪ

ਸਮਾਇਲ ਪਲੀਜ਼ ਗਰੁਪ--ਪੰਜਾਬੀ ਹਾਸਾ ਠੱਠਾ

ਕਹਾਣੀ, ਕਵਿਤਾ,ਹਾਇਕੂ-ਹਾਇਗਾਜ਼, ਵਾਰਤਕ ਦਾ ਲੇਖਕ

ਯੂ ਟਿਉਬ ਅਕਾਉਂਟ--ਸਰਬ ਡਿਜ਼ਾਇਨ-,ਲੋਕ ਪੱਖੀ, ਗਦਰ ਸ਼ਤਾਬਦੀ ਸਬੰਧਿਤ, ਤੇ ਸਾਹਿਤ ਸਬੰਧਿਤ, ਚਾਲੀ ਪਲਸ ਸਲਾਇਡ ਸ਼ੋਅਜ਼ ਲੋਡ ਹਨ।

ਅੱਖਰ : 297892

ਸ਼ਬਦ : 71623



ਕੀ
ਭਗਤ
ਸਿੰਘ
ਨਾਸਤਿਕ
ਸੀ? ਕੀ
ਉਹ ਕਾਮਰੇਡ
ਸੀ?ਕੀ ਭਗਤ
ਸਿੰਘ ਹਿੰਸਾਵਾਦੀ
ਸੀ। ਉਹੋ ਜਿਹੀਆ
ਫਿਲਮਾਂ ਵੇਖਣ ਨੂੰ
ਮਿਲਦੀਆਂ ਜਿਨ੍ਹਾਂ ਵਿਚੋਂ
ਦੇਸ਼ ਭਗਤੀ ਦਾ
ਰੁਮਾਂਸਵਾਦ ਹੀ ਮਿਲਦਾ
ਸੀ। ਮੈਂ ਇਸ ਸਾਲ ਨਿਸਚੈ
ਕੀਤਾ ਕਿ ਗਦਰ ਲਹਿਰ, ਤੇ
ਹੋਰ ਕਰਾਂਤੀਕਾਰੀ ਯੋਧਿਆਂ
ਬਾਰੇ ਪੜ੍ਹਿਆ ਜਾਵੇ ਤੇ ਇਹਦੇ
ਲਈ ਸਭ ਤੋਂ ਵਧੀਆ ਸਰੋਤ
ਮੈਨੂੰ ਇੰਟਰਨੈੱਟ ਲੱਗਾ। ਖਾਸ ਤੌਰ
ਤੇ ਪੰਜਾਬ ਤੋਂ ਬਾਹਰਲੇ ਵਿਦਵਾਨਾਂ
ਨੇ ਆਪਣੇ ਪ੍ਰਾਂਤ ਵਾਸੀਆਂ ਬਾਰੇ
ਕਾਫੀ ਕੁਝ ਇੰਟਰਨੈੱਟ ਤੇ ਲੋਡ
ਕੀਤਾ ਹੋਇਆ ਸੀ। ਮੈਂ ਇੱਕ ਤੋਂ
ਬਾਦ ਇੱਕ ਲੇਖ ਪੜ੍ਹਦਾ ਗਿਆ ਤੇ
ਹੈਰਾਨ ਹੁੰਦਾ ਗਿਆ। ਇਤਨਾ ਕੁਝ
ਸੀ ਜੋ ਮੈਂ ਇਸ ਉਮਰ ਵਿਚ ਵੀ
ਪਹਿਲੀ ਵਾਰ ਹੀ ਪੜ੍ਹ ਰਿਹਾ ਸੀ।
ਮੇਰੀ ਖਾਹਸ਼ ਹੋਈ ਕਿ ਇਸ ਸਾਰੇ
ਲਿਖੇ ਹੋਏ ਨੂੰ ਪੰਜਾਬੀ ਵਿਚ ਅਨੁਵਾਦ
ਕਰਾਂ ਫਿਰ ਇੱਕ ਤੋਂ ਬਾਦ ਇੱਕ ਕੁਝ ਲੇਖ
ਅਨੁਵਾਦ ਕਰਕੇ ਮੈਂ ਫੇਸਬੁੱਕ ਤੇ ਰੋਜ਼ਨਾਮਚਾ
ਗਰੁਪ ਸੁਰੂ ਕਰ ਲਿਆ

## ਕੁਲਜੀਤ ਮਾਨ

ਕਹਾਣੀ ਸੰਗ੍ਰਹਿ--ਪੁੱਤਰਦਾਨ, ਵਿਚਲੀ ਉਂਗਲ

ਨਾਵਲ--ਕਿਟੀ ਮਾਰਸ਼ਲ

ਫੇਸਬੁੱਕ ਗਰੁਪਸ--ਰੋਜ਼ਨਾਮਚਾ- ਗਦਰ ਲਹਿਰ ਨੂੰ ਸਮਰਪਿਤ

ਕਹਾਣੀ ਵਿਚਾਰ ਮੰਚ- ਪੰਜਾਬੀ ਕਹਾਣੀ ਨੂੰ ਸਮਰਪਿਤ

ਪੰਜਾਬੀ ਮਹਿਫ਼ਲ ਹਾਇਕੂ ਗਰੁਪ

ਸਮਾਇਲ ਪਲੀਜ਼ ਗਰੁਪ-- ਪੰਜਾਬੀ ਹਾਸਾ ਠੱਠਾ

ਕਹਾਣੀ, ਕਵਿਤਾ,ਹਾਇਕੂ- ਹਾਇਗਾਜ਼, ਵਾਰਤਕ ਦਾ ਲੇਖਕ

ਯੂ ਟਿਊਬ ਅਕਾਊਂਟ-- ਸਰਬ ਡਿਜ਼ਾਇਨ-,ਲੋਕ ਪੱਖੀ, ਗਦਰ ਸ਼ਤਾਬਦੀ ਸਬੰਧਿਤ, ਤੇ ਸਾਹਿਤ ਸਬੰਧਿਤ, ਚਾਲੀ ਪਲਸ ਸਲਾਇਡ ਸ਼ੋਅਜ਼ ਲੋਡ ਹਨ।

# ਲਹੂ ਭਿੱਜੇ ਪੰਨੇ

ਲਹੂ ਭਿੱਜੇ ਪੰਨੇ
ਕੁਲਜੀਤ ਮਾਨ

Title : Janmeja Johl
www.PunjabiLibrary.com